# ਸਿਮਰਤੀ ਗ੍ਰੰਥ

## ਬਾਬਾ ਭਗਤ ਸਿੰਘ ਬਿਲਗਾ



ਸੰਪਾਦਕ : ਪ੍ਰੋ. ਗੋਪਾਲ ਸਿੰਘ ਬੁੱਟਰ

1

# ਸਿਮਰਤੀ ਗ੍ਰੰਥ

## ਬਾਬਾ ਭਗਤ ਸਿੰਘ ਬਿਲਗਾ

2

**ਇਸੇ ਕਲਮ ਤੋਂ:**

- ਇਤਿਹਾਸਕ ਪਿੰਡ ਬਿਲਗਾ (ਸੰਪਾਦਨ) 2010
- ਮੇਰੇ ਸੰਗਰਾਮੀ ਸਾਥੀ (ਸੰਪਾਦਨ) 2012

# ਸਿਮਰਤੀ ਗ੍ਰੰਥ

## ਬਾਬਾ ਭਗਤ ਸਿੰਘ ਬਿਲਗਾ

ਸੰਪਾਦਕ:
ਪ੍ਰੋ. ਗੋਪਾਲ ਸਿੰਘ ਬੁੱਟਰ

ਪ੍ਰਕਾਸ਼ਨ, ਜਲੰਧਰ

# SIMRATI GRANTH
# BABA BHAGAT SINGH BILGA

Ed. By
PROF. GOPAL SINGH BUTTAR
76, VASANT AVENUE
JALANDHAR
MOB. 91-99150-05814, 91- 97803-42958

© ਪ੍ਰਕਾਸ਼ਕ

ਪਹਿਲੀ ਵਾਰ: 2016

ਮੁੱਲ : 350 ਰੁਪਏ

*ISBN : 978-93-84306-85-4*

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ
ਫ਼ੋਨ: 0181-2239181, ਮੋਬਾ: 98140-87063
5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

# ਸਮਰਪਣ

ਲੋਕ ਹਿਤੈਸ਼ੀ ਸੰਘਰਸ਼
ਦੇ ਸੰਗਰਾਮੀਆਂ
ਨੂੰ

# ਤਤਕਰਾ


- ਭੂਮਿਕਾ/**ਪ੍ਰੋ. ਗੋਪਾਲ ਸਿੰਘ ਬੁੱਟਰ** 09
- ਸਾਡਾ ਮਹਾਨ ਬਾਬਾ ਕਾ. ਭਗਤ ਸਿੰਘ ਬਿਲਗਾ/**ਜਗਜੀਤ ਲਾਇਲਪੁਰੀ** 15
- ਬਿਲਗਾ ਦੇ ਤੁਰ ਜਾਣ ਦੀ ਘੜੀ/**ਜਗਜੀਤ ਸਿੰਘ ਆਨੰਦ** 16
- ਇੱਕ ਸ਼ਰਧਾਂਜਲੀ ਬਾਬਾ ਬਿਲਗਾ ਨੂੰ/**ਚੈਨ ਸਿੰਘ ਚੈਨ** 18
- ਗ਼ਦਰ ਲਹਿਰ ਦੇ ਅਲੰਬਰਦਾਰ ਬਾਬਾ ਬਿਲਗਾ/**ਨੌਨਿਹਾਲ ਸਿੰਘ** 22
- ਬਚਨਾਂ ਦਾ ਪੂਰਾ ਤੇ ਦਿਲ ਦਾ ਸੂਰਾ ਬਿਲਗਾ ਜੀ/**ਡਾ. ਜਸਵੰਤ ਸਿੰਘ ਕੰਵਲ** 28
- ਬਾਬਾ ਭਗਤ ਸਿੰਘ ਬਿਲਗਾ ਦੀ ਯਾਦ ਵਿਚ/**ਡਾ. ਹਰੀਸ਼ ਕੇ. ਪੁਰੀ** 38
- ਬਿਲਗਾ ਦੇ ਸੰਘਰਸ਼ੀਲ ਜੀਵਨ ਦਾ ਬ੍ਰਿਤਾਂਤ/**ਪਿਆਰਾ ਸਿੰਘ ਭੋਗਲ** 41
- ਤਪਦੇ ਥਲ ਵਿਚ ਖੜ੍ਹਾ ਬਿਰਖ/**ਸੁਰਜੀਤ ਪਾਤਰ** 49
- ਇਤਿਹਾਸ ਦਾ ਸਿਰਜਕ ਤੇ ਲੇਖਕ: ਬਾਬਾ ਬਿਲਗਾ ਜੀ/**ਵਰਿਆਮ ਸਿੰਘ ਸੰਧੂ** 51
- ਗ਼ਦਰ ਲਹਿਰ ਦਾ ਗੌਰਵਮਈ ਇਤਿਹਾਸ ਬਾਬਾ ਬਿਲਗਾ/**ਰਘਬੀਰ ਕੌਰ (ਡਾ.)** 64
- ਮੇਰੇ ਹਿੱਸੇ ਦੇ ਬਾਬਾ ਬਿਲਗਾ ਜੀ/**ਗੁਰਮੀਤ** 71
- ਬਾਬਾ ਬਿਲਗਾ ਜੀ ਇਕ ਪ੍ਰੇਰਨਾ ਸਰੋਤ ਵਿਅਕਤਿਤਵ/**ਮੰਗਤ ਰਾਮ ਪਾਸਲਾ** 75
- ਬਾਬਾ ਬਿਲਗਾ ਜੀ, ਇਕ ਪ੍ਰੇਰਨਾ ਸਰੋਤ ਵਿਅਕਤੀਤਵ/**ਕੁਲਵੰਤ ਸੰਧੂ** 78
- ਸੰਘਰਸ਼ਾਂ ਸੰਗ ਗੁੱਥੀ ਪੂਰੀ ਦੀ ਪੂਰੀ ਜ਼ਿੰਦਗੀ/**ਅਜਮੇਰ ਸਿੰਘ ਔਲਖ** 81
- ਬਾਬਾ ਜੀ ਨੂੰ ਯਾਦ ਕਰਦਿਆਂ/**ਗੁਰਮੀਤ ਸਿੰਘ ਢੱਡਾ** 88
- ਨਿਰਭੀਕ ਆਗੂ ਬਾਬਾ ਬਿਲਗਾ/**ਇੰਜ. ਸੀਤਲ ਸਿੰਘ ਸੰਘਾ** 92
- ਬਾਬਾ ਬਿਲਗਾ ਜੀ ਅਤੇ ਦੇਸ਼ ਭਗਤ ਯਾਦਗਾਰ ਹਾਲ/**ਅਮੋਲਕ ਸਿੰਘ** 94
- ਬਾਬਾ ਬਿਲਗਾ ਜੀ ਦੀਆਂ ਯਾਦਾਂ/**ਚਰੰਜੀ ਲਾਲ ਕੰਗਣੀਵਾਲ** 110
- ਬਾਬਾ ਭਗਤ ਸਿੰਘ ਬਿਲਗਾ ਜੀ ਦੇ ਸੰਬੰਧੀ/**ਪ੍ਰਿਥੀਪਾਲ ਸਿੰਘ ਮਾੜੀਮੇਘਾ** 121
- ਯਾਦਾਂ – ਬਾਬਾ ਭਗਤ ਬਿਲਗਾ ਜੀ ਦੀਆਂ/**ਅਵਤਾਰ ਸਿੰਘ ਜੌਹਲ** 127
- ਬਾਬਾ ਬਿਲਗਾ ਦੀ ਜ਼ੁਬਾਨੀ– ਕਵੀ ਹਬੀਬ ਜਾਲਿਬ/**ਹਰਭਜਨ ਸਿੰਘ ਹੁੰਦਲ** 133
- ਕਿਰਤੀ ਲੋਕਾਂ ਦੇ ਦਾਨਸ਼ਵਰ : ਬਾਬਾ ਬਿਲਗਾ ਜੀ/**ਦਰਸ਼ਨ ਸਿੰਘ ਖਟਕੜ** 137
- ਬਹੁਤ ਹੀ ਅਮਿਣਵੀਂ ਦੇਣ ਹੈ ਬਾਬਾ ਬਿਲਗਾ ਜੀ ਦੀ/**ਜਤਿੰਦਰ ਪਨੂੰ** 142

- ਬਾਬਾ ਬਿਲਗਾ ਜੀ-ਇਨਕਲਾਬੀ ਪ੍ਰੇਰਨਾ ਸਰੋਤ/**ਪ੍ਰੋ. ਜਗਮੋਹਨ ਸਿੰਘ** 145
- ਪੰਜਾਬ ਦਾ ਮਾਣ: ਬਾਬਾ ਬਿਲਗਾ/**ਡਾ. ਚਮਨ ਲਾਲ** 149
- ਆਜ਼ਾਦੀ ਸੰਗਰਾਮ ਦੇ ਮਹਾਨ ਘੁਲਾਟੀਏ ਬਾਬਾ ਬਿਲਗਾ/**ਨਰੇਸ਼ ਗੁਜਰਾਲ** 151
- ਗ਼ਦਰ ਲਹਿਰ ਦਾ ਬਹਾਦਰ ਜਰਨੈਲ-ਭਗਤ ਬਿਲਗਾ/**ਬਲਦੇਵ ਸਿੰਘ** 152
- ਖ਼ਾਲਸ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ/**ਪ੍ਰੋ: ਤਰਸੇਮ ਬਾਹੀਆ** 156
- ...ਮਹਾਨ ਸ਼ਖ਼ਸੀਅਤ ਬਾਬਾ ਭਗਤ ਬਿਲਗਾ/**ਡਾ. ਵੀ. ਕੇ. ਤਿਵਾੜੀ** 164
- ਇਤਿਹਾਸ ਵਰਗਾ ਬਾਬਾ/**ਪ੍ਰੋ. ਕੁਲਵੰਤ ਔਜਲਾ** 169
- ਬਾਬਾ ਬਿਲਗਾ ਸੰਘਰਸ਼ ਦੀ ਚੁਣੌਤੀਆਂ ਦਾ ਸਹਿਜ ਸਵੀਕਾਰ/**ਸੁਰੇਸ਼ ਸੇਠ** 173
- ਸਾਡਾ ਪਥ ਪ੍ਰਦਰਸ਼ਕ ਬਾਬਾ ਬਿਲਗਾ/**ਡਾ. ਅਨੂਪ ਸਿੰਘ** 178
- ...ਤਾਅ ਉਮਰ ਜੂਝਣ ਵਾਲਾ ਇਤਿਹਾਸ ਬਾਬਾ ਬਿਲਗਾ/**ਸਵਰਨ ਵਿਰਕ** 188
- ਬਾਬਾ ਭਗਤ ਸਿੰਘ ਬਿਲਗਾ : ਸੰਗਤ ਅਤੇ ਸਬਕ/**ਸਤਨਾਮ ਚਾਨਾ** 204
- ਇੰਗਲੈਂਡ 'ਚ ਵੀ ਇਤਿਹਾਸ ਰਚਿਆ/**ਸਰਵਣ ਜ਼ਫ਼ਰ** 209
- ਪ੍ਰੇਰਨਾ ਸਰੋਤ ਬਾਬਾ ਬਿਲਗਾ/**ਬਲਬੀਰ ਪਰਵਾਨਾ** 212
- ਗ਼ਦਰ ਦਾ ਇਨਸਾਈਕਲੋਪੀਡੀਆ : ਬਾਬਾ ਬਿਲਗਾ/**ਦਵਿੰਦਰਪਾਲ** 215
- ਮੇਰੇ ਅੰਗ-ਸੰਗ ਬਾਬਾ ਬਿਲਗਾ ਜੀ/**ਨਿੰਦਰ ਘੁਗਿਆਣਵੀ** 225
- ਚੇਤੇ ਦੀ ਚੰਗੇਰ 'ਚੋਂ/**ਚੂਹੜ ਸਿੰਘ ਬੱਜੋਂ** 232
- ਬਿਲਗਾ ਤੇ ਮੈਂ/**ਸਵਰਨ ਸਿੰਘ ਸਨੇਹੀ, ਐਮ. ਏ.** 241
- ਬਾਬਾ ਬਿਲਗਾ ਜੀ/**ਸੁਰਿੰਦਰ ਕੌਰ ਮੀਸ਼ਾ** 255
- ਗ਼ਦਰ ਪਾਰਟੀ ਦਾ ਲੋਹ-ਪੁਰਸ਼: ਬਾਬਾ ਬਿਲਗਾ/**ਡਾ. ਜਸਬੀਰ ਕੌਰ ਗਿੱਲ** 258
- ਮੇਰੇ ਬਾਬਾ ਜੀ/**ਕੁਲਵਿੰਦਰ ਬੁੱਟਰ** 273
- ਸਦਾ ਜਵਾਨ: ਮੇਰੇ ਦਾਦਾ ਜੀ/**ਅਮਨ ਸੰਘੇੜਾ** 278
- ਬਾਬਾ ਭਗਤ ਸਿੰਘ ਬਿਲਗਾ ਜੀ/**ਡਾ. ਹਰਜੀਤ ਸਿੰਘ** 286
- ਇੰਡੀਅਨ ਵਰਕਰਜ਼ ਐਸੋਸੀਏਸ਼ਨ ਵੱਲੋਂ ਸ਼ੋਕ ਮਤਾ 291
- ਆਈ. ਡਬਲਿਊ ਏ. ਗ੍ਰੇਟ ਬ੍ਰਿਟੇਨ ਅਤੇ
  ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਵੱਲੋਂ ਸ਼ਰਧਾਂਜਲੀ 296
- ਗ਼ਦਰ ਦਾ ਆਖ਼ਰੀ ਚਿਰਾਗ਼ ਬਾਬਾ ਬਿਲਗਾ/**ਡਾ. ਤੇਜਿੰਦਰ ਵਿਰਲੀ** 303
- ਬਾਬਾ ਭਗਤ ਸਿੰਘ ਬਿਲਗਾ ਦੀ 'ਅਯੋਗਤਾ'/**ਬਲਜੀਤ ਸਿੰਘ ਬਰਾੜ** 309
- ਬੁਝ ਗਈ ਗ਼ਦਰ ਦੀ ਆਖ਼ਰੀ ਮਸ਼ਾਲ/**ਇੰਦਰਜੀਤ ਚੁਗਾਵਾਂ** 311
- ਬਾਬਾ ਬਿਲਗਾ ਜੀ ਨਾਲ ਬਿਤਾਏ ਕੁਝ ਪਲ/**ਸੀਤਾ ਰਾਮ ਬਾਂਸਲ** 314
- ਬਿਲਗੇ ਦੇ ਵਿਕਾਸ ਕਾਰਜ ਤੇ ਬਾਬਾ ਬਿਲਗਾ/**ਮਾਸਟਰ ਪਰੇਮ ਲਾਲ ਮਹੇਂ** 318
- ਵੱਡੀ ਹਸਤੀ ਬਾਬਾ ਬਿਲਗਾ ਜੀ/**ਮਾਸਟਰ ਪ੍ਰਸ਼ੋਤਮ ਲਾਲ ਬਿਲਗਾ** 333

- ਸਾਡਾ ਪਿੰਡ ਤੇ ਸਾਡੇ ਬਾਬਾ ਬਿਲਗਾ ਜੀ/**ਗੁਰਮਿੰਦਰ ਬਿਲਗਾ** 335
- ਗ਼ਦਰ ਲਹਿਰ ਦੇ ਅਣਫੋਲੇ ਵਰਕੇ: ਇਤਿਹਾਸਕ ਦਸਤਾਵੇਜ਼
  –**ਡਾ. ਸਰਬਜੀਤ ਸਿੰਘ** 338
- ਇਨਕਲਾਬੀ ਵਿਰਾਸਤ ਦਾ ਦਸਤਾਵੇਜ਼:
  'ਗ਼ਦਰ ਲਹਿਰ ਦੇ ਅਣਫੋਲੇ ਵਰਕੇ'/**ਡਾ. ਭੀਮ ਇੰਦਰ ਸਿੰਘ** 343
- ਗ਼ਦਰ ਲਹਿਰ ਦੇ ਅਣਫੋਲੇ ਵਰਕੇ:
  ਇਕ ਇਤਿਹਾਸਕ ਦਸਤਾਵੇਜ਼/**ਡਾ. ਚਰਨਜੀਤ ਸਿੰਘ ਗੁਮਟਾਲਾ** 351
- 'ਮੇਰੇ ਸੰਗਰਾਮੀ ਸਾਥੀ' ਵਡਮੁੱਲੀ ਇਤਿਹਾਸਕ ਜਾਣਕਾਰੀ
  ਅਤੇ ਪ੍ਰੇਰਣਾ ਦੇਣ ਵਾਲੀ ਪੁਸਤਕ/**ਰਾਜਪਾਲ** 356
- ਬਾਬਾ ਭਗਤ ਸਿੰਘ ਦੇ ਬਿਲਗੇ ਦੀ ਕਹਾਣੀ/ਪ੍ਰੋ: **ਹਰਜਿੰਦਰ ਅਟਵਾਲ** 359
- 'ਮੇਰੇ ਸੰਗਰਾਮੀ ਸਾਥੀ' ਦਾ ਵਾਰਤਕਕਾਰ: ਬਿਲਗਾ/**ਹਰਮੀਤ ਅਟਵਾਲ** 362
- ਘਰ ਦਾ ਜੋਗੀ ਸਿੱਧ: ਬਾਬਾ ਬਿਲਗਾ/**ਗੋਪਾਲ ਸਿੰਘ ਬੁੱਟਰ** 363
- ਸੰਘਰਸ਼ ਭਰੀ ਸਦੀ ਦਾ ਮਹਾਨਾਇਕ ਬਾਬਾ ਬਿਲਗਾ/**ਪ੍ਰੋ. ਗੋਪਾਲ ਬੁੱਟਰ** 367

# ਭੂਮਿਕਾ

ਬਾਬਾ ਭਗਤ ਸਿੰਘ ਬਿਲਗਾ 2 ਅਪਰੈਲ 1907 ਤੋਂ 22 ਮਈ 2009 ਤੱਕ ਦੀ ਸਰਗਰਮ ਲੰਮੀ ਉਮਰ ਬਿਤਾ ਕੇ ਇਸ ਜਹਾਨ-ਇ-ਫ਼ਾਨੀ ਤੋਂ ਰੁਖ਼ਸਤ ਹੋਏ ਹਨ। ਉਹਨਾਂ ਨੇ ਇਸ ਲੰਮੇ ਜੀਵਨ ਪੰਧ ਵਿਚ ਦੇਸ਼ ਦੀ ਆਜ਼ਾਦੀ ਲਈ ਵਡੇਰਾ ਤੇ ਮਹੱਤਵਪੂਰਨ ਸੰਘਰਸ਼ ਕਰਨ ਤੋਂ ਇਲਾਵਾ ਹਰ ਲੋਕ-ਹਿਤੈਸ਼ੀ ਲਹਿਰ, ਹਰ ਲੋਕ-ਪੱਖੀ ਵਿਚਾਰ ਤੇ ਹਰ ਲੋਕ-ਪੱਖੀ ਮਸਲੇ ਵਿਚ ਆਪਣੀ ਸਰਗਰਮ, ਸਾਕਾਰਾਤਮਕ ਤੇ ਸਸ਼ਕਤ ਭੂਮਿਕਾ ਨਿਭਾਈ ਹੈ। ਇਸ ਲੰਮੇਰੇ ਸੰਗਰਾਮੀ ਜੀਵਨ ਵਿਚ ਉਹਨਾਂ ਨੇ ਹਕੂਮਤ ਦੀਆਂ ਅਸਹਿ ਤੇ ਅਕਹਿ ਯਾਤਨਾਵਾਂ ਝੱਲੀਆਂ, ਆਪਣੇ ਅਤੇ ਆਪਣਿਆਂ ਦੇ ਸੁੱਖਾਂ/ਖੁਸ਼ੀਆਂ ਨੂੰ ਨਜ਼ਰ ਅੰਦਾਜ਼ ਕੀਤਾ। ਭੁੱਖਾਂ, ਤ੍ਰੇਹਾਂ, ਗਰਮੀਆਂ, ਸਰਦੀਆਂ ਤਾਂ ਹਰੇਕ ਲੋਕ ਹਿਤੈਸ਼ੀ ਸੰਗਰਾਮੀ ਦੀ ਕਿਸਮਤ 'ਚ ਹੁੰਦੀਆਂ ਹੀ ਹਨ ਪਰ ਇਸ ਸਖ਼ਤ ਜਾਨ ਬਜ਼ੁਰਗ ਨੇ ਵਡੇਰੇ ਪਰਿਵਾਰਕ ਸਦਮਿਆਂ ਅਤੇ ਕੁਦਰਤ ਦੀਆਂ ਅਕਹਿ ਕਰੋਪੀਆਂ ਨੂੰ ਵੀ ਸਿਦਕਦਿਲੀ ਨਾਲ ਝੱਲਿਆ ਅਤੇ ਲੋਕ ਯੁੱਧ ਵਿਚ ਸਾਬਤ ਕਦਮ ਰਹਿੰਦਿਆਂ ਆਪਣੇ ਕਰਤੱਵ ਨੂੰ ਪੂਰੀ ਸੁਹਿਰਦਤਾ ਤੇ ਸੰਜੀਦਗੀ ਨਾਲ ਨਿਭਾਇਆ। ਇਸ 'ਸਿਮਰਤੀ ਗ੍ਰੰਥ' ਰਾਹੀਂ ਅਸੀਂ ਬਾਬਾ ਬਿਲਗਾ ਜੀ ਦੇ ਸੰਗਰਾਮੀ ਸਾਥੀਆਂ ਤੇ ਉਹਨਾਂ ਸਨੇਹੀਆਂ ਦੇ ਸ਼ਬਦਾਂ ਰਾਹੀਂ ਉਸ ਬਹੁ ਪੱਖੀ ਸ਼ਖ਼ਸੀਅਤ ਰੂਪੀ ਮਹਾਂਮਾਨਵੀ ਹਸਤੀ ਦੇ ਕੁੱਝ ਪੱਖ ਪਾਠਕਾਂ ਤੇ ਜਗਿਆਸੂਆਂ ਦੇ ਸਨਮੁੱਖ ਰੱਖਣ ਦੀ ਖ਼ੁਸ਼ੀ ਹਾਸਿਲ ਕਰ ਰਹੇ ਹਾਂ।

ਪਿਛਲੀ ਸਦੀ ਦੇ ਅਖ਼ੀਰ ਵਿਚ ਕੁਲਵਿੰਦਰ ਬੁੱਟਰ ਨੇ ਦੂਰਦਰਸ਼ਨ ਕੇਂਦਰ ਜਲੰਧਰ, ਜਿਸ ਵਿਚ ਉਹ ਬਤੌਰ ਪ੍ਰੋਡਿਊਸਰ ਸਰਵਿਸ ਕਰਦੀ ਹੈ ਲਈ, ਬਾਬਾ ਭਗਤ ਸਿੰਘ ਬਿਲਗਾ ਦੇ ਜੀਵਨ ਤੇ ਯੋਗਦਾਨ ਨਾਲ ਸੰਬੰਧਿਤ ਇਕ ਡਾਕੂਮੈਂਟਰੀ ਫਿਲਮ ਤਿਆਰ ਕੀਤੀ ਜੋ ਸਮੇਂ-ਸਮੇਂ ਦੂਰਦਰਸ਼ਨ ਤੋਂ ਟੈਲੀਕਾਸਟ ਹੁੰਦੀ ਰਹੀ ਅਤੇ ਬਾਬਾ ਜੀ ਨਾਲ, ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਨਾਲ, ਰਾਜਨੀਤੀ ਨਾਲ ਜਾਂ ਇਤਿਹਾਸ ਨਾਲ ਸੰਬੰਧਿਤ ਬਹੁਤ ਸਾਰੇ ਦੇਸ਼ ਭਗਤਾਂ, ਬੁੱਧੀਜੀਵੀਆਂ ਜਾਂ ਜਗਿਆਸੂਆਂ ਨੇ ਇਹ ਦੇਖ ਕੇ ਕੁਲਵਿੰਦਰ ਕੋਲ ਇਹ ਸ਼ਿਕਵਾ ਕਰਨਾ ਕਿ ਉਹਨਾਂ ਦੇ ਪਾਸ ਬਾਬਾ ਜੀ ਨਾਲ ਸੰਬੰਧਿਤ ਕੁਝ ਨਿਵੇਕਲੀ ਤੇ ਮਹੱਤਵਪੂਰਨ ਸਮੱਗਰੀ ਸੀ, ਉਸ 'ਤੇ ਆਧਾਰਿਤ ਬਿਆਨ ਉਹ ਡਾਕੂਮੈਂਟਰੀ 'ਚ ਦਰਜ ਕਰਵਾ ਸਕਦੇ ਸਨ।

ਬਾਬਾ ਜੀ ਦੇ ਸਦੀਵੀ ਵਿਛੋੜੇ ਉਪਰੰਤ ਸਾਨੂੰ ਇਹਨਾਂ ਸ਼ਿਕਵਿਆਂ ਵਿਚੋਂ ਨਵੀਂ ਰੌਸ਼ਨੀ ਦਿਸੀ ਕਿ ਹੁਣ ਬਾਬਾ ਜੀ ਨਾਲ ਸੰਬੰਧਿਤ ਜਾਣਕਾਰੀ ਰੱਖਣ ਵਾਲਿਆਂ ਪਾਸੋਂ ਉਹ ਸਭ ਕੁਝ ਲਿਖਵਾ ਲੈਣਾ ਚਾਹੀਦਾ ਹੈ ਜੋ ਬਾਬਾ ਬਿਲਗਾ ਜੀ ਦੇ ਬਹੁ ਪਾਸਾਰੀ ਜੀਵਨ ਦੇ ਕਿਸੇ ਪਾਸਾਰ 'ਤੇ ਨਵੀਂ ਰੌਸ਼ਨੀ ਪਾ ਸਕਦਾ ਹੋਵੇ। ਇਸ ਕਾਰਜ ਨੂੰ ਵਿਉਂਤਦੇ ਹੋਏ ਵੀ ਅਸੀਂ ਕੁਝ ਪਛੜਦੇ ਹੀ

ਰਹੇ।

ਜਦ ਸਾਨੂੰ ਉਨ੍ਹਾਂ ਦੇ ਰਾਜਸੀ, ਸਮਾਜਕ ਤੇ ਪਰਿਵਾਰਕ ਜੀਵਨ ਨਾਲ ਸੰਬੰਧਿਤ ਇਤਿਹਾਸਕ ਮਹੱਤਵ ਵਾਲੀਆਂ ਘਟਨਾਵਾਂ ਅਤੇ ਯਾਦਾਂ ਇਕੱਤਰ ਕਰਨ ਦੀ ਸੋਝੀ ਆਈ ਤਾਂ ਬਹੁਤ ਸਾਰੇ ਵੱਡੇ ਆਦਮੀ ਉਸ ਸਮੇਂ ਤਕ ਸੰਸਾਰ ਛੱਡ ਚੁੱਕੇ ਸਨ। ਮਿਸਾਲ ਵਜੋਂ ਉਨ੍ਹਾਂ ਦੇ ਬਚਪਨ ਬਾਰੇ ਵਧੇਰੇ ਤੇ ਸਟੀਕ ਜਾਣਕਾਰੀ ਦੇਣ ਵਾਲੇ ਉਨ੍ਹਾਂ ਦੇ ਭਰਾ ਸ੍ਰੀ ਰਾਮ ਬਖ਼ਸ਼ ਨੰਬਰਦਾਰ, ਉਨ੍ਹਾਂ ਦੀਆਂ ਵੱਡੀਆਂ ਭੈਣਾਂ ਅਤੇ ਉਨ੍ਹਾਂ ਦੇ ਨੇੜੇ ਦੇ ਉਸ ਸਮੇਂ ਦੇ ਸੰਬੰਧੀ ਤੇ ਸਨੇਹੀ ਇਸ ਜਹਾਨ-ਇ-ਫ਼ਾਨੀ ਤੋਂ ਰੁਖ਼ਸਤ ਫ਼ਰਮਾ ਚੁੱਕੇ ਸਨ। ਉਨ੍ਹਾਂ ਨੂੰ ਦੇਸ਼-ਭਗਤੀ ਦੇ ਦੁਰਗਮ ਰਾਹਾਂ 'ਤੇ ਤੁਰਨ ਲਈ ਪ੍ਰੇਰਣ ਵਾਲੇ ਦੇਸ਼-ਭਗਤ ਜਿਨ੍ਹਾਂ ਵਿਚੋਂ ਸ਼ਹੀਦ-ਇ-ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ ਜੀ ਸਰਦਾਰ ਅਜੀਤ ਸਿੰਘ, ਤੇਜਾ ਸਿੰਘ ਸੁਤੰਤਰ ਤੇ ਬਾਬਾ ਬੂਝਾ ਸਿੰਘ ਜਿਨ੍ਹਾਂ ਨਾਲ ਬਾਬਾ ਬਿਲਗਾ ਜੀ ਦੇ ਏਨੇ ਗਹਿਰੇ ਭਾਵਨਾਤਮਕ ਸੰਬੰਧ ਸਨ ਕਿ ਇਸ ਸੰਗ੍ਰਹਿ ਵਿਚ ਸੰਕਲਿਤ ਉੱਘੇ ਚਿੰਤਕ ਡਾ. ਹਰੀਸ਼ ਪੁਰੀ ਦੇ ਕਥਨ ਮੁਤਾਬਿਕ ਕਾ. ਤੇਜਾ ਸਿੰਘ ਸੁਤੰਤਰ ਨੂੰ ਇਨਕਲਾਬ ਦਾ ਜਰਨੈਲ ਕਿਹਾ ਜਾਂਦਾ ਸੀ ਅਤੇ ਬਾਬਾ ਭਗਤ ਸਿੰਘ ਬਿਲਗਾ ਨੂੰ ਜਰਨੈਲ ਦਾ ਲੈਫਟੀਨੈਂਟ। ਬਾਬਾ ਬੂਝਾ ਸਿੰਘ ਬਾਰੇ ਲਿਖੇ ਇਕ ਵਡਆਕਾਰੀ ਲੇਖ ਦਾ ਸਿਰਲੇਖ ਹੀ ਬਾਬਾ ਭਗਤ ਸਿੰਘ ਬਿਲਗਾ ਨੇ 'ਮੇਰਾ ਭਾਈ' ਸ਼ਹੀਦ ਬਾਬਾ ਬੂਝਾ ਸਿੰਘ, ਰੱਖਿਆ ਹੈ। ਸਰਦਾਰ ਅਜੀਤ ਸਿੰਘ ਨਾਲ ਬਾਬਾ ਬਿਲਗਾ ਜੀ ਦੇ ਸੰਬੰਧਾਂ ਬਾਰੇ ਲਿਖਦਿਆਂ ਅਗਾਂਹਵਧੂ ਚਿੰਤਕ ਤੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਨੇ ਇਸੇ ਸੰਗ੍ਰਹਿ ਵਿਚ ਸੰਕਲਿਤ ਆਪਣੇ ਲੇਖ ਵਿਚ ਲਿਖਿਆ ਹੈ ਕਿ ਸ਼ਹੀਦ ਭਗਤ ਸਿੰਘ ਦੇ ਭਰਾ ਸ੍ਰੀ ਕੁਲਤਾਰ ਸਿੰਘ ਦੇ ਕਹਿਣ ਅਨੁਸਾਰ ਸਰਦਾਰ ਅਜੀਤ ਸਿੰਘ, ਭਗਤ ਸਿੰਘ ਦੀ ਫਾਂਸੀ ਅਤੇ ਭਗਤ ਸਿੰਘ ਬਿਲਗਾ ਨਾਲ ਮਿਲਾਪ ਬਾਰੇ ਕਿਹਾ ਕਰਦੇ ਸਨ ਕਿ ਇਕ ਭਗਤ ਸਿੰਘ ਚਲਾ ਗਿਆ ਅਤੇ ਦੂਜਾ ਭਗਤ ਸਿੰਘ ਆ ਗਿਆ। ਇਹ ਤਿੰਨੇ ਦੇਸ਼-ਭਗਤ ਬਾਬਾ ਬਿਲਗਾ ਜੀ ਦੇ ਆਰੰਭਲੇ ਸਿਆਸੀ ਜੀਵਨ ਬਾਰੇ ਪ੍ਰਮਾਣਿਕ ਜਾਣਕਾਰੀ ਦੇ ਸਕਦੇ ਸਨ। ਪਰ ਉਹ ਇਤਿਹਾਸਕ ਮਹੱਤਵ ਵਾਲੀਆਂ ਯਾਦਾਂ ਉਨ੍ਹਾਂ ਦੇ ਨਾਲ ਹੀ ਗੁਆਚ ਗਈਆਂ। ਇਸੇ ਤਰ੍ਹਾਂ ਰੂਸ ਵਿਚ ਪਾਰਟੀ ਦੇ ਹੁਕਮ 'ਤੇ ਉਨ੍ਹਾਂ ਨਾਲ ਗਏ ਸਾਰੇ ਦੇਸ਼-ਭਗਤ ਵੀ ਕਾਫ਼ੀ ਕੁਝ ਦੱਸ ਸਕਦੇ ਸਨ ਪਰ ਉਹ ਵੀ ਗੁਜ਼ਰ ਚੁੱਕੇ ਹਨ। ਵੱਡੇ ਗ਼ਦਰੀ ਬਾਬੇ ਬਾਬਾ ਜਵਾਲਾ ਸਿੰਘ ਤਾਂ ਬਹੁਤ ਪਹਿਲਾਂ ਹੀ ਗੁਜ਼ਰ ਗਏ ਸਨ ਪਰ ਪਹਿਲੇ ਦੇਸ਼-ਭਗਤ ਪਰਿਵਾਰ ਸਹਾਇਕ ਬੋਰਡ ਦੇ ਪ੍ਰਧਾਨ ਬਾਬਾ ਵਿਸਾਖਾ ਸਿੰਘ ਜਿਨ੍ਹਾਂ ਦੇ ਨਾਲ ਬਾਬਾ ਬਿਲਗਾ ਜੀ ਨੇ ਬਤੌਰ ਪਹਿਲੇ ਜਨਰਲ ਸਕੱਤਰ ਕੰਮ ਕੀਤਾ ਸੀ ਫਿਰ ਵਰਤਮਾਨ ਦੇਸ਼-ਭਗਤ ਯਾਦਗਾਰ ਕਮੇਟੀ ਜਲੰਧਰ ਵਿਚ ਵੀ ਇਕੱਠਿਆਂ ਕੰਮ ਕੀਤਾ। ਉਨ੍ਹਾਂ ਨਾਲ ਜੁੜੀਆਂ ਇਤਿਹਾਸਕ ਮਹੱਤਵ ਵਾਲੀਆਂ ਯਾਦਾਂ ਵੀ ਸਮੇਂ ਦੀ ਧੂੜ ਵਿਚ ਗੁਆਚ ਗਈਆਂ ਹਨ। ਇਸੇ ਤਰ੍ਹਾਂ ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ, ਕਾ. ਮੁਬਾਰਕ ਸਾਗਰ, ਬਾਬਾ ਕਰਮ ਸਿੰਘ ਚੀਮਾ, ਬਾਬਾ ਅੱਛਰ ਸਿੰਘ ਛੀਨਾ, ਗੁਰਚਰਨ ਸਿੰਘ ਸਹਿੰਸਰਾ, ਇਕਬਾਲ ਸਿੰਘ ਹੁੰਦਲ, ਬਾਬਾ ਗੁਰਮੁਖ ਸਿੰਘ ਲਲਤੋਂ, ਹਜ਼ਾਰਾ ਸਿੰਘ ਹਮਦਮ, ਕਾ. ਸੋਹਨ ਸਿੰਘ ਜੋਸ਼, ਕਾ. ਨੈਣਾ ਸਿੰਘ ਧੂਤ, ਕਾ. ਗੁਰਚਰਨ ਸਿੰਘ ਰੰਧਾਵਾ, ਕਾ. ਰਜਿੰਦਰ ਸਿੰਘ ਸਰੀਂਹ, ਕਾ. ਹਰਕਿਸ਼ਨ ਸਿੰਘ ਸੁਰਜੀਤ, ਗਿਆਨੀ ਹੀਰਾ ਸਿੰਘ ਦਰਦ, ਪੰ. ਕਿਸ਼ੋਰੀ ਲਾਲ, ਸੰਤਾ ਸਿੰਘ ਗੰਡੀਵਿੰਡ, ਕਾ. ਜਸਵੰਤ ਸਿੰਘ

ਕੈਰੋਂ ਵਰਗੇ ਅਨੇਕ ਉਨ੍ਹਾਂ ਦੇ ਆਗੂ ਅਤੇ ਸੰਗਰਾਮੀ ਸਾਥੀ ਸਾਡੇ ਕੋਲੋਂ ਚਲੇ ਜਾਣ ਕਾਰਨ ਅਸੀਂ ਉਨ੍ਹਾਂ ਕੋਲੋਂ ਬਾਬਾ ਬਿਲਗਾ ਜੀ ਦੇ ਜੀਵਨ ਅਤੇ ਸੰਗਰਾਮ ਨਾਲ ਜੁੜੀਆਂ ਯਾਦਾਂ ਲਿਖਵਾ ਸਕਣ ਤੋਂ ਵਾਂਝੇ ਰਹਿ ਗਏ। ਫਿਰ ਵੀ ਅਸੀਂ ਉਨ੍ਹਾਂ ਦੇ ਸਾਡੀ ਪਹੁੰਚ ਵਿਚ ਆਉਣ ਵਾਲੇ ਸਾਥੀਆਂ ਲੇਖਕਾਂ ਅਤੇ ਚਿੰਤਕਾਂ ਤੋਂ ਕਾਫ਼ੀ ਕੁਝ ਲਿਖਵਾ ਕੇ ਜਗਿਆਸੂ ਪਾਠਕਾਂ ਤੱਕ ਪਹੁੰਚਾਉਣ ਵਿਚ ਸਫ਼ਲ ਹੋਏ ਹਾਂ।

ਕਾ. ਜਗਜੀਤ ਸਿੰਘ ਲਾਇਲਪੁਰੀ ਬਾਬਾ ਭਗਤ ਸਿੰਘ ਬਿਲਗਾ ਜੀ ਦੇ ਪੁਰਾਣੇ ਸੰਗਰਾਮੀ ਸਾਥੀ ਅਤੇ ਉਨ੍ਹਾਂ ਦੀਆਂ ਕੌਮੀ ਸੇਵਾਵਾਂ ਦੇ ਵੱਡੇ ਪ੍ਰਸ਼ੰਸਕ ਸਨ। 2007 ਵਿਚ ਬਾਬਾ ਬਿਲਗਾ ਜੀ ਦੇ 100ਵੇਂ ਜਨਮ ਦਿਨ ਤੇ ਉਨ੍ਹਾਂ ਨੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਜਿਸ ਦੇ ਉਹ ਖ਼ੁਦ ਵੀ ਟਰੱਸਟੀ ਸਨ, ਨੂੰ ਲਿਖੇ ਪੱਤਰ ਵਿਚ ਬਾਬਾ ਬਿਲਗਾ ਜੀ ਦੇ ਕੌਮੀ ਸੰਘਰਸ਼ ਵਿਚ ਪਾਏ ਵਡੇਰੇ ਯੋਗਦਾਨ ਨੂੰ ਮਹੱਤਵ ਦਿੰਦਿਆਂ ਟਰੱਸਟ ਦੇ ਦਫ਼ਤਰ ਵਿਚ ਉਨ੍ਹਾਂ ਦੀ ਫੋਟੋ ਲਗਾ ਕੇ ਉਨ੍ਹਾਂ ਨੂੰ ਸਤਿਕਾਰ ਭੇਟ ਕਰਨ ਦਾ ਸੁਝਾਅ ਦਿੰਦੇ ਹਨ। ਕਾ. ਜਗਜੀਤ ਸਿੰਘ ਆਨੰਦ ਨੇ ਵੀ ਆਪਣੀ ਲਿਖਤ ਵਿਚ ਉਨ੍ਹਾਂ ਦੀਆਂ ਕੌਮੀ ਸੇਵਾਵਾਂ ਦੇ ਮਹੱਤਵ ਨੂੰ ਬਿਆਨਿਆ। ਕਾ. ਚੈਨ ਸਿੰਘ ਚੈਨ ਨੇ ਆਪਣੇ ਨਿਬੰਧ ਵਿਚ ਉਨ੍ਹਾਂ ਦੀ ਇਕ ਦੇਸ਼ ਭਗਤ ਦੇ 'ਤੌਰ 'ਤੇ ਕੀਤੀ ਜੱਦੋ-ਜਹਿਦ ਅਤੇ ਆਪਣੇ ਸਾਥੀਆਂ ਨੂੰ ਪ੍ਰੇਰਕੇ ਉਨ੍ਹਾਂ ਤੋਂ ਵੱਡੇ ਕੰਮ ਕਰਵਾ ਲੈਣ ਵਾਲੀ ਖ਼ੂਬੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਸਤਿਕਾਰ ਭੇਟ ਕੀਤਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਰਹੇ ਕਾ. ਨੌਨਿਹਾਲ ਸਿੰਘ ਨੇ ਨਿਬੰਧ ਵਿਚ ਬਾਬਾ ਬਿਲਗਾ ਜੀ ਦੇ ਇਤਿਹਾਸਕ ਯੋਗਦਾਨ ਦੀ ਵਡਿਆਈ ਕਰਦਿਆਂ ਉਨ੍ਹਾਂ ਨੂੰ ਗ਼ਦਰ ਪਾਰਟੀ ਦਾ ਆਲੰਬਰਦਾਰ ਕਿਹਾ ਹੈ।

ਬਾਬਾ ਭਗਤ ਸਿੰਘ ਬਿਲਗਾ ਦੀ ਉਤਸ਼ਾਹ-ਵਰਧਕ ਹੱਲਾਸ਼ੇਰੀ ਨਾਲ ਲੋਕ-ਹਿਤੈਸ਼ੀ ਲਹਿਰ ਦਾ ਹਿੱਸਾ ਬਣੇ ਲੋਕਾਂ ਵਿਚੋਂ ਵੀ ਬਹੁਤ ਸਾਰੇ ਲੋਕ ਆਗੂ ਇਸ ਵਕਤ ਸਾਡੇ ਕੋਲ ਨਹੀਂ ਹਨ। ਉਨ੍ਹਾਂ ਵਿਚੋਂ ਕਾ. ਵਿਸ਼ਨੂੰ ਦੱਤ ਨੇ ਤਾਂ ਬਾਬਾ ਬਿਲਗਾ ਜੀ ਦੀ ਵਡ ਆਕਾਰੀ ਜੀਵਨੀ ਲਿਖਣ ਦਾ ਪ੍ਰੋਜੈਕਟ ਵੀ ਆਪਣੇ ਹੱਥਾਂ ਵਿਚ ਲਿਆ ਸੀ। ਪਰ ਮੌਤ ਦੇ ਜ਼ਾਲਮ ਹੱਥਾਂ ਨੇ ਉਨ੍ਹਾਂ ਨੂੰ ਸਾਡੇ ਤੋਂ ਖੋਹ ਲਿਆ। ਇਸ ਤਰ੍ਹਾਂ ਇਤਿਹਾਸ ਦੇ ਖੋਜੀਆਂ ਅਤੇ ਜਗਿਆਸੂਆਂ ਨੂੰ ਮਿਲਣ ਵਾਲਾ ਇਕ ਪ੍ਰਮਾਣਿਕ ਇਤਿਹਾਸਕ ਸੋਮਾ ਫੁੱਟ ਨਾ ਸਕਿਆ। ਸ਼ਹੀਦ ਕਾਮਰੇਡ ਸਰਵਣ ਸਿੰਘ ਚੀਮਾ, ਕਾਂਗਰਸੀ ਆਗੂ ਸ. ਸਵਰਨ ਸਿੰਘ ਸਾਬਕਾ ਕੇਂਦਰੀ ਮੰਤਰੀ, ਦਰਬਾਰਾ ਸਿੰਘ ਸਾਬਕਾ ਮੁੱਖ ਮੰਤਰੀ, ਸ. ਦਰਬਾਰਾ ਸਿੰਘ ਮਲਸੀਆਂ ਸਾਬਕਾ ਗਵਰਨਰ ਰਾਜਸਥਾਨ, ਚੌਧਰੀ ਦਰਸ਼ਨ ਸਿੰਘ, ਰਾਮ ਲਾਲ ਚਿੱਟੀ ਆਦਿਕ ਵੀ ਉਨ੍ਹਾਂ ਦੇ ਕਦਰਦਾਨ ਸਨ ਅਤੇ ਪੁਰਾਣੇ ਕਾਂਗਰਸੀ ਤੇ ਉਨ੍ਹਾਂ ਦੇ ਸੰਗਰਾਮੀ ਸਾਥੀ ਵੀ ਸਨ। ਉਹ ਵੀ ਸਾਡੇ ਕੋਲੋਂ ਵਿਛੜ ਚੁੱਕੇ ਹਨ।

ਬਾਬਾ ਬਿਲਗਾ ਜੀ ਦੇ ਬਹੁਤ ਹੀ ਨਿਕਟਵਰਤੀ ਸੰਗਰਾਮੀ ਸਾਥੀ ਕਾ. ਗੰਧਰਵ ਸੇਨ ਕੋਛੜ ਸਰੀਰਕ ਤੌਰ 'ਤੇ ਤੰਦਰੁਸਤ ਨਾ ਹੋਣ ਕਾਰਨ ਅਸੀਂ ਉਨ੍ਹਾਂ ਦੀਆਂ ਸੇਵਾਵਾਂ ਵੀ ਨਹੀਂ ਲੈ ਸਕੇ ਪਰ ਉਨ੍ਹਾਂ ਦੇ ਬਹੁਤ ਸਾਰੇ ਅਜ਼ੀਜ਼ਾਂ ਨੇ ਸਾਡੀ ਬੇਨਤੀ ਨੂੰ ਸਵੀਕਾਰ ਕਰਕੇ ਇਸ ਗ੍ਰੰਥ ਵਾਸਤੇ ਆਪਣੀਆਂ ਰਚਨਾਵਾਂ ਭੇਜੀਆਂ ਹਨ। ਪੰਜਾਬੀ ਦੇ ਨਾਮਵਰ ਨਾਵਲਕਾਰ ਜਸਵੰਤ ਸਿੰਘ ਕੰਵਲ ਹੋਰਾਂ ਨੇ ਬਾਬਾ ਬਿਲਗਾ ਜੀ ਨਾਲ ਜੁੜੀਆਂ ਆਪਣੀਆਂ ਯਾਦਾਂ ਅਤੇ ਉਨ੍ਹਾਂ ਦੇ ਮਹੱਤਵ ਉੱਤੇ ਧਿਆਨ ਕੇਂਦਰਿਤ ਕੀਤਾ ਹੈ। ਡਾ. ਹਰੀਸ਼ ਕੁਮਾਰ ਪੁਰੀ ਸਾਬਕਾ ਪ੍ਰੋ. ਤੇ ਮੁਖੀ

ਰਾਜਨੀਤੀ ਸ਼ਾਸਤਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਿਨ੍ਹਾਂ ਦੀ ਗ਼ਦਰ ਲਹਿਰ ਬਾਰੇ ਵਿਸ਼ੇਸ਼ੱਗਤਾ ਤੋਂ ਗ਼ਦਰ ਲਹਿਰ ਦੇ ਜਗਿਆਸੂ ਅਤੇ ਚਿੰਤਕ ਭਲੀ-ਭਾਂਤ ਪਰੀਚਿਤ ਹਨ, ਨੇ ਆਪਣੇ ਨਜ਼ਰੀਏ ਤੋਂ ਬਾਬਾ ਬਿਲਗਾ ਜੀ ਦੀ ਜੱਦੋ-ਜਹਿਦ ਬਾਰੇ ਵਿਚਾਰ ਪ੍ਰਗਟਾਏ ਹਨ। ਪ੍ਰੋਫੈਸਰ ਪਿਆਰਾ ਸਿੰਘ ਭੋਗਲ ਨੇ ਬਾਬਾ ਬਿਲਗਾ ਜੀ ਦੇ ਜੀਵਨ ਉੱਪਰ ਰੌਸ਼ਨੀ ਪਾਈ ਹੈ। ਪੰਜਾਬੀ ਸ਼ਾਇਰੀ ਵਿਚ ਬਹੁਤ ਹੀ ਸੂਖਮਭਾਵੀ, ਸੰਵੇਦਨਸ਼ੀਲ, ਸੁਹਜਮਈ ਚਿੰਤਨੀ ਸ਼ਾਇਰੀ ਕਰਨ ਵਾਲੇ ਉੱਚ ਦੁਮਾਲੜੇ ਸ਼ਾਇਰ ਪਦਮਸ਼੍ਰੀ ਸੁਰਜੀਤ ਪਾਤਰ ਨੇ ਆਪਣੇ ਕਾਵਿਕ ਅੰਦਾਜ਼ ਵਿਚ ਕੁਝ ਦਿਲ ਨੂੰ ਛੂਹਣ ਵਾਲੇ ਭਾਵ ਪੂਰਤ ਬੋਲਾਂ ਨਾਲ ਬਾਬਾ ਬਿਲਗਾ ਜੀ ਨੂੰ ਆਪਣੀ ਅਕੀਦਤ ਦੇ ਫੁੱਲ ਅਰਪਿਤ ਕੀਤੇ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ, ਬਾਬਾ ਜੀ ਦੇ ਨਜ਼ਦੀਕੀ ਅਤੇ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਬਾਬਾ ਜੀ ਬਾਰੇ ਲਿਖੇ ਆਕਾਰ ਤੇ ਗੁਣਾਤਮਕ ਪੱਖੋਂ ਵਡੇਰੇ ਜੀਵਨੀ ਲੇਖ 'ਇਤਿਹਾਸ ਦਾ ਸਿਰਜਕ ਤੇ ਲੇਖਕ: ਬਾਬਾ ਭਗਤ ਸਿੰਘ ਬਿਲਗਾ' ਵਿਚ ਉਨ੍ਹਾਂ ਦੀ ਸ਼ਖ਼ਸੀਅਤ ਦੇ ਮਹੱਤਵਪੂਰਨ ਤੇ ਵਡੇਰੇ ਪਾਸਾਰਾਂ ਨੂੰ ਪ੍ਰਤੀਬਿੰਬਤ ਕੀਤਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਬਾਬਾ ਜੀ ਦੇ ਜੀਵਨ ਯੋਗਦਾਨ ਅਤੇ ਆਪਣੇ ਨਾਲ ਸੰਬੰਧਿਤ ਸਜੀਵ ਯਾਦਾਂ ਨੂੰ ਭਾਵਪੂਰਤ ਢੰਗ ਨਾਲ ਚਿਤਰਿਆ ਹੈ। ਬਾਬਾ ਬਿਲਗਾ ਜੀ ਦੇ ਅਜ਼ੀਜ਼ ਕਾ. ਗੁਰਮੀਤ ਨੇ ਆਪਣੇ ਦੋ ਛੋਟੇ-ਛੋਟੇ ਲੇਖਾਂ ਨਾਲ ਉਨ੍ਹਾਂ ਨੂੰ ਯਾਦ ਕੀਤਾ ਹੈ। ਸੀ.ਪੀ.ਐੱਮ. ਪੰਜਾਬ ਦੇ ਆਗੂ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਕਾ. ਮੰਗਤ ਰਾਮ ਪਾਸਲਾ ਨੇ ਬਾਬਾ ਭਗਤ ਸਿੰਘ ਬਿਲਗਾ ਜੀ ਦੀ ਸ਼ਖ਼ਸੀਅਤ ਦੇ ਉਸ ਪੱਖ ਨੂੰ ਉਭਾਰਿਆ ਹੈ ਜਿੱਥੇ ਉਹ ਨੌਜਵਾਨ ਵਰਗ ਲਈ ਵੱਡੀ ਪ੍ਰੇਰਨਾ ਸ਼ਕਤੀ ਦੇ ਤੌਰ 'ਤੇ ਯੋਗਦਾਨ ਪਾਉਂਦੇ ਹਨ। ਲਗਭਗ ਉਨ੍ਹਾਂ ਦੀ ਸ਼ਖ਼ਸੀਅਤ ਦੇ ਇਸੇ ਪਾਸਾਰ ਬਾਰੇ ਗੱਲ ਕਰਦਿਆਂ ਸੀ.ਪੀ.ਐੱਮ. ਪੰਜਾਬ ਦੇ ਆਗੂ ਅਤੇ ਕਮੇਟੀ ਦੇ ਮੈਂਬਰ ਕਾ. ਕੁਲਵੰਤ ਸੰਧੂ ਨੇ ਬਾਬਾ ਜੀ ਨਾਲ ਜੁੜੀਆਂ ਨਿੱਜੀ ਯਾਦਾਂ ਦਾ ਪਟਾਰਾ ਖੋਲ੍ਹਿਆ ਹੈ। ਅਗਾਂਹਵਧੂ ਪੰਜਾਬੀ ਨਾਟਕਕਾਰ ਤੇ ਰੰਗਕਰਮੀ ਅਜਮੇਰ ਔਲਖ ਨੇ ਉਨ੍ਹਾਂ ਦੇ ਸੰਗਰਾਮੀ ਜੀਵਨ ਅਤੇ ਲੋਕ-ਹਿਤੈਸ਼ੀ ਸੋਚ ਬਾਰੇ ਭਾਵਪੂਰਤ ਟਿੱਪਣੀਆਂ ਕੀਤੀਆਂ ਹਨ। ਕਾ. ਗੁਰਮੀਤ ਸਿੰਘ ਢੱਡਾ ਨੇ ਆਪਣੇ ਨਾਲ ਜੁੜੀਆਂ ਉਨ੍ਹਾਂ ਦੀਆਂ ਯਾਦਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੇ ਯੋਗਦਾਨ ਨੂੰ ਸਰਾਹਿਆ ਹੈ। ਮੇਲਾ ਗ਼ਦਰੀ ਬਾਬਿਆਂ ਦੀ ਰੂਹੇ-ਰਵਾਂ ਕਾਮਰੇਡ ਅਮੋਲਕ ਨੇ ਆਪਣੇ ਵਿਸਤ੍ਰਿਤ ਨਿਬੰਧ ਦੇ ਛੋਟੇ-ਛੋਟੇ ਭਾਗਾਂ ਰਾਹੀਂ ਬਾਬਾ ਬਿਲਗਾ ਜੀ ਦੇ ਜੀਵਨ ਦੇ ਵਿਭਿੰਨ ਰੰਗਾਂ ਨੂੰ ਪ੍ਰਸਤੁਤ ਕੀਤਾ ਹੈ। ਇੰਜੀ. ਸੀਤਲ ਸਿੰਘ ਸੰਘਾ ਉਨ੍ਹਾਂ ਦੇ ਸੁਭਾਅ ਦੇ ਮੀਰੀ ਗੁਣ ਨਿਡਰਤਾ ਬਾਰੇ ਆਪਣੇ ਵਿਚਾਰ ਪੇਸ਼ ਕਰਦਾ ਹੈ। ਕਾ. ਚਰੰਜੀ ਲਾਲ ਆਪਣੀਆਂ ਨਿੱਜੀ ਯਾਦਾਂ ਵਿਚੋਂ ਬਾਬਾ ਜੀ ਦੀ ਲੋਕਪੱਖੀ ਸ਼ਖ਼ਸੀਅਤ ਉਸਾਰਦਾ ਹੈ। ਕਾ. ਪ੍ਰਿਥੀਪਾਲ ਮਾੜੀਮੇਘਾ ਨੇ ਉਨ੍ਹਾਂ ਦੇ ਲੋਕ-ਹਿਤੈਸ਼ੀ ਤਾਉਮਰ ਚੱਲਣ ਵਾਲੇ ਸੰਘਰਸ਼ ਬਾਰੇ ਲਿਖਿਆ ਹੈ। ਅਗਾਂਹਵਧੂ ਲੇਖਕਾਂ ਵਿਚੋਂ ਕਵੀ ਹਰਭਜਨ ਸਿੰਘ ਹੁੰਦਲ, ਦਰਸ਼ਨ ਖਟਕੜ, ਜਤਿੰਦਰ ਪੰਨੂੰ ਅਜਿਹੇ ਵਿਅਕਤੀ ਹਨ ਜੋ ਅਕਸਰ ਬਾਬਾ ਜੀ ਦੇ ਸੰਪਰਕ ਵਿਚ ਰਹਿੰਦੇ ਸਨ। ਇਸ ਸੰਕਲਨ ਵਿਚ ਸੰਕਲਿਤ ਉਨ੍ਹਾਂ ਦੇ ਨਿਬੰਧਾਂ ਵਿਚੋਂ ਉਨ੍ਹਾਂ ਦੀ ਬਾਬਾ ਜੀ ਨਾਲ ਅਪਣੱਤ ਉੱਭਰ ਕੇ ਸਾਹਮਣੇ ਆਉਂਦੀ ਹੈ। ਪ੍ਰੋ. ਜਗਮੋਹਨ, ਡਾ. ਚਮਨ ਲਾਲ ਅਤੇ ਮੈਂਬਰ ਪਾਰਲੀਮੈਂਟ ਨਰੇਸ਼ ਗੁਜਰਾਲ ਉਨ੍ਹਾਂ ਦੀ ਜਨ-ਕਲਿਆਣ ਲਈ

ਸ਼ਦੀਦ ਤੜਪ ਦਾ ਪ੍ਰਸੰਗ ਖੋਲ੍ਹਦੇ ਹਨ। ਪੰਜਾਬੀ ਗਲਪਕਾਰ ਬਲਦੇਵ ਸਿੰਘ 'ਸੜਕਨਾਮਾ', ਅਧਿਆਪਕ ਆਗੂ ਪ੍ਰੋ. ਤਰਸੇਮ ਬਾਹੀਆ, ਡਾ. ਵੀ.ਕੇ. ਤਿਵਾੜੀ ਤੇ ਮਿਸਿਜ਼ ਸਰਿਤਾ ਤਿਵਾੜੀ ਆਪਣੇ ਨਿਬੰਧਾਂ ਵਿਚ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਬਾਬਾ ਬਿਲਗਾ ਜੀ ਦੇ ਅੰਤਿਮ ਸਮੇਂ ਤਕ ਦੇ ਸੰਘਰਸ਼ ਬਾਰੇ ਵਿਚਾਰ ਚਰਚਾ ਪ੍ਰਸਤੁਤ ਕਰਦੇ ਹਨ। ਪੰਜਾਬੀ ਕਵੀ ਪ੍ਰੋ. ਕੁਲਵੰਤ ਔਜਲਾ, ਹਿੰਦੀ ਲੇਖਕ ਪ੍ਰਿੰਸੀਪਲ ਸੁਰੇਸ਼ ਸੇਠ ਉੱਘੇ ਲੇਖਕ ਡਾ. ਅਨੂਪ ਸਿੰਘ, ਸਵਰਨ ਸਿੰਘ ਵਿਰਕ, ਸਤਨਾਮ ਚਾਨਾ, ਸਰਵਣ ਜ਼ਫ਼ਰ, ਬਲਬੀਰ ਪਰਵਾਨਾ, ਦਵਿੰਦਰਪਾਲ, ਨਿੰਦਰ ਘੁਗਿਆਣਵੀ, ਕਾ. ਚੂਹੜ ਸਿੰਘ ਬੱਜੋਂ, ਸਵਰਨ ਸਿੰਘ ਸਨੇਹੀ ਆਪਣੀਆਂ ਨਿੱਜੀ ਯਾਦਾਂ ਰਾਹੀਂ ਬਾਬਾ ਬਿਲਗਾ ਜੀ ਦੇ ਦਿਓ-ਕੱਦ ਵਿਅਕਤਿਤਵ ਦੇ ਵਿਭਿੰਨ ਪਾਸਾਰਾਂ ਨੂੰ ਖੋਲ੍ਹਦੇ ਹਨ। ਉੱਘੇ ਪੰਜਾਬੀ ਕਵੀ ਸੋਹਨ ਸਿੰਘ ਮੀਸ਼ਾ ਦੀ ਸੁਪਤਨੀ ਪ੍ਰਿੰਸੀਪਲ ਸੁਰਿੰਦਰ ਕੌਰ ਮੀਸ਼ਾ, ਗ਼ਦਰੀ ਸ਼ਹੀਦ ਬੰਤਾ ਸਿੰਘ ਸੰਘਵਾਲ ਦੀ ਪੋਤਰੀ ਪ੍ਰਿੰਸੀਪਲ ਡਾ. ਜਸਬੀਰ ਕੌਰ ਗਿੱਲ ਆਪਣੇ ਪਰਿਵਾਰਕ ਸੰਬੰਧਾਂ ਰਾਹੀਂ ਦੇਖੀ ਪਰਖੀ ਬਾਬਾ ਭਗਤ ਸਿੰਘ ਬਿਲਗਾ ਦੀ ਉੱਚੀ-ਸੁੱਚੀ ਸ਼ਖ਼ਸੀਅਤ 'ਤੇ ਚਾਨਣਾ ਪਾਉਂਦੇ ਹਨ। ਕੁਲਵਿੰਦਰ ਬੁੱਟਰ (ਦੂਰਦਰਸ਼ਨ) ਅਤੇ ਬਾਬਾ ਜੀ ਦੇ ਵੱਡੇ ਪੋਤਰੇ ਅਮਨ ਸੰਘੇੜਾ ਬਾਬਾ ਜੀ ਨਾਲ ਜੁੜੀਆਂ ਆਪਣੀਆਂ ਮੋਹ ਦੀਆਂ ਤੰਦਾਂ ਦੇ ਹਵਾਲੇ ਨਾਲ ਉਨ੍ਹਾਂ ਦੇ ਸਾਹਸੀ ਕਾਰਨਾਮਿਆਂ ਨੂੰ ਰੂਪਾਂਤਰਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਗਿਆਨੀ ਹੀਰਾ ਸਿੰਘ ਦਰਦ ਦੇ ਪੋਤਰੇ ਅਤੇ ਦੁਆਬਾ ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਜੀਤ ਸਿੰਘ ਆਪਣੇ ਵਡੇਰਿਆਂ ਦੇ ਸੰਗੀ ਸਾਥੀ ਰਹੇ ਬਾਬਾ ਬਿਲਗਾ ਜੀ ਨੂੰ ਆਪਣੇ ਢੰਗ ਨਾਲ ਯਾਦ ਕਰਦੇ ਹਨ। ਬਾਬਾ ਜੀ ਦੇ ਅਜ਼ੀਜ਼ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਆਗੂ ਕਾ. ਅਵਤਾਰ ਸਿੰਘ ਜੌਹਲ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵੱਲੋਂ ਸ਼ੋਕ ਮਤੇ ਰਾਹੀਂ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਅਤੇ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਵੱਲੋਂ ਭੇਜੇ ਸ਼ਰਧਾਂਜਲੀ ਲੇਖ ਰਾਹੀਂ ਉਨ੍ਹਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਵਡੇਰੇ ਯੋਗਦਾਨ ਨੂੰ ਸਤਿਕਾਰ ਭੇਟ ਕੀਤਾ। ਅਧਿਆਪਕ ਆਗੂ ਡਾ. ਤਜਿੰਦਰ ਵਿਰਲੀ, ਉੱਘੇ ਪੱਤਰਕਾਰ ਬਲਜੀਤ ਸਿੰਘ ਬਰਾੜ, ਕਾ. ਇੰਦਰਜੀਤ ਸਿੰਘ ਚੌਗਾਵਾਂ ਅਤੇ ਲੇਖਕ ਸੀਤਾ ਰਾਮ ਬਾਂਸਲ ਨੇ ਬਾਬਾ ਬਿਲਗਾ ਜੀ ਦੇ ਕੌਮ ਲਈ ਕੀਤੇ ਸੰਘਰਸ਼ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਉਨ੍ਹਾਂ ਦੇ ਜਨ-ਕਲਿਆਣ ਲਈ ਚਿਤਵੇ ਸੁਪਨਿਆਂ ਦੇ ਅਧੂਰੇ ਰਹਿਣ ਤੇ ਚਿੰਤਾ ਪ੍ਰਗਟਾਈ ਹੈ।

ਬਾਬਾ ਜੀ ਪੁੱਤਰਾਂ ਅਤੇ ਭਤੀਜੇ ਦੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਵਿਚਾਰ ਵੀ ਪ੍ਰਸਤੂਤ ਕੀਤੇ ਗਏ ਹਨ। ਮਾਸਟਰ ਪ੍ਰੇਮ ਲਾਲ ਮਹੇ, ਮਾਸਟਰ ਪ੍ਰਸ਼ੋਤਮ ਲਾਲ ਬਿਲਗਾ, ਐਡਵੋਕੇਟ ਗੁਰਮਿੰਦਰ ਸਿੰਘ ਬਿਲਗਾ ਜਿਨ੍ਹਾਂ ਨੇ ਆਪਣੇ ਬਚਪਨ ਤੋਂ ਲੈ ਕੇ ਬਾਬਾ ਜੀ ਦੇ ਸਦੀਵੀ ਵਿਛੋੜੇ ਤਕ ਉਨ੍ਹਾਂ ਦੀ ਸੰਗਤ ਮਾਣੀ ਅਤੇ ਲੋਕ-ਹਿਤੈਸ਼ੀ ਲਹਿਰ ਨਾਲ ਜੁੜਨ ਦੀ ਪ੍ਰੇਰਣਾ ਲਈ, ਉਨ੍ਹਾਂ ਨੇ ਬਾਬਾ ਜੀ ਦੇ ਵਡੇਰੇ ਸੰਘਰਸ਼ ਤੋਂ ਲੈ ਕੇ ਆਪਣੀਆਂ ਪਰਿਵਾਰਕ ਅਤੇ ਭਾਵਨਾਤਮਕ ਸਾਂਝਾ ਨੂੰ ਬਿਆਨ ਕੀਤਾ ਹੈ। ਡਾ. ਸਰਬਜੀਤ ਸਿੰਘ, ਡਾ. ਭੀਮ ਇੰਦਰ ਸਿੰਘ, ਸ੍ਰੀ ਰਾਜ ਪਾਲ, ਪ੍ਰੋ. ਹਰਜਿੰਦਰ ਸਿੰਘ ਅਟਵਾਲ, ਡਾ. ਚਰਨਜੀਤ ਸਿੰਘ ਗੁਮਟਾਲਾ ਅਤੇ ਹਰਮੀਤ ਅਟਵਾਲ ਨੇ ਬਾਬਾ ਜੀ ਦੁਆਰਾ ਲਿਖੀਆਂ ਪੁਸਤਕਾਂ ਦੀ ਸਮੀਖਿਆ ਦੇ ਹਵਾਲੇ ਨਾਲ ਉਨ੍ਹਾਂ ਦੁਆਰਾ ਰਚਿਤ ਸ਼ਬਦ ਸੰਸਾਰ 'ਤੇ ਰੌਸ਼ਨੀ ਪਾਈ ਹੈ।

ਇਸ ਸਿਮਰਤੀ ਗ੍ਰੰਥ ਦੀ ਤਿਆਰੀ ਲਈ ਬਾਬਾ ਜੀ ਦੇ ਸੰਬੰਧੀਆਂ, ਸਨੇਹੀਆਂ, ਸੰਗਰਾਮੀ ਸਾਥੀਆਂ ਅਤੇ ਵਿਦਵਾਨਾਂ ਨੇ ਵੱਖ-ਵੱਖ ਤਰ੍ਹਾਂ ਨਾਲ ਮੈਨੂੰ ਸਹਿਯੋਗ ਦਿੱਤਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਗ਼ਦਰੀ ਬਾਬਾ ਕਾਮਰੇਡ ਭਗਤ ਸਿੰਘ ਬਿਲਗਾ ਯਾਦਗਾਰ ਕਮੇਟੀ ਬਿਲਗਾ ਨੇ ਮੇਰੀ ਹਰ ਸੰਭਵ ਮੱਦਦ ਕੀਤੀ ਹੈ। ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਮੇਰੇ ਅਧਿਆਪਕ ਸਾਥੀਆਂ ਨੇ ਵੀ ਸਮੇਂ-ਸਮੇਂ ਮੈਨੂੰ ਸੁਝਾਅ ਦਿੱਤੇ ਹਨ। ਮੈਂ ਇਨ੍ਹਾਂ ਸਾਰੇ ਸਾਥੀਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਪ੍ਰੋ. ਸੁਖਵਿੰਦਰ ਸਿੰਘ ਨੇ ਇਸ ਗ੍ਰੰਥ ਦੀ ਸੁਧਾਈ ਵਿਚ ਮੈਨੂੰ ਬਹੁਤ ਸਹਿਯੋਗ ਦਿੱਤਾ ਹੈ। ਮੈਂ ਆਪਣੇ ਇਸ ਅਜੀਜ਼ ਦਾ ਰਿਣੀ ਹਾਂ।

ਅਦਾਰਾ ਪੰਜ ਆਬ ਪ੍ਰਕਾਸ਼ਨ ਦੇ ਸਹਿਯੋਗ ਤੋਂ ਬਿਨ੍ਹਾਂ ਇਹ ਗ੍ਰੰਥ ਸ਼ਾਇਦ ਇਸ ਰੂਪ ਵਿਚ ਅਸੀਂ ਨਾਲ ਤਿਆਰ ਕਰ ਸਕਦੇ।

ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਅਤੇ ਸ਼ਹੀਦ ਊਧਮ ਸਿੰਘ ਵੈਲਫ਼ੇਅਰ ਟਰੱਸਟ ਬਰਮਿੰਘਮ ਦੇ ਵੀ ਅਭਾਗੀ ਹਾਂ ਜਿਨ੍ਹਾਂ ਇਸ ਸਿਮਰਤੀ ਗ੍ਰੰਥ ਲਈ ਵਡਮੁੱਲਾ ਯੋਗਦਾਨ ਪਾਇਆ।

-ਪ੍ਰੋ. ਗੋਪਾਲ ਸਿੰਘ ਬੁੱਟਰ

# ਸਾਡਾ ਮਹਾਨ ਬਾਬਾ ਕਾ. ਭਗਤ ਸਿੰਘ ਬਿਲਗਾ

-ਜਗਜੀਤ ਸਿੰਘ ਲਾਇਲਪੁਰੀ

ਦੇਸ਼ ਭਗਤ ਯਾਦਗਾਰ ਕਮੇਟੀ ਆਪਣੇ ਪ੍ਰਧਾਨ ਕਾ. ਭਗਤ ਸਿੰਘ ਬਿਲਗਾ ਦੇ ਜੀਵਨ ਦੇ ਸੌ ਸਾਲ ਪੂਰੇ ਹੋਣ 'ਤੇ ਉਨ੍ਹਾਂ ਦਾ ਅਭਿਨੰਦਨ ਕਰਦੀ ਹੈ।

ਅੱਸੀ ਸਾਲ ਪਹਿਲੋਂ ਭਾਰਤ ਵਿਚ ਆਪਣੀ ਮੈਟ੍ਰਿਕ ਤਕ ਦੀ ਸਿੱਖਿਆ ਪੂਰੀ ਕਰਨ ਉਪਰੰਤ ਭਗਤ ਸਿੰਘ ਬਿਲਗਾ ਰੋਜ਼ੀ-ਰੋਟੀ ਕਮਾਉਣ ਲਈ ਅਰਜਨਟਾਇਨਾ ਚਲੇ ਗਏ। ਪਰ ਅਰਜਨਟਾਇਨਾ ਵਿਚ ਜਲਦ ਹੀ ਉਹ ਗ਼ਦਰ ਪਾਰਟੀ ਦੇ ਸੰਪਰਕ ਵਿਚ ਆਏ ਅਤੇ ਸ਼ਹੀਦਾਂ ਅਤੇ ਨਾਇਕਾਂ ਦੇ ਬਹਾਦਰੀ ਭਰੇ ਕਾਰਨਾਮਿਆਂ ਤੋਂ ਬਹੁਤ ਪ੍ਰਭਾਵਿਤ ਹੋ ਕੇ ਇਸ ਦੇ ਕਾਰਕੁੰਨ ਬਣ ਗਏ। ਗ਼ਦਰ ਪਾਰਟੀ ਦੇ ਸੱਦੇ 'ਤੇ ਉਨ੍ਹਾਂ ਨੇ ਅਰਜਨਟਾਇਨਾ ਛੱਡ ਕੇ ਹੋਰਨਾਂ ਕਾਰਕੁੰਨਾਂ ਦੇ ਨਾਲ ਮਾਸਕੋ ਜਾਣ ਦਾ ਫੈਸਲਾ ਕੀਤਾ ਤਾਂ ਜੋ ਉਹ ਮਾਰਕਸਵਾਦ ਦੀ ਕ੍ਰਾਂਤੀਕਾਰੀ ਸਿਖਲਾਈ ਲੈ ਸਕਣ ਅਤੇ ਇਸ ਤੋਂ ਉਪਰੰਤ ਹਿੰਦੋਸਤਾਨ ਆ ਕੇ ਬ੍ਰਿਟਿਸ਼ ਸ਼ਾਸਨ ਤੋਂ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰ ਸਕਣ। ਇਸ ਸੰਘਰਸ਼ ਨੂੰ ਨੇਪਰੇ ਚਾੜ੍ਹਣ ਲਈ ਉਨ੍ਹਾਂ ਨੇ ਆਪਣੀਆਂ ਗਤੀਵਿਧੀਆਂ ਨੂੰ ਦੱਬੇ-ਕੁਚਲੇ ਲੋਕਾਂ ਨੂੰ ਸੰਗਠਿਤ ਕਰਨ ਉੱਪਰ ਕੇਂਦਰਿਤ ਕੀਤਾ।

1936 ਵਿਚ ਆਲ ਇੰਡੀਆ ਕਿਸਾਨ ਸਭਾ ਦੀ ਲਖਨਊ ਵਿਚ ਸਥਾਪਨਾ ਉਪਰੰਤ ਉਨ੍ਹਾਂ ਨੂੰ ਪੰਜਾਬ ਦੀ ਕਿਸਾਨ ਸਭਾ ਦਾ ਜਨਰਲ ਸਕੱਤਰ ਚੁਣਿਆ ਗਿਆ। ਨਤੀਜੇ ਵਜੋਂ ਉਨ੍ਹਾਂ ਨੂੰ ਕਾਫ਼ੀ ਤਕਲੀਫ਼ਾਂ ਝੱਲਣੀਆਂ ਪਈਆਂ। ਜਿਨ੍ਹਾਂ ਵਿਚ ਵਿਦੇਸ਼ੀ ਹਕੂਮਤ ਦੁਆਰਾ ਦਿੱਤੀ ਗਈ ਲੰਬੀ ਕੈਦ ਸਜ਼ਾ ਸ਼ਾਮਿਲ ਸੀ।

ਬਾਬਾ ਗੁਰਮੁਖ ਸਿੰਘ ਜੀ ਦੀ ਦੁਖਦਾਈ ਮੌਤ ਤੋਂ ਬਾਅਦ ਕਾ. ਬਿਲਗਾ ਜੀ ਨੇ ਦੇਸ਼ ਭਗਤ ਯਾਦਗਾਰ ਹਾਲ ਮੈਮੋਰੀਅਲ ਦੀ ਜ਼ਿੰਮੇਵਾਰੀ ਸੰਭਾਲ ਲਈ। ਪਿਛਲੇ 25 ਸਾਲਾਂ ਤੋਂ ਉਨ੍ਹਾਂ ਨੇ ਆਪਣਾ ਜੀਵਨ ਇਸ ਕੰਪਲੈਕਸ ਦੇ ਲੇਖੇ ਲਾਇਆ ਹੈ। ਉਨ੍ਹਾਂ ਦੀ ਅਗਵਾਈ ਹੇਠ ਇਸ ਕੰਪਲੈਕਸ ਦਾ ਬੇਹੱਦ ਵਿਸਤਾਰ ਅਤੇ ਵਿਕਾਸ ਹੋਇਆ ਹੈ ਅਤੇ ਆਪਦੇ ਸੁਚੱਜੇ ਪ੍ਰਬੰਧਨ ਅਤੇ ਰੱਖ ਰਖਾਵ ਕਾਰਨ ਇਹ ਪੰਜਾਬ ਰਾਜ ਦਾ ਸ਼ਹੀਦਾਂ, ਨਾਇਕਾਂ ਅਤੇ ਆਜ਼ਾਦੀ ਘੁਲਾਟੀਆਂ ਨੂੰ ਸਮਰਪਿਤ ਇਕ ਮੁਖ ਸਮਾਰਕ ਬਣ ਗਿਆ, ਜਿਨ੍ਹਾਂ ਵਿਚ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਇਹੋ ਜਿਹੇ ਅਣਗਿਣਤ ਹੋਰ ਸ਼ਹੀਦ ਸ਼ਾਮਿਲ ਹਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਅਤੇ ਮਜ਼ਲੂਮਾਂ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ।

ਕਾ. ਬਿਲਗਾ ਜੀ ਦੀਆਂ ਸੇਵਾਵਾਂ ਨੂੰ ਸਲਾਮ ਕਰਦੇ ਹੋਏ ਯਾਦਗਾਰ ਕਮੇਟੀ ਨੇ ਉਨ੍ਹਾਂ ਦੀ ਤਸਵੀਰ ਨੂੰ ਕਮੇਟੀ ਦੇ ਮੁੱਖ ਦਫ਼ਤਰ ਵਿਚ ਲਗਾਉਣ ਦਾ ਫ਼ੈਸਲਾ ਕੀਤਾ ਹੈ।

# ਬਿਲਗਾ ਦੇ ਤੁਰ ਜਾਣ ਦੀ ਘੜੀ

-ਜਗਜੀਤ ਸਿੰਘ ਆਨੰਦ

ਬਾਬਾ ਭਗਤ ਸਿੰਘ ਬਿਲਗਾ 102 ਸਾਲ ਦੀ ਉਮਰ ਭੋਗ ਕੇ ਪੂਰੇ ਹੋਏ ਹਨ। ਹਾਲਾਂਕਿ ਅੱਖਾਂ ਸਾਥ ਛੱਡ ਗਈਆਂ ਸਨ। ਨਾ ਦੇਖ ਸਕਦੇ ਸਨ, ਨਾ ਪੜ੍ਹ ਸਕਦੇ ਸਨ, ਪਰ ਪੂਰੇ ਚੇਤੰਨ ਸਨ ਤੇ ਘਟਨਾਵਾਂ ਦਾ ਗਿਆਨ ਨਾਲੋ ਨਾਲ ਹਾਸਲ ਕਰਦੇ ਰਹਿੰਦੇ ਸਨ। ਉਹ ਅਖ਼ਬਾਰ ਦੂਜਿਆਂ ਦੀਆਂ ਅੱਖੀਆਂ ਰਾਹੀਂ ਪੜ੍ਹਦੇ ਸਨ ਤੇ ਹਰ ਵੇਲੇ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਸਨ। ਲੰਮੇ ਸਿਆਸੀ ਜੀਵਨ ਵਿਚ ਕਿਸੇ ਨਾਲ ਦਵੈਤ ਰੱਖਣ ਵਰਗਾ ਕਰਮ ਉਨ੍ਹਾਂ ਨਾਲ ਕੰਨੀ ਵੀ ਨਾ ਛੂਹਾ ਸਕਿਆ।

ਜ਼ਿਕਰਯੋਗ ਹੈ ਕਿ ਬਾਬਾ ਭਗਤ ਸਿੰਘ ਬਿਲਗਾ ਜਿੱਥੇ ਚੋਟੀ ਦੇ ਦੇਸ਼ ਭਗਤ ਗ਼ਦਰੀ ਬਾਬਿਆਂ ਦੇ ਸਾਥੀ ਰਹੇ, ਉੱਥੇ ਉਨ੍ਹਾਂ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਨਾਲ ਮੋਢੇ ਨਾਲ ਮੋਢਾ ਜੋੜ ਕੇ ਵੀ ਕੰਮ ਕੀਤਾ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਕੋਲ ਉਹ ਲਗਾਤਾਰ ਆਉਂਦੇ-ਜਾਂਦੇ ਰਹੇ ਅਤੇ ਜੀਵਨ ਸਫ਼ਰ ਮੁਤਾਬਕ ਵੀ ਸ਼ਹੀਦ ਭਗਤ ਸਿੰਘ ਦੇ ਹਾਣੀ ਸਨ।

ਲੋਕਾਂ ਦੇ ਹਿੱਤਾਂ ਨੂੰ ਪਰਨਾਏ ਹੋਏ ਇਹੋ ਜਿਹੇ ਨਿਰਲੇਪ ਵਿਅਕਤੀ ਨੂੰ ਜਾਣਨਾ, ਉਸ ਨਾਲ ਸੰਪਰਕ ਵਿੱਚ ਰਹਿਣਾ, ਉਸ ਕੋਲੋਂ ਸਿੱਖਣ ਲਈ ਤਤਪਰ ਰਹਿਣਾ, ਪਰ ਜਿੱਥੇ ਉਹ ਠੀਕ ਨਾ ਜਾਪੇ, ਉਸ ਦੀ ਗੱਲ ਕੱਟਣ ਲਈ ਵੀ ਤਿਆਰ ਰਹਿਣਾ ਅਤੇ ਇਸ ਸਭ ਕਾਸੇ ਦੇ ਬਾਵਜੂਦ ਉਸ ਵੱਲੋਂ ਲਗਾਤਾਰ ਪਿਆਰ ਨਾਲ ਮਿਲਦਿਆਂ ਰਹਿਣਾ ਮੇਰੇ ਸਿਆਸੀ ਜੀਵਨ ਦੀ ਇੱਕ ਪ੍ਰਾਪਤੀ ਰਹੀ ਹੈ।

ਹਰ ਉਮਰ ਦੇ ਲੋਕਾਂ ਵਿੱਚ, ਉਨ੍ਹਾਂ ਵਰਗੇ ਹੀ ਹੋ ਕੇ ਰਹਿੰਦੇ ਅਤੇ ਅਗਲੇ ਦੀ ਗੱਲ ਏਨੇ ਧੀਰਜ ਨਾਲ ਸੁਣਦੇ ਕਿ ਅਗਲੇ ਨੂੰ ਛੁਟਿਤਣ ਦਾ ਅਹਿਸਾਸ ਕਦੇ ਨਾ ਹੋਣ ਦਿੰਦੇ। ਮਜ਼ਾਕੀਆ ਵੀ ਬਥੇਰੇ ਸਨ ਤੇ ਦੂਜਿਆਂ ਦੇ ਸਾਥ ਵਿੱਚ ਖੁਸ਼ ਰਹਿ ਕੇ ਗੱਲਾਂ ਕਰਦੇ ਰਹਿੰਦੇ ਸਨ। ਉਨ੍ਹਾਂ ਲੰਮਾ ਸਿਆਸੀ ਜੀਵਨ ਵਿਹਾਜਿਆ। ਘਰ ਪਰਿਵਾਰ ਵੱਲੋਂ ਦੋ ਬੇਟੇ ਸਨ ਤੇ ਇੱਕ ਬੇਟੀ ਸੀ। ਉਨ੍ਹਾਂ ਵੱਲ ਸਭ ਫਰਜ਼ ਪੂਰੇ ਕਰਦੇ ਹੋਏ ਵੀ ਆਪਣੀਆਂ ਪਬਲਿਕ ਜ਼ਿੰਮੇਵਾਰੀਆਂ ਵਿਚ ਕਦੇ ਫ਼ਰਕ ਨਾ ਆਉਣ ਦਿੱਤਾ। ਪਤਨੀ ਤੇ ਬੇਟੀ ਉਨ੍ਹਾਂ ਤੋਂ ਪਹਿਲਾਂ ਹੀ ਸੰਸਾਰ ਛੱਡ ਗਈਆਂ ਸਨ। ਪਿੰਡ ਦੀ ਰਿਹਾਇਸ਼ ਛੱਡ ਕੇ ਦੇਸ਼ ਭਗਤ ਯਾਦਗਾਰ ਅੰਦਰ ਆ ਕੇ ਰਹਿਣ ਲੱਗ ਪਏ ਸਨ, ਤਾਂ ਜੁ ਹਰ ਕੰਮ ਵਿਚ ਵੱਧ ਤੋਂ ਵੱਧ ਸਹਾਈ ਹੋ ਸਕਣ। ਕਦੇ-ਕਦੇ ਇੰਗਲੈਂਡ ਆਪਣੇ ਬੇਟੇ ਕੋਲ ਚਲੇ ਜਾਂਦੇ ਸਨ, ਪਰ ਪੱਕੀ ਧਾਰ ਰੱਖੀ ਸੀ ਕਿ ਆਪਣੇ ਵਤਨ ਵਿੱਚ ਹੀ ਅੰਤਮ ਸਾਹ ਲੈਣੇ ਹਨ, ਤਾਂ ਜੁ ਇਸੇ ਦੀ

ਮਿੱਟੀ ਵਿੱਚ ਰਲ ਜਾਣ। ਉਨ੍ਹਾਂ ਆਖ਼ਰੀ ਸਾਹ ਇੰਗਲੈਂਡ ਵਿਚ ਆਪਣੇ ਬੇਟੇ ਕੋਲ ਹਸਪਤਾਲ ਵਿਚ ਲਿਆ, ਪਰ ਉਨ੍ਹਾਂ ਦੀ ਵਸੀਅਤ ਮੁਤਾਬਕ ਉਨ੍ਹਾਂ ਦੀ ਦੇਹ ਪਿੰਡ ਹੀ ਲਿਆਂਦੀ ਗਈ। ਉੱਥੇ ਹੀ ਉਨ੍ਹਾਂ ਦਾ ਸਰੀਰ ਸਰਕਾਰੀ ਸਨਮਾਨ ਨਾਲ ਅਗਨ ਭੇਟ ਕੀਤਾ ਗਿਆ ਅਤੇ ਅਸਥੀਆਂ ਹੁਸੈਨੀਵਾਲਾ ਸਤਲੁਜ ਦਰਿਆ ਵਿੱਚ ਉਨ੍ਹਾਂ ਦੇ ਸਾਥੀਆਂ ਕੋਲ ਜਲ ਪਰਵਾਹ ਕੀਤੀਆਂ ਗਈਆਂ।

ਜਿਹੋ-ਜਿਹਾ ਸੁਲਝਿਆ ਸਿਆਸੀ ਜੀਵਨ ਉਨ੍ਹਾਂ ਬਤੀਤ ਕੀਤਾ, ਉਸ ਦਾ ਕੋਈ ਸਾਨੀ ਨਹੀਂ। ਆਖ਼ਰੀ ਵੇਲੇ ਤੱਕ ਜਦੋਂ ਵੀ ਨੌਜਵਾਨਾਂ ਨੂੰ ਕੋਈ ਨਸੀਹਤ ਦਿੰਦੇ ਉਨ੍ਹਾਂ ਦੀ ਆਵਾਜ਼ ਵਿਚ ਜੁਆਨਾਂ ਵਰਗੀ ਗੜ੍ਹਕ ਹੁੰਦੀ।

ਉਹ ਲੋਕਾਂ ਵਿਚ ਇੰਨੇ ਪਿਆਰੇ ਤੇ ਸਤਿਕਾਰੇ ਹੋਏ ਸਨ ਕਿ ਉਨ੍ਹਾਂ ਦੇ ਆਖ਼ਰੀ ਦਰਸ਼ਨਾਂ ਲਈ ਲੋਕ ਵਹੀਰਾਂ ਘੱਤ ਕੇ ਆਏ।

✲✲✲

# ਇੱਕ ਸ਼ਰਧਾਂਜਲੀ ਬਾਬਾ ਭਗਤ ਸਿੰਘ ਬਿਲਗਾ ਨੂੰ

-ਚੈਨ ਸਿੰਘ ਚੈਨ

ਬਾਬਾ ਭਗਤ ਸਿੰਘ ਬਿਲਗਾ ਦਾ ਦੇਹਾਂਤ 22 ਮਈ 2009 ਨੂੰ 10 ਵਜੇ ਸਵੇਰੇ ਹਾਰਟਲੈਂਡ ਹਸਪਤਾਲ, ਬਰਮਿੰਘਮ (ਇੰਗਲੈਂਡ) ਵਿਖੇ ਹੋਇਆ ਸੀ। ਉਨ੍ਹਾਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਟ ਕਰਨ ਲਈ ਹੱਥਲਾ ਲੇਖ ਲਿਖਿਆ ਜਾ ਰਿਹਾ ਹੈ।

ਉਨ੍ਹਾਂ ਦਾ ਜਨਮ ਚੌਧਰੀ ਹੀਰਾ ਸਿੰਘ ਨੰਬਰਦਾਰ ਪਿੰਡ ਬਿਲਗਾ, ਜ਼ਿਲ੍ਹਾ ਜਲੰਧਰ ਦੇ ਘਰ ਹੋਇਆ। ਉਨ੍ਹਾਂ ਦਾ ਵਿਆਹ 1923 ਵਿੱਚ ਬੀਬੀ ਚੰਨਣ ਕੌਰ ਪਿੰਡ ਖਾਨਖਾਨਾ ਨਾਲ ਹੋਇਆ। ਉਨ੍ਹਾਂ ਦੇ ਦੋ ਬੇਟੇ ਕੁਲਬੀਰ ਸਿੰਘ ਤੇ ਪ੍ਰੇਮ ਸਿੰਘ ਹਨ। ਇੱਕ ਬੇਟੀ ਤਰਸੇਮ ਸੀ, ਜਿਸ ਦੀ ਛੋਟੀ ਉਮਰ ਵਿਚ ਹੀ ਮੌਤ ਹੋ ਗਈ ਸੀ। ਉਨ੍ਹਾਂ ਦੇ ਦੋਵੇਂ ਬੇਟੇ ਬਰਮਿੰਘਮ (ਇੰਗਲੈਂਡ) ਵਿਖੇ ਆਪਣਾ ਕਾਰੋਬਾਰ ਕਰ ਰਹੇ ਹਨ। ਕੁਲਬੀਰ ਸਿੰਘ ਦੀ ਪਤਨੀ ਸੁਰਿੰਦਰ ਕੌਰ ਉੱਘੇ ਦੇਸ਼-ਭਗਤ ਕਾਮਰੇਡ ਬੇਅੰਤ ਸਿੰਘ, ਪਿੰਡ ਕੰਗ ਕਲਾਂ ਦੀ ਬੇਟੀ ਹੈ। ਪ੍ਰੇਮ ਸਿੰਘ ਦੀ ਪਤਨੀ ਕਿਰਪਾਲਜੀਤ ਕੌਰ ਕਾਮਰੇਡ ਕਰਤਾਰ ਸਿੰਘ ਦੀ ਬੇਟੀ ਹੈ, ਜੋ ਲੋਕ-ਪੱਖੀ ਵਿਰਸੇ ਨਾਲ ਜੁੜੇ ਰਹੇ ਹਨ।

ਨੌਜਵਾਨ ਭਗਤ ਸਿੰਘ ਆਪਣੇ ਸਕੂਲ ਵਿੱਚ ਮੈਟ੍ਰਿਕ ਦੇ ਇਮਤਿਹਾਨ ਵਿੱਚ ਫ਼ਸਟ ਡਵੀਜ਼ਨ ਲੈ ਕੇ ਪਾਸ ਹੋਏ। ਜੈਤੋ ਨੂੰ ਜਾਣ ਵਾਲਾ ਜੱਥਾ ਪਿੰਡ ਬਿਲਗਾ ਵਿਖੇ ਆਇਆ। ਉਸ ਦਾ ਸਾਰਾ ਰਾਸ਼ਨ ਪੁਲਸ ਚੁੱਕ ਕੇ ਲੈ ਗਈ ਤਾਂ ਭਗਤ ਸਿੰਘ ਦੀ ਅਪੀਲ ਉੱਤੇ ਪਿੰਡ ਵਾਸੀਆਂ ਨੇ ਧੜਾਧੜ ਰਾਸ਼ਨ ਇਕੱਠਾ ਕਰ ਕੇ ਜਥੇ ਨੂੰ ਦੇ ਦਿੱਤਾ।

1915 'ਚ ਗ਼ਦਰੀ ਜਦੋਂ ਅਮਰੀਕਾ ਤੋਂ ਆਏ ਤਾਂ ਉਨ੍ਹਾਂ ਵਿਚ ਪਿੰਡ ਬਿਲਗਾ ਦਾ ਇੱਕ ਸੱਫਾ ਸਿੰਘ ਸੀ। ਉਸ ਦਾ ਪਿੰਡ ਵਿੱਚ ਹੋਰਨਾਂ ਨਾਲ ਭਗਤ ਸਿੰਘ ਉੱਤੇ ਵੀ ਪ੍ਰਭਾਵ ਪਿਆ।

ਫੇਰ ਭਗਤ ਸਿੰਘ ਅਰਜਨਟਾਈਨਾ ਚਲੇ ਗਏ ਅਤੇ ਸਨਪੇਟਰੋ ਸ਼ਹਿਰ ਦੀ ਇੱਕ ਖੰਡ ਮਿੱਲ ਦੇ ਸਟੋਰ-ਕੀਪਰ ਲੱਗ ਗਏ। ਮੁੜ ਉਹ ਰੋਸਾਰੀਓ ਚਲੇ ਗਏ। ਏਥੇ ਉਨ੍ਹਾਂ ਗ਼ਦਰ ਪਾਰਟੀ ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਉਨ੍ਹਾਂ ਨੂੰ ਉਥੇ ਦੀ ਗ਼ਦਰ ਪਾਰਟੀ ਦਾ ਜਨਰਲ ਸਕੱਤਰ ਚੁਣਿਆ ਗਿਆ। ਜਦੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦਿੱਤੀ ਗਈ ਤਾਂ ਬਿਲਗਾ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਫੈਕਟਰੀਆਂ ਵਿਚ ਹੜਤਾਲ ਕਰਵਾ ਦਿੱਤੀ।

1930 ਦੇ ਅੱਧ ਵਿਚ ਗ਼ਦਰੀ ਆਗੂ ਭਾਈ ਰਤਨ ਸਿੰਘ ਅਰਜਨਟਾਈਨਾ ਪਹੁੰਚ ਗਏ। ਭਗਤ ਸਿੰਘ ਬਿਲਗਾ ਨੂੰ ਉਨ੍ਹਾਂ ਕੋਲੋਂ ਸ਼ਹੀਦ ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਦੀ ਖਰਾਬ ਸਿਹਤ ਦਾ ਪਤਾ ਲੱਗਾ ਤਾਂ ਉਨ੍ਹਾਂ ਸ. ਅਜੀਤ ਸਿੰਘ ਨੂੰ ਅਰਜਨਟਾਈਨਾ ਬੁਲਾ ਲਿਆ, ਕਿਉਂਕਿ ਉੱਥੇ ਕੋਰਟੋਬਾ ਸ਼ਹਿਰ ਸ਼ਿਮਲੇ ਵਰਗੇ ਪੌਣ-ਪਾਣੀ ਵਰਗਾ ਸੀ। ਉਸ

ਸਮੇਂ ਕਾਮਰੇਡ ਤੇਜਾ ਸਿੰਘ ਸੁਤੰਤਰ ਵੀ ਉੱਥੇ ਪਹੁੰਚ ਗਏ। ਅਰਜਨਟਾਈਨਾ ਵਿਚ ਰਹਿਣ ਵਾਲੇ ਲਗਭਗ ਸਾਰੇ ਹਿੰਦੋਸਤਾਨੀ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ। ਸੂਬਾ ਕਮੇਟੀਆਂ ਵੀ ਬਣ ਗਈਆਂ ਤੇ ਰੋਸਾਰੀਓ ਵਿਚ ਸਾਰੇ ਦੇਸ਼ ਦੇ ਗ਼ਦਰੀਆਂ ਦੀ ਕਾਨਫ਼ਰੰਸ ਹੋਈ। ਭਗਤ ਸਿੰਘ ਬਿਲਗਾ ਨੂੰ ਸਾਰੇ ਅਰਜਨਟਾਈਨਾ ਦਾ ਜਨਰਲ ਸਕੱਤਰ ਬਣਾਇਆ ਗਿਆ। ਫੇਰ ਉਹ ਬਾਬਾ ਰਤਨ ਸਿੰਘ ਰਾਏਪੁਰ ਡੱਬਾ ਦੇ ਬਣਾਏ ਪ੍ਰੋਗਰਾਮ ਅਨੁਸਾਰ ਮਾਸਕੋ ਪਹੁੰਚ ਗਏ, ਤਾਂ ਜੁ ਉੱਥੋਂ ਰਾਜਸੀ ਸਿੱਖਿਆ ਲੈ ਕੇ ਹਿੰਦੁਸਤਾਨ ਜਾ ਕੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਲੈਣ।

ਭਗਤ ਸਿੰਘ ਬਿਲਗਾ ਨੇ 1932 ਤੋਂ 1934 ਤੱਕ ਉੱਥੇ ਟਰੇਨਿੰਗ ਲਈ। ਫੇਰ ਉਹ ਬੜੀਆਂ ਔਕੜਾਂ ਦਾ ਸਾਹਮਣਾ ਕਰਦੇ ਹੋਏ ਪੰਜਾਬ ਪਹੁੰਚ ਗਏ। ਏਥੇ ਉਹ ਬਾਬਾ ਕਰਮ ਸਿੰਘ ਚੀਮਾ ਤੇ ਬਾਬਾ ਭਾਗ ਸਿੰਘ ਕੈਨੇਡੀਅਨ ਨੂੰ ਮਿਲੇ ਅਤੇ ਦੋ ਸਾਲ ਰੂਪੋਸ਼ ਹੋ ਕੇ ਕੰਮ ਕਰਦੇ ਰਹੇ। ਫੇਰ ਉਹ ਬੰਬਈ ਕਮਿਊਨਿਸਟ ਪਾਰਟੀ ਦੇ ਦਫਤਰ ਗਏ ਤੇ ਉਥੋਂ ਡਿਊਟੀ ਲੈ ਕੇ ਕਲਕੱਤਾ, ਕਾਨਪੁਰ, ਟਾਟਾਨਗਰ ਆਦਿ ਥਾਂਈਂ ਜਾ ਕੇ ਡਿਊਟੀਆਂ ਦਿੱਤੀਆਂ। ਕਾਨਪੁਰ ਵਿਚ ਇਹ ਕਾਮਰੇਡ ਅਜੇ ਕੁਮਾਰ ਘੋਸ਼ ਕੋਲ ਰਹੇ ਤੇ ਕਮਲਾਪਤੀ ਕਾਟਨ ਮਿੱਲ ਵਿਚ ਕੰਮ ਕਰਦੇ ਰਹੇ।

ਇਸ ਪਿੱਛੋਂ ਉਹ ਪੰਜਾਬ ਆ ਕੇ ਕਿਰਤੀ ਪਾਰਟੀ ਵਿਚ ਸ਼ਾਮਲ ਹੋ ਗਏ। ਕਿਰਤੀ ਪਾਰਟੀ ਦੇ ਸਕੱਤਰਾਂ ਦੀ ਕ੍ਰਮਵਾਰ ਸੂਚੀ ਇਹ ਹੈ: ਭਾਈ ਸੰਤੋਖ ਸਿੰਘ, ਬਾਬਾ ਕਰਮ ਸਿੰਘ ਚੀਮਾ, ਦਸੌਂਧਾ ਸਿੰਘ ਢਾਡਾ, ਸੰਤਾ ਸਿੰਘ ਗੰਡੀਵਿੰਡ, ਰਾਮਕਿਸ਼ਨ ਬੀ.ਏ. ਨੈਸ਼ਨਲ, ਚੰਨਣ ਸਿੰਘ ਢੱਕੋਵਾਲ, ਬਾਬਾ ਗੁਰਮੁਖ ਸਿੰਘ, ਭਗਤ ਸਿੰਘ ਬਿਲਗਾ ਅਤੇ ਦੂਜੀ ਸੰਸਾਰ ਜੰਗ ਸ਼ੁਰੂ ਹੋਣ ਤੋਂ 1940 ਵਿਚ ਗੁਰਚਰਨ ਸਿੰਘ ਸੈਂਹਸਰਾ ਅਤੇ ਅਖ਼ੀਰ ਵਿਚ ਚੈਨ ਸਿੰਘ ਚੈਨ।

ਭਗਤ ਸਿੰਘ ਬਿਲਗਾ ਜਦੋਂ ਜਨਰਲ ਸਕੱਤਰ ਸਨ ਤਾਂ ਉਨ੍ਹਾਂ ਨੂੰ ਬਾਬਾ ਇੰਦਰ ਸਿੰਘ ਵੇਰਕਾ ਨੇ ਪਨਾਹ ਦਿੱਤੀ ਸੀ। ਉਨ੍ਹਾਂ ਦੀ ਪਤਨੀ ਚੰਨਣ ਕੌਰ ਉਨ੍ਹਾਂ ਦੇ ਨਾਲ ਸੀ। ਭਗਤ ਸਿੰਘ ਬਿਲਗਾ ਗੁਪਤ ਅਖ਼ਬਾਰ 'ਲਾਲ ਢੰਡੋਰਾ' ਕੱਢਦੇ ਸਨ। ਕੁਝ ਸਮੇਂ ਬਾਅਦ ਉਨ੍ਹਾਂ ਨੂੰ ਲਾਹੌਰ ਸ਼ਾਹੀ ਕਿਲ੍ਹੇ ਵਿਚ ਪੁਲਸ ਸਖ਼ਤੀਆਂ ਦਾ ਸਾਹਮਣਾ ਕਰਨਾ ਪਿਆ। ਉਪਰੰਤ ਉਹ ਪਿੰਡ ਬਿਲਗਾ ਵਿਖੇ ਨਜ਼ਰਬੰਦ ਕਰ ਦਿੱਤੇ ਗਏ। ਇਸ ਨਜ਼ਰਬੰਦੀ ਸਮੇਂ ਹੀ ਮੈਂ ਉਨ੍ਹਾਂ ਕੋਲ ਜਾ ਕੇ ਮਾਰਕਸਵਾਦ ਦੀ ਸਿੱਖਿਆ ਲਈ ਸੀ। ਫੇਰ ਉਨ੍ਹਾਂ ਨੂੰ ਤੇ ਇਕਬਾਲ ਸਿੰਘ ਹੁੰਦਲ ਨੂੰ ਗ੍ਰਿਫ਼ਤਾਰ ਕਰ ਕੇ ਉਸੇ ਕੈਂਬਲਪੁਰ ਜੇਲ੍ਹ ਵਿਚ ਭੇਜ ਦਿੱਤਾ ਗਿਆ, ਜਿੱਥੇ ਕਾਮਰੇਡ ਤੇਜਾ ਸਿੰਘ ਸੁਤੰਤਰ ਪਹਿਲਾਂ ਹੀ ਨਜ਼ਰਬੰਦ ਸਨ। ਏਥੋਂ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਬਾਹਰ ਕਿਰਤੀ ਪਾਰਟੀ ਦੀ ਲੀਡਰਸ਼ਿਪ ਨੂੰ ਦੱਸਿਆ ਕਿ ਕਮਿਊਨਿਸਟ ਕੌਮਾਂਤਰੀ ਉਸੇ ਨੂੰ ਕਮਿਊਨਿਸਟ ਪਾਰਟੀ ਦਾ ਦਰਜਾ ਦਿੰਦੀ ਹੈ, ਜਿਸ ਨੂੰ ਨੈਸ਼ਨਲ ਫਰੰਟ ਗਰੁੱਪ ਆਖਿਆ ਜਾਂਦਾ ਹੈ ਅਤੇ ਉਨ੍ਹਾਂ ਸਲਾਹ ਦਿੱਤੀ ਕਿ ਕਿਸੇ ਤਰ੍ਹਾਂ ਉਸ ਵਿਚ ਸ਼ਾਮਲ ਹੋਣ ਦਾ ਤਰੱਦਦ ਕਰੋ। ਇਸ ਆਧਾਰ ਉੱਤੇ ਕਿਰਤੀ ਪਾਰਟੀ ਤੋੜ ਕੇ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਣ ਦਾ ਇਤਿਹਾਸਕ ਫੈਸਲਾ ਕੀਤਾ।

ਜਦੋਂ ਕਮਿਊਨਿਸਟਾਂ ਵੱਲੋਂ ਜੰਗ ਦਾ ਖਾਸਾ ਸਾਮਰਾਜੀ ਜੰਗ ਦੀ ਥਾਂ ਜਨਤਾ ਦੀ ਜੰਗ ਦਾ ਐਲਾਨ ਕੀਤਾ ਗਿਆ ਤਾਂ ਕਮਿਊਨਿਸਟਾਂ ਦੀਆਂ ਰਿਹਾਈਆਂ ਸ਼ੁਰੂ ਹੋ ਗਈਆਂ। ਭਗਤ ਸਿੰਘ ਬਿਲਗਾ ਤੇ ਤੇਜਾ ਸਿੰਘ ਸੁਤੰਤਰ ਸਮੇਤ ਉੱਚ-ਕੋਟੀ ਦੇ 8 ਕਮਿਊਨਿਸਟ ਆਗੂ ਰਿਹਾਅ ਕਰ ਦਿੱਤੇ ਗਏ ਤਾਂ ਉਨ੍ਹਾਂ ਅੱਠਾਂ ਦੀ ਹੀ ਕਮਿਊਨਿਸਟ ਪਾਰਟੀ ਦੀ ਪੰਜਾਬ ਸੂਬਾ ਕਮੇਟੀ ਬਣਾ

ਦਿੱਤੀ ਗਈ।

ਗ਼ਦਰੀ ਬਾਬਿਆਂ ਨੇ 1914-15 ਤੋਂ ਲੈ ਕੇ ਅੱਜ ਤੱਕ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਸੂਰਬੀਰਾਂ ਦੀ ਯਾਦ ਨੂੰ ਕਾਇਮ ਰੱਖਣ ਲਈ ਦੇਸ਼ ਭਗਤ ਯਾਦਗਾਰ ਹਾਲ ਬਣਾਉਣ ਦਾ ਫ਼ੈਸਲਾ ਕੀਤਾ। ਇਹ ਯਾਦਗਾਰ ਨਿਰੀ ਇੱਕ ਵੱਡੀ ਸਾਰੀ ਬਿਲਡਿੰਗ ਹੀ ਨਹੀਂ, ਸਗੋਂ ਇਸ ਵਿਚ ਸ਼ਹੀਦਾਂ ਦੀਆਂ ਜੀਵਨੀਆਂ, ਇਨਕਲਾਬੀ ਸਾਹਿਤ ਨਾਲ ਭਰਪੂਰ ਪੁਸਤਕਾਂ ਤੇ ਉੱਘੇ ਸ਼ਹੀਦਾਂ ਦੀਆਂ ਤਸਵੀਰਾਂ ਰੱਖੀਆਂ ਗਈਆਂ ਹਨ।

ਬਾਬਾ ਭਗਤ ਸਿੰਘ ਬਿਲਗਾ ਨੇ ਇੰਗਲੈਂਡ ਅਤੇ ਹੋਰ ਥਾਈਂ ਜਾ ਕੇ ਇਸ ਹਾਲ ਲਈ ਕਾਫ਼ੀ ਫੰਡ ਇਕੱਠਾ ਕੀਤਾ। ਬਾਬਾ ਗੁਰਮੁਖ ਸਿੰਘ ਦੇ ਨਾਲ ਉਨ੍ਹਾਂ ਨੂੰ ਸਹਾਇਕ ਰੱਖਿਆ ਗਿਆ। ਬਾਬਾ ਗੁਰਮੁਖ ਸਿੰਘ ਦੇ ਸਦੀਵੀ ਵਿਛੋੜੇ ਮਗਰੋਂ ਉਨ੍ਹਾਂ ਨੇ ਹਾਲ ਵਿੱਚ ਰਹਿ ਕੇ ਇਸ ਦੀ ਦੇਖਭਾਲ ਦਾ ਕੰਮ ਸੰਭਾਲ ਲਿਆ। ਉੱਘੇ ਦੇਸ਼ ਭਗਤਾਂ 'ਤੇ ਅਧਾਰਤ ਦੇਸ਼ ਭਗਤ ਯਾਦਗਾਰ ਕਮੇਟੀ ਬਣਾਈ ਗਈ। ਪੰਡਤ ਕਿਸ਼ੋਰੀ ਲਾਲ ਦੀ ਮੌਤ ਮਗਰੋਂ ਉਨ੍ਹਾਂ ਨੂੰ ਇਸ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਅਤੇ ਆਪਣੇ ਆਖਰੀ ਸੁਆਸਾਂ ਤੱਕ ਇਸ ਪਦਵੀ ਉੱਤੇ ਉਹ ਕਾਇਮ ਰਹੇ।

ਬਾਬਾ ਜੀ ਨੇ 'ਨਵਾਂ ਜ਼ਮਾਨਾ' ਵਿਚ ਸਮੇਂ-ਸਮੇਂ ਕਈ ਲੇਖ ਲਿਖੇ। ਉਨ੍ਹਾਂ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਨਾਂਅ ਦੀ ਇਕ ਪੁਸਤਕ ਵੀ ਲਿਖੀ, ਜਿਸ ਵਿਚ ਕਾਫੀ ਨਵੀਂ ਜਾਣਕਾਰੀ ਦਿੱਤੀ ਗਈ ਹੈ।

ਉਨ੍ਹਾਂ ਦੀ ਮ੍ਰਿਤਕ ਦੇਹ ਇੰਗਲੈਂਡ ਤੋਂ ਉਨ੍ਹਾਂ ਦੀ ਜਨਮ ਭੋਂ ਪਿੰਡ ਬਿਲਗਾ ਲਿਆਂਦੀ ਗਈ। ਇਸ ਵਿਚ ਉਨ੍ਹਾਂ ਦੇ ਸਾਰੇ ਪਰਿਵਾਰ ਨੇ ਹਿੱਸਾ ਲਿਆ। ਉਨ੍ਹਾਂ ਦਾ ਭਤੀਜਾ ਬਲਬੀਰ ਸਿੰਘ ਤੇ ਅਜੀਤ ਸਿੰਘ ਰਾਮੇਵਾਲ ਵੀ ਨਾਲ ਆਏ। ਉਨ੍ਹਾਂ ਦੀ ਦੇਹ ਦਾ ਸਵਾਗਤ ਕਰਨ ਲਈ ਰਾਜਾਸਾਂਸੀ ਹਵਾਈ ਅੱਡੇ ਉੱਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ ਤੋਂ ਬਿਨਾਂ ਮਾਲ ਮੰਤਰੀ ਸ. ਅਜੀਤ ਸਿੰਘ ਕੁਹਾੜ, ਖੇਡ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਕਾਂਗਰਸੀ ਆਗੂ ਓ.ਪੀ. ਸੋਨੀ ਅਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਪਹੁੰਚੇ ਹੋਏ ਸਨ। ਰਸਤੇ ਵਿਚ ਅਨੇਕਾਂ ਥਾਈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਲੋਕਾਂ ਦੇ ਇਕੱਠ ਹੋਏ। ਟਾਂਗਰਾ ਵਿਖੇ ਸ੍ਰੀ ਗੁਰਨਾਮ ਸਿੰਘ ਦਾਊਦ ਦੀ ਅਗਵਾਈ ਹੇਠ ਸੈਂਕੜੇ ਲੋਕਾਂ ਦਾ ਇਕੱਠ ਸੀ। ਖਲਚੀਆਂ, ਕਰਤਾਰਪੁਰ ਤੋਂ ਭੋਗਪੁਰ ਚੌਂਕ ਵਿਖੇ ਵੀ ਭਾਰੀ ਇਕੱਠ ਸੀ।

ਉਨ੍ਹਾਂ ਦੀ ਦੇਹ ਦੇਸ਼ ਭਗਤ ਯਾਦਗਾਰ ਵਿਖੇ ਰੱਖੀ ਗਈ। ਏਥੇ ਹੋਰ ਸੈਂਕੜੇ ਲੋਕਾਂ ਤੋਂ ਇਲਾਵਾ ਬੀਬੀ ਰਾਜਿੰਦਰ ਕੌਰ ਭੱਠਲ, ਲਕਸ਼ਮੀ ਕਾਂਤਾ ਚਾਵਲਾ, ਮਾਲ ਮੰਤਰੀ ਅਜੀਤ ਕੁਹਾੜ, ਜਗਬੀਰ ਬਰਾੜ ਐੱਮ.ਐੱਲ.ਏ., ਸਰਬਜੀਤ ਮੱਕੜ ਐੱਮ.ਐੱਲ.ਏ., ਡੀ.ਐੱਸ.ਪੀ. ਜਲੰਧਰ, ਮਨਿੰਦਰਜੀਤ ਸਿੰਘ ਬਿੱਟਾ, ਬਾਬਾ ਕਸ਼ਮੀਰਾ ਸਿੰਘ ਤੇ ਨਾਮਧਾਰੀ ਜਥਾ ਹਾਜ਼ਰ ਸੀ। ਮੈਂ ਵੀ ਆਪਣੇ ਪਰਿਵਾਰ ਸਮੇਤ ਉਨ੍ਹਾਂ ਦੀ ਦੇਹ ਉੱਤੇ ਫੁੱਲਮਾਲਾ ਰੱਖ ਕੇ ਆਖ਼ਰੀ ਪਰਣਾਮ ਕੀਤਾ।

ਪਿੰਡ ਬਿਲਗਾ ਵਿਖੇ ਉਨ੍ਹਾਂ ਦਾ ਅੰਤਮ ਸੰਸਕਾਰ ਕਰਨ ਲਈ ਹਜ਼ਾਰਾਂ ਲੋਕ ਜਲੰਧਰ ਤੋਂ ਉਨ੍ਹਾਂ ਦੀ ਦੇਹ ਦੇ ਨਾਲ ਗਏ। ਪਿੰਡ ਬਿਲਗਾ ਦੀ ਪ੍ਰਕਰਮਾ ਕੀਤੀ ਗਈ, ਜਿੱਥੇ ਥਾਂ-ਥਾਂ ਗੇਟ

ਬਣੇ ਹੋਏ ਸਨ। ਫੇਰ ਉਨ੍ਹਾਂ ਦੇ ਜੱਦੀ ਘਰ ਹੀਰਾ ਨਿਵਾਸ ਵਿਖੇ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਦੇ ਆਖ਼ਰੀ ਦਰਸ਼ਨ ਕੀਤੇ। ਮਾਤਮੀ ਜਲੂਸ ਵਿਚ ਚੌਧਰੀ ਦਰਸ਼ਨ ਸਿੰਘ, ਡਾ. ਲੇਖ ਰਾਜ, ਅਵਤਾਰ ਹੈਨਰੀ, ਗੁਰਵਿੰਦਰ ਸਿੰਘ ਅਟਵਾਲ ਤੇ ਮਨਿੰਦਰਜੀਤ ਸਿੰਘ ਬਿੱਟਾ ਸ਼ਾਮਲ ਸਨ।

ਉਨ੍ਹਾਂ ਦੀਆਂ ਅਸਥੀਆਂ ਜਲ-ਪਰਵਾਹ ਕਰਨ ਲਈ ਹੁਸੈਨੀਵਾਲਾ ਲਿਜਾਈਆਂ ਗਈਆਂ। ਰਸਤੇ ਵਿੱਚ ਨਕੋਦਰ, ਸਿੱਧਵਾਂ ਬੇਟ, ਜਗਰਾਵਾਂ, ਅਜੀਤਵਾਲ, ਮੋਗਾ, ਘੱਲ ਕਲਾਂ, ਫਿਰੋਜ਼ਪੁਰ ਛਾਉਣੀ ਤੇ ਫਿਰੋਜ਼ਪੁਰ ਸ਼ਹਿਰ ਵਿੱਚ ਸੈਂਕੜੇ ਲੋਕਾਂ ਦੇ ਇਕੱਠ ਨੇ ਚਾਹ-ਪਾਣੀ ਨਾਲ ਸੇਵਾ ਕੀਤੀ।

ਉਹ ਮੇਰੇ ਉਸਤਾਦ ਸਨ ਤੇ ਰਹਿਬਰ ਵੀ। ਮੈਂ ਉਨ੍ਹਾਂ ਤੋਂ ਮਾਰਕਸਵਾਦ ਦੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਉਸ ਸਮੇਂ ਉਹ ਪਿੰਡ ਬਿਲਗਾ ਵਿਖੇ ਨਜ਼ਰਬੰਦ ਸਨ ਅਤੇ ਚਾਰ ਬੰਦਿਆਂ ਤੋਂ ਵੱਧ ਦੇ ਬੈਠਣ ਦੀ ਆਗਿਆ ਨਹੀਂ ਸੀ। ਇਸ ਕਰ ਕੇ ਉਨ੍ਹਾਂ ਮੈਨੂੰ ਰਾਤ ਨੂੰ ਆਉਣ ਦੀ ਸਲਾਹ ਦਿੱਤੀ। ਰਾਤ ਨੂੰ ਬਾਹਰਵਾਰ ਇੱਕ ਮਕਾਨ ਵਿਚ ਉਨ੍ਹਾਂ ਮੈਨੂੰ ਤਿੰਨ-ਚਾਰ ਹੋਰ ਸਾਥੀਆਂ ਸਮੇਤ ਮਾਰਕਸਵਾਦ ਬਾਰੇ ਇੱਕ ਮਹੀਨਾ ਸਿੱਖਿਆ ਦਿੱਤੀ। ਮੈਂ ਉਨ੍ਹਾਂ ਦੇ ਸੁਨੇਹੇ ਲੈ ਕੇ ਵੀ ਕੁਝ ਹੋਰ ਨਜ਼ਰਬੰਦ ਸਾਥੀਆਂ ਕੋਲ ਜਾਂਦਾ ਰਿਹਾ। ਫੇਰ ਮੈਂ ਆਪਣੀ ਸਾਰੀ ਉਮਰ ਇੱਕ ਕਮਿਊਨਿਸਟ ਵਜੋਂ ਵੱਖ-ਵੱਖ ਭਾਂਤ ਦੀਆਂ ਸਰਗਰਮੀਆਂ ਵਿਚ ਹਿੱਸਾ ਲਿਆ। ਬਾਬਾ ਜੀ ਵੱਖ-ਵੱਖ ਰੂਪਾਂ ਵਿਚ ਮੇਰੀ ਅਗਵਾਈ ਕਰਦੇ ਰਹੇ।

ਉਨ੍ਹਾਂ ਦਾ ਮੈਨੂੰ ਆਖ਼ਰੀ ਸੰਦੇਸ਼ ਸੀ ਕਾਮਰੇਡ ਤੇਜਾ ਸਿੰਘ ਸੁਤੰਤਰ ਬਾਰੇ ਇੱਕ ਪੁਸਤਕ ਲਿਖਣ ਦਾ। ਮੈਂ ਉਹ ਪੁਸਤਕ ਤਿਆਰ ਕੀਤੀ। ਇਸ ਦੀ ਭੂਮਿਕਾ ਵਿਚ ਬਾਬਾ ਬਿਲਗਾ ਜੀ ਨੇ 30.11.2006 ਨੂੰ ਲਿਖਿਆ:

"ਮੁੱਕਦੀ ਗੱਲ ਤੇਜਾ ਸਿੰਘ ਸੁਤੰਤਰ ਨੇ ਆਮ ਜਨਤਾ ਦੇ ਹਿੱਤਾਂ ਲਈ ਜੋ ਸਿਰੜੀ ਤੇ ਸਿਰਲੱਥ ਘੋਲ ਕੀਤਾ, ਇਸ ਸੰਬੰਧੀ ਕਾਮਰੇਡ ਚੈਨ ਸਿੰਘ ਚੈਨ ਨੇ ਇਸ ਪੁਸਤਕ ਵਿਚ ਕਾਫੀ ਜਾਣਕਾਰੀ ਦਿੱਤੀ ਹੈ। ਇਸ ਪ੍ਰਸੰਗ ਵਿਚ ਮੈਂ ਕਾਮਰੇਡ ਚੈਨ ਸਿੰਘ ਚੈਨ ਨੂੰ ਇਹ ਪੁਸਤਕ ਲਿਖਣ ਲਈ ਵਧਾਈ ਦਿੰਦਾ ਹਾਂ। ਬੀਮਾਰੀ ਦੀ ਹਾਲਤ ਵਿਚ ਵੀ ਉਸ ਨੇ ਮੇਰੀ ਹੱਲਾਸ਼ੇਰੀ ਨੂੰ ਕਬੂਲ ਕਰ ਕੇ ਆਪਣਾ ਵੀ ਅਤੇ ਮੇਰਾ ਵੀ ਮਾਣ ਵਧਾਇਆ ਹੈ।"

ਇਹ ਉਨ੍ਹਾਂ ਦਾ ਮੈਨੂੰ ਆਖ਼ਰੀ ਥਾਪੜਾ ਸੀ।

***

# ਗ਼ਦਰ ਲਹਿਰ ਦੇ ਅਲੰਬਰਦਾਰ ਬਾਬਾ ਬਿਲਗਾ

-ਕਾਮਰੇਡ ਨੌਨਿਹਾਲ ਸਿੰਘ

ਗ਼ਦਰ ਪਾਰਟੀ ਦੇ ਅਲੰਬਰਦਾਰ ਕਾਮਰੇਡ ਭਗਤ ਸਿੰਘ ਬਿਲਗਾ ਭਾਵੇਂ ਇੱਕ ਸੌ ਦੋ ਵਰ੍ਹੇ ਤੋਂ ਬਾਅਦ ਸਾਨੂੰ ਵਿਛੋੜਾ ਦੇ ਗਏ ਹਨ, ਪਰ ਉਹ ਇਸ ਅਲੰਬਰਦਾਰੀ ਨੂੰ ਉਸੇ ਤਰ੍ਹਾਂ ਨਿਭਾ ਰਹੇ ਸਨ, ਜਿਸ ਤਰ੍ਹਾਂ ਉਹ 78 ਵਰ੍ਹੇ ਪਹਿਲਾਂ ਗ਼ਦਰ ਲਹਿਰ ਵਿਚ ਸ਼ਾਮਿਲ ਹੋਣ ਸਮੇਂ ਨਿਭਾ ਰਹੇ ਸਨ। ਕਾ. ਬਿਲਗਾ ਨੂੰ ਇਨਕਲਾਬੀ ਵਿਚਾਰਧਾਰਾ ਦੀ ਗੁੜ੍ਹਤੀ ਪਰਵਾਸ ਦੌਰਾਨ ਅਰਜਨਟਾਈਨਾ ਵਿਚ ਭਾਈ ਰਤਨ ਸਿੰਘ ਰਾਏਪੁਰ ਡੱਬਾ ਤੋਂ ਮਿਲੀ ਸੀ, ਜਿਹੜੇ ਗ਼ਦਰ ਪਾਰਟੀ ਨੂੰ ਮੁੜ ਲੀਹ ਤੇ ਪਾਉਣ ਲਈ ਅਫ਼ਗਾਨਿਸਤਾਨ ਤੋਂ ਚੱਲ ਕੇ ਸੰਸਾਰ ਭਰ ਦੇ ਇਨਕਲਾਬੀ ਕੇਂਦਰਾਂ ਨਾਲ ਤਾਲਮੇਲ ਕਰ ਰਹੇ ਸਨ। ਇਸ ਗੁੜ੍ਹਤੀ ਨੇ ਕਾ. ਬਿਲਗਾ ਨੂੰ ਅਰਜਨਟਾਈਨਾ ਦੀ ਗ਼ਦਰ ਪਾਰਟੀ ਦਾ ਜਨਰਲ ਸਕੱਤਰ ਬਣਾਉਣ ਦੇ ਯੋਗ ਬਣਾਇਆ। ਇਥੇ ਹੀ ਉਨ੍ਹਾਂ ਦਾ ਸ. ਅਜੀਤ ਸਿੰਘ 'ਪਗੜੀ ਸੰਭਾਲ ਜੱਟਾ' ਨਾਲ ਮਿਲਾਪ ਹੋਇਆ। ਉਸ ਸਮੇਂ ਦੀ ਪ੍ਰਸਿੱਧ ਸ਼ਖ਼ਸੀਅਤ ਕਾ. ਤੇਜਾ ਸਿੰਘ ਸੁਤੰਤਰ ਨਾਲ ਕਾ. ਬਿਲਗਾ ਦੀ ਐਨੀ ਨੇੜਤਾ ਸੀ ਕਿ ਖ਼ੁਫ਼ੀਆ ਵਿਭਾਗ ਉਸ ਨੂੰ ਕਾਮਰੇਡ ਸੁਤੰਤਰ ਦਾ ਲੈਫਟੈਣ ਮੰਨਦਾ ਸੀ। ਕਾਮਰੇਡ ਬਿਲਗਾ ਉਸ ਦਸਤੇ ਵਿਚ ਵੀ ਸ਼ਾਮਿਲ ਸੀ, ਜਿਹੜਾ ਗ਼ਦਰ ਪਾਰਟੀ ਵਲੋਂ ਮਾਸਕੋ ਸਿਖਲਾਈ ਲੈਣ ਲਈ ਭੇਜਿਆ ਗਿਆ ਸੀ। ਉਸ ਸਮੇਂ ਮਾਸਕੋ ਨਾਲ ਸਬੰਧ ਰੱਖਣ ਵਾਲੇ ਨੂੰ ਅੰਗਰੇਜ਼ ਸਾਮਰਾਜ ਆਪਣਾ ਮੁੱਖ ਦੁਸ਼ਮਣ ਸਮਝਦਾ ਸੀ, ਜਿਸ ਕਰਕੇ ਉਨ੍ਹਾਂ ਨੂੰ ਵੀ ਹੋਰਨਾਂ ਇਨਕਲਾਬੀਆਂ ਵਾਂਗ ਗ੍ਰਿਫ਼ਤਾਰ ਕਰ ਲਿਆ ਤੇ ਇੰਟੈਰੋਗੇਰਸ਼ਨ ਸੈਂਟਰ 'ਲਾਹੌਰ ਕਿਲ੍ਹੇ' ਵਿਚ ਰੱਖ ਕੇ ਉਨ੍ਹਾਂ ਉੱਤੇ ਅਕਹਿ ਤੇ ਅਸਹਿ ਤਸ਼ੱਦਦ ਕੀਤੇ ਗਏ।

ਗ਼ਦਰ ਪਾਰਟੀ ਨੇ ਦੇਸ਼ ਅੰਦਰ ਪਹਿਲੀ ਵਾਰ ਅੰਗਰੇਜ਼ੀ ਗ਼ੁਲਾਮੀ ਨੂੰ ਹਥਿਆਰਬੰਦ ਜੱਦੋ-ਜਹਿਦ ਨਾਲ ਖ਼ਤਮ ਕਰ ਕੇ ਧਰਮ ਨਿਰਪੱਖ ਤੇ ਸਾਂਝੀਵਾਲਤਾ 'ਤੇ ਅਧਾਰਿਤ ਆਪਣਾ ਰਾਜ ਸਥਾਪਿਤ ਕਰਨ ਦਾ ਨਿਸ਼ਾਨਾ ਮਿਥਿਆ ਸੀ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ 8000 ਦੇ ਕਰੀਬ ਗ਼ਦਰੀ ਵਿਦੇਸ਼ਾਂ 'ਚੋਂ ਭਾਰਤ ਵੱਲ ਆਏ, ਜਿਨ੍ਹਾਂ ਵਿਚੋਂ 166 ਫਾਂਸੀ ਜਾਂ ਜੇਲ੍ਹਾਂ ਦੇ ਤਸੀਹਿਆਂ ਨਾਲ ਸ਼ਹੀਦ ਹੋ ਗਏ, 765 ਉਮਰ ਕੈਦਾਂ ਭੁਗਤਦਿਆਂ ਜੇਲ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਦੇ ਜੁਆਨੀ ਵਿਚ ਵੀ ਉਹ ਬਾਬੇ ਜਾਪਣ ਲੱਗ ਪਏ ਸਨ। ਦੁਨੀਆ ਦੇ ਇਤਿਹਾਸ ਵਿਚ ਅਜਿਹੀ ਮਿਸਾਲ ਕਿਤੇ ਨਹੀਂ ਮਿਲਦੀ।

ਉਸ ਸਮੇਂ ਵਕਤ ਦੀ ਗਰਦਸ਼ ਤਾਂ ਗ਼ਦਰੀਆਂ ਦੇ ਵਿਰੁੱਧ ਹੀ ਸੀ ਪਰ ਆਜ਼ਾਦੀ ਤੋਂ ਪਿੱਛੋਂ ਦੇ ਹੁਕਮਰਾਨਾਂ ਨੇ ਵੀ ਸੋਚੀ ਸਮਝੀ ਚਾਲ ਅਧੀਨ ਉਹਨਾਂ ਦੀਆਂ ਲਾਸਾਨੀ ਕੁਰਬਾਨੀਆਂ

ਤੇ ਵਿਚਾਰਧਾਰਾ ਨੂੰ ਅਣਗੌਲਿਆਂ ਕਰਕੇ ਉਸ ਦਾ ਸਹੀ ਮੁਲੰਕਣ ਨਾ ਹੋਣ ਦਿੱਤਾ। ਇਸ ਤੋਂ ਵੱਧ ਦੁਖਦਾਈ ਗੱਲ ਇਹ ਹੋਈ ਕਿ ਇਨਕਲਾਬੀ ਜਥੇਬੰਦੀਆਂ ਅਤੇ ਉਨ੍ਹਾਂ ਦੇ ਅਨੁਆਈਆਂ ਨੇ ਵੀ ਉਨ੍ਹਾਂ ਦੀ ਵਿਚਾਰਧਾਰਾ ਤੇ ਨਿਸ਼ਾਨੇ ਦੀ ਠੀਕ ਸ਼ਨਾਖ਼ਤ ਨਹੀਂ ਕੀਤੀ।

ਇਹ ਦੁਖਾਂਤ ਕਾ. ਭਗਤ ਸਿੰਘ ਬਿਲਗਾ ਦੇ ਮਨ ਨੂੰ ਸਦਾ ਪੀੜ ਪਹੁੰਚਾਉਂਦਾ ਰਿਹਾ ਕਿ ਗ਼ਦਰੀਆਂ ਦੀਆਂ ਬੇਮਿਸਾਲ ਕੁਰਬਾਨੀਆਂ ਤੇ ਸਰਬ ਸਾਂਝੀ ਵਿਚਾਰਧਾਰਾ ਦੇ ਬਾਵਜੂਦ ਅਸੀਂ ਦੇਸ਼ ਅੰਦਰ ਇਨਕਲਾਬੀ ਲਹਿਰ ਦੀਆਂ ਜੜ੍ਹਾਂ ਮਜ਼ਬੂਤ ਨਹੀਂ ਕਰ ਸਕੇ। 23 ਮਈ 1976 ਤੋਂ ਉਨ੍ਹਾਂ ਨੂੰ ਜਦੋਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਦੇ ਤੌਰ ਤੇ ਸੇਵਾ ਕਰਨ ਦਾ ਮੌਕਾ ਮਿਲਿਆ, ਤਾਂ ਉਨ੍ਹਾਂ ਨੇ ਆਪਣੇ ਮਨ ਦੀ ਪੀੜਾ ਨੂੰ ਦੂਰ ਕਰਨ ਲਈ ਜੋ ਘਾਲਣਾ ਘਾਲੀ, ਉਹ ਪ੍ਰਤੱਖ ਰੂਪ ਵਿਚ ਸਾਡੇ ਸਾਹਮਣੇ ਹੈ। ਕਾ. ਬਿਲਗਾ ਗ਼ਦਰੀਆਂ ਦੀਆਂ ਕੁਰਬਾਨੀਆਂ, ਉਨ੍ਹਾਂ ਦੀ ਵਿਚਾਰਧਾਰਾ ਤੇ ਉਨ੍ਹਾਂ ਦੀ ਲਾਮਿਸਾਲ ਭੂਮਿਕਾ ਨੂੰ ਸਹੀ ਸਥਾਨ ਦੁਆਉਣ ਲਈ ਪੂਰੀ ਲਗਨ ਤੇ ਤਨਦੇਹੀ ਨਾਲ ਹੁਣ ਤੱਕ ਜੁਟੇ ਹੋਏ ਸਨ।

ਇਤਿਹਾਸ ਸੰਭਾਲਣ ਦੇ ਨਜ਼ਰੀਏ ਤੋਂ ਜਿੱਥੇ ਉਹ ਆਪ ਇਤਿਹਾਸ ਦੇ ਲੇਖਕ ਸਨ, ਉਥੇ ਉਹ ਦੂਜਿਆਂ ਨੂੰ ਵੀ ਲਿਖਣ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਇਸ ਉਮਰ ਵਿਚ ਵੀ ਉਨ੍ਹਾਂ ਦੀ ਚੇਸ਼ਟਾ ਸੀ ਕਿ ਮਾਸਟਰ ਊਧਮ ਸਿੰਘ ਕਸੇਲ ਦਾ ਜੀਵਨ ਇਤਿਹਾਸ ਲਿਖਿਆ ਜਾਵੇ। ਉਨ੍ਹਾਂ ਦੀ ਪ੍ਰੇਰਨਾ ਸਦਕਾ ਇਹ ਜੀਵਨੀ, ਜੋ ਕਿ ਕਾ. ਚਰੰਜੀ ਲਾਲ ਕੰਗਣੀਵਾਲ ਦੁਆਰਾ ਡੂੰਘੀ ਖੋਜ ਕਰਕੇ ਲਿਖੀ ਗਈ ਹੈ, ਵੀ ਛਪ ਕੇ ਤਿਆਰ ਹੋ ਗਈ ਹੈ ਤੇ ਕਾਮਰੇਡ ਜੀ ਨੂੰ ਹੀ ਸਮਰਪਿਤ ਹੈ। ਉਹ ਆਪ ਵੀ ਬਹੁਤ ਸਾਰੀਆਂ ਕਿਤਾਬਾਂ ਦੇ ਲੇਖਕ ਹਨ, ਜਿਨ੍ਹਾਂ ਵਿਚੋਂ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਉਹਨਾਂ ਦੀ ਬੇਹਤਰੀਨ ਕਿਰਤ ਹੈ।

ਸਤੰਬਰ 1938 ਵਿਚ ਜਦੋਂ ਕੌਮੀ ਸ਼ਹੀਦਾਂ ਦੀ ਯਾਦਗਾਰ (ਦੇਸ਼ ਭਗਤ ਯਾਦਗਾਰ ਹਾਲ) ਬਣਾਉਣ ਦਾ ਫ਼ੈਸਲਾ ਕੀਤਾ ਗਿਆ, ਤਾਂ ਕਾਮਰੇਡ ਬਿਲਗਾ ਜੀ ਉਸ ਸਮੇਂ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਜਨਰਲ ਸਕੱਤਰ ਸਨ। ਦੂਜੀ ਸੰਸਾਰ ਜੰਗ ਸਮੇਂ ਕਿਰਤੀ ਪਾਰਟੀ ਤੇ ਕਮਿਊਨਿਸਟ ਪਾਰਟੀ ਦੇ ਰਲੇਵੇਂ ਸਮੇਂ ਬਣੀ ਅੱਠ ਮੈਂਬਰੀ ਸੂਬਾ ਕਮੇਟੀ ਵਿਚ ਉਹ ਵੀ ਸ਼ਾਮਿਲ ਸਨ। ਪਰ 1946 ਵਿਚ ਡਾ. ਅਧਿਕਾਰੀ ਦੇ ਕੌਮੀਅਤ ਦੇ ਥੀਸਿਸ ਦਾ ਵਿਰੋਧ ਕਰਨ ਕਰਕੇ ਬਾਬਾ ਭਗਤ ਸਿੰਘ ਬਿਲਗਾ ਤੇ ਕਾ: ਕਰਮ ਸਿੰਘ ਮਾਨ ਘਰਾਂ ਨੂੰ ਤੋਰ ਦਿੱਤੇ ਗਏ। 1982 ਵਿਚ ਜਦੋਂ ਮੈਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦਾ ਮੈਂਬਰ ਲਿਆ ਗਿਆ, ਤਾਂ ਉਸ ਸਮੇਂ ਬਾਬਾ ਜੀ ਵੱਲੋਂ ਕਹੇ ਇਹ ਸ਼ਬਦ, 'ਸਾਧ ਨੂੰ ਉਹੀ ਚੇਲਾ ਚੰਗਾ ਲੱਗਦਾ ਹੁੰਦਾ, ਜਿਹੜਾ ਆਟਾ ਵੱਧ 'ਕੱਠਾ ਕਰ ਕੇ ਲਿਆਵੇ', ਮੈਨੂੰ ਅੱਜ ਵੀ ਯਾਦ ਹਨ। ਮੈਂਬਰ ਲਏ ਜਾਣ ਪਿਛੋਂ ਅਗਲੀ ਮੀਟਿੰਗ ਵਿਚ ਹੀ ਮੈਨੂੰ ਕਮੇਟੀ ਦਾ ਖ਼ਜ਼ਾਨਚੀ ਚੁਣ ਲਿਆ ਗਿਆ। ਮੈਂ ਇਹ ਜ਼ਿਕਰ ਉਸ ਸਮੇਂ ਦਾ ਕਰ ਰਿਹਾ ਹਾਂ, ਜਦੋਂ ਦੇਸ਼ ਭਗਤ ਯਾਦਗਾਰ ਹਾਲ ਦੀ ਪਹਿਲੀ ਮੰਜ਼ਿਲ ਮੁਕੰਮਲ ਹੋ ਚੁੱਕੀ ਸੀ, ਜਿਸ ਨੂੰ ਬਣਾਉਣ ਵਿਚ ਬਾਬਾ ਗੁਰਮੁਖ ਸਿੰਘ ਲਲਤੋਂ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕੈਨੇਡੀਅਨ ਤੇ ਸ਼ਹੀਦ ਬਾਬਾ ਬੂਝਾ ਸਿੰਘ ਦਾ ਬੜਾ ਵੱਡਾ ਯੋਗਦਾਨ ਹੈ। ਦੂਜੀ ਮੰਜ਼ਿਲ ਉਸਾਰਨ ਵਿਚ ਬਾਬਾ ਭਗਤ ਸਿੰਘ ਬਿਲਗਾ ਦੇ ਯਤਨ ਅਣਥੱਕ ਤੇ ਵਿਸ਼ੇਸ਼ ਹਨ। ਇਸ ਮੰਜ਼ਿਲ ਨੂੰ ਔਡੀਟੋਰੀਅਮ ਦਾ ਰੂਪ ਦੇਣ ਵਿਚ ਉਨ੍ਹਾਂ

ਦੇ ਨਾਲ ਸਾਨੂੰ ਵੀ ਹਿੱਸਾ ਪਾਉਣ ਦਾ ਮੌਕਾ ਮਿਲਿਆ।

ਜਿਸ ਸਮੇਂ ਅੱਤਵਾਦ ਦਾ ਕਾਲਾ ਦੌਰ ਚੱਲ ਰਿਹਾ ਸੀ, ਬਾਬਾ ਬਿਲਗਾ ਦਾ ਇਹ ਦ੍ਰਿੜ੍ਹ ਵਿਸ਼ਵਾਸ ਸੀ ਕਿ ਵੱਖਵਾਦੀ ਸ਼ਕਤੀਆਂ ਗ਼ਦਰ ਲਹਿਰ ਦੀ ਵਿਚਾਰਧਾਰਾ ਦੇ ਵਿਰੁੱਧ ਹਨ, ਜਿਸ ਕਰਕੇ ਉਹ ਅੱਤਵਾਦ ਵਿਰੁੱਧ ਕਮਰਕੱਸਾ ਕਰ ਕੇ ਮੈਦਾਨ ਵਿਚ ਨਿੱਤਰੇ। ਅੱਤਵਾਦੀਆਂ ਦੀਆਂ ਗੋਲੀਆਂ ਨਾਲ ਸ਼ਹੀਦ ਹੋਣ ਵਾਲਿਆਂ ਦੇ ਸ਼ਰਧਾਂਜਲੀ ਸਮਾਗਮਾਂ ਤੇ ਇਨ੍ਹਾਂ ਦੇਸ਼ਧ੍ਰੋਹੀਆਂ ਵਿਰੁੱਧ ਹੋਣ ਵਾਲੇ ਪ੍ਰੋਗਰਾਮਾਂ ਵਿਚ ਉਹ ਪੂਰੇ ਜੋਸ਼ ਨਾਲ ਪੁੱਜਦੇ। ਮੈਨੂੰ ਯਾਦ ਹੈ ਕਿ 'ਪ੍ਰੀਤਲੜੀ' ਦੇ ਸੰਪਾਦਕ ਸੁਮੀਤ ਦੇ ਸੋਗ ਸਮਾਗਮ ਸਮੇਂ ਮਾਹੌਲ ਏਨਾ ਗੰਭੀਰ ਤੇ ਸੰਗੀਨ ਸੀ ਕਿ ਜਦੋਂ ਪ੍ਰਿੰ: ਸੁਜਾਨ ਸਿੰਘ ਭਾਵੁਕਤਾ 'ਚ ਬੋਲਣੋਂ ਅਸਮਰੱਥ ਹੋ ਗਏ ਸਨ ਤਾਂ ਤੁਰੰਤ ਮੌਕਾ ਸੰਭਾਲਦਿਆਂ ਸਟੇਜ ਸਕੱਤਰ ਨੇ ਬਾਬਾ ਬਿਲਗਾ ਜੀ ਨੂੰ ਨਿਮੰਤਰਣ ਦਿੱਤਾ। ਬਾਬਾ ਬਿਲਗਾ ਨੇ ਉਸ ਗੰਭੀਰ ਮਾਹੌਲ ਵਿਚ ਰੋਹ ਭਰੇ ਜੋਸ਼ੀਲੇ ਭਾਸ਼ਨ ਨਾਲ ਨਵੀਂ ਰੂਹ ਫੂਕ ਦਿੱਤੀ ਸੀ। ਅੱਤਵਾਦ ਨਾਲ ਸਿੱਝਣ ਲਈ ਉਨ੍ਹਾਂ ਦੇਸ਼ ਭਗਤ ਯਾਦਗਾਰ ਹਾਲ ਨੂੰ ਇਕ ਮਰਕਜ਼ ਵਜੋਂ ਸਥਾਪਿਤ ਕੀਤਾ। ਇਸ ਕਾਲੇ ਦੌਰ ਵਿਚ ਬਾਬਾ ਬਿਲਗਾ ਨੇ ਖ਼ੁਦ ਲਈ ਅਤੇ ਦੇਸ਼ ਭਗਤ ਯਾਦਗਾਰ ਹਾਲ ਲਈ ਪੁਲੀਸ ਸੁਰੱਖਿਆ ਦੀ ਕੋਈ ਜ਼ਰੂਰਤ ਨਾ ਸਮਝੀ। ਮੇਰੀ ਨਜ਼ਰ 'ਚ ਉਹ ਇਕੋ ਇਕ ਅਜਿਹੇ ਸਨ, ਜਿਨ੍ਹਾਂ ਕਾਲੀਆਂ ਤਾਕਤਾਂ ਦਾ ਨੰਗੇ ਧੜ ਨਿਰਭੈ ਹੋ ਕੇ ਟਾਕਰਾ ਕੀਤਾ।

ਇਨ੍ਹਾਂ ਸਮਿਆਂ ਵਿਚ ਕਮੇਟੀ ਕੋਲ ਵਿੱਤੀ ਵਸੀਲੇ ਬੜੇ ਸੀਮਿਤ ਸਨ। ਗ਼ਦਰੀ ਸੂਰਮਿਆਂ ਦੇ ਉਦੇਸ਼ਾਂ ਦੀ ਪੂਰਤੀ ਦੇ ਦੇਸ਼ ਭਗਤ ਯਾਦਗਾਰ ਹਾਲ ਨੂੰ ਸ਼ਾਨਾਮਤਾ ਬਣਾਉਣਾ ਬਾਬਾ ਬਿਲਗਾ ਜੀ ਦੀ ਚੇਸ਼ਟਾ ਦੇ ਮੁੱਦੇ ਸਨ। ਇਸੇ ਕਰਕੇ ਸੰਜਮ 'ਚ ਰਹਿੰਦਿਆਂ ਬਾਬਾ ਬਿਲਗਾ ਨੇ ਬਿਨਾਂ ਪੈਸੇ ਖਰਚਿਆਂ ਲਾਇਬ੍ਰੇਰੀ ਲਈ ਲੋੜੀਂਦੀਆਂ ਪੁਸਤਕਾਂ, ਦਸਤਾਵੇਜ਼ ਤੇ ਇਨਕਲਾਬੀਆਂ ਦੀਆਂ ਤਸਵੀਰਾਂ ਦਾ ਭੰਡਾਰ ਇਕੱਠਾ ਕੀਤਾ। ਇਨ੍ਹਾਂ ਦੋਨਾਂ ਮੁੱਦਿਆਂ ਦੇ ਅਜੋਕੇ ਸਾਕਾਰ ਰੂਪ ਦੇ ਪਿਛੇ ਬਾਬਾ ਭਗਤ ਸਿੰਘ ਬਿਲਗਾ ਦੀ ਮਿਸਾਲੀ ਦੇਣ ਹੈ, ਜਿਸ ਦੀ ਬਦੌਲਤ ਦੇਸ਼ ਭਗਤ ਯਾਦਗਾਰ ਲਾਇਬ੍ਰੇਰੀ ਇਕ ਰੀਸਰਚ ਸੈਂਟਰ ਵਜੋਂ ਸਥਾਪਿਤ ਹੋ ਚੁੱਕੀ ਹੈ, ਜਿਥੋਂ ਪੜ੍ਹ ਕੇ ਦਰਜਨ ਦੇ ਕਰੀਬ ਐਮ.ਫਿਲ. ਤੇ ਪੀ-ਐੱਚ.ਡੀ. ਦੇ ਥੀਸਿਸ, ਇਤਿਹਾਸ ਦੇ ਵਿਦਿਆਰਥੀ ਮੁਕੰਮਲ ਕਰ ਚੁੱਕੇ ਹਨ।

26 ਮਾਰਚ 2004 ਨੂੰ ਕਾਮਾਗਾਟਾ ਮਾਰੂ ਅਤੇ ਨਾਮਧਾਰੀ ਲਹਿਰ ਨੂੰ ਹਿੰਦੁਸਤਾਨ ਦੀ ਅਜ਼ਾਦੀ ਦੇ ਇਤਿਹਾਸ ਵਿਚ ਬਣਦਾ ਸਥਾਨ ਦੁਆਉਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੰਮ੍ਰਿਤਸਰ ਤੋਂ ਜੱਦੋ-ਜਹਿਦ ਸ਼ੁਰੂ ਕੀਤੀ। ਬਾਬਾ ਬਿਲਗਾ ਉਸ ਸਮੇਂ ਭਾਵੇਂ ਇੰਗਲੈਂਡ ਵਿਚ ਸਨ, ਪਰ ਉਨ੍ਹਾਂ ਦੀ ਆਤਮਾ ਸਾਡੇ ਦਰਮਿਆਨ ਸੀ। ਜਲ੍ਹਿਆਂ ਵਾਲਾ ਬਾਗ਼ ਦੇ ਨਵੀਨੀਕਰਨ ਦੇ ਬਹਾਨੇ ਉਸਦੇ ਅਸਲੀ ਸਰੂਪ ਤੇ ਸਪਿਰਿਟ ਨੂੰ ਵਿਗਾੜਨ ਤੋਂ ਰੋਕਣ ਲਈ ਜਲ੍ਹਿਆਂ ਵਾਲਾ ਬਾਗ਼ ਵਿਚ 6 ਅਕਤੂਬਰ 2008 ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਰੈਲੀ ਕੀਤੀ ਗਈ ਤਾਂ ਬਾਬਾ ਬਿਲਗਾ ਜੀ ਨੇ ਸਾਡੀ ਰਹਿਨੁਮਾਈ ਕੀਤੀ, ਜਦ ਕਿ ਉਹ ਤੁਰਨ ਤੋਂ ਅਸਮਰੱਥ ਸਨ। ਅਧਿਕਾਰੀਆਂ ਨੂੰ ਮੰਗ ਪੱਤਰ ਦੇਣ ਲਈ ਹਾਲ ਬਜਾਰ ਵਿਚੀਂ ਮਾਰਚ ਕੀਤਾ ਗਿਆ ਤਾਂ ਉਨ੍ਹਾਂ ਵੀਲ੍ਹ-ਚੇਅਰ ਉਪਰ ਬੈਠ ਕੇ ਸਾਡੀ ਅਗਵਾਈ ਕੀਤੀ। ਹਾਲ ਗੇਟ ਅੱਗੇ ਐਸ.ਡੀ.ਐਮ. ਨੂੰ ਮੰਗ ਪੱਤਰ ਦਿੰਦੇ ਸਮੇਂ ਬਾਬਾ ਬਿਲਗਾ ਜੀ ਨੇ ਜਲ੍ਹਿਆਂ ਵਾਲਾ ਬਾਗ਼ ਟਰੱਸਟ ਦੇ ਚੇਅਰਮੈਨ

ਪ੍ਰਧਾਨ ਮੰਤਰੀ ਸ. ਮਨਮੋਹਣ ਸਿੰਘ ਨੂੰ ਮੁਖ਼ਾਤਬ ਹੁੰਦੇ ਹੋਏ ਭਾਰੀ ਇਕੱਠ ਨੂੰ ਜੋ ਗੱਲਾਂ ਕਹੀਆਂ, ਉਹ ਵਿਸ਼ੇਸ ਮਹੱਤਤਾ ਰੱਖਦੀਆਂ ਹਨ। ਉਨ੍ਹਾਂ ਕਿਹਾ, "ਤੂੰ ਕੈਂਬ੍ਰਜ ਯੂਨੀਵਰਸਿਟੀ ਵਿਚ ਜਾ ਕੇ ਕਿਹਾ ਸੀ ਕਿ ਅੰਗਰੇਜ਼ਾਂ ਦੀ ਹਿੰਦੁਸਤਾਨੀਆਂ ਨੂੰ ਬਹੁਤ ਦੇਣ ਹੈ। ਓ! ਤੂੰ ਜਲ੍ਹਿਆਂ ਵਾਲੇ ਬਾਗ਼ ਆ ਕੇ ਦੇਖ ਕਿ ਕੀ ਦੇਣ ਹੈ! ਤੂੰ ਉਨ੍ਹਾਂ ਤੋਂ ਕੋਈ ਚੰਗੀ ਗੱਲ ਵੀ ਸਿੱਖ! ਜਦੋਂ ਮੈਂ ਫੰਡ ਇਕੱਠਾ ਕਰਨ ਲਈ ਇੰਗਲੈਂਡ ਗਿਆ, ਤਾਂ ਇਕ ਦਿਨ ਮੈਨੂੰ ਤੇ ਜਸਵੰਤ ਕੰਵਲ ਨੂੰ ਮੇਰੇ ਸਾਥੀ ਸਕਾਟਲੈਂਡ ਦੀਆਂ ਉਨ੍ਹਾਂ ਵੀਰਾਂਗਣਾਂ ਦੇ ਘਰ ਲੈ ਗਏ, ਜਿਹੜੀਆਂ ਇੰਗਲੈਂਡ ਦੇ ਖਿਲਾਫ਼ ਲੜੀਆਂ ਸਨ। ਉਨ੍ਹਾਂ ਦੇ ਘਰ ਤੰਗ ਗਲੀ ਵਿਚ ਹਕੂਮਤ ਨੇ ਵਿਰੋਧੀ ਹੋਣ ਦੇ ਬਾਵਜੂਦ ਉਸੇ ਤਰ੍ਹਾਂ ਸੰਭਾਲੇ ਹੋਏ ਹਨ, ਜਿਸ ਤਰ੍ਹਾਂ ਉਹ ਪਹਿਲਾਂ ਸਨ।"

ਆਜ਼ਾਦੀ ਦੇ ਸੱਠ ਸਾਲਾਂ ਪਿਛੋਂ ਸਾਡੀ ਕੇਂਦਰੀ ਸਰਕਾਰ ਵੱਲੋਂ ਜਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਨੂੰ ਹੁਣ ਆ ਕੇ 2009 ਵਿਚ ਆਜ਼ਾਦੀ ਦੇ ਸ਼ਹੀਦ ਤਸਲੀਮ ਕੀਤਾ ਗਿਆ ਹੈ ਅਤੇ ਵਾਅਦਾ ਕੀਤਾ ਹੈ ਕਿ ਸ਼ਹੀਦਾਂ ਦੇ ਨਾਂ ਉੱਕਰ ਕੇ ਲਾਏ ਜਾਣਗੇ। ਜਦੋਂ ਬਾਬਾ ਬਿਲਗਾ ਜੀ ਨੂੰ ਇਸ ਖ਼ਬਰ ਦਾ ਪਤਾ ਲੱਗਾ ਤਾਂ ਉਨ੍ਹਾਂ ਇੰਗਲੈਂਡ ਤੋਂ ਫੋਨ ਰਾਹੀਂ ਖੁਸ਼ੀ ਪ੍ਰਗਟ ਕਰਦਿਆਂ ਕਿਹਾ, "ਇਹ ਦੇਸ਼ ਭਗਤ ਯਾਦਗਾਰ ਕਮੇਟੀ ਦੀ ਆਜ਼ਾਦੀ ਦੇ ਇਤਿਹਾਸ ਨੂੰ ਬਚਾ ਕੇ ਰੱਖਣ ਲਈ ਕੀਤੇ ਜਾ ਰਹੇ ਸੰਘਰਸ਼ ਦੀ ਇਕ ਵੱਡੀ ਜਿੱਤ ਹੈ, ਜੋ ਕਿ ਇਸ ਸੰਘਰਸ਼ ਨੂੰ ਜਾਰੀ ਰੱਖਣ ਲਈ ਪ੍ਰੇਰਿਤ ਤੇ ਉਤਸ਼ਾਹਿਤ ਕਰਦੀ ਹੈ।"

ਬਾਬਾ ਜੀ ਦੀ ਸ਼ਖ਼ਸੀਅਤ ਦੀ ਸਭ ਤੋਂ ਵਿਲੱਖਣ ਗੱਲ ਇਹ ਸੀ ਕਿ ਉਹ ਨੌਜਵਾਨਾਂ ਨੂੰ ਉਤਸ਼ਾਹਿਤ ਕਰ ਕੇ ਉਨ੍ਹਾਂ ਕੋਲੋਂ ਬਹੁਤਾ ਕੰਮ ਕਰਵਾ ਲੈਂਦੇ ਸਨ। ਇਸੇ ਕਰਕੇ ਨੌਜਵਾਨ ਪੀੜ੍ਹੀ ਉਨ੍ਹਾਂ ਵਿਚ ਆਪਣਾਪਨ ਮਹਿਸੂਸ ਕਰਦੀ ਤੇ ਉਨ੍ਹਾਂ ਦੇ ਹੁਕਮਾਂ ਉੱਤੇ ਫੁੱਲ ਚੜ੍ਹਾਉਣ ਲਈ ਹਰ ਵੇਲੇ ਤਤਪਰ ਰਹਿੰਦੀ। ਨੌਜਵਾਨਾਂ ਦੇ ਪਿਆਰ ਸਦਕਾ ਮੌਤ ਤੱਕ ਉਨ੍ਹਾਂ ਵਿਚ ਜਵਾਨੀ ਵਾਲੀ ਬੜ੍ਹਕ ਅਤੇ ਉਤਸ਼ਾਹ ਮੌਜੂਦ ਸੀ।

1992 ਵਿਚ ਜਦੋਂ ਕੁਝ ਨੌਜਵਾਨ ਕਾ. ਗੁਰਮੀਤ ਨਾਲ ਮੇਰੇ ਕੋਲ ਦੇਸ਼ ਭਗਤ ਯਾਦਗਾਰ ਦੇ ਖੁੱਲ੍ਹੇ ਅਹਾਤੇ ਵਿਚ ਵਾਲੀਵਾਲ ਦੀ ਗਰਾਊਂਡ ਬਣਾਉਣ ਬਾਰੇ ਸੁਝਾਓ ਲੈ ਕੇ ਆਏ, ਤਾਂ ਮੈਂ ਉਨ੍ਹਾਂ ਨੂੰ ਹਾਲ ਦੇ ਅੰਦਰ, ਜਿਥੇ ਗ਼ਦਰੀ ਸ਼ਹੀਦਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ, ਲਿਜਾ ਕੇ ਕੰਧ 'ਤੇ ਲਿਖੇ ਸ਼ੇਅਰ, *'ਸ਼ਹੀਦੋਂ ਕੀ ਚਿਤਾਓਂ ਪਰ ਲਗੇਗੇਂ ਹਰ ਬਰਸ ਮੇਲੇ, ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ,'* ਵੱਲ ਇਸ਼ਾਰਾ ਕਰਕੇ ਗ਼ਦਰੀ ਸ਼ਹੀਦਾਂ ਨੂੰ ਯਾਦ ਕਰਨ ਦੀ ਗੱਲ ਕੀਤੀ, ਤਾਂ ਉਹ ਇਕਦਮ 'ਮੇਲਾ ਗ਼ਦਰੀ ਬਾਬਿਆਂ ਦਾ' ਮਨਾਉਣ ਲਈ ਤਿਆਰ ਹੋ ਗਏ। ਅਗਲੇ ਦਿਨ ਗੁਰਮੀਤ ਦੇ ਨਾਲ ਹਰਮੀਤ ਸਮੇਤ 8-9 ਦੇ ਕਰੀਬ ਨੌਜਵਾਨ ਸਾਨੂੰ ਮਿਲਣ ਆਏ, ਤਾਂ ਹਾਲ 'ਚ ਮੇਰੇ ਨਾਲ ਕਾ. ਰਘਬੀਰ ਸਿੰਘ ਛੀਨਾ ਵੀ ਸਨ। ਅਸੀਂ ਇੱਕ ਕਮੇਟੀ ਬਣਾ ਲਈ, ਜਿਸ ਦਾ ਬਾਬਾ ਜੀ ਨੂੰ ਸਰਪ੍ਰਸਤ, ਮੈਨੂੰ ਪ੍ਰਧਾਨ, ਛੀਨਾ ਜੀ ਨੂੰ ਖਜ਼ਾਨਚੀ ਅਤੇ ਗੁਰਮੀਤ ਨੂੰ ਸਕੱਤਰ ਬਣਾ ਲਿਆ ਗਿਆ ਅਤੇ ਆਪਣੇ ਤੌਰ 'ਤੇ 'ਮੇਲਾ ਗ਼ਦਰੀ ਬਾਬਿਆਂ ਦਾ' ਮਨਾਉਣ ਲਈ ਫ਼ੈਸਲਾ ਕਰ ਲਿਆ। ਅਗਲੇ ਦਿਨ ਜਦੋਂ ਮੈਂ ਇਹ ਗੱਲ ਬਾਬਾ ਜੀ ਨਾਲ ਸਾਂਝੀ ਕੀਤੀ ਤਾਂ ਉਹ ਬਹੁਤ ਹੀ ਖੁਸ਼ ਹੋਏ ਅਤੇ ਕਹਿਣ ਲੱਗੇ ਕਿ ਇਹ ਤਾਂ ਬਹੁਤ ਹੀ ਵਧੀਆ ਉਪਰਾਲਾ ਹੋਵੇਗਾ, ਜੇਕਰ ਅਸੀਂ ਉਨ੍ਹਾਂ ਦੇਸ਼ ਭਗਤਾਂ ਦੀਆਂ ਯਾਦਾਂ ਨੂੰ ਤਾਜ਼ਾ ਰੱਖ ਸਕੀਏ।

ਇਸ ਨਾਲ ਲੋਕਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਤੇ ਪ੍ਰੇਰਣਾ ਪ੍ਰਾਪਤ ਹੋ ਸਕੇਗੀ। ਉਨ੍ਹਾਂ ਕਿਹਾ ਕਿ ਇਹ ਮੇਲਾ ਦੇਸ਼ ਭਗਤ ਯਾਦਗਾਰ ਕਮੇਟੀ ਆਪਣੀ ਅਗਵਾਈ ਵਿਚ ਮਨਾਏਗੀ ਤੇ ਉਨ੍ਹਾਂ ਨੇ ਨੌਜਵਾਨਾਂ ਨੂੰ ਇਸ ਕੰਮ ਲਈ ਉਤਸ਼ਾਹ ਦੇ ਕੇ ਅੱਗੇ ਲਾਇਆ। ਸੋ 1992 ਤੋਂ ਲੈ ਕੇ ਅੱਜ ਤਾਈਂ ਹਰ ਸਾਲ ਲਗਾਤਾਰ 'ਮੇਲਾ ਗ਼ਦਰੀ ਬਾਬਿਆਂ ਦਾ' ਬੜੇ ਉਤਸ਼ਾਹ ਨਾਲ ਬਾਬਾ ਜੀ ਦੀ ਰਹਿਨੁਮਾਈ ਵਿਚ ਮਨਾਇਆ ਜਾਂਦਾ ਰਿਹਾ। ਪਹਿਲੇ ਮੇਲੇ ਸਮੇਂ ਜਾਰੀ ਹੋਏ ਸੋਵੀਨਰ ਵਿਚ ਬਾਬਾ ਜੀ ਦੇ ਸੰਦੇਸ਼ ਦੇ ਇਹ ਸ਼ਬਦ :-

"ਮੇਲਾ ਗ਼ਦਰੀ ਬਾਬਿਆਂ ਦਾ', ਨੂੰ ਨੇਪਰੇ ਚਾੜ੍ਹਨ ਲਈ ਮੈਂ ਆਪਣੇ ਸਾਥੀਆਂ, ਨੌਜਵਾਨਾਂ ਤੇ ਪੰਜਾਬੀਆਂ ਦੇ ਉਨ੍ਹਾਂ ਸਭ ਹਲਕਿਆਂ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਸਾਨੂੰ ਸਹਿਯੋਗ ਦਿੱਤਾ ਹੈ। ਦੇਸ਼ ਭਗਤਾਂ ਦੀ ਯਾਦ ਨੂੰ ਪੰਜਾਬ ਦੀ ਨਵੀਂ ਉੱਠ ਰਹੀ ਪੀੜ੍ਹੀ ਦੀ ਸੋਚ ਦਾ ਇਕ ਹਿੱਸਾ ਬਣਾਉਣ ਲਈ ਇਹ ਮੇਲਾ ਇਕ ਯਤਨ ਹੈ। ਸਾਡੀ ਇਹ ਕੋਸ਼ਿਸ਼ ਹੋਵੇਗੀ ਕਿ ਇਹ ਮੇਲਾ ਹਰ ਸਾਲ ਲੱਗਿਆ ਕਰੇ।", ਨੌਜੁਆਨ ਅਗੋਂ ਲਈ ਵੀ ਸਾਡੇ ਹੌਸਲਿਆਂ ਨੂੰ ਤਾਕਤ ਦਿੰਦੇ ਰਹਿਣਗੇ।

ਉਦੋਂ ਤੋਂ ਲੈ ਕੇ ਸ਼ੁਰੂ ਹੋਏ ਮੇਲੇ ਦੀਆਂ ਆਭ੍ਹਾ ਤੇ ਸ਼ਾਨ ਦਾ ਅਸਰ ਛੇਤੀ ਹੀ ਹਿੰਦੁਸਤਾਨ ਦੀਆਂ ਸਰਹੱਦਾਂ ਦੇ ਘੇਰੇ ਤੋਂ ਬਾਹਰ ਵੀ ਨਜ਼ਰ ਆਉਣ ਲੱਗ ਪਿਆ। ਹੁਣ ਪੰਜਾਬ ਤੋਂ ਇਲਾਵਾ ਅਮਰੀਕਾ ਤੇ ਕੈਨੇਡਾ ਵਿਚ ਵੀ ਅਜਿਹੇ ਮੇਲੇ ਉਤਸ਼ਾਹ ਨਾਲ ਲਾਏ ਜਾਂਦੇ ਹਨ। 2008 ਵਿਚ ਲੱਗਾ 17ਵਾਂ ਮੇਲਾ 'ਬੱਬਰ ਅਕਾਲੀ ਲਹਿਰ' ਨੂੰ ਸਮਰਪਿਤ ਸੀ ਅਤੇ 2009 ਦਾ ਮੇਲਾ 'ਕਿਰਤੀ ਪਾਰਟੀ' ਨੂੰ ਸਮਰਪਿਤ ਹੋਵੇਗਾ। ਬਾਬਾ ਭਗਤ ਸਿੰਘ ਬਿਲਗਾ 'ਕਿਰਤੀ' ਪਾਰਟੀ ਦੇ ਮੋਢੀਆਂ ਵਿਚੋਂ ਸਨ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਸ੍ਰੀ ਹਰਿਮੰਦਰ ਸਾਹਿਬ, ਜਲ੍ਹਿਆਂ ਵਾਲਾ ਬਾਗ਼ ਅੰਮ੍ਰਿਤਸਰ, ਸ੍ਰੀ ਭੈਣੀ ਸਾਹਿਬ ਲੁਧਿਆਣਾ ਤੇ ਦੇਸ਼ ਭਗਤ ਯਾਦਗਾਰ ਕਮੇਟੀ ਹੀ ਅਜਿਹੀ ਸੰਸਥਾ ਹੈ, ਜਿਹੜੀ ਪੂਰੀ ਦ੍ਰਿੜ੍ਹਤਾ ਨਾਲ ਆਪਣੇ ਸਾਂਝੇ, ਮਹਾਨ ਇਤਿਹਾਸਕ ਵਿਰਸੇ ਉਪਰ ਡੱਟ ਕੇ ਪਹਿਰਾ ਦੇ ਰਹੀ ਹੈ ਅਤੇ ਦਿੰਦੀ ਰਹੇਗੀ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਗ਼ਦਰ ਲਹਿਰ ਦੇ ਆਦਰਸ਼ਾਂ ਅਤੇ ਸੁਪਨਿਆਂ ਲਈ ਆਪਣੀ ਚੇਤਨ ਭੂਮਿਕਾ ਅਦਾ ਕਰਦੀ ਹੋਈ; ਉੱਘੇ ਦੇਸ਼ ਭਗਤ ਚਿੰਤਕ ਸਾਥੀ ਸ਼ਿਵ ਵਰਮਾ ਦੀਆਂ ਨਿਮਨ ਲਿਖਤ ਟੂਕਾਂ ਦੀ ਰੋਸ਼ਨੀ 'ਚ ਅੱਗੇ ਵਧਣ ਦਾ ਯਤਨ ਕਰਦੀ ਰਹੇਗੀ, ਜਿਨ੍ਹਾਂ ਨੂੰ ਮੈਂ ਤੁਹਾਡੇ ਨਾਲ ਸਾਂਝੀਆਂ ਕਰ ਰਿਹਾ ਹਾਂ:

"ਅਸੀਂ ਜਦੋਂ ਕਿਸੇ ਮਹਾਨ ਹਸਤੀ ਦੇ ਕਦਮਾਂ 'ਤੇ ਚੱਲਣਾ ਨਹੀਂ ਚਾਹੁੰਦੇ ਜਾਂ ਖ਼ੁਦ ਉਸ ਵਰਗਾ ਨਹੀਂ ਬਣਨਾ ਚਾਹੁੰਦੇ ਤਾਂ ਅਸੀਂ ਉਸਨੂੰ ਦੇਵਤਾ ਬਣਾ ਕੇ ਮੰਦਰ ਵਿਚ ਸਥਾਪਿਤ ਕਰ ਦਿੰਦੇ ਹਾਂ ਤਾਂ ਉਹ ਮਨੁੱਖਾਂ ਦੀ ਕਤਾਰ 'ਚੋਂ ਵੱਖ ਹੋ ਕੇ ਪੂਜਾ ਦੀ ਵਸਤੂ ਬਣ ਕੇ ਰਹਿ ਜਾਂਦਾ ਹੈ।"

ਇਸ ਰੌਸ਼ਨੀ 'ਚ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਇਹ ਫ਼ਖ਼ਰ ਹੈ ਕਿ ਸਿਰਫ਼ ਇਸ ਨੇ ਹੀ ਸ਼ਰਧਾ-ਵਸੀ ਤੋਂ ਰਹਿਤ ਭਗਤ ਸਿੰਘ ਬਿਲਗਾ ਦੀ ਅਗਵਾਈ ਵਿਚ ਗ਼ਦਰ ਪਾਰਟੀ ਅਤੇ ਉਸ ਤੋਂ ਉਪਜੀਆਂ ਲਹਿਰਾਂ ਦੀ ਇਨਕਲਾਬੀ ਵਿਰਾਸਤ ਨੂੰ ਸਿਰਫ਼ ਸੰਭਾਲਿਆ ਹੀ ਨਹੀਂ ਬਲਕਿ ਉਨ੍ਹਾਂ ਲਹਿਰਾਂ ਦੇ ਸਬਕਾਂ ਨੂੰ ਅਜੋਕੇ ਪ੍ਰਸੰਗ 'ਚ ਲਾਗੂ ਕਰਨ ਲਈ ਸੰਘਰਸ਼ਸ਼ੀਲ ਹੈ

ਅਤੇ ਇਸ ਵਿਰਾਸਤ ਨਾਲ ਜੁੜੀਆਂ ਉਨ੍ਹਾਂ ਸਭ ਇਨਕਲਾਬੀ ਤਾਕਤਾਂ ਤੇ ਲਹਿਰਾਂ ਨੂੰ ਹੋਕਾ ਦਿੰਦੀ ਹੈ ਗ਼ਦਰ ਪਾਰਟੀ ਦੇ ਨਿਸ਼ਾਨਿਆਂ ਦੀ ਪੂਰਤੀ ਲਈ ਇਕੱਠੇ ਹੋ ਕੇ ਹੰਭਲਾ ਮਾਰਨ ਤਾਂ ਕਿ ਦੇਸ਼ ਦੇ ਲੋਕਾਂ ਦੀ ਮੁਕਤੀ ਰਾਹੀਂ ਨਵੇਂ ਲੋਕ-ਪੱਖੀ ਸਮਾਜ ਦੀ ਸਿਰਜਣਾ ਲਈ ਅੱਗੇ ਵਧਿਆ ਜਾ ਸਕੇ।

ਦੇਸ਼ ਭਗਤ ਯਾਦਗਾਰ ਕਮੇਟੀ ਇਹ ਮਾਣ ਮਹਿਸੂਸ ਕਰਦੀ ਰਹੇਗੀ ਕਿ ਬਾਬਾ ਭਗਤ ਸਿੰਘ ਬਿਲਗਾ ਦੀ ਅਗਵਾਈ 'ਚ ਕਈ ਪੜਾਅ ਤਹਿ ਕੀਤੇ ਹਨ। ਗ਼ਦਰ ਪਾਰਟੀ ਦੀ ਪਹਿਲੀ ਸ਼ਤਾਬਦੀ 2013 ਨੂੰ ਮਨਾਉਣ ਸਮੇਂ ਅਤੇ ਭਵਿੱਖੀ ਗਤੀਵਿਧੀਆਂ ਮੌਕੇ ਬਾਬਾ ਭਗਤ ਸਿੰਘ ਬਿਲਗਾ ਜੀ ਦੀ ਸੋਚ ਅਤੇ ਸਮਝ ਸਾਡੇ ਅੰਗ-ਸੰਗ ਰਹੀ ਹੈ ਅਤੇ ਸਾਡਾ ਮਾਰਗ ਦਰਸ਼ਨ ਕਰਦੀ ਰਹੇਗੀ।

✲✲✲

# ਬਚਨਾਂ ਦਾ ਪੂਰਾ ਤੇ ਦਿਲ ਦਾ ਸੂਰਾ ਕਾਮਰੇਡ ਭਗਤ ਸਿੰਘ ਬਿਲਗਾ ਜੀ

- ਡਾ. ਜਸਵੰਤ ਸਿੰਘ ਕੰਵਲ

*ਜਨਣੀ ਜਣੇ ਤਾਂ ਭਗਤ ਜਨ, ਕੇ ਦਾਤਾ ਕੇ ਸੂਰ।*
*ਨਹੀਂ ਤਾਂ ਜਨਣੀ ਬਾਂਝ ਰਹੇ, ਕਾਹੇ ਗਵਾਏ ਨੂਰ।*

ਗ਼ੁਲਾਮੀ ਦਾ ਹਨੇਰ ਗੁਬਾਰ ਹਮੇਸ਼ਾ ਲਈ ਚੁੱਕਣ ਲਈ ਸਭ ਤੋਂ ਪਹਿਲਾਂ; ਚਾਨਣੀ ਲੋਅ ਦਾ ਲਲਕਾਰਾ ਮਾਰਿਆ ਨਾਮਧਾਰੀ ਸੂਰਮਿਆਂ। ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਮਾਰਦਿਆਂ, ਮਲੇਰਕੋਟਲੇ ਦੀ ਨਖਸਮੀ ਧਰਤੀ ਆਪਣੇ ਲਹੂ ਨਾਲ ਲਾਲੋ ਲਾਲ ਲਲਕਾਰੇ ਮਾਰਦੀ ਕਰ ਦਿੱਤੀ। ਸਾਰੇ ਸੂਰਮਿਆਂ ਛਾਲਾਂ ਮਾਰਦਿਆਂ ਇਕ ਦੂਜੇ ਤੋਂ ਅੱਗੇ ਵਧ-ਵਧ ਹਿੱਕਾਂ ਡਾਹੁੰਦਿਆਂ ਤੋਪਾਂ ਦੇ ਮੂੰਹ ਨੀਵੇਂ ਕਰ ਦਿੱਤੇ। ਅੱਗੇ ਵਧ-ਵਧ ਦਿੱਤੀਆਂ ਜਾ ਰਹੀਆਂ ਕੁਰਬਾਨੀਆਂ ਨੇ, ਅੰਗਰੇਜ਼ ਹਾਕਮਾਂ ਦੇ ਦੰਦ ਜੋੜ ਦਿੱਤੇ। ਏਥੋਂ ਤੱਕ ਕਿ ਇਕ ਨਾਬਾਲਗ ਮੁੰਡੇ ਨੇ ਪੈਰਾਂ ਹੇਠ ਇੱਟ ਰੱਖ ਕੇ ਖ਼ੂਨੀ ਤੋਪ ਦਾ ਮੂੰਹ ਨੀਵਾਂ ਕਰ ਦਿੱਤਾ। ਉਦੋਂ ਸਾਰਾ ਹਿੰਦੋਸਤਾਨ ਕੰਨਿਆ ਕੁਮਾਰੀ ਤੱਕ ਗ਼ੁਲਾਮੀ ਦੀ ਬੇਹੋਸ਼ੀ ਵਿਚ ਸੁੱਤਾ ਪਿਆ ਕੰਬ ਗਿਆ ਸੀ। ਨਾਮਧਾਰੀ ਸ਼ਹੀਦਾਂ ਦੀ ਕੁਰਬਾਨੀ ਨੇ ਇੰਗਲੈਂਡ ਦੀ ਸਾਰੀ ਪ੍ਰੈੱਸ ਨੂੰ ਤਰਥੱਲ ਖੜਾ ਕਰ ਦਿੱਤਾ ਸੀ। ਇਹ ਆਜ਼ਾਦੀ ਦੀ ਰੌਸ਼ਨੀ ਦਾ ਪਹਿਲਾ ਜਲਵਾਗ਼ਰ ਚੰਗਿਆੜਾ ਹੀ ਨਹੀਂ ਭੜਥੂ ਬਾਲ ਕੇ; ਖੱਬੀਖਾਨ ਅੰਗਰੇਜ਼ ਰਾਜ ਦੀਆਂ ਨੀਂਹਾਂ ਹਿਲਾ ਕੇ ਰੱਖ ਦਿੱਤੀਆਂ ਸਨ। ਨਾਮਧਾਰੀਆਂ ਦੀ ਇਸ ਲਹੂ ਲੁਹਾਣ ਕੁਰਬਾਨੀ ਨੇ ਲੋਕਾਂ ਦੇ ਦਿਲਾਂ ਵਿਚ ਆਜ਼ਾਦੀ ਦੀ ਜੰਗ ਦਾ ਭਾਂਬੜ ਬਾਲ ਕੇ ਰੱਖ ਦਿੱਤਾ ਜਦੋਂ ਸਾਰਾ ਹਿੰਦੋਸਤਾਨ ਗ਼ੁਲਾਮੀ ਦੀ ਨੀਂਦ ਵਿਚ ਬੇਹੋਸ਼ ਸੁੱਤਾ ਪਿਆ ਸੀ। ਆਜ਼ਾਦੀ ਦੀ ਸ਼ਾਨਦਾਰ ਫ਼ਸਲ ਲਈ ਨਾਮਧਾਰੀ ਸ਼ਹੀਦਾਂ ਦਾ ਉਬਾਲੇ ਖਾਂਦਾ ਲਹੂ ਅੰਗਰੇਜ਼ ਸਾਮਰਾਜ ਦੇ ਦਿਲ ਵਿਚ ਬਾਰੂਦ ਦਾ ਪਹਿਲਾ ਫ਼ਰਾਟਾ ਬਣ ਕੇ ਫਟਿਆ। ਨਾਮਧਾਰੀ ਸ਼ਹੀਦਾਂ ਨੇ ਆਜ਼ਾਦੀ ਦੀ ਜੰਗ ਵਿਚ, ਸਤਵੰਜਾ ਦੇ ਗ਼ਦਰ ਪਿੱਛੋਂ, ਪਹਿਲੀ ਕੁਰਬਾਨੀ ਦੇ ਕੇ ਤਾਰੀਖੀ ਬਹਾਦਰੀ ਦੀ ਤੜ ਮਾਰੀ ਸੀ। ਅੰਗਰੇਜ਼ ਹਕੂਮਤ ਦੀ ਪਾਰਲੀਮੈਂਟ ਦੀਆਂ ਨੀਂਹਾਂ ਤੱਕ ਹਿੱਲ ਗਈਆਂ ਸਨ। ਮੌਤ ਮੂੰਹੀਂ ਤੋਪਾਂ ਅੱਗੇ ਛਾਲਾਂ ਮਾਰ-ਮਾਰ ਆਉਂਦੇ ਨਾਮਧਾਰੀ ਸੂਰਮਿਆਂ ਨੇ ਅੰਗਰੇਜ਼ ਰਾਜ ਦੀਆਂ ਜੜ੍ਹਾਂ ਤੱਕ ਲੂੰ ਕੰਬਣੀਆਂ ਛੇੜ ਦਿੱਤੀਆਂ। ਪਰ ਲਾਹਨਤ ਕਾਂਗਰਸ ਸਰਕਾਰ ਨੂੰ ਜਿਸ ਆਜ਼ਾਦੀ ਦੇ ਸ਼ਹੀਦਾਂ ਨੂੰ ਇਤਿਹਾਸ ਵਿਚ ਬਣਦੀ ਪੂਰੀ ਥਾਂ ਤੱਕ ਨਹੀਂ ਦਿੱਤੀ। ਜ਼ਾਲਮ ਤੇ ਕਾਤਲ ਸਰਕਾਰ ਦੀ ਝੋਲੀ ਚੁੱਕਦੀ ਕਾਂਗਰਸ ਹੁਣ ਮਹਾਰਾਣੀ ਬਣ ਬੈਠੀ। ਅਜਿਹੇ ਮੌਕਾਪ੍ਰਸਤਾਂ ਨੂੰ ਇਤਿਹਾਸ ਲਾਹਨਤ ਹੀ ਦੇ ਸਕਦਾ ਹੈ।

ਦੂਜੇ ਉੱਠੇ ਕਨੇਡੀ ਪੰਜਾਬੀ ਸੂਰਮੇ, ਜਾਨਾਂ ਤਲੀ ਤੇ ਧਰ ਕੇ, ਜਿਹਨਾਂ ਦੀਆਂ ਫਾਂਸੀ ਸ਼ਹਾਦਤਾਂ ਨੇ ਊਂਘਦੇ ਦੇਸ਼ ਨੂੰ ਡੌਲਿਓਂ ਫੜ-ਫੜ ਹਲੂਣਿਆ ਤੇ ਜਗਾਇਆ ਉਹਨਾਂ ਬਲਕਾਰੀ ਪਰ ਸੁੱਤੇ ਸੂਰਮਿਆਂ ਨੂੰ ਇਕ ਅਣਖੀਲੀ ਅੰਗਰੇਜ਼ ਕੁੜੀ ਨੇ ਹੁੱਜ ਮਾਰ ਕੇ ਜਗਾਇਆ ਸੀ। ਸਾਡੇ ਭਲਿਆਂ ਨੂੰ, ਕੰਮ ਧੰਦੇ ਵਿਚ ਹਾਰੇ ਹੁੱਟਿਆਂ ਨੂੰ ਸੁਰਤ ਆਈ ; 'ਅਸੀਂ ਤਾਂ ਗ਼ੁਲਾਮ ਆਂ ਅੰਗਰੇਜ਼ਾਂ ਦੇ' ਇਕ ਸਾਫ਼ ਮਨ ਤੋਂ ਸੂਝਵਾਨ ਕੁੜੀ ਦੀ ਚੁਆਤੀ ਨੇ ਇਕ ਨਵੇਂ ਇਨਕਲਾਬ ਦਾ ਭਾਂਬੜ ਖੜਾ ਕਰ ਦਿੱਤਾ "ਅਸੀਂ ਤਾਂ ਅੰਗਰੇਜ਼ ਸਰਕਾਰ ਦੇ ਗ਼ੁਲਾਮ ਆਂ, ਅਤੇ ਸਾਲਿਓ, ਏਦੂੰ ਤਾਂ ਬੇਸ਼ਰਮੀ ਦੀ ਵਿਹੁ ਖਾ ਕੇ ਮਰ ਜਾਈਏ, ਗ਼ੁਲਾਮ ਤੇ ਸੁੱਕੇ ਬਾਲਣ ਨੂੰ ਲੱਗੀ ਚੁਆਤੀ ਨੇ ਲੋਕ-ਇਨਕਲਾਬ ਦੇ ਨਵੇਂ ਹਥਿਆਬੰਦ ਇਨਕਲਾਬ ਦਾ ਮੁੱਢ ਬੰਨ੍ਹ ਹਿਰਦੇ ਲਾਟ ਖੜੀ ਕਰ ਦਿੱਤੀ। ਸਮੇਂ ਦੇ ਅਣਕੂਲ ਕਹੀ ਬਾਤ (ਚੁਆਤੀ) ਕਈ ਵਾਰ ਬਾਰੂਦੀ ਗੋਲੀ ਨੂੰ ਪਿਛਾੜ ਜਾਂਦੀ ਹੈ। ਸੱਚੀ ਤੇ ਤਿੱਖੀ ਬਾਤ ਗੋਲੀ ਬਣਦੀ; ਕਨੇਡੀ ਸਾਹਸਵਾਰਾਂ ਦੇ ਸਿਰਾਂ 'ਤੇ ਜ਼ਮੀਰਾਂ ਨੂੰ ਵਿੰਨ੍ਹ ਕੇ ਅੰਦਰ ਖੰਜਰ ਬਣ ਕੇ ਰੜਕਣ ਲੱਗੀ। ਆਜ਼ਾਦੀ ਦੇ ਸੱਚ ਨੇ ਨੀਂਦਾਂ ਨਾਲ ਕੰਮ ਵੀ ਬੇਕਾਰ ਕਰਕੇ ਰੱਖ ਦਿੱਤੇ। "ਉਠੋ, ਜਾਗੋ ਗੁਰੂ ਗੋਬਿੰਦ ਸਿੰਘ ਦੇ ਭੋਲੇ ਲਾਡਲਿਓ! ਦੇਸ਼ ਦੀ ਗ਼ੁਲਾਮੀ, ਤੁਹਾਨੂੰ ਲਾਹਨਤਾ ਦੇ ਰਹੀ ਹੈ; ਹੋਕਰੇ ਮਾਰ ਰਹੀ ਹੈ। ਇਹ ਸਾਡੇ ਸਿਰ, ਦੇਸ਼ ਦੀ ਰਾਖਵੀਂ ਅਮਾਨਤ; ਅੱਜ ਸਾਰਾ ਦੇਸ਼ ਗ਼ੁਲਾਮੀ ਦੀ ਜਿੱਲ੍ਹਣ ਵਿਚ ਮੁੜ ਔਖੇ ਸਾਹ ਲੈ ਰਿਹਾ ਹੈ ਤੇ ਸਾਡੀ ਅਣਖ ਨੂੰ ਦੋਹਰੀਆਂ ਵੰਗਾਰਾਂ ਪਾ ਰਿਹਾ ਹੈ। ਚਲੋ ਮਾਰਚ ਕਰੀਏ; ਦਸ਼ ਦੀ ਗ਼ੁਲਾਮੀ ਤੋੜਨ ਲਈ, ਸਿਰਾਂ ਦੀ ਆਹੂਤੀ ਪੇਸ਼ ਕਰੀਏ। ਗ਼ੁਲਾਮੀ ਦਾ ਜੀਣਾ, ਸੌ ਨਰਕਾਂ ਦੇ ਦੋਜ਼ਖਾਂ ਤੋਂ ਵੀ ਮਾੜਾ। ਸੌਗੰਧਾਂ ਚੁੱਕ ਕੇ ਆਜ਼ਾਦੀ ਵਿਆਹੁਣ ਲਈ ਸ਼ਹਾਦਤਾਂ ਦੀ ਬਰਾਤ ਜੋੜੀਏ। ਉਠੋ, ਕਤਾਰਾਂ ਜੋੜੋ, ਸ਼ਹੀਦ ਬਾਪੂ ਦੀ ਕਰਨੀ ਨੂੰ ਸਿਰ ਮੱਥੇ ਕਬੂਲੀਏ ਤੇ ਕੁਰਬਾਨੀਆਂ ਨਾਲ ਪੂਰਿਆਂ ਕਰੀਏ।"

*"ਸੂਰਾ ਸੋ ਪਚਾਨੀਏ, ਜੋ ਲੜੇ ਦੀਨ ਕੇ ਹੇਤ।"*

ਸੋ, ਸੰਨ 14-15 ਦੇ ਮਤਵਾਲੇ ਸੂਰਮੇ, ਗ਼ੁਲਾਮੀ ਵਿਰੁੱਧ ਭੜਥੂ ਪਾਉਣ ਲਈ ਬਾਹਾਂ ਚਾੜ੍ਹ ਉੱਠ ਖਲੋਤੇ। ਨਵੇਂ ਇਨਕਲਾਬ ਦਾ ਸੂਰਜ, ਗੜਗੱਜਾਂ ਪਾਉਂਦਾ ਪੱਛਮੀ ਕਨੇਡਾ ਦੀ ਭਾਗਾਂ ਭਰੀ ਧਰਤੀ ਤੋਂ ਛਾਲਾਂ ਮਾਰਦਾ ਉੱਠ ਚੜ੍ਹਿਆ, ਉਹਨਾਂ ਅਣਖੀ ਸੂਰਮਿਆਂ ਨੇ ਸਿਰ ਤਲੀਆਂ 'ਤੇ ਧਰ ਕੇ ਆਜ਼ਾਦੀ ਦੀ ਵੰਗਾਰ ਦੀਆਂ ਸੌਹਾਂ ਚੁੱਕੀਆਂ। ਨਾਅਰਾ ਸੀ : "ਸਾਡਾ ਦੇਸ਼ ਆਜ਼ਾਦ ਹੋਵੇਗਾ ਜਾਂ ਸਾਡੀਆਂ ਗੁਰੂ ਅਮਾਨਤ ਜਾਨਾਂ, ਆਜ਼ਾਦੀ ਦੇ ਰਾਹ ਬੀਜੀਆਂ ਜਾਣਗੀਆਂ।" ਉਹਨਾਂ ਸਿੰਘ ਸੂਰਮਿਆਂ, ਸ਼ੇਰ ਪੁੱਤਰਾਂ ਊਂਘਦੀ ਤਾਰੀਖ ਨੂੰ ਭਰਪੂਰ ਅੰਗੜਾਈ ਵਿਚ ਮਾਨਮੱਤੀ ਲਲਕਾਰੇ ਤੇ ਜੈਕਾਰੇ ਛੱਡਦੀ ਖੜੀ ਕਰ ਦਿੱਤਾ। ਬਹਾਦਰ ਯੋਧਿਆਂ ਨੂੰ ਫਾਂਸੀਆਂ ਚਾੜ੍ਹਦਾ ਗੋਰਾ ਕੰਬ ਰਿਹਾ ਸੀ। ਕਾਲੇ ਪਾਣੀ ਭੇਜੇ ਅਣਖੀਲੇ ਜਵਾਨਾਂ ਨੇ ਆਲੇ ਦੁਆਲੇ ਦੇ ਸਮੁੰਦਰਾਂ ਵਿਚ ਇਨਕਲਾਬੀ ਲਾਟਾਂ ਖੜੀਆਂ ਕਰ ਦਿੱਤੀਆਂ। ਉਹਨਾਂ ਸੂਰਮਿਆਂ ਨੇ ਵੱਡੀ ਇਨਕਲਾਬੀ ਸੱਟ ਮਾਰ ਕੇ ਹਿੰਦੋਸਤਾਨ ਤਾਂ ਕੀ ਬਰਤਾਨਵੀ ਰਾਜ ਦੀਆਂ ਬੁਨਿਆਦੀ ਚੂਲਾਂ, ਹਿਲਾ ਕੇ ਰੱਖ ਦਿੱਤੀਆਂ। ਉਹਨਾਂ ਸੂਰਮਿਆਂ ਦਾ ਨਾਅਰਾ ਸੀ : "ਸਾਡੀਆਂ ਲੜਦੀਆਂ ਜਾਨਾਂ ਆਜ਼ਾਦੀ ਦਾ ਰਾਹ ਪੱਧਰਾ ਕਰਨਗੀਆਂ ਤੇ ਅੰਗਰੇਜ਼ ਦੀ ਸਮਾਪਤੀ ਦਾ ਖੱਫਣ ਬਣਨਗੀਆਂ।" ਗ਼ਦਰੀ ਜਵਾਨਾਂ ਤੋਂ ਬਾਬੇ ਉਭਰੇ ਇਨਕਲਾਬੀਆਂ ਦੀਆਂ ਕੁਰਬਾਨੀਆਂ ਨੇ ਆਜ਼ਾਦੀ ਦੀ ਪੱਕੀ ਨੀਂਹ ਰੱਖ ਦਿੱਤੀ; ਜਿਸ ਕੁਰਬਾਨੀ ਨੂੰ ਦੁਨੀਆ ਭਰ ਦੇ ਕਿਸਾਨਾਂ ਮਜ਼ਦੂਰਾਂ ਲਲਕਾਰੇ ਮਾਰਦਿਆਂ

ਸਲਾਮੀ ਦਿੱਤੀ। ਪਰ ਜਹਾਨੋ ਜਾਣੀ ਕਾਂਗਰਸ ਨੇ ਅਜ਼ਾਦੀ ਜਿੱਤਣ ਵਾਲੇ ਸੂਰਮੇ ਸ਼ਹੀਦਾਂ ਨੂੰ ਆਪਣੇ ਲਿਖਵਾਏ ਇਤਿਹਾਸ ਵਿਚ ਚੱਪਾ ਭਰ ਥਾਂ ਨਹੀਂ ਦਿੱਤੀ। ਗਾਂਧੀ ਨਹਿਰੂ ਦੇ ਗਾਣ ਗਾਉਂਦੀ ਰਹੀ।

ਗ਼ਦਰੀ ਸੂਰਮਿਆਂ ਦੀ ਕੁਰਬਾਨੀ ਨੂੰ ਸਿਰ ਪੈਂਦੀ ਸੱਟ ਸਮਝ ਕੇ ਕਾਂਗਰਸ ਰਾਜ ਨੇ ਇਤਿਹਾਸ ਤੇ ਸਕੂਲਾਂ ਕਾਲਜਾਂ ਦੀ ਤਾਰੀਖੀ ਪੜ੍ਹਾਈ ਨੂੰ ਬੜੀ ਚੁਸਤੀ ਨਾਲ ਸਾਫ਼ ਕਰ ਦਿੱਤਾ ਅਤੇ ਕਾਂਗਰਸੀ ਹੀਜੜਿਆਂ ਨੂੰ ਤਾਰੀਖੀ ਸੂਰਮੇ ਬਣਾ ਧਰਿਆ। ਸੋ ਆਪਣੇ "ਰਾਜ ਬਿਨਾ ਸਭ ਦਲੇ ਮਲੇ ਆਂ।" ਚੌਦਾਂ ਪੰਦਰਾਂ ਦੇ ਬੇਪ੍ਰਵਾਹ ਸੂਰਮਿਆਂ ਅਤੇ ਬੱਬਰ ਅਕਾਲੀ ਸ਼ਹੀਦਾਂ ਸਾਹਮਣੇ, ਕਾਂਗਰਸ ਦਾ ਰਾਜਸੀ ਰੋਲ ਆਜ਼ਾਦੀ ਦੀ ਸਾਰੀ ਵਾਟ ਅੰਗਰੇਜ਼ਾਂ ਦੀ ਝੋਲੀ ਚੁੱਕਦਾ ਰਿਹਾ ਹੈ। ਇਹ ਪਹਿਲਾ ਤਾਰੀਖੀ ਸਬਕ, ਕਿਉਂਕਿ ਮਹਾਤਮਾ ਵਿਚ ਭਾਰਤੀ ਲੋਕਾਂ ਦਾ ਅਟੁੱਟ ਵਿਸ਼ਵਾਸ ਸੀ। ਖ਼ੁਦ ਅੰਗਰੇਜ਼ ਨੇ ਕਾਂਗਰਸ ਨੂੰ ਪੜ੍ਹਾਇਆ ਸੀ ਤੇ ਉਸਨੂੰ ਪੱਕਾ ਕੀਤਾ। ਕਰਮ ਚੰਦ ਗਾਂਧੀ ਨੇ ਮਹਾਤਮਾ ਬਣ ਕੇ ਅੰਗਰੇਜ਼ਾਂ ਦੇ ਹੀ ਲੋਟੂ ਰੋਲ ਨੂੰ, ਦੇਸੀ ਬਣਾਇਆ ਮਹਾਤਮਾ ਗਾਂਧੀ ਨੇ। ਅੱਜ ਦਾ ਬੁਨਿਆਦੋਂ ਉਖੜਿਆ ਪੰਜਾਬ, ਤਾਰੀਖੀ ਸਚ ਝੂਠ ਦੀ ਸੁਖਾਲਿਆਂ ਹੀ ਸਹੀ ਪਛਾਣ ਦੱਸ ਸਕਦਾ ਏਂ। ਪਰ ਪੰਜਾਬੀ ਵਾਹੇ ਤੇ ਲੜਾਏ ਢੱਗੇ ਹਨ। ਆਪਣੀ ਜਿੱਤ ਹਾਰ ਦੇ ਪੱਖੋਂ ਅਣਗੌਲੇ ਬੇਪ੍ਰਵਾਹ। ਇਹਨਾਂ ਦੀ ਚੇਤ ਅਚੇਤ ਸੁਰਤੀ ਬਾਰੇ ਸ਼ਾਇਦ ਇਹਨਾਂ ਦਾ ਵਾਹਿਗੁਰੂ ਵੀ ਨਾ ਜਾਣੇ। ਗਾਂਧੀ ਨੇ ਸ਼ਾਂਤੀ ਦਾ ਅਜਿਹਾ ਝੁਰਲੂ ਫੇਰਿਆ; ਉਹਦੇ ਮਰੇ ਦੇ ਪੈਂਹਠ ਸਾਲ ਪਿੱਛੋਂ ਵੀ ਸਰਮਾਏਦਾਰੀ ਦੀ ਲੁੱਟ ਨੂੰ ਪੂਰੀ-ਪੂਰੀ ਵਫ਼ਾ ਕਰ ਰਿਹਾ ਹੈ। ਇਹਨਾਂ ਪੁੱਠੇ ਜਾਂਦਿਆਂ ਨੂੰ ਕੇਵਲ ਮਹਾਰਾਜਾ ਰਣਜੀਤ ਸਿੰਘ ਦੀ ਡਾਂਗ ਨੇ ਹੀ ਮਸੀਂ ਸਿੱਧੇ ਤੋਰਿਆ ਸੀ। ਹੁਣ ਇਕੋ ਅੱਖ ਸੁਲੱਖਣੀ ਵਾਲੇ ਰਣਜੀਤੇ ਨੂੰ ਕਿੱਥੋਂ ਲਿਆਈਏ? ਮਿਸਾਲ ਮਸ਼ਹੂਰ ਹੈ ਇਨ੍ਹਾਂ ਪੰਜਾਬੀਆਂ ਨੂੰ ਜਦੋਂ ਮਰਜੀ ਥਾਪੀ ਮਾਰ ਕੇ ਚੋ ਲਵੋ। ਕਰਮ, ਧਰਮ ਤੇ ਨੇਮ ਦੀ ਇਹ ਅਹੀ ਤਹੀ ਫੇਰਦੇ ਹਨ। ਸਹਿਤੀ ਹੀਰ ਨੂੰ ਕਹਿੰਦੀ ਸੀ :

*"ਅਨੀ ਭਾਬੀਏ ਉੱਠ ਕੇ ਖ਼ੈਰ ਘੱਤੀਂ, ਵਾਹ ਪੈ ਗਿਆ ਨਾਲ ਕਪੱਤਿਆਂ ਦੇ"*

ਆਜ਼ਾਦੀ ਦੀ ਲੜਾਈ ਤੇ ਹਾਰ ਵਿਚ ਲਲਕਾਰੇ ਮਾਰਦੇ ਖਾਮੋਸ਼ ਸੂਰਮੇ ਦੀ ਵਿਥਿਆ, ਕਮਾਲੋ ਕਮਾਲ ਕਰ ਗਈ। ਅਸੀਂ ਸਹੁਰੀ ਦੇ ਭੁਲੱਕੜ ਬਾਬੇ ਭਗਤ ਸਿੰਘ ਬਿਲਗੇ ਦੀਆਂ ਚੂੰਡੀਆਂ ਵੱਢਦੀ ਮਨੁੱਖੀ ਹਿੱਤਾਂ ਦੀ ਸਦਾ ਜਾਗਦੀ ਪ੍ਰੇਰਦੀ ਮੁਸਕਾਣ ਕਿਵੇਂ ਭੁੱਲ ਜਾਈਏ; ਅਸੀਂ ਸਹੁਰੀ ਦੇ ਭੱਜੜ ਤੇ ਗੁਨਾਹਗਾਰ ਹੋਵਾਂਗੇ। ਅਸਾਂ ਪੰਜਾਬੀਆਂ ਆਪਣੇ ਸਾਰੇ ਇਨਕਲਾਬੀ ਵਿਰਸੇ ਨੂੰ ਸਰਮਾਏਦਾਰੀ ਦੇ ਲਾਲਿਆਂ ਤਾਈਂ, ਸ਼ਾਬਾਸ਼ ਦੇ ਥੋਥੇ ਸ਼ਬਦਾਂ ਵਿਚ ਮੁਫ਼ਤ ਈ ਵੇਚ ਦਿੱਤਾ। ਇਸ 'ਸਾਬਾਸ਼' ਦੀ ਘਸੀ ਪਿੱਟੀ ਮਲਮਲੀ ਚਾਦਰ ਨਾ ਪੋਹ ਮਾਘ ਦਾ ਠੱਕਾ ਰੋਕੇ ਨਾ ਜੇਠ ਹਾੜ ਦੀ ਤਪਦੀ ਲੋ। ਬਸ ਸਾਰਿਆਂ ਨੂੰ ਇਕ ਰਾਹ ਲੱਭਾ ਏ; ਪੰਜਾਬ ਛੱਡ ਜਾਣ ਦਾ, ਭਗਤੂ ਸੂਰਮੇ ਨੇ ਬਾਹਾਂ ਚੁੱਕ ਕੇ ਭੱਜੇ ਜਾਂਦੇ ਪੰਜਾਬੀਆਂ ਨੂੰ ਲਲਕਾਰਿਆ :

"ਓਏ ਸੂਰਮੇ ਦੇਸ਼ ਭਗਤਾਂ ਦੇ ਪੁੱਤਰੋ! ਭਾਗੋ ਨਹੀ, ਦੁਨੀਆ ਕੋ ਬਦਲੋ।" ਉਸ ਦੋਹਾਈ ਪਾਈ : "ਆਪਣੀ ਮਿਹਨਤ ਦੀ ਮਮਤਾ ਤਿਆਗ ਕੇ ਭਰਿਆ ਨੂੰ ਹੋਰ ਉਛਾਲਾ ਦੇਣ ਚੱਲੇ ਓ। ਆਪਣੇ ਨੰਗੇ ਢਿੱਡ ਲੱਤਾਂ ਨੂੰ ਚੁੰਬੜੇ ਭੁੱਖੇ ਬਾਲਾਂ ਵੱਲ ਝਾਤੀ ਮਾਰੋ। ਜਿੱਥੇ ਕਮਾਈਆਂ ਕਰਨ ਚੱਲੇ ਓ ਉਹ ਤਾਂ ਆਪ ਡਾਇਣ ਐ। ਤੁਹਾਨੂੰ ਤਾਂ ਕੀ, ਤੁਹਾਡੇ ਗੁਰੂ ਇਤਿਹਾਸ ਤੱਕ ਨੂੰ ਸਣੇ ਸਲਰਿਆਂ

ਡਕਾਰ ਜਾਵੇਗੀ। ਜੇ ਗੁਰੂ ਸੋਚ ਦੀ ਚੂੰਡੀ ਖੁਰਕ ਕਰਦੀ ਐ; ਪਿਛਾਂਖੜ ਵੱਲ ਝਾਤੀ ਮਾਰੋ। ਬੇਰ ਡੁੱਲੇ ਈ ਐ, ਚੁਗ ਕੇ ਝੋਲੀ ਵੀ ਪਾਏ ਜਾ ਸਕਦੇ ਹਨ। ਬਿਲਗਾ ਬਾਂਹਾ ਚੁੱਕ-ਚੁੱਕ ਕੇ ਉਲਾਰਦਾ ਰਿਹਾ :-

ਪੰਜਾਬ ਉੱਤੇ ਬੜੀਆਂ ਖ਼ੂਨੀ ਹਨੇਰੀਆਂ ਝੁੱਲੀਆਂ ਏਂ। ਥੋੜੇ ਹੁੰਦਿਆਂ ਵੀ ਬਾਪੂਆਂ ਨੇ ਤੁਰਕਾਣੇ ਡਾਕੂਆਂ ਦੇ ਮੂੰਹ ਭਵਾਏ। ਦੇਸ਼ ਦੀਆਂ ਕੁਆਰੀਆਂ ਧੀਆਂ ਭੈਣਾਂ ਨੂੰ ਜ਼ਾਲਮ ਧਾੜਵੀਆਂ ਦੀਆਂ ਚੰਗਾੜਾਂ ਤੋਂ ਬਚਾਇਆ। ਪੰਜਾਬ ਦੇ ਸੂਰਮੇ ਪੁੱਤ ਬਣ ਕੇ ਰਾਖੀ ਕੀਤੀ। ਉਹਨਾਂ ਬਹਾਦਰਾਂ ਸਿਰ ਤਾਂ ਵਾਰ ਦਿੱਤੇ; ਪਰ ਇੱਜ਼ਤ ਤੇ ਅਣਖ ਰਾਖਵੀਂ ਕਰਕੇ ਘਰ ਰੱਖ ਲਈ। ਉਹਨਾਂ ਬਾਪੂਆਂ ਦੀ ਕੁਰਬਾਨੀ ਵੱਲ ਝਾਤ ਮਾਰੋ। ਤੁਸੀਂ ਦੇਸ਼ ਦੇ ਹੀ ਲੁਟੇਰਿਆਂ ਅੱਗੇ ਕਾਗੀ ਸੰਦ ਤੇ ਹਿਫਾਜ਼ਤੀ ਹਥਿਆਰ ਸੁੱਟ ਕੇ, ਮੁੜ ਗ਼ੁਲਾਮੀ ਦੇ ਪੈਰ ਜਾ ਫੜੇ, ਜਿਸ ਦੇ ਸੰਗਲ ਤੋੜਨ ਲਈ ਸਾਡੇ ਪੁਰਖਿਆਂ ਫਾਂਸੀਆਂ ਦੇ ਫੱਟੇ ਭੰਨ ਕੇ ਵਗਾਹੇ ਸੀ। ਸ਼ਹੀਦਾਂ ਦੀ ਤਾਰੀਖ ਤੁਹਾਨੂੰ ਰਾਤ ਦਿਨੇ ਲਾਹਨਤਾਂ ਪਾਉਂਦੀ ਹੈ। ਜੇ ਬੇਗਾਨੇ ਦੇਸ਼ ਆ ਗਏ ਹੋ; ਸੋਚ ਗਿਆਨ ਦੇ ਤੇਜ਼ ਧਾਰੇ ਤੇ ਆਪਣਾ ਸਾਰਾ ਜੰਗ ਲਾਹ ਕੇ ਮੁੜ ਲਿਸ਼ਕਾਰੋ ਬਲਕਾਰੋ। ਇਕ ਗੋਰੀ ਕੁੜੀ ਦੇ ਤੱਤੇ ਬੋਲਾਂ, ਚੌਦਾਂ ਪੰਦਰਾਂ ਦੇ ਗ਼ਦਰੀਆਂ ਬਾਬਿਆਂ ਦੇ ਦਿਲਾਂ ਅੰਦਰ ਆਜ਼ਾਦੀ ਦੇ ਭਾਂਬੜ ਬਾਲ ਦਿੱਤੇ ਸਨ। ਮੈਂ ਹੈਰਾਨ ਆਂ, ਤੁਸੀਂ ਆਜ਼ਾਦੀ ਦੀ ਭੱਠੀ ਦੇ ਲਾਲ ਸੂਹੇ ਲੋਹੇ ਤੋਂ ਬਰਫ ਦੇ ਡਲੇ ਕਿਵੇਂ ਹੋ ਗਏ? ਉਏ ਭੁੱਲੜੋ ਸ਼ਹੀਦ ਬਾਪੂਆਂ ਦੀਆਂ ਲਲਕਾਰੇ ਮਾਰਦੀਆਂ ਆਵਾਜ਼ਾਂ, ਤੁਹਾਨੂੰ ਰਾਤ ਦਿਨੇ ਹੁੱਜਾਂ ਮਾਰ ਰਹੀਆਂ ਨਹੀਂ ਮਹਿਸੂਸ ਹੁੰਦੀਆਂ ਪਰ ਤੁਸਾਂ ਦੇਸ਼ਾਂ ਪਰਦੇਸਾਂ ਵਿਚ ਵੀ ਸਦੀਆਂ ਦੀ ਗ਼ੁਲਾਮੀ ਦਾ ਡਕਾਰ ਤੱਕ ਨਹੀਂ ਮਾਰਿਆ। ਦਸਵੇਂ ਪਾਤਸ਼ਾਹ ਨੂੰ ਵਖਤ ਪਏ ਤੋਂ ਸਿੰਘ ਬੇਦਾਵਾ (ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ) ਦੇ ਕੇ ਆਨੰਦਪੁਰ ਛੱਡ ਆਏ ਸਨ। ਵਖਤ ਪਏ ਤੋਂ ਹੀ ਕੌਮਾਂ ਦੇ ਸਿਦਕਾਂ ਦੇ ਨਿਤਾਰੇ ਹੁੰਦੇ ਹਨ। ਇਕ ਮਰ ਕੇ ਸਦਾ ਜੀਂਦੇ ਹੋ ਜਾਂਦੇ ਹਨ। ਇਕ ਜੀਂਦੇ ਹੀ ਮਰੇ ਤੁਰੇ ਫਿਰਦੇ ਹਨ। ਸੋ ਫੈਸਲਾ ਕਰੋ, ਤਿੱਖੀ ਤੱਤੀ ਤਲਵਾਰ ਨੂੰ ਸੀਨੇ ਲਾਉਣਾ ਏਂ, ਜਾਂ ਗਿੱਦੜਾਂ ਗ਼ਦਾਰਾਂ ਦੀ ਜਹਾਲਤੀ ਮੌਤ ਮਾਰਨਾ ਹੈ? ਤੁਸਾਂ ਉੱਠ ਕੇ ਹੁੰਗਾਰਨਾ ਨਹੀਂ; ਤਦ ਕੁਰਬਾਨੀ ਭਰੀ ਗੁਰ ਮਰਿਆਦਾ ਨੇ ਯਕੀਨਨ ਸਦਾ ਲਈ ਕਬਰ ਪੈ ਜਾਣਾ ਹੈ ਤੇ ਦੁਸ਼ਮਣ ਸਰਮਾਏਦਾਰੀ ਨੇ ਸਬੂਤੀ ਕੌਮ ਨੂੰ ਹੀ ਨਿਗਲ ਜਾਣਾ ਹੈ। ਮੈਂ ਬਿਲਗਾ, ਬਾਂਹ ਚੁੱਕ ਕੇ ਦੋਹਾਈ ਪਾ ਰਿਹਾ ਆਂ : ਪੰਜਾਬ ਖਿੱਲਰ ਨਹੀਂ ਰਿਹਾ, ਇਸ ਨੂੰ ਗੁੱਝੀ ਤੇ ਚੁੱਪ ਕੀਤੀ ਚਾਲ ਨਾਲ, ਹਰ ਪੱਖੋਂ ਤੋੜ ਮਰੋੜ ਕੇ ਖਿਲਾਰਿਆ ਜਾ ਰਿਹਾ ਹੈ। ਅਣਖ ਵਾਲੀਆਂ ਚੰਦ ਮੂਹੀਆਂ ਨੂੰ ਏਧਰ ਓਧਰ ਖਿਲਾਰ ਦਿਓ; ਬਾਕੀ ਤਾਂ ਆਖੇ ਲੱਗ ਘਾਹ ਫੂਸ ਵਗਾਰੀ ਹੀ ਰਹਿ ਜਾਣਗੇ। ਫਿਰ ਮਨਮਰਜੀ ਦੀ ਲੁੱਟ ਕਰੀ ਚਲਿਓ, ਕੋਈ ਰੋਕ ਟੋਕ ਵਾਲਾ ਟੋਟਰੂ ਨਹੀਂ ਰਹੇਗਾ। ਇਸ ਲੁੱਟ ਪਲਾਣ ਦੀ ਦੋਹਾਈ ਬਾਬਾ ਬਿਲਗਾ ਵੈਦ ਰੋਗੀਆਂ ਦਾ ਸਾਰੀ ਉਮਰ ਪਾਉਂਦਾ ਰਿਹਾ।

ਮੈਂ ਮੁੜ ਚਲਦਾ ਆ, ਗ਼ਦਰੀ ਬਾਬਿਆਂ ਦੀ ਰਹਿਮਤ ਵੱਲ, ਉਹ ਸਨ ਇਤਿਹਾਸ ਦੇ ਸੂਰਮੇ, ਗ਼ੁਲਾਮੀ ਵਿਰੁੱਧ ਸਿੱਧੀ ਲਲਕਾਰਵੀਂ ਲੜਾਈ ਲੜਨ ਵਾਲੇ ਸੂਰਮੇ। ਉਹਨਾਂ ਅਣਖੀਆਂ ਸਿਰ ਤਲੀ 'ਤੇ ਧਰ ਕੇ ਸੁਗੰਧਾਂ ਚੁੱਕੀਆਂ। ਉਹਨਾਂ ਦਾ ਸਪੱਸ਼ਟ ਨਾਅਰਾ ਸੀ: ਸਾਡਾ ਦੇਸ਼ ਆਜ਼ਾਦ ਹੋਵੇਗਾ; ਜਾਂ ਸਾਡੀਆਂ ਜਾਨਾਂ ਆਜ਼ਾਦੀ ਦਾ ਰਾਹ ਪੱਧਰਾ ਕਰਨਗੀਆਂ। ਜੋ ਤਾਰੀਖੀ ਰੋਲ ਉਨ੍ਹਾਂ ਪੂਰੇ ਸੂਰੇ ਦਿਲ ਨਾਲ ਨਿਭਾਇਆ; ਉਸ ਨੂੰ ਭੁੱਖੀ ਕਾਂਗਰਸ ਸਿਰ ਪੈਂਦੀ ਸੱਟ ਸਮਝ ਕੇ 'ਅਊਂ

ਗਊ" ਹੀ ਕਰ ਗਈ। ਜਿਸ ਵਿਲੱਖਣੀ ਸ਼ਾਨ ਨਾਲ ਅੱਗੇ ਵਧ-ਵਧ, ਉਹਨਾਂ ਫਾਂਸੀਆਂ ਦੇ ਰੱਸੇ ਤੋੜੇ ਗਾਂਧੀ ਨਹਿਰੂ ਦੀ ਸੋਚ ਤਾਂ ਉਹਨਾਂ ਦੀ ਕੁਰਬਾਨੀ ਦੇ ਪੈਰ ਚਿੰਨ੍ਹਾਂ ਬਰਾਬਰ ਵੀ ਨਹੀਂ ਆਉਂਦੀ। ਉਹਨਾਂ ਆਜ਼ਾਦੀ ਦੀ ਤਾਰੀਖ ਨੂੰ ਬਹਾਦਰੀ ਦੀ ਆਖਰੀ ਹੱਦ ਤੱਕ ਝੰਜੋੜਾ ਦਿੱਤਾ। ਇਕ ਵੀ ਸੂਰਮਾ ਘੇ-ਯੱਕਾ ਵਲ ਝਾਕਿਆ ਤੱਕ ਨਹੀਂ। ਜਵਾਨ ਲਲਕਾਰੇ ਮਾਰਦੇ "ਬ੍ਰਿਟਿਸ਼ ਸਰਕਾਰ ਮੁਰਦਾਬਾਦ" ਦੇ ਨਾਅਰੇ ਮਾਰਦੇ ਫਾਂਸੀ ਦੇ ਰੱਸਿਆਂ ਨਾਲ ਝੂਟਦੇ ਰਹੇ। ਗ਼ਦਰੀ ਫਾਂਸੀਆਂ ਤੇ ਇਨਕਲਾਬੀ ਅਕਾਲੀਆਂ ਦੀਆਂ ਫਾਂਸੀਆਂ ਤੋਂ ਗਾਂਧੀ ਅੰਦਰੋਂ ਹਿੱਲ ਗਿਆ। ਪੰਜਾਬ ਦੇ ਸਿਰਲੱਥ ਇਨਕਲਾਬੀਆਂ ਨੂੰ ਪੋਚੇ ਮਾਰਦਾ ਨਾਲ ਜੋੜਦਾ ਰਿਹਾ। ਇਹ ਗਾਂਧੀ ਹੀ ਸੀ, ਜਿਹੜਾ ਪੰਜਾਬ ਦੇ ਇਨਕਲਾਬੀ ਜੋਸ਼ ਉੱਤੇ ਸ਼ਾਂਤਮਈ ਦਾ ਠੰਢਾ ਪਾਣੀ ਪਾ ਗਿਆ। ਪੰਜਾਬ ਦੇ ਇਨਕਲਾਬੀ ਜੋਸ਼ ਉੱਤੇ ਠੰਡਾ ਪਾਣੀ ਪਾਉਣ ਵਾਲਾ ਗਾਂਧੀ ਹੀ ਸੀ ਜਿਸ ਨਾਲ ਤੱਤੇ ਅਕਾਲੀ ਵੀ ਠੰਢੇ ਪਾਣੀ ਵਿਚ ਬਹਿ ਗਏ।

ਸੋਚ ਪੱਖੋਂ ਬਾਬਾ ਬਿਲਗਾ, ਬੇਹੱਦ ਸਿਰੜੀ ਤੇ ਹਾਲਾਤ ਦੀਆਂ ਹੇਰੀਆਂ ਫੇਰੀਆਂ ਤੋਂ ਹਰ ਤਰ੍ਹਾਂ ਪਰਪੱਕ ਜਾਣੂ ਹੋ ਚੁੱਕਾ ਸੀ। ਬਾਹਰ ਜਨੂਬੀ ਅਮਰੀਕਾ ਵਿਚ ਦਸੌਂਟੇ ਕੱਟਦਿਆਂ, ਦੁਨੀਆਂ ਦੇ ਬੇਪਰਵਾਹ ਧੱਕੇ ਖਾਂਦਿਆਂ, ਦੇਸ਼ ਦੀ ਆਜ਼ਾਦੀ ਲਈ ਪੱਕਾ ਮਨ ਬਣਾ ਚੁੱਕਾ ਸੀ। ਉਸ ਜਾਚਿਆ ਜਿਸ ਤਰ੍ਹਾਂ ਦੀ ਅਜ਼ਾਦੀ ਆਈ; ਉਹ ਕਿਰਤੀ ਲੋਕਾਂ ਨਾਲ ਲਾਰੇ ਲੱਪੇ ਲਾਉਂਦੀ ਮੁਕੰਮਲ ਠੱਗੀ ਮਾਰ ਗਈ। ਇਸ ਫਰਾਡ ਠੱਗੀ ਦੀ ਉਸ ਸਮੇਂ ਦੇ ਸਾਡੇ ਆਗੂਆਂ ਨੂੰ ਵੀ ਸਮਝ ਨਹੀਂ ਆਈ ਸੀ। ਹਿਟਲਰ ਦੇ ਸੋਵੀਅਤ ਯੂਨੀਅਨ ਉੱਤੇ ਹਮਲਾ ਕਰਨ ਨਾਲ ਕਮਿਊਨਿਸਟ ਆਗੂਆਂ ਨੇ ਵੀ ਆਜ਼ਾਦੀ ਦਾ ਪੈਂਤੜਾ ਪਿੱਛੇ ਪਾ ਕੇ ਅੰਗਰੇਜ਼ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਉਸ ਸਮੇਂ ਸੁਭਾਸ਼ ਚੰਦਰ ਦਾ ਅੰਗਰੇਜ਼ਾਂ ਵਿਰੁੱਧ ਲੜਨਾ ਸਹੀ ਸਟੈਂਡ ਸੀ। ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਜੇਲ੍ਹ ਵਿਚੋਂ ਅੰਗਰੇਜ਼ਾਂ ਵਿਰੁੱਧ ਗ਼ਦਰ ਕਰਨ ਲਈ ਪਾਰਟੀ ਵਾਲਿਆਂ ਨੂੰ ਲਲਕਾਰਿਆ ਕਿ ਹੁਣ ਗ਼ਦਰ ਕਰਕੇ ਦੇਸ਼ ਅਜ਼ਾਦ ਕਰਾਉਣ ਦਾ ਤੱਤਾ ਮੌਕਾ ਹੈ, ਸੱਟ ਮਾਰੀ ਜਾਵੇ। ਪਰ ਉਸ ਮੌਕੇ ਦੀ ਭਲੀ ਸੋਚ ਨੂੰ ਕਾਮਰੇਡਾਂ ਅਜਾਈਂ ਗਵਾ ਦਿੱਤਾ। ਅੰਗਰੇਜ਼ ਸਰਕਾਰ ਕਾਂਗਰਸ, ਮੁਸਲਿਮ ਲੀਗ ਤੇ ਕਮਿਊਨਿਸਟ ਪਾਰਟੀਆਂ ਨੂੰ ਹੱਥਾਂ ਵਿਚ ਲੈ ਕੇ ਬੇਫਿਕਰ ਹੋ ਗਈ। ਅੰਗਰੇਜ਼ਾਂ ਨੇ ਆਪਣੇ ਪਿੱਠੂ ਸਰਮਾਏਦਾਰਾਂ ਨਾਲ ਸਮਝੌਤਾ ਕਰਕੇ ਆਪਣਾ ਸਾਰਾ ਲੱਗਾ ਸਰਮਾਇਆ ਕੌਡੀ-ਕੌਡੀ ਕਰਕੇ ਬਚਾ ਲਿਆ। ਭਾਰਤੀ ਸਰਮਾਏਦਾਰਾਂ ਨੂੰ ਜੰਗ ਪਿੱਛੋਂ ਮੁਫ਼ਤ ਵਿਚ ਰਾਜ ਭਾਗ ਮਿਲ ਗਿਆ। ਪੰਜਾਬ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲਾ, ਬੇਗੁਨਾਹ ਛੇ ਲੱਖ ਕਿਰਤੀ ਕਾਮਿਆਂ ਦੀ ਅਟਾ ਸਟਾ ਗਿਣਤੀ ਵਿਚ ਦੋਹੀਂ ਧਿਰੀਂ ਕਤਲ ਕਰ ਦਿੱਤਾ ਗਿਆ। ਇਹ ਕਤਲੇਆਮ ਅੰਗਰੇਜ਼ਾਂ ਨੇ ਆਪਣਾ ਲੱਗਾ ਸਰਮਾਇਆ ਬਚਾਉਣ ਲਈ ਕਰਵਾਈ। ਜਿਸ ਵਿਚ ਕਾਂਗਰਸ ਤੇ ਮੁਸਲਿਮ ਲੀਗ ਦੇ ਆਗੂ ਬਰਾਬਰ ਕਾਤਲ ਸਨ। ਇਸ ਤਰ੍ਹਾਂ ਦੀ ਆਜ਼ਾਦੀ ਦੁਨੀਆ ਦੇ ਕਿਸੇ ਦੇਸ਼ ਨੂੰ ਨਹੀਂ ਮਿਲੀ ਸੀ। 'ਫਿਰ ਤਾਲੋਂ ਘੁੱਥੀ ਡੂਮਣੀ ਬੋਲੇ ਆਲ ਪਤਾਲ' ਇਹ ਹਾਲ ਹੋ ਗਿਆ ਇਨਕਲਾਬ ਲਿਆਉਣ ਵਾਲੀ ਪਾਰਟੀ ਦਾ; ਜਿਹੜੀ ਲੋਕਾਂ ਦੇ ਮਨਾਂ ਤੋਂ ਹੋਰ ਪਿਛਾਖੜੀ ਗਈ।

ਬਿਲਗਾ ਜੀ ਨਾਲ ਰਹਿ ਕੇ, ਇੰਗਲੈਂਡ ਫਿਰਦਿਆਂ ਮੈਨੂੰ ਬੜਾ ਸੰਤੋਖ ਮਿਲਿਆ ਸੀ। ਐਨਾ ਲੰਮਾ ਠਰੰਮ੍ਹਾ ਵਾਹ ਕਮਾਲ ਗੱਲ ਪੂਰੀ ਤੋਲਵੀਂ ਜਚਦੀ ਤੇ ਦਿਲ ਲੱਗਦੀ। ਪਤਾ ਨਹੀਂ

ਐਨੀਆਂ ਡੂੰਘੀਆਂ ਸਿਆਣਪਾਂ ਕਿੱਥੋਂ-ਕਿੱਥੋਂ ਇਕੱਠੀਆਂ ਕਰਦੇ ਰਹੇ। ਖ਼ਤਰਿਆਂ ਵਿਚ ਵੀ ਉਹਨਾਂ ਨੂੰ ਘਬਰਾਉਂਦਿਆਂ ਨਹੀਂ ਵੇਖਿਆ। ਉਹਨਾਂ ਕੋਲ ਠਰੰਮ੍ਹੇ ਦਾ ਵੱਡਾ ਹਥਿਆਰ ਸੀ। ਆਪੇ ਤੋਂ ਬਾਹਰ ਹੋਈ ਆਕੜ ਨੂੰ ਮੁਸਕਾਂਦੀ ਸਿਆਣਪ ਨਾਲ ਠਾਰ ਲੈਂਦੇ ਸਨ। ਉਹਨਾਂ ਕੋਲ ਥੋੜ੍ਹੀ ਦੇਰ ਹੀ ਚੁੱਪ ਸਿਆਣਪ, ਵਿਗੜਿਆ ਮਾਹੌਲ ਸ਼ਾਂਤ ਕਰ ਲੈਂਦਾ ਸੀ। ਉਹ ਪੜ੍ਹੇ ਥੋੜਾ, ਪਰ ਗੁੜ੍ਹੇ ਬਹੁਤਾ ਸਨ। ਪਤਾ ਨਹੀਂ ਤਜ਼ਰਬਿਆਂ ਦੀ ਕਿੰਨੀ ਵੱਡੀ ਪੰਡ ਚੁੱਕੀ ਫਿਰਦੇ ਸਨ। ਫਿਰ ਛੋਟੀ ਜਿਹੀ ਦਲੀਲ ਨਾਲ ਬਰਾਬਰ ਚੱਲਦੇ ਸਾਥੀ ਨੂੰ ਹਮਖਿਆਲ ਕਰ ਲੈਂਦੇ ਸਨ। ਉਹ ਆਪਣੀ ਬਹੁਤੀ ਚੁੱਪ ਵਿਚ ਕਮਾਲ ਦੇ ਇਲਮਦੀਨ ਸਨ। ਉਹ ਕੁਨੈਣ ਪਿਛੋਂ ਗੁੜ ਦੀ ਮਿਠਾਸ ਵੀ ਦਿੰਦੇ ਸਨ। ਉਹਨਾਂ ਦਾ ਮੋਢੇ ਤੇ ਫਿਰਦਾ ਹੱਥ, ਆਕੜੇ ਗੁੱਸੇ ਨੂੰ ਆਪਣੇ ਨਾਲ ਤੋਰ ਲੈਂਦਾ। ਵਿਚਾਰਾਂ ਦੀ ਗਰਮ ਬਹਿਸ ਨਾਲੋਂ, ਉਹਨਾਂ ਦੀ ਹਲੀਮੀ ਮਿਲਵਰਤਨ ਬੱਲੇ ਬੱਲੇ ਸੀ। ਉਹਨਾਂ ਦੀ ਇਸ ਤਰ੍ਹਾਂ ਦੀ ਮਿਲਵਰਤਨ ਵੇਖ ਕੇ ਮੈਂ ਲੁਕਵੀਆਂ ਮੁਸਕਾਣਾਂ ਨਾਲ ਖਿੜ-ਖਿੜ ਜਾਂਦਾ ਸਾਂ। ਉਹਨਾਂ ਦੇ ਖਾਮੋਸ਼ ਗੁਣਾ ਦਾ ਗੁੱਥਲਾ ਸਦਾ ਭਾਰਾ ਹੀ ਰਿਹਾ। ਮੈਂ ਸਾਰੀਆਂ ਮਿਲਣੀਆਂ ਵਿਚ ਆਪੇ ਤੋਂ ਬਾਹਰ ਹੋਏ ਉਹਨਾਂ ਨੂੰ ਕਦੇ ਨਹੀਂ ਵੇਖਿਆ, ਉਹ ਐਨ ਸਹਿਣਸ਼ੀਲ ਖਾਮੋਸ਼, ਸਿਆਣਪ ਦਾ ਵਗੀ ਜਾਂਦਾ ਦਰਿਆ ਸੀ। ਕਿਸੇ ਉਖੜੇ ਨੂੰ ਸਥਿਰ ਕਰਨ ਵਿਚ ਉਹਨਾਂ ਦੀ ਖਾਮੋਸ਼ੀ ਕਮਾਲ ਦੀ ਜਾਦੂਗਰ ਸੀ। ਮੈਂ ਇਕ ਗੱਲ ਉਹਨਾਂ ਤੋਂ ਸਿੱਖੀ : ਹਲੀਮੀ, ਵੱਡੀ ਤੋਂ ਵੱਡੀ ਫੰਨੇ ਖਾਂ ਸਿਆਣਪ ਨੂੰ ਢਾਹ ਲੈਂਦੀ ਐ। ਇਹ ਵੱਡ-ਮਹਾਤਮਾ ਗੁਣ ਮੈਂ ਬਹੁਤ ਘਟ ਆਗੂਆਂ ਵਿਚ ਵੇਖਿਆ ਤੇ ਪਰਤਾਇਆ ਹੈ। ਮੈਂ ਉਹਨਾਂ ਤੋਂ ਹੀ ਇਕ ਪਾਏਦਾਰ ਗੱਲ ਸਿੱਖੀ। ਵੱਡੇ ਤੋਂ ਵੱਡੇ ਅਸੂਲ ਨਾਲੋਂ ਅਮਲ ਮਹਾਨ ਹੁੰਦਾ ਏ। ਸਾਡਾ ਇਕ ਮਜ਼੍ਹਬੀ ਸੀਰੀ ਗਾਉਂਦਾ ਹੁੰਦਾ ਸੀ : 'ਜਾਚਾਂ ਬੀਰ ਦੀਆਂ, ਤੂੜੀ ਵਾਲੇ ਅੰਦਰੋਂ ਥਿਆਈਆਂ।"

ਉਹਨਾਂ ਦਾ ਇਕ ਸਹਿਜ ਫਿਕਰਾ ਹੁੰਦਾ ਸੀ : ਚੁੱਪ ਕੀਤੀ ਸੋਚ ਨਾਲੋਂ ਤੁਰਦੇ ਜਾਣ ਦਾ ਅਮਲ, ਗਿਆਨ ਨੂੰ ਢਾਹ ਲੈਂਦਾ ਹੈ ਜਾਂ ਨਵਾਂ ਗਿਆਨ ਪੈਦਾ ਕਰ ਲੈਂਦਾ ਹੈ। ਸੋ ਕਰਮ ਹੀ ਕਰਾਮਾਤ ਹੈ। ਕਿੱਸਾ ਕੋਤਾ, ਵਿਚਾਰਾਂ ਦੀ ਘੜਮਸ ਵਿਚ ਵੀ ਉਹਨਾਂ ਸਾਰਥਿਕ ਕਦਮਾਂ ਦੇ ਅਮਲ ਨੂੰ ਨਹੀਂ ਰੋਕਿਆ। ਉਹਨਾਂ ਦਾ ਤੱਤ ਸੀ : ਕਰਮ ਹੀ ਗਿਆਨ ਸਿਧਾਂਤ ਦਾ ਪਿਤਾਮਾ ਹੈ। ਉਹ ਬੁੱਢਾ ਬਾਬਾ ਸਬਰਾਲੇ ਕਰਮ ਖੇਤ ਦਾ ਕਰਮਕਾਂਡੀ ਕਮਿਊਨਿਸਟ ਸੀ। ਜੀਂਦਾ ਰਹੇਗਾ ਉਹ ਧੀਰਜਧਰ ਪਿਤਾਮਾ! ਐਨੇ ਸਬਰ ਧੀਰਜ ਵਾਲਾ ਜੋਧਾ ਵੱਡਭਾਗੀ ਮਾ ਨੇ ਜਨਮਿਆ, ਉਸ ਨੂੰ ਵੀ ਸਦਪਰਨਾਮ। ਉਹ ਮਾਰਕਸੀ ਰਾਹ ਤੁਰਦੇ ਨਾ ਥੱਕੇ ਤੇ ਨਾ ਹੀ ਕਦੇ ਘਬਰਾਏ। ਹਰ ਨਿਰਾਸਤਾ ਨੂੰ ਜੋਸ਼ੀਲੇ ਅਮਲ ਨਾਲ ਵਿਆਹੁੰਦੇ ਗਏ। ਉਹ ਆਖਦੇ ਸਨ : "ਮੈਨੂੰ ਪਤਾ ਹੀ ਨਹੀਂ ਜੁਆਨੀ ਕਦੋਂ ਆਈ ਤੇ ਕਦੋਂ ਚਲੀ ਗਈ। ਯਾਰੀ ਲਾ ਬੈਠੇ ਇਨਕਲਾਬ ਨਾਲ, ਉਸ ਪਤੰਦਰ ਨੇ ਹੱਥ ਫੜਾਇਆ ਨਹੀਂ, ਅਸਾਂ ਹਿੰਡੀਆਂ ਵੀ ਰਾਹੋਂ ਵਗਣਾ ਛੱਡਿਆ ਨਹੀਂ। ਸੋ ਚੱਲ ਸੋ ਚੱਲ ਦੀ ਹਿੰਡ ਜਾਰੀ ਹੈ। ਪਰ ਜਿਹਨਾਂ ਇਹ ਮਾਖੋ ਰਸ ਚੱਖਿਆ ਹੀ ਨਹੀਂ; ਉਹ ਲੋਕ ਸੇਵਾ ਦਾ ਅਨੰਤ ਸੁਆਦ ਕੀ ਜਾਨਣ।

*"ਲੱਗੀਆਂ ਧੁਰ ਦਰਗਾਹ ਦੀਆਂ, ਆਸ਼ਕ ਮੁੜੇ ਨਾ ਅੱਧ ਵਿਚਕਾਰ ਵਿਚੋ।"*

ਉਸ ਦਾ ਹਿੰਡੀ ਵਿਸ਼ਵਾਸ ਕਦੇ ਘਬਰਾਇਆ ਨਹੀਂ। ਵਿਗੜਦੇ ਹਾਲਾਤ ਪੈਰ ਉਖੜਵੇਂ ਧੱਕੇ ਮਾਰਦੇ ਰਹੇ; ਪਰ ਵਿਸ਼ਵਾਸ ਦੀ ਪੱਧਰ ਨੇ ਸਾਰੀਆਂ ਉਚਾਣਾਂ ਨਿਵਾਣਾ ਢਾਹ ਮਾਰੀਆਂ।

ਇਨਕਲਾਬ-ਯਾਰ ਦੇ ਰਾਹ ਦੀਆਂ ਵਾਟਾਂ ਵੀ ਸਾਨੂੰ ਪਿਆਰੀਆਂ। ਔਖਾਂ ਹਨੇਰੀਆਂ ਬੇਪ੍ਰਵਾਹ ਵਗੀਆ, ਪਰ ਸਾਡਾ ਜਾਨੀ ਘਬਰਾਇਆ ਨਹੀਂ। ਉਸ ਅਣਹੋਣੀਆਂ ਨੂੰ ਸਬਰ ਦਾ ਮੱਥਾ ਲਾ ਕੇ ਜਿੱਤਿਆ। ਸ਼ਾਂਤ ਸੁਭਾਅ ਨਾਲ ਵੀ ਇਨਕਲਾਬੀ ਕਦਮਾਂ ਨੂੰ ਅੱਗੇ ਹੀ ਵਧਾਇਆ। ਯਾਰੀ ਸਿਰਧੜ ਦੀ ਲਾ ਕੇ ਪਿਛੇ ਮੁੜ ਕੇ ਨਹੀਂ ਦੇਖਿਆ। ਕਾਹਲੇ ਤੇ ਗਰਮ ਅਸ਼ਾਂਤ ਕਦਮਾਂ ਨਾਲੋਂ, ਠਰੰਮ੍ਹੇ ਵਾਲੀ ਰਫ਼ਤਾਰ ਨੂੰ ਤਰਜ਼ੀਹ ਦਿੱਤੀ। ਇਸ ਤਰ੍ਹਾਂ ਦੀ ਤਹੱਮਲ ਮਿਜਾਜ਼ੀ ਵਾਲਾ ਮਹਾਂਪੁਰਖ ਮੇਰੀ ਜ਼ਿੰਦਗੀ ਵਿਚ ਨਹੀਂ ਆਇਆ ਸੀ। ਇਸ ਚਲੋ ਚਾਲ ਵਿਚ ਕੀੜੀ, ਹਾਥੀ ਦੀ ਚਾਲ ਨੂੰ ਮਾਤ ਦੇ ਗਈ ਸੀ। ਜਿੱਥੇ ਪਾਰਟੀ ਵਿਚਾਰਾਂ ਨਾਲ ਸੰਮਤੀ ਨਹੀਂ ਬਣੀ, ਖਾਮੋਸ਼ੀ ਧਾਰ ਲਈ। ਪਾਰਟੀ ਗ਼ਲਤ ਪਾਲਸੀ ਨਾਲ ਉਖੜ ਗਈ, ਉਸ ਦੇ ਆਗੂਆਂ ਨੂੰ ਉਲਾਂਭਾ ਨਹੀਂ ਦਿੱਤਾ। ਪਰ ਆਪਣਾ ਸਾਰਥਿਕ ਕਰਮ ਤੇ ਵਿਸ਼ਵਾਸ ਨਹੀਂ ਛੱਡਿਆ। ਹੋਸ਼ੇ ਆਗੂਆਂ ਵਾਂਗ ਨਵੀਂ ਪਾਰਟੀ ਨਹੀਂ ਬੰਨ੍ਹੀ। ਕਰਮ ਖੇਤਰ ਦੇ ਸਾਥੀਆਂ ਨੂੰ ਸਹੀ ਵਫ਼ਾ ਮਿਲੀ ਤੇ ਉਹ ਹੋਰ ਦ੍ਰਿੜ੍ਹਤਾ ਨਾਲ ਗਵਾਚੇ ਇਨਕਲਾਬ ਦੀ ਭਾਲ ਵਿਚ ਅਮੋੜ ਰਾਹੀ ਬਣ ਗਏ। ਉਹ ਸਾਰੀ ਜ਼ਿੰਦਗੀ ਔਖਾਂ ਸੌਖਾਂ ਵਿਚ ਦ੍ਰਿੜ੍ਹਤਾ ਨਾਲ ਜੁਟੇ ਰਹੇ। ਕਾਹਲੇ ਤੇ ਗ਼ਲਤ ਕਦਮਾਂ ਨੂੰ ਪਿਛਾਂਹ ਵੀ ਮੁੜਨਾ ਪਿਆ। ਬਿਲਗਾ ਜੀ ਕੋਲ ਇਕ ਰਫ਼ਤਾਰ ਸਿਰੇ ਦੀ ਸਾਰਥਿਕ ਸੀ; ਉਸ ਅਨੁਸਾਰ ਅੱਗੇ ਹੀ ਅੱਗੇ ਵਧੀ ਗਏ; ਪਿਛਾਂਹ ਵਲ ਝਾਕੇ ਤੱਕ ਨਹੀਂ। ਇਸ ਤਰ੍ਹਾਂ ਦੀ ਤਹੱਮਲ ਮਿਜਾਜ਼ੀ ਵਾਲਾ ਆਗੂ ਮੇਰੀ ਜ਼ਿੰਦਗੀ ਵਿਚ ਬਹੁਤ ਘੱਟ ਆਇਆ ਹੈ। ਉਸ ਦੀਆਂ ਪ੍ਰਭੂਤਾਵਾਂ ਅੱਗੇ ਮੇਰਾ ਸਿਰ ਸਦਾ ਨੀਵਾਂ ਰਿਹਾ ਹੈ ਤੇ ਰਹੇਗਾ। ਬਲਹਾਰੇ ਉਏ ਸੂਰਮਿਆ, ਸਮੇਂ ਦੀ ਤਾਰੀਖ ਤੈਨੂੰ ਝੁਕ-ਝੁਕ ਸਲਾਮਾਂ ਕਰਦੀ ਹੈ।

ਆਜ਼ਾਦੀ ਆਈ ਤਾਂ ਮਹਾਤਮਾ ਗਾਂਧੀ ਤੇ ਨਹਿਰੂ ਧਨੇਸ਼ੂ ਬਣ ਬੈਠੇ। ਗਾਂਧੀਸਰ ਆਗਾ ਖਾਂ ਮਹਿਲ ਵਿਚ ਸਜ਼ਾ ਕੱਟ ਰਹੇ ਸਨ ਜਾਂ ਐਸ਼ ਕਰ ਰਹੇ ਸਨ? ਨਹਿਰੂ ਨੇ ਸਿੱਖਾਂ ਨੂੰ ਆਪਣੇ ਨਾਲ ਜੋੜਨ ਲਈ ਜੈਤੋ ਦੇ ਮੋਰਚੇ ਵਿਚ ਦਸ ਦਿਨ ਜੇਲ੍ਹ ਪੰਜਾਬੀਆਂ ਨਾਲ ਜ਼ਰੂਰ ਕੱਟੀ। ਪਰ ਬਾਕੀ ਸਾਰੀ ਜ਼ਿੰਦਗੀ ਸ਼ਾਹੀ ਮਹਿਲਾਂ ਵਿਚ ਗੁਜ਼ਾਰੀ। ਪਾਠਕ ਜਨ ਗ਼ਦਰੀ ਬਾਬਿਆਂ ਦੀਆਂ ਫ਼ਾਂਸੀਆਂ ਅਤੇ ਅੰਡੇਮਾਨ ਦੇ ਕਾਲੇ ਪਾਣੀਆਂ ਦੀਆਂ ਸਖ਼ਤ ਕੈਦਾਂ ਵਿਚ ਕਟੂਏ ਤੇ ਖਟਮਲ ਪਿੰਡਾ ਵੱਢਦੇ ਅਤੇ ਸਰ ਆਗਾਂ ਖਾਨ ਦੇ ਮਹਿਲਾਂ ਦੀਆਂ ਐਸ਼ਾਂ ਮਾਣਦੇ ਗਾਂਧੀ ਨਹਿਰੂ ਦੀਆਂ ਜੇਲ੍ਹਾਂ ਦਾ ਮੁਕਾਬਲਾ ਕਰਨ ਸੂਝਵਾਨ ਪਾਠਕ। ਆਜ਼ਾਦੀ ਆਈ, ਪੰਜਾਬ ਦੋ ਫਾੜ; ਕਿਸੇ ਨੇ ਦੁਖ ਦਰਦ ਵੀ ਨਹੀਂ ਪੁੱਛਿਆ। ਸਰ ਆਗਾ ਖਾਂ ਵਰਗੇ ਰਾਜ ਮਹਿਲਾਂ ਵਿਚ ਅਯਾਸ਼ੀਆਂ ਕਰਨ ਵਾਲੇ ਹੁਕਮਰਾਨ ਤੇ ਆਜ਼ਾਦੀ ਦੇ ਹਾਸਲ ਲਈ ਫਾਂਸੀਆਂ ਤੇ ਕਾਲੇ ਪਾਣੀਆਂ ਵਿਚ ਬਾਬੇ ਬਣਨ ਵਾਲੇ ਰੁਲ੍ਹ ਕੇ ਮਰ ਗਏ; ਕਿਸੇ ਬਾਤ ਵੀ ਨਹੀਂ ਪੁੱਛੀ। ਕਿਸਾਨਾਂ ਮਜ਼ਦੂਰਾਂ ਦੀ ਆਜ਼ਾਦੀ ਦੇ ਜਸ਼ਨ ਵਿਚ ਵੱਢ ਟੁੱਕ ਦੀ ਹੋਲੀ ਖੇਡੀ ਗਈ। ਦੇਸ਼ ਭਗਤ ਬੰਦਿਆਂ ਦੀ ਕਤਲਾਮ ਹੋਈ। ਸੱਚ ਵੱਢਿਆ ਟੁੱਕਿਆ ਗਿਆ ਤੇ ਸ਼ਾਹੀ ਦਾ ਝੂਠ ਰਾਜਾਂ ਗੱਦੀਆਂ 'ਤੇ ਤਾਜਦਾਰ ਹੋ ਗਿਆ। ਨੰਗੇ ਚਿੱਟੇ ਸੱਚ ਦਾ ਕਤਲ ਦਿਨੇ ਦੁਪਹਿਰੇ ਵਾਪਰਿਆ। ਹਾਕਮਾਂ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ। ਫਿਰ ਦੇਸ਼ ਭਗਤ ਸੂਬੇ ਤੇ ਆਰਥਿਕ ਆਫਤਾਂ ਚਾੜ੍ਹ ਛੱਡੀਆਂ। ਤੀਜਾ ਹਿੱਸਾ ਪੰਜਾਬ ਭੋਖੜਾ ਦੂਰ ਕਰਨ ਲਈ ਪ੍ਰਦੇਸਾਂ ਨੂੰ ਉੱਠ ਤੁਰਿਆ। ਤੁਰਕੀ, ਯੂਨਾਨ, ਇਟਲੀ ਦੀਆਂ ਜੇਲ੍ਹਾਂ ਵਿਚ ਨਰੜੇ ਸਾਡੇ ਸਾਥੀ ਟਰੈਵਲ ਏਜੰਟਾਂ ਨੂੰ ਸੁਖੀ ਵੱਸਣ ਦੀਆਂ ਦੁਆਵਾਂ ਦੇ ਰਹੇ ਹਨ। ਉਹ ਜਿਹੜੇ ਇਕ ਦੇਸ਼ ਤੋਂ ਦੂਜੇ ਦੇਸ਼ ਨੂੰ ਸਮੁੰਦਰੀ ਬੇੜਿਆਂ ਵਿਚ ਜਾਂਦੇ ਗੁਰੂ ਪਿਆਰੇ ਹੋ ਗਏ, ਉਹਨਾਂ ਦੇ ਕਿਸੇ ਭੋਗ ਵੀ

ਨਹੀਂ ਪਾਏ। ਕੇਂਦਰ ਸਰਕਾਰ ਦਾ ਸਿਰ ਚੜ੍ਹਿਆ ਕਰਜ਼ਾ ਨਾ ਲੱਥੇ ਤੇ ਨਾ ਹੀ ਪੰਜਾਬ ਬਚੇ। ਹੋਰ ਥੋੜੇ ਸਾਲਾਂ ਨੂੰ ਵੇਖੋਗੇ; ਪੰਜਾਬੀਆਂ ਦਾ ਪੰਜਾਬ ਨਕਸ਼ੇ ਤੋਂ ਗਾਇਬ ਐ ਅਤੇ ਪੰਜਾਬੀ ਹੋਰ ਸੂਬਿਆਂ ਤੇ ਹੋਰ ਦੇਸ਼ਾਂ ਦੀਆਂ ਗਲੀਆਂ ਸਾਫ ਕਰਦੇ ਵਗਾਰੀ, ਤਾਰੀਖ ਦਾ ਹਿੱਸਾ ਹੋਣਗੇ। ਸਾਡੇ ਕੌਮੀ ਬਾਬੇ ਹੋਕਰੇ ਮਾਰ-ਮਾਰ ਸੁੱਤੇ ਪੰਜਾਬ ਨੂੰ ਜਗਾ ਰਹੇ ਹਨ। ਪਰ ਬੇਪ੍ਰਵਾਹ ਨਸ਼ਿਆਂ ਦੀ ਨੀਂਦਰ, ਸਿਵਿਆਂ ਵਲ ਤਾਂ ਹੱਥ ਕੱਢਦੀ ਹੈ; ਉਂਜ ਨਸ਼ਿਆਂ 'ਚ ਗੁੰਮ ਹੋਈ ਸੁਰਤੀ 'ਹੈ ਨਹੀਂ' ਦਾ ਪੰਜਾ ਜ਼ਰੂਰ ਹਿਲਾ ਰਹੀ ਐ।

ਮੁਸ਼ਕਲਾਂ ਤੇ ਕੌਮੀ ਮੁਸੀਬਤਾਂ ਤੋੜਨ ਵਾਲੇ ਅਣਖੀ ਬਾਬੇ ਦਾ ਹੋਕਾ ਹੈ। ਮੇਰੇ ਦੇਸ਼ ਵਾਸੀ ਭਰਾਓ! ਯਾਦ ਕਰੋ ਤੁਰਕਾਣੀ ਜ਼ਾਲਮ ਰਾਜਗੀਰਾਂ ਦੀ ਦਹਿਸ਼ਤ, ਬਾਬਰ ਦੀ ਏਮਨਾਬਾਦ ਵਿਚ ਖੁੱਲ੍ਹੀ ਕਤਲਾਮ। ਉਸ ਖੁੱਲ੍ਹੀ ਕਤਲਾਮ ਨੂੰ ਠੱਲ੍ਹ ਪਾਉਣ ਵਾਲਾ ਬਾਂਹ ਚੁੱਕੀ ਖਲੋਤਾ ਇਕ ਗੁਰੂ ਨਾਨਕ ਫਕੀਰ, ਬਾਬਰ ਦੀ ਲਹੂ ਲਿਬੜੀ ਤਲਵਾਰ ਉਹਦੇ ਪੈਰਾਂ ਵਿਚ ਆ ਪਈ। ਅਸੀਂ ਗੁਰੂ ਦੀ ਸ਼ਕਤੀਆਂ ਜੋੜਨ ਵਾਲੀ ਤੇ ਸੰਦੇਸ਼ ਦੇਣ ਵਾਲੀ ਗੁਰਬਾਣੀ ਭੁੱਲ ਗਏ। ਸੱਚ ਦੇ ਰਾਹ ਤੋਂ ਭਟਕ ਗਏ ਆਂ। ਮਾਰਕਸ ਨੇ ਉਸੇ ਸਾਇੰਸੀ ਰਾਹ ਵੱਲ ਸੇਧਤ ਕੀਤਾ ਸੀ, ਉਸੇ ਮਾਰਗ ਦਾ ਨਾਅਰਾ ਬਾਬੇ ਭਗਤ ਸਿੰਘ ਬਿਲਗਾ ਨੇ ਦਿੱਤਾ ਸਤਿ ਮਾਰਗ ਤੋਂ ਉਖੜਿਆਂ, "ਵਿਆਪਨ ਸਭੇ ਰੋਗ" ਇਕ ਖੁਦਸਰ ਇਨਕਲਾਬੀ ਸੂਰਮਾ ਉੱਠਿਆ ਸੀ; ਸੁਭਾਸ਼ ਚੰਦਰ ਬੋਸ ਜਿਹੜਾ ਗਾਂਧੀ ਦੀਆਂ ਚੁਸਤੀ ਤੋਂ ਬਗਾਵਤ ਕਰਕੇ ਅਜ਼ਾਦੀ ਦਾ ਰਾਹ ਵਖਾ ਗਿਆ ਸੀ। ਬਾਕੀ ਸਾਰੇ ਕਾਂਗਰਸੀ, ਅੰਗਰੇਜ਼ ਰਾਜ ਨਾਲ ਮਿਲ ਕੇ ਚੱਲਣ ਵਾਲੇ, ਟਾਟਿਆਂ ਬਿਰਲਿਆਂ ਦੇ ਧੁਤੂ ਬਣੇ ਰਹੇ। ਤਾਰੀਖ ਦਾ ਸਪੱਸ਼ਟ ਸੱਚ ਹੈ, ਕਰਮ ਚੰਦ ਗਾਂਧੀ ਹਿੰਦੁਸਤਾਨ ਦੀ ਆਜ਼ਾਦੀ ਸਰਮਾਏਦਾਰ ਲੁਟੇਰਿਆਂ ਦੇ ਨਾਂ ਕਰ ਗਿਆ। ਲੋਕਾਂ ਦੇ ਵਿਸ਼ਵਾਸ ਨੂੰ ਧੋਖਾ ਦੇਣ ਲਈ ਆਪਣੇ ਨਾਂ ਨਾਲ ਮਹਾਤਮਾ ਸ਼ਬਦ ਜੋੜ ਲਿਆ। ਕਿਉਂਕਿ ਲੋਕਾਂ ਦੀ ਪੁਰਾਣੀ ਧਰਮ ਸ਼ਰਧਾ ਮਹਾ ਆਤਮਾ ਨਾਲ ਜੁੜੀ ਹੋਈ ਸੀ। ਕਿਉਂਕਿ ਸਾਰਾ ਦੇਸ਼ ਧਰਮ ਪੱਖੋਂ ਪ੍ਰਮਾਤਮਾ ਦੀ ਰਜ਼ਾ ਮੰਨਣ ਵਾਲਾ ਸੀ। ਇਸ ਲਈ ਦਿਨੇ ਦੁਪਹਿਰੇ ਮਹਾਤਮਾ ਸ਼ਬਦ ਦੀ ਆੜ ਵਿਚ ਰਾਜਸੀ ਠੱਗੀ ਚਲ ਗਈ। ਮਿਹਨਤੀ ਕਿਰਤੀ ਕਾਮੇ ਆਜ਼ਾਦੀ ਦੀ ਲੜਾਈ ਵਿਚ ਫਾਂਸੀਆਂ ਤੇ ਉਮਰ ਕੈਦਾਂ ਭੁਗਤਦੇ ਰਹੇ। ਇਹੋ ਦੋਹਾਈ ਦੇਂਦੇ ਸਾਡੇ ਗ਼ਦਰੀ ਸ਼ਹੀਦ ਬਾਬੇ ਪਰਲੋਕ ਸਿਧਾਰ ਗਏ। ਪਿੱਛੋਂ ਕਿਸੇ ਪਾਰਟੀ ਨੇ ਨਹੀਂ ਪੁੱਛਿਆ : ਦੇਸ਼ ਕਿਸ ਭਾ ਭੱਤੇ ਮੁੰਨਿਆ ਗਿਆ। ਏਸੇ ਗਿਲੇ ਦੀਆਂ ਦੋਹਾਈਆਂ ਦੇਂਦਾ, ਸਾਡਾ ਸੂਰਮਾ ਹੀਰੋ ਬਿਲਗਾ ਤੁਰ ਗਿਆ ਤੇ ਆਜ਼ਾਦੀ ਦੀ ਲਲਕਾਰ ਵਾਲੀ ਜ਼ੁੰਮੇਵਾਰੀ ਸਾਡੇ ਮੋਢਿਆਂ 'ਤੇ ਛੱਡ ਗਿਆ।

ਸਾਨੂੰ ਆਪੋ ਵਿਚੀਂ ਕਾਵਾਂ ਰੌਲੀ ਪਾਉਂਦਿਆਂ ਨੂੰ; ਸਾਰੀਆਂ ਰਾਜਸੀ ਪਾਰਟੀਆਂ ਨੂੰ; ਉਸ ਸੂਰਮੇ ਦੀ ਰੂਹ ਮੋਢੇ ਹਲੂਣ-ਹਲੂਣ ਪੁੱਛਦੀ ਰਹੀ : ਅੰਗਰੇਜ਼ ਜਮਾਂਹ ਸਰਮਾਏਦਾਰੀ ਦੇ ਲੋਹ ਜਕੜਬੰਦ ਤੋੜਨ ਲਈ ਇਕ ਸੂਰਮਾ ਮਹਾਜ਼ ਕਿਉਂ ਨਹੀਂ ਜੋੜਿਆ। ਇਕੱਲੇ-ਇਕੱਲੇ ਕੁੱਟ ਵੀ ਖਾਂਦੇ ਹੋ, ਖੁਆਰ ਵੀ ਹੁੰਦੇ ਹੋ? ਉਸ ਆਪਾਂ ਸਾਰੀ ਉਮਰ ਦੁੱਖਾਂ ਭੁੱਖਾਂ ਦੀ ਅੱਗ ਸੇਕਦਿਆਂ ਬਲੀਦਾਨ ਕਰ ਦਿੱਤਾ। ਇਕ ਲਾਚਾਰ ਦੇਸ਼ ਭਗਤ ਵਰਕਰ ਜਮਾਂਹ ਛੋਟਾ ਆਗੂ (ਪਰ ਕਰਮ ਖੇਤਰ ਵਿਚ ਫੰਨੇ ਖਾਂ) ਕਰ ਵੀ ਕੀ ਸਕਦਾ ਸੀ। ਵੱਡੇ ਫੰਨੇ ਖਾਂ ਆਗੂਆਂ ਉਹਦੀ ਗੱਲ ਵੀ ਨਹੀਂ ਸੁਣੀ। ਸਹੁਰੀਦੇ ਧੱਕੇ ਖਾ ਕੇ ਆਖਦੇ ਰਹੇ, ਬੁੜਾ ਸੱਚ ਦਾ ਨਚੋੜ ਅੱਗੇ ਰੱਖਦਾ ਸੀ। ਪਰ ਸਾਡੀ ਫੰਨੇ ਖਾਹੀਂ ਅਗਵੰਤ ਨੇ ਉਸ ਦੀ ਇਕ ਵੀ ਬੁਨਿਆਦੀ ਗੱਲ ਨਹੀਂ ਸੁਣੀ। ਏਸੇ ਲਈ ਹੁਣ ਤੱਕ

ਸਰਮਾਏਦਰੀ ਦੇ ਪੁੱਠੇ ਠੇਡੇ ਖਾ ਰਹੇ ਐ। ਰਾਸ ਤੀ ਦੇ ਸਹੀ ਮਾਰਕਸੀ ਰਾਹ ਹਾਲੇ ਵੀ ਦ੍ਰਿੜਤਾ ਨਾਲ ਨਹੀਂ ਪਏ। ਰੱਬ ਈ ਜਾਣਦਾ ਏ, ਆਪ ਕੁਰਾਹੇ ਧੱਕੇ ਖਾ ਰਹੇ ਐ ਜਾਂ ਮਾਰਕਸੀ ਸਿਧਾਂਤ ਨੂੰ ਧਕੇ ਦੇ ਰਹੇ ਐ। ਨਤੀਜੇ ਲੋਕਾਂ ਸਾਹਮਣੇ ਸਿਫਰ ਜਮਾਹ ਸਿਫਰ ਈ ਐ।

ਸਾਡੇ ਬਾਬਾ ਬਿਲਗਾ ਨੇ ਸਾਰੀ ਉਮਰ ਦੁੱਖਾਂ ਭੁੱਖਾਂ ਦੀ ਅੱਗ ਸੇਕਦਿਆਂ ਆਪਾ ਕੌਮ ਤੋਂ ਨਿਸ਼ਾਵਰ ਕਰ ਦਿੱਤਾ। ਏਦੂੰ ਵੱਧ ਕੋਈ ਦੇਸ਼ ਭਗਤ ਕਰ ਵੀ ਕੀ ਸਕਦਾ ਹੈ। ਦੁੱਖਾਂ ਭੁੱਖਾਂ ਦੀ ਫਕੀਰੀ ਹੰਡਾਉਂਦਿਆਂ, ਸਾਡਾ ਭਲਵਾਨ ਆਖ਼ਰੀ ਦਮ ਤੱਕ ਕੁਰਬਾਨੀ ਦੇ ਗਿਆ ਉਸ ਦਾ ਆਖ਼ਰੀ ਲ਼ਲਕਾਰਾ ਸੀ, ਸਾਥੀਓ ਮੰਜ਼ਲ ਨਹੀਂ ਆਈ; ਝੂਠੀ ਆਜ਼ਾਦੀ ਤੇ ਸਰਮਾਏਦਾਰੀ ਦੀ ਲੁੱਟ ਵਿਰੁੱਧ ਘੋਲ ਹੋਰ ਤੇਜ਼ ਕਰੋ। ਇਹ ਆਜ਼ਾਦੀ ਨਹੀਂ ਤੁਸੀਂ ਗ਼ੁਲਾਮੀ ਦੀ ਲਾਹਨਤ ਭੋਗ ਰਹੇ ਹਾਂ। ਦੁਸ਼ਮਣ ਤੁਹਾਡੀ ਮਿਹਨਤ ਲਈ ਹੋਰ ਹੋਰ ਜਕੜਬੰਦ ਕੱਸ ਰਿਹਾ ਹੈ। ਸਾਡੇ ਮਹਾਨ ਪੁਰਖਿਆਂ ਲੁਟੇਰੀਆਂ ਧਾੜਾਂ ਨੂੰ ਲੋਹੇ ਦੇ ਚਣੇ ਚਬਾਏ ਤੇ ਉਹਨਾਂ ਲੁਟੇਰਿਆਂ ਨੂੰ ਭੱਜਿਆ ਰਾਹ ਨਹੀਂ ਲੱਭੇ। ਸਾਡੇ ਇਤਿਹਾਸ ਨੇ ਸ਼ਹਾਦਤਾਂ ਵਾਰਦਿਆਂ ਅਜਿਹੀਆਂ ਝਪਟਾਂ ਮਾਰੀਆਂ; ਦੁਸ਼ਮਣਾਂ ਦੇ ਮੂੰਹ ਭੁਆਂ ਛੱਡੇ, ਅਫ਼ਸੋਸ ਦਰ ਅਫ਼ਸੋਸ ਅੱਜ ਹਿਜੜਿਆਂ ਅੱਗੇ ਮਿੱਟੀ ਕਿਉਂ ਫੜ ਲਈ। ਸੂਰਮਿਆਂ ਦੀ ਔਲਾਦ ਹੋ ਕੇ ਢੇਰੀ ਢਾਹ ਬਹਿਣਾ, ਜਿੱਤੀ ਤਾਰੀਖ ਨੂੰ ਲਾਹਨਤ ਹੈ। ਆਓ ਉਠੋ ਜੁੜੀਏ ਤੇ ਭਰਪੂਰ ਹੰਭਲਾ ਮਾਰ ਕੇ ਆਜ਼ਾਦੀ ਦਾ ਪੂਰਾ ਹੱਕ ਹਾਸਲ ਕਰੀਏ ਤਾਰੀਖੋ ਵਿਸਰੇ ਨੂੰ ਲਾਹਨਤ ਤੋਂ ਬਚਾਈਏ। ਠਹਿਰੋ ਤੇ ਸੁੱਤੀ ਅਣਖ ਨੂੰ ਹਲੂਣੀਏ। ਸਾਡੀ ਤਾਰੀਖ ਦੇ ਸੂਰਮੇ ਸਾਨੂੰ ਲਾਹਨਤਾਂ ਪਾ ਰਹੇ ਐ। ਓਏ ਭੋਲਿਓ, ਆਪਣੇ ਜੋਧਿਆਂ ਦੀਆਂ ਤਾਰੀਖੀ ਜਿੱਤਾਂ ਵੱਲ ਝਾਤ ਮਾਰੋ ਤੇ ਦੁਸ਼ਮਣ ਨੂੰ ਵੰਗਾਰੋ। ਤੁਹਾਡੀ ਸੋਨੇ ਦੀ ਚਿੜੀ ਪੰਜਾਬ, ਸਾਰੇ ਖੰਭ ਖੁਹਾ ਕੇ ਮਰਨ ਲਈ ਕੰਬੀ ਜਾ ਰਹੀ ਹੈ, ਜ਼ਰਾ ਸੋਚੋ, ਲਾਹਨਤਾਂ ਵਿਚ ਜੀਣ ਲਈ ਸਾਡੇ ਪੁਰਖਿਆਂ ਸਿਰਧੜ ਦੀਆਂ ਕੁਰਬਾਨੀਆਂ ਦਿੱਤੀਆਂ ਸਨ। ਕੂਕਿਆਂ ਦੀਆਂ ਕੁਰਬਾਨੀਆਂ, ਗ਼ਦਰੀ ਬਾਬਿਆਂ ਦੀਆਂ ਲਾਸਾਨੀ ਸ਼ਹਾਦਤਾਂ। ਸੂਰਮੇ ਕਰਤਾਰ ਸਿੰਘ ਸਰਾਭਾ, ਸਰਦਾਰ ਭਗਤ ਸਿੰਘ ਦੀ ਹੋਣਹਾਰ ਕੁਰਬਾਨੀ ਤੇ ਅਣਖੀ ਊਧਮ ਸਿੰਘ ਨੇ ਜਲ੍ਹਿਆਂ ਵਾਲੇ ਕਾਤਲ ਨੂੰ ਬ੍ਰਿਟਿਸ਼ ਪਾਰਲੀਮੈਂਟ ਵਿਚ ਲਲਕਾਰੇ ਮਾਰਦਿਆਂ ਗੋਲੀਆਂ ਨਾਲ ਭੁੰਨਿਆ। ਇਹਨਾਂ ਸੂਰਮਿਆਂ ਦੀ ਤਾਰੀਖੀ ਕੁਰਬਾਨੀ, ਲੁਟੇਰੇ ਟਾਟੇ, ਬਿਰਲੇ ਛਕ ਗਏ, ਲਾਹਨਤ ਨਹੀਂ ਰਾਤ ਦਿਨੇ ਕੰਮ ਵਿਚ ਮੁੜਕਾ ਵਹਾਉਂਦੀ ਕਿਸਾਨੀ ਨੂੰ? ਮੈਦਾਨੋ ਭੱਜ ਜਾਣਾ ਮਰਦਾਂ ਨੂੰ ਮਿਹਣਾ, ਡੁੱਬ ਜਾਣਾ ਮੱਛੀਆਂ ਨੂੰ, ਸਾਰੀ ਉਮਰ ਘਾਲਾਂ ਘਾਲਦੇ ਬਾਬੇ ਬਿਲਗੇ ਦਾ ਅੱਜ ਵੀ ਨਸ਼ਿਆ ਵਿਚ ਖੁਰ-ਖੁਰ ਡੁੱਬ ਰਹੀ ਜਵਾਨੀ ਨੂੰ ਤਾਰੀਖੀ ਮਿਹਣਾ ਹੈ ਬਾਬੇ ਬਿਲਗੇ ਦਾ। ਕੌਮੀ ਸਵਾਲ ਖੜ੍ਹਾ ਹੈ : ਪੰਜਾਬ ਦੀ ਜਵਾਨੀ ਅਵਾਮੀ ਆਜ਼ਾਦੀ ਲਈ ਲਲਕਾਰਦੀ ਹੈ ਜਾਂ ਤਾਰੀਖੀ ਪੱਖੋਂ ਸਫ਼ਾਏ ਹਸਤੀ ਤੋਂ ਮਿਟਣ ਦੀ ਤਿਆਰੀ ਕਰ ਰਹੀ ਹੈ। ਬਿਲਗੇ ਦੇ ਦੋ ਹੀ ਸਵਾਲ ਹਨ : ਆਜ਼ਾਦ ਬਹਾਦਰਾਂ ਦੀ ਕਰਨੀ ਜੀਣਾ ਹੈ; ਜਾਂ ਕਮਬਖਤਾਂ ਦੀ ਮੌਤ ਮਰਨਾ ਹੈ? ਜਾਨ ਹੀਲ ਬਹਾਦਰੀ, ਲੜ ਕੇ ਪੁਰਾਣੀ ਵਿਰਾਸਤ ਦਾ ਝੰਡਾ ਲਹਿਰਾਉਂਦੀ ਹੈ; ਬੇਸ਼ਰਮੀ ਦੀ ਗ਼ੁਲਾਮੀ ਕੌਮੀ ਘਾਤ ਕਰਵਾ ਕੇ ਤਾਰੀਖੋਂ ਨਾਮੋ ਨਿਸ਼ਾਨ ਮਿਟਾਂਉਂਦੀ ਹੈ। ਕੁਦਰਤ ਰਾਣੀ ਨੇ ਜੀਣ ਮਰਨ ਦੇ ਦੋ ਹੀ ਰਾਹ ਰੱਖੇ ਹਨ। ਅੱਜ ਪੰਜਾਬੀ ਕੌਮ ਜੀਣ ਮਰਨ ਦੇ ਰਾਹ ਤੇ ਯੱਕੋ ਤੱਕੀ ਵਿਚ ਖਲੋਤੀ ਲੜਖੜਾ ਰਹੀ ਹੈ। ਬਾਬਾ ਲਲਕਾਰ ਕੇ ਪੁਕਾਰਦਾ ਹੈ : ਫੈਸਲਾ ਕਰੋ, ਮਾਣ ਨਾਲ ਜੀਣਾ ਹੈ ਜਾਂ ਪੰਜਾਬੀਓ ਬੁਜ਼ਦਿਲਾਂ ਤੇ ਗ਼ਦਾਰਾਂ ਦੀ ਮੌਤ ਮਰਨਾ ਹੈ। ਤਾਰੀਖ ਕੂਕਦੀ ਹੈ : ਸੂਰਮਾ ਉਹ ਜਿਹੜਾ

"ਮਰੇ ਦੀਨ ਕੇ ਹੇਤ।"

ਇਹ ਤਾਂ ਹਕੀਕਤ ਹੈ, ਮਰ ਸਭ ਨੇ ਜਾਣਾ ਹੈ; ਪਰ ਸਾਡੇ ਅਣਖੀ ਬਾਪੂ ਮੌਤ ਨੂੰ ਲਲਕਾਰਦੇ ਸ਼ਹੀਦੀਆਂ ਪਾਉਂਦੇ ਅੱਜ ਵੀ ਕੌਮ ਨੂੰ ਚੜ੍ਹਦੀ ਕਲਾ ਦੀ ਹੱਲਾਸ਼ੇਰੀ ਦੇ ਰਹੇ ਹਨ। ਸਾਡਾ ਭਗਤ ਸਿੰਘ ਬਾਬਾ ਆਖਰੀ ਸੁਨੇਹਾ ਦੇਂਦਾ ਸੀ। ਮਿਹਨਤੀ ਲੜਾਈ ਨਾਲ ਆਖਰੀ ਦਮ ਤਕ ਜੂਝਦੇ ਰਹੋ ਤੇ ਜਿੱਤ ਆਖਰ ਸੱਚ ਦੀ ਹੋਣੀ ਐ। ਦਿਲ ਨਾ ਹਾਰਿਓ, ਆਖਰੀ ਜਿੱਤ ਸੱਚ ਨੇ ਜਿੱਤਣੀ ਹੈ। ਮਿਹਨਤ ਲੁੱਟ ਦੇ ਮੂੰਹ 'ਤੇ ਥੱਪੜ ਮਾਰਦੀ ਆਈ ਐ। ਕਿਰਤੀਓ, ਕਾਮਿਓ, ਮਿਹਨਤ ਜ਼ਿੰਦਗੀ ਦੀ ਸਦਾ ਰਖਵਾਲ ਰਹੀ ਐ ਇਸੇ ਕਰਮ ਨੂੰ ਧਰਮ ਆਖਦੇ ਐ। ਬਾਬੇ ਭਗਤੂ ਦਾ ਸਦਾ ਸੁਨੇਹਾ ਯਾਦ ਰਖਿਓ : ਮਿਹਨਤ ਦਾ ਸਿਰੜ ਛੱਡਣਾ ਨਹੀਂ; ਤੇ ਵਿਹਲ ਨੂੰ ਘਰ ਵੜਨ ਨਹੀਂ ਦੇਣਾ। ਵਿਹਲ ਕਿਸਾਨੀ ਦੀਆਂ ਬੁਨਿਆਦੀ ਜੜਾਂ ਵੱਢਣ ਵਾਲੀ ਅਸਲੋਂ ਖੋਟੀ ਲਾਹਨਤ ਹੈ। ਹੁਣ ਸਾਡੇ ਸਾਰਿਆਂ ਦਾ ਪਹਿਲਾ ਫਰਜ਼ ਬਣਦਾ ਹੈ। ਅਸਾਂ ਆਪਣੇ ਸਾਰੇ ਸ਼ਹੀਦਾਂ ਦੇ ਸੱਚੇ ਸੁਨੇਹੇ ਨੂੰ ਤਾਰੀਖੀ ਫਰਜ਼ ਸਮਝ ਕੇ ਤਨੋ ਮਨੋ ਤੇ ਧਨੋ ਪਾਲੀਏ। ਅਸੀਂ ਬਾਬੇ ਭਗਤ ਸਿੰਘ ਦੇ ਆਖਰੀ ਸੁਨੇਹੇ ਨੂੰ ਹਰ ਹਾਲ ਪ੍ਰਣ ਕਰਕੇ ਅਪਣਾਉਣਾ ਹੈ। ਗੁਰੂਆਂ ਨਾਲ ਉਸਦਾ ਵੀ ਆਖਰੀ ਸੁਨੇਹਾ ਸੀ : ਸਾਥੀ ਕਾਮਰੇਡੋ! ਸਰਬਤ ਦੇ ਭਲੇ ਲਈ ਜੀਣਾ ਹੈ ਤੇ ਸਰਬਤ ਦੇ ਭਲੇ ਲਈ ਹੀ ਮਰਨਾ ਹੈ ਤੇ ਲੋਟੂ ਸਰਮਾਏਦਾਰੀ ਸਮਾਜ ਦਾ ਹਰ ਹੀਲੇ, ਹਰ ਤਰੀਕੇ ਖਾਤਮਾ ਕਰਨਾ ਹੈ। ਕਿਰਤੀ ਦੀ ਮਿਹਨਤ ਸਰਬੱਤ ਦੇ ਭਲੇ ਵਿਚ ਹੀ ਸਫ਼ਲ ਹੈ।

ਸ਼ਰਾਬਾਂ ਤੇ ਨਸ਼ਿਆਂ ਵਿਚ ਗਰਕ ਹੋਣ ਵਾਲੇ ਪੁੱਤਰੋ! ਬਾਪੂਆਂ ਦੀਆਂ ਕੁਰਬਾਨੀਆਂ ਦੇ-ਦੇ ਖੜੀ ਕੀਤੀ ਸਰਬੱਤ ਦੇ ਭਲੇ ਵਾਲੀ ਸਿੱਖੀ ਨੂੰ ਗਲ ਲਾਓ। ਇਹੀ ਸਿੱਖੀ ਸਿਧਾਂਤ ਤੇ ਮਾਰਕਸ ਦਾ ਸਾਇੰਸੀ ਸੁਨੇਹਾ ਸੱਚਾ ਸੁੱਚਾ ਕਾਮੀਆਂ ਜਮਾਤਾਂ ਲਈ ਸਦਾ ਕਲਿਆਣਕਾਰੀ ਹੈ। ਜਵਾਨਾਂ ਨੂੰ ਗਰਕਾਨੀ ਨਸ਼ਿਆਂ ਤੋਂ ਮੋੜੋ ਨਹੀਂ ਨਜ਼ਾਤ ਦਾ ਰਾਹ ਗੁਰਬਾਣੀ ਤੇ ਮਾਰਕਸੀ ਸਿਧਾਂਤ ਬਿਨਾਂ, ਨਰਕਾਂ ਦੇ ਨਘਾਰ ਵਿਚ ਗਰਕ ਜਾਓਗੇ। ਭੋਲਿਓ ਤੁਸੀਂ ਕਿਉਂ ਮਾਣ ਨਹੀਂ ਕਰਦੇ, ਤੁਸੀਂ ਬਾਬੇ ਨਾਨਕ ਤੇ ਮਾਰਕਸ ਦੀ ਛਾਲਾਂ ਮਾਰਦੀ ਔਲਾਦ ਹੋ। ਤੁਹਾਡਾ ਫਰਜ਼ ਹੈ, ਬਾਬੇ ਭਗਤ ਸਿੰਘ ਵਾਂਗ ਸਾਰਾ ਜੀਵਨ ਚੜ੍ਹਦੀ ਕਲਾ ਦੇ ਲੇਖੇ ਲਾ ਦਿਓ ਤੇ ਮਿਟਦੀ ਜਾਂਦੀ ਤਾਰੀਖ ਨੂੰ ਛਾਲਾਂ ਮਾਰਦੀ ਖੜੀ ਕਰ ਜਾਵੋ। ਸਾਰੇ ਸ਼ਹੀਦ ਬਾਬਿਆਂ ਦਾ ਕੌਮੀ ਸੁਨੇਹਾ ਬਾਬਾ ਬਿਲਗਾ ਤੁਹਾਨੂੰ ਦੇ ਕੇ ਜਾ ਰਿਹਾ ਹੈ। ਉਹਦਾ ਆਖਰੀ ਸੁਨੇਹਾ ਸੀ :

ਸਾਥੀਓ, ਨੌਜਵਾਨੋ! ਜ਼ਿੰਦਗੀ ਦੋਬਾਰਾ ਅੱਜ ਤੱਕ ਕਿਸੇ ਨੂੰ ਦੋ ਪਲ ਵੀ ਉਧਾਰੀ ਨਹੀਂ ਮਿਲੀ, ਮਿਹਨਤ ਹੀ ਸੁਖੀ ਕਲਿਆਣ ਹੈ। ਪਾਖੰਡੀ ਤੇ ਵਿਹਲੜ ਸਾਧ ਲਾਣੇ ਦਾ ਤਿਆਗ ਕਰੋ। ਮਿਹਨਤੀ ਭਰਾਵਾਂ ਦੀਆਂ ਔਕੜਾਂ ਵਿਚ ਸਹਾਈ ਹੋਵੋ। ਮਿਹਨਤ ਹੀ ਕਲਿਆਣ ਹੈ; ਅਤੇ ਅਖੀਰ ਮਿਹਨਤ ਹੀ ਜ਼ਿੰਦਗੀ ਹੈ ਤੇ ਯਾਦ ਰੱਖੋ ਸਾਰਾ ਸੰਤ ਲਾਣਾ, ਨਿਹੰਗ ਲਾਣਾ, ਕੁੜੀ ਮੁੰਡਾ ਨਚਾਉਣ ਤੇ ਗੰਦੇ ਗੀਤ ਗਾਉਣ ਵਾਲੇ ਸਭ ਮੋਟੇ ਠੱਗਾਂ ਦਾ ਲਾਣਾ ਹੈ ਇਹ ਮੇਰਾ ਨਹੀਂ; ਬਾਬੇ ਬਿਲਗੇ ਦਾ ਆਖਰੀ ਸੁਨੇਹਾ ਹੈ ਕਿਰਤੀ ਲਾਣੇ ਨੂੰ। ਜੀਵੋ ਪਿਆਰਿਓ, ਤੇ ਜ਼ਿੰਦਗੀ ਦੇ ਵਰਦਾਨ ਦਾ ਛਿੱਟਾ ਚੌਫੇਰੇ ਦੇਂਦੇ ਜਾਵੋ। ਏਸ ਵਿਚ ਸਰਬੱਤ ਦੀ ਕਲਿਆਣ ਹੈ।

ਆਖ਼ਰੀ ਦਮ ਤਕ ਜੀਂਦੇ ਜੀ ਲੋਕਾਂ ਦੇ ਹੱਕਾਂ ਲਈ ਜ਼ਿੰਦਗੀ ਲਾ ਦੇਣ ਵਾਲਾ ਸੂਰਮਾ ਸੀ, ਸਾਡਾ ਕਾ. ਭਗਤ ਸਿੰਘ ਬਿਲਗਾ ਜੀ। ਜ਼ਿੰਦਾਬਾਦ।

# ਬਾਬਾ ਭਗਤ ਸਿੰਘ ਬਿਲਗਾ ਦੀ ਯਾਦ ਵਿਚ

-ਡਾ. ਹਰੀਸ਼ ਕੇ. ਪੁਰੀ

ਬਾਬਾ ਭਗਤ ਸਿੰਘ ਬਿਲਗਾ ਗ਼ਦਰ ਲਹਿਰ ਦੇ ਆਖ਼ਰੀ ਬਜ਼ੁਰਗ ਅਲਮਬਰਦਾਰ ਦੇ ਤੌਰ ਤੇ ਇਕ ਬਹੁਤ ਸਨਮਾਨਿਤ ਸ਼ਖ਼ਸੀਅਤ ਸਨ। ਪੱਕੇ ਦੇਸ਼ ਭਗਤ ਸਨ। ਗ਼ਦਰੀਆਂ ਦੀਆਂ ਅਥਾਹ ਕੁਰਬਾਨੀਆਂ 'ਤੇ ਫ਼ਖ਼ਰ ਕਰਦੇ ਹੋਇਆਂ ਉਹਨਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਧੁਨ ਵਿਚ ਰਹਿੰਦੇ ਸਨ। ਫ਼ਿਰਕੂ ਰੰਗ ਦੀ ਸਿਆਸਤ ਨੂੰ ਦੇਸ਼ ਅਤੇ ਸਮਾਜ ਵਿਰੋਧੀ ਅਤੇ ਖ਼ਤਰਨਾਕ ਸਮਝਦੇ ਸਨ। ਇਸ ਲਈ ਅਜਿਹੇ ਤਤਵਾਂ ਦੇ ਖਿਲਾਫ਼ ਡੱਟ ਕੇ ਯੁੱਧ ਕਰਨਾ ਆਪਣਾ ਧਰਮ ਸਮਝਦੇ ਸਨ। ਜਿਸ ਵੇਲੇ ਤੋਂ ਉਹਨਾਂ ਨੇ ਦੇਸ਼ ਭਗਤ ਯਾਦਗਾਰ ਦੀ ਉਸਾਰੀ ਦੀ ਜ਼ਿੰਮੇਵਾਰੀ ਸੰਭਾਲੀ ਮੈਨੂੰ ਬਾਬਾ ਜੀ ਕੋਲ ਬੈਠਣ ਅਤੇ ਕਈ ਪ੍ਰਕਾਰ ਦੇ ਵਿਸ਼ਿਆਂ 'ਤੇ ਗੱਲਬਾਤ ਕਰਨ ਦੇ ਅਵਸਰ ਮਿਲਦੇ ਰਹੇ। ਉਹਨਾਂ ਦੀ ਜੀਵਨ ਜਾਚ ਵਿਚ ਸਾਦਗੀ ਅਤੇ ਤਿਆਗੀ ਦਰਵੇਸ਼ਾਂ ਵਾਲੀ ਨੁਹਾਰ ਸੀ। ਸਮਾਜ ਵਿਚ ਇਨਕਲਾਬੀ ਤਬਦੀਲੀ ਲਿਆਉਣ ਦਾ ਜਜ਼ਬਾ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਹੁੰਦਾ ਸੀ। ਮੇਰੇ ਮਨ ਵਿਚ ਬਾਬਾ ਜੀ ਲਈ ਸ਼ਰਧਾ ਭਾਵ ਹਾਵੀ ਸੀ। ਦੇਸ਼ ਭਗਤ ਯਾਦਗਾਰ ਵਿਚ ਆਉਣਾ ਇਕ ਜ਼ਿਆਰਤ ਵਾਂਗ ਲੱਗਦਾ ਸੀ। ਬਾਬਾ ਜੀ ਕੋਲੋਂ ਆਪਣੀ ਲੰਬੀ ਜੱਦੋ ਜਹਿਦ ਵਾਲੀ ਜ਼ਿੰਦਗੀ ਦੇ ਅਨੁਭਵਾਂ ਅਤੇ ਜਾਤੀ ਯਾਦਾਂ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਲਾਹਾ ਰਹਿੰਦਾ ਸੀ।

ਬਿਲਗਾ ਸਾਹਿਬ ਦੂਜੇ ਦੌਰ ਦੇ ਗ਼ਦਰੀ ਸਨ। ਉਹਨਾਂ ਦੀ ਦੇਸ਼ ਭਗਤੀ ਵਾਲੀ ਇਨਕਲਾਬੀ ਜ਼ਿੰਦਗੀ 1930 ਦੇ ਲਗਭਗ ਸ਼ੁਰੂ ਹੋਈ ਸੀ। ਦੂਜੇ ਦੌਰ ਦੇ ਗ਼ਦਰੀ ਕਿਰਤੀ-ਕਿਸਾਨ ਅਤੇ ਕਮਿਊਨਿਸਟ ਲਹਿਰ ਨਾਲ ਪਰਣਾਏ ਹੋਏ ਸਨ। 1915 ਦੇ ਗ਼ਦਰ ਸੰਗਰਾਮ ਦੇ ਅਸਫ਼ਲ ਹੋ ਜਾਣ ਤੋਂ ਬਾਅਦ ਗ਼ਦਰੀਆਂ ਦੀ ਕਾਫੀ ਵੱਡੀ ਗਿਣਤੀ ਦਾ ਰੁਝਾਨ ਕਮਿਊਨਿਜ਼ਮ ਵੱਲ ਹੋ ਗਿਆ ਸੀ। 1917 ਦੇ ਰੂਸੀ ਇਨਕਲਾਬ ਦੀ ਸਫ਼ਲਤਾ ਨੇ ਸੰਸਾਰ ਭਰ ਦੇ ਦੱਬੇ ਕੁਚਲੇ ਲੋਕਾਂ ਅਤੇ ਦਾਨਿਸ਼ਵਰਾਂ ਵਿਚ ਇਕ ਨਵੀਂ ਆਸ਼ਾਵਾਦੀ ਇਨਕਲਾਬੀ ਜਜ਼ਬੇ ਦੀ ਹਨੇਰੀ ਲੈ ਆਂਦੀ ਸੀ। ਭਾਰਤ ਵਿਚਲੇ ਗ਼ਦਰ ਸੰਗਰਾਮ ਦੇ ਸਾਰੇ ਆਗੂ ਜਾਂ ਤਾਂ ਫ਼ਾਂਸੀ ਲਾ ਦਿੱਤੇ ਸਨ ਜਾਂ ਜੇਲ੍ਹਾਂ ਵਿਚ ਲੰਮੀਆਂ ਕੈਦਾਂ ਭੁਗਤ ਰਹੇ ਸਨ। ਦੇਸ਼ ਤੋਂ ਬਾਹਰ ਬਚੇ ਰਹੇ ਥੋੜ੍ਹੇ ਜਿਹੇ ਆਗੂਆਂ ਵਿਚੋਂ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਸੋਵੀਅਤ ਇਨਕਲਾਬੀ ਤਜ਼ਰਬੇ ਤੋਂ ਲਾਭ ਉਠਾਉਣ ਵੱਲ ਰੁਚਿਤ ਹੋ ਗਏ। 1922 ਵਿਚ ਇਹ ਦੋਵੇਂ ਰੂਸ ਗਏ ਅਤੇ 'ਤੀਜੀ ਕਮਿਊਨਿਸਟ' ਦੀ ਚੌਥੀ ਕਾਨਫ਼ਰੰਸ ਵਿਚ ਗ਼ਦਰ ਲਹਿਰ ਦੇ ਬਾਕਾਇਦਾ ਨੁਮਾਇੰਦਿਆਂ ਦੇ ਤੌਰ ਤੇ ਸ਼ਮੂਲੀਅਤ ਕੀਤੀ। ਕਈ ਕੌਮਾਂਤਰੀ ਕਮਿਊਨਿਸਟ ਆਗੂਆਂ ਨੂੰ ਮਿਲੇ। ਇਨਕਲਾਬ ਦੇ ਸੰਕਲਪ ਅਤੇ ਇਸ ਲਈ

ਜੱਦੋ ਜਹਿਦ ਦੀ ਦਿਸ਼ਾ-ਸੇਧ ਵਿਚ ਵਿਲੱਖਣ ਤਬਦੀਲੀ ਆ ਗਈ। ਭਾਈ ਸੰਤੋਖ ਸਿੰਘ ਨੇ 1926 ਵਿਚ ਪੰਜਾਬ ਵਿਚ ਆ ਕੇ 'ਕਿਰਤੀ' ਮੈਗਜ਼ੀਨ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਅਤੇ ਕਿਰਤੀ-ਕਿਸਾਨ ਲਹਿਰ ਦੀ ਬੁਨਿਆਦ ਰੱਖੀ।

ਭਾਈ ਰਤਨ ਸਿੰਘ ਦਾ ਸਰੋਕਾਰ ਬਾਹਰਲੇ ਅਨੇਕਾਂ ਮੁਲਕਾਂ ਵਿਚ ਵਸਦੇ ਦੇਸ਼ ਭਗਤਾਂ ਨੂੰ ਨਵੀਂ ਵਿਚਾਰਧਾਰਾ, ਨਵੇਂ ਦ੍ਰਿਸ਼ਟੀਕੋਣ ਅਤੇ ਪਹਿਲਾਂ ਨਾਲੋਂ ਭਿੰਨ ਪ੍ਰਕਾਰ ਦੀ ਜੱਦੋ ਜਹਿਦ ਵੱਲ ਸੇਧਿਤ ਕਰਨਾ ਅਤੇ ਉਹਨਾਂ ਵਿਚ ਆਪਸੀਂ ਤਾਲਮੇਲ ਪੈਦਾ ਕਰਨਾ ਸੀ। ਬਿਲਗਾ ਜੀ 1928 ਤੋਂ ਦੱਖਣੀ ਅਮਰੀਕਾ ਵਿਚ ਅਰਜਨਟਾਇਨਾ ਦੇ ਸ਼ਹਿਰ ਰੋਸਾਰਿਓ ਵਿਚ ਕੰਮ ਕਰ ਰਹੇ ਸਨ। ਪੰਜਾਬੀਆਂ ਦਾ ਉੱਥੇ ਚੋਖਾ ਗਰੁੱਪ ਸੀ। ਭਾਈ ਰਤਨ ਨੇ 1930 ਵਿਚ ਜਦੋਂ ਰੋਸਾਰਿਓ ਫੇਰਾ ਪਾਇਆ ਤਾਂ ਉਥੇ ਗ਼ਦਰ ਪਾਰਟੀ ਦੀ ਨਵੀਂ ਬ੍ਰਾਂਚ ਸਥਾਪਿਤ ਕੀਤੀ ਗਈ ਅਤੇ ਬਿਲਗਾ ਉਸ ਦੇ ਪਹਿਲੇ ਸੈਕਟਰੀ ਚੁਣੇ ਗਏ। ਬਾਅਦ ਵਿਚ ਤੇਜਾ ਸਿੰਘ ਸੁਤੰਤਰ ਵੀ ਉੱਥੇ ਗਏ। ਤਦ ਸਰਗਰਮੀ ਬਹੁਤ ਤੇਜ਼ ਹੋ ਗਈ। ਪਰ ਸੁਤੰਤਰ ਜੀ ਦੀ ਇਨਕਲਾਬ ਦੀ ਤਿਆਰੀ ਦੀ ਲਾਈਨ ਭਾਈ ਰਤਨ ਸਿੰਘ ਦੀ ਲਾਈਨ ਨਾਲੋਂ ਭਿੰਨ ਸੀ। ਸੁਤੰਤਰ ਨੇ ਟਰਕੀ ਦੀ ਸਰਕਾਰੀ ਮਿਲਟਰੀ ਅਕੈਡਮੀ ਤੋਂ ਬਕਾਇਦਾ ਫ਼ੌਜੀ ਟਰੇਨਿੰਗ ਲਈ ਸੀ। ਜਥੇਬੰਦੀ ਬਾਰੇ ਉਹਨਾਂ ਦਾ ਰਵੱਈਆ ਵੀ ਫੌਜੀ ਕਮਾਂਡਰ ਵਾਲਾ ਸੀ ਉਥੋਂ ਦੇ ਸਾਥੀਆਂ ਮੁਤਾਬਕ ਸੁਤੰਤਰ ਨੂੰ "ਜਰਨੈਲ ਸਾਹਿਬ" ਕਿਹਾ ਜਾਂਦਾ ਸੀ। ਬਿਲਗਾ ਜੀ 24 ਕੁ ਸਾਲ ਦੇ ਨੌਜਵਾਨ, ਸੁਤੰਤਰ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ ਸਨ। ਬਾਅਦ ਵਿਚ ਸਾਥੀਆਂ ਨੇ ਬਿਲਗਾ ਜੀ ਨੂੰ ਜਰਨੈਲ ਦਾ 'ਲੈਫ਼ਟੀਨੈਂਟ' ਕਹਿਣਾ ਸ਼ੁਰੂ ਕਰ ਦਿੱਤਾ ਸੀ।

ਨਵੀਂ ਇਨਕਲਾਬੀ ਸੂਝ ਦੀ ਲੋੜ ਨੂੰ ਮਹਿਸੂਸ ਕਰਦਿਆਂ 75 ਤੋਂ ਵੱਧ ਪੰਜਾਬੀ ਗ਼ਦਰੀ ਰੂਸ ਦੀ "ਟਾਇਲਰਜ਼ ਆਨ ਦੀ ਈਸਟ" ਯੂਨੀਵਰਸਿਟੀ ਵਿਚ ਟ੍ਰੇਨਿੰਗ ਲੈਣ ਲਈ ਗਏ ਸਨ। ਬਾਬਾ ਬਿਲਗਾ 1934 ਵਿਚ ਇਹ ਟਰੇਨਿੰਗ ਪੂਰੀ ਕਰਕੇ ਹਿੰਦੋਸਤਾਨ 'ਚ ਵਾਪਸ ਆਏ ਸਨ। ਇਹਨਾਂ ਨੇ ਕਿਰਤੀ ਕਿਸਾਨ ਤੇ ਨਿਰੋਲ ਮਜ਼ਦੂਰ ਜਥੇਬੰਦੀਆਂ ਵਿਚ ਕਲਕੱਤਾ, ਕਾਨਪੁਰ, ਬੰਬਈ ਅਤੇ ਕਈ ਹੋਰ ਥਾਈਂ ਕੰਮ ਕੀਤਾ। ਕਈ ਤਰ੍ਹਾਂ ਦੀ ਜੱਦੋ ਜਹਿਦ ਵਿਚ ਭਾਗ ਲਿਆ ਅਤੇ ਲੰਮੀਆਂ ਜੇਲ੍ਹਾਂ ਕੱਟੀਆਂ। ਪਰ ਪੰਜਾਬ ਕਮਿਊਨਿਸਟ ਪਾਰਟੀ ਅਤੇ ਸੁਤੰਤਰ ਗਰੁੱਪ ਵਾਲੇ ਗ਼ਦਰੀ-ਕਮਿਊਨਿਸਟਾਂ ਵਿਚ ਸ਼ਰੀਕੇਬਾਜ਼ੀ ਨੇ ਆਪਸੀ ਦੁਸ਼ਮਣੀ ਦਾ ਮਾਹੌਲ ਬਣਾਈ ਰੱਖਿਆ। ਬਾਅਦ ਵਿਚ ਕਮਿਊਨਿਸਟ ਪਾਰਟੀ ਵੀ ਦੋ ਫਾੜ ਹੋ ਗਈ ਤੇ ਬਾਬਾ ਬਿਲਗਾ ਮਾਰਕਸਿਸਟ ਪਾਰਟੀ ਦੇ ਆਗੂ ਬਣ ਗਏ। ਜਦੋਂ ਨਕਸਲਬਾੜੀ ਲਹਿਰ ਸ਼ੁਰੂ ਹੋਈ ਤਾਂ ਬਾਬਾ ਬਿਲਗਾ ਦੇ ਸਭ ਤੋਂ ਨੇੜਲੇ ਸਾਥੀ ਬਾਬਾ ਬੂਝਾ ਸਿੰਘ ਅਤਿਵਾਦੀ ਕਿਸਮ ਦੇ ਸੰਗਰਾਮ ਲਈ ਮੁੰਡਿਆਂ ਨੂੰ ਹੱਲਾਸ਼ੇਰੀ ਦੇਣ ਵੱਲ ਰੁਚਿਤ ਹੋ ਗਏ। ਮੇਰੇ ਮਨ ਵਿਚ ਇਸ ਰੁਝਾਨ ਦੀ ਵਜ੍ਹਾ ਕਾਰਨ ਬਹੁਤ ਬੇਚੈਨੀ ਸੀ। ਮੈਨੂੰ ਗ਼ਦਰੀ ਬਾਬਿਆਂ ਦੀ ਮਾਨਵ ਪ੍ਰੇਮ ਵਾਲੀ ਸੰਵੇਦਨਸ਼ੀਲਤਾ ਅਤੇ ਸੋਚ ਦੀ ਵਿਸ਼ਾਲਤਾ ਉੱਪਰ ਨਕਸਲਬਾੜੀ ਲਹਿਰ ਦੀ ਕਤਲੋ-ਗਾਰਤ ਦਾ ਪਰਛਾਵਾਂ ਅਣਉਚਿਤ ਲੱਗਦਾ ਸੀ ਪਰ ਬਾਬਾ ਜੀ ਮੇਰੀ ਗੱਲ ਨੂੰ ਸੁਣ ਤਾਂ ਲੈਂਦੇ ਸੀ ਪਰ ਉਹ ਨੁਕਤਾਚੀਨੀ ਨੂੰ ਬਰਦਾਸ਼ਤ ਨਹੀਂ ਸੀ ਕਰਦੇ। ਗੁੱਸੇ ਵਿਚ ਭੜਕ ਕੇ ਕਾਫ਼ੀ ਲਾਹ ਪਾਹ ਕਰ ਦੇਂਦੇ ਸੀ। ਇਸ ਕਾਰਨ ਕਈ ਸੁਲਝੇ ਸਿਆਣੇ ਸਾਥੀਆਂ ਨੇ ਦੇਸ਼ ਭਗਤ ਯਾਦਗਾਰ ਜਾ ਕੇ ਉਹਨਾਂ ਦੇ ਮੱਥੇ ਲੱਗਣ ਤੋਂ ਕਤਰਾਉਣਾ ਸ਼ੁਰੂ ਕਰ ਦਿੱਤਾ ਸੀ।

ਮੇਰੀ ਕਿਤਾਬ ਵਿਚ ਸੁਤੰਤਰ ਹੋਰਾਂ ਬਾਰੇ ਟਿੱਪਣੀ ਨੂੰ ਲੈ ਕੇ ਅਤੇ ਇਕ ਲੇਖ ਵਿਚ ਲੋਕ ਲਹਿਰਾਂ ਵਿਚ ਜੋਸ਼ ਤੇ ਹੋਸ਼ ਦੇ ਤਵਾਜ਼ਨ ਵਾਲੇ ਵਿਸ਼ਲੇਸ਼ਣ ਤੇ ਤਾਂ ਉਹ ਅੱਗ ਬਗੋਲਾ ਹੋ ਗਏ ਅਤੇ ਭਰੀ ਸਭਾ ਵਿਚ ਬਹੁਤ ਕੁਝ ਮੰਦਾ ਕਹਿ ਦਿੱਤਾ। ਮੈਨੂੰ ਨਹੀਂ ਸੀ ਪਤਾ ਕਿ ਇਸ ਤੋਂ ਕੁਛ ਚਿਰ ਪਹਿਲਾਂ ਉਹਨਾਂ ਦਾ ਅਮਰਜੀਤ ਚੰਦਨ ਨਾਲ ਕਾਫ਼ੀ ਜ਼ਿਆਦਾ ਤਕਰਾਰ ਲਗਭਗ ਅਜਿਹੇ ਵਿਸ਼ੇ 'ਤੇ ਹੋ ਚੁੱਕਿਆ ਸੀ। ਮਿਲਦਾ ਤਾਂ ਮੈਂ ਉਹਨਾਂ ਨੂੰ ਜ਼ਰੂਰ ਰਿਹਾ- ਕਾਫ਼ੀ ਸਤਿਕਾਰ ਨਾਲ, ਪਰ ਉਹਨਾਂ ਦੀ ਨਾਰਾਜ਼ਗੀ ਨੇ ਸਾਡੇ ਵਿਚ ਦੂਰੀ ਪੈਦਾ ਕਰ ਦਿੱਤੀ। ਰਸਮੀ ਜਿਹੀ ਦੁਆ ਸਲਾਮ ਰਹਿ ਗਈ। ਪਰ ਤਿੰਨ ਕੁ ਸਾਲ ਤੋਂ ਬਾਅਦ ਇਕ ਦਿਨ ਸਵੇਰੇ 6 ਕੁ ਵਜੇ ਅੰਮ੍ਰਿਤਸਰ ਗੁਰੂ ਨਾਨਕ ਯੂਨੀਵਰਸਿਟੀ ਵਿਚ ਮੇਰੇ ਘਰ ਪਹੁੰਚ ਕੇ ਉਨ੍ਹਾਂ ਮੈਨੂੰ ਹੈਰਾਨ ਕਰ ਦਿੱਤਾ। ਘੁੱਟ ਕੇ ਜੱਫ਼ੀ ਪਾ ਕੇ ਬੜੇ ਲਾਡ ਨਾਲ ਮੇਰੀ ਪਤਨੀ ਅਤੇ ਬੱਚਿਆਂ ਨੂੰ ਮਿਲੇ। ਮੁਹੱਬਤ ਅਤੇ ਮੇਰੀ ਹੱਲਾਸ਼ੇਰੀ ਦੀਆਂ ਗੱਲਾਂ ਕੀਤੀਆਂ। ਹੁਣ ਹੋਰ ਕੁਝ ਕਹਿਣ ਜਾਂ ਪੁਰਾਣੇ ਗਿਲੇ ਸ਼ਿਕਵੇ ਦੀ ਗੱਲ ਖ਼ਤਮ ਹੋ ਗਈ। ਇਸ ਤਰ੍ਹਾਂ ਦਾ ਬਜ਼ੁਰਗਾਂ ਵਾਲਾ ਬੜੱਪਣ ਵੀ ਬਾਬਾ ਬਿਲਗਾ ਦੀ ਸ਼ਖ਼ਸੀਅਤ ਦਾ ਮੋਹ ਲੈਣ ਵਾਲਾ ਗੁਣ ਸੀ।

ਬਾਬਾ ਜੀ ਨੂੰ ਇਕ ਵੱਡਾ ਝੋਰਾ ਇਸ ਗੱਲ ਦਾ ਸੀ ਕਿ ਦੇਸ਼ ਭਗਤਾਂ ਦੀਆਂ ਅਥਾਹ ਕੁਰਬਾਨੀਆਂ ਅਤੇ ਗ਼ਦਰ ਲਹਿਰ ਦੇ ਉਦੇਸ਼ਾਂ ਬਾਰੇ ਨਵੀਂ ਪੀੜ੍ਹੀ ਨੂੰ ਕੋਈ ਗਿਆਨ ਨਹੀਂ ਹੈ। ਇਤਿਹਾਸਕਾਰਾਂ ਅਤੇ ਸਕੂਲਾਂ-ਕਾਲਜਾਂ ਵਿਚ ਪੜ੍ਹਾਈ ਕਰਾਉਣ ਵਾਲਿਆਂ ਨੇ ਇਸ ਲਹਿਰ ਨੂੰ ਅਣਗੌਲਿਆਂ ਹੀ ਰਹਿਣ ਦਿੱਤਾ ਹੈ। ਉਹ ਬਾਰ-ਬਾਰ ਤਾਕੀਦ ਕਰਦੇ ਸਨ ਕਿ ਕਿਤਾਬਾਂ, ਪਰਚਿਆਂ, ਲੈਕਚਰਾਂ ਰਾਹੀਂ ਲੋਕਾਂ ਵਿਚ ਇਸ ਲਹਿਰ ਦੇ ਇਤਿਹਾਸ ਦੀ ਜਾਣਕਾਰੀ ਫੈਲਾਉਣ ਦਾ ਉਪਰਾਲਾ ਕੀਤਾ ਜਾਵੇ। ਜ਼ਿੰਦਗੀ ਦੇ ਅੰਤਲੇ ਵਰ੍ਹਿਆਂ ਵਿਚ ਉਹਨਾਂ ਨੂੰ ਇਕ ਤਸੱਲੀ ਦਾ ਅਨੁਭਵ ਹੁੰਦਾ ਸੀ ਕਿ ਦੇਸ਼ ਭਗਤ ਯਾਦਗਾਰ ਦੀ ਇਮਾਰਤ ਤਾਂ ਪੂਰੀ ਹੋ ਗਈ ਹੈ। ਸਾਲਾਨਾ ਮੇਲੇ ਵਿਚ ਬਹੁਤ ਵੱਡੀ ਗਿਣਤੀ ਲੋਕਾਂ ਦੀ ਸ਼ਮੂਲੀਅਤ ਹੋਣ ਲੱਗ ਪਈ ਸੀ। ਦੇਸ਼ ਭਗਤ ਯਾਦਗਾਰ ਵੱਲੋਂ ਨਵੀਂ ਪੁਸਤਕਾਂ ਲਿਖਣ-ਛਾਪਣ ਦਾ ਉਪਰਾਲਾ ਵੀ ਹੋ ਰਿਹਾ ਸੀ। ਪੁਸਤਕਾਂ ਦੇ ਪੰਡਾਲਾਂ 'ਤੇ ਵਿਕਦੀਆਂ ਕਿਤਾਬਾਂ ਤੋਂ ਆਮ ਲੋਕਾਂ ਦੇ ਪੜ੍ਹਨ ਦੇ ਰੁਝਾਣ ਦਾ ਸੰਕੇਤ ਵੀ ਮਿਲ ਰਿਹਾ ਸੀ। ਇਸ ਗੱਲ ਦਾ ਅਹਿਸਾਸ ਸੀ ਕਿ ਹਾਲਾਂ ਬਹੁਤ ਕੁਝ ਕਰਨ ਵਾਲਾ ਹੈ। ਪਰ ਕਈ ਵਾਰੀ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਵੀ ਇਹ ਮਹਿਸੂਸ ਹੁੰਦਾ ਸੀ ਕਿ ਬਾਬਾ ਜੀ ਦੀ ਪ੍ਰਧਾਨਗੀ ਦੇ ਹੁੰਦਿਆਂ ਦੇਸ਼ ਭਗਤ ਯਾਦਗਾਰ ਵੱਲੋਂ ਉੱਚ ਪਾਏ ਦੀ ਇਤਿਹਾਸਕਾਰੀ ਜਾਂ ਇਕ ਸੁਚੱਜੇ ਖੋਜ ਕੇਂਦਰ ਦੀ ਕਲਪਨਾ ਕਰਨੀ ਮੁਸ਼ਕਿਲ ਹੈ (ਇੱਥੇ ਡਾ: ਪੁਰੀ ਸਾਹਿਬ ਦਾ ਇਸ਼ਾਰਾ ਆਪਣੇ ਤੋਂ ਸੀਨੀਅਰ ਗ਼ਦਰੀ ਬਾਬਿਆਂ ਅਤੇ ਆਪਣੇ ਸੰਗਰਾਮੀ ਸਾਥੀਆਂ ਲਈ ਬਾਬਾ ਜੀ ਦੇ ਮਨ ਅੰਦਰਲੇ ਤੀਖਣ ਪ੍ਰਭਾਵ ਵਾਲੇ ਬੇ-ਪਨਾਹ ਸਨੇਹ ਅਤੇ ਸਤਿਕਾਰ ਭਾਵ ਵੱਲ ਹੈ ਜੋ ਵਿਦਵਾਨਾਂ ਮੁਤਾਬਕ ਨਿਰਪੱਖ ਇਤਿਹਾਸਕਾਰੀ ਲਈ ਰੁਕਾਵਟ ਬਣ ਸਕਦਾ ਹੈ)। ਇਸ ਲਈ ਨਵੀਂ ਪੀੜ੍ਹੀ ਦੇ ਵਿਸ਼ਾਲ ਗਿਆਨ ਤੇ ਤਜ਼ਰਬੇ ਵਾਲੇ ਅਤੇ ਸੁਹਿਰਦ ਲੋਕਾਂ ਦੀ ਸਲਾਹ ਲੈਣ ਅਤੇ ਉਸਦੀ ਕਦਰ ਪਾ ਕੇ ਇਸ ਯਾਦਗਾਰ ਦਾ ਸੁਚੱਜਾ ਵਿਕਾਸ ਕਰਨ ਦੀ ਲੋੜ ਹੈ। ਦਸਤਾਵੇਜ਼ਾਂ ਅਤੇ ਲਾਇਬਰੇਰੀ ਦੇ ਸਾਂਭ ਸੰਭਾਲ ਲਈ ਜਿਹੜੇ ਉਪਰਾਲੇ ਪਿਛਲੇ ਦੋ ਕੁ ਵਰ੍ਹਿਆਂ ਤੋਂ ਸ਼ੁਰੂ ਕੀਤੇ ਗਏ ਹਨ ਉਸ ਤੋਂ ਆਸ਼ਾਵਾਦੀ ਸੰਕੇਤ ਮਿਲ ਰਹੇ ਹਨ। ਇਸ ਕਾਰਜ ਨੂੰ ਅੱਗੇ ਤੋਰਨਾ ਹੀ ਗ਼ਦਰੀ ਬਾਬਿਆਂ ਪ੍ਰਤੀ ਸ਼ਰਧਾਂਜਲੀ ਦਾ ਸਬੂਤ ਬਣ ਸਕਦਾ ਹੈ।

# ਭਗਤ ਸਿੰਘ ਬਿਲਗਾ ਦੇ ਸੰਘਰਸ਼ੀਲ ਜੀਵਨ ਦਾ ਬ੍ਰਿਤਾਂਤ

-ਪਿਆਰਾ ਸਿੰਘ ਭੋਗਲ

ਬਾਬਾ ਭਗਤ ਸਿੰਘ ਬਿਲਗਾ (2 ਅਪ੍ਰੈਲ 1907-22 ਮਈ 2009 ਈ:) ਕੁਰਬਾਨੀ ਦੇ ਪੁੰਜ ਸੁਤੰਤਰਤਾ-ਸੰਗਰਾਮੀਏ ਸਨ, ਜੋ ਸਾਰੀ ਉਮਰ ਸਮਾਜਵਾਦੀ ਸਮਾਜ ਸਥਾਪਿਤ ਕਰਨ ਦੇ ਸੁਪਨੇ ਨਾਲ ਜੁੜੇ ਰਹੇ। ਉਹ ਕਹਿਣੀ ਤੇ ਕਰਨੀ ਦੇ ਸੂਰਮੇ ਸਨ। ਸਰਕਾਰਾਂ ਨਾਲ ਤਾਂ ਟੱਕਰ ਲਈ ਹੀ, ਗੁੰਮਰਾਹ ਹੋਏ ਆਪਣਿਆਂ ਨਾਲ ਵੀ ਟਕਰਾਉਣਾ ਪੈਂਦਾ ਰਿਹਾ। ਅਸਲ ਵਿਚ ਉਨ੍ਹਾਂ ਨੂੰ ਤਿੰਨ ਮੋਰਚਿਆਂ ਉੱਤੇ ਸਾਰੀ ਉਮਰ ਪਹਿਰਾ ਦੇਣਾ ਪਿਆ। ਪਹਿਲਾ ਮੋਰਚਾ ਆਪਣਾ-ਆਪ ਸੀ। ਹਰ ਵਿਅਕਤੀ ਪਹਿਲਾ ਮਹੱਤਵ ਆਪਣੇ ਤੇ ਆਪਣੇ ਪਰਿਵਾਰ ਦੇ ਸੁੱਖ ਨੂੰ ਦਿੰਦਾ ਹੈ। ਬਾਬਾ ਬਿਲਗਾ ਨੇ ਆਪਣੇ ਤੇ ਆਪਣੇ ਪਰਿਵਾਰ ਦੇ ਸੁੱਖ ਨੂੰ ਤਿਆਗਿਆ। ਦੂਜਾ ਮੋਰਚਾ ਸੀ ਸਰਕਾਰੀ-ਸਥਾਪਤੀ ਦਾ ਦਮਨ-ਤੰਤਰ। ਬਾਬਾ ਜੀ ਨੇ ਬਹੁਤ ਕਸ਼ਟ ਤੇ ਘੋਰ ਤਸ਼ੱਦਦ ਦੇ ਦੌਰ ਲੰਘਾਏ। ਤੀਜਾ ਮੋਰਚਾ ਸੀ, ਖੱਬੀਆਂ ਧਿਰਾਂ ਦੇ ਗ਼ਲਤ ਪੈਂਤੜੇ। ਆਪਣੇ ਆਪ ਨੂੰ ਕ੍ਰਾਂਤੀਕਾਰੀ ਅਤੇ ਬਹੁਤ ਸਿਆਣੇ ਸਮਝਣ ਵਾਲੇ ਨੇਤਾ ਅਤੇ ਧੜੇ ਪੰਜਾਬ ਅਤੇ ਭਾਰਤ ਲਈ ਤਬਾਹਕੁੰਨ ਨੀਤੀਆਂ ਘੜਦੇ ਰਹੇ ਅਤੇ ਬਾਬਾ ਜੀ ਸਮੇਤ ਹਜ਼ਾਰਾਂ ਸੰਗਰਾਮੀਆਂ ਨੂੰ ਭਟਕਾਊ ਰਾਹ ਉੱਤੇ ਤੁਰਨ ਦੇ ਆਦੇਸ਼ ਜਾਰੀ ਕਰਦੇ ਰਹੇ। ਜੇ ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀ ਗ਼ਲਤ ਪੁਜੀਸ਼ਨ ਲੈ ਕੇ ਤੁਰਨ ਤੋਂ ਇਨਕਾਰੀ ਹੋਏ ਤਾਂ ਉਨ੍ਹਾਂ ਨੂੰ ਘਰ ਜਾ ਕੇ ਬੈਠਣ ਦੀਆਂ ਘੁਰਕੀਆਂ ਦਿੰਦੇ ਰਹੇ।

ਦੁੱਖ ਦੀ ਗੱਲ ਸੀ, ਬਾਬਾ ਜੀ ਨੇ ਨੌਜਵਾਨੀ ਵਿਚ ਜਿਸ ਸਮਾਜਵਾਦੀ ਸਮਾਜ ਦਾ ਸੁਪਨਾ ਲੈ ਕੇ ਸਮਾਜਵਾਦੀ ਵਿਚਾਰਧਾਰਾ ਅਪਣਾਉਣ ਅਤੇ ਭਾਰਤ ਪਹੁੰਚ ਕੇ ਸਮਾਜਵਾਦੀ ਲਹਿਰ ਤਕੜੀ ਕਰਨ ਦੀ ਸਿਖਲਾਈ ਲਈ ਉਹ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਤਿੜਕ ਗਿਆ। ਸੋਵੀਅਤ ਯੂਨੀਅਨ ਜੋ ਸਾਰੀ ਦੁਨੀਆ ਦੇ ਗਰੀਬਾਂ ਲਈ ਸਾਂਝੀਵਾਲਤਾ ਦਾ ਉੱਸਰ ਰਿਹਾ ਘਰ ਸੀ, ਬਾਬਾ ਜੀ ਦੇ ਦੇਖਦਿਆਂ-ਦੇਖਦਿਆਂ ਬਿਖਰ ਗਿਆ। ਭਾਰਤ ਦੀ ਸਮਾਜਵਾਦੀ ਲਹਿਰ ਜੋ 1950-60 ਦੇ ਦਹਾਕੇ 'ਚ ਉੱਚੇ ਚੜਾਅ ਉੱਤੇ ਸੀ, 1965-1975 ਦੇ ਸਾਲਾਂ ਵਿਚ ਤਿੱਖਾ ਜੁਝਾਰਵਾਦੀ ਸੰਘਰਸ਼ ਲੜਦੀ-ਲੜਦੀ ਕਈ ਟੁਕੜਿਆਂ ਵਿਚ ਵੰਡੀ ਗਈ। ਅੱਜ ਭਾਰਤ ਆਰਿਥਕ ਸਮਾਜਕ ਤੇ ਸਭਿਆਚਾਰਕ ਸੰਕਟ ਵਿਚ ਫਸਿਆ ਹੋਇਆ ਹੈ। ਭਾਰਤੀ ਜਨਤਾ ਦਾ ਵਡੇਰਾ ਭਾਗ ਪਛੜੇਵੇਂ, ਗ਼ਰੀਬੀ ਤੇ ਬੇਰੁਜ਼ਗਾਰੀ ਦੀ ਦਲਦਲ ਵਿਚ ਖੁੱਭਿਆ ਹੋਇਆ ਹੈ। ਅੱਜ ਸਮਾਜਵਾਦ ਨੂੰ ਸਮਰਪਿਤ ਤਾਕਤਾਂ ਦਾ ਸੱਤਾਧਾਰੀ ਧਿਰਾਂ ਉੱਤੇ ਦਬਾਉ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਭਾਰਤੀ ਆਰਥਕ-ਪ੍ਰਬੰਧ ਸਰਬੱਤ ਦੇ ਭਲੇ ਵਾਲੇ ਪ੍ਰਬੰਧ (ਵੈਲਫੇਅਰ ਸਟੇਟ) ਦਾ ਰੂਪ ਧਾਰਨ ਕਰ ਸਕੇ। ਹਾਲਾਤ ਸਾਜ਼ਗਾਰ ਨਹੀਂ ਸਨ। ਭਾਰਤੀ ਸਿਆਸਤ ਠੀਕ ਪਾਸੇ ਨੂੰ

ਮੋੜਾ ਨਹੀਂ ਕੱਟ ਰਹੀ ਸੀ ਪਰ ਬਾਬਾ ਭਗਤ ਸਿੰਘ ਬਿਲਗਾ ਦਾ ਵਿਸ਼ਵਾਸ ਅਡੋਲ ਸੀ। ਉਨ੍ਹਾਂ ਦੇ ਵਿਚਾਰਾਂ ਵਿਚ ਸਪੱਸ਼ਟਤਾ ਪ੍ਰਤੀਬੱਧਤਾ ਪਹਿਲਾਂ ਵਾਂਗ ਹੀ ਕਾਇਮ ਸੀ। ਜਦੋਂ ਵੀ ਗੱਲ ਕਰਨ 'ਤੇ ਸਰੋਤਿਆਂ ਨੂੰ ਸੰਬੋਧਨ ਕਰਨ ਦਾ ਮੌਕਾ ਮਿਲਦਾ, ਬੜੇ ਗੜਕੇ ਵਾਲੀ ਆਵਾਜ਼ ਵਿਚ ਆਸ਼ਾਵਾਦੀ ਦਿਸ਼ਾ ਵੱਲ ਤੁਰਨ ਦੀ ਲੋੜ ਦਾ ਇਸ਼ਾਰਾ ਕਰਦੇ। ਜਨਤਾ ਨੂੰ ਸੰਗਠਿਤ ਹੋ ਕੇ ਸੰਘਰਸ਼ ਜਾਰੀ ਰੱਖਣ ਦਾ ਸੰਦੇਸ਼ ਦਿੰਦੇ। ਇਸ ਗੱਲ ਵਿਚ ਸ਼ੱਕ ਹੀ ਕੋਈ ਨਹੀਂ, ਭਾਰਤੀ ਜਨਤਾ ਨੇ ਆਪਣੇ ਮਸਲੇ ਆਪ ਹੀ ਹੱਲ ਕਰਨੇ ਹਨ। ਜਨਤਾ ਨੇ ਆਪਣੇ ਸੰਗਠਨ ਤੇ ਸੰਘਰਸ਼ ਨਾਲ ਹੀ ਭਾਰਤੀ ਸਮਾਜਕ ਢਾਂਚਾ ਬਦਲਣਾ ਹੈ। ਬਦਲੇ ਬਿਨਾ ਚਾਰਾ ਕੋਈ ਨਹੀਂ। ਬਾਬਾ ਜੀ ਦੇ ਜੀਵਨ ਦੀ ਸਾਰੀ ਕਹਾਣੀ ਕੁਰਬਾਨੀ, ਸੰਗਠਨ ਤੇ ਸੰਘਰਸ਼ ਦੇ ਰਾਹ ਦਾ ਮਹੱਤਵ ਪ੍ਰਗਟ ਕਰਦੀ ਹੈ।

**ਮੁੱਢਲਾ ਜੀਵਨ** :- ਬਾਬਾ ਭਗਤ ਸਿੰਘ ਬਿਲਗਾ ਦਾ ਜਨਮ ਦੋਆਬੇ ਦੇ ਮੰਜਕੀ ਖੇਤਰ ਦੇ ਪ੍ਰਸਿੱਧ ਇਤਿਹਾਸਕ ਪਿੰਡ ਬਿਲਗੇ ਵਿਚ ਚੌਧਰੀ ਹੀਰਾ ਸਿੰਘ ਦੇ ਘਰ ਹੋਇਆ। ਹੀਰਾ ਸਿੰਘ ਦੇ ਦੋ ਵਿਆਹ ਹੋਏ। ਪਹਿਲਾ ਵਿਆਹ ਮਾਈ ਪ੍ਰਤਾਪੀ ਨਾਲ। ਦੂਜਾ ਵਿਆਹ ਮਾਈ ਮਾਲਣ ਨਾਲ। ਪ੍ਰਤਾਪੀ ਦੇ ਘਰ ਦੋ ਧੀਆਂ ਜੰਮੀਆਂ। ਉਦੋਂ ਪੰਜਾਬ ਵਿਚ ਧੀਆਂ ਨੂੰ ਮਾਰ ਦੇਣ ਦਾ ਰਿਵਾਜ ਸੀ ਪਰ ਹੀਰਾ ਸਿੰਘ ਨੇ ਧੀਆਂ ਨੂੰ ਮਰਨ ਤੋਂ ਬਚਾਇਆ। ਪਾਲੀਆਂ ਤੇ ਵਿਆਹੀਆਂ। ਮਾਈ ਮਾਲਣ ਦੇ ਘਰ ਦੋ ਬੇਟੇ ਜਨਮੇ। ਬਾਬਾ ਬਿਲਗਾ ਮਾਲਣ ਦਾ ਛੋਟਾ ਪੁੱਤਰ ਸੀ। ਪਰ ਬਦਕਿਸਮਤੀ ਨਾਲ ਭਗਤ ਸਿੰਘ ਬਿਲਗਾ ਅਜੇ ਡੇਢ ਕੁ ਸਾਲ ਦਾ ਸੀ ਕਿ ਚੌਧਰੀ ਹੀਰਾ ਸਿੰਘ ਚਲ ਵਸੇ।

ਇਕ ਹੋਰ ਮੁਸੀਬਤ ਪਰਗਟ ਹੋ ਗਈ। ਬਿਲਗੇ ਵਿਚ ਪਲੇਗ ਫੁੱਟ ਪਈ। ਅਜੀਤਵਾਲ ਪਿੰਡ ਤੋਂ ਭਗਤ ਸਿੰਘ ਦੀ ਮਾਸੀ ਆਈ ਤੇ ਉਹ ਬੱਚੇ ਨੂੰ ਅਜੀਤਵਾਲ ਲੈ ਗਈ।

ਉਨ੍ਹਾਂ ਦਿਨਾਂ ਵਿਚ ਸਕੂਲ ਕਾਲਜ ਬਹੁਤ ਘੱਟ ਸਨ। ਪਿੰਡਾਂ ਵਿਚ ਤਾਂ ਸਕੂਲ ਬਹੁਤ ਹੀ ਘੱਟ ਸਨ। ਅਜੀਤ ਵਾਲ ਵਿਚ ਪ੍ਰਾਇਮਰੀ ਸਕੂਲ ਸੀ। ਇਥੇ ਚਾਰ ਜਮਾਤਾਂ ਪਾਸ ਕਰਕੇ ਚੂਹੜ ਚੱਕ ਪਿੰਡ ਦੇ ਸਕੂਲ ਤੋਂ ਅੱਠਵੀਂ ਜਮਾਤ ਤੱਕ ਪੜ੍ਹਾਈ ਕੀਤੀ। ਮਾਂ ਮਾਲਣ ਭਗਤ ਸਿੰਘ ਨੂੰ ਪਿੰਡ ਬਿਲਗੇ ਲੈ ਆਈ। ਵੱਡੇ ਭਰਾ ਨੇ ਲੁਧਿਆਣੇ ਦੇ ਮਾਲਵਾ ਖਾਲਸਾ ਹਾਈ ਸਕੂਲ ਵਿਚ ਦਾਖਲ ਕਰਵਾ ਦਿੱਤਾ। ਇਥੋਂ ਫਸਟ ਕਲਾਸ ਵਿਚ ਮੈਟਰਿਕ ਪਾਸ ਕੀਤੀ। ਇਨ੍ਹਾਂ ਸਾਲਾਂ ਵਿਚ ਛੂਤ ਛਾਤ ਨਾ ਕਰਨ, ਹਿੰਦੂ-ਸਿੱਖ ਮੁਸਲਮਾਨ ਤਫੱਰਕਾ ਨਾ ਮੰਨਣ ਅਤੇ ਸਰਕਾਰ ਦੀਆਂ ਜ਼ਿਆਦਤੀਆਂ ਨਾ ਬਰਦਾਸ਼ਤ ਕਰਨ ਦੀ ਸਿੱਖਿਆ ਸਹਿਜ ਸੁਭਾਅ ਹੀ ਮਿਲ ਗਈ।

ਚੰਗੇ ਨੰਬਰਾਂ ਨਾਲ ਮੈਟਰਿਕ ਪਾਸ ਹੋ ਜਾਣਾ, ਉਸ ਜ਼ਮਾਨੇ ਵਿਚ, ਕਿਸੇ ਕਿਸੇ ਨਵ-ਯੁਵਕ ਦੇ ਹਿੱਸੇ ਆਉਂਦਾ ਸੀ। ਭਗਤ ਸਿੰਘ ਦੀ ਇਹ ਪ੍ਰਾਪਤੀ ਅਨੋਖੀ ਸੀ। ਇਸ ਪੜ੍ਹਾਈ ਨਾਲ ਉਹ ਕੋਈ ਨੌਕਰੀ ਹਾਸਿਲ ਕਰ ਸਕਦਾ ਸੀ। ਸ੍ਵੈ-ਰੁਜ਼ਗਾਰ ਸਥਾਪਤ ਕਰ ਸਕਦਾ ਸੀ। ਪਰ ਪਰਿਵਾਰ ਦੇ ਸਿਰ ਕਰਜ਼ ਚੜ੍ਹ ਚੁੱਕਾ ਸੀ। ਪੇਂਡੂ ਕਿਰਸਾਣੀ ਦਾ ਕਰਜ਼ਦਾਰ ਹੋਣਾ ਉਨ੍ਹਾਂ ਦਿਨਾਂ ਦੇ ਪੰਜਾਬ ਦੀ ਘੋਰ-ਸਮੱਸਿਆ ਸੀ। ਪਰਿਵਾਰ ਦੀ ਮਾਇਕ ਮਦਦ ਕਰਨ ਲਈ ਭਗਤ ਸਿੰਘ ਨੇ ਪਰਦੇਸ ਜਾਣ ਦਾ ਫੈਸਲਾ ਕਰ ਲਿਆ। ਕਲੱਕਤੇ ਤੋਂ ਸਮੁੰਦਰੀ ਜਹਾਜ਼ ਫੜ੍ਹਿਆ ਸਿੰਘਾਪੁਰ, ਮਲਾਇਆ, ਹਾਂਗਕਾਂਗ ਤੇ ਜਾਪਾਨ ਦੀ ਬੰਦਰਗਾਹ ਕੋਬੇ ਹੁੰਦੇ ਹੋਏ ਸ਼ਾਂਤ ਮਹਾਂਸਾਗਰ ਪਾਰ

ਕੀਤਾ। ਦੋ ਮਹਾਂਦੀਪਾਂ ਉੱਤਰੀ ਅਮਰੀਕਾ ਅਤੇ ਦੱਖਣੀ ਅਮਰੀਕਾ ਨੂੰ ਜੋੜਦੇ ਪਾਨਾਮਾ ਸ਼ਹਿਰ ਪਹੁੰਚੇ। ਇਥੋਂ ਅੰਧ ਮਹਾਂਸਾਗਰ ਵਿਚ ਪ੍ਰਵੇਸ਼ ਕੀਤਾ। ਦੱਖਣੀ ਅਮਰੀਕਾ ਮਹਾਂਦੀਪ ਦੇ ਪੂਰਬੀ ਕਿਨਾਰੇ ਦੇ ਦੇਸ਼ ਚਿੱਲੀ ਦਾ ਬਾਬਾ ਭਗਤ ਸਿੰਘ ਪਾਸ ਵੀਜ਼ਾ ਸੀ। ਨਾਲ ਦੇ ਸਾਥੀ ਗੁਰਚਰਨ ਸਿੰਘ ਨੇ ਦੱਸਿਆ ਇਸ ਮਹਾਂਦੀਪ ਦੇ ਇਕ ਦੇਸ਼ ਅਰਜਨਟਾਇਨਾ ਵਿਚ ਚੰਗਾ ਰੁਜ਼ਗਾਰ ਮਿਲ ਸਕਦਾ ਹੈ। ਰੇਲਵੇ ਗੱਡੀ ਵਿਚ ਸਫਰ ਕਰਕੇ ਅਰਜਨਟਾਇਨਾ ਪਹੁੰਚੇ।

**ਗ਼ਦਰ ਪਾਰਟੀ ਨਾਲ ਸੰਪਰਕ :-** ਬਾਬਾ ਭਗਤ ਸਿੰਘ ਬਿਲਗਾ ਪਰਦੇਸ ਗਏ ਤਾਂ ਪੈਸੇ ਕਮਾਉਣ ਅਤੇ ਪਿੱਛੇ ਪਰਿਵਾਰ ਦੀ ਮਦਦ ਕਰਨ ਲਈ ਪਰ ਰਾਜਨੀਤਕ ਇਤਿਹਾਸ ਦੀ ਗਤੀ ਹੋਰ ਪਾਸੇ ਲੈ ਗਈ।

ਉੱਤਰੀ ਅਮਰੀਕਾ ਮਹਾਂਦੀਪ ਦੇ ਦੇਸ਼ ਯੂ. ਐਸ. ਏ. ਵਿਚ ਬਣੀ ਗ਼ਦਰ ਪਾਰਟੀ ਦਾ 19 ਫਰਵਰੀ 1915 ਦੀ ਅੱਧੀ ਰਾਤ ਨੂੰ ਭਾਰਤ ਵਿਚ ਗ਼ਦਰ ਮਚਾਉਣ ਦਾ ਯਤਨ ਤਾਂ ਫੇਲ੍ਹ ਹੋ ਚੁੱਕਾ ਸੀ, ਪਰ ਯੂ. ਐਸ. ਏ. ਅਤੇ ਆਂਢ-ਗੁਆਂਢ ਦੇ ਦੇਸ਼ਾਂ ਵਿਚ ਬੈਠੇ ਪੰਜਾਬੀ ਦੇਸ਼ ਭਗਤਾਂ ਦੇ ਮਨਾਂ ਵਿਚ ਆਜ਼ਾਦੀ ਦੀ ਸ਼ਮ੍ਹਾ ਅਜੇ ਵੀ ਲੱਟ ਲੱਟ ਬਲ ਰਹੀ ਸੀ। ਅਰਜਨਟਾਇਨਾ ਵਿਚ ਵੀ ਇਸ ਦੀ ਰੌਸ਼ਨੀ ਸੀ। ਇਥੇ ਭਗਤ ਸਿੰਘ ਬਿਲਗਾ ਨੂੰ ਰਤਨ ਸਿੰਘ ਰਾਏਪੁਰ ਡੱਬਾ ਮਿਲੇ ਤੇਜਾ ਸਿੰਘ ਸੁਤੰਤਰ ਵੀ ਇਥੇ ਆ ਗਏ। ਇਥੇ ਵੀ ਗ਼ਦਰ ਪਾਰਟੀ ਬਣ ਗਈ। ਇਥੇ 23 ਮਾਰਚ 1931 ਈ. ਨੂੰ ਲਾਹੌਰ ਵਿਚ ਫਾਂਸੀ ਲੱਗੇ ਭਗਤ ਸਿੰਘ ਦੀ ਸ਼ਹੀਦੀ ਦੀ ਖਬਰ ਪਹੁੰਚੀ। ਰੁਜ਼ਗਾਰ ਕਮਾਉਣਾ ਭੁੱਲ ਗਿਆ। ਸੌ ਪੰਜਾਬੀ ਦੇਸ਼ ਭਗਤ ਸੋਵੀਅਤ ਯੂਨੀਅਨ ਦੀ ਰਾਜਧਾਨੀ ਮਾਸਕੋ ਵਿਚ ਯੂਨੀਵਰਸਿਟੀ ਦੀ ਪੜ੍ਹਾਈ ਕਰਨ ਲਈ ਚਲ ਪਏ। ਇਨ੍ਹਾਂ ਵਿਚ ਬਾਬਾ ਬਿਲਗਾ ਵੀ ਸ਼ਾਮਿਲ ਸਨ। 1932 ਤੋਂ 1934 ਤੱਕ ਭਗਤ ਸਿੰਘ ਬਿਲਗਾ ਨੇ ਮਾਸਕੋ ਵਿਚ ਸਿਖਲਾਈ ਲਈ। ਇਹ ਸਿਖਲਾਈ ਭਾਰਤ ਵਿਚ ਕਮਿਊਨਿਸਟ ਪਾਰਟੀ ਖੜ੍ਹੀ ਕਰਨ ਤੇ ਸਮਾਜਵਾਦ ਸਥਾਪਤ ਕਰਨ ਲਈ ਸੰਘਰਸ਼ ਕਰਨ ਦੀ ਸੀ। ਸਿਖਲਾਈ ਲੈਣ ਤੋਂ ਬਾਅਦ ਮਾਸਕੋ ਛੱਡ ਕੇ ਪੈਰਿਸ ਪਹੁੰਚੇ। ਪੈਰਿਸ ਤੋਂ ਸ੍ਰੀਲੰਕਾ ਹੁੰਦੇ ਹੋਏ ਭਾਰਤ ਪਹੁੰਚੇ। ਪੰਜਾਬ ਪਹੁੰਚ ਕੇ ਦੋ ਸਾਲ ਰੂਪੋਸ਼ ਰਹੇ।

**ਕਿਰਤੀ ਪਾਰਟੀ ਵਿਚ ਸ਼ਮੂਲੀਅਤ :-**ਉਦੋਂ ਪੰਜਾਬ ਵਿਚ ਕਿਰਤੀ ਪਾਰਟੀ ਸਰਗਰਮ ਸੀ। ਇਹ ਪਾਰਟੀ ਭਾਈ ਸੰਤੋਖ ਸਿੰਘ ਨੇ ਬਣਾਈ ਸੀ। ਉਹ ਵੀ ਯੂ. ਐਸ. ਏ. ਤੋਂ ਮਾਸਕੋ ਗਏ ਸਨ। ਲੈਨਿਨ ਨੂੰ ਮਿਲੇ ਸਨ। ਪੰਜਾਬ ਆ ਕੇ ਕਿਰਤੀ ਮਾਸਕ ਪੱਤਰ ਅੰਮ੍ਰਿਤਸਰ ਤੋਂ ਚੱਲਿਆ ਸੀ। ਆਪ ਤਾਂ ਤਪਦਿਕ ਦਾ ਸ਼ਿਕਾਰ ਹੋ ਕੇ 1927 ਵਿਚ ਚੜ੍ਹਾਈ ਕਰ ਗਏ, ਪਰ ਉਨ੍ਹਾਂ ਦਾ ਲਾਇਆ "ਕਿਰਤੀ ਪਾਰਟੀ" ਦਾ ਬੂਟਾ ਪਿੱਛੋਂ ਵਧਿਆ ਫੁੱਲਿਆ। ਇਸ ਵਿਚ ਗ਼ਦਰ ਪਾਰਟੀ ਨਾਲ ਜੁੜੇ ਤੇ ਕਿਸਾਨ ਸਭਾ ਵਿਚ ਸਰਗਰਮ ਬਹੁਤ ਸਾਰੇ ਦੇਸ਼ ਭਗਤ ਸ਼ਾਮਿਲ ਹੋਏ। ਇਸ ਤੋਂ ਪਹਿਲਾਂ ਊਧਮ ਸਿੰਘ ਕਸੇਲ ਨੇ 1922-24 ਵਿਚ ਇਕ ਕਮਿਊਨਿਸਟ ਪਾਰਟੀ ਖੜ੍ਹੀ ਕੀਤੀ ਸੀ। ਪਰ ਊਧਮ ਸਿੰਘ ਦੀ ਸ਼ਹਾਦਤ ਨਾਲ ਉਹ ਪਾਰਟੀ ਵਧੀ ਫੁੱਲੀ ਨਾ। 1934 ਈ. ਵਿਚ ਮੇਰਠ ਸਾਜਿਸ਼ ਕੇਸ ਨਾਲ ਜੁੜੇ ਕਾਮਰੇਡ ਸੋਹਨ ਸਿੰਘ ਜੋਸ਼ ਤੇ ਉਨ੍ਹਾਂ ਦੇ ਸਾਥੀਆਂ ਨੇ ਤੀਜੀ ਕਮਿਊਨਿਸਟ ਪਾਰਟੀ ਵੀ ਖੜ੍ਹੀ ਕੀਤੀ। ਬਾਬਾ ਬਿਲਗਾ ਨੂੰ ਪਹਿਲਾਂ ਸੰਗਠਨਕਾਰੀ ਕੰਮ ਕਾਨਪੁਰ ਪਹੁੰਚ ਕੇ ਫੈਕਟਰੀ ਮਜ਼ਦੂਰਾਂ ਦੀ ਯੂਨੀਅਨ ਖੜ੍ਹੀ ਕਰਨ ਤੇ ਮਜ਼ਦੂਰ ਜਮਾਤ ਨੂੰ ਇਨਕਲਾਬ

ਲੜਨ ਦੀ ਸਿੱਖਿਆ ਦੇਣ ਦਾ ਮਿਲਿਆ ਸੀ।

**ਕਿਰਤੀ ਪਾਰਟੀ ਤੇ ਆਫੀਸ਼ੀਅਲ ਕਮਿਊਨਿਸਟ ਪਾਰਟੀ ਦੀ ਕਸ਼ਮਕਸ਼ :-**ਪੰਜਾਬ ਵਿਚ ਬਹੁਤਾ ਕੰਮ ਕਿਰਤੀ ਪਾਰਟੀ ਦਾ ਸੀ। ਬਾਬਾ ਬਿਲਗਾ ਤੋਂ ਬਿਨਾਂ ਸੋਹਨ ਸਿੰਘ ਭਕਨਾ, ਬਾਬਾ ਕਰਮ ਸਿੰਘ ਚੀਮਾ, ਬਾਬਾ ਬੂਝਾ ਸਿੰਘ, ਬਾਬਾ ਗੁਰਮੁਖ ਸਿੰਘ ਲਲਤੋਂ, ਗੁਰਚਰਨ ਸਿੰਘ ਸੈਂਸਰਾ, ਚੈਨ ਸਿੰਘ ਚੈਨ, ਹਰਬੰਸ ਸਿੰਘ ਕਰਨਾਨਾ, ਸੰਤਾ ਸਿੰਘ ਗੰਡੀਵਿੰਡ, ਰਾਮ ਕਿਸ਼ਨ ਬੀ. ਏ. ਨੈਸ਼ਨਲ, ਕਾ. ਵਧਾਵਾ ਰਾਮ ਸਭ ਕਿਰਤੀ ਪਾਰਟੀ ਵਿਚ ਕੰਮ ਕਰਦੇ ਦੇਸ਼ ਭਗਤ ਸਨ। ਪਰ ਆਫੀਸ਼ੀਅਲ ਕਮਿਊਨਿਸਟ ਪਾਰਟੀ, ਜਿਸ ਦੇ ਪੰਜਾਬ ਵਿਚ ਆਗੂ ਸੋਹਨ ਸਿੰਘ ਜੋਸ਼ ਸਨ, ਕਿਰਤੀਆਂ ਨੂੰ ਪਸੰਦ ਨਹੀਂ ਕਰਦੇ ਸਨ। ਸਦਾ ਹੀ ਉਨ੍ਹਾਂ ਨੂੰ ਪਰ੍ਹਾਂ ਧੱਕਦੇ ਰਹੇ।

ਕਿਰਤੀ ਪਾਰਟੀ ਨੇ ਆਪਣਾ ਪਰਚਾ "ਕਿਰਤੀ" 1926 ਤੋਂ 1942 ਤੱਕ ਜਾਰੀ ਰੱਖਿਆ। ਕੁਝ ਸਮੇਂ ਲਈ ਲਾਲ ਢੰਡੋਰਾ ਤੇ ਲਾਲ ਝੰਡਾ ਪਰਚੇ ਵੀ ਕੱਢੇ।

ਬ੍ਰਿਟਿਸ਼ ਸਰਕਾਰ ਨੂੰ ਹੌਲੀ ਹੌਲੀ ਖ਼ਬਰ ਹੋ ਗਈ ਕਿ "ਗ਼ਦਰ ਪਾਰਟੀ" ਨਵੇਂ ਸਿਰੇ ਤੋਂ ਸੰਗਠਿਤ ਹੋਈ ਹੈ, ਤੇ ਦੁਬਾਰਾ "ਗ਼ਦਰ" ਕਰਨ ਦਾ ਯਤਨ ਕੀਤਾ ਜਾਣਾ ਹੈ। ਇਹ ਵੀ ਖ਼ਬਰ ਹੋ ਗਈ ਕਿ ਗ਼ਦਰ ਪਾਰਟੀ ਦੇ ਨਵੇਂ ਆਗੂ ਮਾਸਕੋ ਤੋਂ ਸਿਖਲਾਈ ਲੈ ਕੇ ਆਏ ਹਨ। 1936 ਈ. ਵਿਚ ਅੱਗੜ-ਪਿੱਛੜ ਗ਼ਦਰ ਪਾਰਟੀ ਦੇ ਲੀਡਰ ਗ੍ਰਿਫ਼ਤਾਰ ਕਰ ਲਏ ਗਏ। ਬਾਬਾ ਗੁਰਮੁਖ ਸਿੰਘ ਲਲਤੋਂ ਲਾਹੌਰ ਤੋਂ, ਦਸ ਦਿਨ ਬਾਅਦ ਭਗਤ ਸਿੰਘ ਬਿਲਗਾ ਅੰਮ੍ਰਿਤਸਰ ਤੋਂ ਅਤੇ ਕੁਝ ਹੋਰ ਦਿਨਾਂ ਬਾਅਦ ਅੱਛਰ ਸਿੰਘ ਛੀਨਾ ਉਨ੍ਹਾਂ ਦੇ ਟਿਕਾਣੇ ਤੋਂ ਗ੍ਰਿਫ਼ਤਾਰ ਕਰ ਲਏ ਗਏ। ਇਨ੍ਹਾਂ ਨੂੰ ਲਾਹੌਰ ਦੇ ਕਿਲ੍ਹੇ ਵਿਚ ਇੰਟੈਰੋਗੇਸ਼ਨ ਸੈਂਟਰ ਵਿਚ ਲਿਜਾ ਕੇ ਤਸੀਹੇ ਦਿੱਤੇ ਗਏ, ਤਾਂ ਕਿ ਗ਼ਦਰ ਦੀ ਯੋਜਨਾ ਦਾ ਭੇਤ ਲੱਗੇ। ਬਾਬਾ ਬਿਲਗਾ ਨੇ ਇਸ ਤਸੀਹਾ-ਕੇਂਦਰ ਵਿਚ ਦੋ ਮਹੀਨੇ ਕਸ਼ਟ ਝੱਲੇ। ਬਾਬਾ ਬਿਲਗਾ ਦਾ ਆਪਣਾ ਬਿਆਨ ਹੈ-"ਗ਼ਦਰ ਪਾਰਟੀ ਵੱਲੋਂ ਦੇਸ਼ ਪਰਤਣ ਦੇ ਦੂਜੇ ਸੱਦੇ 'ਤੇ ਆਏ ਗ਼ਦਰੀਆਂ ਅਤੇ ਮਾਸਕੋ ਤੋਂ ਪਰਤੇ ਗ਼ਦਰੀਆਂ ਨੂੰ ਕਿਲ੍ਹੇ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਜ਼ਰੂਰ ਹੀ ਲਿਆਂਦਾ ਜਾਂਦਾ ਸੀ। ਸਾਰੀ ਸਾਰੀ ਰਾਤ ਖੜ੍ਹੇ ਰੱਖਣਾ, ਕਈ ਕਈ ਦਿਨ ਸੌਣ ਹੀ ਨਾ ਦੇਣਾ, ਹੱਥੀਂ ਮਾਰ-ਕੁਟਾਈ ਕਰਨੀ, ਪੁੱਠੀ ਹੱਥਕੜੀ ਅਤੇ ਗਾਲੀ ਗਲੋਚ ਕਰਨਾ, ਬਖਸ਼ੀ ਸੰਪੂਰਨ ਸਿੰਘ ਦਾ ਨਿਤ-ਕਰਮ ਸੀ। ਕਿਲ੍ਹੇ ਦੇ ਇਨ੍ਹਾਂ ਦੋ ਮਹੀਨਿਆਂ ਨੂੰ ਦੂਨੀਆ ਦਾ ਦੋਜ਼ਖ਼ ਕਿਹਾ ਜਾਂਦਾ ਸੀ।"

ਤਾਂ ਵੀ ਕਿਰਤੀ ਪਾਰਟੀ ਨੂੰ ਜਦੋਂ ਵੀ ਮੌਕਾ ਮਿਲਿਆ, ਪਿੰਡਾਂ ਵਿਚ ਕਿਸਾਨ ਕਮੇਟੀਆਂ ਬਣਾਈਆਂ। ਔਰਤਾਂ ਨੂੰ ਵੀ ਜਾਗ੍ਰਿਤ ਤੇ ਸੰਗਠਿਤ ਕਰਨ ਦਾ ਯਤਨ ਕੀਤਾ। ਨੌਜਵਾਨਾਂ ਤੱਕ ਵੀ ਆਪਣੇ ਵਿਚਾਰ ਪਹੁੰਚਾਏ। ਮੁਜ਼ਾਰਿਆਂ ਦੀ ਬੰਦ-ਖਲਾਸੀ ਲਈ ਕਈ ਸੰਘਰਸ਼ ਲੜੇ। ਜ਼ਿਲ੍ਹਾ ਮਿੰਟਗੁਮਰੀ ਵਿਚ ਮਹਾਰਾਜਾ ਫਰੀਦਕੋਟ ਅਤੇ ਹੋਰ ਕਈ ਜਾਗੀਰਦਾਰਾਂ ਦੇ ਵੱਡੇ-ਵੱਡੇ ਫਾਰਮ ਸਨ। ਖੇਤੀ ਮਜ਼ਾਰੇ ਕਰਦੇ ਸਨ, ਪਰ ਉਪਜ ਦਾ ਵੱਡਾ ਹਿਸਾ ਮਾਲਕ ਲੈ ਜਾਂਦੇ ਸਨ। ਇਸ ਇਲਾਕੇ ਨੂੰ ਨੀਲੀਬਾਰ ਕਹਿੰਦੇ ਸਨ। ਇਥੇ ਕਿਰਤੀ ਪਾਰਟੀ ਨਾਲ ਜੁੜੀ ਕਿਸਾਨ ਸਭਾ ਨੇ ਵੱਡਾ ਮੋਰਚਾ ਲੜਿਆ। "ਵੱਟ ਉੱਤੇ ਅੱਧੋ ਅੱਧ" ਮੰਗ ਪੇਸ਼ ਕੀਤੀ। ਇਸ ਸੰਘਰਸ਼ ਨੇ ਹਾਕਮਾਂ ਨੂੰ ਭਾਜੜ ਪਾ ਦਿੱਤੀ ਕਿਉਂਕਿ ਇਸ ਇਲਾਕੇ ਦੇ ਮਜ਼ਾਰੇ ਮੁਸਲਮਾਨ ਸਨ ਤੇ ਬਹੁਤ ਮਾਲਕ ਸਿੱਖ ਤੇ ਹਿੰਦੂ ਇਸ ਕਰਕੇ ਇਸ ਮੁਜ਼ਾਰਾ ਲਹਿਰ ਨੇ ਪੰਜਾਬੀਆਂ ਦੀ ਫਿਰਕੂ ਏਕਤਾ ਦੀ ਬੁਨਿਆਦ

ਰੱਖੀ। ਸਿਆਣੇ ਕਹਿੰਦੇ ਸਨ, ਅਜੇ ਇਹ ਲਹਿਰ ਹੋਰ ਅੱਗੇ ਵਧਦੀ, ਤਾਂ ਪਾਕਿਸਤਾਨ ਕਦੇ ਨਾ ਬਣਦਾ।

ਇਕ ਪਾਸੇ ਤਾਂ ਆਫੀਸ਼ੀਅਲ ਕਮਿਊਨਿਸਟ ਪਾਰਟੀ ਨਾਲ ਖਿੱਚੋਤਾਣ ਚੱਲ ਰਹੀ ਸੀ, ਦੂਜੇ ਪਾਸੇ ਇਹ ਭਾਵਨਾ ਵੀ ਉੱਭਰ ਰਹੀ ਸੀ ਕਿ ਸੁਤੰਤਰਤਾ-ਸੰਗਰਾਮ ਰਲ ਮਿਲ ਕੇ ਲੜਿਆ ਜਾਏ। ਭਾਰਤ ਦੀ ਸਭ ਤੋਂ ਵੱਡੀ ਪਾਰਟੀ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਤਾਲਮੇਲ ਬਣਾਉਣ ਦੀ ਕੋਸ਼ਿਸ਼ ਹੋਈ। 1937 ਤੋਂ 1940 ਤੱਕ ਪੰਜਾਬ ਕਾਂਗਰਸ ਵਿਚ ਸ਼ਾਮਿਲ ਹੋ ਕੇ ਕਿਰਤੀ ਪਾਰਟੀ ਨੇ ਕਾਂਗਰਸ ਪਾਰਟੀ ਨੂੰ ਆਪਣੀ ਵਿਚਾਰਧਾਰਾ ਅਨੁਸਾਰ ਢਾਲਣ ਦੀ ਕੋਸ਼ਿਸ਼ ਕੀਤੀ। ਪੰਜਾਬ ਕਾਂਗਰਸ ਵਿਚ ਇਸ ਵੇਲੇ ਦੋ ਧੜੇ ਸਨ। ਡਾ. ਸਤਯ ਪਾਲ ਦਾ ਅਤੇ ਡਾ. ਗੋਪੀ ਚੰਦ ਭਾਰਗੋ ਦਾ। ਕਿਰਤੀ ਪਾਰਟੀ ਨੇ ਪਿੰਡ ਪਿੰਡ ਘੁੰਮ ਕੇ ਕਾਂਗਰਸ ਦੇ ਮੈਂਬਰ ਭਰਤੀ ਕੀਤੇ। ਇਨ੍ਹਾਂ ਮੈਂਬਰਾਂ ਨੇ ਡੈਲੀਗੇਟ ਚੁਣੇ। ਜ਼ਿਲ੍ਹਾ ਜਲੰਧਰ ਦੇ 21 ਡੈਲੀਗੇਟਾਂ ਵਿਚੋਂ 18 ਡੈਲੀਗੇਟ ਕਿਰਤੀਆਂ ਵਿਚੋਂ ਚੁਣੇ ਗਏ ਸਨ। ਕਿਰਤੀਆਂ ਦੇ ਜ਼ੋਰ ਨਾਲ ਡਾ. ਸਤਯ ਪਾਲ ਸੂਬਾ ਕਾਂਗਰਸ ਦੇ ਪ੍ਰਧਾਨ ਚੁਣੇ ਗਏ ਸਨ। ਸੂਬਾ ਕਾਂਗਰਸ ਵਰਕਿੰਗ ਕਮੇਟੀ ਵਿਚ ਕਿਰਤੀਆਂ ਵੱਲੋਂ ਬਾਬਾ ਭਗਤ ਸਿੰਘ ਬਿਲਗਾ, ਡਾ. ਭਾਗ ਸਿੰਘ, ਮੁਨਸ਼ੀ ਅਹਿਮਦ ਦੀਨ, ਕਾ. ਮੁਬਾਰਕ ਸਾਗਰ ਅਤੇ ਕਰਤਾਰ ਸਿੰਘ ਗਿੱਲ ਚੁਣੇ ਗਏ। ਜਿਹੜੇ ਡੈਲੀਗੇਟ ਆਲ ਇੰਡੀਆ ਕਾਂਗਰਸ ਕਮੇਟੀ ਲਈ ਚੁਣੇ ਗਏ, ਉਨ੍ਹਾਂ ਵਿਚ ਬਾਬਾ ਬਿਲਗਾ, ਮੁਨਸ਼ੀ ਅਹਿਮਦ ਦੀਨ ਅਤੇ ਮੁਬਾਰਕ ਸਾਗਰ ਸ਼ਾਮਿਲ ਸਨ। 1938 ਈ. ਹਰੀ ਪੁਰਾ (ਗੁਜਰਾਤ)ਵਿਚ ਜਿਹੜਾ ਇੰਡੀਅਨ ਨੈਸ਼ਨਲ ਕਾਂਗਰਸ ਦਾ ਇਜਲਾਸ ਹੋਇਆ, ਉਸ ਵਿਚ ਕਿਰਤੀ ਡੈਲੀਗੇਟ ਚੇਤੰਨ ਹੋ ਕੇ ਸ਼ਾਮਿਲ ਹੋਏ।

**ਦੂਜਾ ਵਿਸ਼ਵ ਯੁੱਧ** :-1939 ਦੇ ਅਖ਼ੀਰ ਵਿਚ ਦੂਜੀ ਸੰਸਾਰ ਜੰਗ ਲੱਗ ਗਈ। ਦੋਵਾਂ ਕਮਿਊਨਿਸਟ ਧੜਿਆਂ ਦੇ ਆਗੂ ਇਸ ਨੂੰ ਸਾਮਰਾਜੀ ਜੰਗ ਕਹਿੰਦੇ ਸਨ। ਸਰਕਾਰ ਨੇ ਦੋਵਾਂ ਧੜਿਆਂ ਦੇ ਨੇਤਾ ਫੜਕੇ ਜੇਲ੍ਹੀਂ ਡੱਕ ਦਿੱਤੇ। ਬਾਬਾ ਬਿਲਗਾ ਵੀ ਗ੍ਰਿਫ਼ਤਾਰ ਕਰਕੇ ਕੈਂਬਲਪੁਰ ਜੇਲ੍ਹ ਵਿਚ ਭੇਜ ਦਿੱਤੇ ਗਏ। ਬਾਬਾ ਬਿਲਗਾ ਆਪਣੀ ਆਪ ਬੀਤੀ ਯਾਦ ਕਰਕੇ ਕਿਹਾ ਕਰਦੇ ਸਨ ਜਦੋਂ ਦਾ ਮੈਂ ਮਾਸਕੋ ਤੋਂ ਆਇਆਂ ਸਾਂ, ਮੁਸ਼ਕਿਲ ਨਾਲ ਸਾਲ ਕੁ ਦਾ ਸਮਾਂ ਜੇਲ੍ਹ ਤੋਂ ਬਾਹਰ ਰਿਹਾ ਸਾਂ, ਨਹੀਂ ਤਾਂ ਸਰਕਾਰ ਮੈਨੂੰ ਫੜਕੇ ਵਾਰ-ਵਾਰ ਡੱਕ ਦਿੰਦੀ ਰਹੀ।

ਕੁਝ ਸਮੇਂ ਬਾਅਦ ਦੋਵੇ ਕਮਿਊਨਿਸਟ ਧੜੇ ਸਰਕਾਰ ਨੇ ਆਪ ਹੀ ਦਿਉਲੀ ਕੈਂਪ ਜੇਲ੍ਹ ਵਿਚ ਇਕੱਠੇ ਕਰ ਦਿੱਤੇ। ਇਸ ਜੇਲ੍ਹ ਵਿਚ ਆਫੀਸ਼ੀਅਲ ਕਮਿਊਨਿਸਟ ਪਾਰਟੀ ਅਤੇ ਕਿਰਤੀ ਪਾਰਟੀ ਨੂੰ ਇਕ ਕਰਕੇ ਮਜ਼ਬੂਤ ਕਮਿਊਨਿਸਟ ਪਾਰਟੀ ਬਣਾਉਣ ਦਾ ਫੈਸਲਾ ਹੋਇਆ।

**ਦੂਜੇ ਯੁੱਧ ਨੂੰ ਲੋਕ-ਯੁੱਧ ਕਹਿਣ ਦਾ ਫ਼ੈਸਲਾ** :- ਜਦੋਂ ਜਰਮਨੀ ਨੇ ਸੋਵੀਅਤ ਯੂਨੀਅਨ ਉੱਤੇ ਹਮਲਾ ਕਰ ਦਿੱਤਾ, ਤੇ ਹਿਟਲਰ ਦੀਆਂ ਫੌਜਾਂ ਮਾਰੋ-ਮਾਰ ਕਰਦੀਆਂ ਮਾਸਕੋ ਅਤੇ ਲੈਨਿਨ ਗਰਾਡ ਦੀਆਂ ਕੰਧਾਂ ਤੱਕ ਜਾ ਪਹੁੰਚੀਆਂ, ਤਾਂ ਭਾਰਤ ਦੇ ਕਮਿਊਨਿਸਟਾਂ ਨੂੰ ਫਿਕਰ ਪਿਆ। ਉਨ੍ਹਾਂ ਨੂੰ ਉਸ ਬਰਤਾਨੀਆ ਨੂੰ ਬਚਾਉਣ ਦਾ ਫਿਕਰ ਪਿਆ, ਜੋ ਹਿਟਲਰ ਦੀ ਬੰਬਾਰੀ ਦਾ ਸ਼ਿਕਾਰ ਹੋ ਰਿਹਾ ਸੀ। ਹਿਟਲਰ ਇਕ ਪਾਸੇ ਇੰਗਲੈਂਡ ਉੱਤੇ ਹਮਲੇ ਕਰ ਰਿਹਾ ਸੀ, ਦੂਜੇ ਪਾਸੇ ਸੋਵੀਅਤ ਯੂਨੀਅਨ ਵਿਚ ਕਿਰਤੀਆਂ ਸਮੇਤ ਭਾਰਤ ਦੇ ਕਮਿਊਨਿਸਟਾਂ ਨੇ ਪੂਰੇ ਭਾਰਤ ਵਿਚ ਅੰਗਰੇਜ਼ ਸਰਕਾਰ ਦਾ ਵਿਰੋਧ ਬੰਦ ਕਰ ਦਿੱਤਾ। ਜਦੋਂ ਸੁਤੰਤਰਤਾ-ਸੰਗਰਾਮ ਵਿਚ ਹਿੱਸਾ

ਲੈਣਾ ਬੰਦ ਕਰ ਦਿੱਤਾਂ।

ਭਾਰਤ ਦੇ ਬਹੁਤ ਲੋਕ ਕਮਿਊਨਿਸਟਾਂ ਦੇ ਇਸ ਲੋਕ-ਯੁੱਧ ਵਾਲੇ ਪੈਂਤੜੇ ਨੂੰ ਬਿਲਕੁਲ ਪਸੰਦ ਨਹੀਂ ਕਰਦੇ ਸਨ। ਬਾਬਾ ਬਿਲਗਾ ਸਮੇਤ ਸਾਰੇ ਆਗੂ ਪਾਰਟੀ ਦੀ ਨੀਤੀ ਸਮਝਾਉਣ ਦਾ ਯਤਨ ਕਰਦੇ ਸਨ। ਬਾਬਾ ਬਿਲਗਾ ਨੇ ਇਕ ਤਕਰੀਰ ਵਿਚ ਸਰੋਤਿਆਂ ਨੂੰ ਇਹ ਵਿਚਾਰ ਦਿੱਤਾ ਕਿ ਅੰਗਰੇਜ਼ਾਂ ਨੂੰ ਦੇਸ਼ ਵਿਚ ਰਹਿਣ ਨਹੀਂ ਦੇਣਾ, ਜਰਮਨ ਜਾਪਾਨ ਨੂੰ ਹਿੰਦੁਸਤਾਨ ਵਿਚ ਵੜਨ ਨਹੀਂ ਦੇਣਾ। ਆਫ਼ੀਸ਼ੀਅਲ ਕਮਿਊਨਿਸਟ ਪਾਰਟੀ ਦੇ ਨੇਤਾ ਸੋਹਣ ਸਿੰਘ ਜੋਸ਼ ਨੇ ਭਗਤ ਸਿੰਘ ਬਿਲਗਾ ਨੂੰ ਚਿਤਾਵਨੀ ਦਿੱਤੀ, ਬ੍ਰਿਟਿਸ਼ ਸਰਕਾਰ ਤੇਰੀਆਂ ਤਕਰੀਰਾਂ ਨੂੰ ਪੰਸਦ ਨਹੀਂ ਕਰਦੀ।

**ਪਾਕਿਸਤਾਨ ਦਾ ਸਵਾਲ** :-1940 ਵਿਚ ਮੁਸਲਿਮ ਲੀਗ ਨੇ ਲਾਹੌਰ ਵਿਚ ਆਪਣਾ ਸਾਲਾਨਾ ਇਜਲਾਸ ਕਰ ਕੇ ਭਾਰਤ ਦੇ ਮੁਸਲਿਮ ਬਹੁ-ਗਿਣਤੀ ਵਾਲੇ ਸੂਬੇ ਇਕੱਠੇ ਕਰ ਕੇ ਪਾਕਿਸਤਾਨ ਬਣਾਏ ਜਾਣ ਦੀ ਮੰਗ ਪੇਸ਼ ਕਰ ਦਿੱਤੀ। ਪੰਜਾਬ ਵਿਚ ਮੁਸਲਿਮ ਬਹੁਗਿਣਤੀ ਸੀ। ਸੋ, ਪੰਜਾਬ ਪਾਕਿਸਤਾਨ ਵਿਚ ਸ਼ਾਮਿਲ ਕਰਨ ਦੀ ਮੰਗ ਹੋ ਰਹੀ ਸੀ। ਪੰਜਾਬ ਦੇ ਹਿੰਦੂਆਂ-ਸਿੱਖਾਂ ਨੂੰ, ਖਾਸ ਤੌਰ 'ਤੇ ਸਿੱਖਾਂ ਨੂੰ, ਇਹ ਮੰਗ ਕਦੇ ਪ੍ਰਵਾਨ ਨਹੀਂ ਹੋ ਸਕਦੀ ਸੀ। ਪਰ ਆਫ਼ੀਸ਼ੀਅਲ ਕਮਿਊਨਿਸਟ ਪਾਰਟੀ ਨੇ, ਲੋਕਾਂ ਨੂੰ ਆਤਮ-ਨਿਰਣੇ ਦੇ ਹੱਕ ਮਿਲਣਾ ਚਾਹੀਦਾ ਹੈ, ਦੇ ਸਿਧਾਂਤ ਨੂੰ ਆਧਾਰ ਬਣਾ ਕੇ, ਪਾਕਿਸਤਾਨ ਦੀ ਮੰਗ ਦਾ ਸਮਰਥਣ ਕੀਤਾ। ਕਾਮਰੇਡ ਅਧਿਕਾਰੀ ਨੇ ਇਸ ਸਬੰਧ ਵਿਚ ਕਈ ਤਕਰੀਰਾਂ ਕੀਤੀਆਂ। ਭਗਤ ਸਿੰਘ ਬਿਲਗਾ ਨੇ ਡਾ. ਅਧਿਕਾਰੀ ਦੇ ਥੀਸਿਸ ਦਾ ਵਿਰੋਧ ਕੀਤਾ। ਉਨ੍ਹਾਂ ਨੂੰ ਡਾ. ਅਧਿਕਾਰੀ ਨੇ ਘਰ ਜਾ ਕੇ ਬੈਠਣ ਦਾ ਹੁਕਮ ਦਿੱਤਾ।

1945 ਵਿਚ ਦੂਜਾ ਵਿਸ਼ਵ ਯੁੱਧ ਮੁੱਕ ਗਿਆ। 1946 ਦੇ ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ, ਜਿਸ ਵਿਚ ਕਮਿਊਨਿਸਟਾਂ ਨੂੰ ਹੂੰਝਾ ਫੇਰੂ ਹਾਰ ਹੋਈ। ਇਸ ਹਾਰ ਦਾ ਕਾਰਨ ਇਕ ਤਾਂ ਯੁੱਧ ਵਿਚ ਬ੍ਰਿਟਿਸ਼ ਸਰਕਾਰ ਦਾ ਸਮਰਥਨ ਕਰਨ ਦੀ ਭਿਆਨਕ ਗ਼ਲਤੀ ਸੀ, ਤੇ ਦੂਜਾ ਪਾਕਿਸਤਾਨ ਦੀ ਮੰਗ ਦਾ ਸਮਰਥਨ ਸੀ। ਅਣਵੰਡੇ ਪੰਜਾਬ ਵਿਚ ਦੋਵਾਂ ਕਮਿਊਨਿਸਟ ਧੜਿਆਂ (ਜੋਸ਼ ਗਰੁੱਪ ਤੇ ਕਿਰਤੀ ਗਰੁੱਪ) ਦੀ ਮੁਸਲਿਮ ਫਿਰਕੇ ਵਿਚ ਕੋਈ ਖਾਸ ਸਾਖ ਨਹੀਂ ਸੀ।

**ਲਾਲ ਕਮਿਊਨਿਸਟ ਪਾਰਟੀ** :- ਭਾਵੇਂ ਦੋਵਾਂ ਧੜਿਆਂ ਦਾ ਰਲੇਵਾਂ ਹੋ ਚੁੱਕਾ ਸੀ, ਤਾਂ ਵੀ ਵਿਵਹਾਰਕ ਤੌਰ 'ਤੇ ਹਿੰਦੁਸਤਾਨ ਕਮਿਊਨਿਸਟ ਪਾਰਟੀ (ਜੋਸ਼ ਗਰੁੱਪ) ਨੇ ਕਿਰਤੀਆਂ ਨੂੰ ਮਹੱਤਵ ਨਹੀਂ ਦਿੱਤਾ ਸੀ। ਇਸ ਕਰਕੇ ਤੇਜਾ ਸਿੰਘ ਸੁਤੰਤਰ ਨੇ ਲਾਲ ਕਮਿਊਨਿਸਟ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ। ਤਕਰੀਬਨ ਸਾਰੇ ਕਿਰਤੀ ਕਾਰਕੁੰਨ ਇਸ ਪਾਰਟੀ ਵਿਚ ਸ਼ਾਮਿਲ ਹੋ ਗਏ।

**ਸੁਤੰਤਰ ਭਾਰਤ ਵਿਚ** :- ਭਾਵੇਂ ਕਿਰਤੀ ਅਸੰਤੁਸ਼ਟ ਰਹੇ, ਤਾਂ ਵੀ ਆਫ਼ੀਸ਼ੀਅਲ ਕਮਿਊਨਿਸਟ ਪਾਰਟੀ ਹੌਲੀ-ਹੌਲੀ ਮੁੱਖ ਪਾਰਟੀ ਬਣ ਗਈ।

ਇਸ ਪਾਰਟੀ ਨੇ ਸੁਤੰਤਰ ਭਾਰਤ ਵਿਚ ਸਭ ਤੋਂ ਵੱਡਾ ਸੰਘਰਸ਼ ਖੁਸ਼ ਹੈਸੀਅਤੀ ਟੈਕਸ ਲਾਏ ਜਾਣ ਵਿਰੁੱਧ ਲੜਿਆ। ਇਸ ਵਿਚ ਕਿਰਤੀ ਪਾਰਟੀ ਨਾਲ ਜੁੜੇ ਰਹੇ ਕਿਸਾਨ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ। ਬਾਬਾ ਭਗਤ ਸਿੰਘ ਬਿਲਗਾ ਨੇ ਆਪਣੇ ਪਿੰਡ ਬਿਲਗੇ ਵਿਚ 1959 ਵਿਚ ਵੱਡੀ ਕਾਨਫ਼ਰੰਸ ਕਰਵਾਈ, ਜਿਸ ਵਿਚ ਇਸ ਟੈਕਸ ਵਿਰੁੱਧ ਪ੍ਰਸਤਾਵ ਪਾਸ

ਕੀਤਾ ਗਿਆ। ਕਿਸਾਨਾਂ ਨੇ ਮੋਰਚੇ ਵਿਚ ਗ੍ਰਿਫ਼ਤਾਰੀਆਂ ਦੇਣੀਆਂ ਸ਼ੁਰੂ ਕੀਤੀਆਂ। ਪਹਿਲਾ ਜਥਾ ਬਾਬਾ ਭਾਗ ਸਿੰਘ ਕੈਨੇਡੀਅਨ ਦੀ ਅਗਵਾਈ ਵਿਚ ਗ੍ਰਿਫ਼ਤਾਰ ਹੋਇਆ। ਬਾਬਾ ਕਰਮ ਸਿੰਘ ਚੀਮਾ 93 ਸਾਲ ਦੀ ਉਮਰ ਵਿਚ ਗ੍ਰਿਫ਼ਤਾਰ ਹੋ ਕੇ ਜੇਲ੍ਹ ਗਏ। ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਨੇ ਬਹੁਤ ਸਖ਼ਤੀ ਨਾਲ ਮੋਰਚਾ ਕੁਚਲਣ ਦੀ ਕੋਸ਼ਿਸ਼ ਕੀਤੀ। ਨਰੂੜ ਪਾਂਛਟ ਅਤੇ ਐਤਿਆਨਾ ਪਿੰਡਾਂ ਵਿਚ ਪੁਲਿਸ ਨੇ ਗਲੀਆਂ ਅਤੇ ਘਰਾਂ ਵਿਚ ਦਾਖਲ ਹੋ ਕੇ ਗੋਲੀਆਂ ਚਲਾਈਆਂ। ਕਈ ਪੁਰਖ ਅਤੇ ਨਾਰੀਆਂ ਸ਼ਹੀਦ ਹੋਈਆਂ। ਮੋਰਚੇ ਨੂੰ ਕਿਸਾਨਾਂ ਵੱਲੋਂ ਵਿਆਪਕ ਸਮਰਥਨ ਮਿਲ ਰਿਹਾ ਸੀ। ਪਰ ਭਾਰਤੀ ਕਮਿਊਨਿਸਟ ਪਾਰਟੀ ਦੇ ਉਸ ਵੇਲੇ ਜਨਰਲ ਸਕੱਤਰ ਅਜੇ ਘੋਸ਼ ਅਤੇ ਪੰਜਾਬ ਕਮਿਊਨਿਸਟ ਪਾਰਟੀ ਦੇ ਕੁਝ ਅੰਸ਼ ਪ੍ਰਤਾਪ ਸਿੰਘ ਕੈਰੋਂ ਨੂੰ ਖੁਸ਼ ਕਰਨ ਲਈ ਮੋਰਚਾ ਫੇਲ੍ਹ ਕਰਨ ਲਈ ਤਿਆਰ ਹੋ,ਗਏ। ਪੰਜਾਬ ਵਿਧਾਨ ਸਭਾ ਦੇ ਉਸ ਵੇਲੇ ਦੇ ਪਾਰਟੀ ਗਰੁੱਪ ਦੇ ਨੇਤਾ ਅੱਛਰ ਸਿੰਘ ਛੀਨਾ ਨੂੰ ਅਜੇ ਘੋਸ਼ ਨੇ ਟੈਲੀਫੂਨ ਉੱਤੇ ਆਦੇਸ਼ ਦਿੱਤਾ ਕਿ ਉਹ ਪੰਜਾਬ ਵਿਧਾਨ ਸਭਾ ਵਿਚ ਐਲਾਨ ਕਰੇ ਕਿ ਬਿਨਾ ਸ਼ਰਤ ਮੋਰਚਾ ਵਾਪਿਸ ਲਿਆ ਜਾਂਦਾ ਹੈ।

ਮੋਰਚੇ ਦੀ ਵਾਪਸੀ ਨੇ ਬੜੀ ਮਾਯੂਸੀ ਪੈਦਾ ਕੀਤੀ। ਜਗਜੀਤ ਸਿੰਘ ਲਾਇਲਪੁਰੀ ਨੇ ਆਪਣੀ ਸ੍ਵੈਜੀਵਨੀ "ਮੈਗਜ਼ੀਨ ਮੇਰਾ ਯੁੱਗ" ਅਤੇ ਕਾ. ਗੰਧਰਵ ਸੈਨ ਕੋਛੜ ਨੇ ਆਪਣੀ ਸ੍ਵੈਜੀਵਨੀ "ਅਨੁਭਵ ਤੇ ਅਧਿਐਨ" ਵਿਚ ਇਸ ਮਾਯੂਸੀ ਦਾ ਜ਼ਿਕਰ ਕੀਤਾ ਹੈ। ਇਹ ਵਾਪਸੀ ਖੱਬੇ ਪੱਖੀ ਲਹਿਰ ਨਾਲ ਗੱਦਾਰੀ ਸੀ।

**ਨਕਸਲਬਾੜੀ ਲਹਿਰ** :- 1962 ਦੇ ਭਾਰਤ ਚੀਨ ਯੁੱਧ ਤੋਂ ਬਾਅਦ 1964 ਵਿਚ ਸੀ. ਪੀ. ਆਈ. (ਹਿੰਦੁਸਤਾਨ ਕਮਿਊਨਿਸਟ ਪਾਰਟੀ) ਦੋ ਫਾੜ ਹੋ ਗਈ, ਤੇ ਇਕ ਨਵੀਂ ਪਾਰਟੀ ਸੀ. ਪੀ. ਐਮ. (ਕਮਿਊਨਿਸਟ ਪਾਰਟੀ ਮਾਰਕਸਵਾਦੀ) ਬਣ ਗਈ। 1967 ਦੀਆਂ ਭਾਰਤ ਭਰ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਹਾਰ ਗਈ। ਪੰਜਾਬ ਤੋਂ ਬੰਗਾਲ ਤੱਕ ਵਿਰੋਧੀ ਪਾਰਟੀ ਦੀਆਂ ਸਰਕਾਰਾਂ ਬਣ ਗਈਆਂ। ਬੰਗਾਲ ਵਿਚ ਸੀ. ਪੀ. ਐਮ. ਸੱਤਾਧਾਰੀਆਂ ਵਿਚ ਸ਼ਾਮਿਲ ਹੋ ਗਈ।

ਪਰ ਬੰਗਾਲ ਦੇ ਹੀ ਕੁਝ ਵਧੇਰੇ ਕ੍ਰਾਂਤੀਕਾਰੀ ਕਾਰਕੁਨ ਚਾਰੂ ਮਜਮੂਦਾਰ ਦੀ ਅਗਵਾਈ ਵਿਚ ਇਕ ਹੋਰ ਕਮਿਊਨਿਸਟ ਪਾਰਟੀ ਸੀ. ਪੀ. ਐਮ.-ਐਲ. (ਕਮਿਊਨਿਸਟ ਪਾਰਟੀ ਮਾਰਕਸਵਾਦੀ-ਲੈਨਿਨਵਾਦੀ) ਬਣਾ ਕੇ ਹਥਿਆਰਬੰਦ ਇਨਕਲਾਬ ਦੇ ਰਾਹ ਤੁਰ ਪਏ। ਇਹ ਲਹਿਰ 1967 ਵਿਚ ਪੱਛਮੀ ਬੰਗਾਲ ਦੇ ਜ਼ਿਲ੍ਹਾ ਜਲਪਾਈ ਗੋੜੀ ਦੇ ਸਥਾਨ ਨਕਸਲਬਾੜੀ ਤੋਂ ਸ਼ੁਰੂ ਹੋਈ। ਇਸ ਕਰਕੇ ਇਸ ਲਹਿਰ ਨੂੰ ਨਕਸਲਬਾੜੀ ਲਹਿਰ ਵੀ ਕਿਹਾ ਗਿਆ।

ਪੁਰਾਣੇ ਕਿਰਤੀ ਆਗੂਆਂ ਵਿਚੋਂ ਕਾਮਰੇਡ ਬੂਝਾ ਸਿੰਘ ਤੇ ਕਾ. ਗੰਧਰਵ ਸੈਨ ਪੰਜਾਬ ਵਿਚ ਚਲੀ ਨਕਸਲਬਾੜੀ ਲਹਿਰ ਵਿਚ ਸ਼ਾਮਿਲ ਹੋ ਗਏ। ਕਾ. ਬੂਝਾ ਸਿੰਘ ਨੂੰ ਪੁਲਿਸ ਨੇ ਝੂਠਾ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ। ਕਾ. ਗੰਧਰਵ ਸੈਨ ਲੰਬਾ ਸਮਾਂ ਰੂਪੋਸ਼ ਰਹੇ।

**ਦੇਸ਼ ਭਗਤ ਯਾਦਗਾਰ ਲਈ ਕੰਮ** :- 1920 ਵਿਚ ਜਦੋਂ ਸਿੱਖ ਲੀਗ ਦਾ ਪਹਿਲਾ ਸਮਾਗਮ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਵਿਚ ਹੋਇਆ ਤਾਂ ਗ਼ਦਰ ਪਾਰਟੀ ਦੇ ਲੀਡਰ ਬਾਬਾ ਵਸਾਖਾ ਸਿੰਘ, ਜੋ ਕਾਲੇਪਾਣੀ ਵਿਚ ਪੰਜ ਸਾਲ ਦੀ ਕੈਦ ਕੱਟ ਕੇ ਆਏ ਸਨ, ਵੀ ਸ਼ਾਮਿਲ ਹੋਏ। ਬਾਬਾ ਜੀ ਦੇ ਕੈਦਾਂ ਕੱਟ ਰਹੇ ਗ਼ਦਰੀ ਦੇਸ਼ ਭਗਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ

ਦੁੱਖਾਂ ਤੇ ਤਕਲੀਫਾਂ ਦਾ ਜ਼ਿਕਰ ਕੀਤਾ। ਬਾਬਾ ਵਸਾਖਾ ਸਿੰਘ ਪਿੱਛੋਂ ਚੱਲੀ ਅਕਾਲੀ ਲਹਿਰ ਵਿਚ ਵੀ ਸ਼ਾਮਿਲ ਹੋਏ, ਪਰ ਉਨ੍ਹਾਂ ਦਾ ਵਧੇਰੇ ਧਿਆਨ ਆਪਣੇ ਗਦਰੀ ਸਾਥੀਆਂ ਅਤੇ ਪਿੱਛੇ ਕਸ਼ਟ ਭੋਗ ਰਹੇ ਪਰਿਵਾਰਾਂ ਵੱਲ ਸੀ।

ਉਨ੍ਹਾਂ ਨੇ "ਦੇਸ਼ ਭਗਤ ਪਰਿਵਾਰ ਸਹਾਇਕ ਬੋਰਡ" ਬਣਾਇਆ। ਇਸ ਰਾਹੀਂ ਪਰਿਵਾਰਾਂ ਦੀ ਸਹਾਇਤਾ ਕਰਦੇ ਰਹੇ। 2 ਜੂਨ 1938 ਨੂੰ ਹੋਈ ਮੀਟਿੰਗ ਵਿਚ ਇਸ ਬੋਰਡ ਨੇ ਦੇਸ਼ ਭਗਤਾਂ ਦੀ ਯਾਦਗਾਰ ਬਣਾਉਣ ਦਾ ਫ਼ੈਸਲਾ ਕੀਤਾ। ਇਸ ਕਮੇਟੀ ਦੇ ਸਕੱਤਰ ਬਾਬਾ ਭਗਤ ਸਿੰਘ ਬਿਲਗਾ ਬਣੇ। ਇਸ ਬੋਰਡ ਨੇ ਜਲੰਧਰ ਵਿਚ ਰਾਏ ਬਹਾਦਰ ਬਦਰੀ ਦਾਸ ਦੀ ਤਕਰੀਬਨ ਤਿੰਨ ਏਕੜ ਵਿਚ ਪੀਲੀ ਕੋਠੀ ਵਾਲੀ ਜ਼ਮੀਨ ਖਰੀਦ ਲਈ। ਯਾਦਗਾਰ ਦੀ ਉਸਾਰੀ ਦੀ ਮੁੱਖ ਜ਼ਿੰਮੇਵਾਰੀ ਬਾਬਾ ਗੁਰਮੁਖ ਸਿੰਘ ਲਲਤੋਂ ਨੂੰ ਸੌਂਪੀ ਗਈ। ਯਾਦਗਾਰ ਲਈ ਧਨ ਦੀ ਬਹੁਤ ਲੋੜ ਸੀ। ਧਨ ਇਕੱਠਾ ਕਰਨ ਲਈ ਇੰਗਲੈਂਡ ਦਾ ਚੱਕਰ ਵੀ ਲੱਗਾ। ਬਾਬਾ ਭਗਤ ਸਿੰਘ ਬਿਲਗਾ ਬਰਮਿੰਘਮ ਗਏ, ਤੇ ਆਪਣੇ ਪੁੱਤਰਾਂ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਾਥੀਆਂ ਦੀ ਮਦਦ ਨਾਲ ਕਾਫੀ ਰਾਸ਼ੀ ਬੋਰਡ ਨੂੰ ਭੇਜੀ।

ਬਾਬਾ ਬਿਲਗਾ ਉਮਰ ਦੇ ਆਖਰੀ ਬਹੁਤ ਸਾਰੇ ਸਾਲ ਇਸ ਟਰੱਸਟ ਦੇ ਪ੍ਰਧਾਨ ਤੇ ਗੰਧਰਵ ਸੈਨ ਜਨਰਲ ਸਕੱਤਰ ਰਹੇ। ਅੱਜਕੱਲ੍ਹ ਪ੍ਰਧਾਨ ਐਡਵੋਕੇਟ ਦਰਬਾਰਾ ਸਿੰਘ ਢਿੱਲੋਂ ਅਤੇ ਜਨਰਲ ਸਕੱਤਰ ਡਾ. ਰਘਬੀਰ ਕੌਰ ਹਨ।

***

# ਤਪਦੇ ਥਲ ਵਿਚ ਖੜ੍ਹਾ ਬਿਰਖ

-ਸੁਰਜੀਤ ਪਾਤਰ

*ਇਸ ਤਪਦੇ ਥਲ ਵਿਚ ਦੂਸਰਾ ਕਿਹੜਾ ਖਲੋਏਗਾ*
*ਏਸੇ ਹੀ ਥਲ 'ਚੋਂ ਉੱਗਿਆ ਕੋਈ ਬਿਰਖ ਹੋਏਗਾ*

ਬਾਬਾ ਭਗਤ ਸਿੰਘ ਬਿਲਗਾ ਮੈਨੂੰ ਹਮੇਸ਼ਾ ਬਿਰਖ ਲੱਗਦਾ ਸੀ। ਇਸ ਬਿਰਖ ਦੀਆਂ ਜੜ੍ਹਾਂ ਸਾਡੀ ਸੱਭਿਅਤਾ ਦੇ ਇਤਿਹਾਸ ਜਿੰਨੀਆਂ ਡੂੰਘੀਆਂ ਸਨ ਤੇ ਉਸ ਦੇ ਪੱਤੇ ਨਵੇਂ ਕਵੀਆਂ ਦੀਆਂ ਕਵਿਤਾਵਾਂ ਦੇ ਬੋਲ ਸੁਣ ਕੇ ਥਿਰਕਦੇ ਸਨ। ਮੈਂ ਜਦੋਂ ਪਹਿਲੀ ਵਾਰ ਉਸ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਚ ਬੋਲਦਿਆਂ ਸੁਣਿਆਂ ਤਾਂ ਮੈਨੂੰ ਲੱਗਾ ਕਿ ਜੇ ਕੋਈ ਪੁਰਾਣਾ ਬਿਰਖ ਬੋਲੇ ਤਾਂ ਉਸ ਦੀ ਆਵਾਜ਼ ਬਾਬੇ ਭਗਤ ਸਿੰਘ ਬਿਲਗੇ ਵਰਗੀ ਹੋਵੇਗੀ। ਉਸ ਦੀ ਆਵਾਜ਼ ਵਿਚ ਤਨੇ ਵਰਗੀ ਕਰੜਾਈ ਸੀ ਤੇ ਪੱਤਿਆਂ ਵਰਗੀ ਕੋਮਲਤਾ। ਉਹ ਬਿਰਖ ਵਾਂਗ ਧਰਤੀ ਦੇ ਦੁੱਖ ਸੁੱਖ ਵੀ ਜਾਣਦਾ ਸੀ। ਤੇ ਉਹਦੀ ਛਾਵੇਂ ਮਹਿਫ਼ਲਾਂ ਵੀ ਜੁੜਦੀਆਂ ਸਨ, ਉਹਦੀ ਛਾਵੇਂ ਲੰਮੇ ਪੈਂਡਿਆਂ ਦੇ ਰਾਹੀ ਪਲ ਕੁ ਬੈਠ ਕੇ ਆਰਾਮ ਵੀ ਕਰਦੇ ਸਨ ਤੇ ਉਸ ਕੋਲੋਂ ਰਾਹ ਵੀ ਪੁੱਛਦੇ ਸਨ ਕਿਉਂਕਿ ਉਹ ਆਪ ਵੀ ਲੰਮੇ ਪੈਂਡਿਆਂ ਦਾ ਰਾਹਗੀਰ ਰਿਹਾ ਸੀ ਪਰ ਜਦੋਂ ਮੈਂ ਉਹਨੂੰ ਦੇਖਿਆ ਤਾਂ ਉਹ ਬਿਰਖ ਬਣ ਚੁੱਕਿਆ ਸੀ।

ਉਹਨੇ ਕਿੰਨੇ ਦੇਸ ਪਰਦੇਸ ਗਾਹੇ। ਉਹ ਘਰੋਂ ਤੁਰਿਆ ਤਾਂ ਏਸ ਲਈ ਕਿ ਆਪਣੀ ਗਹਿਣੇ ਪਈ ਜ਼ਮੀਨ ਨੂੰ ਛੁਡਾਉਣ ਜੋਗੇ ਪੈਸੇ ਕਮਾਵੇ ਪਰ ਸਫ਼ਰ ਦੇ ਰਾਹ ਵਿਚ ਐਸੇ ਹਮਸਫ਼ਰ ਮਿਲੇ ਕਿ ਉਹਨੂੰ ਚਾਨਣ ਹੋਇਆ ਕਿ ਉਸ ਦਾ ਤਾਂ ਦੇਸ਼ ਹੀ ਗਹਿਣੇ ਪਿਆ ਹੋਇਆ ਹੈ। ਉਹ ਆਪਣੀਆਂ-ਆਪਣੀਆਂ ਮਾਵਾਂ ਦੇ ਲਾਲ ਹੁਣ ਜਿਵੇਂ ਕਿਸੇ ਸਾਂਝੀ ਮਾਂ ਦੇ ਲਾਲ ਬਣ ਗਏ ਸਨ। ਆਪਣੀਆਂ-ਆਪਣੀਆਂ ਮਾਵਾਂ ਉਨ੍ਹਾਂ ਨੂੰ ਯਾਦ ਤਾਂ ਆਉਂਦੀਆਂ ਹੋਣਗੀਆਂ। ਚੇਤਿਆਂ ਵਿਚ ਸਿੱਲ੍ਹੀਆਂ ਅੱਖਾਂ ਨਾਲ ਵਿਦਾ ਕਰਦੀਆਂ, ਸੁਪਨਿਆਂ ਵਿਚ ਚਿਰੀ ਵਿਛੁੰਨਿਆਂ ਨੂੰ ਗਲ ਨਾਲ ਲਾਉਂਦੀਆਂ। ਕਦੀ-ਕਦੀ ਉਨ੍ਹਾਂ ਨੂੰ ਲੱਗਦਾ ਹੋਵੇਗਾ ਕਿ ਉਨ੍ਹਾਂ ਨੇ ਆਪਣੀਆਂ ਮਾਵਾਂ ਨੂੰ ਕਿੰਨਾ ਰੁਆਇਆ। ਉਨ੍ਹਾਂ ਦਾ ਰੋਣਾ ਯਾਦ ਕਰਕੇ ਉਨ੍ਹਾਂ ਦੀਆਂ ਅੱਖਾਂ ਵੀ ਭਿੱਜ ਜਾਂਦੀਆਂ ਹੋਣਗੀਆਂ। ਪਰ ਫਿਰ ਭਿੱਜੀਆਂ ਅੱਖਾਂ ਨਾਲ ਉਹ ਦੂਰ ਵਤਨ ਵੱਲ ਦੇਖਦੇ ਹੋਣਗੇ ਤੇ ਆਪਣੀ ਜਣਨਹਾਰੀ ਮਾਂ ਤੇ ਧਰਤੀ ਮਾਂ ਦਾ ਚਿਹਰਾ ਇਕ ਦੂਜੇ ਵਿਚ ਘੁਲਦਾ ਦੇਖ ਕੇ ਕਹਿੰਦੇ ਹੋਣਗੇ : ਮਾਏ ਸਾਨੂੰ ਬੱਤੀ ਧਾਰਾਂ ਬਖ਼ਸ਼ ਦੇਈਂ, ਪਰ ਅਸੀਂ ਏਸੇ ਲਈ ਹੀ ਤੈਥੋਂ ਦੂਰ ਬੈਠੇ ਹਾਂ ਕਿ ਤੇਰੇ ਦੁੱਧ ਦੀ ਲਾਜ ਪਾਲ ਸਕੀਏ।

*ਧਰਤੀ ਵਾਂਗੂੰ ਬੋਲ ਤੂੰ, ਦੀਵਾਰਾਂ ਵਾਂਗ ਨਾ ਬੋਲ*

ਬਿਰਖ ਸਦਾ ਧਰਤੀ ਵਾਂਗ ਬੋਲਦੇ ਹਨ, ਬਾਬਾ ਵੀ ਧਰਤੀ ਵਾਂਗ ਬੋਲਦਾ ਸੀ, ਦੀਵਾਰਾਂ ਵਾਂਗ ਨਹੀਂ, ਇਸ ਲਈ ਦੀਵਾਰਾਂ ਵਰਗੇ ਲੋਕ ਤੇ ਦੀਵਾਰਾਂ ਵਰਗੀਆਂ ਪਾਰਟੀਆਂ ਉਸ ਨਾਲ ਗੁੱਸੇ ਹੋ ਜਾਂਦੀਆਂ ਸਨ, ਪਰ ਧਰਤੀ ਉਸ ਨੂੰ ਸਦਾ ਅਸੀਸਾਂ ਦਿੰਦੀ ਸੀ।

*ਸਿਵੇ ਦੀ ਅੱਗ*
*ਸਿਰਫ਼ ਪੈਰ ਸਾੜ ਸਕਦੀ ਹੈ, ਪੈੜਾਂ ਨਹੀਂ*

ਅੱਖਰਾਂ ਨੂੰ ਨਮਸਕਾਰ ਕਿ ਉਸ ਬਾਬੇ ਬਿਰਖ ਦੇ ਬੋਲ ਕਿਤਾਬਾਂ ਵਿਚ ਸੰਭਾਲੇ ਗਏ। ਉਹ ਸਾਨੂੰ *'ਗ਼ਦਰ ਲਹਿਰ ਦੇ ਅਣਫੋਲੇ ਵਰਕੇ'*, *'ਮੇਰੀ ਸੋਚ ਮੇਰੀ ਸਮਝ'* ,*'ਜੀਵਨੀ ਬਾਬਾ ਗੁਰਮੁਖ ਸਿੰਘ ਲਲਤੋਂ'* ਤੇ *'ਮੇਰਾ ਵਤਨ'* ਜਿਹੀਆਂ ਅਮੋਲ ਕਿਤਾਬਾਂ ਦੇ ਗਿਆ। ਉਹ ਬਿਰਖ ਹੁਣ ਕਿਤਾਬਾਂ ਬਣ ਗਿਆ ਹੈ। ਕਿਤਾਬਾਂ 'ਚੋਂ ਅਸੀਂ ਉਸ ਦਾ ਦਿਲ ਧੜਕਦਾ ਸੁਣ ਸਕਦੇ ਹਾਂ। ਅਸੀਂ ਉਸ ਦੀਆਂ ਅੱਖਾਂ ਦੀ ਜੋਤ ਦੇਖ ਸਕਦੇ ਹਾਂ। ਉਸ ਨੂੰ ਬਿਰਖ ਵਾਂਗ ਬੋਲਦਾ ਸੁਣ ਸਕਦੇ ਹਾਂ।

***

# ਇਤਿਹਾਸ ਦਾ ਸਿਰਜਕ ਤੇ ਲੇਖਕ: ਬਾਬਾ ਭਗਤ ਸਿੰਘ ਬਿਲਗਾ

-ਵਰਿਆਮ ਸਿੰਘ ਸੰਧੂ

ਸ਼ਹੀਦ ਭਗਤ ਸਿੰਘ ਦਾ ਸਿਰਨਾਵੀਆਂ ਬਾਬਾ ਭਗਤ ਸਿੰਘ ਬਿਲਗਾ ਪੈਦਾ ਵੀ ਓਸੇ ਸਾਲ ਵਿਚ ਹੋਇਆ, ਜਿਹੜੇ ਸਾਲ ਆਜ਼ਾਦੀ-ਸੰਗਰਾਮ ਦਾ ਮਹਾਂ-ਨਾਇਕ ਸ਼ਹੀਦ ਭਗਤ ਸਿੰਘ ਪੈਦਾ ਹੋਇਆ ਸੀ, 1907 ਵਿਚ। ਦੋਵੇਂ ਉਮਰੋਂ ਵੀ ਹਾਣੀ ਤੇ ਵਿਚਾਰਾਂ ਪੱਖੋਂ ਵੀ। ਦਿਲਚਸਪ ਇਤਫ਼ਾਕ ਇਹ ਵੀ ਹੈ ਕਿ ਜੇ ਸ਼ਹੀਦ ਭਗਤ ਸਿੰਘ ਦਾ ਪਹਿਲਾ ਪ੍ਰੇਰਨਾ-ਸਰੋਤ ਉਸਦਾ ਚਾਚਾ ਅਜੀਤ ਸਿੰਘ ਸੀ ਤਾਂ ਭਗਤ ਸਿੰਘ ਬਿਲਗਾ ਨੂੰ ਵੀ ਅਰਜਨਟਾਈਨਾ ਵਿਚ ਆਜ਼ਾਦੀ ਦੀ ਲੜਾਈ ਦੇ ਰਾਹ 'ਤੇ ਤੁਰਦਿਆਂ ਅਜੀਤ ਸਿੰਘ ਦੀ ਸੰਗਤ ਤੇ ਸਲਾਹ ਮਿਲਦੀ ਰਹੀ ਸੀ। ਪਹਿਲੇ ਭਗਤ ਸਿੰਘ ਨੇ ਸ਼ਹੀਦ ਹੋ ਕੇ ਇਹ ਦੱਸਿਆ ਕਿ ਮਰਿਆ ਕਿਵੇਂ ਜਾ ਸਕਦਾ ਹੈ ਤਾਂ ਦੂਜੇ ਭਗਤ ਸਿੰਘ (ਬਿਲਗਾ) ਨੇ 102 ਸਾਲ ਦਾ ਸੰਘਰਸ਼ ਭਰਿਆ ਜੀਵਨ ਜਿਊ ਕੇ ਇਹ ਸਾਬਤ ਕੀਤਾ ਕਿ ਇੱਕ ਇਨਕਲਾਬੀ ਨੂੰ ਜਿਊਂਦਾ ਕਿਵੇਂ ਰਹਿਣਾ ਚਾਹੀਦਾ ਹੈ। ਇਕ ਨੇ ਸਾਨੂੰ ਮਰਨ ਦੀ ਜਾਚ ਦੱਸੀ ਤਾਂ ਦੂਜੇ ਨੇ ਜਿਊਣ ਦੀ। ਇੱਕ ਨੇ ਸੁਪਨੇ ਲਏ; ਦੂਜੇ ਨੇ ਆਪਣੇ ਸਾਥੀਆਂ ਸੰਗ ਰਲਕੇ ਉਹਨਾਂ ਸੁਪਨਿਆਂ ਵਿਚ ਰੰਗ ਭਰਨ ਲਈ ਉਮਰ ਲਾ ਦਿੱਤੀ।

ਬਾਬਾ ਬਿਲਗਾ ਹੱਸਦਿਆਂ ਕਹਿੰਦਾ ਹੁੰਦਾ ਸੀ, "ਜੰਮਿਆਂ ਤਾਂ ਮੈਂ 'ਮੂਰਖਾਂ ਦੇ ਦਿਨ' ਨਾਲ ਯਾਦ ਕੀਤੇ ਜਾਂਦੇ ਦਿਨ ਪਹਿਲੀ ਅਪ੍ਰੈਲ ਨੂੰ ਸਾਂ ਪਰ 'ਫੂਲ' ਬਣਨਾ ਤਾਂ ਮੈਂ ਕਦੀ ਪ੍ਰਵਾਨ ਨਹੀਂ ਸੀ ਕਰਨਾ ਸ਼ਾਇਦ ਏਸੇ ਕਰਕੇ ਮੇਰੇ ਘਰਦਿਆਂ ਮੇਰੀ ਜਨਮ ਤਰੀਕ ਪਹਿਲੀ ਦੀ ਥਾਂ ਦੋ ਅਪ੍ਰੈਲ ਲਿਖਾ ਦਿੱਤੀ।"

ਉਸਦਾ ਜਨਮ ਦੋਆਬੇ ਦੇ ਪ੍ਰਸਿੱਧ ਪਿੰਡ ਬਿਲਗਾ ਵਿਖੇ ਨੰਬਰਦਾਰ ਹੀਰਾ ਸਿੰਘ ਸੰਘੇੜਾ ਦੇ ਘਰ ਮਾਤਾ ਮਾਲਣ ਦੀ ਕੁੱਖੋਂ ਹੋਇਆ।

ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਆਪਣੇ ਬਗ਼ਾਵਤੀ ਖ਼ਾਸੇ ਕਾਰਨ 'ਬਲੈਕ-ਲਿਸਟ' ਕੀਤੇ ਗਏ ਪਿੰਡ ਬਿਲਗੇ ਵਿਚ ਭਵਿੱਖ ਦੇ ਭਗਤ ਸਿੰਘ ਬਿਲਗਾ ਦੇ ਰੂਪ ਵਿਚ ਉਮਰ ਭਰ ਆਪਣੀਆਂ ਕਰਨੀਆਂ ਦਾ ਚਾਨਣ ਬਿਖ਼ੇਰਨ ਵਾਲੇ ਉਸ ਬੱਚੇ ਦੇ ਪਰਿਵਾਰ ਵਿਚ ਉਸ ਸਮੇਂ ਹਨੇਰ ਪੈ ਗਿਆ ਜਦੋਂ ਅਠਾਰਾਂ ਮਹੀਨਿਆਂ ਦੀ ਉਮਰ ਵਿਚ ਉਸਦਾ ਬਾਪ ਹੀਰਾ ਸਿੰਘ ਉਸਦੀ ਮਾਂ ਮਾਲਣ ਨੂੰ ਆਪਣੇ ਪਰਿਵਾਰ ਦੀ ਬਗ਼ੀਚੀ ਨੂੰ ਸਾਂਭਣ ਲਈ ਇਕੱਲੀ ਵਿਲਕਦਿਆਂ ਛੱਡ ਗਿਆ। ਬਾਲ ਭਗਤ ਸਿੰਘ ਦੀ ਗੁਜ਼ਰ ਚੁੱਕੀ ਪਹਿਲੀ ਮਾਂ ਤੋਂ ਵੱਡੀਆਂ ਦੋ ਭੈਣਾਂ ਤੇ ਆਪਣੀ ਮਾਂ ਤੋਂ ਉਹ ਦੋ ਭਰਾ। ਪੰਜ ਜੀਆਂ ਦਾ ਟੱਬਰ। ਸਭ ਤੋਂ ਛੋਟਾ ਭਗਤ ਸਿੰਘ। ਵਾਹੀ-ਖੇਤੀ ਕਰਨ ਜੋਗਾ ਕਮਾਊ ਜੀਅ ਤਾਂ ਪਰਿਵਾਰ ਵਿਚ ਰਿਹਾ ਕੋਈ ਨਾ। ਜ਼ਮੀਨ ਪਰਿਵਾਰ ਦੇ ਮੂੰਹ ਰੱਜਵੀਆਂ

ਬੁਰਕੀਆਂ ਦੇਣ ਦੇ ਸਮਰੱਥ ਨਾ ਹੋਣ ਕਰ ਕੇ ਸਿਰ 'ਤੇ ਕਰਜ਼ੇ ਦੀ ਪੰਡ ਦਿਨੋ-ਦਿਨ ਭਾਰੀ ਹੋਣ ਲੱਗੀ। ਮਾਂ ਅੰਦਰ ਪੁੱਤ ਨੂੰ ਪੜ੍ਹਾਉਣ ਦੀ ਰੀਝ ਤਾਂ ਸੀ ਪਰ ਸਮਰੱਥਾ ਨਹੀਂ ਸੀ। ਉਸ ਆਪਣੀ ਭੈਣ ਦਾ ਤਰਲਾ ਕੀਤਾ। ਭੈਣ ਮੰਨ ਗਈ। ਭਗਤ ਸਿੰਘ ਨੂੰ ਪਾਲਣ ਤੇ ਪੜ੍ਹਾਉਣ ਦੀ ਜ਼ਿੰਮੇਵਾਰੀ ਸੌਂਪ ਕੇ ਉਹਦੀ ਮਾਸੀ ਦੇ ਨਾਲ ਅਜੀਤਵਾਲ ਤੋਰ ਦਿੱਤਾ। ਪਲੇਗ ਪਈ ਤੇ ਮਾਸੀ ਦੀ ਮੌਤ ਹੋ ਗਈ। ਪਲੇਗ ਦਾ ਹਮਲਾ ਭਗਤ ਸਿੰਘ 'ਤੇ ਵੀ ਹੋਇਆ ਪਰ ਉਸਨੇ ਕਿਉਂਕਿ ਅਜੇ ਬਰਤਾਨਵੀ ਸਾਮਰਾਜ ਦੀ ਵਿਆਪਕ 'ਪਲੇਗ' ਨਾਲ ਲੜਨਾ ਸੀ ਇਸ ਲਈ ਪਲੇਗ ਉਸਦਾ ਕੁਝ ਨਾ ਵਿਗਾੜ ਸਕੀ ਤੇ ਉਹ ਅਜੀਤਵਾਲ ਤੋਂ ਚੌਥੀ ਜਮਾਤ ਪਾਸ ਕਰਕੇ ਚੂਹੜਚੱਕ ਦੇ ਮਿਡਲ ਸਕੂਲ ਵਿਚ ਦਾਖ਼ਲ ਹੋ ਗਿਆ। ਇਥੋਂ 1923 ਵਿਚ ਮਿਡਲ ਤੱਕ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਉਸਨੇ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਤੋਂ ਮੈਟਰਿਕ ਦਾ ਇਮਤਿਹਾਨ 1925 ਵਿਚ ਪਾਸ ਕਰ ਲਿਆ।

ਇਸ ਉਮਰ ਤੱਕ ਪਹੁੰਚਦਿਆਂ ਉਸਨੂੰ ਮੁਲਕ ਦੀ ਗੁਰਬਤ ਦਾ ਅਹਿਸਾਸ ਹੋ ਗਿਆ ਸੀ ਅਤੇ ਉਸ ਅੰਦਰ ਮੁਲਕ ਨੂੰ ਆਜ਼ਾਦ ਵੇਖਣ ਦੀ ਤਾਂਘ ਦਾ ਬੀਜ ਬੀਜਿਆ ਜਾ ਚੁੱਕਾ ਸੀ। 'ਬਲੈਕ-ਲਿਸਟ ਹੋਏ ਅੰਗਰੇਜ਼ ਵਿਰੋਧੀ ਪਿੰਡ ਦਾ ਖ਼ਮੀਰ ਤੇ ਪਰਿਵਾਰ ਵਿਚ, ਵਿਸ਼ੇਸ਼ ਤੌਰ 'ਤੇ ਨਾਨੀ ਮਾਂ ਵੱਲੋਂ, ਕੀਤੀਆਂ ਜਾਂਦੀਆਂ ਸੰਤ-ਮਤੇ ਦੀਆਂ ਗੱਲਾਂ, 'ਰੱਬ ਹੋਰ ਕਿਤੇ ਨਹੀਂ, ਰੱਬ ਬੰਦੇ ਵਿਚ ਹੁੰਦਾ ਏ', ਜਿਹੇ ਪ੍ਰਵਚਨ ਉਸਦੇ ਮਨ ਦੀ ਜ਼ਮੀਨ ਤਿਆਰ ਕਰਨ ਵਿਚ ਸਹਾਈ ਹੋਏ। ਉਸ ਸਮੇਂ ਜੇਲ੍ਹ ਵਿਚ ਬੰਦ ਗਦਰੀ ਬਾਬਾ ਅਰੂੜ ਸਿੰਘ ਚੂਹੜਚੱਕ ਜਿਹੇ ਸੂਰਮਿਆਂ ਦੀਆਂ ਕੁਰਬਾਨੀਆਂ ਕਾਰਨ ਚੂਹੜਚੱਕ ਦੇ ਸਕੂਲ ਤੇ ਆਲੇ ਦੁਆਲੇ ਦੇ ਮਾਹੌਲ ਵਿਚ ਵੀ ਇਨਕਲਾਬੀ ਰੰਗ ਬਿਖ਼ਰਿਆ ਹੋਇਆ ਸੀ। ਇਹ ਰੰਗ ਵਿਦਿਆਰਥੀਆਂ ਦੇ ਕੋਰੇ ਮਨ 'ਤੇ ਕੁਝ ਛੇਤੀ ਚੜ੍ਹ ਜਾਣ ਵਾਲਾ ਸੀ। ਉੱਤੋਂ ਬਾਬਾ ਅਰੂੜ ਸਿੰਘ ਦਾ ਲੜਕਾ ਭਗਤ ਸਿੰਘ ਬਿਲਗਾ ਦਾ ਜਮਾਤੀ ਸੀ। ਹਰ ਵੇਲੇ ਇਕ ਦੂਜੇ ਨਾਲ ਬਾਬਾ ਜੀ ਤੇ ਉਹਨਾਂ ਦੇ ਗਦਰੀ ਸਾਥੀਆਂ ਦੀ ਕੁਰਬਾਨੀ ਤੇ ਕਾਰਨਾਮਿਆਂ ਬਾਰੇ ਚਰਚਾ ਦਾ ਅਵਸਰ ਬਣਿਆਂ ਰਹਿੰਦਾ। ਇਕ ਵਾਰ ਓਥੇ ਪਿੰਡ ਵਿਚ ਪੁਲਿਸ ਕਿਸੇ ਨੂੰ ਗ੍ਰਿਫ਼ਤਾਰ ਕਰਨ ਆਈ ਤੇ ਪੁਲਿਸ ਨੇ ਬੜੀ ਦਰਿੰਦਗੀ ਨਾਲ ਉਸ ਬੰਦੇ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਲੋਕਾਂ ਨੇ ਗੁੱਸੇ ਵਿਚ ਪੁਲਿਸ ਨੂੰ ਘੇਰ ਲਿਆ ਤੇ ਬਦਲੇ ਵਿਚ ਥਾਣੇਦਾਰ ਮਾਰ ਦਿੱਤਾ। ਵਿਦਿਆਰਥੀ ਭਗਤ ਸਿੰਘ ਨੇ ਸਰਕਾਰੀ ਵਧੀਕੀ ਦੇ ਨਾਲ ਨਾਲ ਲੋਕ-ਰੋਹ ਤੇ ਲੋਕ-ਏਕੇ ਦਾ ਕਮਾਲ ਦੇਖਿਆ। ਸਥਾਪਤ ਤਾਕਤਾਂ ਦੀ ਬੇਇਨਸਾਫ਼ੀ ਵਿਰੁੱਧ ਲੜਨ ਦੀ ਭਾਵਨਾ ਤੀਬਰ ਹੁੰਦੀ ਗਈ। ਇਸੇ ਭਾਵਨਾ ਦਾ ਪ੍ਰਗਟਾ ਹੀ ਸੀ ਜਦੋਂ ਉਸ ਨੇ ਸਾਥੀਆਂ ਨਾਲ ਮਿਲ ਕੇ ਵਾਇਸਰਾਇ ਦੇ ਸਵਾਗਤ ਵਿਚ ਲੁਧਿਆਣੇ ਵਿਚ ਕੱਢੇ ਗਏ ਵਿਦਿਆਰਥੀਆਂ ਦੇ ਵੱਡੇ ਜਲੂਸ ਸਮੇਂ ਹੋਰਨਾਂ ਵਾਂਗ 'ਹਿਪ ਹਿਪ ਹੁਰਰੇ ਕਹਿਣ ਦੀ ਥਾਂ 'ਡੋ ਡੋ ਝਰਲੋ' ਆਖ ਕੇ ਆਪਣੀ ਪਹਿਲੀ ਨਿੱਕੀ ਜਿਹੀ ਬਗ਼ਾਵਤ ਕੀਤੀ ਤੇ ਪਹਿਲੀ ਸਜ਼ਾ ਵਜੋਂ ਸਾਥੀਆਂ ਸਮੇਤ ਹੈਡਮਾਸਟਰ ਇਕਬਾਲ ਸਿੰਘ ਦੀ ਕੁੱਟ ਖਾਧੀ।

ਦਸਵੀਂ ਪਾਸ ਕਰਨ ਉਪਰੰਤ ਡਾਕਟਰ ਬਣਨ ਲਈ ਦਾਖ਼ਲ ਹੋਣ ਦਾ ਯਤਨ ਕੀਤਾ, ਪਰ ਕਾਮਯਾਬੀ ਹਾਸਲ ਨਾ ਹੋ ਸਕੀ। ਜਲੰਧਰ ਦੇ ਕਮਰਸ਼ੀਅਲ ਕਾਲਜ ਵਿਚ ਅੱਗੇ ਪੜ੍ਹਾਈ ਜਾਰੀ ਰੱਖਣੀ ਚਾਹੀ ਤਾਂ ਕਰਜ਼ੇ ਦੀਆਂ ਕੰਧਾਂ ਰਾਹ ਵਿਚ ਆਣ ਖਲੋਤੀਆਂ। ਕਰੇ ਤਾਂ ਕੀ ਕਰੇ?

ਜਜ਼ਬਾ ਤਾਂ ਦੇਸ਼ ਨੂੰ ਆਜ਼ਾਦ ਵੇਖਣ ਦਾ ਵੀ ਉਸ ਅੰਦਰ ਤੁਣਕੇ ਮਾਰਦਾ ਰਹਿੰਦਾ ਸੀ ਪਰ ਉਸਨੂੰ ਹੁਣ ਤੱਕ ਨਾਲ ਨਾਲ ਤੁਰੀ ਆ ਰਹੀ ਗਰੀਬੀ ਦਾ ਪ੍ਰਛਾਵਾਂ ਵੀ ਲਗਾਤਾਰ ਤੰਗ ਕਰਦਾ ਰਿਹਾ ਸੀ। ਆਪਣੀ ਮਾਂ ਵੱਲੋਂ ਬੱਚਿਆਂ ਦੀਆਂ ਸੱਧਰਾਂ ਪੂਰੀਆਂ ਨਾ ਕਰ ਸਕਣ ਦੀ ਲਾਚਾਰਗੀ ਤੇ ਬੇਵੱਸੀ ਦੇ ਨਾਲ ਨਾਲ ਪੁੱਤਾਂ ਵੱਲੋਂ ਵੱਡੇ ਹੋ ਕੇ ਸਾਰੇ ਕਰਜ਼ੇ ਲਾਹ ਕੇ ਸੁਰਖ਼ਰੂ ਕਰ ਦੇਣ ਦਾ ਉਸਦਾ ਸੁਪਨਾ ਵੀ ਉਸਨੂੰ ਭੁੱਲਾ ਨਹੀਂ ਸੀ। ਉਸਨੂੰ ਉਹ ਦਿਨ ਤੇ ਉਹ ਦ੍ਰਿਸ਼ ਨਹੀਂ ਸਨ ਭੁੱਲਦੇ ਜਦੋਂ ਸਾਰੀ ਜ਼ਮੀਨ ਗਹਿਣੇ ਪੈ ਚੁੱਕੀ ਸੀ; ਕਰਜ਼ਾ ਨਾ ਉਤਾਰ ਸਕਣ ਕਰਕੇ ਅਗਲੇ ਡਿਗਰੀਆਂ ਲੈ ਆਏ ਸਨ ਤੇ ਘਰ ਨੀਲਾਮ ਹੋਣ 'ਤੇ ਆ ਗਿਆ ਸੀ। ਇਸ ਸਮੇਂ ਉਸਦੇ ਬਾਪ ਦਾ ਜਲੰਧਰ ਰਹਿੰਦਾ ਹਮਦਰਦ ਵਕੀਲ ਕੰਮ ਆਇਆ ਸੀ। ਪਿਤਾ ਹੀਰਾ ਸਿੰਘ ਨੰਬਰਦਾਰ ਰਿਹਾ ਸੀ ਤੇ ਉਸਦੀ ਵਕੀਲ ਨਾਲ ਨੇੜੇ ਦੀ ਸਾਂਝ ਸੀ। ਜਦੋਂ ਵਕੀਲ ਨੂੰ ਪਤਾ ਲੱਗਾ ਤਾਂ ਉਸਨੇ ਕਮਿਸ਼ਨਰ ਜਲੰਧਰ ਕੋਲ ਘਰ ਨੀਲਾਮ ਨਾ ਕੀਤੇ ਜਾਣ ਦੀ ਦਰਖ਼ਾਸਤ ਦੇ ਦਿੱਤੀ। ਸੌ ਸਾਲ ਦੀ ਉਮਰ ਹੋ ਜਾਣ 'ਤੇ ਵੀ ਬਾਬਾ ਉਸ ਸਮੇਂ ਨੂੰ ਨਹੀਂ ਸੀ ਭੁੱਲ ਸਕਿਆ। ਉਸਦੀ ਮਾਂ ਉਹਨਾਂ ਦੋਵਾਂ ਭਰਾਵਾਂ ਨੂੰ ਬੁੱਕਲ ਵਿਚ ਲਈ ਜਲੰਧਰ ਪਹੁੰਚੀ। ਰਾਤ ਕਚਹਿਰੀ ਲਾਗੇ 'ਪਾਂਡਿਆਂ ਦੀ ਸਰਾਂ' ਵਿਚ ਕੱਟੀ। ਕਮਿਸ਼ਨਰ ਦੇ ਸਾਹਮਣੇ ਬੱਚਿਆਂ ਨੂੰ ਪੇਸ਼ ਕਰਕੇ ਵਕੀਲ ਨੇ ਅਰਜ਼ ਕੀਤੀ ਕਿ ਮੁੰਡੇ ਤਾਂ ਅਜੇ ਛੋਟੇ ਤੇ ਨਾਬਾਲਗ ਹਨ। ਕੋਈ ਕਮਾਊ ਜੀਅ ਹੀ ਨਹੀਂ ਪਰਿਵਾਰ ਵਿਚ। ਘਰ ਨੀਲਾਮ ਹੋ ਗਿਆ ਤਾਂ ਇਕੱਲੀ ਔਰਤ ਆਪਣੇ ਨਿੱਕੇ ਨਿੱਕੇ ਬੋਟਾਂ ਨੂੰ ਲੈ ਕੇ ਕਿੱਥੇ ਜਾਏਗੀ! ਕਮਿਸ਼ਨਰ ਦੇ ਮਨ ਵਿਚ ਤਰਸ ਜਾਗਿਆ। ਉਸਨੇ ਫ਼ੈਸਲਾ ਸੁਣਾਇਆ ਕਿ ਜਿੰਨਾਂ ਚਿਰ ਬੱਚੇ ਬਾਲਗ਼ ਨਹੀਂ ਹੋ ਜਾਂਦੇ ਓਨਾ ਚਿਰ ਮਕਾਨ ਨੀਲਾਮ ਨਹੀਂ ਹੋ ਸਕਦਾ। ਸ਼ਾਹੂਕਾਰ ਲਾਲਾ ਤਾਂ ਰੋਂਦਾ ਬਾਹਰ ਆਇਆ ਤੇ ਮਾਂ ਮਾਲਣ ਆਪਣੇ ਪੁੱਤਾਂ ਦੇ ਸਿਰ 'ਤੇ ਹੱਥ ਫੇਰਦੀ, ਉਹਨਾਂ ਨੂੰ ਵੱਖੀ ਨਾਲ ਘੁੱਟਦੀ ਖ਼ੁਸ਼ੀ ਦੇ ਅੱਥਰੂ ਪੂੰਝਦੀ ਕਹਿ ਰਹੀ ਸੀ, "ਮੇਰੇ ਪੁੱਤ ਦਿਨਾਂ 'ਚ ਜਵਾਨ ਹੋਏ ਲਓ। ਜ਼ਮੀਨ ਵੀ ਛੁਡਾ ਲੈਣਗੇ ਤੇ ਘਰ ਵੀ ਬਚਾ ਲੈਣਗੇ।"

ਬਾਲਗ਼ ਹੋ ਚੁੱਕੇ ਭਗਤ ਸਿੰਘ ਬਿਲਗ਼ਾ ਨੂੰ ਮਾਂ ਦੇ ਬੋਲ, ਉਹਨਾਂ ਵਿਚਲੀ ਖ਼ੁਸ਼ੀ, ਪੁੱਤਾਂ 'ਤੇ ਮਾਣ ਦਾ ਜਜ਼ਬਾ ਕਦੀ ਨਹੀਂ ਸਨ ਭੁੱਲੇ। ਉਸਦਾ ਤਾਂ ਵਿਆਹ ਵੀ ਨੌਂਵੀਂ ਜਮਾਤ ਵਿਚ ਪੜ੍ਹਦਿਆਂ ਹੋ ਗਿਆ ਸੀ। ਭਾਵੇਂ ਅਜੇ ਤੱਕ ਪਤੀ-ਪਤਨੀ ਨੇ ਇੱਕ ਦੂਜੇ ਨੂੰ ਵੇਖਿਆ ਵੀ ਨਹੀਂ ਸੀ ਅਤੇ ਉਹ ਆਪਣੇ ਪੇਕੇ ਘਰ ਹੀ ਸੀ (ਕਿਉਂਕਿ ਉਹਨਾਂ ਦਿਨਾਂ ਵਿਚ ਵਿਆਹ ਛੋਟੀ ਉਮਰ ਵਿਚ ਹੋ ਜਾਣ ਕਰਕੇ ਮੁਕਲਾਵਾ ਦੇਰ ਨਾਲ ਤੋਰਿਆ ਜਾਂਦਾ ਸੀ) ਪਰ ਪਤਨੀ ਦੀ ਜ਼ਿੰਮੇਵਾਰੀ ਵੀ ਤਾਂ ਹੁਣ ਉਸਦੇ ਸਿਰ ਹੀ ਸੀ। ਉਸਨੇ ਦੇਸ਼ ਦੀ ਆਜ਼ਾਦੀ ਦਾ ਜਾਗ ਰਿਹਾ ਸੁਪਨਾ ਇਕ ਪਾਸੇ ਕਰਕੇ ਮਾਂ ਦੇ ਸੁਪਨੇ ਨੂੰ ਪੂਰਾ ਕਰਨ ਦਾ ਨਿਸਚਾ ਕਰ ਲਿਆ। ਪਤਨੀ ਦੀਆਂ ਰੀਝਾਂ ਸੰਗ ਆਪਣੇ ਆਪ ਨੂੰ ਜੋੜ ਲਿਆ।

ਕਰਜ਼ਾਈ ਹੋ ਚੁਕਿਆ ਪੰਜਾਬ ਦਾ ਕਿਸਾਨ ਪੈਸੇ ਕਮਾਉਣ ਲਈ ਬਦੇਸ਼ੀ ਧਰਤੀਆਂ ਵੱਲ ਕੂਚ ਕਰ ਰਿਹਾ ਸੀ। ਉਸਨੇ ਵੀ ਬਾਹਰ ਜਾਣ ਤੇ ਕਮਾਈ ਕਰਨ ਦੀ ਠਾਣ ਲਈ। ਪਰ ਪਾਸਪੋਰਟ ਬਣਨ ਦੀ ਮੁਸ਼ਕਿਲ ਰਾਹ ਵਿਚ ਆਣ ਖਲੋਤੀ। ਪਿੰਡ ਦੇ ਪਤੇ 'ਤੇ ਪਿੰਡ ਦੇ ਕਿਸੇ ਬੰਦੇ ਨੂੰ ਪਾਸਪੋਰਟ ਨਹੀਂ ਸੀ ਮਿਲ ਸਕਦਾ। ਨੌਜਵਾਨ ਭਗਤ ਸਿੰਘ ਕਲਕੱਤੇ ਚਲਾ ਗਿਆ ਤੇ ਜਾਨ ਮੁਹੰਮਦ ਨਾਮੀਂ ਏਜੰਟ ਨੂੰ ਸੌ ਰੁਪਈਆ ਦਿੱਤਾ। ਉਸਨੇ ਕਲਕਤੇ ਦਾ ਥਹੁ-ਟਿਕਾਣਾ ਦੇ ਕੇ

ਪਾਸਪੋਰਟ ਬਣਵਾ ਦਿੱਤਾ।

ਵੀਜ਼ਾ ਲਵਾਇਆ ਚਿੱਲੀ ਦਾ। 1927 ਦਾ ਸਾਲ ਸੀ ਜਦੋਂ ਪਾਣੀ ਵਾਲੇ ਜਹਾਜ਼ ਵਿਚ ਠਿੱਲ੍ਹ ਕੇ ਬਿਲਗਾ ਬਰ੍ਹਮਾ, ਪੀਨਾਂਗ ਹੁੰਦਾ ਹਾਂਗਕਾਂਗ ਪੁੱਜਾ। ਇਥੋਂ ਜਹਾਜ਼ ਬਦਲ ਕੇ ਅਗਲੀ ਯਾਤਰਾ ਸ਼ੁਰੂ ਕੀਤੀ ਪਰ ਪਿਛਲੀਆਂ ਯਾਦਾਂ ਵੀ ਅੰਗ-ਸੰਗ ਵਿਚਰ ਰਹੀਆਂ ਸਨ। ਘਰ ਚੇਤੇ ਆਇਆ, ਮਾਂ ਤੇ ਭੈਣ-ਭਰਾ ਚੇਤੇ ਆਏ। ਅੰਦਰਲਾ ਕਵੀ ਜਾਗ ਪਿਆ। ਮਾਂ ਨੂੰ ਚਿੱਠੀ ਲਿਖੀ ਜਪਾਨ ਤੋਂ ਤੇ ਨਾਲ ਕਵਿਤਾ ਲਿਖੀ ਜਿਸਦੀ ਇਹ ਤੁਕ ਜ਼ਿੰਦਗੀ ਭਰ ਨਾ ਭੁੱਲੀ:

ਬਰ੍ਹਮਾ, ਚੀਨ ਤੇ ਹੋਰ ਜਪਾਨ ਡਿੱਠਾ,
ਹਾਏ! ਭੁੱਲਦਾ ਨਹੀਂ ਪੰਜਾਬ ਮੇਰਾ

ਪੰਜਾਬ ਦੀ ਯਾਦ ਆਉਂਦਿਆਂ ਹੀ ਪੰਜਾਬ ਦੀ ਗ਼ੁਲਾਮੀ ਤੇ ਗਰੀਬੀ ਵਾਲੀ ਜ਼ਿੰਦਗੀ ਵੀ ਯਾਦ ਆਉਣ ਲੱਗੀ। ਘੁੰਮਦਿਆਂ ਘੁੰਮਾਉਂਦਿਆਂ ਬਿਲਗਾ ਆਖ਼ਰਕਾਰ ਅਰਜਨਟਾਈਨਾ ਪਹੁੰਚ ਗਿਆ। ਸਪੈਨਿਸ਼ ਸਿੱਖੀ। ਰੇਲਵੇ ਵਿਚ ਕਲਰਕ ਲੱਗ ਗਿਆ। ਏਥੇ ਹੀ ਸੰਗਤ ਹੋ ਗਈ ਗ਼ਦਰੀ ਇਨਕਲਾਬੀਆਂ ਨਾਲ। 'ਗ਼ਦਰ' ਅਖ਼ਬਾਰ ਪੜ੍ਹਿਆ। ਹੋਰ ਵੀ ਬਹੁਤ ਸਾਰੇ ਲੋਕ ਜੋ ਅਮਰੀਕਾ ਨਹੀਂ ਜਾ ਸਕੇ ਸਨ, ਏਥੇ ਹੀ ਆ ਉੱਤਰੇ ਸਨ। ਇਹਨਾਂ ਵਿਚ ਅਕਾਲੀ ਮੋਰਚਿਆਂ ਵਿਚ ਕੈਦਾਂ ਕੱਟਣ ਵਾਲੇ ਲੋਕ ਵੀ ਸਨ। ਇਹ ਲੋਕ ਸਿਆਸੀ ਚੇਤਨਾ ਵਾਲੇ ਸਨ। ਦੇਸ਼-ਪ੍ਰੇਮ ਦੇ ਦੀਵਾਨੇ। ਦੇਸ਼ ਭਗਤੀ ਦਾ ਜਜ਼ਬਾ ਮੁੜ ਤੋਂ ਫੁੱਟ ਨਿਕਲਿਆ। ਆਪਣੀ ਮਾਂ ਭੁੱਲ ਗਈ ਤੇ ਵੱਡੀ ਮਾਂ ਹਿੰਦੁਸਤਾਨ ਦੀ ਗ਼ਰੀਬੀ ਨੇ ਦਿਲ ਮੱਲ ਲਿਆ। ਭਾਈ ਰਤਨ ਸਿੰਘ ਨੇ ਆ ਕੇ ਸਭ ਦੀ ਸਲਾਹ ਨਾਲ ਗ਼ਦਰ ਪਾਰਟੀ ਦੀ ਬਰਾਂਚ ਖੋਲ੍ਹ ਦਿੱਤੀ। ਪਿੱਛੋਂ ਤੇਜਾ ਸਿੰਘ ਸੁਤੰਤਰ ਵੀ ਓਥੇ ਪਹੁੰਚ ਗਿਆ। ਉਸਨੇ ਜਮਹੂਰੀ ਤਰਜ਼ ਦੀਆਂ ਕਮੇਟੀਆਂ ਬਣਾ ਕੇ ਬਾਕਾਇਦਾ ਚੋਣ ਕਰਵਾਈ ਤੇ ਭਗਤ ਸਿੰਘ ਬਿਲਗਾ ਨੂੰ ਪਾਰਟੀ ਦਾ ਜਨਰਲ ਸਕੱਤਰ ਚੁਣ ਲਿਆ ਗਿਆ। ਇੱਥੇ ਹੀ ਸ਼ਹੀਦ ਭਗਤ ਸਿੰਘ ਦਾ ਚਾਚਾ ਅਜੀਤ ਸਿੰਘ ਵੀ ਪਹੁੰਚ ਗਿਆ। ਉਹ ਅਰਜਨਟਾਈਨਾ ਦੀ ਗ਼ਦਰ ਪਾਰਟੀ ਦਾ ਪ੍ਰਧਾਨ ਬਣਿਆ। ਅਜੀਤ ਸਿੰਘ ਦੀ ਸੰਗਤ ਵਿਚ ਰਹਿ ਕੇ ਪਿਛਲਾ ਇਤਿਹਾਸ ਵੀ ਸੁਣਿਆਂ ਸਮਝਿਆ ਤੇ ਹੋਰ ਵੀ ਬਹੁਤ ਕੁਝ ਨਵਾਂ ਜਾਣਿਆਂ। ਏਥੇ ਰਹਿੰਦਿਆਂ ਹੀ ਉਹਨਾਂ ਨੂੰ ਸਾਂਡਰਸ ਦੇ ਕਤਲ ਦੀ ਖ਼ਬਰ ਮਿਲੀ। ਏਥੇ ਹੀ ਅਜੀਤ ਸਿੰਘ ਨੂੰ ਲਿਖੇ ਸ਼ਹੀਦ ਭਗਤ ਸਿੰਘ ਦੇ ਤਿੰਨ ਖ਼ਤ ਮਿਲੇ। ਇਕ ਖ਼ਤ, ਜੋ ਪੰਜ ਛੇ ਸਫ਼ਿਆਂ ਦਾ ਸੀ, ਵਿਚ ਉਸਨੇ ਭਾਰਤੀ ਲੀਡਰਾਂ ਦਾ ਸਜ਼ਰਾ-ਨਸਬ ਲਿਖ ਭੇਜਿਆ ਸੀ। ਇੱਕ ਖ਼ਤ ਹੇਠਾਂ ਲਿਖਿਆ ਸੀ, ਸ਼ੋਸ਼ਲਿਸਟ-ਗ਼ਦਰ-ਕਮਿਊਨਿਸਟ। ਇਹ ਖ਼ਤ ਪੋਲੀਟੀਕਲ ਸਨ। ਮਹੱਤਵਪੂਰਨ ਦਸਤਾਵੇਜ਼; ਪਰ ਸਾਂਭੇ ਨਾ ਰਹਿ ਸਕੇ।

ਇਨਕਲਾਬੀ ਲਹਿਰ ਨਾਲ ਜੁੜਨ ਕਰ ਕੇ ਬਿਲਗਾ ਪੂਰਨ ਭਾਂਤ ਦੇਸ਼ ਦੀ ਆਜ਼ਾਦੀ ਨੂੰ ਸਮਰਪਿਤ ਹੋ ਗਿਆ। ਪਿਛਲਾ ਪਰਿਵਾਰ ਭੁੱਲ ਕੇ ਆਪਣੀ ਕਮਾਈ ਦਾ ਬਹੁਤਾ ਹਿੱਸਾ 'ਨੌਜਵਾਨ ਭਾਰਤ ਸਭਾ' ਤੇ 'ਕਿਰਤੀ ਪਾਰਟੀ' ਨੂੰ ਫੰਡ ਦੇ ਰੂਪ ਵਿਚ ਦੇਣ ਲੱਗਾ। ਬਾਬਾ ਕਹਿੰਦਾ ਹੁੰਦਾ ਸੀ, "ਜਦੋਂ ਏਸ ਪਾਸੇ ਪੈ ਗਏ ਫ਼ਿਰ ਘਰ ਪੈਸੇ ਕਿਸ ਨੇ ਭੇਜਣੇ ਸਨ!" ਉਸਦਾ ਹਰੇਕ ਪਲ ਪਾਰਟੀ ਨੂੰ ਸਮਰਪਤ ਸੀ ਤੇ ਜਿੱਥੇ ਵੀ ਕਿਸੇ ਭਾਰਤੀ ਦੀ ਦੱਸ ਪੈਂਦੀ ਉਹ ਉੱਡ ਕੇ ਪਹੁੰਚਦਾ ਤੇ ਪਾਰਟੀ ਦਾ ਮਕਸਦ ਦੱਸਦਾ, ਪ੍ਰੇਰਦਾ ਤੇ ਉਸਨੂੰ ਆਪਣੇ ਨਾਲ ਜੋੜਦਾ।

ਗ਼ਦਰ ਪਾਰਟੀ ਵੱਲੋਂ ਗ਼ਦਰ ਕਰਨ ਦਾ ਕੀਤਾ ਪਹਿਲਾ ਯਤਨ ਫ਼ੇਲ੍ਹ ਹੋ ਜਾਣ ਪਿੱਛੋਂ ਹੁਣ ਦੋਬਾਰਾ ਦੇਸ਼ ਪਰਤਣ ਤੇ ਇਨਕਲਾਬ ਲਈ ਜ਼ਮੀਨ ਤਿਆਰ ਕਰਨ ਲਈ ਵਿਚਾਰ ਚਰਚਾ ਹੋਣੀ ਸ਼ੁਰੂ ਹੋਈ। ਤੇਜਾ ਸਿੰਘ ਸੁਤੰਤਰ ਦਾ ਮੱਤ ਸੀ ਕਿ ਦੇਸ਼ ਪਰਤ ਕੇ ਇਨਕਲਾਬ ਕੀਤਾ ਜਾਏ, ਪਰ ਰਤਨ ਸਿੰਘ ਕਹਿੰਦਾ ਸੀ ਕਿ ਸਾਨੂੰ ਸੋਵੀਅਤ ਤਜਰਬੇ ਤੋਂ ਲਾਭ ਲੈਣਾ ਚਾਹੀਦਾ ਹੈ। ਬਾਬਾ ਬਿਲਗਾ ਵੀ ਇਸ ਮੱਤ ਦਾ ਸੀ ਕਿ ਅਸੀਂ ਪਹਿਲਾਂ ਸਾਰੀ ਟੇਕ ਫ਼ੌਜਾਂ ਉੱਪਰ ਰੱਖੀ ਸੀ; ਹੁਣ ਕਿਸਾਨਾਂ, ਮਜ਼ਦੂਰਾਂ ਦੀ ਫ਼ੌਜ 'ਤੇ ਟੇਕ ਰੱਖਣੀ ਪੈਣੀ ਹੈ।

ਪਾਰਟੀ ਵੱਲੋਂ ਭਗਤ ਸਿੰਘ ਬਿਲਗਾ ਨੂੰ ਸੋਵੀਅਤ ਯੂਨੀਅਨ ਵਿਚ ਮਾਰਕਸਵਾਦ ਦੀ ਤੇ ਗੁਰੀਲਾ ਯੁੱਧ ਦੀ ਸਿੱਖਿਆ ਲੈਣ ਲਈ ਭੇਜਿਆ ਗਿਆ। 1934 ਵਿਚ ਉਸਨੇ ਮਾਸਕੋ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਦੇਸ਼ ਪਰਤਣ ਦੀ ਤਿਆਰੀ ਕਰ ਲਈ। ਸੋਵੀਅਤ ਯੂਨੀਅਨ ਵਿਚੋਂ ਬਿਲਗਾ ਇਹ ਸਿੱਖ ਕੇ ਆਇਆ ਕਿ ਦੇਸ਼ ਵਾਪਸ ਜਾ ਕੇ 'ਸਿੱਧਾ' ਇਨਕਲਾਬ ਕਰਨ ਦੀ ਥਾਂ ਟਰੇਡ ਯੂਨੀਅਨ ਵਿੱਚ ਕੰਮ ਕਰ ਕੇ, ਕਿਸਾਨ ਸਭਾਵਾਂ ਉਸਾਰ ਕੇ, ਉਹਨਾਂ ਨੂੰ ਨਾਲ ਲੈ ਕੇ ਇੱਕ ਲੋਕ-ਲਹਿਰ ਉਸਾਰਨ ਦੀ ਲੋੜ ਹੈ। ਇਸ ਲਈ ਉਹ ਅਤੇ ਉਸਦੇ ਗ਼ਦਰ ਪਾਰਟੀ ਵਾਲੇ ਸਾਥੀ ਇਸ ਉਦੇਸ਼ ਨੂੰ ਮੁੱਖ ਰੱਖ ਕੇ ਹੀ ਐਤਕੀਂ ਵਾਪਸ ਪਰਤੇ।

ਬਾਬਾ ਭਗਤ ਸਿੰਘ ਬਿਲਗਾ ਨੇ ਜਰਮਨੀ ਵਿਚੋਂ ਲੰਘਣ ਦੀ ਦਾਸਤਾਂ ਸੁਣਾਉਂਦਿਆਂ ਇਹਨਾਂ ਸਤਰਾਂ ਦੇ ਲੇਖਕ ਨੂੰ ਕੁਝ ਸਾਲ ਪਹਿਲਾਂ ਨਿੱਜੀ ਮੁਲਾਕਾਤ ਵਿਚ ਦੱਸਿਆ ਸੀ, "ਅੱਜ ਤੱਕ ਮੈਂ ਕਿਸੇ ਨੂੰ ਦੱਸਿਆ ਨਹੀਂ, ਪਰ ਅੱਜ ਤੁਹਾਨੂੰ ਦੱਸਦਾਂ। ਹੁਣ ਕੋਈ 'ਉਸ ਤਰ੍ਹਾਂ' ਦੀ ਗੱਲ ਨਹੀਂ। ਮੈਂ ਲੈਨਿਨਗਰਾਦ ਵਿੱਚ ਉਹਨਾਂ ਦੇ ਲਾਦੂ ਜਹਾਜ਼ ਦੀ ਬੇਸਮੈਂਟ ਵਿੱਚ ਲੁਕਵੇਂ ਕੈਬਿਨ ਵਿੱਚ ਲੁਕ ਕੇ ਆਇਆ। ਮੈਨੂੰ ਦੱਸਿਆ ਗਿਆ ਸੀ ਕਿ ਜਦੋਂ ਜਹਾਜ਼ ਲੱਗੇਗਾ ਤਾਂ ਓਥੇ ਫ਼ਲਾਂ ਨਿਸ਼ਾਨੀ ਵਾਲਾ ਬੰਦਾ ਹੋਊ, ਉਹਨੂੰ ਬੁਲਾਉਣਾ ਨਹੀਂ ਉਹਦੇ ਪਿੱਛੇ ਪਿੱਛੇ ਤੁਰੀ ਜਾਣਾ ਪੰਜੀਂ ਛੇਈਂ ਦਿਨੀਂ ਜਹਾਜ਼ ਲੱਗਾ; ਸਾਮਾਨ ਨਾਲ ਲੱਦਿਆ। ਮੈਂ ਵੀ ਪਹੁੰਚ ਗਿਆ। ਜਦੋਂ ਸਮਾਨ ਉੱਤਰਨ ਲੱਗਾ, ਉਦੋਂ ਕਾਫ਼ੀ ਦੇਰ ਹੋ ਚੁੱਕੀ ਸੀ। ਹੁਣ ਪੜਤਾਲ ਵਗੈਰਾ ਖ਼ਤਮ ਸੀ। ਮੇਰੇ ਕੋਲ ਜਰਮਨ ਪਹਿਰਾਵਾ ਸੀ, ਉਹ ਮੈਂ ਪਹਿਨ ਲਿਆ। ਨਿਸ਼ਾਨੀ ਵਾਲਾ ਬੰਦਾ ਮੈਂ ਵੇਖ ਲਿਆ। ਉਹਦੇ ਪਿੱਛੇ-ਪਿੱਛੇ ਇੱਕ ਹੋਟਲ ਵਿੱਚ ਪਹੁੰਚ ਗਿਆ। ਓਥੇ ਮੈਨੂੰ ਇੱਕ ਪਾਸਪੋਰਟ ਮੁਹੱਈਆ ਕੀਤਾ ਗਿਆ, ਫੋਟੋ ਲਾ ਕੇ ਮੇਰੀ। ਇੱਕ ਨੁਕਸ ਉਸ ਵਿੱਚ ਸੀ ਕਿ ਉਦੋਂ ਬ੍ਰਿਟਿਸ਼ ਪਾਸਪੋਰਟ 'ਤੇ ਵੀਜ਼ੇ ਦੀ ਮੋਹਰ ਨਹੀਂ ਸੀ ਲੱਗਦੀ। ਪਰ ਉਸ ਉੱਤੇ ਲੱਗੀ ਹੋਈ ਸੀ। ਜਦੋਂ ਮੈਂ ਜਰਮਨ ਅਤੇ ਬੈਲਜੀਅਮ ਦੀ ਹੱਦ ਤੇ ਪਹੁੰਚਿਆ ਤਾਂ ਗੱਡੀ ਖੜ੍ਹੋ ਗਈ। ਜਿਹੜਾ ਬੰਦਾ ਪਾਸਪੋਰਟ ਚੈੱਕ ਕਰ ਰਿਹਾ ਸੀ, ਉਸਨੇ ਮੇਰਾ ਪਾਸਪੋਰਟ ਫੜ ਕੇ ਮੇਜ਼ 'ਤੇ ਦੂਜੇ ਪਾਸੇ ਰੱਖ ਲਿਆ ਅਤੇ ਦੂਜਿਆਂ ਨੂੰ ਵਿਦਾ ਕਰਨ ਲੱਗਾ। ਮੈਂ ਸੋਚਿਆ, ਹੁਣ ਕਾਬੂ ਆਏ ਗੋਲੀ ਵੱਜੀ ਲਓ ਪਰ ਮੈਂ ਮਨ ਨੂੰ ਆਖਿਆ, "ਹੁਣ ਵੇਖੀ ਜਾਊ"। ਓਧਰੋਂ ਗੱਡੀ ਨੇ ਚੀਕ ਮਾਰੀ ਮੈਂ ਹੌਲੀ ਜਿਹੀ ਦੂਜੇ ਪਾਸੇ ਦੀ ਹੋ ਕੇ ਪਾਸਪੋਰਟ ਚੁੱਕਿਆ ਅਤੇ ਤੁਰਦੀ ਗੱਡੀ ਵਿੱਚ ਚੜ੍ਹ ਗਿਆ, ਪਰ ਉਸ ਨੇ ਮੇਰਾ ਪਿੱਛਾ ਨਾ ਕੀਤਾ।"

ਇੰਝ ਬਾਬਾ ਬਿਲਗਾ ਦੀ 'ਮਿਲਕੀ ਸਿੰਘ' ਦੇ ਨਾਂ ਥੱਲੇ ਜਾਅਲੀ ਪਾਸਪੋਰਟਾਂ 'ਤੇ ਵਾਪਸ ਦੇਸ਼ ਪਰਤਣ 'ਤੇ ਥਾਂ-ਥਾਂ ਮੌਤ ਦਾ ਸਾਹਮਣਾ ਕਰਨ ਵਾਲੀ ਲੰਮੀ ਕਹਾਣੀ ਹੈ। ਲੰਕਾ ਥਾਣੀ ਕੰਨਿਆਂ ਕੁਮਾਰੀ ਤੋਂ ਹਿੰਦੁਸਤਾਨ ਵਿੱਚ ਦਾਖ਼ਲਾ, ਹਿੰਦੁਸਤਾਨ ਦਾਖ਼ਲ ਹੁੰਦਿਆਂ ਹੀ

ਪੁਲਿਸ ਵੱਲੋਂ ਪਿੱਛਾ ਕਰਨਾ ਬਾਬੇ ਵੱਲੋਂ ਵਾਰ-ਵਾਰ ਪੁਲਿਸ ਨੂੰ ਚਕਮਾ ਦੇਣਾ ਅਤੇ ਇੰਝ ਲੁਕਣ-ਮੀਟੀ ਖੇਡਦਿਆਂ ਪੰਜਾਬ ਪਹੁੰਚਣ ਦੀ ਖ਼ਤਰਿਆਂ ਭਰੀ ਕਹਾਣੀ ਰੌਂਗਟੇ ਖੜੇ ਕਰਨ ਵਾਲੀ ਹੈ।

ਭਗਤ ਸਿੰਘ ਬਿਲਗਾ ਨੂੰ ਪਾਰਟੀ ਵੱਲੋਂ ਹਦਾਇਤ ਸੀ ਕਿ ਪੰਜਾਬ ਪਹੁੰਚ ਕੇ ਪਹਿਲਾਂ ਬਾਬਾ ਕਰਮ ਸਿੰਘ ਚੀਮਾ ਨੂੰ ਰੀਪੋਰਟ ਕਰਨੀ ਹੈ। ਉਹ ਜਾ ਕੇ ਬਾਬੇ ਕਰਮ ਸਿੰਘ ਨੂੰ ਮਿਲਿਆ। ਉਥੋਂ ਕਲਕੱਤੇ ਕੰਮ ਕਰਨ ਦੀ ਡਿਊਟੀ ਲੱਗੀ। ਬਾਬੇ ਕਰਮ ਸਿੰਘ ਨੇ ਬਾਬੇ ਭਾਗ ਸਿੰਘ ਨੂੰ ਕਿਹਾ ਕਿ ਉਹ ਭਗਤ ਸਿੰਘ ਨੂੰ ਬਿਲਗੇ ਤੋਂ ਗੱਡੀ ਚੜ੍ਹਾ ਆਵੇ। ਬਿਲਗਾ ਬਾਬੇ ਦਾ ਆਪਣਾ ਪਿੰਡ ਸੀ। ਉਹ ਪਿੰਡ ਦੇ ਕਿਸੇ ਜਣੇ ਵੱਲੋਂ ਪਛਾਣੇ ਜਾਣ ਤੋਂ ਡਰਦਾ ਸੀ। ਚੌਕਸੀ ਵਰਤਦਿਆਂ, ਥੋੜ੍ਹਾ ਜਿਹਾ ਵਲ਼ਾ ਪਾ ਕੇ ਵੱਖਰੀ ਡੰਡੀ ਤੋਂ, ਬਾਬਾ ਭਾਗ ਸਿੰਘ ਭਗਤ ਸਿੰਘ ਨੂੰ ਲੈ ਕੇ ਜਾਣ ਲੱਗਾ। ਭਗਤ ਸਿੰਘ ਬਾਬੇ ਭਾਗ ਸਿੰਘ ਦੇ ਪਿੱਛੇ ਪਿੱਛੇ, ਥੋੜੇ ਓਹਲੇ ਜਿਹੇ ਵਿਚ। ਚੇਤਨਾ ਨੂੰ ਹਲੂਣਾ ਆਇਆ। ਉਹ ਡੰਡੀ ਐਨ ਭਗਤ ਸਿੰਘ ਦੇ ਘਰ ਦੇ ਕੋਲੋਂ ਦੀ ਲੰਘ ਰਹੀ ਸੀ। ਜਦੋਂ ਉਹ ਘਰ ਕੋਲੋਂ ਲੰਘਿਆ ਤਾਂ ਮਨ ਵਿਚ ਕੁਲਬੁਲਾਉਂਦੀਆਂ ਛੱਲਾਂ ਉੱਠੀਆਂ। ਆਪਾ ਝੰਜੋੜਿਆ ਗਿਆ। ਯਾਦ ਆਇਆ, 'ਇਸ ਘਰ ਵਿੱਚ ਮੇਰੀ ਮਾਂ ਬੈਠੀ ਕਈ ਸਾਲਾਂ ਤੋਂ ਮੇਰਾ ਰਾਹ ਉਡੀਕਦੀ ਹੋਵੇਗੀ! ਮੇਰੀ ਪਤਨੀ, ਜਿਸਨੂੰ ਮੈਂ ਲੰਮੇ ਵਿਛੋੜੇ ਦੀ ਅੱਗ ਵਿਚ ਝੋਕ ਕੇ ਬਾਹਰ ਚਲਾ ਗਿਆ ਸੀ, ਸਾਲਾਂ ਤੋਂ ਮੇਰੀ ਵਾਟ ਨਿਹਾਰ ਰਹੀ ਹੋਵੇਗੀ। ਪਰ ਭਗਤ ਸਿੰਘ ਫ਼ਰਜ਼ ਦਾ ਬੱਧਾ ਕਲੇਜੇ 'ਤੇ ਪੱਥਰ ਰੱਖ ਕੇ ਆਪਣੇ ਘਰ ਦੇ ਕੋਲੋਂ ਲੰਘ ਗਿਆ।

ਇੱਕ ਕੁਰਬਾਨੀ ਭਗਤ ਸਿੰਘ ਕਰ ਰਿਹਾ ਸੀ ਤੇ ਦੂਜੀ ਕੁਰਬਾਨੀ ਉਹਦੀ ਮਾਂ ਤੇ ਪਤਨੀ ਕਰ ਰਹੀਆਂ ਸਨ। ਇਹ ਵੱਖਰੀ ਗੱਲ ਹੈ ਕਿ ਇਨਕਲਾਬੀਆਂ ਦੀਆਂ ਮਾਵਾਂ ਤੇ ਪਤਨੀਆਂ ਦੀ ਕੁਰਬਾਨੀ ਵੱਲ ਇਤਿਹਾਸਕਾਰਾਂ ਦਾ ਕਦੀ ਬਹੁਤਾ ਧਿਆਨ ਨਹੀਂ ਜਾਂਦਾ। ਵਿਆਹੁਤਾ ਜੀਵਨ ਦਾ ਸੁਖ ਉਹਨਾਂ ਨੂੰ ਭੋਗਣਾ ਨਸੀਬ ਨਹੀਂ ਸੀ ਹੁੰਦਾ। ਪਿੱਛੋਂ ਆ ਕੇ ਭਗਤ ਸਿੰਘ ਬਿਲਗਾ ਦੀ ਪਤਨੀ ਨੇ ਜੇ ਵਿਆਹੁਤਾ ਜੀਵਨ ਭੋਗਿਆ ਵੀ ਤਾਂ ਕੇਵਲ ਉਸ ਸੂਰਤ ਵਿਚ ਕਿ ਪਾਰਟੀ ਨੂੰ ਮਕਾਨ ਕਿਰਾਏ 'ਤੇ ਲੈਣਾ ਪੈਣਾ ਸੀ ਅਤੇ ਵਿਆਹੇ ਵਰ੍ਹੇ ਪਰਿਵਾਰ ਵਾਲੇ ਬੰਦੇ ਨੂੰ ਹੀ ਕਮਰਾ ਕਿਰਾਏ 'ਤੇ ਮਿਲ ਸਕਦਾ ਸੀ। ਉਸਦੀ ਧੀ ਕ੍ਰਾਂਤੀ (ਘਰ ਦਾ ਨਾਮ ਤਰਸੇਮ ਕੌਰ) ਉਸਦੀ ਪਰਿਵਾਰਕ ਗ਼ੈਰਹਾਜ਼ਰੀ ਕਾਰਨ ਠੀਕ ਇਲਾਜ ਖੁਣੋਂ ਟਾਈਫਾਈਡ ਨਾਲ ਬੀਮਾਰ ਰਹਿਣ ਕਾਰਨ ਚੱਲ ਵੱਸੀ ਸੀ। ਜਿਹੜੇ ਘਰ ਨੂੰ ਨਿਲਾਮ ਹੋਣੋਂ ਬਚਾਉਣ ਲਈ ਉਸਦੀ ਮਾਂ ਨੇ ਕਮਿਸ਼ਨਰ ਕੋਲੋਂ ਪੁੱਤਰਾਂ ਦੇ ਬਾਲਗ਼ ਹੋਣ ਤੱਕ ਦੀ ਮੁਹਲਤ ਲਈ ਸੀ, ਉਹ ਘਰ ਆਖ਼ਰਕਾਰ ਨੀਲਾਮ ਹੋ ਗਿਆ ਕਿਉਂਕਿ 'ਮਾਂ ਦਾ ਪੁੱਤਰ , 'ਭਾਰਤ ਮਾਂ ਦਾ ਪੁੱਤਰ ਬਣ ਚੁੱਕਾ ਸੀ। ਜਦੋਂ ਘਰ ਨੀਲਾਮ ਹੋਣ ਲੱਗਾ ਤਾਂ ਧੀ ਕ੍ਰਾਂਤੀ ਰੋਣ ਲੱਗੀ। ਉਸਦੀ ਮਾਂ ਨੇ ਉਸਦੇ ਮੂੰਹ 'ਤੇ ਵੱਟ ਕੇ ਚਪੇੜ ਮਾਰੀ, "ਰੋਣਾ ਨਹੀਂ। ਅਗਲੇ ਆਖਣਗੇ; ਵੱਡੇ ਇਨਕਲਾਬੀ ਦੀ ਧੀ ਹੁਣ ਰੋਂਦੀ ਏ!"

ਭਗਤ ਸਿੰਘ ਬਿਲਗਾ ਦਾ ਸਾਰਾ ਜੀਵਨ ਨਿਰੰਤਰ ਸੰਘਰਸ਼ ਦਾ ਜੀਵਨ ਸੀ। ਪਹਿਲੀਆਂ ਵਿਚ ਕਲਕੱਤੇ ਜਾ ਕੇ ਕੱਪੜਾ ਮਿੱਲ ਵਿਚ ਕੰਮ ਕੀਤਾ। ਟਰੇਡ ਯੂਨੀਅਨ ਖੜੀ ਕੀਤੀ। ਇੰਝ ਹੀ ਕਾਨਪੁਰ ਜਾ ਕੇ ਮਜ਼ਦੂਰਾਂ ਵਿੱਚ ਕੰਮ ਕੀਤਾ ਤੇ ਯੂਨੀਅਨ ਤਿਆਰ ਕਰ ਕੇ ਅਜੈ ਘੋਸ਼ ਨੂੰ ਸੌਂਪ ਦਿੱਤੀ। ਫਿਰ ਬੰਬਈ ਜਾ ਕੇ ਮਜ਼ਦੂਰਾਂ ਵਿਚ ਕੰਮ ਕੀਤਾ। ਫਿਰ ਪੰਜਾਬ ਪਰਤ ਕੇ ਗੁਪਤਵਾਸ,

ਗ੍ਰਿਫ਼ਤਾਰੀਆਂ, ਜੇਲ੍ਹ-ਯਾਤਰਾਵਾਂ, ਨਜ਼ਰਬੰਦੀਆਂ ਅਤੇ ਸਰਕਾਰੀ ਤਸ਼ੱਦਦ ਦਾ ਇਕ ਲੰਮਾਂ ਸਿਲਸਿਲਾ ਚੱਲਿਆ। ਕਦੀ ਲਾਇਲਪੁਰ, ਕਦੀ ਲਾਹੌਰ, ਕਦੀ ਕੈਂਬਲਪੁਰ, ਕਦੀ ਲੁਧਿਆਣੇ ਅਤੇ ਕਦੀ ਯੋਲ੍ਹ ਕੈਂਪ ਦੀਆਂ ਜੇਲ੍ਹਾਂ ਉਸਦਾ ਘਰ ਬਣਦੀਆਂ ਰਹੀਆਂ।

ਦੇਸ਼ ਆਜ਼ਾਦ ਹੋਣ ਪਿੱਛੋਂ ਵੀ ਬਿਲਗਾ ਨੇ ਗ਼ਦਰੀ ਸ਼ਹੀਦਾਂ ਦੇ ਸੁਪਨਿਆਂ ਦਾ ਰਾਜ ਤੇ ਸਮਾਜ ਸਿਰਜਣ ਲਈ ਹਰ ਸਾਹ ਨਾਲ ਸੋਚਣਾ, ਪਰਚਾਰ ਕਰਨਾ ਤੇ ਸੰਘਰਸ਼ ਕਰਨਾ ਜਾਰੀ ਰੱਖਿਆ। ਦੇਸ਼ ਭਗਤ ਯਾਦਗਾਰ ਕੰਪਲੈਕਸ ਦੀ ਉਸਾਰੀ ਵਿਚ ਉਸਨੇ ਮੁਢਲਿਆਂ ਵਿਚ ਆਪਣੇ ਪੁਰਾਣੇ ਸਾਥੀਆਂ ਨਾਲ ਮਿਲ ਕੇ ਅਤੇ ਪਿਛਲੀ ਉਮਰੇ ਨਵੀਂ ਇਨਕਲਾਬੀ ਪੀੜ੍ਹੀ ਨੂੰ ਆਪਣੇ ਸੰਗ-ਸਾਥ ਲੈ ਕੇ ਆਗੂ ਵਾਲਾ ਰੋਲ ਨਿਭਾਇਆ। ਅੱਜ ਜੇ ਜਲੰਧਰ ਦਾ ਦੇਸ਼ ਭਗਤ ਯਾਦਗਾਰ ਹਾਲ ਸੰਸਾਰ ਭਰ ਦੇ ਪੰਜਾਬੀਆਂ ਅਤੇ ਭਾਰਤੀਆਂ ਲਈ ਇਨਕਲਾਬੀ ਇਤਿਹਾਸ ਦੇ ਪ੍ਰਤੀਕ ਵਜੋਂ ਸਥਾਪਤ ਹੋ ਸਕਿਆ ਹੈ ਤਾਂ ਇਸ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਉਸਦੇ ਮੁਢਲੇ ਆਗੂਆਂ ਸਹਿਤ ਭਗਤ ਸਿੰਘ ਬਿਲਗਾ ਦਾ ਯੋਗਦਾਨ ਬਹੁਤ ਗਿਣਨਯੋਗ ਹੈ। ਗ਼ਦਰੀ ਦੇਸ਼ ਭਗਤਾਂ ਦੀ ਯਾਦਗਾਰ ਬਨਾਉਣ ਲਈ ਸੋਚ-ਵਿਚਾਰ ਕਰਨ ਤੇ ਸਭ ਦੇਸ਼ ਭਗਤ ਤਾਕਤਾਂ ਦੀ ਸਲਾਹ ਨਾਲ ਇਸਦਾ ਖ਼ਾਕਾ ਤਿਆਰ ਕਰਨ ਲਈ ਇਕ ਬੋਰਡ ਦੀ ਸਥਾਪਨਾ ਕਰਨ ਵਾਸਤੇ ਬਾਬਾ ਵਿਸਾਖਾ ਸਿੰਘ ਦੀ ਪ੍ਰਧਾਨਗੀ ਵਿਚ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਇਕੱਠ 2 ਜੂਨ 1938 ਨੂੰ ਅੰਮ੍ਰਿਤਸਰ ਵਿਚ ਹੋਇਆ। ਬਾਬਾ ਵਿਸਾਖਾ ਸਿੰਘ ਨੂੰ ਇਸ ਬੋਰਡ ਦਾ ਪ੍ਰਧਾਨ ਤੇ ਬਾਬਾ ਭਗਤ ਸਿੰਘ ਬਿਲਗਾ ਨੂੰ ਸਕੱਤਰ ਬਣਾਇਆ ਗਿਆ। ਜਦ ਕਿ ਹੋਰ ਮੈਂਬਰਾਂ ਵਿਚ ਬਾਬਾ ਸੋਹਨ ਸਿੰਘ ਭਕਨਾ, ਸੰਤਾ ਸਿੰਘ ਗੰਡੀਵਿੰਡ, ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕਨੇਡੀਅਨ, ਬਾਬਾ ਭਗਵਾਨ ਸਿੰਘ ਦੁਸਾਂਝ, ਬਾਬਾ ਕੇਸਰ ਸਿੰਘ ਠਠਗੜ੍ਹ, ਬਾਬਾ ਰੂੜ ਸਿੰਘ ਜਿਹੇ ਮਹਾਨ ਦੇਸ਼ ਭਗਤ ਸ਼ਾਮਲ ਸਨ। ਜ਼ਾਹਿਰ ਹੈ; ਬਾਬਾ ਬਿਲਗਾ ਦੇਸ਼ ਭਗਤ ਯਾਦਗਾਰ ਦੇ ਨਿੰਮਣ, ਜੰਮਣ ਤੇ ਜਵਾਨ ਹੋਣ ਦੇ ਹਰੇਕ ਦੌਰ ਨਾਲ ਬਕਾਇਦਗੀ ਤੇ ਪੂਰੀ ਸਮਰਪਣ ਭਾਵਨਾ ਨਾਲ ਜੁੜਿਆ ਹੀ ਨਹੀਂ ਰਿਹਾ ਸਗੋਂ ਆਗੂ ਦਾ ਰੋਲ ਵੀ ਅਦਾ ਕਰਦਾ ਰਿਹਾ। ਉਹ ਤਿੰਨ ਦਹਾਕੇ ਤੋਂ ਵੱਧ ਸਮਾਂ, ਪਹਿਲਾਂ ਕਮੇਟੀ ਦੇ ਜਨਰਲ ਸਕੱਤਰ ਵਜੋਂ ਤੇ ਫੇਰ ਪ੍ਰਧਾਨ ਵਜੋਂ ਕਾਰਜਸ਼ੀਲ ਰਿਹਾ। ਉਹ ਵਿਦੇਸ਼ਾਂ ਵਿਚ ਜਾ ਕੇ ਪਰਵਾਸੀ ਭਰਾਵਾਂ ਤੋਂ ਦੇਸ਼ ਭਗਤ ਹਾਲ ਅਤੇ ਅਦਾਰੇ ਨੂੰ ਪੱਕੇ ਪੈਰੀਂ ਖੜਾ ਕਰਨ ਲਈ ਝੋਲੀ ਅੱਡ ਕੇ ਪੈਸੇ ਇਕੱਠੇ ਕਰਦਾ ਰਿਹਾ। ਦੇਸ਼ ਭਗਤ ਯਾਦਗਾਰ ਹਾਲ, ਵਿਸ਼ੇਸ਼ ਤੌਰ 'ਤੇ ਉਪਰਲਾ ਹਾਲ, ਬਣਾਉਣ ਲਈ ਬਾਬਾ ਬਿਲਗਾ ਦੀ ਇਤਿਹਾਸਕ ਦੇਣ ਨੂੰ ਕਾਮਰੇਡ ਸੋਹਨ ਸਿੰਘ ਜੋਸ਼ ਇਹਨਾਂ ਸ਼ਬਦਾਂ ਵਿਚ ਯਾਦ ਕਰਦਾ ਹੈ, "ਇਹ ਸਭ ਸਾਡੇ ਅਣਥੱਕ ਜਨਰਲ ਸਕੱਤਰ ਸਾਥੀ ਭਗਤ ਸਿੰਘ ਬਿਲਗਾ ਦੀ ਮਿਹਨਤ ਦਾ ਨਤੀਜਾ ਹੈ। ਇਹ ਹਾਲ ਸ਼ਾਇਦ ਕਦੇ ਵੀ ਸਿਰੇ ਨਾ ਚੜ੍ਹਦਾ ਜੇ ਸਾਥੀ ਭਗਤ ਸਿੰਘ ਬਿਲਗਾ ਦੀ ਪਰੇਰਨਾ ਨਾਲ ਸਾਡੇ ਇੰਗਲੈਂਡ ਵਿਚ ਵਸਦੇ ਪੰਜਾਬੀ ਵੀਰ ਇਸ ਦੇ ਸਿਰੇ ਚੜ੍ਹਾਨ ਦਾ ਬੀੜਾ ਨਾ ਚੁਕਦੇ।"

ਆਪਣੇ ਕਰਮਾਂ ਨਾਲ ਹੀ ਨਹੀਂ ਆਪਣੀ ਕਲਮ ਨਾਲ ਵੀ ਬਾਬੇ ਬਿਲਗੇ ਨੇ ਵੱਡਾ ਕੰਮ ਕੀਤਾ। ਉਸਨੇ ਜੌਹਰੀ ਦੀ ਅੱਖ ਨਾਲ ਇਨਕਲਾਬੀ ਇਤਿਹਾਸ ਦੇ ਧੂੜ ਵਿਚ ਰੁਲ ਗਏ ਹੀਰਿਆਂ ਨੂੰ ਲੱਭਣ ਤੇ ਉਹਨਾਂ ਨੂੰ ਇਤਿਹਾਸ ਦੇ ਚੌਖਟੇ ਵਿਚ ਲਿਆਉਣ ਲਈ ਯਤਨ ਵੀ

ਕੀਤਾ। ਜਦੋਂ ਉਹ ਬ੍ਰਿਟਿਸ਼ ਆਰਕਾਈਵਜ਼ ਵਿਚੋਂ ਦੂਜੇ ਦੌਰ ਦੀ ਗ਼ਦਰ ਡਾਇਰੈਕਟਰੀ ਦੀ ਨਕਲ ਲੈ ਕੇ ਆਇਆ ਤਾਂ ਉਸਦੇ ਚਿਹਰੇ ਦਾ ਜਲੌਅ ਤੇ ਖ਼ੁਸ਼ੀ ਵੇਖਣ ਵਾਲੀ ਸੀ। ਇਸ ਡਾਇਰੈਕਟਰੀ ਵਿਚ ਦੂਜੇ ਦੌਰ ਦੇ ਗ਼ਦਰੀ ਇਨਕਲਾਬੀਆਂ ਦੀਆਂ ਸਰਗਰਮੀਆਂ ਦਾ ਅੰਗਰੇਜ਼ ਸਰਕਾਰ ਵੱਲੋਂ ਲਿਖਿਆ ਤਰਤੀਬਵਾਰ ਖ਼ੁਫ਼ੀਆ ਰੀਕਾਰਡ ਸੀ। ਬਾਬਾ ਬਿਲਗਾ ਇਹਨਾਂ ਸਤਰਾਂ ਦੇ ਲੇਖਕ ਨੂੰ ਉਸ ਡਾਇਰੈਕਟਰੀ ਵਿਚੋਂ ਆਪਣਾ ਅੰਦਰਾਜ਼ ਕੱਢ ਕੇ ਵਿਖਾਉਣ ਲੱਗਾ। ਇਸ ਵਿਚ ਉਸਦੇ ਪਾਸਪੋਰਟ ਨੰਬਰ ਸਮੇਤ ਇੱਕ ਦੇਸ਼ ਤੋਂ ਦੂਜੇ ਦੇਸ਼ ਤੁਰਨ ਤੇ ਪਹੁੰਚਣ ਦੀਆਂ ਠੀਕ ਤਰੀਕਾਂ ਦਰਜ ਸਨ। ਉਹ ਕਹਿਣ ਲੱਗਾ, "ਸਾਡੇ ਨਾਲੋਂ ਵੱਧ ਤਾਂ ਅੰਗਰੇਜ਼ ਸਾਡੇ ਬਾਰੇ ਜਾਣਦੇ ਸਨ। ਐਵੇਂ ਤਾਂ ਨਹੀਂ ਏਨਾ ਚਿਰ ਸਾਡੇ 'ਤੇ ਰਾਜ ਕਰ ਗਏ।" ਉਸਨੂੰ ਇਸ ਡਾਇਰੈਕਟਰੀ ਵਿਚੋਂ ਉਹਨਾਂ ਸੂਰਮਿਆਂ ਦਾ ਵੇਰਵਾ ਤੇ ਨਾਂ ਲੱਭੇ ਜਿਹੜੇ ਸਮੇਂ ਦੀ ਧੂੜ ਵਿਚ ਗੁੰਮ ਗਵਾਚ ਗਏ ਸਨ।

ਬਿਲਗਾ ਗ਼ਦਰੀਆਂ ਦੀ ਉਸ ਸੋਚ ਨਾਲ ਸੰਬੰਧਤ ਸੀ ਜਿਹੜੀ ਸੋਚ ਇਸ ਸੱਚਾਈ ਨੂੰ ਪ੍ਰਵਾਨ ਕਰਦੀ ਸੀ ਕਿ ਕੋਈ ਵੀ ਇਨਕਲਾਬੀ ਲਹਿਰ ਤਦ ਹੀ ਲੋਕ ਮਨ ਦਾ ਹਿੱਸਾ ਬਣ ਸਕਦੀ ਹੈ ਜੇ ਉਸਦੀਆਂ ਜੜ੍ਹਾਂ ਆਪਣੀ ਵਿਰਾਸਤ ਵਿਚ ਹੋਣ। ਉਸਨੂੰ ਇਹ ਵੀ ਅਹਿਸਾਸ ਸੀ ਕਿ ਜੇ ਕਮਿਊਨਿਸਟ ਲਹਿਰ ਸਫ਼ਲ ਨਹੀਂ ਹੋ ਸਕੀ ਤਾਂ ਇਸ ਪਿੱਛੇ ਕਾਰਨ ਇਹੋ ਸੀ ਕਿ ਸਾਡੀ ਕਮਿਊਨਿਸਟ ਲਹਿਰ ਨੇ ਇਨਕਲਾਬੀ ਵਿਰਾਸਤ ਨਾਲੋਂ ਰਿਸ਼ਤਾ ਤੋੜ ਲਿਆ ਸੀ। ਉਸਨੇ ਮੇਰੇ ਨਾਲ ਲੰਮੀ ਗੱਲ-ਬਾਤ ਕਰਦਿਆਂ ਕਿਹਾ ਸੀ (ਇਹ ਗੱਲ-ਬਾਤ 'ਨਵਾਂ ਜ਼ਮਾਨਾ ਵਿਚ ਪ੍ਰਕਾਸ਼ਿਤ ਹੋਈ ਸੀ):

'ਜਿੰਨਾ ਚਿਰ ਤੁਸੀਂ ਕਿਸੇ ਮੂਵਮੈਂਟ ਨੂੰ ਇੱਥੋਂ ਦੀ ਵਿਰਾਸਤ ਅਨੁਸਾਰ ਨਹੀਂ ਢਾਲ ਲੈਂਦੇ, ਜਾਂ ਮੈਂ ਇਹ ਕਹਾਂ ਕਿ ਅਸੀਂ ਬਾਹਰਲੀਆਂ ਮਿਸਾਲਾਂ ਦੇ ਕੇ ਫ਼ਿਲਾਸਫ਼ੀ ਨੂੰ ਪੜ੍ਹਾਵਾਂਗੇ, ਤਾਂ ਕਾਮਯਾਬ ਨਹੀਂ ਹੋ ਸਕਦੇ। ਅਸੀਂ ਇਹੋ ਹੀ ਗ਼ਲਤੀ ਕੀਤੀ। ਸਾਡੇ ਕਾਮਰੇਡ ਭਾਰਤ ਦੀ ਹਿੰਦੂ, ਸਿੱਖ ਜਾਂ ਮੁਸਲਿਮ ਫ਼ਿਲਾਸਫ਼ੀ ਅਤੇ ਇਤਿਹਾਸ ਤੋਂ ਜਾਣੂ ਨਹੀਂ ਸਨ। ਇਸੇ ਕਰਕੇ ਲੋਕਾਂ ਨੂੰ ਨਾਲ ਨਾ ਜੋੜ ਸਕੇ। ਬਾਬਾ ਬੂਝਾ ਸਿੰਘ ਭਾਵੇਂ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ, ਪਰ ਉਹਦੇ ਸਟੱਡੀ ਸਰਕਲ ਤਕੜੇ ਤੋਂ ਤਕੜੇ ਬੰਦੇ ਸੁਣਦੇ ਅਤੇ ਅਸਰ ਕਬੂਲਦੇ ਸਨ, ਕਿਉਂਕਿ ਉਹ ਸਾਡੀ ਅਮੀਰ ਵਿਰਾਸਤ ਵਿੱਚੋਂ ਮਿਸਾਲਾਂ ਦਿਆ ਕਰਦਾ ਸੀ। ਜਵਾਨੀ ਦੇ ਦਿਨਾਂ ਵਿੱਚ ਉਹਦੇ ਘਰ ਸਾਧ-ਸੰਤ ਆਉਂਦੇ ਰਹਿੰਦੇ ਅਤੇ ਉਹ ਕਥਾ-ਵਾਰਤਾ ਸੁਣਿਆ ਕਰਦਾ ਸੀ। ਸੋ, ਆਪਣੇ ਏਸ ਪਿਛੋਕੜ ਨਾਲੋਂ ਟੁੱਟ ਜਾਣਾ ਗ਼ਲਤ ਬੈਠਾ।

ਗ਼ਦਰੀ ਭਾਵੇਂ ਕਮਿਊਨਿਸਟਾਂ ਦੇ ਨੇੜੇ ਸਨ ਅਤੇ ਕਈ ਤਾਂ ਪਾਰਟੀ ਵਿਚ ਵੀ ਸ਼ਾਮਲ ਸਨ ਪਰ 'ਅੰਤਰਰਾਸ਼ਟਰੀਅਤਾ ਨੂੰ ਪ੍ਰਣਾਏ ਕਮਿਊਨਿਸਟਾਂ ਦਾ ਰਵੱਈਆ, ਸਥਾਨਕਤਾ ਤੇ ਅੰਤਰਰਾਸ਼ਟਰੀਅਤਾ ਵਿਚ ਸੁਮੇਲ ਬਣਾਈ ਰੱਖਣ ਵਾਲੇ ਗ਼ਦਰੀਆਂ ਪ੍ਰਤੀ ਵੱਖਰਾ ਹੀ ਸੀ। ਇਸ ਬਾਰੇ ਬਾਬਾ ਬਿਲਗਾ ਦਾ ਆਖਣਾ ਸੀ ਕਿ ਕਮਿਊਨਿਸਟ ਗ਼ਦਰੀਆਂ ਨੂੰ ਐਂਟੀ ਇੰਪੀਰੀਅਲਿਸਟ ਤਾਂ ਆਖਦੇ ਸਨ, ਕਮਿਊਨਿਸਟ ਨਹੀਂ। ਉਸ ਵੇਲੇ ਕਮਿਊਨਿਸਟ ਹੋਣਾ ਇਹ ਸਮਝਿਆ ਜਾਂਦਾ ਸੀ ਕਿ ਜੋ ਯੂਨੀਵਰਸਿਟੀ ਦਾ 'ਭਾਰਾ ਪ੍ਰੋਫ਼ੈਸਰ ਹੋਵੇ, ਓਹੀ ਕਮਿਊਨਿਸਟ ਹੋ ਸਕਦਾ ਅਤੇ ਆਮ ਲੋਕਾਂ ਨੂੰ ਤਾਂ, ਉਹ ਸਮਝਦੇ, ਕਮਿਊਨਿਸਟ ਫ਼ਿਲਾਸਫ਼ੀ ਸਮਝ ਨਹੀਂ ਆ ਸਕਦੀ। ਤੇ ਪ੍ਰੋਫ਼ੈਸਰ ਨੇ ਤਾਂ ਕਾਲਜ ਛੱਡ ਕੇ ਲੋਕਾਂ 'ਚ ਨਹੀਂ ਸੀ ਜਾਣਾ।

ਬਾਬਾ ਬਿਲਗਾ ਦੀ ਇਕ ਹੋਰ ਵਿਸ਼ੇਸ਼ਤਾ ਸੀ ਜਿੱਥੇ ਵੀ ਉਹਨਾਂ ਨੂੰ ਲੱਗਦਾ ਸੀ ਕਿ ਪਾਰਟੀ ਗ਼ਲਤ ਹੈ ਉਹ ਨਿਕਲਣ ਵਾਲੇ ਨਤੀਜੇ ਤੋਂ ਬੇਪ੍ਰਵਾਹ ਹੋ ਕੇ ਆਪਣੀ ਗੱਲ ਡਟ ਕੇ ਆਖਦਾ ਸੀ। ਬਾਬਾ ਆਖਦਾ ਸੀ, "ਮੈਂ 'ਯੈੱਸ ਮੈਨ ਨਹੀਂ ਰਿਹਾ ਕਦੇ ਵੀ।"

ਉਹਨਾਂ ਵੇਲਿਆਂ ਦੀ ਗੱਲ ਕਰਦਿਆਂ ਬਾਬੇ ਬਿਲਗੇ ਨੇ ਦੱਸਿਆ ਸੀ ਕਿ ਉਹਦੀ ਇੱਛਾ ਸੀ, 'ਸਾਡਾ ਕਮਿਊਨਿਸਟਾਂ ਦਾ ਸਾਮਰਾਜ ਵਿਰੋਧੀ ਤਾਕਤਾਂ ਨਾਲ ਏਕਾ ਚਾਹੀਦਾ। ਪਰ ਸਾਡੀ ਪਾਰਟੀ ਉਦੋਂ ਜੰਗ ਦੀ ਹਮਾਇਤ ਕਰਦੀ ਸੀ। ਇੱਕ ਵਾਰ ਇੱਕ ਫ਼ੌਜੀ ਫ਼ੌਜ ਛੱਡ ਕੇ ਪਾਰਟੀ ਦਫ਼ਤਰ ਆ ਗਿਆ ਅਤੇ ਕਹਿਣ ਲੱਗਾ ਕਿ ਦੱਸੋ ਮੈਨੂੰ ਕੀ ਹੁਕਮ ਹੈ? ਤਾਂ ਇਕਬਾਲ ਤੇ ਜੋਸ਼, ਜੋ ਉਦੋਂ ਦਫਤਰ ਵਿੱਚ ਸਨ, ਉਹਨਾਂ ਉਸ ਨੂੰ ਓਥੋਂ ਦੌੜ ਜਾਣ ਲਈ ਕਿਹਾ। ਇਕਬਾਲ ਉਸਨੂੰ ਕਹਿਣ ਲੱਗਾ, "ਤੂੰ ਇੱਥੋਂ ਇਕਦਮ ਨਿਕਲ ਜਾਹ। ਖ਼ਬਰਦਾਰ ਮੁੜ ਕੇ ਇੱਥੇ ਆਇਆ ਤਾਂ" ਸੋ ਸਾਡਾ ਇਹ ਰਵੱਈਆ ਸੀ। ਮੈਂ ਤਾਂ ਹੁਣ ਤੱਕ ਕਹਿੰਦਾਂ ਕਿ ਇਨਕਲਾਬ ਲਈ ਫ਼ੌਜ ਅਤੇ ਪੁਲਿਸ ਵਿੱਚ ਕੰਮ ਕਰਨਾ ਚਾਹੀਦੈ।

ਬਾਬੇ ਬਿਲਗੇ ਦਾ ਸਟੈਂਡ ਸੀ, 'ਜਰਮਨ ਅਤੇ ਜਾਪਾਨ ਨੂੰ ਹਿੰਦੁਸਤਾਨ ਵਿਚ ਨਹੀਂ ਵੜਨ ਦੇਣ ਚਾਹੀਦਾ ਪਰ ਸਾਨੂੰ ਸੋਵੀਅਤ ਨਾਲ ਵੀ ਪਿਆਰ ਸੀ। ਪਰ ਅੰਗਰੇਜ਼ ਵੀ ਇੱਥੇ ਰਹਿਣ ਨਹੀਂ ਦੇਣਾ। ਇੱਕ ਵਾਰ ਇੱਕ ਜਲਸੇ ਵਿੱਚ ਬੋਲਣ ਗਏ, ਮੈਂ ਅਤੇ ਇਕਬਾਲ। ਲੋਕ ਸਾਨੂੰ ਸਰਕਾਰ ਦੇ ਏਜੰਟ ਕਹਿ ਕੇ ਰਾਹ ਵਿੱਚ ਰੋੜੇ ਮਾਰਨ। ਜਲਸੇ ਵਿੱਚ ਜਦੋਂ ਇਕਬਾਲ ਬੋਲਣ ਲੱਗਿਆ ਤਾਂ 'ਸਰਕਾਰ ਦੇ ਏਜੰਟ ਕਹਿ ਕੇ ਹੂਟਿੰਗ ਸ਼ੁਰੂ ਹੋ ਗਈ। ਜਦੋਂ ਮੈਂ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਤਾਂ ਲੋਕਾਂ ਨੇ ਬੜੀ ਖ਼ਾਮੋਸ਼ੀ ਨਾਲ ਸੁਣਿਆ, ਪਰ ਮੇਰੇ ਉਸ ਭਾਸ਼ਣ ਤੇ ਮੈਨੂੰ ਵਾਰਨਿੰਗ ਮਿਲ ਗਈ। ਫ਼ਿਰ ਇਹ ਵੀ ਕਿਹਾ ਗਿਆ ਕਿ ਸਰਕਾਰ ਨੂੰ ਤੇਰਾ ਇਹ ਰਵੱਈਆ ਪਸੰਦ ਨਹੀਂ। ਮੈਂ ਕਿਹਾ ਕਿ ਸਰਕਾਰ ਨੂੰ ਖ਼ੁਸ਼ ਕਰਨ ਲਈ ਤਾਂ ਮੈਂ ਆਪਣੀ ਸੋਚ ਨਹੀਂ ਬਦਲ ਸਕਦਾ। ਜੰਡਿਆਲਾ ਕਾਨਫ਼ਰੰਸ ਤੋਂ ਪਹਿਲਾਂ ਮੈਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਰਕਾਰ ਦੇ ਖ਼ਿਲਾਫ਼ ਬੋਲਣ ਦਾ ਦੋਸ਼ ਲਾ ਕੇ ਸਾਲ ਲਈ ਬੰਦ ਕਰ ਦਿੱਤਾ ਗਿਆ। ਮੈਂ ਪਾਕਿਸਤਾਨ ਦੇ ਮਸਲੇ 'ਤੇ ਵੀ ਪਾਰਟੀ ਨਾਲ ਸਹਿਮਤ ਨਹੀਂ ਸਾਂ। ਇੰਜ ਪਾਰਟੀ 'ਚ ਬਹੁਤੇ ਲੋਕ ਮੇਰੇ ਵਿਰੁੱਧ ਕਰ ਦਿੱਤੇ ਗਏ ਸਨ। ਮੈਂ ਪ੍ਰੋਵਿੰਸ਼ਲ ਕਮੇਟੀ ਦਾ ਮੈਂਬਰ ਰਹਿ ਚੁੱਕਾ ਸਾਂ। ਪਰ ਮੇਰੇ ਨਾਲ ਟਾਵੇਂ-ਟਾਵੇਂ ਬੰਦੇ ਹੀ ਬੋਲਦੇ ਸਨ। ਮੇਰੇ ਖ਼ਿਲਾਫ਼ ਨਫ਼ਰਤ ਸੀ ਇੱਕ ਤਰ੍ਹਾਂ ਦੀ। ਇਲੈਕਸ਼ਨ ਵਿੱਚ ਫਿਰ ਅਸੀਂ ਹਾਰ ਗਏ। ਡਾਕਟਰ ਅਧਿਕਾਰੀ ਲਾਹੌਰ ਆਏ। ਉਹਨਾਂ ਜਨਰਲ ਮੀਟਿੰਗ ਕੀਤੀ। ਉਸ ਕਿਹਾ ਕਿ ਤੁਸੀਂ ਪਾਰਟੀ ਪ੍ਰੋਗਰਾਮ ਲੋਕਾਂ ਤੱਕ ਨਾ ਪੁਚਾ ਸਕਣ ਕਰਕੇ ਹਾਰੇ ਹੋ। ਮੈਂ ਅਤੇ ਕਰਮ ਸਿੰਘ ਮਾਨ ਨੇ ਲਿਖ ਕੇ ਦਿੱਤਾ ਕਿ ਸਾਡਾ ਪ੍ਰੋਗਰਾਮ ਹੀ ਠੀਕ ਨਹੀਂ ਸੀ, ਲੋਕਾਂ ਨਾਲ ਕੀ ਜੁੜਨਾ ਸੀ। ਮੀਟਿੰਗ ਤੋਂ ਪਿੱਛੋਂ ਉਸਨੇ ਸਾਨੂੰ ਬੁਲਾ ਕੇ ਪੁੱਛਿਆ ਕਿ ਤੁਸੀਂ 'ਡਿਫ਼ਰ ਕਰਦੇ ਹੋ? ਅਸੀਂ 'ਹਾਂ ਕਿਹਾ। ਉਸ ਸਾਨੂੰ ਮੈਂਡੇਟ ਦਿੱਤਾ। ਮੈਨੂੰ ਹਦਾਇਤ ਦਿੱਤੀ ਕਿ ਤੂੰ ਪਿੰਡ ਜਾ ਕੇ ਖੇਤੀ ਕਰ, ਕੋਈ ਹੋਰ ਗੱਲ ਨਹੀਂ ਕਰਨੀ। ਮਾਨ ਨੂੰ ਵਕਾਲਤ ਕਰਨ ਲਈ ਕਿਚਲੂ ਨਾਲ ਭੇਜ ਦਿੱਤਾ। ਇੱਕ ਹੋਰ ਸਮੇਂ ਜਦੋਂ ਮੈਂ ਡਾ: ਅਧਿਕਾਰੀ ਨੂੰ ਪਾਕਿਸਤਾਨ ਦੇ ਹੱਕ ਵਿੱਚ ਬੋਲਦਿਆਂ ਉੱਠ ਕੇ ਟੋਕ ਦਿੱਤਾ ਤਾਂ ਉਸ ਕਿਹਾ ਕਿ ਪਾਕਿਸਤਾਨ ਦਾ ਲਫ਼ਜ਼ ਤੇਰੇ ਗਲੇ ਤੋਂ ਹੇਠਾਂ ਨਹੀਂ ਉੱਤਰਦਾ ਲੱਗਦਾ। ਮੈਂ ਕਿਹਾ, "ਹਾਂ, ਮੇਰਾ ਗਲਾ ਲੋਕਾਂ ਦਾ ਗਲਾ ਹੈ। ਇਹ ਲੋਕਾਂ ਦੇ ਗਲੇ 'ਚੋਂ ਵੀ ਨਹੀਂ ਉੱਤਰਦਾ।"

ਉਸ ਵੇਲੇ ਜਗਜੀਤ ਸਿੰਘ ਆਨੰਦ ਨੇ ਉੱਠ ਕੇ ਇਹ ਵੀ ਆਖਿਆ ਕਿ , "ਜੇ ਗੱਲ ਸਮਝ ਨਹੀਂ ਆਉਂਦੀ ਤਾਂ ਬੈਠ ਜਾਓ, ਸਾਨੂੰ ਸੁਣਨ ਦਿਓ" ਉਦੋਂ ਪਿੱਛੋਂ ਮੈਨੂੰ ਪਾਰਟੀ ਤੋਂ ਫ਼ਾਰਗ ਕਰ ਦਿੱਤਾ। ਪਿੱਛੋਂ ਪਾਕਿਸਤਾਨ ਵਾਲਾ ਅਤੇ ਪੀਪਲ ਵਾਰ ਦਾ ਸਿੱਧਾਂਤ, ਦੋਵੇਂ ਹੀ ਵਾਪਸ ਲੈ ਲਏ। ਚਾਹੀਦਾ ਤਾਂ ਇਹ ਸੀ ਕਿ ਉਦੋਂ ਸਾਨੂੰ ਬੁਲਾਉਂਦੇ ਵਾਪਸ।"

ਕਮਿਊਨਿਸਟ ਪਾਰਟੀ ਵੱਲੋਂ ਏਨੀ ਬਦਸਲੂਕੀ ਕੀਤੇ ਜਾਣ ਦੇ ਬਾਵਜੂਦ ਉਹ ਇਹ ਗੱਲ ਦਾਅਵੇ ਨਾਲ ਕਹਿੰਦਾ ਸੀ, "ਪਰ ਮੈਂ ਕਮਿਊਨਿਸਟ ਹਾਂ। ਮੈਂ ਨਕਸਲਾਈਟਾਂ ਸਮੇਤ ਸਾਰਿਆਂ ਦਾ ਹਮਦਰਦ ਹਾਂ। ਇਹਨਾਂ ਦੀ ਚੜ੍ਹਦੀ ਕਲਾ ਦਾ ਇਛੁੱਕ ਹਾਂ। ਏਥੇ ਹਾਲ ਵਿੱਚ ਵੀ ਮੈਂ ਇਹਨਾਂ ਦੀ ਆਮਦ 'ਤੇ ਕੰਮਾਂ ਦਾ ਸਵਾਗਤ ਕਰਦਾ ਹਾਂ।"

ਬਾਬਾ ਬਿਲਗਾ ਦੀ ਅਗਵਾਈ ਵਿਚ ਦੇਸ਼ ਭਗਤ ਯਾਦਗ਼ਾਰ ਹਾਲ ਇਕ ਖੋਜ-ਕੇਂਦਰ ਵਜੋਂ ਵਿਕਸਿਤ ਹੋਇਆ। ਇਸ ਦੀ ਲਾਇਬ੍ਰੇਰੀ ਵਿਚ ਵੀਹ ਹਜ਼ਾਰ ਦੇ ਲਗਭਗ ਪੁਸਤਕਾਂ, ਖਰੜਿਆਂ ਤੇ ਪੁਰਾਣੀਆਂ ਦਸਤਾਵੇਜ਼ਾਂ ਦਾ ਭੰਡਾਰ ਹੈ, ਜਿਥੋਂ ਨਵੇਂ ਖੋਜੀ ਸਹਾਇਤਾ ਲੈ ਕੇ ਇਤਿਹਾਸ ਦੀ ਖੋਜ ਵਿਚ ਜੁੱਟੇ ਹੋਏ ਹਨ। ਜਦੋਂ ਪੰਜਾਬ ਵਿਚ ਕਾਲੇ ਦਿਨਾਂ ਵਿਚ ਸਰਕਾਰੀ ਰੰਗ ਭਰਨ ਲਈ ਲੱਚਰ ਗਾਇਕੀ ਦੇ ਮੇਲਿਆਂ ਦਾ ਆਯੋਜਨ ਹੋਣਾ ਸ਼ੁਰੂ ਹੋਇਆ ਤਾਂ ਬਾਬਾ ਬਿਲਗਾ ਦੀ ਅਗਵਾਈ ਵਿਚ ਹਰ ਸਾਲ ਨਵੰਬਰ ਦੀ ਪਹਿਲੀ ਤਰੀਕ ਨੂੰ ਬਦਲਵੇਂ ਸਭਿਆਚਾਰ ਨੂੰ ਮੰਚ 'ਤੇ ਲਿਆਉਣ ਤੇ ਭਟਕਦੀ ਜਾਂਦੀ ਜਵਾਨੀ ਨੂੰ ਰਾਹੇ ਪਾਉਣ ਲਈ 'ਮੇਲਾ ਗ਼ਦਰੀ ਬਾਬਿਆਂ ਦਾ ਸ਼ੁਰੂ ਕੀਤਾ ਗਿਆ। ਇਹ ਮੇਲਾ ਪੰਜਾਬ ਦੀ ਧੜਕਦੀ ਇਨਕਲਾਬੀ ਆਤਮਾ ਦਾ ਚਿੰਨ੍ਹ ਹੋ ਨਿੱਬੜਿਆ ਹੈ ਅਤੇ ਹਰ ਸਾਲ ਜਿੱਥੇ ਇਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਾਮਲ ਹੁੰਦੇ ਹਨ ਅਤੇ ਇਨਕਲਾਬੀ ਇਤਿਹਾਸ ਤੋਂ ਪ੍ਰੀਚਿਤ ਹੁੰਦੇ ਹਨ ਓਥੇ ਇਸ ਮੇਲੇ ਨੇ ਗਾਇਨ ਅਤੇ ਨਾਟਕ ਕਲਾ ਦੇ ਖੇਤਰ ਵਿਚ ਮੰਚ ਮੁਹੱਈਆ ਕਰਵਾ ਕੇ ਇਕ ਨਵੀਂ ਦਿਸ਼ਾ ਦਿੱਤੀ ਹੈ। ਪੰਜਾਬ ਦਾ ਇਹ ਇੱਕੋ ਇਕ ਮੇਲਾ ਹੈ ਜਿੱਥੇ ਲੋਕ ਹਰ ਸਾਲ ਲੱਖਾਂ ਰੁਪਈਆਂ ਦੀਆਂ ਪੁਸਤਕਾਂ ਖ਼ਰੀਦ ਕੇ ਲਿਜਾਂਦੇ ਹਨ ਅਤੇ ਆਪਣੇ ਸਾਹਿਤ ਤੇ ਇਤਿਹਾਸ ਨਾਲ ਜੁੜਦੇ ਹਨ। ਇੰਝ ਹੀ ਹਰ ਸਾਲ ਨੌਜਵਾਨ ਵਿਦਿਆਰਥੀਆਂ ਨੂੰ ਜੀਵਨ ਦੀ ਚੰਗੀ ਸੋਚ ਨਾਲ ਜੋੜਨ ਲਈ ਬਾਬਾ ਬਿਲਗਾ ਦੀ ਅਗਵਾਈ ਵਿਚ ਹਰ ਸਾਲ 'ਵਿਦਿਆਰਥੀ ਚੇਤਨਾ ਕੈਂਪ ਲਾਉਣ ਦੀ ਸ਼ੁਰੂਆਤ ਕੀਤੀ ਗਈ। ਇਹ ਬਾਬਾ ਬਿਲਗਾ ਹੀ ਸੀ ਜਿਸ ਦੀ ਪਹਿਲਕਦਮੀ ਅਤੇ ਸੁਹਿਰਦ ਯਤਨਾਂ ਨਾਲ ਪੰਜਾਬ ਦੀਆਂ ਖੱਬੇ-ਪੱਖੀ ਤਾਕਤਾਂ ਨੂੰ ਸਿਰ ਜੋੜ ਕੇ ਨੇੜੇ ਲਿਆਉਣ ਅਤੇ ਸੰਵਾਦ ਰਚਾਉਣ ਲਈ ਮੰਚ ਮੁਹੱਈਆ ਕੀਤਾ ਜਾਂਦਾ ਰਿਹਾ। ਬਾਬਾ ਬਿਲਗਾ ਦੀ ਅਗਵਾਈ ਵਿਚ ਹੀ ਦੇਸ਼ ਭਗਤ ਯਾਦਗ਼ਾਰ ਕਮੇਟੀ ਵੱਲੋਂ ਕਾਮਾਗਾਟਾ ਮਾਰੂ ਦੀ ਘਟਨਾ ਤੇ ਨਾਮਧਾਰੀ ਅੰਦੋਲਨ ਨੂੰ ਸਾਡੇ ਇਤਿਹਾਸ ਦਾ ਮਾਣਯੋਗ ਹਿੱਸਾ ਮੰਨਵਾਏ ਜਾਣ ਲਈ ਕੇਂਦਰ ਸਰਕਾਰ ਤੱਕ ਦਬਾਓ ਪਾਇਆ ਤੇ ਮਨਵਾਇਆ ਗਿਆ। ਜੱਲ੍ਹਿਆਂ ਵਾਲਾ ਬਾਗ਼ ਦੀ ਇਤਿਹਾਸਕ ਦਿੱਖ ਨੂੰ ਬਚਾਈ ਤੇ ਬਣਾਈ ਰੱਖਣ ਦਾ ਸੰਘਰਸ਼ ਆਰੰਭਿਆ ਗਿਆ।

ਬਾਬਾ ਬਿਲਗਾ ਦਾ ਮੱਤ ਸੀ ਕਿ ਦੇਸ਼ਭਗਤ ਯਾਦਗਾਰ ਕਮੇਟੀ ਤਮਾਸ਼ਾਈ ਨਹੀਂ। ਦੇਸ਼ ਵਿੱਚ ਜੋ ਕੁਕਰਮ ਹੋ ਰਹੇ ਨੇ, ਉਹਨਾਂ ਬਾਰੇ ਲੋਕਾਂ ਨੂੰ ਸੁਚੇਤ ਕਰਨਾ ਕਮੇਟੀ ਦਾ ਫ਼ਰਜ਼ ਹੈ। ਉਸਨੇ ਆਖਿਆ ਸੀ, "ਅਸੀਂ ਦੇਸ਼ਭਗਤ ਸ਼ਕਤੀਆਂ ਨੂੰ ਸੁਚੇਤ ਕਰਾਂਗੇ। ਖੱਬੇ-ਪੱਖੀ ਲਹਿਰ ਨੂੰ ਸੁਚੇਤ

ਕਰਾਂਗੇ। ਗ਼ਦਰ ਪਾਰਟੀ ਦੀ ਦੇਣ ਬਾਰੇ ਲੋਕਾਂ ਨੂੰ ਦੱਸਾਂਗੇ। ਸਾਰਾ ਮੈਟਰ ਇਸ ਇਤਿਹਾਸ ਨਾਲ ਸੰਬੰਧਿਤ ਖੋਜੀਆਂ ਨੂੰ ਦਿਆਂਗੇ। 'ਵਿਰਸਾ ਕੱਢਣ ਦਾ ਮਕਸਦ ਵੀ ਇਹੋ ਹੈ ਕਿ ਆਪਣਾ ਖ਼ਜ਼ਾਨਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੰਡੀਏ। ਪਰ ਅਜੇ ਅਸੀਂ ਦੇਸ਼-ਬਦੇਸ਼ ਤੱਕ ਆਪਣੀ ਦੇਣ ਨੂੰ ਵੱਡੇ ਪੱਧਰ 'ਤੇ ਪੁਚਾ ਨਹੀਂ ਸਕੇ। ਇਸ ਲਈ ਹੋਰ ਯਤਨ ਕਰਾਂਗੇ। ਮੈਂ ਬਹੁਤ ਸਾਰਾ ਮੈਟਰ ਬਾਹਰੋਂ ਲਿਆਇਆਂ। ਇਹ ਖੋਜੀਆਂ ਲਈ ਬਹੁਤ ਕੰਮ ਦੀ ਚੀਜ਼ ਹੈ। ਇਹ ਜੋ ਗ਼ਦਰ ਪਾਰਟੀ ਡਾਇਰੈਕਟਰੀ ਲਿਆਇਆਂ, ਇਹ ਅੰਗਰੇਜ਼ਾਂ ਨੇ ਹਰੇਕ ਦੇਸ਼ ਦੀ ਅੰਬੈਸੀ ਵਾਲਿਆਂ ਨੂੰ ਭੇਜੀਆਂ ਸਨ ਕਿ ਇਹ ਅੰਗਰੇਜ਼ ਹਕੂਮਤ ਦੇ ਦੁਸ਼ਮਣ ਨੇ। ਅੰਗਰੇਜ਼ ਤਾਂ ਗ਼ਦਰ ਪਾਰਟੀ ਵਾਲਿਆਂ ਬਾਰੇ ਸਾਰੇ ਸੰਸਾਰ ਨੂੰ ਸੁਚੇਤ ਕਰ ਰਿਹਾ ਸੀ, ਪਰ ਸਾਡੀਆਂ ਇਨਕਲਾਬੀ ਧਿਰਾਂ ਏਥੇ ਗ਼ਦਰ ਪਾਰਟੀ ਦੇ ਮਹੱਤਵ ਨੂੰ ਸਵੀਕਾਰਦੀਆਂ ਨਹੀਂ। ਇਹੋ ਗਿਲਾ ਮੈਨੂੰ ਕਮਿਊਨਿਸਟ ਪਾਰਟੀਆਂ 'ਤੇ ਵੀ ਹੈ। ਉਹ ਸਾਡਾ ਜ਼ਿਕਰ ਕਰਦਿਆਂ ਸ਼ਰਮਾਉਂਦੇ ਨੇ। ਮੰਨਿਆ, ਅਸੀਂ 'ਗ਼ਦਰਾਈਟ ਕਮਿਊਨਿਸਟ ਹੀ ਸਹੀ, ਵੱਖਰਾ ਹੀ ਕਰ ਲਵੋ। ਪਰ ਸਾਡੀ ਦੇਣ ਹੈ ਫ਼ਿਰ ਵੀ। ਸਾਨੂੰ ਤਾਂ ਇਹ ਕਿਹਾ ਕਰਦੇ ਸਨ ਕਿ ਬਾਬੇ ਤਾਂ ਕਦੇ ਕਮਿਊਨਿਸਟ ਹੋ ਹੀ ਨਹੀਂ ਸਕਦੇ। ਅਸਲ ਵਿੱਚ ਸਾਡੇ ਕਮਿਊਨਿਸਟਾਂ ਦਾ ਜ਼ੋਰ ਵਧੇਰੇ ਲਿਖ਼ਤਾਂ ਤੇ ਰਿਹਾ, ਕਿਰਦਾਰ ਤੇ ਨਹੀਂ। ਪੰਜਾਬ ਦੇ ਇਨਕਲਾਬੀਆਂ ਨੇ ਲਿਖਣ ਤੋਂ ਭਾਵੇਂ ਸੰਕੋਚ ਕੀਤਾ, ਪਰ ਇਹ ਘਾਟਾ ਵੀ ਭਾਈ ਸੰਤੋਖ ਸਿੰਘ ਵਰਗਿਆਂ ਨੇ ਪੂਰਾ ਕੀਤਾ।"

ਇਸ 'ਘਾਟੇ ਨੂੰ ਪੂਰਾ ਕਰਨ ਵਾਸਤੇ ਬਾਬਾ ਖ਼ੁਦ ਇਤਿਹਾਸ ਲੇਖਣ ਦੇ ਮੈਦਾਨ ਵਿਚ ਆਇਆ। ਗ਼ਦਰੀਆਂ ਨਾਲ 'ਆਪਣਿਆਂ ਵੱਲੋਂ ਕੀਤੇ ਵਿਤਕਰੇ ਤੇ ਸਥਾਪਤ ਤਾਕਤਾਂ ਵੱਲੋਂ ਹਾਸ਼ੀਏ ਉੱਤੇ ਧੱਕ ਦਿੱਤੇ ਜਾਣ ਕਰ ਕੇ ਇਸ ਦੌਰ ਦੇ ਇਤਿਹਾਸ ਨੂੰ ਰੌਸ਼ਨੀ ਵਿਚ ਲਿਆਉਣ ਲਈ ਖ਼ੁਦ ਕਲਮ ਚੁੱਕ ਲਈ। ਇਸ ਇਤਿਹਾਸ ਨੂੰ ਲਿਖਣ ਦਾ ਇਕ ਮਕਸਦ ਤਾਂ ਧੂੜ ਵਿਚ ਰੁਲ ਗਏ ਉਹਨਾਂ ਹੀਰਿਆਂ ਦੇ ਕਾਰਨਾਮਿਆਂ ਨੂੰ ਜਿਊਂਦੇ ਇਤਿਹਾਸ ਦਾ ਹਿੱਸਾ ਬਨਾਉਣਾ ਸੀ ਅਤੇ ਦੂਜਾ ਮਕਸਦ ਸੀ ਇਨਕਲਾਬੀ ਇਤਿਹਾਸ ਨੂੰ ਇਕ ਨਿਰੰਤਰ ਲੜੀ ਦੇ ਰੂਪ ਵਿਚ ਪੇਸ਼ ਕਰਨਾ ਕਿਉਂਕਿ ਹੁਣ ਤੱਕ ਇਸ ਇਤਿਹਾਸ ਦਾ ਟੁਟਵੇਂ ਖੰਡਾਂ ਦੇ ਰੂਪ ਵਿਚ ਹੀ ਜ਼ਿਕਰ ਹੋਇਆ ਸੀ। ਇਸ ਉਦੇਸ਼ ਦੀ ਪੂਰਤੀ ਲਈ ਪਿਛਲੀ ਉਮਰ ਵਿਚ ਜਦੋਂ ਅੱਖਾਂ ਦੀ ਜੋਤ ਵੀ ਜਵਾਬ ਦੇਈ ਜਾਂਦੀ ਸੀ ਉਸਨੇ ਅਠਾਰਾਂ ਅਠਾਰਾਂ ਘੰਟੇ ਲਗਾਤਾਰ ਕੰਮ ਕਰਕੇ 'ਗ਼ਦਰ ਲਹਿਰ ਦੇ ਅਣਫ਼ੋਲੇ ਵਰਕੇ ਨਾਂ ਦੀ ਪੁਸਤਕ ਲਿਖੀ। ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਨਿਰੰਤਰ ਜੂਝਦੇ ਰਹਿਣ ਵਾਲਾ ਤੇ ਅੰਗਰੇਜ਼ ਹਾਕਮਾਂ ਦੇ ਜ਼ੁਲਮ ਦਾ ਸੇਕ ਆਪਣੇ ਤਨ ਮਨ ਉਤੇ ਸਹਿਣ ਵਾਲਾ ਬਾਬਾ ਭਗਤ ਸਿੰਘ ਬਿਲਗਾ ਜਿੱਥੇ ਖ਼ੁਦ ਇਸ ਰਾਂਗਲੇ ਇਨਕਲਾਬੀ ਇਤਿਹਾਸ ਦਾ ਸਿਰਜਕ ਸੀ ਉਥੇ ਉਹ ਇਸ ਇਤਿਹਾਸ ਦਾ ਚਸ਼ਮਦੀਦ ਗਵਾਹ ਵੀ ਸੀ। ਉਸਦੀ ਪ੍ਰਮਾਣਿਕ ਤੇ ਮੰਨਣ ਯੋਗ ਗਵਾਹੀ ਦਾ ਸਬੂਤ ਉਸ ਦੁਆਰਾ ਲਿਖੀ ਪੁਸਤਕ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਵਿੱਚ ਵੇਖਿਆ ਜਾ ਸਕਦਾ ਹੈ। ਇਸ ਪੁਸਤਕ ਵਿਚ ਉਸਨੇ ਆਪਣੇ ਤਨ ਮਨ 'ਤੇ ਹੰਢਾਇਆ ਇਤਿਹਾਸ ਤਾਂ ਪੇਸ਼ ਕੀਤਾ ਹੀ ਹੈ ਪਰ ਇਸਦੇ ਨਾਲ ਹੀ ਇਤਿਹਾਸ ਦੇ ਅਜਿਹੇ ਲੁਕਵੇਂ ਤੱਥ ਤੇ ਸੱਚ ਵੀ ਉਜਾਗਰ ਕੀਤੇਂ ਹਨ ਜਿਨ੍ਹਾਂ ਬਾਰੇ ਜੇ ਉਹ ਨਾ ਲਿਖਦਾ ਤਾਂ ਇਹ ਸਮੇਂ ਦੀ ਧੂੜ ਵਿਚ ਦੱਬੇ ਹੀ ਰਹਿ ਜਾਣੇ ਸਨ। 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਦਾ ਮਹੱਤਵ ਇਸ ਕਾਰਨ ਵੀ ਹੈ ਕਿ ਇਸ ਵਿਚ ਬਾਬੇ ਨੇ ਗ਼ਦਰ ਲਹਿਰ ਦੇ ਪਹਿਲੇ ਦੌਰ ਦੇ ਇਤਿਹਾਸ ਦੇ ਨਾਲ ਇਤਿਹਾਸ

ਦੇ ਉਸ ਕਾਲ-ਖੰਡ ਨੂੰ ਵੀ ਸਾਂਭ ਲਿਆ ਹੈ ਜਿਹੜਾ ਪਹਿਲੇ ਦੌਰ ਦੀ ਗ਼ਦਰ ਲਹਿਰ ਤੋਂ ਪਿਛਲੇਰਾ ਕਾਲ ਸੀ ਤੇ ਜਿਸਨੂੰ ਕਮਿਊਨਿਸਟ ਲਹਿਰ ਦੇ ਇਤਿਹਾਸ ਵਿਚ ਇਕ ਤਰ੍ਹਾਂ ਨਾਲ ਅਣਗੌਲਿਆਂ ਕਰ ਦਿੱਤਾ ਗਿਆ ਹੈ। ਇਸ ਦਾ ਜ਼ਿਕਰ, ਬਾਬਾ ਬਿਲਗਾ ਨੇ, 'ਗ਼ਦਰ ਲਹਿਰ ਦੇ ਅਣਫ਼ੋਲੇ ਵਰਕੇ ਵਿਚ 'ਕਿਤਾਬ ਤੋਂ ਪਹਿਲਾਂ ਦੇ ਸਿਰਲੇਖ ਹੇਠ ਇਸਤਰ੍ਹਾਂ ਕੀਤਾ ਹੈ, 'ਗ਼ਦਰੀ 1917 ਤੋਂ ਬਾਅਦ ਫੇਰ ਮਜ਼ਬੂਤ ਹੋਏ ਸਨ ਅਤੇ ਉਹਨਾਂ ਨੇ ਉਤਰੀ ਅਤੇ ਦੱਖਣੀ ਅਮਰੀਕਾ, ਏਸ਼ੀਆ, ਅਫ਼ਰੀਕਾ ਅਤੇ ਹੋਰ ਕਈ ਦੇਸਾਂ ਵਿਚ ਆਪਣੀਆਂ ਸ਼ਾਖ਼ਾਵਾਂ ਕਾਇਮ ਕੀਤੀਆਂ ਸਨ ਅਤੇ ਹਿੰਦੁਸਤਾਨ ਵਿਚ ਗ਼ਦਰੀਆਂ ਨੇ 'ਕਿਰਤੀ ਪਾਰਟੀ ਦੇ ਨਾਂ ਹੇਠ ਘੋਲ ਜਾਰੀ ਰੱਖਿਆ। ਇਹ ਸਭ ਅਜੇ ਤੱਕ ਗ਼ਦਰ ਲਹਿਰ ਦੇ ਅਣਫੋਲੇ ਵਰਕੇ ਹਨ, ਜਿਨ੍ਹਾਂ ਨੂੰ ਇਸ ਕਿਤਾਬ ਵਿਚ ਅੰਕਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸੋ ਇਸ ਪੁਸਤਕ ਵਿਚ ਜਿਥੇ ਦੇਸ਼ਭਗਤਾਂ ਵੱਲੋਂ ਦੂਜੇ ਮੁਲਕਾਂ ਵਿਚ ਲੜੇ ਸੰਘਰਸ਼ ਦਾ ਇਤਿਹਾਸ ਹੈ ਓਥੇ 'ਕਿਰਤੀ ਤੇ ਕਿਸਾਨ ਲਹਿਰ ਤੋਂ ਤੁਰ ਕੇ 'ਲਾਲ ਪਾਰਟੀ ਤੱਕ ਦਾ ਬਿਰਤਾਂਤ ਵੀ ਹਾਜ਼ਰ ਹੈ। ਇਸਤੋਂ ਇਲਾਵਾ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਤੋਂ ਲੈ ਕੇ 'ਦੇਸ਼ ਭਗਤ ਯਾਦਗਾਰ ਕਮੇਟੀ ਦੀ ਹੁਣ ਤੱਕ ਦੀ ਇਤਿਹਾਸਕ ਯਾਤਰਾ ਦਾ ਬਿਓਰਾ ਵੀ ਦਰਜ ਹੈ।

ਇਸਤੋਂ ਬਾਅਦ ਉਸਨੇ ਨੇ ਆਪਣੇ ਅਨੇਕਾਂ ਪ੍ਰਸ਼ੰਸਕਾਂ ਤੇ ਪਾਠਕਾਂ ਦੀ ਮੰਗ ਨੂੰ ਮੁੱਖ ਰੱਖਦਿਆਂ 'ਮੇਰਾ ਵਤਨ' ਨਾਂ ਦੀ ਇਕ ਹੋਰ ਇਤਿਹਾਸਕ ਪੁਸਤਕ ਦੀ ਸਿਰਜਣਾ ਕੀਤੀ, ਜਿਸ ਵਿੱਚ ਉਸਨੇ ਅੰਗਰੇਜ਼ਾਂ ਦੇ ਭਾਰਤ ਵਿਚ ਪ੍ਰਵੇਸ਼ ਤੋਂ ਲੈ ਕੇ ਦੇਸ਼ ਨੂੰ ਛੱਡ ਜਾਣ ਤੱਕ ਦੇ ਇਤਿਹਾਸ ਨੂੰ ਖੋਜੀ ਬਿਰਤੀ ਨਾਲ ਵਾਚਦਿਆਂ ਹੋਇਆਂ ਅਜ਼ਾਦੀ ਸੰਗਰਾਮ ਦੀਆਂ ਵਿਭਿੰਨ ਲਹਿਰਾਂ ਦੇ ਯੋਗਦਾਨ ਬਾਰੇ ਆਪਣਾ ਨੁਕਤਾ ਨਜ਼ਰ ਵੀ ਪੇਸ਼ ਕੀਤਾ ਹੈ ਤੇ ਇਕ ਜੌਹਰੀ ਦੀ ਅੱਖ ਨਾਲ ਸਮੇਂ ਦੀ ਰੇਤ ਵਿਚੋਂ ਸੁਨਹਿਰੀ ਕਿਣਕੇ ਚੁਣਕੇ ਅੱਡ ਕਰ ਦਿੱਤੇ ਹਨ ਜਿਨ੍ਹਾਂ ਦੀ ਰੋਸ਼ਨੀ ਵਿਚ ਸਾਨੂੰ ਅੰਗਰੇਜ਼ ਵਿਰੋਧੀ ਸੰਘਰਸ਼ ਦੀ ਲੰਮੀ ਇਤਿਹਾਸਕ ਲੜਾਈ ਦਾ ਨਿਵੇਕਲਾ ਦੀਦਾਰ ਹੁੰਦਾ ਹੈ।

ਉਸਤੋਂ ਬਾਅਦ 'ਮੇਰੀ ਸੋਚ ਮੇਰੀ ਸਮਝ, 'ਜੀਵਨੀ ਬਾਬਾ ਗੁਰਮੁਖ ਸਿੰਘ ਲਲਤੋਂ ਲਿਖ ਕੇ ਇਨਕਲਾਬੀ ਇਤਿਹਾਸ ਨੂੰ ਸਦੀਵੀ ਉਮਰ ਦੇਣ ਲਈ ਵੱਡਾ ਉੱਦਮ ਕੀਤਾ। ਬਾਬਾ ਬਿਲਗਾ ਦੇ ਮਰਨ ਉਪਰੰਤ ਉਨ੍ਹਾਂ ਦੇ ਪਿੰਡ ਬਿਲਗਾ ਨਾਲ ਸਬੰਧਤ ਖਰੜੇ 'ਇਤਿਹਾਸਕ ਪਿੰਡ ਬਿਲਗਾ' ਅਤੇ ਉਨ੍ਹਾਂ ਦੇ ਦੇਸ਼ ਭਗਤਾਂ ਬਾਰੇ ਲਿਖੇ ਲੇਖਾਂ ਨੂੰ 'ਮੇਰੇ ਸੰਗਰਾਮੀ ਸਾਥੀ' ਨਾਂ ਹੇਠ ਬਾਬਾ ਬਿਲਗਾ ਦੇ ਅਜ਼ੀਜ਼ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਸੰਪਾਦਤ ਕਰਕੇ ਪੁਸਤਕ ਰੂਪ ਵਿਚ ਛਪਵਾਇਆ ਹੈ। ਹੁਣ ਇਸ ਸਿਮਰਤੀ ਗ੍ਰੰਥ ਵਿਚ ਵਿਦਵਾਨਾਂ, ਬਾਬਾ ਜੀ ਦੇ ਸਾਥੀਆਂ ਤੇ ਸਨੇਹੀਆਂ ਦੀਆਂ ਉਨ੍ਹਾਂ ਨਾਲ ਸੰਬੰਧਤ ਯਾਦਾਂ ਅਤੇ ਇਤਿਹਾਸਕ ਘਟਨਾਵਾਂ ਨਾਲ ਸੰਬੰਧਤ ਰਚਨਾਵਾਂ ਪਾਠਕਾਂ ਤੇ ਜਗਿਆਸੂਆਂ ਲਈ ਪ੍ਰਸਤੁਤ ਕਰਨ ਦਾ ਮਹੱਤਵਪੂਰਨ ਫਰਜ਼ ਨਿਭਾ ਰਿਹਾ ਹੈ।

ਜਿੱਥੇ ਇਤਿਹਾਸ ਸਿਰਜਦਿਆਂ ਬਾਬਾ ਜੀ ਨੇ ਸਾਰਾ ਜੀਵਨ ਲਾ ਦਿੱਤਾ ਓਥੇ ਇਤਿਹਾਸ ਲਿਖਦਿਆਂ ਅੱਖਾਂ ਦੀ ਜੋਤ ਗਵਾ ਲਈ ਪਰ ਆਪਣੇ ਫ਼ਰਜ਼ ਨੂੰ ਜੀ-ਜਾਨ ਨਾਲ ਨਿਭਾਇਆ।

ਬਾਬਾ ਭਗਤ ਸਿੰਘ ਬਿਲਗਾ ਇਤਿਹਾਸ ਦਾ ਲੇਖਕ ਵੀ ਸੀ ਤੇ ਖ਼ੁਦ ਵੀ ਚੱਲਦਾ ਫਿਰਦਾ ਇਤਿਹਾਸ ਸੀ। ਇਨ੍ਹਾਂ ਪੁਸਤਕਾਂ ਵਿਚ ਅਸੀਂ ਬਾਬੇ ਦੀ ਸੋਚ ਤੇ ਇਤਿਹਾਸਕ ਤਰਕ ਨਾਲ ਸਫ਼ਰ ਕਰਾਂਗੇ। ਆਜ਼ਾਦੀ ਸੰਗਰਾਮ ਦੇ ਮਹਾਨ ਘੁਲਾਟੀਏ ਦੁਆਰਾ ਰਚਿਤ ਇਹ ਪੁਸਤਕਾਂ

ਇਤਿਹਾਸਕ ਖੋਜ ਤੇ ਲੱਭਤ ਦੇ ਖੇਤਰ ਵਿਚ ਇਕ ਬੜਾ ਮੁੱਲਵਾਨ ਵਾਧਾ ਹੈ। ਇਤਿਹਾਸ ਸਿਰਜਣ ਵਿਚ ਆਪਣਾ ਯੋਗਦਾਨ ਪਾਉਣ ਤੋਂ ਇਲਾਵਾ ਇਤਿਹਾਸ ਲੇਖਣ ਵਿਚ ਵੀ ਆਪਣਾ ਹਿੱਸਾ ਪਾ ਕੇ ਉਸਨੇ ਦੂਹਰੀ ਕਮਾਈ ਕੀਤੀ ਹੈ। ਉਹ ਸਾਡਾ ਬਜ਼ੁਰਗ ਸੀ, ਉਸਦੀ ਕਮਾਈ ਉੱਤੇ ਸਾਡਾ ਹੱਕ ਵੀ ਹੈ ਤੇ ਉਸ ਕਮਾਈ ਨੂੰ ਸਾਂਭਣ ਦੀ ਜ਼ਿੰਮੇਵਾਰੀ ਵੀ ਸਾਡੀ ਹੈ।

ਇਕ ਪੂਰੀ ਸਦੀ ਦੇ ਇਨਕਲਾਬੀ ਇਤਿਹਾਸ ਦਾ ਹਾਣੀ; ਸਿਰੜ, ਸੰਘਰਸ਼, ਕੁਰਬਾਨੀ ਤੇ ਸੂਰਮਗਤੀ ਦੀ ਸਾਕਾਰ ਮੂਰਤ; ਉੱਚੀਆਂ-ਸੁੱਚੀਆਂ ਕਦਰਾਂ ਵਾਲੀ ਇਨਕਲਾਬੀ ਸਿਆਸਤ ਨੂੰ ਉਮਰ ਭਰ ਸਮਰਪਤ ਰਹਿਣ ਵਾਲਾ, ਜ਼ਿੰਦਗੀ ਦੇ ਆਖ਼ਰੀ ਸਵਾਸਾਂ ਤੱਕ ਜਿਊਂਦੀ ਤੇ ਜਾਗਦੀ ਜਮੀਰ ਦਾ ਚਾਨਣ ਵੰਡਣ ਵਾਲਾ ਮਹਾਨ ਆਜ਼ਾਦੀ ਸੰਗਰਾਮੀਆਂ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦਾ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਆਉਣ ਵਾਲੀਆਂ ਨਸਲਾਂ ਲਈ ਆਪਣੀਆਂ ਪੈੜਾਂ ਦੇ ਅਮਿੱਟ ਨਿਸ਼ਾਨ ਛੱਡ ਕੇ 22 ਮਈ 2009 ਵਾਲੇ ਦਿਨ ਸਦਾ ਲਈ ਅੱਖੋਂ ਓਹਲੇ ਹੋ ਗਿਆ। ਬਾਬਾ ਆਪਣੀ ਗੜ੍ਹਕਵੀਂ ਆਵਾਜ਼ ਵਿਚ ਹਮੇਸ਼ਾ ਆਖਿਆ ਕਰਦਾ ਸੀ ਕਿ ਅਸੀਂ ਆਪਣੇ ਹਿੱਸੇ ਦੀ ਦੌੜ ਦੌੜ ਲਈ ਹੈ, ਇਸ ਲਈ ਨੌਜਵਾਨੋ! ਤੁਸੀਂ ਹੁਣ ਅੱਗੇ ਆਵੋ ਤੇ ਸਾਥੋਂ ਝੰਡਾ ਫੜ ਕੇ ਆਪਣੇ ਹਿੱਸੇ ਦੀ ਦੌੜ ਦੌੜਨ ਲਈ ਮੈਦਾਨ ਵਿਚ ਨਿੱਤਰੋ। ਉਸਦੀ ਆਵਾਜ਼ ਅੱਜ ਵੀ ਪਿੱਛੇ ਰਹਿ ਗਿਆਂ ਨੂੰ ਵੰਗਾਰ ਰਹੀ ਹੈ। ਬਾਬਾ ਬਿਲਗਾ ਇਨਕਲਾਬੀ ਧਿਰਾਂ ਲਈ ਸਦਾ ਚਾਨਣ-ਮੁਨਾਰੇ ਵਾਂਗ ਲਿਸ਼ਕਦਾ ਤੇ ਰਾਹ ਦਸੇਰਾ ਬਣਿਆਂ ਰਹੇਗਾ।

***

# ਗ਼ਦਰ ਲਹਿਰ ਦੇ ਗੌਰਵਮਈ ਇਤਿਹਾਸ ਦਾ ਜਗਮਾਉਂਦਾ ਅਧਿਆਇ: ਬਾਬਾ ਭਗਤ ਸਿੰਘ ਬਿਲਗਾ

-ਰਘਬੀਰ ਕੌਰ (ਡਾ.)

ਬਾਬਾ ਭਗਤ ਸਿੰਘ ਬਿਲਗਾ ਦਾ ਜਿਸਨੇ ਵੀ ਨਾਮ ਸੁਣਿਆ ਜਾਂ ਮਿਲਿਆ ਹੋਇਆ ਹੈ, ਉਹ ਬਾਬਾ ਜੀ ਦਾ ਜਦੋਂ ਵੀ ਨਾਮ ਚਿਤਵੇਗਾ, ਉਹਦੇ ਮਨ-ਮਸਤਕ ਵਿਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਤਸਵੀਰ ਲਿਸ਼ਕ ਉਠੇਗੀ ਤੇ ਬਾਬਾ ਬਿਲਗਾ ਦੀ ਦੇਸ਼ ਭਗਤ ਯਾਦਗਾਰ ਦੇ ਵਿਹੜੇ ਵਿਚ ਘੁੰਮਦੀ ਫਿਰਦੀ ਸਫ਼ੈਦ ਬਸਤਰਾਂ ਸਮੇਤ ਚਿੱਟੀ ਪੱਗ ਵਾਲੀ ਉੱਜਲੀ ਸ਼ਖ਼ਸੀਅਤ ਨਜ਼ਰ ਆਵੇਗੀ। ਕਦੀ ਬਾਬਾ ਬਿਲਗਾ ਦੀ ਦੇਸ਼ ਭਗਤ ਯਾਦਗਾਰ ਹਾਲ ਦੀ ਸਟੇਜ ਤੋਂ ਗ਼ਦਰੀ ਸ਼ਹੀਦਾਂ ਦੇ ਸੁਪਨਿਆਂ ਦੀ ਬਾਤ ਪਾਉਂਦੀ, ਉਹਨਾਂ ਦੀ ਅਧੂਰੀ ਰਹਿ ਗਈ ਲੜਾਈ ਨੂੰ ਅਗਾਂਹ ਲੜਨ ਲਈ ਨਵੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਦਿੰਦੀ ਗਰਜਦੀ ਆਵਾਜ਼ ਸੁਣਾਈ ਦੇਵੇਗੀ। ਕਦੀ ਬਾਬਾ ਬਿਲਗਾ ਹਾਲ ਦੇ ਬਾਹਰਲੇ ਵਿਹੜੇ ਵਿਚ ਮੌਸਮ ਅਨੁਸਾਰ ਧੁੱਪੇ-ਛਾਵੇਂ ਕੁਰਸੀ 'ਤੇ ਬੈਠਾ ਨਜ਼ਰ ਆਵੇਗਾ, ਜਿਸ ਦੁਆਲੇ ਪ੍ਰਸ਼ੰਸਕਾਂ-ਜਗਿਆਸੂਆਂ ਦੀ ਨਿੱਕੀ ਜਿਹੀ ਭੀੜ ਸਵਾਲ-ਜਵਾਬ ਕਰਦੀ ਨਜ਼ਰ ਆਵੇਗੀ। ਚੁਫ਼ੇਰੇ ਆਪਸੀ ਨਿੱਘ-ਪਿਆਰ ਤੇ ਅਦਬ-ਸਤਿਕਾਰ ਦਾ ਆਭਾ-ਮੰਡਲ ਸਿਰਜਿਤ ਹੋਇਆ ਨਜ਼ਰ ਆਵੇਗਾ। ਪੂਰੀ ਵੀਹਵੀਂ ਸਦੀ ਦੇ ਅਮਲ ਅਤੇ ਅਧਿਐਨ ਵਿਚੋਂ ਕਸ਼ੀਦ ਕੀਤੀ ਇਨਕਲਾਬੀ ਇਤਿਹਾਸਕ ਸੰਵੇਦਨਾ ਪਿਘਲ ਕੇ ਚੌਗਿਰਦੇ ਬੈਠੀਆਂ ਰੂਹਾਂ ਵਿਚ ਰਚ ਰਹੀ ਹੋਵੇਗੀ।

ਮੇਰਾ ਪਰੀਚੈ ਵੀ ਬਾਬਾ ਬਿਲਗਾ ਜੀ ਨਾਲ ਕੁਝ ਇਸੇ ਤਰ੍ਹਾਂ ਹੋਇਆ ਸੀ। ਮੇਰੇ ਪਤੀ ਕਾਮਰੇਡ ਸੁਹੇਲ ਸਿੰਘ ਅਕਸਰ ਦੇਸ਼ ਭਗਤ ਯਾਦਗਾਰ ਹਾਲ ਜਾਂਦੇ ਰਹਿੰਦੇ ਸਨ। ਪੱਕਾ ਚੇਤਾ ਤਾਂ ਨਹੀਂ, ਕਈ ਦਹਾਕੇ ਪਹਿਲਾਂ ਦੀ ਗੱਲ ਹੈ, ਮੈਂ ਸੁਹੇਲ ਹੁਰਾਂ ਨਾਲ ਦੇਸ਼ ਭਗਤ ਯਾਦਗਾਰ ਹਾਲ ਵਿਚ ਗਈ ਤਾਂ ਪਹਿਲੀ ਵਾਰ ਬਾਬਾ ਜੀ ਦੇ ਦਰਸ਼ਨ ਕੀਤੇ। ਉਹਨਾਂ ਦੇ ਵਿਹਾਰ ਵਿਚ ਅਜਿਹੀ ਅਪਣੱਤ ਤੇ ਮੋਹ-ਪਿਆਰ ਦੀ ਚਾਸ਼ਨੀ ਘੁਲੀ ਹੋਈ ਸੀ ਕਿ ਮੈਨੂੰ ਇਹ ਰਤੀ ਭਰ ਵੀ ਮਹਿਸੂਸ ਨਾ ਹੋਇਆ ਕਿ ਮੈਂ ਇਕ ਬਹੁਤ ਵੱਡੀ ਹਸਤੀ ਨਾਲ ਗੱਲ ਕਰ ਰਹੀ ਹਾਂ, ਜਿਸਦਾ ਸਾਰਾ ਜੀਵਨ ਲੋਕ-ਘੋਲਾਂ ਨੂੰ ਅਰਪਣ ਰਿਹਾ, ਜਿਸ ਨੇ ਦੇਸ਼ ਦੇ ਆਜ਼ਾਦੀ ਸੰਗਰਾਮ ਦੀ ਇਨਕਲਾਬੀ ਲੜਾਈ ਵਿਚ ਨੁਮਾਇਆ ਯੋਗਦਾਨ ਪਾਇਆ, ਜਿਸਨੇ ਸ਼ਹੀਦਾਂ ਦੀ ਇਹ ਯਾਦਗਾਰ ਉਸਾਰਨ ਵਿਚ ਵੀ ਮਿਸਾਲੀ ਹਿੱਸਾ ਪਾਇਆ ਤੇ ਜਿਹੜਾ ਹੁਣ ਇਨਕਲਾਬੀ ਜਦੋ-ਜਹਿਦ ਦੇ ਪ੍ਰਤੀਕ ਵਜੋਂ ਨਵੀਂ ਨਸਲ ਲਈ ਪ੍ਰੇਰਨਾ ਦਾ ਸੋਮਾ ਹੈ। ਮੈਨੂੰ ਤਾਂ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਮੈਂ ਆਪਣੇ ਹੀ ਪਿਓ-ਦਾਦੇ ਵਰਗੀ ਕੋਈ ਅਸਲੋਂ ਦਿਲ ਨੇੜਲੀ ਹਸਤੀ ਨਾਲ ਵਾਰਤਾਲਾਪ ਕਰ ਰਹੀ

ਹੋਵਾਂ।

ਮੈਨੂੰ ਇਹ ਵੀ ਯਾਦ ਹੈ ਕਿ ਬਾਬਾ ਜੀ ਨੇ ਗੇਰੂਏ ਰੰਗ ਦੀ ਵਿਸ਼ਾਲ ਇਮਾਰਤ ਵੱਲ ਇਸ਼ਾਰਾ ਕਰਦਿਆਂ ਕਿਹਾ ਸੀ,"ਬੇਟਾ! ਇਹ ਇੱਟਾਂ ਪੱਥਰਾਂ ਦੀ ਇਮਾਰਤ ਨਹੀਂ। ਇਹਦੇ ਵਿਚ ਹਜ਼ਾਰਾਂ ਦੇਸ਼ ਭਗਤਾਂ ਦੀਆਂ ਰੀਝਾਂ ਤੇ ਸੁਪਨੇ ਜਗਦੇ ਤੇ ਜਾਗਦੇ ਪਏ ਨੇ। ਇਹਨਾਂ ਸੁਪਨਿਆਂ ਵਿਚ ਹੁਣ ਤੁਸੀਂ ਰੰਗ ਭਰਨੇ ਨੇ। ਨਵੀਂ ਨਸਲ ਨੇ। ਨੌਜਵਾਨ ਪੀੜ੍ਹੀ ਨੇ। ਖ਼ਾਸ ਕਰ ਔਰਤਾਂ ਨੂੰ, ਧੀਆਂ-ਭੈਣਾਂ ਨੂੰ ਵੀ ਇਸ ਨਾਲ ਜੁੜਨਾ ਚਾਹੀਦਾ ਹੈ।"

ਮੈਂ ਪੁੱਛਿਆ ਸੀ, "ਬਾਬਾ ਜੀ! ਮੈਨੂੰ ਦੱਸੋ, ਮੈਂ ਕੀ ਸੇਵਾ ਕਰ ਸਕਦੀ ਆਂ? " ਉਹਨਾਂ ਹੱਸ ਕੇ ਕਿਹਾ, "ਧੀਏ! ਤੂੰ ਏਥੇ ਆਉਂਦੀ ਰਿਹਾ ਕਰ। ਜਦੋਂ ਮਨ ਕੰਮ ਕਰਨਾ ਚਾਹਵੇ ਤਾਂ ਕੰਮ ਆਪੇ ਲੱਭ ਜਾਂਦਾ ਹੈ। ਮੈਨੂੰ ਪਤਾ ਕਿ ਤੂੰ ਲਾਇਬਰੇਰੀ ਨੂੰ ਚਲਾਉਣ ਦੀ ਯੋਗਤਾ ਤੇ ਸਾਂਭਣ ਦਾ ਤਜ਼ਰਬਾ ਰੱਖਦੀ ਏਂ। ਦੇਸ਼ ਭਗਤ ਯਾਦਗਾਰ ਦੀ ਲਾਇਬਰੇਰੀ ਨੂੰ ਸਾਂਭਣ-ਸੰਵਾਰਨ ਤੇ ਠੀਕ ਤਰਤੀਬ ਦੇਣ ਲਈ ਤੇਰੀਆਂ ਸੇਵਾਵਾਂ ਦੀ ਲੋੜ ਏ। ਤੂੰ ਇਹ ਕੰਮ ਕਰ ਸਕਦੀ ਏਂ। ਸਗੋਂ ਮੈਂ ਤਾਂ ਕਹਾਂਗਾ ਕਿ ਤੈਨੂੰ ਇਹ ਕੰਮ ਕਰਨਾ ਚਾਹੀਦਾ ਹੈ। ਹੋਰ ਭੈਣਾਂ ਨੂੰ ਵੀ ਹਾਲ ਨਾਲ ਜੋੜੋ।" ਬਾਬਾ ਜੀ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਮੈਨੂੰ ਚਾਅ ਚੜ੍ਹ ਗਿਆ ਕਿ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਭਾਵੇਂ ਮੈਨੂੰ ਕੋਈ ਪੱਕੀ ਤਾਰੀਕ ਤਾਂ ਯਾਦ ਨਹੀਂ ਪਰ ਅਗਲੇ ਦਿਨ ਤੋਂ ਹੀ ਕਾਲਜ ਲਾਇਬਰੇਰੀ ਦੀ ਡਿਊਟੀ ਖ਼ਤਮ ਹੁੰਦਿਆਂ ਸਾਰ ਹੀ ਸਿੱਧਾ ਦੇਸ਼ ਭਗਤ ਯਾਦਗਾਰ ਹਾਲ ਆ ਜਾਂਦੀ। ਜਿਸ ਥਾਂ 'ਤੇ ਹੁਣ ਮੌਜੂਦਾ ਲਾਇਬਰੇਰੀ ਹੈ, ਉਥੇ ਪੁਸਤਕਾਂ ਦੇ ਢੇਰ ਅਤੇ ਕੁਝ ਅਲਮਾਰੀਆਂ ਵਿਚ ਬੰਦ ਪਈਆਂ ਸਨ। ਇਨ੍ਹਾਂ ਪੁਸਤਕਾਂ ਦਾ ਮੁੱਢਲਾ ਰਿਕਾਰਡ ਰਜਿਸਟਰ ਤਿਆਰ ਕਰਨ 'ਚ ਬਾਬਾ ਜੀ ਦੀ ਪ੍ਰੇਰਨਾ ਸਦਕਾ ਮੇਰਾ ਵੀ ਨਿਗੂਣਾ ਜਿਹਾ ਹਿੱਸਾ ਹੈ।

ਸੁਹੇਲ ਜੀ ਦੀ ਜੀਵਨ-ਸੰਗਨੀ ਤੇ ਅਗਾਂਹਵਧੂ ਰਾਜਨੀਤਕ-ਪਰਿਵਾਰ ਨਾਲ ਜੁੜੀ ਹੋਣ ਕਰਕੇ ਭਾਵੇਂ ਮੈਂ ਪਹਿਲਾਂ ਹੀ ਦੇਸ਼ ਭਗਤ ਯਾਦਗਾਰ ਦੇ ਗੌਰਵਮਈ ਇਤਿਹਾਸ ਬਾਰੇ ਜਾਣਦੀ ਸਾਂ ਤੇ ਗ਼ਦਰੀ ਬਾਬਿਆਂ ਦੀ ਕੁਰਬਾਨੀ ਦਾ ਮੇਰੇ ਮਨ 'ਤੇ ਬੜਾ ਚੰਗਾ ਪ੍ਰਭਾਵ ਸੀ ਪਰ ਬਾਬਾ ਬਿਲਗਾ ਜੀ ਨਾਲ ਮਿਲਣ ਤੋਂ ਬਾਅਦ ਮੈਨੂੰ ਲੱਗਾ ਜਿਵੇਂ ਇਹ ਅਦਾਰਾ ਮੇਰਾ ਵੀ ਓਨਾ ਹੀ ਆਪਣਾ ਹੈ ਜਿੰਨੇ ਦਾ ਬਾਬਾ ਜੀ ਨੇ ਮੈਨੂੰ ਪਹਿਲੀ ਮਿਲਣੀ ਵਿਚ ਅਹਿਸਾਸ ਕਰਵਾਇਆ ਸੀ।

ਇਸ ਤੋਂ ਬਾਅਦ ਮੈਂ ਬਾਬਾ ਬਿਲਗਾ ਨੂੰ ਨਿੱਜੀ ਤੌਰ 'ਤੇ ਹੋਰ ਵੀ ਨੇੜਿਓਂ ਵੇਖਿਆ ਅਤੇ ਸਮਝਿਆ ਅਤੇ ਉਹਨਾਂ ਦੇ ਵਰਤਮਾਨ ਜੀਵਨ ਤੋਂ ਲੈ ਕੇ ਉਹਨਾਂ ਦੇ ਪਿਛੋਕੜ ਵਿਚ ਲਗਾਤਾਰ ਝਾਤ ਮਾਰੀ ਤਾਂ ਉਹਨਾਂ ਦੀ ਬਹੁਰੰਗੀ ਸ਼ਖ਼ਸੀਅਤ ਦੇ ਕਈ ਰੰਗ ਮੇਰੇ ਅੱਗੇ ਉਘੜਦੇ ਗਏ।

ਬਾਬਾ ਜੀ ਦੇ ਬਚਪਨ 'ਚ ਪਿਤਾ ਜੀ ਦੀ ਮੌਤ ਹੋ ਗਈ, ਘਰ ਵਿਚ ਕਮਾਉਣ ਵਾਲਾ ਕੋਈ ਨਾ ਰਿਹਾ। ਕਰਜ਼ੇ ਦੀ ਮਾਰ ਹੇਠ ਦੱਬਿਆ ਪਰਿਵਾਰ ਸ਼ਾਹੂਕਾਰ ਦੇ ਜ਼ਬਰ ਦਾ ਸ਼ਿਕਾਰ ਹੋ ਗਿਆ। ਘਰ ਨਿਲਾਮ ਹੋਣ ਦੀ ਨੌਬਤ ਆਈ ਤਾਂ ਬਿਲਗਾ ਜੀ ਦੇ ਪਿਤਾ ਦੇ ਦੋਸਤ ਵਕੀਲ ਨੇ ਕਮਿਸ਼ਨਰ ਕੋਲ ਵਾਸਤਾ ਪਾਇਆ ਕਿ ਵਿਚਾਰੀ ਵਿਧਵਾ ਔਰਤ ਛੋਟੇ ਛੋਟੇ ਬੱਚੇ ਲੈ ਕੇ ਕੀਹਦੇ ਦਰਾਂ 'ਤੇ ਜਾਵੇਗੀ। ਕਮਿਸ਼ਨਰ ਦੀ ਦਖ਼ਲ-ਅੰਦਾਜ਼ੀ ਨਾਲ ਸਿਰ ਦੀ ਛੱਤ ਤਾਂ ਹਾਲ ਦੀ ਘੜੀ ਬਚੀ ਰਹਿ ਗਈ ਸੀ ਪਰ ਭੁੱਖੇ ਢਿੱਡ ਨੂੰ ਝੁਲਕਾ ਕਿੱਥੋਂ ਦੇਣਾ ਸੀ। ਪੁੱਤਰ ਛੋਟੇ ਸਨ। ਮਾਂ ਨੇ

ਆਪਣੀ ਭੈਣ ਦਾ ਆਸਰਾ ਭਾਲਿਆ ਤੇ ਬਾਲ ਭਗਤ ਸਿੰਘ ਨੂੰ ਉਸ ਕੋਲ ਰਹਿਣ ਤੇ ਪੜ੍ਹਨ ਲਈ ਭੇਜ ਦਿੱਤਾ।

ਪਰੰਤੂ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਮਾਸੀ ਨੂੰ ਪਲੇਗ ਦੀ ਬੀਮਾਰੀ ਨੇ ਆਪਣੀ ਲਪੇਟ 'ਚ ਲੈ ਲਿਆ। ਪਰਿਵਾਰਕ ਮੁਸ਼ਕਲਾਂ ਵਿਚ ਹੋਰ ਵਾਧਾ ਹੋ ਗਿਆ, ਕਿਉਂਕਿ ਮਾਸੀ ਦਾ ਵੀ ਇਕ ਤਿੰਨ ਵਰ੍ਹਿਆਂ ਦਾ ਬਾਲ ਸੀ। ਮਾਸੀ ਦੇ ਪੁੱਤ ਨੂੰ ਬਾਬਾ ਬਿਲਗਾ ਜੀ ਦੀ ਮਾਤਾ ਨੇ ਪਾਲਿਆ ਤੇ ਬਾਬਾ ਬਿਲਗਾ ਨੂੰ ਇਨ੍ਹਾਂ ਦੀ ਨਾਨੀ ਨੇ ਆਪਣੀ ਸੁਰਗਵਾਸੀ ਧੀ ਦੇ ਘਰ ਅਜੀਤਵਾਲ ਰਹਿ ਕੇ ਪਾਲਿਆ।

ਅਜੀਤਵਾਲ ਤੋਂ ਚਾਰ ਜਮਾਤਾਂ ਪਾਸ ਕਰਨ ਉਪਰੰਤ ਚੂਹੜਚੱਕ ਦੇ ਮਿਡਲ ਸਕੂਲ ਵਿਚ ਦਾਖਲ ਕਰਵਾ ਦਿੱਤਾ ਗਿਆ। ਇਸ ਸਮੇਂ ਬ੍ਰਿਟਿਸ਼ ਹਕੂਮਤ ਵਲੋਂ ਪੰਜਾਬੀ ਨੌਜਵਾਨਾਂ ਨੂੰ ਜ਼ਬਰਦਸਤੀ ਫੌਜ ਵਿਚ ਭਰਤੀ ਕਰ ਲਿਆ ਜਾਂਦਾ ਸੀ। ਇਥੇ ਪੜ੍ਹਦਿਆਂ ਹੀ ਉਨ੍ਹਾਂ ਨੂੰ ਦੇਸ਼ ਭਗਤ ਗ਼ਦਰੀ ਬਾਬਾ ਅਰੂੜ ਸਿੰਘ ਬਾਰੇ ਪਤਾ ਲੱਗਾ ਕਿ ਹਕੂਮਤ ਵਿਰੋਧੀ ਸਰਗਰਮੀਆਂ ਕਾਰਨ ਉਨ੍ਹਾਂ ਨੂੰ ਕਾਲੇ ਪਾਣੀ ਦੀ ਜੇਲ੍ਹ 'ਚ ਡੱਕਿਆ ਹੋਇਆ ਹੈ। ਇਨ੍ਹਾਂ ਘਟਨਾਵਾਂ ਨੇ ਬਾਬਾ ਬਿਲਗਾ ਦੀ ਸੋਚ ਵਿਚ ਪਰਿਵਰਤਨ ਲੈ ਆਂਦਾ।

ਅੱਠਵੀਂ ਜਮਾਤ ਪਾਸ ਕਰਨ ਤੋਂ ਬਾਅਦ ਬਾਬਾ ਬਿਲਗਾ ਨੂੰ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਦਾਖਲ ਕਰਵਾ ਦਿੱਤਾ। ਇਕ ਵਾਰ ਵਾਇਸਰਾਏ ਨੇ ਲੁਧਿਆਣਾ ਆਉਣਾ ਸੀ ਤਾਂ ਉਸ ਦੇ ਸਵਾਗਤ ਲਈ ਬਾਬਾ ਬਿਲਗਾ ਸਮੇਤ ਸਕੂਲ ਦੇ ਵਿਦਿਆਰਥੀ ਸੜਕ ਦੇ ਦੋਹੀਂ ਪਾਸੀਂ ਖੜ੍ਹੇ ਕਰ ਦਿੱਤੇ ਅਤੇ ਸਕੂਲ ਅਧਿਆਪਕ ਵੱਲੋਂ ਹੁਕਮ ਹੋਇਆ ਕਿ ਜਦੋਂ ਵਾਇਸਰਾਏ ਲੰਘੇ ਤਾਂ ਜੈ ਜੈ ਕਾਰ ਦੇ ਨਾਹਰੇ ਲਾਉਣੇ ਹਨ ਪਰ ਬਾਬਾ ਬਿਲਗਾ ਨੇ ਸਾਥੀਆਂ ਸਮੇਤ ਸਵਾਗਤ ਦੀ ਥਾਂ ਵਿਰੋਧ ਕੀਤਾ। ਇਹ ਬਾਬਾ ਬਿਲਗਾ ਦੇ ਇਨਕਲਾਬੀ ਜੀਵਨ ਦੀ ਪਹਿਲੀ ਚਿਲਕਾਰੀ ਸੀ।

ਭਗਤ ਸਿੰਘ ਜਵਾਨ ਹੋਇਆ ਤਾਂ ਸਿਰ 'ਤੇ ਖਲੋਤਾ ਕਰਜ਼ਾ ਲਾਹੁਣ ਅਤੇ ਪਰਿਵਾਰ ਨੂੰ ਚੰਗੀ ਰੋਟੀ ਰੋਜ਼ੀ ਦੇਣ ਲਈ ਅਰਜਨਟਾਈਨਾ ਵਿਚ ਪਰਵਾਸ ਕਰ ਗਿਆ। ਇਸ ਪਿਛੋਕੜ ਵਿਚ ਅਸੀਂ ਵੇਖਦੇ ਹਾਂ ਕਿ ਉਸ ਦੁਆਰਾ ਕੀਤੀ ਖੱਟੀ ਕਮਾਈ ਦਾ ਪਰਿਵਾਰ ਲਈ ਕੀ ਮਹੱਤਵ ਸੀ! ਮਾਂ ਤੇ ਪਤਨੀ ਕਮਾਊ ਪੁੱਤ ਤੇ ਪਤੀ ਦੀ ਕਮਾਈ ਦੀ ਉਡੀਕ ਵਿਚ ਬੈਠੀਆਂ ਨੇ ਪਰ ਕਮਾਊ ਨੇ ਤਾਂ ਵੱਖਰੀ 'ਕਮਾਈ' ਕਰਨ ਦਾ ਨਿਸ਼ਚਾ ਕਰ ਲਿਆ ਸੀ। ਭਾਈ ਰਤਨ ਸਿੰਘ ਡੱਬਾ ਤੇ ਚਾਚਾ ਅਜੀਤ ਸਿੰਘ ਦੇ ਪ੍ਰਭਾਵ ਅਧੀਨ ਉਹ ਗ਼ਦਰ ਲਹਿਰ ਨਾਲ ਜੁੜ ਗਿਆ। ਮਾਂ ਤੇ ਪਤਨੀ ਦੇ ਸੁਪਨੇ ਦੀ ਥਾਂ ਆਪਣਾ ਸੁਪਨਾ ਦੇਸ਼ ਨਾਲ ਜੋੜ ਲਿਆ। ਬਾਬਾ ਬਿਲਗਾ ਪਹਿਲੇ ਬਾਬਿਆਂ ਵਾਂਗ ਹੀ ਨਿੱਜ ਤੋਂ ਪਰ ਤੱਕ ਫੈਲ ਗਿਆ, ਘਰ-ਪਰਿਵਾਰ ਦੇ ਸਰੋਕਾਰਾਂ ਨੂੰ ਤਿਆਗ ਕੇ ਪੂਰੇ ਮੁਲਕ ਤੇ ਦੁਨੀਆ ਦੇ ਨਪੀੜੇ ਲੋਕਾਂ ਦੇ ਸਰੋਕਾਰਾਂ ਨੂੰ ਜੋੜ ਲਿਆ। ਜਨਨੀ ਮਾਂ ਨੂੰ ਭੁੱਲ ਕੇ ਭਾਰਤ ਮਾਂ ਉਹਦੀ ਸੋਚ ਤੇ ਸ਼ਰਧਾ ਦਾ ਬੁਨਿਆਦੀ ਕੇਂਦਰ ਹੋ ਗਈ। ਆਪਣੀ ਪ੍ਰਤੀਬੱਧਤਾ ਤੇ ਲਗਨ ਸਦਕਾ ਬਾਬਾ ਬਿਲਗਾ ਅਰਜਨਟਾਇਨਾ ਦੀ ਗ਼ਦਰ ਪਾਰਟੀ ਦੀ ਸ਼ਾਖ਼ ਦਾ ਜਨਰਲ ਸਕੱਤਰ ਬਣ ਕੇ ਤਤਕਾਲੀ ਆਗੂਆਂ ਦੀ ਕਤਾਰ ਵਿਚ ਆਣ ਖਲੋਤਾ। ਨਵੇਂ ਸਮਾਜ ਦੀ ਉਸਾਰੀ ਲਈ ਸੋਵੀਅਤ ਰੂਸ ਵਿਚ ਮਾਰਕਸਵਾਦ ਦੀ ਸਿੱਖਿਆ ਲੈਣ ਵੀ ਗਿਆ ਤੇ ਫਿਰ ਜਾਨ

ਤਲੀ 'ਤੇ ਧਰ ਕੇ, ਪਾਰਟੀ ਦਾ ਹੁਕਮ ਮੰਨਦਿਆਂ ਆਜ਼ਾਦੀ ਦਾ ਘੋਲ ਲੜਨ ਲਈ ਕਿਵੇਂ ਦੇਸ਼ ਪਰਤਿਆ ਇਹ ਸਭ ਇਤਿਹਾਸ ਦਾ ਹਿੱਸਾ ਹੈ। ਇਹ ਵੀ ਇਤਿਹਾਸ ਦਾ ਹਿੱਸਾ ਹੈ ਕਿ ਕਿਵੇਂ ਦੇਸ਼ ਪਰਤ ਕੇ ਵੀ ਪਹਿਲਾਂ ਜ਼ਿੰਮੇ ਲੱਗਾ ਪਾਰਟੀ ਦਾ ਹੁਕਮ ਮੰਨਦਿਆਂ ਤੁਰੰਤ ਕਲਕੱਤੇ ਦੇ ਮਜ਼ਦੂਰਾਂ ਵਿਚ ਕੰਮ ਕਰਨ ਪਹੁੰਚ ਗਏ। ਫਿਰ ਬੰਬਈ ਦੇ ਮਜ਼ਦੂਰਾਂ ਵਿਚ ਕੰਮ ਕੀਤਾ। ਪੰਜਾਬ ਆਏ ਤਾਂ ਕਿਰਤੀ ਲਹਿਰ ਨਾਲ ਪੂਰੀ ਤਨਦੇਹੀ ਤੇ ਸਰਗਰਮੀ ਨਾਲ ਜੁੜ ਗਏ।

ਭਾਵੇਂ ਉਹ ਗ਼ਦਰ ਲਹਿਰ ਦੇ ਦੂਜੇ ਦੌਰ ਦੇ ਇਨਕਲਾਬੀ ਸਨ ਪਰ ਉਹਨਾਂ ਦਾ ਸੰਗ-ਸਾਥ ਪਹਿਲੇ ਦੌਰ ਦੇ ਗ਼ਦਰੀਆਂ ਨਾਲ ਵੀ ਬੜਾ ਨੇੜਲਾ ਤੇ ਜ਼ਿਕਰਯੋਗ ਰਿਹਾ ਹੈ। ਅਸਲ ਵਿਚ ਪੁਰਾਣੇ ਬਾਬੇ ਵੀ ਅਜੇ ਉਹਨਾਂ ਵੱਲੋਂ ਆਰੰਭੀ ਅਧੂਰੀ ਰਹਿ ਗਈ ਲੜਾਈ ਲੜ ਰਹੇ ਸਨ ਤੇ ਉਹ ਇਹ ਲੜਾਈ ਜੀਵਨ ਦੇ ਅੰਤਲੇ ਸਾਹਾਂ ਤੱਕ ਲੜਦੇ ਰਹੇ। ਜਦੋਂ 1915 ਵਿਚ ਗ਼ਦਰ ਦੀ ਅਸਫ਼ਲਤਾ ਤੋਂ ਬਾਅਦ ਬਚੇ ਰਹਿ ਗਏ ਗ਼ਦਰੀ ਦੂਜੇ ਦੌਰ ਦੇ ਗ਼ਦਰ ਲਈ ਜੂਝ ਅਤੇ ਸੰਘਰਸ਼ ਦੀ ਲੰਮੀ ਦੌੜ, ਦੌੜ ਰਹੇ ਸਨ ਉਦੋਂ ਹੀ ਬਾਬਾ ਬਿਲਗਾ 'ਗ਼ਦਰ' ਦਾ ਝੰਡਾ ਆਪਣੇ ਪੂਰਵਲੇ ਤੇ ਤਤਕਾਲੀਨ ਸਾਥੀਆਂ ਨਾਲ ਫੜ੍ਹ ਕੇ ਪੂਰੇ ਜੋਸ਼-ਖਰੋਸ਼ ਨਾਲ ਉਸ ਦੌੜ ਵਿਚ ਸ਼ਾਮਿਲ ਹੋ ਗਏ ਤੇ ਜੀਵਨ ਦੇ ਅੰਤਲੇ ਸਾਹਾਂ ਤੱਕ ਉਹਨਾਂ ਨੇ ਇਹ ਦੌੜ ਜਾਰੀ ਰੱਖੀ।

ਅਸੀਂ ਜਿਹੜੇ ਅੱਜ ਆਪਣੇ ਆਪ ਨੂੰ ਗ਼ਦਰੀਆਂ ਦੇ ਵਾਰਿਸ ਸਮਝਦੇ ਹਾਂ ਸਾਨੂੰ ਜ਼ਰਾ ਡੂੰਘੀ ਤੇ ਦੂਰਲੀ ਨਜ਼ਰ ਨਾਲ ਇਹਨਾਂ ਬਾਬਿਆਂ ਦੇ ਮਿਸਾਲੀ ਕਿਰਦਾਰ ਨੂੰ ਵੇਖਣਾ, ਵਾਚਣਾ ਤੇ ਸਮਝਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਨਾਂ ਵਰਗੇ ਹੋਣਾ ਜਾਂ ਬਣਨਾ ਬੜਾ ਔਖਾ ਹੈ ਤੇ ਇਸ ਭਰਮ ਵਿਚ ਨਹੀਂ ਰਹਿਣਾ ਚਾਹੀਦਾ ਕਿ ਅਸੀਂ ਉਹਨਾਂ ਬਾਬਿਆਂ ਦੇ ਹਾਣ ਦੇ ਹੋ ਗਏ ਹਾਂ। ਉਹਨਾਂ ਦਾ ਜੀਵਨ ਤਾਂ ਕਰੜੀ ਤਪੱਸਿਆ ਤੇ ਭਖ਼ਦੀ ਕੁਠਾਲੀ ਵਿਚੋਂ ਨਿਕਲਣ ਵਾਲਾ ਸੀ। ਅਸੀਂ ਵੇਖੀਏ ਤੇ ਜਾਣੀਏਂ ਕਿ ਅਸੀਂ ਕਿੰਨਾਂ ਕੁ ਸੇਕ ਆਪਣੇ ਪਿੰਡਿਆਂ 'ਤੇ ਜਰਿਆ ਹੈ। ਬਾਬਾ ਬਿਲਗਾ ਦੇ ਜੀਵਨ ਦੀ ਸਰਸਰੀ ਝਾਤ ਹੀ ਸਾਨੂੰ ਦੱਸ ਦਿੰਦੀ ਹੈ ਕਿ ਆਪਣੇ ਲੋਕਾਂ ਲਈ ਲੜਨਾ ਕਿੰਨਾ ਔਖਾ ਹੈ। ਆਪਣੇ ਨਿੱਜ ਦੇ ਸੁੱਖਾਂ ਨੂੰ ਤਿਆਗ ਕੇ, ਪਰਿਵਾਰਾਂ ਨੂੰ ਵਿਸਾਰ ਕੇ ਹੀ ਦੇਸ਼ ਤੇ ਕੌਮ ਲਈ ਕੁਝ ਕੀਤਾ ਜਾ ਸਕਦਾ ਹੈ। ਬਾਬਾ ਬਿਲਗਾ ਅਜਿਹੇ ਸੰਘਰਸ਼ਸ਼ੀਲ ਜੀਵਨ ਦੀ ਜਿਊਂਦੀ ਜਾਗਦੀ ਮਿਸਾਲ ਹਨ।

ਗ਼ਦਰੀ ਬਾਬਿਆਂ ਨੇ ਗ਼ਦਰ ਲਹਿਰ ਦੇ ਸੂਰਬੀਰਾਂ ਤੇ ਸ਼ਹੀਦਾਂ ਦੀਆਂ ਕਰਨੀਆਂ ਤੇ ਕੁਰਬਾਨੀਆਂ ਨੂੰ ਲੋਕਾਂ ਦੇ ਮਨਾਂ ਵਿਚ ਸਦੀਵੀ ਥਾਂ ਬਣਾਉਣ ਲਈ ਇਕ ਯਾਦਗਾਰ ਸਥਾਪਿਤ ਕਰਨ ਦਾ ਨਿਰਣਾ ਲਿਆ ਤਾਂ ਬਾਬਾ ਬਿਲਗਾ ਓਥੇ ਵੀ ਪੇਸ਼ ਸਨ। ਇਹ ਉਹਨਾਂ ਦੀ ਇਨਕਲਾਬੀ ਉਦੇਸ਼ ਲਈ ਦ੍ਰਿੜ੍ਹਤਾ, ਪ੍ਰਤੀਬੱਧਤਾ ਤੇ ਸਮਰਪਣ ਦੀ ਭਾਵਨਾ ਦੀ ਕਦਰਦਾਨੀ ਹੀ ਸੀ ਕਿ ਜਦੋਂ 1938 ਵਿਚ ਅਜਿਹੀ ਯਾਦਗਾਰ ਕਾਇਮ ਕਰਨ ਲਈ ਇਕ ਬੋਰਡ ਬਣਾਇਆ ਗਿਆ ਤਾਂ ਬਾਬਾ ਬਿਲਗਾ ਨੂੰ ਉਸ ਬੋਰਡ ਦਾ ਸਕੱਤਰ ਥਾਪਿਆ ਗਿਆ। ਇਸਦੇ ਪ੍ਰਧਾਨ ਪ੍ਰਸਿੱਧ ਗ਼ਦਰੀ ਬਾਬਾ ਵਸਾਖਾ ਸਿੰਘ ਨੂੰ ਬਣਾਇਆ ਗਿਆ। ਇਹ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਪਹਿਲੇ ਦੌਰ ਦੇ ਗ਼ਦਰੀ ਬਾਬਾ ਬਿਲਗਾ ਦੀ ਆਗੂ ਸਮਰੱਥਾ ਨੂੰ ਜਾਣਦੇ ਸਮਝਦੇ ਸਨ। ਜਦੋਂ ਕਿਰਤੀ ਕਮਿਊਨਿਸਟ ਪਾਰਟੀ ਵਿਚ ਸ਼ਾਮਿਲ ਹੋਏ ਤਾਂ ਬਾਬਾ ਬਿਲਗਾ ਵੀ ਕਮਿਊਨਿਸਟ ਲਹਿਰ ਵਿਚ ਸ਼ਾਮਿਲ ਹੋ ਗਏ। ਦੇਸ਼ ਵੰਡ ਤੋਂ ਪਹਿਲਾਂ ਤੇ ਪਿੱਛੋਂ ਉਹਨਾਂ ਦਾ ਸਾਰਾ ਜੀਵਨ ਲੰਮੇ ਘੋਲਾਂ ਦੀ

ਦਾਸਤਾਨ ਹੈ। ਉਹ ਦਲੇਰ ਤੇ ਨਿਰਭੈ ਵੀ ਸਨ ਤੇ ਪਾਰਟੀ ਵਿਚਲੇ ਗ਼ਲਤ ਰੁਝਾਨਾਂ ਜਾਂ ਨੀਤੀਆਂ ਦਾ ਅੰਨ੍ਹੇਵਾਹ ਅਨੁਕਰਣ ਕਰਨ ਨਾਲੋਂ ਪਾਰਟੀ ਮੰਚਾਂ ਉਤੇ ਲੋੜ ਪੈਣ 'ਤੇ ਡੱਟ ਕੇ ਵਿਰੋਧ ਵੀ ਕਰਦੇ ਰਹੇ, ਭਾਵੇਂ ਕਿ ਇਸ ਸੱਚ ਦਾ ਉਹਨਾਂ ਨੂੰ ਖਮਿਆਜ਼ਾ ਵੀ ਭੁਗਤਣਾਂ ਪੈਂਦਾ ਰਿਹਾ। ਨਵੀਂ ਨਸਲ ਨੂੰ ਸੰਬੋਧਨ ਕਰਦਿਆਂ ਉਹ ਆਖਿਆ ਕਰਦੇ ਸਨ; 'ਇਤਿਹਾਸ ਕੇਵਲ ਉਹ ਹੀ ਨਹੀਂ ਹੁੰਦਾ ਜੋ ਬੀਤ ਗਏ ਦੀਆਂ ਕਹਾਣੀਆਂ ਦੱਸਦਾ ਹੈ, ਇਤਿਹਾਸ ਉਹ ਵੀ ਹੁੰਦਾ ਹੈ ਜੋ ਅਸੀਂ ਵਰਤਮਾਨ ਵਿਚ ਵੀ ਸੋਚ ਅਤੇ ਅਮਲ ਦੇ ਪੱਧਰ 'ਤੇ ਕਰ ਰਹੇ ਹਾਂ। ਇਸ ਕਰਕੇ ਇਤਿਹਾਸ ਤਾਂ ਹਰ ਵੇਲੇ ਬਣ ਰਿਹਾ ਹੁੰਦਾ ਹੈ। ਵਰਤਮਾਨ ਦੇ ਕੰਮ; ਜਿਨ੍ਹਾਂ ਨੇ ਕੱਲ੍ਹ ਨੂੰ ਇਤਿਹਾਸ ਬਣ ਜਾਣਾ ਹੈ, ਉਸ ਵਿਚ ਆਪਣੀ ਸਮਰੱਥਾ ਅਨੁਸਾਰ ਸਰਗਰਮ ਯੋਗਦਾਨ ਪਾਉਂਦੇ ਰਹਿਣਾ ਚਾਹੀਦਾ ਹੈ। ਸਧਾਰਨ ਕਾਮੇ ਦੇ ਤੌਰ 'ਤੇ ਵੀ ਤੇ ਆਗੂ ਦੀ ਸ਼ਕਲ ਵਿਚ ਵੀ।

ਅਸੀਂ ਜਾਣਦੇ ਹਾਂ ਕਿ ਕਾਮੇ ਅਤੇ ਆਗੂ, ਦੋਵਾਂ ਰੂਪਾਂ ਵਿਚ ਬਾਬਾ ਬਿਲਗਾ ਨੇ ਇਤਿਹਾਸ ਨੂੰ ਬਣਾਉਣ ਵਿਚ ਆਪਣਾ ਹਿੱਸਾ ਪਾਇਆ। ਉਹ 1976 ਤੋਂ 1995 ਤੱਕ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਕੱਤਰ ਅਤੇ 1995 ਤੋਂ ਲੈ ਕੇ ਮਈ 2009 ਜ਼ਿੰਦਗੀ ਦੇ ਆਖ਼ਰੀ ਸਾਹਾਂ ਤੱਕ ਪ੍ਰਧਾਨ ਰਹੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ/ਪ੍ਰਧਾਨ/ਆਗੂ ਹੋਣ ਦੇ ਨਾਤੇ ਉਨ੍ਹਾਂ ਨੇ ਗ਼ਦਰੀ ਸੂਰਬੀਰ ਯੋਧਿਆਂ ਦੇ ਉਦੇਸ਼ਾਂ ਦੀ ਪੂਰਤੀ ਲਈ ਗ਼ਦਰ ਲਹਿਰ ਦੇ ਇਤਿਹਾਸਕ ਵਿਰਸੇ ਨੂੰ ਸਾਂਭਣ ਅਤੇ ਅੱਗੇ ਤੋਰਨ ਲਈ ਪੂਰੀ ਲਗਨ ਅਤੇ ਤਨਦੇਹੀ ਨਾਲ ਕੰਮ ਕੀਤਾ। ਇਤਿਹਾਸ ਸਾਂਭਣ ਦੇ ਨਜ਼ਰੀਏ ਤੋਂ ਜਿਥੇ ਉਨ੍ਹਾਂ ਹੋਰਨਾਂ ਨੂੰ ਲਿਖਣ ਲਈ ਪ੍ਰੇਰਿਤ ਕੀਤਾ, ਉਥੇ ਆਪ ਵੀ ਇਤਿਹਾਸ ਦੇ ਲੇਖਕ ਵਜੋਂ ਇਤਿਹਾਸ ਨੂੰ ਕਲਮਬੱਧ ਕੀਤਾ। ਆਪ ਦੀਆਂ ਮੁੱਲਵਾਨ ਲਿਖਤਾਂ: 'ਮੇਰਾ ਵਤਨ', 'ਅਣਫੋਲੇ ਵਰਕੇ', 'ਮੇਰੀ ਸਮਝ ਮੇਰੀ ਸੋਚ' ਅਤੇ 'ਗ਼ਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ' ਹਨ। ਬਾਬਾ ਜੀ ਦੇ ਕਾਰਜਕਾਲ ਦੌਰਾਨ ਹੋਏ ਕੰਮਾਂ ਦਾ ਇਕ ਲੰਮਾ ਇਤਿਹਾਸਕ ਚਿੱਠਾ ਹੈ, ਜੋ ਭਵਿੱਖ ਵਿਚ ਇਤਿਹਾਸ ਦੇ ਖੋਜਾਰਥੀਆਂ ਦੇ ਖੋਜ ਵਿਸ਼ੇ ਬਣਨ ਦੀ ਸੰਭਾਵਨਾ ਹੈ।

ਦੇਸ਼ ਭਗਤ ਯਾਦਗਾਰ ਦੀ ਉਸਾਰੀ ਤੇ ਸਰਗਰਮੀਆਂ ਨੂੰ, ਆਪਣੇ ਪਹਿਲੇ ਦੌਰ ਦੇ ਗ਼ਦਰੀਆਂ ਜੋ ਸਜ਼ਾਵਾਂ ਭੁਗਤ ਕੇ ਜੇਲ੍ਹਾਂ 'ਚੋਂ ਰਿਹਾਅ ਹੋ ਕੇ ਆਏ, ਉਨ੍ਹਾਂ ਦੇਸ਼ ਭਗਤਾ ਬਾਬਾ ਸੋਹਣ ਸਿੰਘ ਭਕਨਾ, ਬਾਬਾ ਵਸਾਖਾ ਸਿੰਘ ਦਦੇਹਰ, ਬਾਬਾ ਅਮਰ ਸਿੰਘ ਸੰਧਵਾਂ, ਕਾ. ਸੋਹਣ ਸਿੰਘ ਜੋਸ਼, ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕਨੇਡੀਅਨ, ਕਾਮਰੇਡ ਬੂਝਾ ਸਿੰਘ ਅਤੇ ਬਾਬਾ ਗੁਰਮੁੱਖ ਸਿੰਘ ਲਲਤੋਂ ਦੀ ਅਗਵਾਈ 'ਚ ਅਜੋਕੀ ਸਿਖ਼ਰ 'ਤੇ ਪਹੁੰਚਾਉਣ ਦਾ ਮਾਣ ਵੀ ਉਹਨਾਂ ਨੂੰ ਜਾਂਦਾ ਹੈ। ਬਾਬਾ ਗੁਰਮੁੱਖ ਸਿੰਘ ਤੋਂ ਬਾਅਦ ਬਾਬਾ ਜਵਾਲਾ ਸਿੰਘ ਠੱਠੀਆਂ ਆਡੀਟੋਰੀਅਮ ਦੀ ਉਸਾਰੀ ਅਤੇ ਤਿਆਰੀ ਆਪਣੇ ਸਾਥੀਆਂ ਕਾ. ਸੋਹਣ ਸਿੰਘ ਜੋਸ਼, ਪੰਡਿਤ ਕਿਸ਼ੋਰੀ ਲਾਲ, ਬਾਬਾ ਕਰਮ ਸਿੰਘ ਕਿਰਤੀ, ਕਾਮਰੇਡ ਨੌਨਿਹਾਲ ਸਿੰਘ ਤੇ ਕਾ. ਗੰਧਰਵ ਸੇਨ ਕੋਛੜ ਨਾਲ ਮਿਲਕੇ ਸਿਰੇ ਚਾੜ੍ਹੀ। ਉਹਨਾਂ ਦੀ ਇਤਿਹਾਸਕ ਦੇਣ ਦੀ ਪੁਸ਼ਟੀ ਤਾਂ ਉਹਨਾਂ ਦੇ ਸੰਗੀ-ਸਾਥੀ ਕਾਮਰੇਡ ਸੋਹਨ ਸਿੰਘ ਜੋਸ਼, ਪ੍ਰਧਾਨ, ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੀਟਿੰਗ ਦੌਰਾਨ ਰਿਕਾਰਡ ਰਜਿਸਟਰ ਵਿਚ ਅਤੇ ਯੂ.ਕੇ. ਦੀ ਉਗਰਾਹੀ ਰਿਪੋਰਟ 1977-78 ਵਿਚ ਲਿਖਤੀ ਤੌਰ 'ਤੇ ਵੀ ਕੀਤੀ ਹੈ:

*"ਇਹ ਹਾਲ ਸ਼ਾਇਦ ਕਦੇ ਵੀ ਸਿਰੇ ਨਾ ਚੜ੍ਹਦਾ ਜੇ ਸਾਥੀ ਭਗਤ ਸਿੰਘ ਬਿਲਗਾ ਦੀ ਪ੍ਰੇਰਨਾ ਨਾਲ ਸਾਡੇ ਇੰਗਲੈਂਡ ਵਿਚ ਵਸਦੇ ਪੰਜਾਬੀ ਵੀਰ ਇਸ ਨੂੰ ਸਿਰੇ ਚੜ੍ਹਾਉਣ ਦਾ ਬੀੜਾ ਨਾ ਚੁਕਦੇ। ਉਨ੍ਹਾਂ ਨੇ ਇਸ ਕਾਰਜ ਲਈ ਜਿਸ ਦਲੇਰੀ ਅਤੇ ਖੁੱਲ੍ਹਦਿਲੀ ਨਾਲ ਪੌਂਡਾਂ ਦੀ ਸਹਾਇਤਾ ਦਿੱਤੀ ਅਤੇ ਦੇਸ਼ ਭਗਤਾਂ ਦੇ ਇਸ ਹਾਲ ਦੇ ਮੁਕੰਮਲ ਕਰਨ ਲਈ ਉਤਸ਼ਾਹ ਦਿਖਾਇਆ, ਉਸ ਦੀ ਜਿੰਨੀ ਸਰਾਹਣਾ ਕੀਤੀ ਜਾਵੇ, ਥੋੜ੍ਹੀ ਹੈ। ਹਾਲ ਦਾ ਮੁਕੰਮਲ ਕਰਨ ਦਾ ਸਿਹਰਾ ਵਧੇਰੇ ਕਰਕੇ ਇਨ੍ਹਾਂ ਦੇ ਸਿਰ ਹੀ ਹੈ।"*

ਬਾਬਾ ਜੀ ਦੇ ਜੀਵਨ ਦੀ ਉਸ ਦਰਦ ਰਿੰਝਾਣੀ ਝਾਕੀ ਨੂੰ ਕੌਣ ਭੁੱਲ ਸਕਦਾ ਹੈ ਕਿ ਕਈ ਸਾਲਾਂ ਬਾਅਦ ਦੇਸ਼ ਪਰਤਿਆ ਭਗਤ ਸਿੰਘ ਆਪਣੇ ਘਰ ਤੋਂ ਪੰਜਾਹ ਕਦਮਾਂ ਦੀ ਵਿੱਥ 'ਤੇ ਮਨ ਵਿਚ ਪਤਾ ਨਹੀਂ ਕਿੰਨੀਆਂ ਗਿਣਤੀਆਂ ਮਿਣਤੀਆਂ ਕਰਦਾ ਕੋਲੋਂ ਦੀ ਚੁੱਪ ਕਰਕੇ ਲੰਘ ਗਿਆ ਸੀ (ਜਿਸ ਘਰ ਵਿਚ ਉਹਦੀ ਜਵਾਨ ਪਤਨੀ ਤੇ ਬੁੱਢੀ ਮਾਂ ਸਾਲਾਂ ਤੋਂ ਉਹਦਾ ਮੁੱਖ ਵੇਖਣ ਲਈ ਸਹਿਕ ਰਹੀਆਂ ਸਨ) ਕਿਉਂਕਿ ਉਸਨੂੰ ਪਾਰਟੀ ਆਗੂ ਬਾਬਾ ਕਰਮ ਸਿੰਘ ਚੀਮਾ ਨੇ ਆਦੇਸ਼ ਦੇ ਦਿੱਤਾ ਸੀ ਕਿ ਉਹ ਅੱਜ ਹੀ ਕਲਕੱਤੇ ਨੂੰ ਰਵਾਨਾ ਹੋ ਜਾਵੇ ਤੇ ਉਥੇ ਜਾ ਕੇ ਮਜ਼ਦੂਰਾਂ ਵਿਚ ਕੰਮ ਕਰੇ।

ਇਸ ਬਾਰੇ ਤੁਸੀਂ ਪਹਿਲਾਂ ਵੀ ਪੜ੍ਹਿਆ-ਸੁਣਿਆ ਹੋਵੇਗਾ ਕਿ ਬਾਬਾ ਜੀ ਦਾ ਵਿਆਹ ਛੋਟੀ ਉਮਰ ਵਿਚ ਕਰ ਦਿੱਤਾ ਗਿਆ ਸੀ। ਆਪ ਦੇ ਇਕ ਧੀ ਅਤੇ ਦੋ ਪੁੱਤਰ ਸਨ। ਧੀ ਛੋਟੀ ਉਮਰ ਵਿਚ ਹੀ ਸਦਾ ਲਈ ਵਿਛੋੜਾ ਦੇ ਗਈ ਸੀ। ਪਰ ਧੀ ਦੇ ਵਿਛੋੜੇ ਦਾ ਸੱਲ ਉਨ੍ਹਾਂ ਨੂੰ ਮਨੋਂ ਕਦੇ ਵੀ ਨਾ ਭੁਲਿਆ। ਪਰ ਮੈਂ ਤੁਹਾਨੂੰ ਇਸ ਝਾਕੀ ਵੱਲ ਦੋਬਾਰਾ ਧਿਆਨ ਧਰਨ ਲਈ ਇਸ ਕਰਕੇ ਕਹਿ ਰਹੀ ਹਾਂ ਕਿਉਂਕਿ ਮੈਨੂੰ ਘਰ ਬੈਠੀਆਂ ਉਹਨਾਂ ਦੋ ਔਰਤਾਂ (ਮਾਂ ਤੇ ਪਤਨੀ) ਦੀ ਮਾਨਸਿਕ ਪੀੜ ਵੀ ਸਮਝ ਪੈ ਰਹੀ ਹੈ। ਬਾਬਾ ਬਿਲਗਾ ਤਾਂ ਕੁਰਬਾਨੀ ਕਰ ਰਿਹਾ ਸੀ ਪਰ ਜਿਹੜੀ ਕੁਰਬਾਨੀ ਉਹ ਔਰਤਾਂ ਕਰ ਰਹੀਆਂ ਸਨ, ਉਸ ਨੂੰ ਵੀ ਸਮਝਣ ਦੀ ਲੋੜ ਹੈ। ਬਾਬਾ ਬਿਲਗਾ ਭਾਵੇਂ ਇਸ ਮਸਲੇ 'ਤੇ ਹੋਰ ਬਾਬਿਆਂ ਵਾਂਗ ਕਦੀ ਬੋਲਿਆ ਨਾ ਹੋਵੇ ਪਰ ਇਹ ਪੀੜ ਤੇ ਵਿਗੋਚਾ ਉਹਦੇ ਮਨ ਨੂੰ ਵੀ ਤਾਂ ਕਿੰਨਾਂ ਸੱਲ੍ਹਦਾ ਹੋਵੇਗਾ। ਹੋਰ ਬਾਬੇ ਵੀ ਤਾਂ ਏਸੇ ਪੀੜ ਚੋਂ ਗੁਜ਼ਰੇ ਹੋਣਗੇ। ਪਰ ਕਦੀ ਮੂੰਹੋਂ ਨਹੀਂ ਬੋਲੇ। ਦੇਸ਼ ਦੀਆਂ ਧੀਆਂ, ਭੈਣਾਂ ਤੇ ਮਾਵਾਂ ਦੇ ਦਰਦ ਨੂੰ ਮਹਿਸੂਸ ਕਰਨ ਵਾਲੇ ਬਾਬੇ ਬਿਲਗੇ ਵਰਗੇ ਆਪਣੇ ਪਰਿਵਾਰ ਦੀਆਂ ਔਰਤਾਂ ਤੇ ਬੱਚਿਆਂ ਦਾ ਦਰਦ ਕਿਵੇਂ ਨਾ ਮਹਿਸੂਸ ਕਰਦੇ ਹੋਣਗੇ। ਕਰਦੇ ਵੀ ਹੋਣਗੇ ਪਰ ਇਸ ਨੂੰ ਕਸੀਸ ਵੱਟ ਕੇ ਜਰਦੇ ਵੀ ਹੋਣਗੇ। ਇਹ ਕਸੀਸ ਕਿਸੇ ਲਿਖਤੀ ਇਤਿਹਾਸ ਦਾ ਹਿੱਸਾ ਨਹੀਂ ਬਣੀ ਪਰ ਇਹ ਕਸੀਸ ਹਵਾਵਾਂ ਵਿਚ ਲਿਖੀ ਹੋਈ ਹੈ। ਅੱਜ ਘਰਾਂ-ਪਰਿਵਾਰਾਂ ਵਿਚ ਰਹਿੰਦੇ ਵੱਸਦੇ ਅਸੀਂ ਉਹਨਾਂ ਸੂਰਮਿਆਂ ਦੀ ਪ੍ਰਤੱਖ ਕੁਰਬਾਨੀ ਦੇ ਨਾਲ ਇਸ ਅਪ੍ਰਤੱਖ ਕੁਰਬਾਨੀ ਨੂੰ ਵੀ ਨਤਮਸਤਕ ਹੁੰਦੇ ਹਾਂ।

ਇਸ ਛੋਟੀ ਜਿਹੀ ਲਿਖਤ ਵਿਚ ਬਾਬਾ ਬਿਲਗਾ ਦੇ ਸਮੁੱਚੇ ਜੀਵਨ ਸਰੋਕਾਰਾਂ ਦੀ ਕਹਾਣੀ ਜਾਂ ਉਸਦਾ ਜੀਵਨ ਇਤਿਹਾਸ ਸੁਣਾਉਣਾ ਸਾਡਾ ਮਕਸਦ ਨਹੀਂ ਹੈ ਤੇ ਨਾ ਹੀ ਇਥੇ ਇਸਦੀ ਗੁੰਜਾਇਸ਼ ਹੈ, ਸਾਡਾ ਮਕਸਦ ਤਾਂ ਇਹ ਦੱਸਣਾ ਹੈ ਕਿ ਜਿੱਥੇ ਬਤੌਰ ਇਕ ਸਧਾਰਨ ਵਰਕਰ ਦੇ ਤੌਰ 'ਤੇ ਪਾਰਟੀ ਨੇ ਕੋਈ ਕੰਮ ਸੌਂਪਿਆ, ਉਥੇ ਸਧਾਰਨ ਕਾਮੇ ਵਜੋਂ ਉਹਨਾਂ ਆਪਣਾ ਸਿਦਕ ਨਿਭਾਇਆ ਤੇ ਜਿਥੇ ਪਾਰਟੀ ਨੇ ਉਹਨਾਂ ਤੋਂ ਆਗੂ ਦੀ ਹੈਸੀਅਤ ਵਿਚ ਕੰਮ ਲੈਣ ਦੀ

ਸੇਵਾ ਸੌਂਪੀ ਉਥੇ ਹੀ ਬਾਬਾ ਬਿਲਗਾ ਨੇ ਉਸੇ ਸਮਰਪਣ ਭਾਵਨਾ ਤੇ ਪੂਰੀ ਕੁਸ਼ਲਤਾ ਨਾਲ ਆਪਣਾ ਆਪ ਸਾਬਤ ਕੀਤਾ। ਬਾਬਾ ਬਿਲਗਾ ਜੀ ਭਾਵੇਂ ਅੱਜ ਸਰੀਰਕ ਤੌਰ 'ਤੇ ਸਾਡੇ ਦਰਮਿਆਨ ਨਹੀਂ ਰਹੇ ਪਰ ਉਹ ਇਤਿਹਾਸ ਦਾ ਇਕ ਅਧਿਆਇ ਬਣ ਕੇ ਸਦਾ ਲਈ ਅਮਰ ਹੋ ਗਏ। ਮੇਰਾ ਉਹਨਾਂ ਦੀ ਲਾਸਾਨੀ ਇਤਿਹਾਸਕ ਦੇਣ ਅੱਗੇ ਸਿਰ ਝੁਕਦਾ ਹੈ।

***

# ਮੇਰੇ ਹਿੱਸੇ ਦੇ ਬਾਬਾ ਬਿਲਗਾ ਜੀ

-ਗੁਰਮੀਤ

ਬਾਬਾ ਬਿਲਗਾ ਜੀ ਨੂੰ ਅਸੀਂ ਕੁਝ ਮਿੱਤਰ 1970-71 ਲਾਇਲਪੁਰ ਖ਼ਾਲਸਾ ਕਾਲਜ ਪੜ੍ਹਨ ਸਮੇਂ ਕਦੇ-ਕਦੇ ਦੇਸ਼ ਭਗਤ ਯਾਦਗਾਰ ਹਾਲ 'ਚ ਸਟੂਡੈਂਟਸ ਫੈਡਰੇਸ਼ਨ ਦੀਆਂ ਮੀਟਿੰਗਾਂ ਸਮੇਂ ਹਾਲ 'ਚ ਵੇਖਦੇ ਪਰ ਉਨ੍ਹਾਂ ਨਾਲ ਗੱਲਬਾਤ ਕਰਨ ਤੇ ਮਿਲਣ ਦਾ ਮੌਕਾ 1972-73 'ਚ ਮਿਲਿਆ ਜਦੋਂ ਮੈਂ ਰੋਜ਼ਾਨਾ ਨਵਾਂ ਜ਼ਮਾਨਾ ਪਰਿਵਾਰ ਵਿਚ ਕੁਲਵਕਤੀ ਦੇ ਤੌਰ ਤੇ ਕੰਮ ਕਰਨ ਲੱਗ ਪਿਆ। ਪਰ ਬਾਬਾ ਜੀ ਨਾਲ ਇਹ ਮਿਲਣ ਦੇ ਮੌਕੇ ਬਹੁਤ ਸੰਖੇਪ ਹੁੰਦੇ। ਕਿਸੇ ਖ਼ਬਰ ਜਾਂ ਕੋਈ ਉਥੇ ਹੋ ਰਹੀ ਮੀਟਿੰਗ ਦੀ ਜਾਣਕਾਰੀ ਲੈਣ ਤੱਕ ਸੀਮਤ ਹੁੰਦੇ। ਪਰ ਮੈਨੂੰ ਯਾਦ ਹੈ ਕਿ 29 ਜੁਲਾਈ 1982 ਦਾ ਦਿਨ ਸੀ ਜਦੋਂ ਸਾਨੂੰ 'ਨਵਾਂ ਜ਼ਮਾਨਾ' 'ਚ ਕਾਮਰੇਡ ਸੋਹਨ ਸਿੰਘ ਜੋਸ਼ ਜੀ ਦੇ ਦੇਹਾਂਤ ਦੀ ਖ਼ਬਰ ਮਿਲੀ। ਉਸ ਵੇਲੇ ਮੇਰੀ ਡਿਊਟੀ ਦੇਸ਼ ਭਗਤ ਯਾਦਗਾਰ ਹਾਲ ਜਾ ਕੇ ਬਾਬਾ ਬਿਲਗਾ ਨੂੰ ਇਹ ਇਤਲਾਹ ਦੇਣ ਦੀ ਲੱਗੀ। ਜਦੋਂ ਮੈਂ ਦੇਸ਼ ਭਗਤ ਯਾਦਗਾਰ ਬਾਬਾ ਜੀ ਨੂੰ ਮਿਲਿਆ ਤਾਂ ਉਨ੍ਹਾਂ ਨੂੰ ਪਹਿਲਾਂ ਹੀ ਖ਼ਬਰ ਮਿਲ ਚੁੱਕੀ ਸੀ। ਉਹ ਬਹੁਤ ਗੰਭੀਰ ਮੁਦਰਾ 'ਚ ਬੈਠੇ ਸਨ। ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਨ੍ਹਾਂ ਦੁਨੀ ਚੰਦ (ਦੇਸ਼ ਭਗਤ ਹਾਲ ਦਾ ਕੇਅਰ ਟੇਕਰ) ਨੂੰ ਆਵਾਜ਼ ਮਾਰੀ ਤੇ ਨਾਲ ਹੀ ਮੇਰਾ ਹੱਥ ਫੜ ਕੇ ਹਾਲ ਦੇ ਨਾਲ ਪੁਰਾਣੀ ਕੋਠੀ ਵੱਲ (ਜਿੱਥੇ ਹੁਣ ਵੱਡੀ ਸਟੇਜ ਤੇ ਖੁੱਲ੍ਹਾ ਸਟੇਡੀਅਮ ਹੈ) ਚਲ ਪਏ। ਉਨ੍ਹਾਂ ਦੱਸਿਆ ਕਿ ਜੋਸ਼ ਹੁਣਾਂ ਦੇ ਕਮਰੇ 'ਚ ਉਨ੍ਹਾਂ ਦਾ ਟਰੰਕ ਪਿਆ ਹੈ ਇਸ 'ਚ ਉਨ੍ਹਾਂ ਦਾ ਸਾਮਾਨ ਹੈ। ਕਮਰੇ ਦੀ ਚਾਬੀ ਨਾ ਮਿਲਣ ਤੇ ਦੁਨੀ ਚੰਦ ਨੇ ਹਥੌੜੇ ਨਾਲ ਤਾਲਾ ਤੋੜਿਆ ਤੇ ਫਿਰ ਅੰਦਰ ਪਏ ਟਰੰਕ ਦਾ ਤਾਲਾ ਤੋੜਿਆ ਤੇ ਉਸ ਦੇ ਅੰਦਰ ਤਹਿ ਕਰਕੇ ਰੱਖੇ ਇਕ ਕੁੜਤੇ ਪਜਾਮੇ ਦੇ ਉੱਪਰ ਜੋਸ਼ ਹੁਣਾਂ ਦੇ ਹੱਥ ਦੀ ਲਿਖੀ ਵਸੀਅਤ ਵਾਲਾ ਬਿਨਾ ਤਹਿ ਕੀਤਾ ਕਾਗਜ਼ ਪਿਆ ਸੀ। ਬਾਬਾ ਜੀ ਨੇ ਵਸੀਅਤ ਚੁੱਕੀ ਤੇ ਮੇਰੇ ਹੱਥ ਫੜਾਉਂਦਿਆ ਕਿਹਾ ਕਿ ਇਸ ਨੂੰ ਨਵਾਂ ਜ਼ਮਾਨਾ 'ਚ ਜ਼ਰੂਰ ਛਾਪ ਦੇਣਾ (ਮੈਨੂੰ ਮਹਿਸੂਸ ਹੋਇਆ ਕਿ ਬਾਬਾ ਜੀ ਨੂੰ ਵਸੀਅਤ ਬਾਰੇ ਪਹਿਲਾਂ ਹੀ ਪਤਾ ਸੀ) ਨਾਲ ਉਨ੍ਹਾਂ ਦੇ ਕੱਪੜੇ ਫੜਾਉਂਦਿਆ ਕਿਹਾ ਕਿ ਇਹ ਉਨ੍ਹਾਂ ਦੇ ਪਿੰਡ ਅੱਜ ਹੀ ਭੇਜ ਦਿਓ...!

ਪਰ ਫੇਰ ਮੇਰਾ ਅਕਸਰ ਹੀ ਦੇਸ਼ ਭਗਤ ਹਾਲ ਗੇੜਾ ਲੱਗਦਾ ਰਹਿੰਦਾ। ਮੇਰੇ ਨਾਲ ਹਮੇਸ਼ਾ ਹਰਮੀਤ ਹੁੰਦਾ ਸੀ। ਇਕ ਦਿਨ ਹਰਮੀਤ ਨੇ ਮੇਰੇ ਤੇ ਪਿੰਕੀ ਦੇ ਵਿਆਹ ਬਾਰੇ ਬਾਬਾ ਜੀ ਨਾਲ ਗੱਲ ਕਰ ਦਿੱਤੀ। ਉਹ ਬਹੁਤ ਖੁਸ਼ ਹੋਏ। ਬਾਬਾ ਜੀ ਦਾ ਕਾਮਰੇਡ ਕਿਸ਼ਨ ਲਾਲ ਭਾਰਦਵਾਜ ਨਾਲ ਵੀ ਬਹੁਤ ਸਨੇਹ ਸੀ। ਅਸੀਂ ਉਨ੍ਹਾਂ ਨੂੰ ਵਿਆਹ ਦੀ ਤਰੀਕ ਤਹਿ ਹੋਣ ਬਾਰੇ ਦੱਸਿਆ ਤਾਂ ਉਨ੍ਹਾਂ ਕਿਹਾ ਕਿ ਇਹ ਵਿਆਹ ਦੇਸ਼ ਭਗਤ ਯਾਦਗਾਰ ਹਾਲ 'ਚ ਕਰਨਾ ਹੈ। ਅਸੀਂ ਮੰਨ ਗਏ

ਤੇ ਨਵਾਂ ਜ਼ਮਾਨਾ ਆ ਕੇ ਕਾਮਰੇਡ ਜ਼ੀਰਵੀ ਜੀ ਨੂੰ ਦੱਸਿਆ... ਜ਼ੀਰਵੀ ਜੀ ਨੇ ਕਿਹਾ ਉਹ ਤਾਂ ਠੀਕ ਹੈ ਪਰ ਮੇਰਾ ਇਰਾਦਾ ਹੈ ਕਿ ਵਿਆਹ ਨਵਾਂ ਜ਼ਮਾਨਾ ਦਫਤਰ ਹੀ ਦੁਪਹਿਰ ਦੀ ਅੱਧੀ ਛੁੱਟੀ ਵੇਲੇ ਹੋਵੇ। ਅਖ਼ਬਾਰ ਵੀ ਛਪਦਾ ਰਹੇਗਾ ਤੇ ਵਿਆਹ ਵੀ ਹੋਏਗਾ... ਅਸੀਂ ਜਾ ਕੇ ਬਾਬਾ ਜੀ ਦੀ ਸਹਿਮਤੀ ਵੀ ਲੈ ਆਏ ਤੇ 6 ਸਤੰਬਰ ਨੂੰ ਉਨ੍ਹਾਂ ਨਵਾਂ ਜ਼ਮਾਨਾ ਦਫਤਰ ਆ ਕੇ ਅਸ਼ੀਰਵਾਦ ਦਿੱਤਾ...।

ਜਨਵਰੀ 1991 ਨੂੰ 'ਨਵਾਂ ਜ਼ਮਾਨਾ' ਛੱਡ ਦਿੱਤਾ ਤੇ ਉਸ ਵੇਲੇ ਸਾਡੀ ਮਿੱਤਰ ਮੰਡਲੀ ਦਾ ਡੇਰਾ ਦੇਸ਼ ਭਗਤ ਹਾਲ ਦੇ ਬਾਹਰਲੇ ਗੇਟ ਦੇ ਨਾਲ ਹਰਮੀਤ ਔਜਲਾ ਦੇ ਦਫ਼ਤਰ 'ਚ ਹੁੰਦਾ... ਤੇ ਫਿਰ ਉਥੋਂ ਹੀ ਸ਼ੁਰੂ ਹੋਇਆ 'ਮੇਲਾ ਗ਼ਦਰੀ ਬਾਬਿਆਂ ਦਾ'। ਕਾਮਰੇਡ ਨੌਨਿਹਾਲ ਤੇ ਬਾਬਾ ਜੀ ਦੀ ਅਗਵਾਈ 'ਚ ਪਹਿਲਾ ਮੇਲਾ 23-24 ਸਤੰਬਰ 1992 ਨੂੰ ਸ਼ੁਰੂ ਹੋਇਆ। ਮੇਲੇ ਦੀ ਸ਼ੁਰੂਆਤ ਦਾ ਬਾਬਾ ਜੀ ਦੇ ਚਿਹਰੇ 'ਤੇ ਅਲੌਕਿਕ ਨੂਰ ਸੀ ਜਿਵੇਂ ਉਨ੍ਹਾਂ ਦੇ ਮਨ ਦੀ ਕੋਈ ਚਿਰਾਂ ਤੋਂ ਪਈ ਖਾਹਿਸ਼ ਪੂਰੀ ਹੋਈ ਹੋਵੇ... ਉਦੋਂ ਤੋਂ ਹੀ ਦੇਸ਼ ਭਗਤ ਹਾਲ ਮੇਰਾ ਘਰ ਬਣ ਗਿਆ... 2009 ਤੱਕ... ਬਾਬਾ ਜੀ ਦਾ ਦਿਨ-ਰਾਤ ਸਾਥ ਮਾਣਿਆ। ਬਹੁਤ ਕੁਝ ਉਨ੍ਹਾਂ ਤੋਂ ਸਿਖਿਆ। ਮੈਂ ਤੇ ਹਰਮੀਤ ਉਨ੍ਹਾਂ ਦੇ ਸਭ ਤੋਂ ਵੱਧ ਲਾਡਲੇ ਪੁੱਤ ਸੀ... ਸਾਡੀ ਸ਼ਾਮ ਵੇਲੇ ਦੀ ਮਹਿਫ਼ਲ ਤੋਂ ਵੀ ਕਈ ਵਾਰ ਸਾਨੂੰ ਮਿੱਠਾ ਜਿਹਾ ਝਿੜਕਦੇ ਵੀ ਸੀ... ਤੇ ਕਦੇ-ਕਦੇ ਮੈਂ ਤੇ ਹਰਮੀਤ ਬਾਬਾ ਜੀ ਨਾਲ ਅੰਦਰ ਵੜ ਕੇ ਦੋ ਘੁੱਟ ਲਾ ਕੇ ਪਾਲੂ ਤੋਂ ਮੱਠੀ ਲਿਆ ਕੇ ਮੂੰਹ ਸਲੂਣਾ ਵੀ ਕਰ ਲੈਂਦੇ ਸੀ। ਅਸੀਂ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਦੇ ਹਿੱਸੇ ਸਾਂ। ਉਹ ਸਾਡੇ ਨਾਲ ਆਪਣੀ ਘਰੇਲੂ ਜ਼ਿੰਦਗੀ ਦੀਆਂ ਸਭ ਗੱਲਾਂ ਸਾਂਝੀਆਂ ਕਰ ਲੈਂਦੇ ਸਨ। ਹਾਲ 'ਚ ਕੋਈ ਅਖ਼ਬਾਰ ਵਾਲਾ, ਕੋਈ ਟੀ.ਵੀ. ਚੈਨਲ ਵਾਲਾ ਇੰਟਰਵਿਊ ਕਰਨ ਆਉਂਦਾ ਤਾਂ ਇਹ ਸਭ ਦਾ ਪ੍ਰਬੰਧ ਮੇਰੇ ਜ਼ਿੰਮੇ ਹੀ ਹੁੰਦਾ। ਦੇਸ਼ ਭਗਤ ਹਾਲ ਵਿਚਲਾ "ਮਿਊਜ਼ੀਅਮ" ਬਾਬਾ ਜੀ ਦੀ ਹੀ ਸੋਚ ਦਾ ਨਤੀਜਾ ਸੀ। ਮੇਲੇ ਤੋਂ ਪਹਿਲਾਂ ਗ਼ਦਰੀ ਸ਼ਹੀਦਾਂ ਦੀਆਂ ਫੋਟੋਆਂ ਹਾਲ ਦੇ ਅੰਦਰ ਲਾਬੀ ਦੀ ਪੜਛੱਤੀ ਨਾਲ ਹੀ ਟੰਗੀਆਂ ਹੁੰਦੀਆਂ ਸਨ। ਪਰ ਪਹਿਲੇ ਮੇਲੇ ਦੇ ਨਾਲ ਹੀ ਬਕਾਇਦਾ ਮਿਊਜ਼ੀਅਮ ਬਨਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਸ ਕੰਮ 'ਚ ਕਾਮਰੇਡ ਗੰਧਰਵ ਸੈਨ ਜੀ ਨੇ ਵੀ ਬਹੁਤ ਮੱਦਦ ਕੀਤੀ।

ਬਾਬਾ ਜੀ ਨਾਲ ਮੇਰਾ ਇਹ ਲੰਮਾ ਸਬੰਧ ਉਨ੍ਹਾਂ ਦੀ ਦੇਹ ਨੂੰ ਅੰਮ੍ਰਿਤਸਰ ਏਅਰਪੋਰਟ 'ਤੇ ਰਸੀਵ ਕਰਨ, ਉਸਨੂੰ ਮਾਤਮੀ ਜਲੂਸ ਦੀ ਸ਼ਕਲ ਵਿਚ ਦੇਸ਼ ਭਗਤ ਯਾਦਗਾਰ ਹਾਲ ਵਿਖੇ ਲੋਕਾਂ ਦੇ ਦਰਸ਼ਨਾਂ ਲਈ ਰੱਖਣ ਅਤੇ ਇਸ ਤੋਂ ਉਪਰੰਤ ਇਸ ਵਡੇਰੇ ਮਾਤਮੀ ਜਲੂਸ ਜਿਸ ਵਿਚ ਹਜ਼ਾਰਾਂ ਲੋਕ ਸ਼ਾਮਲ ਸਨ। ਦੇਸ਼ ਭਗਤ ਹਾਲ ਤੋਂ ਪਿੰਡ ਬਿਲਗਾ ਵਿਚਲੇ ਬਾਬਾ ਜੀ ਦੇ ਨਿੱਜੀ ਘਰ ਵਿਚ ਕੁਝ ਸਮਾਂ ਰੱਖਣ ਉਪਰੰਤ ਸਿਵਿਆਂ 'ਚ ਅਗਨ ਭੇਟ ਕਰਨ ਅਤੇ ਫਿਰ ਉਨ੍ਹਾਂ ਦੀਆਂ ਅਸਥੀਆਂ ਨੂੰ ਹੁਸੈਨੀਵਾਲਾ ਵਿਖੇ ਦਰਿਆ ਸਤਲੁਜ ਵਿੱਚ ਜਲ ਪ੍ਰਵਾਹ ਕਰਨ ਤੱਕ ਨਿਭਿਆ ਹੈ। ਮੈਨੂੰ ਇਸ ਸੋਗ ਭਰੇ ਮਾਹੌਲ ਵਿਚ ਵੀ ਇਹ ਦੇਖ ਕੇ ਸਕੂਨ ਮਿਲਦਾ ਰਿਹਾ ਸੀ ਕਿ ਏਅਰਪੋਰਟ ਤੋਂ ਦੇਸ਼ ਭਗਤ ਹਾਲ ਜਲੰਧਰ ਤੱਕ ਅਤੇ ਜਲੰਧਰ ਤੋਂ ਬਿਲਗੇ ਤੱਕ ਅਨੇਕਾਂ ਥਾਵਾਂ 'ਤੇ ਲੋਕ ਬਾਬਾ ਜੀ ਦੇ ਦਰਸ਼ਨਾਂ ਲਈ ਵਡੇਰੀ ਗਿਣਤੀ ਵਿਚ ਜੁੜਦੇ ਰਹੇ ਅਤੇ ਕਾਫ਼ਲਾ ਵਧਦਾ ਗਿਆ। ਇਸੇ ਤਰ੍ਹਾਂ ਉਨ੍ਹਾਂ ਦੀਆਂ ਅਸਥੀਆਂ ਦਾ ਕਾਫਲਾ ਵੀ ਅਨੇਕ ਥਾਵਾਂ ਤੇ ਵਡੇਰੀ ਗਿਣਤੀ ਵਿੱਚ

ਜੁੜੇ ਲੋਕਾਂ ਨੇ ਸਤਿਕਾਰ ਨਾਲ ਰੋਕਿਆ ਤੇ ਹੁਸੈਨੀਵਾਲੇ ਤੱਕ ਨਾਲ ਚੱਲਦੇ ਰਹੇ।

**ਫਿਰ ਯਾਦ ਆਈ ਗ਼ਦਰੀ ਬਾਬਾ ਬਿਲਗਾ ਜੀ ਦੀ...**

ਬਾਬਾ ਬਿਲਗਾ ਜੀ ਕੁਝ ਸਾਲ ਪਹਿਲਾਂ ਅੱਜ ਦੇ ਦਿਨ ਸਾਨੂੰ ਵਿਛੋੜਾ ਦੇ ਗਏ। ਉਮਰ ਦੇ ਇੱਕ ਸੌ ਦੋ ਵਰ੍ਹੇ ਤੱਕ ਵੀ ਬਾਬਾ ਜੀ ਦੀ ਯਾਦਾਸ਼ਤ ਪੂਰੀ ਤਰ੍ਹਾਂ ਕਾਇਮ ਸੀ। ਭਾਵੇਂ ਅਖੀਰਲੇ ਸਮੇਂ ਉਹ ਇੰਗਲੈਂਡ ਵਿੱਚ ਆਪਣੇ ਪੁੱਤਰਾਂ ਪਾਸ ਸਨ, ਪਰ ਦੇਸ਼ ਭਗਤ ਯਾਦਗਾਰ ਹਾਲ ਨਾਲ ਉਨ੍ਹਾਂ ਦਾ ਰੋਜ਼ਾਨਾ ਸੰਪਰਕ ਸੀ। ਅਖੀਰਲੇ ਵੇਲੇ ਵੀ ਉਹ ਕਾਮਰੇਡ ਚਰੰਜੀ ਲਾਲ ਵੱਲੋਂ ਲਿਖੀ ਗ਼ਦਰੀ ਸ਼ਹੀਦ ਮਾਸਟਰ ਊਧਮ ਸਿੰਘ ਕਸੇਲ ਜੀ ਦੀ ਜੀਵਨੀ ਸੁਣ ਰਹੇ ਸਨ, ਜਿਹੜੀ ਬਾਬਾ ਜੀ ਦੇ ਹੀ ਉੱਦਮ ਸਦਕਾ ਦੇਸ਼ ਭਗਤ ਯਾਦਗਾਰ ਕਮੇਟੀ ਨੇ ਪ੍ਰਕਾਸ਼ਤ ਕੀਤੀ ਸੀ।

... ਬਾਬਾ ਜੀ ਇੱਕ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਨੂੰ ਗ਼ਦਰ ਪਾਰਟੀ ਦਾ ਆਖਰੀ ਚਿਰਾਗ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਜਿੱਥੇ ਸਾਰੀ ਉਮਰ ਦੇਸ਼ ਦੀ ਆਜ਼ਾਦੀ, ਕਿਰਤੀਆਂ ਦੇ ਹੱਕਾਂ ਅਤੇ ਜਬਰ-ਜ਼ੁਲਮ ਵਿਰੁੱਧ ਚੱਲੀਆਂ ਲਹਿਰਾਂ ਵਿਚ ਸਰਗਰਮੀ ਨਾਲ ਹਿੱਸਾ ਲਿਆ, ਜੇਲ੍ਹਾਂ ਵੀ ਕੱਟੀਆਂ, ਉੱਥੇ ਉਹ ਦੇਸ਼ ਨੂੰ ਸਾਮਰਾਜੀ ਜੂਲ਼ੇ ਤੋਂ ਮੁਕਤ ਕਰਾਉਣ ਲਈ ਗ਼ਦਰ ਪਾਰਟੀ ਦੇ ਮਹਾਨ ਸੂਰਬੀਰਾਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਲਿਖਣ, ਸਾਂਭਣ ਅਤੇ ਇਸ ਨੂੰ ਅਗਲੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ-ਸ੍ਰੋਤ ਬਣਾਉਣ ਲਈ ਲਗਾਤਾਰ ਯਤਨ ਕਰਦੇ ਰਹੇ। ਗ਼ਦਰੀ ਸ਼ਹੀਦਾਂ ਦੀ ਸੂਹੀ ਲਾਟ ਦੇਸ਼ ਭਗਤ ਯਾਦਗਾਰ ਹਾਲ ਵੀ ਬਾਬਾ ਗੁਰਮੁੱਖ ਸਿੰਘ ਲਲਤੋਂ ਦੇ ਨਾਲ ਬਾਬਾ ਭਗਤ ਸਿੰਘ ਬਿਲਗਾ ਜੀ ਦੇ ਯਤਨਾਂ ਦੀ ਹੀ ਦੇਣ ਹੈ, ਜਿਨ੍ਹਾਂ ਦੀ ਸਖ਼ਤ ਮਿਹਨਤ ਸਦਕਾ ਅੱਜ ਇਹ ਯਾਦਗਾਰ ਉਸ ਸੂਹੇ ਸੰਗਰਾਮ ਦਾ ਇਤਿਹਾਸ ਸਮੋਈ ਖੜ੍ਹੀ ਹੈ।

ਬਾਬਾ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਵੱਲੋਂ ਕੀਤੇ ਸੰਘਰਸ਼ਾਂ ਬਾਰ੍ਹੇ ਕਿਤਾਬੀ ਰੂਪ ਅਤੇ ਲੇਖਾਂ 'ਚ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਅੱਜ ਅਸੀਂ ਉਨ੍ਹਾਂ ਨੂੰ ਯਾਦ ਕਰਦੇ ਹੋਏ ਬਾਬਾ ਜੀ ਵੱਲੋਂ ਆਪਣੀ ਸਮਝ ਅਤੇ ਸੋਚ ਬਾਰੇ ਉਨ੍ਹਾਂ ਵੱਲੋਂ 2002 'ਚ ਆਪ ਲਿਖਿਆ ਸੁਨੇਹਾ ਸਾਂਝਾ ਕਰ ਰਹੇ ਹਾਂ:

"ਪਿਛਲੇ 72 ਸਾਲ ਤੋਂ ਮੈਂ ਰਾਜਨੀਤਕ ਪਿੜ ਵਿੱਚ ਆਪਣਾ ਹਿੱਸਾ ਪਾਉਂਦਾ ਆਇਆ ਹਾਂ। 1930 ਤੋਂ ਅੱਜ ਤੱਕ ਨਿਰੰਤਰ ਮੇਰੀ ਰਾਜਸੀ ਜ਼ਿੰਦਗੀ ਦੀ ਨਿਰਭਰਤਾ ਗ਼ਦਰ ਪਾਰਟੀ ਦੀ ਦੇਣ ਹੈ। ਭਾਵੇਂ ਮੇਰੇ ਪਿੰਡ ਬਿਲਗੇ ਦੇ ਸਿਆਸੀ ਜੀਵਨ ਤੇ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਘੋਲਾਂ ਦਾ ਮੇਰੇ 'ਤੇ ਪਹਿਲੋਂ ਹੀ ਅਸਰ ਸੀ। ਕਰਜ਼ੇ ਹੇਠ ਦੱਬੇ ਆਮ ਨੌਜਵਾਨ, ਕਰਜ਼ੇ ਦੀ ਸੱਟ ਹੇਠੋਂ ਨਿਕਲਣ ਲਈ ਵਿਦੇਸ਼ਾਂ ਨੂੰ ਜਾਂਦੇ ਸਨ। ਮੈਂ ਵੀ ਇਸੇ ਕਾਰਨ ਵਿਦੇਸ਼ ਨੂੰ ਗਿਆ ਸਾਂ। ਪਰ ਗ਼ਦਰ ਪਾਰਟੀ ਦੀ ਸਿੱਖਿਆ ਲੈਣ ਮਗਰੋਂ ਕਰਜ਼ਾ ਲਾਹੁਣ ਦੀ ਬਜਾਏ ਇਨਕਲਾਬ ਲੈ ਕੇ ਦੇਸ਼ ਨੂੰ ਪਰਤ ਆਇਆ ਸਾਂ। ਅੰਡਰ ਗਰਾਊਂਡ ਜ਼ਿੰਦਗੀ ਬਤੀਤ ਕੀਤੀ। ਖੁੱਲ੍ਹੇ ਮੈਦਾਨ ਵਿੱਚ ਬੁਲਾਰੇ ਦੇ ਤੌਰ 'ਤੇ ਵੀ ਕੰਮ ਕੀਤਾ। 'ਲਾਲ ਢੰਡੋਰਾ' ਗੁਪਤ ਅਖ਼ਬਾਰ ਦਾ ਐਡੀਟਰ ਵੀ ਰਿਹਾ। ਜੇਲ੍ਹਾਂ ਤੇ ਨਜ਼ਰਬੰਦੀਆਂ ਵੀ ਕੱਟੀਆਂ, ਪਰ ਸਭ ਤੋਂ ਅਹਿਮ ਮੇਰੇ ਅਖ਼ੀਰਲੇ ਦੋ ਦਹਾਕਿਆਂ ਦੇ ਸਾਲ ਹਨ, ਜਿਸ ਵਿਚ ਮੈਨੂੰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਧੰਨਵਾਦੀ ਹਾਂ ਦੇਸ਼ ਭਗਤਾਂ ਦਾ, ਜਿਨ੍ਹਾਂ ਮੈਨੂੰ ਹਰ ਮੌਕੇ ਸਫ਼ਲ ਹੋਣ 'ਚ ਸਹਾਇਤਾ ਦਿੱਤੀ। ਇਸ

ਮੌਕੇ ਅਨੇਕਾਂ ਵਿਅਕਤੀਆਂ ਨਾਲ ਵਾਹ ਪਿਆ ਅਤੇ ਜੋ ਮੇਰੀ ਜ਼ਿੰਦਗੀ ਦੇ ਸਾਂਝੀਵਾਲ ਬਣੇ, ਉਨ੍ਹਾਂ ਨੂੰ ਮੈਂ ਭੁਲਾ ਨਹੀਂ ਸਕਦਾ। ਤਕਰੀਬਨ 70 ਸਾਲ ਦੀ ਉਮਰ ਵਿੱਚ ਬਹੁਤ ਉਤਰਾਅ ਚੜ੍ਹਾਅ ਦੇਖੇ। ਕੁਝ ਕੀਤਾ, ਕੁਝ ਨਾ ਕਰ ਸਕਿਆ। ਮੇਰੀ ਜ਼ਿੰਦਗੀ ਮੇਰੇ ਲੋਕਾਂ ਦੇ ਸਾਹਮਣੇ ਇੱਕ ਖੁੱਲ੍ਹੀ ਕਿਤਾਬ ਵਾਂਗ ਹੈ। ਜੋ ਨਾ ਕਰ ਸਕਿਆ ਉਸ 'ਤੇ ਮੈਨੂੰ ਮੁਆਫ਼ ਕਰ ਦੇਣਾ ਤੇ ਜੋ ਕਰ ਸਕਿਆ, ਉਸ ਨੂੰ ਘੋਖ ਕੇ ਸਹੀ-ਗ਼ਲਤ ਹੋਣ ਦਾ ਅਧਿਕਾਰ ਤੁਹਾਨੂੰ ਦਿੰਦਾ ਹਾਂ...!"

ਜਿੱਥੇ ਬਾਬਾ ਜੀ ਕਿਰਤੀਆਂ ਦੇ ਹੱਕਾਂ ਲਈ ਚੱਲੇ ਸੰਘਰਸ਼ਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਰਹੇ ਓਥੇ ਉਨ੍ਹਾਂ ਹਰ ਤਰ੍ਹਾਂ ਫਿਰਕਾਪ੍ਰਸਤੀ ਵਿਰੁੱਧ ਡਟ ਕੇ ਆਵਾਜ਼ ਉਠਾਈ, ਭਾਵੇਂ ਉਹ ਸ਼ਿਵ ਸੈਨਕਾਂ ਦੀ ਗੁੰਡਾਗਰਦੀ ਸੀ ਜਾਂ ਉਹ ਖ਼ਾਲਿਸਤਾਨੀ ਦਹਿਸ਼ਤਗਰਦੀ ਦਾ ਦੌਰ ਸੀ, ਉਨ੍ਹਾਂ ਦਲੇਰੀ ਨਾਲ ਉਨ੍ਹਾਂ ਵਿਰੁੱਧ ਸੰਘਰਸ਼ ਕੀਤਾ ਅਤੇ ਉਹ ਇਨ੍ਹਾਂ ਵੱਖਵਾਦੀ ਤਾਕਤਾਂ ਵਿਰੁੱਧ ਗ਼ਦਰ ਲਹਿਰ ਦੀ ਵਿਚਾਰਧਾਰਾ ਲੈ ਕੇ ਮੈਦਾਨ ਵਿਚ ਨਿੱਤਰੇ।

ਆਪਣੀ ਸਮਝ ਤੇ ਆਪਣੀ ਸੋਚ ਬਾਰੇ ਲਿਖੀ ਲਿਖਤ ਦੇ ਆਖ਼ਰ 'ਚ ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਵੱਈਏ ਰਾਹੀਂ ਇਨਸਾਨੀਅਤ ਪ੍ਰਤੀ ਸੁਨੇਹਾ ਦਿੱਤਾ ਹੈ:

ਮਾਨਸ ਕੀ ਜਾਤਿ, ਸਬੈ ਏਕੈ ਪਹਿਚਾਨਬੋ।
ਕਰਤਾ ਕਰੀਮ ਸੋਈ, ਰਾਜ਼ਿਕ ਰਹੀਮ ਊਈ,
ਦੂਸਰੇ ਨਾ ਭੇਦ ਕੋਈ, ਭੂਲਿ ਭ੍ਰਮ ਮਾਨਬੋ।
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ।
ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜੱਛ ਗੰਧਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ, ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਿਸ਼, ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ, ਪੁਰਾਨ ਅਉ ਕੁਰਾਨ ਓਈ,
ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ।
ਜੈਸੇ ਇੱਕ ਆਗ ਤੇ, ਕਨੂਕਾ ਕੋਟਿ ਆਗ ਉਠੈ,
ਨਿਆਰੇ ਨਿਆਰੇ ਹੁਇ ਕੇ, ਫੇਰਿ ਆਗ ਮੈਂ ਮਿਲਾਹਿਗੇ।

ਅੱਜ ਅਸੀਂ ਬਾਬਾ ਜੀ ਦੇ ਲੰਮੇ ਸੰਘਰਸ਼ ਤੇ ਦੇਣ ਨੂੰ ਯਾਦ ਕਰਦਿਆਂ ਸਨੇਹ ਅਤੇ ਆਦਰ ਨਾਲ ਉਨ੍ਹਾਂ ਦੀ ਸੋਚ ਨੂੰ ਸਲਾਮ ਕਰਦੇ ਹਾਂ।

***

# ਬਾਬਾ ਭਗਤ ਸਿੰਘ ਬਿਲਗਾ ਜੀ
# ਇਕ ਪ੍ਰੇਰਨਾ ਸਰੋਤ ਵਿਅਕਤਿਤਵ

- ਮੰਗਤ ਰਾਮ ਪਾਸਲਾ

ਬਾਬਾ ਭਗਤ ਸਿੰਘ ਬਿਲਗਾ ਜੀ ਦਾ ਜੱਦੀ ਪਿੰਡ, ਬਿਲਗਾ (ਜ਼ਿਲ੍ਹਾ ਜਲੰਧਰ) ਮੇਰੇ ਪਿੰਡ ਪਾਸਲਾ ਦੇ ਬਿਲਕੁਲ ਨੇੜੇ ਹੀ ਹੈ। ਪ੍ਰੰਤੂ ਉਨ੍ਹਾਂ ਦੀਆਂ ਰਾਜਨੀਤਕ ਸਰਗਰਮੀਆਂ ਤੇ ਇਨਕਲਾਬੀ ਸੋਚ ਬਾਰੇ ਜਾਣਕਾਰੀ ਮੈਨੂੰ ਬਾਬਾ ਬਿਲਗਾ ਜੀ ਦੇ ਦੇਸ਼ ਭਗਤ ਯਾਦਗਾਰ ਟਰੱਸਟ ਜਲੰਧਰ ਦੇ ਜਨਰਲ ਸਕੱਤਰ/ਪ੍ਰਧਾਨ ਦੇ ਅਹੁਦੇ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਹੀ ਨਿਖਰਵੇਂ ਰੂਪ ਵਿਚ ਸਮਝ ਆਈ ਜਦੋਂ ਮੈਂ ਦੇਸ਼ ਭਗਤ ਹਾਲ ਵਿਚ ਅਕਸਰ ਹੀ ਆਉਣ ਜਾਣ ਲੱਗ ਪਿਆ। ਬਾਅਦ ਵਿਚ ਯਾਦਗਾਰ ਟਰੱਸਟ ਦੀ ਕਮੇਟੀ ਦਾ ਮੈਂਬਰ ਬਣਨ 'ਤੇ ਮੈਨੂੰ ਬਾਬਾ ਬਿਲਗਾ ਜੀ ਦੀ ਅਗਵਾਈ ਦੀ ਸਮਰੱਥਾ ਨੂੰ ਨੇੜਿਓਂ ਹੋ ਕੇ ਸਮਝਣ ਦਾ ਸੁਭਾਗ ਪ੍ਰਾਪਤ ਵੀ ਹੋਇਆ। ਕਿਸੇ ਵਿਅਕਤੀ ਬਾਰੇ ਕਿਤਾਬਾਂ ਵਿਚੋਂ ਮਿਲੀ ਜਾਣਕਾਰੀ ਨਾਲੋਂ ਉਸਨੂੰ ਨਿੱਜੀ ਰੂਪ ਵਿਚ ਮਿਲਕੇ ਵਿਚਾਰ ਵਟਾਂਦਰਾ ਕਰਨ ਤੇ ਮਨ ਦੇ ਅੰਦਰਲੇ ਹਾਵਾਂ-ਭਾਵਾਂ ਨੂੰ ਸਮਝਣ ਨਾਲ ਉਸ ਵਿਅਕਤਿਤਵ ਬਾਰੇ ਜਾਣਕਾਰੀ ਵਧੇਰੇ ਯਥਾਰਥਕ ਤੇ ਡੂੰਘੀ ਹੁੰਦੀ ਹੈ। ਬਾਬਾ ਬਿਲਗਾ ਜੀ ਦਾ ਵਿਅਕਤਿਤਵ, ਸੰਵੇਦਨਸ਼ੀਲਤਾ ਤੇ ਸਮਾਜਿਕ ਤਬਦੀਲੀ ਲਈ ਉੱਸਲ ਵੱਟੇ ਲੈਂਦੀ ਤਾਂਘ ਦਾ ਅਹਿਸਾਸ ਉਨ੍ਹਾਂ ਬਾਰੇ ਇਤਿਹਾਸਕ ਦਸਤਾਵੇਜ਼ਾਂ ਵਿਚ ਪੜ੍ਹਨ ਨਾਲੋਂ ਮੈਨੂੰ ਅੱਖੀਂ ਦੇਖਣ ਨਾਲ ਕਈ ਗੁਣਾਂ ਵੱਡੇ ਆਕਾਰ ਦਾ ਜਾਪਿਆ।

ਬਾਬਾ ਬਿਲਗਾ ਜੀ ਉਸ ਵੰਨਗੀ ਦੇ ਇਨਕਲਾਬੀ ਸਨ, ਜਿਨ੍ਹਾਂ ਨੇ ਆਜ਼ਾਦੀ ਸੰਗਰਾਮ ਵਿਚ ਕੁੱਦਣ ਸਮੇਂ ਜਿਹੜਾ ਆਜ਼ਾਦੀ ਪ੍ਰਾਪਤੀ ਤੇ ਸਮਾਜਿਕ ਤਬਦੀਲੀ ਦਾ ਨਿਸ਼ਾਨਾ ਦਿਲ ਵਿਚ ਧਾਰਿਆ ਸੀ, ਉਸ ਦੀ ਪ੍ਰਾਪਤੀ ਵਾਸਤੇ ਉਹ ਅੰਤਿਮ ਸਾਹਾਂ ਤੱਕ ਅਡੋਲ ਖੜ੍ਹੇ ਰਹੇ ਤੇ ਸਮਰੱਥਾ ਅਨੁਸਾਰ ਜੂਝਦੇ ਰਹੇ। ਅਨੇਕਾਂ ਆਜ਼ਾਦੀ ਸੰਗਰਾਮੀਆਂ ਤੋਂ ਭਿੰਨ, ਜਿਹੜੇ 1947 ਵਿਚ ਭਾਰਤ ਦੀ ਆਜ਼ਾਦੀ ਮਿਲਣ ਉਪਰੰਤ ਹਾਕਮ ਧਿਰਾਂ ਦੇ ਸਹਿਯੋਗੀ ਬਣੇ, ਬਾਬਾ ਬਿਲਗਾ ਜੀ ਨੇ ਸਮਾਜਿਕ ਬਰਾਬਰੀ ਤੇ ਆਰਥਿਕ ਲੁੱਟ ਖਸੁੱਟ ਦੇ ਖਾਤਮੇ ਲਈ ਸਿਰਫ਼ ਸ਼ਾਸਕਾਂ ਦੀ ਤਬਦੀਲੀ ਉੱਪਰ ਹੀ ਤਸੱਲੀ ਨਹੀਂ ਕੀਤੀ ਬਲਕਿ ਪੂੰਜੀਵਾਦੀ ਢਾਂਚੇ ਦਾ ਖਾਤਮਾ ਕਰਕੇ ਸਮਾਜਵਾਦੀ ਤਰਜ਼ ਦੀ ਵਿਵਸਥਾ ਕਾਇਮ ਕਰਨ ਲਈ ਵੱਖ ਵੱਖ ਢੰਗਾਂ ਨਾਲ ਆਪਣੀ ਸਰਗਰਮੀ ਨਿਰੰਤਰ ਜਾਰੀ ਰੱਖੀ।

ਮੈਂ ਨੇੜਿਓਂ ਹੋ ਕੇ ਤੱਕੇ ਬਾਬਾ ਭਗਤ ਸਿੰਘ ਬਿਲਗਾ ਜੀ ਵਿਚ ਹੋਰ ਬਹੁਤ ਸਾਰੇ ਗੁਣਾਂ

ਦੇ ਨਾਲ ਦੋ ਮੁੱਦਿਆਂ ਬਾਰੇ ਉਨ੍ਹਾਂ ਦਾ ਬਹੁਤ ਹੀ ਸਪੱਸ਼ਟ ਤੇ ਬੇਬਾਕ ਪੈਂਤੜਾ ਅਨੁਭਵ ਕੀਤਾ। ਪਹਿਲਾ ਅੰਤਿਮ ਰੂਪ ਵਿਚ ਮਜ਼ਦੂਰ ਜਮਾਤ ਦੀ ਜਿੱਤ ਤੇ ਸਮਾਜਵਾਦੀ ਵਿਵਸਥਾ ਦੀ ਕਾਇਮੀ ਵਿਚ ਅਟੁੱਟ ਵਿਸ਼ਵਾਸ ਤੇ ਦੂਸਰਾ ਸਮਾਜਿਕ ਪਰਿਵਰਤਨ ਲਈ ਜੂਝਦੀ ਕਿਸੇ ਵੀ ਜਥੇਬੰਦੀ ਜਾਂ ਵਿਅਕਤੀ ਲਈ ਅੰਤਾਂ ਦੀ ਹਮਦਰਦੀ ਤੇ ਉਨ੍ਹਾਂ ਦੇ ਕੰਮ ਵਿਚ ਸਹਾਈ ਹੋਣ ਦੀ ਚੇਸ਼ਟਾ। ਕਿਸੇ ਔਖਿਆਈ ਜਾਂ ਇਨਕਲਾਬੀ ਲਹਿਰ ਵਿਚ ਆਈ ਖੜੋਤ ਜਾਂ ਝਟਕੇ ਨੂੰ ਉਹ ਬਹੁਤ ਹੀ ਥੋੜ ਚਿਰਾ ਤੇ ਅਸਥਾਈ ਮੰਨਦੇ ਸਨ। ਇਸੇ ਕਰਕੇ ਕਿਸੇ ਮੁਸ਼ਕਿਲ ਦੌਰ ਸਮੇਂ ਵੀ ਉਨ੍ਹਾਂ ਦੇ ਚਿਹਰੇ ਉੱਪਰ ਮਾਯੂਸੀ ਦੇ ਚਿੰਨ੍ਹ ਮੈਂ ਬਹੁਤ ਘੱਟ ਹੀ ਦੇਖੇ। ਬੁਢੇਪੇ ਦੀ ਆਮਦ ਤੇ ਅੱਖਾਂ ਦੀ ਰੌਸ਼ਨੀ ਦਾ ਅਲੋਪ ਹੋ ਜਾਣਾ ਵੀ ਬਾਬਾ ਜੀ ਦੇ ਚਮਕ ਰਹੇ ਚਿਹਰੇ ਦਾ ਜੋਸ਼ ਤੇ ਜਲੌਅ ਮੱਠਾ ਨਹੀਂ ਸੀ ਕਰ ਸਕਿਆ। ਦ੍ਰਿੜ ਇਰਾਦੇ ਤੇ ਜ਼ੁਬਾਨ ਦਾ ਸੁਮੇਲ ਉਨ੍ਹਾਂ ਦੇ ਕਹੇ ਹਰ ਬੋਲ ਵਿਚ ਝਲਕਦਾ ਸੀ। ਦੇਸ਼ ਭਗਤ ਯਾਦਗਾਰ ਜਲੰਧਰ ਦੇ ਵਿਹੜੇ ਦੀ ਫਿਜ਼ਾ ਵਿਚ ਬਾਬਾ ਜੀ ਦੇ ਤੁਰ ਜਾਣ ਬਾਅਦ ਉਨ੍ਹਾਂ ਦੇ ਕਹੇ ਸ਼ਬਦ ਅੱਜ ਵੀ ਓਨੀ ਹੀ ਬੁਲੰਦੀ ਤੇ ਗਰਜ ਨਾਲ ਗੂੰਜਦੇ ਸੁਣੇ ਜਾ ਸਕਦੇ ਹਨ।

ਰਹੀ ਗੱਲ ਲੁਟੇਰੇ ਪ੍ਰਬੰਧ ਵਿਰੁੱਧ ਜੂਝਣ ਵਾਲੇ ਸੰਗਠਨਾਂ ਤੇ ਵਿਅਕਤੀਆਂ ਬਾਰੇ ਅਮੁੱਕ ਸੁਨੇਹ ਦੀ, ਜਿਸ ਦਾ ਪ੍ਰਗਟਾਵਾ ਕਰਨ ਬਾਰੇ ਬਾਬਾ ਭਗਤ ਸਿੰਘ ਬਿਲਗਾ ਜੀ ਹਰ ਸਮੇਂ ਤਤਪਰ ਰਹਿੰਦੇ ਸਨ। ਉਨ੍ਹਾਂ ਨੂੰ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ, ਗ਼ੁਰਬਤ ਭਰੀਆਂ ਅਵਸਥਾਵਾਂ ਤੇ ਖੱਬੀ ਲਹਿਰ ਵਿਚਲੇ ਸਵਾਰਥੀ ਹਿੱਤਾਂ ਤੋਂ ਪ੍ਰੇਰਿਤ ਕੁਝ ਲੋਕਾਂ ਦੇ ਕ੍ਰੋਧ ਤੇ ਹਉਮੈ ਦਾ ਸ਼ਿਕਾਰ ਹੋ ਰਹੇ ਇਮਾਨਦਾਰ ਕਾਰਕੁੰਨਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਡੂੰਘਾ ਗਿਆਨ ਸੀ, ਕਿਉਂਕਿ ਉਨ੍ਹਾਂ ਨੇ ਆਪਣੇ ਜੀਵਨ ਵਿਚ ਅਜਿਹਾ ਬਹੁਤ ਕੁਝ ਹੱਡੀਂ ਹੰਢਾਇਆ ਸੀ। ਕਮਿਊਨਿਸਟ ਲਹਿਰ ਦੇ ਵੱਖ ਵੱਖ ਦੌਰਾਂ ਵਿਚ ਉਨ੍ਹਾਂ ਨੂੰ ਕਈ ਵਾਰ ਆਪਣੀ ਸਮਝ ਅਨੁਸਾਰ ਅਸੂਲੀ ਪੈਂਤੜਾ ਲੈਣ ਬਦਲੇ ਭਾਰੂ ਲੀਡਰਸ਼ਿਪ ਦੀ ਕਰੋਪੀ ਦਾ ਸ਼ਿਕਾਰ ਬਣਨਾ ਪਿਆ ਤੇ ਪਾਰਟੀ ਜਥੇਬੰਦੀ ਵਿਚ ਅਨੇਕਾਂ ਸਜ਼ਾਵਾਂ ਤੇ ਮੁਸ਼ਕਿਲਾਂ ਨਾਲ ਵੀ ਦੋ ਚਾਰ ਹੋਣਾ ਪਿਆ ਸੀ। ਆਪਣੇ ਘਰ ਵਿਚ ਹੰਢਾਈ ਗ਼ਰੀਬੀ ਦਾ ਵੀ ਉਹਨਾਂ ਨੂੰ ਪੂਰਾ ਅਹਿਸਾਸ ਸੀ। ਇਸ ਲਈ ਜਦੋਂ ਕੋਈ ਆਰਥਿਕ ਤੇ ਸਮਾਜਿਕ ਤੌਰ 'ਤੇ ਪੱਛੜੇ ਵਰਗਾਂ ਨਾਲ ਸਬੰਧਤ ਕਿਸੇ ਕਮਿਊਨਿਸਟ ਕਾਰਕੁੰਨ ਨਾਲ ਉਨ੍ਹਾਂ ਨੂੰ ਕੋਈ ਗ਼ਲਤ ਵਿਵਹਾਰ ਜਾਂ ਜ਼ਿਆਦਤੀ ਮਹਿਸੂਸ ਹੁੰਦੀ ਤਾਂ ਬਾਬਾ ਬਿਲਗਾ ਜੀ ਇਕ ਬਜ਼ੁਰਗ ਪਿਤਾ ਤੇ ਸੁਹਿਰਦ ਆਗੂ ਵਾਂਗਰ ਉਸਦੀ ਪਿੱਠ ਤੇ ਹੱਥ ਰੱਖਦੇ ਤੇ ਉਸਦੀ ਹੌਂਸਲਾ ਅਫਜ਼ਾਈ ਕਰਦੇ। ਸਿੱਧਾਂਤਕ ਰੂਪ ਵਿਚ ਸੇਧ ਦੇਣ ਦੇ ਨਾਲ-ਨਾਲ ਉਹ ਹਰ ਕਿਸਮ ਦੀ ਮਦਦ ਦਾ ਭਰੋਸਾ ਵੀ ਦਿੰਦੇ। ਜੇਕਰ ਬਾਬੇ ਭਗਤ ਸਿੰਘ ਬਿਲਗੇ ਦੇ ਕੱਦ ਜੇਡਾ ਵਿਅਕਤੀ ਕਿਸੇ ਔਕੜ ਸਮੇਂ ਪੀੜਤ ਜਾਂ ਲੋੜਵੰਦ ਵਿਅਕਤੀ ਨੂੰ ਹੱਲਾ ਸ਼ੇਰੀ ਦਿੰਦਾ ਹੈ, ਤਦ ਉਸ ਵਿਅਕਤੀ/ਸੰਗਠਨ ਦੀ ਹੱਕ ਇਨਸਾਫ ਲਈ ਲੜਨ ਦੀ ਸਮਰੱਥਾ ਕਈ ਗੁਣਾਂ ਵੱਧ ਜਾਂਦੀ ਹੈ। ਸਮਾਜਕ ਤਬਦੀਲੀ ਵਿਚ ਸਮੁੱਚੇ ਮਿਹਨਤਕਸ਼, ਖਾਸ ਕਰ ਕਥਿਤ ਤੌਰ 'ਤੇ ਅਛੂਤ ਤੇ ਪੱਛੜੇ ਸਮਝੇ ਜਾਂਦੇ ਲੋਕਾਂ ਨਾਲ ਬਾਬਾ ਬਿਲਗਾ ਜੀ ਦਾ ਬਹੁਤ ਹੀ ਮੋਹ ਪਿਆਰ ਵਾਲਾ ਰਿਸ਼ਤਾ ਸੀ।

ਦੇਸ਼ ਦਾ ਮੌਜੂਦਾ ਆਰਥਿਕ ਤੇ ਸਮਾਜਿਕ ਢਾਂਚਾ ਲੁਟੇਰੇ ਵਰਗਾਂ ਦੀ ਰਖਵਾਲੀ ਕਰ ਰਿਹਾ ਹੈ ਤੇ ਕਿਰਤੀ ਜਨ ਸਮੂਹਾਂ ਦੇ ਵਿਸ਼ਾਲ ਵਰਗਾਂ ਨੂੰ ਸੰਤਾਪ ਭਰੀ ਜ਼ਿੰਦਗੀ ਜੀਊਣ ਵਾਸਤੇ

ਮਜ਼ਬੂਰ ਕਰਦਾ ਹੈ। ਇਸ ਲਈ ਸਮਾਜਿਕ ਤਬਦੀਲੀ ਵਾਸਤੇ ਸੰਘਰਸ਼ਸ਼ੀਲ ਧਿਰਾਂ ਤੇ ਵਿਅਕਤੀਆਂ ਲਈ ਬਾਬਾ ਭਗਤ ਸਿੰਘ ਬਿਲਗਾ ਜੀ ਹਮੇਸ਼ਾ ਹੀ ਪ੍ਰੇਰਨਾ ਸਰੋਤ ਬਣੇ ਰਹਿਣਗੇ ਕਿਉਂਕਿ ਬਾਬਾ ਭਗਤ ਸਿੰਘ ਬਿਲਗਾ ਜੀ ਦੀ ਇਨਕਲਾਬੀ ਕਾਜ਼ ਪ੍ਰਤੀ ਸਮਰਪਤ ਭਾਵਨਾ ਉਨ੍ਹਾਂ ਦੇ ਅੰਤਮ ਸਾਹਾਂ ਤੱਕ ਅੰਗ ਸੰਗ ਰਹੀ।

✲✲✲

# ਬਾਬਾ ਭਗਤ ਸਿੰਘ ਬਿਲਗਾ ਜੀ, ਇਕ ਪ੍ਰੇਰਨਾ ਸਰੋਤ ਵਿਅਕਤੀਤਵ

-ਕਾ. ਕੁਲਵੰਤ ਸਿੰਘ ਸੰਧੂ

ਬਾਬਾ ਭਗਤ ਸਿੰਘ ਬਿਲਗਾ ਜੀ ਉਨ੍ਹਾਂ ਮਹਾਨ ਵਿਅਕਤੀਆਂ ਵਿਚੋਂ ਇਕ ਸਨ ਜਿਨ੍ਹਾਂ ਨੇ ਸਾਮਰਾਜ ਵਿਰੋਧੀ ਤੇ ਅਜ਼ਾਦੀ ਪ੍ਰਾਪਤੀ ਤੋਂ ਬਾਅਦ ਭਾਰਤੀ ਹਾਕਮਾਂ ਦੀਆਂ ਲੋਕਦੋਖੀ ਨੀਤੀਆਂ ਵਿਰੁੱਧ ਉੱਠੀਆਂ ਵੱਖ-ਵੱਖ ਇਨਕਲਾਬੀ ਲਹਿਰਾਂ ਵਿਚ ਹਿੱਸਾ ਹੀ ਨਹੀਂ ਲਿਆ, ਬਲਕਿ ਅਨੇਕਾਂ ਵਾਰ ਇਕ ਆਗੂ ਵਜੋਂ ਭੂਮਿਕਾ ਅਦਾ ਕੀਤੀ। ਗ਼ਦਰ ਪਾਰਟੀ ਤੋਂ ਲੈ ਕੇ ਹਰ ਵੰਨਗੀ ਦੀ ਕਮਿਊਨਿਸਟ ਲਹਿਰ ਅੰਦਰ ਬਾਬਾ ਬਿਲਗਾ ਜੀ ਨੇ ਦੇਸ਼ ਤੇ ਮਿਹਨਤਕਸ਼ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਅਨੇਕਾਂ ਜਫ਼ਰ ਜਾਲੇ। ਘਰ ਦੀਆਂ ਅਨੇਕਾਂ ਮਾਇਕ ਤੇ ਸਮਾਜਿਕ ਤੰਗੀਆਂ ਨਾਲ ਦੋ ਚਾਰ ਹੁੰਦੇ ਹੋਏ, ਉਹ ਜ਼ਿੰਦਗੀ ਭਰ ਨਿਰੰਤਰ ਆਪਣੇ ਮਿਥੇ ਨਿਸ਼ਾਨੇ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਰਹੇ। ਬਹੁਤ ਸਾਰੇ ਗ਼ਦਰੀ ਬਾਬਿਆਂ, ਹੋਰ ਦੇਸ਼ ਭਗਤਾਂ ਅਤੇ ਕਮਿਊਨਿਸਟ ਆਗੂਆਂ ਨਾਲ ਉਨ੍ਹਾਂ ਦਾ ਮੇਲ ਮਿਲਾਪ ਕਦੀ ਸਿੱਖਣ ਵਾਲਾ ਤੇ ਕਦੀ ਸਿਖਾਉਣ ਵਾਲਾ ਵੀ ਰਿਹਾ। ਇਸੇ ਕਰਕੇ ਲੰਬੀ ਰਾਜਸੀ ਜ਼ਿੰਦਗੀ ਵਿਚ ਉਹ ਅਨੇਕਾਂ ਵਾਰ 'ਅਧਿਆਪਕ' ਤੇ 'ਵਿਦਿਆਰਥੀ' ਦੋਨੋਂ ਰੂਪਾਂ ਵਿਚ ਦੇਖੇ ਜਾ ਸਕਦੇ ਹਨ।

ਬਾਬਾ ਭਗਤ ਸਿੰਘ ਬਿਲਗਾ ਜੀ ਨਾਲ ਮੇਰਾ ਨੇੜਿਓਂ ਮਿਲਾਪ ਉਨ੍ਹਾਂ ਦੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ/ਜਨਰਲ ਸਕੱਤਰ ਦੇ ਸਤਿਕਾਰਤ ਅਹੁਦੇ ਉੱਪਰ ਡਿਊਟੀ ਨਿਭਾਉਂਦਿਆਂ ਹੋਇਆ। ਕਿਸ ਤਰ੍ਹਾਂ ਕੋਈ ਇਨਕਲਾਬੀ ਕਾਰਜ ਪ੍ਰਤੀ ਨਿਸ਼ਠਾ ਵਾਲਾ ਵਿਅਕਤੀ ਕਿਸੇ ਵੀ ਜਗ੍ਹਾ ਜਾਂ ਅਹੁਦੇ ਉਪਰ ਕੰਮ ਕਰਦਾ ਹੋਇਆ, ਆਪਣੀ ਪ੍ਰਤਿਭਾ, ਇਮਾਨਦਾਰੀ, ਦੂਰ ਅੰਦੇਸ਼ੀ ਅਤੇ ਮਿਲਾਪੜੇ ਸੁਭਾਅ ਸਦਕਾ, ਉਸ ਨੂੰ 'ਭਾਗ' ਲਗਾ ਦਿੰਦਾ ਹੈ, ਇਹ ਸਾਰਾ ਕੁਝ ਮੈਂ ਬਾਬਾ ਬਿਲਗਾ ਜੀ ਵਿਚ ਨੇੜਿਓ ਹੋ ਕੇ ਤੱਕਿਆ। ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਜਿਹੜਾ ਵੀ ਇਨਕਲਾਬੀ ਕਾਰਜ ਨਿਭਾਅ ਰਹੀ ਹੈ ਤੇ ਪੰਜਾਬ ਤੇ ਦੇਸ਼ ਦੀਆਂ ਸਾਰੀਆਂ ਅਗਾਂਹਵਧੂ, ਦੇਸ਼ ਭਗਤ ਅਤੇ ਇਨਕਲਾਬੀ ਸ਼ਕਤੀਆਂ ਦੀ ਸੋਚ ਵਿਚ ਆਪਣਾ ਅਮਿੱਟ ਪ੍ਰਭਾਵ ਸਥਾਪਤ ਕਰਨ ਵਿਚ ਸਫ਼ਲ ਹੋਈ ਹੈ, ਉਸ ਪਿੱਛੇ ਬਾਬਾ ਭਗਤ ਸਿੰਘ ਬਿਲਗਾ ਜੀ ਦਾ ਬਹੁਤ ਹੀ ਅਮੁੱਲਾ ਯੋਗਦਾਨ ਝਲਕਾਂ ਮਾਰਦਾ ਹੈ। ਇਕੱਲਾ ਦੇਸ਼ ਭਗਤ ਯਾਦਗਾਰ ਹਾਲ ਅਤੇ ਇਸ ਨਾਲ ਜੁੜੀਆਂ ਦੂਸਰੀਆਂ ਵੱਡੀਆਂ ਇਮਾਰਤਾਂ ਜਾਂ ਸਮੁੱਚਾ ਕੰਪਲੈਕਸ ਹੀ ਨਹੀਂ ਬਲਕਿ ਇਸ ਚਾਰਦੀਵਾਰੀ ਦੇ ਵਾਤਾਵਰਣ ਵਿਚ ਗ਼ਦਰੀ ਬਾਬਿਆਂ ਵੱਲੋਂ ਸਾਮਰਾਜੀ ਦੁਸ਼ਮਣਾਂ ਵਿਰੁੱਧ ਹੱਕ, ਸੱਚ, ਅਜ਼ਾਦੀ ਤੇ ਇਨਸਾਫ਼ ਲਈ ਮਾਰੇ ਲਲਕਾਰਿਆਂ ਦੀਆਂ ਗੂੰਜਾਂ ਸਦੀਵੀ ਬਣਾਉਣ ਵਿਚ ਵੀ ਬਾਬਾ ਬਿਲਗਾ ਜੀ ਦੀ ਦੇਣ ਸਾਫ਼ ਝਲਕਦੀ ਹੈ।

ਉਂਞ ਤਾਂ ਬਾਬਾ ਬਿਲਗਾ ਜੀ ਦਾ ਦਿਲ ਸਮੁੱਚੇ ਮਿਹਨਤਕਸ਼ਾਂ ਦੀ ਬੰਦ ਖਲਾਸੀ ਲਈ ਹੀ ਧੜਕਦਾ ਸੀ, ਪ੍ਰੰਤੂ ਨੌਜੁਆਨਾਂ ਤੇ ਔਰਤਾਂ ਪ੍ਰਤੀ ਉਨ੍ਹਾਂ ਦਾ ਖ਼ਾਸ ਕਿਸਮ ਦਾ ਹੀ ਲਗਾਅ ਸੀ। ਇਨ੍ਹਾਂ ਦੋਨਾਂ ਵਰਗਾਂ ਦੀ ਭਾਗਦਾਰੀ ਤੋਂ ਬਿਨਾਂ ਕੋਈ ਵੀ ਸਮਾਜਿਕ ਬਦਲਾਅ ਸੰਭਵ ਨਹੀਂ ਹੈ, ਇਹ ਸੀ ਕਾਰਨ ਇਨ੍ਹਾਂ ਪ੍ਰਤੀ ਸਨੇਹ ਦਾ। ਜਦੋਂ ਵੀ ਕਦੀ ਕੋਈ ਨੌਜਵਾਨ ਜਾਂ ਔਰਤ ਬਾਬਾ ਜੀ ਨਾਲ ਵਿਚਾਰ-ਵਟਾਂਦਰਾ ਕਰਦਾ/ਕਰਦੀ ਤਦ ਬਾਬਾ ਜੀ ਉਨ੍ਹਾਂ ਨੂੰ ਆਪਣੇ ਹੱਕਾਂ ਹਿੱਤਾਂ ਦੀ ਰਾਖੀ ਕਰਨ ਅਤੇ ਹਰ ਬੇਇਨਸਾਫ਼ੀ ਵਿਰੁੱਧ ਜੂਝਣ ਦੀ ਪ੍ਰੇਰਨਾ ਕਰਦੇ। ਬਾਬਾ ਜੀ ਦਾ ਇਹ ਯਤਨ ਕਦੀ ਅਜਾਈਂ ਨਹੀਂ ਜਾਵੇਗਾ ਬਹੁਤ ਸਾਰੇ ਨੌਜਵਾਨ ਤੇ ਇਸਤਰੀ ਲਹਿਰ ਦੀਆਂ ਕਾਰਕੁੰਨਾਂ ਬਾਬਾ ਭਗਤ ਸਿੰਘ ਬਿਲਗਾ ਜੀ ਦੀ ਸਿੱਖਿਆ ਨੂੰ ਲੜ ਬੰਨ੍ਹ ਕੇ ਸੰਘਰਸ਼ਾਂ ਦੇ ਮੈਦਾਨ ਵਿਚ ਕੁੱਦੇ/ਕੁੱਦੀਆਂ ਹਨ ਕਿਉਂਕਿ ਮੈਂ ਵੀ ਵਿਦਿਆਰਥੀ ਜੀਵਨ ਤੋਂ ਲੈ ਕੇ ਅੱਜ ਤੱਕ ਕਮਿਊਨਿਸਟ ਲਹਿਰ ਸੰਗ ਜੁੜਿਆ ਹੋਇਆ ਹਾਂ ਤੇ ਆਪਣੀ ਸਮਰੱਥਾ ਅਨੁਸਾਰ ਇਨਕਲਾਬੀ ਲਹਿਰ ਵਿਕਸਤ ਕਰਨ ਲਈ ਯੋਗਦਾਨ ਪਾਉਣ ਦਾ ਯਤਨ ਕਰ ਰਿਹਾ ਹਾਂ, ਇਸੇ ਕਰਕੇ ਬਾਬਾ ਬਿਲਗਾ ਜੀ ਮੇਰੇ ਨਾਲ ਆਪਣੇ ਲਾਡਲੇ ਬੱਚਿਆਂ ਵਾਂਗਰ ਤੇਹ ਕਰਦੇ ਸਨ। ਮੈਂ ਸਦਾ ਹੀ ਉਨ੍ਹਾਂ ਦੇ ਇਸ ਪਿਆਰ ਤੇ ਅਸ਼ੀਰਵਾਦ ਦਾ ਰਿਣੀ ਰਹਾਂਗਾ।

ਬਾਬਾ ਭਗਤ ਸਿੰਘ ਬਿਲਗਾ ਲੰਬੀ ਉਮਰ ਭੋਗਣ ਤੋਂ ਬਾਦ ਸਾਥੋਂ ਵਿਛੜ ਗਏ ਹਨ। ਪ੍ਰੰਤੂ ਉਨ੍ਹਾਂ ਦੀਆਂ ਪਾਈਆਂ ਪੈੜਾਂ ਸਮਾਜਿਕ ਤਬਦੀਲੀ ਲਈ ਜੁੜਦੀਆਂ ਸ਼ਕਤੀਆਂ ਲਈ ਸਦਾ ਪ੍ਰੇਰਨਾ ਸਰੋਤ ਬਣੀਆਂ ਰਹਿਣਗੀਆਂ।

**ਕੁਝ ਨਿੱਜੀ ਯਾਦਾਂ**:- ਪੰਜਾਬ ਦੇ ਕਾਲੇ ਦੌਰ ਦੌਰਾਨ ਜਦੋਂ ਪਹਿਲੀ ਵਾਰ ਅਕਾਲੀ ਦਲ ਨੇ ਅਸੈਂਬਲੀ ਚੋਣਾਂ ਦਾ ਬਾਈਕਾਟ ਕੀਤਾ ਸੀ ਅਤੇ ਲੋਕਾਂ ਵਿੱਚ ਵੀ ਭਾਰੀ ਦਹਿਸ਼ਤ ਸੀ ਉਸ ਵੇਲੇ ਜਦ ਮੈਨੂੰ ਪਾਰਟੀ ਵੱਲੋਂ ਨੂਰਮਹਿਲ ਅਸੈਂਬਲੀ ਚੋਣ ਲਈ ਕਿਹਾ ਤਾਂ ਮੈਂ ਚੋਣ ਲਈ ਬਹੁਤਾ ਤਿਆਰ ਨਹੀਂ ਸੀ। ਮੈਂ ਬਾਬਾ ਬਿਲਗਾ ਜੀ ਨਾਲ ਵਿਚਾਰ-ਵਟਾਂਦਰਾ ਕੀਤਾ ਤਾਂ ਬਾਬਾ ਜੀ ਨੇ ਮੈਨੂੰ ਹੱਲਾਸ਼ੇਰੀ ਦਿੱਤੀ ਅਤੇ ਕਿਹਾ, "ਪੁੱਤਰਾ ਯੋਧੇ ਦੀ ਪਰਖ ਔਖੇ ਵੇਲੇ ਹੀ ਕੀਤੀ ਜਾਂਦੀ ਹੈ ਤੂੰ ਤਿਆਰ ਹੋ ਤੇ ਮੈਂ ਪੂਰੀ ਤਰ੍ਹਾਂ ਤੇਰੇ ਨਾਲ ਹਾਂ।" ਉਨ੍ਹਾਂ ਦੀ ਪ੍ਰੇਰਨਾ ਨਾਲ ਮੈਂ ਉਹ ਚੋਣ ਲੜੀ ਅਤੇ ਲੋਕਾਂ ਨੇ ਬਹੁਤ ਭਾਰੀ ਸਮਰਥਨ ਦਿੱਤਾ। ਆਪਸੀ ਮਨ ਮੁਟਾਵ ਦੇ ਬਾਵਜੂਦ ਬਾਬਾ ਬਿਲਗਾ ਜੀ ਅਤੇ ਸਾਥੀ ਗੰਧਰਵ ਸੈਨ ਕੋਛੜ ਨੇ ਕਾਮਰੇਡ ਸੁਰਜੀਤ ਨਾਲ ਸਟੇਜਾਂ ਸਾਂਝੀਆਂ ਕੀਤੀਆਂ।

1 ਜਨਵਰੀ 1995 ਨੂੰ ਜਦੋਂ ਨਰਸਿਮਾ ਰਾਓ ਸਰਕਾਰ ਵੇਲੇ W.T.O. ਦੀਆਂ ਸ਼ਰਤਾਂ ਹਿੰਦੋਸਤਾਨ ਤੇ ਲਾਗੂ ਹੋਣੀਆਂ ਤੈਅ ਸਨ ਤਾਂ ਅਸੀਂ ਨੌਵਜਾਨ ਸਭਾ ਵਲੋਂ ਇਸਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਅਤੇ ਬਾਬਾ ਬਿਲਗਾ ਜੀ ਨੂੰ ਆਪਣੇ ਨਾਲ ਜਾਣ ਦੀ ਬੇਨਤੀ ਕੀਤੀ। ਠੰਢ ਵੀ ਆਪਣੇ ਜੋਬਨ 'ਤੇ ਸੀ ਅਤੇ ਸਾਰਾ ਦਿਨ ਧੁੰਦ ਕਾਰਨ ਸੂਰਜ ਵੀ ਨਹੀਂ ਦਿਸਿਆ ਪਰ ਬਾਬਾ ਜੀ ਸਾਡਾ ਸੱਦਾ ਪ੍ਰਵਾਨ ਕਰਕੇ ਸਾਡੇ ਨਾਲ ਗਏ ਅਤੇ ਲੁਧਿਆਣੇ ਦੇ 10-12 ਗ਼ਦਰੀ ਪਿੰਡਾਂ ਵਿਚ ਖੁੱਲ੍ਹੇ ਜਲਸੇ ਕੀਤੇ ਜਿਨ੍ਹਾਂ ਵਿਚ ਸਰਾਭਾ, ਗੁੱਜਰਵਾਲ, ਨਾਰੰਗਵਾਲ, ਲਲਤੋਂ, ਉਸਮਾਨ ਆਦਿ ਪਿੰਡ ਸ਼ਾਮਿਲ ਸਨ। ਬਾਬਾ ਜੀ ਨੇ ਆਪਣੇ ਸੁਭਾਅ ਮੁਤਾਬਕ ਨੌਜਵਾਨਾਂ ਨੂੰ ਬਹੁਤ ਹੀ ਉਤਸ਼ਾਹਿਤ ਕੀਤਾ।

ਜੁਲਾਈ 2002 ਵਿੱਚ ਸੀ.ਪੀ.ਐਮ. ਪੰਜਾਬ ਦੇ ਆਗੂਆਂ ਸਮੇਤ ਮੇਰੇ ਤੇ ਖ਼ਾਸ ਤੌਰ 'ਤੇ

ਪੁਲੀਸ ਵਲੋਂ ਸਖ਼ਤੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਉਸ ਵੇਲੇ ਸਾਡਾ ਕੈਂਪ ਦਫ਼ਤਰ ਦੇਸ਼ ਭਗਤ ਕੰਪਲੈਕਸ ਵਿਚ ਸੀ। 23 ਜੁਲਾਈ 2002 ਨੂੰ ਪੁਲੀਸ ਵਧੀਕੀਆਂ ਵਿਰੁੱਧ ਅਸੀਂ ਸੂਬਾਈ ਰੈਲੀ ਕਰਨ ਦਾ ਐਲਾਨ ਕੀਤਾ ਹੋਇਆ ਸੀ। ਪਰ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਤੇ ਪੁਲੀਸ ਵਲੋਂ ਜਲੰਧਰ ਸ਼ਹਿਰ ਵੱਲ ਆਉਣ ਵਾਲੇ ਸਾਰੇ ਰਸਤਿਆਂ ਤੇ ਪੁਲੀਸ ਨੇ ਨਾਕੇ ਲਾਏ ਹੋਏ ਸਨ। ਪਹਿਲੀ ਵਾਰੀ ਸਾਰੇ ਦੇਸ਼ ਭਗਤ ਕੰਪਲੈਕਸ ਨੂੰ ਪੁਲੀਸ ਨੇ ਘੇਰੇ ਵਿਚ ਲਿਆ ਹੋਇਆ ਸੀ। ਇਕ D.S.P. ਰੈਂਕ ਦਾ ਅਧਿਕਾਰੀ ਹਾਲ ਦੀ ਤੀਸਰੀ ਛੱਤ 'ਤੇ ਫੋਰਸ ਤਾਇਨਾਤ ਕਰ ਰਿਹਾ ਸੀ। ਸਾਥੀਆਂ ਨੂੰ ਦੇਸ਼ ਭਗਤ ਕੰਪਲੈਕਸ ਵਿਚ ਜਾਣ ਤੋਂ ਰੋਕਣ ਲਈ ਗੇਟ ਬੰਦ ਕੀਤੇ ਹੋਏ ਸਨ। ਰੋਕਾਂ ਦੇ ਬਾਵਜੂਦ ਸਾਥੀਆਂ ਦੀ ਗਿਣਤੀ ਵਧਦੀ ਗਈ। ਇਸੇ ਦੌਰਾਨ ਪੁਲੀਸ ਨੇ ਸਾਡੇ ਕੈਂਪ ਦਫ਼ਤਰ 'ਤੇ ਹਮਲਾ ਕਰਕੇ ਸਾਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਫਿਰ 95 ਸਾਲ ਦਾ ਨੌਜਵਾਨ ਬੁੱਢਾ ਦੇਸ਼ ਭਗਤ ਹਾਲ ਤੋਂ ਬਾਹਰ ਨਿਕਲਿਆ ਨਾਲ ਭੈਣ ਜੀ ਸੁਰਿੰਦਰ ਕੋਛੜ ਸਨ। ਉਨ੍ਹਾਂ ਬਾਹਰ ਆ ਕੇ ਪੁਲੀਸ ਨੂੰ ਗਰਜਵੀ ਆਵਾਜ਼ ਵਿਚ ਲਲਕਾਰਿਆ, "ਓ ਦੁਸ਼ਟੋ ਇਨ੍ਹਾਂ ਕਾਮਰੇਡਾਂ ਨੂੰ ਹੱਥ ਲਾਉਣ ਤੋਂ ਪਹਿਲਾਂ ਮੈਨੂੰ ਕੜੀਆਂ ਲਾਓ, ਇਹ ਅਜ਼ਾਦੀ ਘੁਲਾਟੀਏ ਤੇ ਗ਼ਦਰੀਆਂ ਦਾ ਇਲਾਕਾ ਹੈ, ਮੈਂ ਇਹ ਕਦਾਚਿਤ ਬਰਦਾਸ਼ਤ ਨਹੀਂ ਕਰ ਸਕਦਾ।" ਇਹ ਸੁਣ ਕੇ ਪੁਲੀਸ ਨੂੰ ਝੁਕਣਾ ਪਿਆ ਅਤੇ ਰੋਕਾਂ ਦੇ ਬਾਵਜੂਦ ਹਜ਼ਾਰਾਂ ਲੋਕਾਂ ਨੇ ਰੈਲੀ ਵਿਚ ਹਿੱਸਾ ਲਿਆ।

ਉਨ੍ਹਾਂ ਨੂੰ ਦੇਸ਼ ਭਗਤ ਯਾਦਗਾਰ ਕੰਪਲੈਕਸ ਨਾਲ ਲਾਮਿਸਾਲ ਮੋਹ ਸੀ। ਆਮ ਤੌਰ 'ਤੇ ਮੈਨੂੰ ਕਹਿਣਾ ਪੁੱਤਰਾ ਇਸ ਨੂੰ ਬਣਾਉਣ ਵਿਚ ਬਹੁਤ ਘਾਲਨਾਵਾਂ ਘਾਲਣੀਆਂ ਪਈਆਂ ਹਨ। ਇਹ ਕੰਪਲੈਕਸ ਹੁਣ ਹਰ ਤਰ੍ਹਾਂ ਦੀਆਂ ਸਰਗਰਮੀਆਂ ਦਾ ਕੇਂਦਰ ਤਾਂ ਹੈ ਹੀ, ਹੁਣ ਇਸਦੀ ਬਜ਼ਾਰੂ ਕੀਮਤ ਬਹੁਤ ਵੱਧ ਗਈ ਹੈ। ਇਸ 'ਤੇ ਕਈ ਲਾਲਚੀ ਕਿਸਮ ਦੇ ਲੋਕਾਂ ਅਤੇ ਸਰਕਾਰੀ ਗਿਰਝਾਂ ਦੀ ਨਿਗਾਹ ਹੈ। ਇਸ ਦੀ ਰਾਖੀ ਕਰਨਾ ਤੁਹਾਡੇ ਵਰਗੇ ਨੌਜਵਾਨਾਂ ਦਾ ਪਹਿਲਾ ਫਰਜ਼ ਹੈ।

ਬਾਬਾ ਜੀ ਕਮਿਊਨਿਸਟ ਜਾਂ ਖੱਬੇਪੱਖੀ ਪਾਰਟੀਆਂ ਅਤੇ ਲੋਕਾਂ ਦੀ ਏਕਤਾ ਦੇ ਬਹੁਤ ਹੀ ਹਾਮੀ ਸਨ ਅਤੇ ਹਰ ਸਾਲ ਮੇਲੇ ਦੇ ਭਾਸ਼ਣ ਦੌਰਾਨ ਇਸਦੀ ਖੁੱਲ੍ਹੀ ਅਪੀਲ ਕਰਦੇ ਸਨ। ਅੱਜ ਬਾਬਾ ਜੀ ਭਾਵੇਂ ਸਾਡੇ ਦਰਮਿਆਨ ਨਹੀਂ ਹਨ ਪਰ ਉਨ੍ਹਾਂ ਦਾ ਸੁਪਨਾ ਅੱਜ ਸਾਕਾਰ ਹੁੰਦਾ ਨਜ਼ਰ ਆ ਰਿਹਾ ਹੈ। ਖੱਬੀਆਂ ਪਾਰਟੀਆਂ ਦੀ ਆਪਸੀ ਕੁੜੱਤਣ ਘਟ ਕੇ ਨੇੜਤਾ ਵਧੀ ਹੈ। ਚਾਰ ਖੱਬੀਆਂ ਪਾਰਟੀਆਂ ਅਤੇ ਬਹੁਤ ਸਾਰੀਆਂ ਖੱਬੇ ਪੱਖੀ ਜਨਤਕ ਜਥੇਬੰਦੀਆਂ ਵੱਲੋਂ ਸਾਂਝੇ ਸੰਘਰਸ਼ ਕੀਤੇ ਜਾ ਰਹੇ ਹਨ।

ਬਾਬਾ ਜੀ ਬਾਰੇ ਲਿਖਣ ਲਈ ਬਹੁਤ ਕੁਝ ਲਿਖਿਆ ਜਾ ਸਕਦਾ ਹੈ ਪਰ ਵੱਡੀ ਸ਼ਖ਼ਸੀਅਤ ਬਾਰੇ ਸਾਰਾ ਕੁਝ ਲਿਖਣ ਲਈ ਕਈ ਕਿਤਾਬਾਂ ਵੀ ਘੱਟ ਹੁੰਦੀਆਂ ਹਨ। ਮੈਂ ਆਪਣੇ ਵੱਲੋਂ ਉਪਰੋਕਤ ਚੰਦ ਸ਼ਬਦਾਂ ਨਾਲ ਬਾਬਾ ਜੀ ਦੀ ਸ਼ਖ਼ਸੀਅਤ ਨੂੰ ਯਾਦ ਕਰਦਾ ਹੋਇਆ ਦੱਬੀ-ਕੁਚਲੀ ਮਨੁੱਖਤਾ ਦੀ ਬੰਦ ਖਲਾਸੀ ਲਈ ਕੰਮ ਕਰਨ ਦਾ ਅਹਿਦ ਕਰਦਾ ਹੋਇਆ ਬਾਬਾ ਜੀ ਨੂੰ ਯਾਦ ਕਰਦਾ ਹਾਂ।

***

# ਸੰਘਰਸ਼ਾਂ ਸੰਗ ਗੁੱਥੀ ਪੂਰੀ ਦੀ ਪੂਰੀ ਜ਼ਿੰਦਗੀ

-ਅਜਮੇਰ ਸਿੰਘ ਔਲਖ

ਬਾਬਾ ਭਗਤ ਸਿੰਘ ਜੀ ਬਿਲਗਾ ਉਨ੍ਹਾਂ ਗਿਣਵੇਂ-ਚੁਣਵੇਂ ਗ਼ਦਰੀ ਯੋਧਿਆਂ ਵਿਚੋਂ ਸਨ ਜਿੰਨ੍ਹਾਂ ਨੂੰ ਇੱਕ ਲੰਮੀ ਉਮਰ ਭੋਗਣ ਤੇ ਆਪਣੀ ਇਸ ਲੰਮੀ ਉਮਰ ਦੇ ਹਰ ਪਲ ਨੂੰ ਲੋਕ-ਪੱਖੀ ਸੰਘਰਸ਼ਾਂ ਦੇ ਲੇਖੇ ਲਾਉਣ ਦਾ ਨਸੀਬ ਹਾਸਿਲ ਹੋਇਆ। ਇਸ ਪ੍ਰਸੰਗ ਵਿਚ ਬਾਬਾ ਬਿਲਗਾ ਜੀ ਦੇ ਨਾਲ ਬਾਬਾ ਗੁਰਮੁਖ ਸਿੰਘ ਜੀ ਲਲਤੋਂ ਅਤੇ ਬਾਬਾ ਸੋਹਣ ਸਿੰਘ ਜੀ ਭਕਨਾ ਵਰਗੇ ਗ਼ਦਰੀ ਬਾਬਿਆਂ ਦੇ ਗੌਰਵਸ਼ੀਲ ਨਾਂ ਵੀ ਸਾਡੇ ਬੁੱਲ੍ਹਾਂ ਉਤੇ ਆਪਣੇ-ਆਪ ਆ ਜਾਂਦੇ ਹਨ।

ਆਮ ਤੌਰ 'ਤੇ ਇਹ ਵੇਖਣ ਵਿਚ ਆਉਂਦਾ ਹੈ ਕਿ ਬਹੁਤੀ ਉਮਰ ਬਤੀਤ ਕਰਨ ਵਾਲੇ ਸੰਘਰਸ਼ੀ ਇਨਸਾਨਾਂ ਦੀ ਉਮਰ ਵਿਚ ਇੱਕ ਅਜਿਹਾ ਪੜਾਅ ਵੀ ਆ ਜਾਂਦਾ ਹੈ ਜਿਥੇ ਪਹੁੰਚ ਕੇ ਸੰਘਰਸ਼ੀ ਪਿਛੋਕੜ ਰੱਖਣ ਵਾਲੇ ਇਨਸਾਨਾਂ ਵਿਚੋਂ ਬਹੁਤੇ ਅਜਿਹੀਆਂ ਸਿਆਸੀ ਪਾਰਟੀਆਂ ਦਾ ਅੰਗ ਬਣ ਜਾਂਦੇ ਹਨ ਜਿਹੜੀਆਂ ਬਸ ਨਾਂ ਦੀਆਂ ਹੀ ਸੰਘਰਸ਼ੀਲ ਜਥੇਬੰਦੀਆਂ ਹੁੰਦੀਆਂ ਹਨ ਪਰ ਵਾਸਤਵ ਵਿਚ ਇਹਨਾਂ ਜਥੇਬੰਦੀਆਂ ਦਾ ਕਿਰਦਾਰ ਆਪਣੇ ਸਮੇਂ ਦੀਆਂ ਲੋਟੂ ਜਮਾਤਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀਆਂ ਬੁਰਜੂਆ ਪਾਰਟੀਆਂ ਵਰਗਾ ਹੀ ਹੁੰਦਾ ਹੈ। ਪਰ ਬਾਬਾ ਬਿਲਗਾ ਜੀ ਅਜਿਹੀ ਥੱਕੀ-ਹਾਰੀ ਤੇ ਦਿਲ-ਢਾਹੂ ਮਾਨਸਿਕਤਾ ਵਾਲੇ ਰਾਜਸੀ ਵਿਅਕਤੀਆਂ ਦੀ ਥਾਂ ਆਪਣੇ ਸਮਕਾਲ ਦੇ ਸਿਆਸੀ ਸੰਘਰਸ਼ਾਂ ਦੇ ਯਥਾਰਥ ਨੂੰ ਸਮਝਣ ਵਾਲੇ ਵਿਗਿਆਨਕ ਦ੍ਰਿਸ਼ਟੀਵਾਨ ਸਨ ਜਿਹੜੇ ਹਮੇਸ਼ਾ ਅਜਿਹੀਆਂ ਜਥੇਬੰਦੀਆਂ ਦਾ ਹੀ ਅੰਗ ਬਣੇ ਜਿਹੜੀਆਂ ਅਖੌਤੀ ਲੋਕ ਪੱਖੀ ਪਾਰਟੀਆਂ ਦੇ ਮੁਕਾਬਲੇ ਆਪਣੇ ਸਮੇਂ ਦੀ ਸਿਆਸੀ ਸੋਚ ਅਤੇ ਅਮਲੀ ਤੌਰ 'ਤੇ ਕਿਰਤੀ-ਕਾਮਿਆਂ ਦੇ ਹਿੱਤਾਂ ਦੀ ਰਾਖੀ ਕਰਨ ਵਿਚ ਤਿੱਖੇ ਸੰਘਰਸ਼ ਦੇ ਪਿੜ ਵਿਚ ਮੋਹਰੀ ਰੋਲ ਅਦਾ ਕਰ ਰਹੀਆਂ ਸਨ। ਉਹਨਾਂ ਨੇ ਹਰ ਉਸ ਸਿਆਸੀ ਜਥੇਬੰਦੀ ਤੇ ਸੰਘਰਸ਼ਮੁਖੀ ਸਿਆਸਤ ਦਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਾਥ ਦਿੱਤਾ ਜਿਸਦਾ ਮਕਸਦ ਲੋਕ-ਮੁਕਤੀ ਤੇ ਲੋਕ-ਖ਼ੁਸ਼ਹਾਲੀ ਨਾਲ ਸੀ। ਕਿਰਤੀ ਪਾਰਟੀ, ਕਮਿਊਨਿਸਟ ਪਾਰਟੀ, ਕਰਜ਼ਾ-ਮੁਕਤ ਲਹਿਰਾਂ, ਮਜ਼ਦੂਰ ਯੂਨੀਅਨਾਂ, ਪੈਪਸੂ ਦੀ ਮੁਜ਼ਾਰਾ ਲਹਿਰ, ਖ਼ੁਸ਼ ਹੈਸੀਅਤ ਟੈਕਸ ਵਿਰੋਧੀ ਮੋਰਚਾ, ਨਕਸਲੀ ਲਹਿਰ ਭਾਵ ਹਰ ਉਸ ਪਾਰਟੀ ਤੇ ਲਹਿਰ ਵਿਚ ਸਿੱਧਾ ਜਾਂ ਛੁਪਵਾਂ ਹਿੱਸਾ ਪਾਇਆ ਜਿਹੜੀ ਸੋਚ ਦੇ ਪੱਖੋਂ ਲੋਕ-ਹਿਤਾਇਸ਼ੀ ਤੇ ਅਮਲ ਦੇ ਪੱਖੋਂ ਆਪਣੇ ਸਮੇਂ ਦੇ ਤਿੱਖੇ ਸੰਘਰਸ਼ਾਂ ਨਾਲ ਜੁੜੀ ਹੋਈ ਸੀ।

ਵਾਸਤਵ ਵਿਚ ਬਾਬਾ ਜੀ ਦੇ ਸੰਘਰਸ਼ ਦਾ ਸ਼ਿਰੀ ਗਣੇਸ਼ ਉਸ ਸਮੇਂ ਹੀ ਹੋ ਚੁੱਕਾ ਸੀ ਜਦ ਉਹ ਆਪਣੇ ਘਰ ਸਿਰ ਚੜ੍ਹੇ ਕਰਜ਼ੇ ਨੂੰ ਲਾਹੁਣ ਦੇ ਇਰਾਦੇ ਨਾਲ ਬਾਹਰਲੇ ਮੁਲਕ (ਅਮਰੀਕਾ)

ਲਈ ਰਵਾਨਾ ਹੋਏ ਸਨ। ਇਹ ਉਹਨਾਂ ਦੇ ਸੰਘਰਸ਼ ਦਾ ਪਹਿਲਾ ਪੜਾਅ ਸੀ। ਨਿਸ਼ਚੇ ਹੀ ਸੰਘਰਸ਼ ਦੇ ਇਸ ਪੜਾਅ ਦਾ ਉਹਨਾਂ ਦੇ ਪਰਿਵਾਰ ਨਾਲ ਜੁੜੇ ਦੁੱਖਾਂ-ਤਕਲੀਫਾਂ ਨਾਲ ਹੀ ਵਾਹ-ਵਾਸਤਾ ਸੀ ਪਰ ਇਥੋਂ ਬਾਬਾ ਜੀ ਦੀ ਦ੍ਰਿੜ੍ਹ ਤੇ ਸੰਘਰਸ਼ਮਈ ਮਾਨਸਿਕਤਾ ਦੇ ਸੰਕੇਤ ਅਵੱਸ਼ ਉਜਾਗਰ ਹੁੰਦੇ ਵਿਖਾਈ ਦੇਣ ਲੱਗ ਪੈਂਦੇ ਹਨ। ਅਰਜਨਟਾਇਨਾ ਪਹੁੰਚ ਕੇ ਜਦ ਉਹਨਾਂ ਦਾ ਮੇਲ-ਜੋਲ ਭਾਈ ਰਤਨ ਸਿੰਘ ਰਾਏਪੁਰ ਡੱਬਾ ਵਰਗੇ ਆਜ਼ਾਦੀ ਪਰਵਾਨਿਆਂ ਨਾਲ ਹੁੰਦਾ ਹੈ ਤਾਂ ਘਰ ਦੇ ਕਰਜ਼ੇ ਲਾਹੁਣ ਲਈ ਬਣੀ ਉਹਨਾਂ ਦੀ ਸੰਘਰਸ਼ੀ ਦ੍ਰਿੜ੍ਹਤਾ ਆਪਣੇ ਮੁਲਕ ਨੂੰ ਆਜ਼ਾਦ ਕਰਵਾਉਣ ਦੀ ਦ੍ਰਿੜ੍ਹਤਾ ਵਿਚ ਤਬਦੀਲ ਹੋ ਜਾਂਦੀ ਹੈ। ਇਹ ਤਬਦੀਲੀ ਕੋਈ ਆਮ ਤਬਦੀਲੀ ਨਹੀਂ। ਅਜਿਹਾ ਕਰਨ ਵੇਲੇ ਇੱਕ ਇਨਕਲਾਬੀ ਨੂੰ ਭੱਠ ਵਾਂਗ ਤਪਦੀ ਇੱਕ ਅਗਨ-ਪ੍ਰੀਖਿਆ ਵਿਚੋਂ ਗੁਜ਼ਰਨਾ ਪੈਂਦਾ ਹੈ। ਘਰੋਂ ਵਿਦੇਸ਼ਾਂ ਨੂੰ ਨਿਕਲੇ ਕੋਈ ਘਰ ਦੇ ਕਰਜ਼ੇ ਲਾਹੁਣ ਦਾ ਦ੍ਰਿੜ੍ਹ ਸੰਕਲਪ ਕਰ ਕੇ ਤੇ ਵਿਦੇਸ਼ ਵਿਚ ਜਾ ਕੇ ਸਿਰ ਚਾੜ੍ਹ ਲਵੇ ਕਰਜ਼ਾ ਆਪਣੇ ਮੁਲਕ ਨੂੰ ਆਜ਼ਾਦ ਕਰਵਾਉਣ ਦਾ? ਇਹ ਕੋਈ ਮਾਮੂਲੀ ਜਿਹਾ ਮਾਨਸਿਕ ਸੰਘਰਸ਼ ਨਹੀਂ! ਇਸ ਤਬਦੀਲੀ ਦੀ ਘੜੀ ਬਾਬਾ ਬਿਲਗਾ ਜੀ ਦੀਆਂ ਅੱਖਾਂ ਸਾਹਮਣੇ ਅਵੱਸ਼ ਹੀ ਉਹ ਝਾਕੀ ਉਜਾਗਰ ਹੋਈ ਹੋਵੇਗੀ ਜਦ ਜਲੰਧਰ ਦੇ ਡਿਪਟੀ ਕਮਿਸ਼ਨਰ ਵੱਲੋਂ ਉਹਨਾਂ ਦੇ ਘਰ ਦੀ ਕੁਰਕੀ ਰੋਕਣ ਤੋਂ ਬਾਦ ਉਹਨਾਂ ਦੀ ਮਾਤਾ ਨੇ ਆਪਣੇ ਬੋਲਾਂ ਵਿਚ ਇਹ ਆਸ ਉਜਾਗਰ ਕੀਤੀ ਸੀ: "ਹੋ ਲੈਣ ਦੇ ਮੇਰੇ ਪੁੱਤਾਂ ਨੂੰ ਗੱਭਰੂ! ਕਰਜ਼ੇ-ਕੁਰਜੇ ਤਾਂ ਲਹੇ ਬਸ!" ਅਸੀਂ ਸਮਝ ਸਕਦੇ ਹਾਂ ਕੇਡਾ ਵੱਡਾ ਪੱਥਰ ਆਪਣੇ ਦਿਲ ਉੱਤੇ ਰੱਖਣਾ ਪਿਆ ਹੋਊ ਬਾਬਾ ਬਿਲਗਾ ਜੀ ਨੂੰ ਜਦ ਉਸਨੇ ਆਪਣੇ ਦਿਲ ਵਿਚ ਘਰ ਦੇ ਕਰਜ਼ੇ ਲਾਹੁਣ ਦੀ ਥਾਂ ਮੁਲਕ ਨੂੰ ਆਜ਼ਾਦ ਕਰਵਾਉਣ ਦਾ ਕਰਜ਼ਾ ਚੁੱਕਣ ਦਾ ਅਹਿਦ ਕੀਤਾ ਹੋਵੇਗਾ? ਕਿਸੇ ਮਨੁੱਖ ਦੇ ਸੰਘਰਸ਼ੀ ਜੀਵਨ ਵਿਚ ਅਜਿਹਾ ਪੜਾਅ ਓਦੋਂ ਹੀ ਆਉਂਦਾ ਹੈ 'ਜਦ ਉਸਦੀ ਵਿਕਸ ਰਹੀ ਚੇਤਨਤਾ ਉਸ ਨੁਕਤੇ ਉੱਤੇ ਪਹੁੰਚ ਜਾਵੇ ਜਦ ਉਸਨੂੰ ਪਤਾ ਲੱਗਦਾ ਹੈ ਕਿ ਇਸ ਸੰਸਾਰ ਵਿਚ 'ਘਰ ਦੇ ਗ਼ਮ' ਤੋਂ ਬਿਨਾ ਹੋਰ ਬਹੁਤ ਵੱਡੇ ਗ਼ਮ ਨੇ! ਜਿਸਨੂੰ ਸਾਡੇ ਪੰਜਾਬੀ ਕਵੀ ਮੋਹਨ ਸਿੰਘ 'ਲੋਕਾਂ ਦਾ ਗ਼ਮ' ਆਖਦਾ ਹੈ। 'ਲੋਕਾਂ ਦੇ ਗ਼ਮ' ਨੂੰ ਆਪਣਾ ਗ਼ਮ ਬਣਾਉਣ ਵਾਲੇ ਬਾਬਾ ਬਿਲਗਾ ਨੇ ਜਦ ਆਪਣੀ ਚੇਤਨਾ ਵਿਚ ਇਹ ਇਨਕਲਾਬੀ ਤਬਦੀਲੀ ਲਿਆਂਦੀ ਤਾਂ ਥੋੜ੍ਹੇ ਹੀ ਸਮੇਂ ਵਿਚ ਉਹ ਅਰਜਨਟਾਈਨਾ ਦੀ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣ ਗਏ!

ਬਾਬਾ ਬਿਲਗਾ ਜੀ ਗ਼ਦਰ ਲਹਿਰ ਦੇ ਇਤਿਹਾਸ ਦੇ ਉਸ ਹਿੱਸੇ ਦੇ ਗ਼ਦਰੀ ਯੋਧੇ ਹਨ ਜਦ ਪਹਿਲੇ ਗ਼ਦਰ ਦੇ 'ਅਸਫ਼ਲ' ਹੋਣ ਤੋਂ ਬਾਦ ਇਸ ਲਹਿਰ ਦਾ ਉਹ ਪੜਾਅ ਸ਼ੁਰੂ ਹੁੰਦਾ ਹੈ ਜਦ ਇਸ ਲਹਿਰ ਨਾਲ ਜੁੜੇ ਗ਼ਦਰੀ ਯੋਧਿਆਂ ਨੇ ਅਜ਼ਾਦੀ ਦੇ ਬੇਪਨਾਹ ਜਜ਼ਬੇ ਦੇ ਵਿਰਸੇ ਨੂੰ ਸੰਭਾਲ਼ ਕੇ ਅਗਾਂਹ ਵੱਲ ਵਧਾਉਂਦੇ ਹੋਏ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਿਆਸੀ ਵਰਤਾਰਿਆਂ ਨੂੰ ਅਗਾਂਹਵਧੂ ਵਿਗਿਆਨਿਕ ਜ਼ਰੀਏ ਨਾਲ ਪੜਤਾਲਣਾ ਸ਼ੁਰੂ ਕਰ ਦਿੱਤਾ ਸੀ। ਇਸ ਸਮੇਂ ਰੂਸ ਵਿਚ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਇਨਕਲਾਬ ਆਉਣ ਕਾਰਨ ਰੂਸੀ ਸੱਤ੍ਹਾ ਦੀ ਸਿਆਸੀ ਵਾਗਡੋਰ ਰੂਸ ਦੇ ਕਿਰਤੀ-ਵਰਗ ਦੇ ਹੱਥ ਵਿਚ ਆ ਚੁੱਕੀ ਸੀ ਤੇ ਇਸ ਅਦਭੁਤ ਇਨਕਲਾਬੀ ਵਰਤਾਰੇ ਨੇ ਸੰਸਾਰ ਭਰ ਦੇ ਕਿਰਤੀ ਕਿਸਾਨਾਂ-ਮਜ਼ਦੂਰਾਂ ਤੇ ਉਹਨਾਂ ਦੀ ਮੁਕਤੀ ਦੇ ਚਾਹਵਾਨ ਰਾਜਸੀ ਆਗੂਆਂ ਤੇ ਚਿੰਤਕਾਂ ਦਾ ਧਿਆਨ ਆਪਣੀ ਵੱਲ ਪੂਰੀ ਤਰ੍ਹਾਂ ਖਿੱਚ

ਲਿਆ ਸੀ । ਬਾਬਾ ਬਿਲਗਾ ਜੀ ਵੀ ਆਪਣੀ ਇਨਕਲਾਬੀ ਰੰਗਤ ਨੂੰ ਹੋਰ ਗੂੜ੍ਹਾ ਤੇ ਪਰਪੱਕ ਕਰਨ ਲਈ ਸੋਵੀਅਤ ਯੂਨੀਅਨ ਗਏ । ਸੋਵੀਅਤ ਯੂਨੀਅਨ ਦੀ ਰਾਜਧਾਨੀ ਮਾਸਕੋ ਵਿਚ ਪੜ੍ਹਾਈ ਕਰਦਿਆਂ ਵਿਗਿਆਨਿਕ ਮਾਰਕਸਵਾਦ ਦੇ ਅਧਿਐਨ ਰਾਹੀਂ ਉਹਨਾਂ ਨੂੰ ਇਸ ਸੱਚਾਈ ਦਾ ਗਿਆਨ ਹੋਇਆ ਕਿ ਲੋਕ-ਮੁਕਤੀ ਲਈ ਕੇਵਲ ਬੇਪਨਾਹ ਜਜ਼ਬਾ, ਮਨੁੱਖੀ ਸੰਵੇਦਨਸ਼ੀਲਤਾ, ਸੁਹਿਰਦਤਾ ਤੇ ਬਚਨਵੱਧਤਾ ਵਰਗੇ ਸੰਘਰਸ਼ੀ ਗੁਣਾਂ ਦਾ ਹੀ ਹੋਣਾ ਕਾਫੀ ਨਹੀਂ ਹੁੰਦਾ, ਇਸਦੇ ਨਾਲ ਲੋਕ-ਸੰਗਠਨਾਂ ਰਾਹੀਂ ਕੀਤੇ ਜਾਣ ਵਾਲੇ ਲੰਬੇ ਤੇ ਤਿੱਖੇ ਸੰਘਰਸ਼ਾਂ ਦੀ ਵੀ ਇਨ੍ਹਾਂ ਇਨਕਲਾਬੀ ਗੁਣਾਂ ਜਿੰਨੀ ਹੀ ਮਹੱਤਤਾ ਹੁੰਦੀ ਹੈ। ਇਹ ਸੂਝ ਤੇ ਸਮਝ ਹੀ ਸੀ ਜਿਸ ਸਦਕਾ ਬਾਬਾ ਜੀ ਤਮਾਮ ਉਮਰ ਲੋਹ-ਪੁਰਸ਼ ਬਣ ਕੇ ਸੰਘਰਸ਼ਮਈ ਜੀਵਨ ਜਿਊਣ ਦੇ ਸਮਰੱਥ ਬਣੇ ਰਹੇ!

ਬਸ ਫਿਰ ਕੀ ਸੀ? ਵਿਦੇਸੋਂ ਦੇਸ ਆ ਕੇ ਬਾਬਾ ਜੀ ਨੇ ਆਪਣੀ ਜ਼ਿੰਦਗੀ ਦਾ ਹਰ ਪਲ ਸੰਘਰਸ਼ਾਂ ਦੇ ਲੇਖੇ ਲਾਉਣਾ ਸ਼ੁਰੂ ਕਰ ਦਿੱਤਾ। ਪਹਿਲਾਂ ਬਾਬਾ ਭਾਗ ਸਿੰਘ ਤੇ ਬਾਬਾ ਕਰਮ ਸਿੰਘ ਚੀਮਾ ਜੀ ਨਾਲ ਸੰਪਰਕ ਕੀਤਾ। ਜਥੇਬੰਦੀ ਵੱਲੋਂ ਕਲਕੱਤੇ ਤੇ ਕਾਨ੍ਹਪੁਰ ਵਿਖੇ ਲਾਈਆਂ ਡਿਊਟੀਆਂ ਨਿਭਾਈਆਂ। ਕਿਰਤੀ ਤੇ ਆਫ਼ੀਸ਼ੀਅਲ ਕਮਿਊਨਿਸਟ ਪਾਰਟੀ ਦੇ ਸਕੱਤਰ ਦੀ ਡਿਊਟੀ ਨਿਭਾਈ। 'ਲਾਲ ਢੰਡੋਰਾ' ਤੇ 'ਲਾਲ ਝੰਡਾ' ਦੇ ਗੁਪਤ ਤੇ ਖ਼ੁੱਲ੍ਹੇ ਪਰਚੇ ਕੱਢਣ ਤੇ ਵੰਡਣ ਵਿਚ ਇਨਕਲਾਬੀ ਰੋਲ ਅਦਾ ਕੀਤਾ। ਗੁਪਤ ਪ੍ਰੈਸ ਵਿਚ ਕੰਮ ਕੀਤਾ ਤੇ ਇਹਨਾਂ ਪਰਚਿਆਂ ਨੂੰ ਪਿਸ਼ੌਰ ਤੇ ਦਿੱਲੀ ਤੱਕ ਪਹੁੰਚਦਾ ਕੀਤਾ। ਰੂਪੋਸ਼ ਹੋਕੇ ਲਖਨਊ ਸੈਸ਼ਨ ਵਿਚ ਸ਼ਿਰਕਤ ਕੀਤੀ। ਕਿਸਾਨ ਕਮੇਟੀਆਂ ਬਣਾਈਆਂ। ਕਰਜ਼ਾ ਕਮੇਟੀਆਂ, ਕਿਸਾਨ ਸਭਾਵਾਂ, ਵਿਦਿਆਰਥੀਆਂ ਤੇ ਮਜ਼ਦੂਰਾਂ ਦੀਆਂ ਯੂਨੀਅਨਾਂ ਵਿਚ ਜਾਨ-ਤੋੜ ਕੰਮ ਕੀਤਾ। ਸਮਾਜਵਾਦ ਦਾ ਵੱਧ ਚੜ੍ਹ ਕੇ ਪਰਚਾਰ ਕੀਤਾ। ਇਹ ਸਭ ਕੁਝ ਕਰਨ ਲਈ ਅੰਡਰ-ਗਰਾਊਂਡ ਜੀਵਨ ਬਤੀਤ ਕੀਤਾ ਤੇ ਜੇਲ੍ਹਾਂ ਕੱਟੀਆਂ !

ਇਸ ਸੰਘਰਸ਼ਮਈ ਸਿਲਸਲੇ ਦੀ ਲੜੀ ਨੂੰ ਕਾਇਮ ਰੱਖਦਿਆਂ ਹੀ ਉਨ੍ਹਾਂ ਦੇਸ਼ ਭਗਤ ਯਾਦਗਾਰ ਉਸਾਰਨ ਵਿਚ ਵੀ ਆਪਣਾ ਇਤਿਹਾਸਕ ਹਿੱਸਾ ਪਾਇਆ । 1938 ਵਿਚ ਜਦ ਇਸਦੀ ਉਸਾਰੀ ਲਈ 'ਦੇਸ਼ ਭਗਤ ਯਾਦਗਾਰ ਬੋਰਡ' ਬਣਾਇਆ ਗਿਆ ਤਾਂ ਉਹਨਾਂ ਨੂੰ ਇਸ ਬੋਰਡ ਦਾ ਜਨਰਲ ਸਕੱਤਰ ਬਣਾਇਆ ਗਿਆ। ਬਾਬਾ ਗੁਰਮੁਖ ਸਿੰਘ, ਬਾਬਾ ਕਰਮ ਸਿੰਘ ਚੀਮਾ, ਬਾਬਾ ਸੋਹਨ ਸਿੰਘ ਭਕਨਾ, ਬਾਬਾ ਭਾਗ ਸਿੰਘ ਤੇ ਸ਼ਹੀਦ ਬਾਬਾ ਬੂਝਾ ਸਿੰਘ ਵਰਗੇ ਗ਼ਦਰੀ ਬਾਬਿਆਂ ਨਾਲ ਮਿਲ ਕੇ ਇਸਨੂੰ ਇੱਕ ਯਾਦਗਾਰ ਦੇ ਰੂਪ ਵਿਚ ਹੋਂਦ ਵਿਚ ਲਿਆਉਣ ਵਿਚ ਕਾਮਯਾਬੀ ਹਾਸਿਲ ਕੀਤੀ। ਇਸ ਯਾਦਗਾਰ ਨੂੰ ਵਿਸਤਾਰ ਦੇਣ ਤੇ ਸਦੀਵੀ ਬਣਾਉਣ ਲਈ ਉਹਨਾਂ ਨੇ ਦੇਸ਼-ਵਿਦੇਸ਼ ਤੋਂ ਉਗਰਾਹੀਆਂ ਕਰਨ ਵੇਲੇ ਦਿਨ-ਰਾਤ ਇੱਕ ਕਰ ਕੇ ਆਪਣੀ ਲੰਬੀ ਦੂਰ-ਦ੍ਰਿਸ਼ਟੀਵਾਨ ਸ਼ਖ਼ਸੀਅਤ ਦਾ ਸਬੂਤ ਦਿੱਤਾ। ਅਜਿਹਾ ਕਰਨ ਵੇਲੇ ਉਹ ਕਿਸੇ ਤੰਗ-ਨਜ਼ਰੀਏ ਦਾ ਸ਼ਿਕਾਰ ਨਾ ਹੁੰਦੇ ਹੋਏ ਅਗਾਂਹਵਧੂ ਲਹਿਰ ਨਾਲ ਜੁੜੇ ਹਰ ਇਨਸਾਨ ਨੂੰ ਇਸ ਇਤਿਹਾਸਿਕ ਕਾਰਜ ਨਾਲ ਜੋੜਨ ਦੇ ਸੁਹਿਰਦ ਤੇ ਅਣਥੱਕ ਉਪਰਾਲੇ ਕਰਦੇ ਰਹੇ। ਇਸਦੇ ਨਾਲ ਹੀ ਦੇਸ਼ ਭਗਤ ਯਾਦਗਾਰ ਨੂੰ ਵੱਧ ਤੋਂ ਵੱਧ ਯਾਦਗਾਰੀ ਬਣਾਉਣ ਲਈ ਉਹ ਗ਼ਦਰੀ ਬਾਬਿਆਂ ਨਾਲ ਜੁੜੇ ਇਤਿਹਾਸਕ ਕਾਰਜਾਂ ਨੂੰ ਦਸਤਾਵੇਜਾਂ ਦੇ ਰੂਪ ਵਿਚ ਸਾਂਭਣ,

ਗ਼ਦਰ ਲਹਿਰ ਦਾ ਇਤਿਹਾਸ ਖ਼ੁਦ ਲਿਖਣ ਤੇ ਹੋਰਾਂ ਤੋਂ ਲਿਖਵਾਉਣ ਤੇ ਗ਼ਦਰੀ ਯੋਧਿਆਂ ਦੀ ਯਾਦ ਵਿਚ ਸਭਿਆਚਾਰਕ ਮੇਲੇ ਲਗਵਾਉਣ ਵਰਗੇ ਇਤਿਹਾਸਕ ਕਾਰਜ ਵੀ ਕਰਦੇ ਰਹੇ ।

ਕਹਿਣ ਤੋਂ ਭਾਵ ਹੈ ਕਿ ਬਾਬਾ ਜੀ ਦੇ ਜੀਵਨ ਦਾ ਇਹ ਸੰਘਰਸ਼ਮਈ ਸਿਲਸਿਲਾ ਉਮਰ ਦੇ ਕਿਸੇ ਪੜਾਅ 'ਤੇ ਵੀ ਨਹੀਂ ਰੁਕਿਆ, ਓਦੋਂ ਵੀ ਨਹੀਂ ਜਦ ਉਹ ਉਮਰ ਦਾ ਲੰਬਾ ਪੰਧ ਤਹਿ ਕਰਦੇ-ਕਰਦੇ ਇਸਦੇ ਅਖ਼ੀਰਲੇ ਪੜਾਅ ਵਿਚ ਦਾਖ਼ਲ ਹੋ ਚੁੱਕੇ ਸਨ ।

ਬਾਬਾ ਬਿਲਗਾ ਜੀ ਵਰਗੇ ਯੋਧਿਆਂ ਦੀ ਸੰਘਰਸ਼ ਵਿਚ ਗੁੰਨ੍ਹੀ ਜ਼ਿੰਦਗੀ ਬਾਰੇ ਜਾਣ ਕੇ ਕਈ ਵਾਰ ਇਹ ਸੁਆਲ ਆਪਣੇ-ਆਪ ਮਨ ਵਿਚ ਖੜ੍ਹਾ ਹੋ ਜਾਂਦਾ ਹੈ ਕਿ ਅਕਸਰ ਇਸ ਤਰ੍ਹਾਂ ਦੇ ਲੋਹ ਪੁਰਸ਼ ਲੋਕ ਬਣ ਕਿਵੇਂ ਜਾਂਦੇ ਹਨ ? ਕੀ ਕੁਦਰਤ ਵੱਲੋਂ ਹੀ ਉਹ ਕਿਸੇ 'ਵੱਖਰੀ ਮਿੱਟੀ' ਦੇ ਬਣਾਏ ਗਏ ਹੁੰਦੇ ਹਨ ਜਾਂ ਬਾਹਰੀ ਸਮਾਜਿਕ ਹਾਲਤਾਂ ਉਹਨਾਂ ਨੂੰ ਇਸ ਤਰ੍ਹਾਂ ਦੀਆਂ ਇਤਿਹਾਸਿਕ ਸ਼ਖ਼ਸੀਅਤਾਂ ਵਿਚ ਤਬਦੀਲ ਕਰ ਦਿੰਦੀਆਂ ਹਨ। ਜੇ ਬਾਬਾ ਜੀ ਦੇ ਜੀਵਨ ਉਤੇ ਝਾਤ ਪਾਈ ਜਾਵੇ ਤਾਂ ਗੱਲਾਂ ਦੋਵੇਂ ਹੀ ਸੱਚੀਆਂ ਜਾਪਦੀਆਂ ਹਨ। ਬਾਬਾ ਜੀ ਦੀ ਮਾਨਸਿਕਤਾ ਕੁਦਰਤ ਵੱਲੋਂ ਵੀ ਕੁਝ ਇਸ ਤਰ੍ਹਾਂ ਦੀ ਘੜੀ ਗਈ ਸੀ ਕਿ ਉਹ ਬਚਪਨ ਵਿਚ ਹੀ ਜੀਵਨ ਦੇ ਅਨੇਖੇ ਵਰਤਾਰਿਆਂ ਨੂੰ ਵੱਖਰੀ ਨਜ਼ਰ ਨਾਲ ਵੇਖਣ ਤੇ ਪੜਤਾਲਣ ਵਾਲੀ ਰੁਚੀ ਤੇ ਦ੍ਰਿਸ਼ਟੀ ਦੇ ਧਾਰਨੀ ਸਨ। ਬਚਪਨ ਵਿਚ ਜਦ ਉਹ ਆਪਣੀ ਨਾਨੀ ਤੋਂ ਬਾਤਾਂ ਸੁਣਿਆ ਕਰਦੇ ਸਨ ਤਾਂ ਜਦ ਇਹ ਬਾਤਾਂ ਵਿਚ ਭੂਤਾਂ-ਪ੍ਰੇਤਾਂ, ਪਰੀਆਂ, ਰਾਕਸ਼ਾਂ, ਦੇਵੀ-ਦੇਵਤਿਆਂ ਆਦਿ ਦੈਵੀ ਵਰਤਾਰਿਆਂ ਦਾ ਜ਼ਿਕਰ ਆਉਂਦਾ ਸੀ ਤਾਂ ਕੁਦਰਤ ਵੱਲੋਂ ਪ੍ਰਾਪਤ ਆਪਣੀ ਨਿਰਖ-ਪਰਖ ਵਾਲੀ ਆਪਣੀ ਮਾਨਸਿਕਤਾ ਤੇ ਦ੍ਰਿਸ਼ਟੀ ਸਦਕਾ ਉਹ ਨਾਨੀ ਨੂੰ ਇਹਨਾਂ ਵਰਤਾਰਿਆਂ ਸੰਬੰਧੀ ਤਰ੍ਹਾਂ-ਤਰ੍ਹਾਂ ਦੇ ਸਵਾਲ ਵੀ ਕਰਿਆ ਕਰਦੇ ਸਨ। ਇਹਨਾਂ ਸਵਾਲਾਂ ਦੇ ਉੱਤਰ ਵਿਚ ਹੀ ਉਹਨਾਂ ਨੂੰ ਬਚਪਨ ਵਿਚ ਹੀ ਇਹ ਗਿਆਨ ਹੋ ਗਿਆ ਸੀ ਕਿ "ਰੱਬ ਕਿਤੇ ਹੋਰ ਨਹੀਂ ਹੁੰਦਾ, ਬੰਦੇ ਦੇ ਅੰਦਰ ਹੀ ਹੁੰਦਾ ਹੈ।" ਤੇ ਉਹਨਾਂ ਰੱਬ ਦੀ ਵਿਆਖਿਆ ਕਰਮਕਾਂਡੀ ਨਜ਼ਰੀਏ ਦੀ ਥਾਂ ਵਿਗਿਆਨਕ ਨਜ਼ਰੀਏ ਨਾਲ ਕਰਨ ਤੇ ਸਮਝਣ ਦੀ ਕੋਸ਼ਿਸ਼ ਕਰ ਦਿੱਤੀ ਸੀ। ਆਪਣੀ ਇਸ ਮਾਨਸਿਕਤਾ ਸਦਕਾ ਹੀ ਮਿਡਲ ਸਕੂਲ ਚੂੜ੍ਹਚੱਕ ਵਿਖੇ ਪੜ੍ਹਨ ਦੌਰਾਨ ਗ਼ਦਰੀ ਬਾਬਾ ਅਰੂੜ ਸਿੰਘ ਜਿਹੇ ਗ਼ਦਰੀ ਸੂਰਮਿਆਂ ਦੀਆਂ ਕੁਰਬਾਨੀਆਂ ਦੀਆਂ ਕਹਾਣੀਆਂ ਸੁਣ-ਸੁਣ ਉਹਨਾਂ ਦੇ ਮਨ-ਦਿਮਾਗ ਦੀ ਧਰਤੀ ਉਤੇ ਇਨਕਲਾਬੀ ਬੀਅ ਹਰੇ ਹੋਣ ਲੱਗੇ ਸਨ। ਚੂੜ੍ਹਚੱਕ ਵਿਖੇ ਹੀ ਪੁਲਸ ਹੱਥੀਂ ਨਿਰਦਈ ਕੁੱਟ ਨਾਲ ਇੱਕ ਬੰਦੇ ਦੀ ਹੋਈ ਮੌਤ ਸਦਕਾ ਜਦ ਲੋਕਾਂ ਨੇ ਪੁਲਸ ਨੂੰ ਘੇਰਾ ਪਾ ਕੇ ਇੱਕ ਠਾਣੇਦਾਰ ਨੂੰ ਹੀ ਪਾਰ ਬੁਲਾਇਆ ਸੀ ਤਾਂ ਬਾਬਾ ਬਿਲਗਾ ਜੀ ਦੇ ਬਾਲ-ਮਨ ਅੰਦਰ 'ਲੋਕ-ਏਕੇ ਤੇ ਲੋਕ-ਰੋਹ ਦੇ ਕਮਾਲ' ਦੀ ਚੇਤਨਤਾ ਦੀ ਚਿਣਗ ਜਗਮਾਉਣ ਲੱਗ ਪਈ ਸੀ। ਤੇ ਇਸ ਜਗਮਾਉਣਾ ਸ਼ੁਰੂ ਹੋਈ ਚੇਤਨਤਾ ਦੀ ਚਿਣਗ ਸਦਕਾ ਮਨ-ਦਿਮਾਗ ਵਿਚ ਅੰਗਰੇਜ਼ ਰਾਜ ਪ੍ਰਤਿ ਪੈਦਾ ਹੋਈ ਨਫ਼ਰਤ ਸਦਕਾ ਹੀ ਬਾਬਾ ਜੀ ਨੇ ਖ਼ਾਲਸਾ ਹਾਈ ਸਕੂਲ ਲੁਧਿਆਣਾ ਵਿਚ ਪੜ੍ਹਦਿਆਂ ਅੰਗਰੇਜ਼ ਵਾਇਸਰਾਇ ਦਾ 'ਹਿੱਪ-ਹਿੱਪ ਹੁਰਰੇ' ਦੀ ਥਾਂ 'ਡੋ-ਡੋ ਝੁਰਲੇ' ਕਹਿ ਕੇ ਵਿਰੋਧ ਕਰਨ ਦੀ ਦਲੇਰੀ ਦਾ ਇਜ਼ਹਾਰ ਕੀਤਾ ਸੀ ਤੇ ਬਦਲੇ ਵਿਚ ਸਕੂਲ ਦੇ ਹੈੱਡ ਮਾਸਟਰ ਇਕਬਾਲ ਸਿੰਘ ਤੋਂ ਡੰਡਿਆਂ ਦੀ ਨਿਰਦਈ ਕੁੱਟ ਖਾਧੀ ਸੀ । ਜਦ ਦਸਵੀਂ ਪਾਸ ਕਰ ਕੇ ਬਾਬਾ ਜੀ ਲੁਧਿਆਣੇ ਤੋਂ ਆਪਣੇ ਪਿੰਡ ਬਿਲਗਾ ਗਏ ਸੀ ਤਾਂ ਉਥੇ ਕਾਮਰੇਡ ਤੇਜਾ

ਸਿੰਘ ਸੁਤੰਤਰ ਦੇ ਭਾਸ਼ਣ ਦੇ ਪ੍ਰਭਾਵ ਸਦਕਾ ਜਦ ਪਿੰਡ ਦੇ ਲੋਕਾਂ ਨੇ ਵਿਦੇਸ਼ੀ ਕੱਪੜਿਆਂ ਦਾ ਵਗਾਹ-ਵਗਾਹ ਕੇ ਇੱਕ ਢੇਰ ਲਾ ਦਿੱਤਾ ਤਾਂ ਬਾਬਾ ਬਿਲਗਾ ਜੀ ਦੀ ਬਾਲ-ਚੇਤਨਤਾ ਨੇ ਅਗਾਂਹ ਵੱਲ ਇੱਕ ਹੋਰ ਛੜੱਪਾ ਮਾਰਿਆ ਸੀ। ਜੈਤੋ ਦੇ ਮੋਰਚੇ ਵੇਲੇ, ਜਦ ਬਾਬਾ ਜੀ ਦੀ ਉਮਰ 16 ਕੁ ਸਾਲ ਦੀ ਸੀ, ਤਾਂ ਬਾਬਾ ਜੀ ਦੀ ਇਸ ਚੇਤਨਤਾ ਨੇ ਅੰਗਰੇਜ਼ੀ-ਸਾਮਰਾਜ ਦੀ ਪਰਵਾਹ ਨਾ ਕਰਦਿਆਂ ਹੋਇਆਂ ਮੋਰਚੇ ਵਿਚ ਸ਼ਾਮਿਲ ਮੋਰਚਾ-ਧਾਰੀਆਂ ਦੀ ਲੰਗਰ-ਸੇਵਾ ਕਰਨ ਤੱਕ ਪੁੱਜਦਾ ਕਰ ਦਿੱਤਾ ਸੀ। ਤੇ ਇਹ ਚੇਤਨਤਾ ਓਦੋਂ ਪਰਚੰਡ ਹੋ ਨਿਬੜੀ ਜਦ ਅਰਜਨਟਾਇਨਾ ਵਿਚ ਜਾ ਕੇ ਉਹਨਾਂ ਦਾ ਮੇਲ ਬਾਬਾ ਰਤਨ ਸਿੰਘ, ਤੇਜਾ ਸਿੰਘ ਸੁਤੰਤਰ ਤੇ ਸ਼ਹੀਦ ਭਗਤ ਸਿੰਘ ਦੇ ਚਾਚਾ ਸ: ਅਜੀਤ ਸਿੰਘ ਵਰਗੇ ਗ਼ਦਰੀ ਯੋਧਿਆਂ ਨਾਲ ਹੋਇਆ ਸੀ ਤੇ ਉਹਨਾਂ ਆਪਣੇ ਅੰਦਰ ਘਰ ਦੇ ਕਰਜ਼ੇ ਲਾਹੁਣ ਦੀ ਥਾਂ ਦੇਸ ਦਾ ਕਰਜ਼ਾ ਚੁੱਕਦਾ ਕਰਨ ਦਾ ਇਤਿਹਾਸਕ ਫੈਸਲਾ ਲਿਆ ਸੀ! ਤੇ ਪਰਚੰਡ ਹੋਈ ਇਹ ਚੇਤਨਤਾ ਹੀ ਸੀ ਜਿਸਦੇ ਸਿਰ 'ਤੇ ਬਾਬਾ ਬਿਲਗਾ ਜੀ ਦੀ ਇੱਕ ਅਜਿਹੀ ਮਜ਼ਬੂਤ ਸ਼ਖ਼ਸੀਅਤ ਘੜੀ ਗਈ ਸੀ ਜਿਸਦੇ ਕਿਰਦਾਰ ਵਿਚ ਗ਼ੁਲਾਮੀ, ਨਾ-ਬਰਾਬਰੀ, ਜਾਤ-ਪਾਤ, ਬੇਗ਼ਾਨਗੀ, ਲੁੱਟ-ਖ਼ਸੁੱਟ ਵਿਰੁੱਧ ਅਗਨ-ਵਿਦਰੋਹ ਅਤੇ ਕਿਰਤੀ-ਕਾਮਿਆਂ, ਮਿਹਨਤਕਸ਼ਾਂ, ਲੁੱਟੇ-ਖ਼ਸੁੱਟਿਆਂ ਤੇ ਮਾਸੂਮਾਂ ਪ੍ਰਤਿ ਮੋਹ ਦੇ ਚਸ਼ਮੇ ਉਤਪੰਨ ਹੋਣ ਲੱਗੇ ਸਨ। ਇਸ ਚੇਤਨਤਾ ਦੇ ਸਿਰ 'ਤੇ ਹੀ ਉਹ ਇੱਕ ਨਿਡਰ, ਸੁਤੰਤਰ ਤੇ ਲੜਾਕੂ ਯੋਧੇ ਦੇ ਰੂਪ ਵਿਚ ਆਪਣਾ ਲੰਬਾ ਸੰਘਰਸ਼ਮਈ ਜੀਵਨ ਜਿਊਣ ਦੇ ਸਮਰੱਥ ਬਣ ਸਕੇ !

ਬਾਬਾ ਬਿਲਗਾ ਜੀ ਨੇ ਆਪਣੇ ਘਰ ਦੇ ਦੁੱਖਾਂ ਨੂੰ ਦਰ-ਕਿਨਾਰ ਕਰ ਕੇ ਆਪਣ ਲੋਕਾਂ ਦੇ ਦੁੱਖਾਂ ਨੂੰ ਦੂਰ ਕਰਨ ਦਾ ਬੀੜਾ ਚੁੱਕਿਆ ਸੀ ਪਰ ਇਹਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਅੰਦਰੋਂ ਆਪਣੇ ਘਰ ਦੇ ਜੀਆਂ ਪ੍ਰਤਿ ਮੋਹ-ਮੁਹੱਬਤ ਸੁੱਕ-ਸਕਾਅ ਗਿਆ ਸੀ। ਨਹੀਂ, ਆਪਣੀ ਮਾਂ, ਪਤਨੀ, ਬੱਚਿਆਂ ਤੇ ਭਰਾ ਦਾ ਪਿਆਰ ਉਨ੍ਹਾਂ ਦੇ ਦਿਲ ਵਿਚ ਹਮੇਸ਼ਾ ਵਸਿਆ ਰਿਹਾ। ਇੱਕ ਵਾਰ ਜਦ ਆਪਣੇ ਅੰਡਰਗਰਾਉਂਡ ਜੀਵਨ ਦੌਰਾਨ ਬਾਬਾ ਜੀ ਨੂੰ ਆਪਣੇ ਪਿੰਡ ਬਿਲਗਾ ਦੇ ਐਨ ਕੋਲ ਦੀ ਲੰਘਣਾ ਪਿਆ ਤਾਂ ਇੱਕ-ਦਮ ਇੱਕ ਥਾਂ ਖੜ੍ਹ ਕੇ ਆਪਣੇ ਮੁੱਦਤ ਤੋਂ ਵਿਛੜੇ ਹੋਏ ਪਰਿਵਾਰ ਨੂੰ ਭਰੇ ਮਨ ਨਾਲ ਯਾਦ ਕਰਦਿਆਂ ਘਰ ਵੱਲ ਕਿੰਨਾ ਹੀ ਚਿਰ ਵੇਖਦੇ ਰਹੇ! ਤੇ ਮਨ ਉੱਤੇ ਕਾਬੂ ਕਰ ਕੇ ਹੀ ਅਗਾਂਹ ਦੇ ਸਫ਼ਰ ਨੂੰ ਰਵਾਨਾ ਹੋਏ ਸਨ। ਉਹ ਇਨਕਲਾਬੀ ਹੀ ਕਾਹਦਾ ਹੋਇਆ ਜਿਸ ਅੰਦਰੋਂ ਮਨੁੱਖੀ ਰਿਸ਼ਤਿਆਂ ਦੀ ਲੇਸ ਹਮੇਸ਼ਾ-ਹਮੇਸ਼ਾ ਲਈ ਖ਼ਤਮ ਹੋ ਜਾਵੇ! ਇਨਕਲਾਬੀ ਇੱਕ ਮਨੁੱਖ ਹੁੰਦਾ ਹੈ, ਦੇਵਤਾ ਨਹੀਂ। ਇਹੋ-ਜਿਹੇ ਜਜ਼ਬਾਤੀ ਮੌਕਿਆਂ 'ਤੇ ਸ਼ਹੀਦ ਭਗਤ ਸਿੰਘ ਦੀ ਉਹ ਗੱਲ ਯਾਦ ਆ ਜਾਂਦੀ ਹੈ ਜਿਹੜੀ ਉਸਨੇ ਵਿਕਟਰ ਹਿਊਗੋ ਦੇ ਨਾਵਲ 'ਨਾਈਨਟੀ ਥਰੀ' ਦੇ ਸਿਮਰਡਿਨ ਨਾਂ ਦੇ ਇਨਕਲਾਬੀ ਪਾਤਰ ਤੇ ਇਨਕਲਾਬ ਵਿਰੋਧੀ ਰਾਜਾਸ਼ਾਹੀ ਸੈਨਾ ਦੇ ਸੈਨਾਪਤੀ ਗਾਵੇਨ ਨਾਂ ਦੇ ਪਾਤਰ ਦੇ ਗੁਰ-ਸ਼ਿਸ਼ ਦੇ ਆਪਸੀ ਰਿਸ਼ਤਿਆਂ ਦੇ ਸੰਬੰਧ ਵਿਚ ਆਪਣੇ ਇਨਕਲਾਬੀ ਸਾਥੀ ਸੁਖਦੇਵ ਨਾਲ ਬਹਿਸ ਕਰਦਿਆਂ ਸੁਖਦੇਵ ਨੂੰ ਕਹੀ ਸੀ : "**ਮਮਤਾ ਦਾ ਜਿਹੜਾ ਧਾਗਾ ਅਨੰਤ ਕਾਲ ਤੋਂ ਮਨੁੱਖ ਨੂੰ ਇਕੱਠਿਆਂ ਬੰਨ੍ਹ ਕੇ ਰੱਖਦਾ ਆਇਆ ਹੈ ਉਸਦਾ ਆਦਰ ਕਰ ਕੇ ਹੀ ਅਸੀਂ ਇਨਕਲਾਬੀ ਬਣ ਸਕਦੇ ਹਾਂ, ਦੇਵਤਾ ਬਣ ਕੇ ਨਹੀਂ** । ਬਾਬਾ ਜੀ ਦੀ ਸ਼ਖ਼ਸੀਅਤ ਦਾ ਇੱਕ ਉੱਭਰਵਾਂ ਗੁਣ ਇਹ ਵੀ ਸੀ ਕਿ ਉਹ ਸਾਫ-ਸਪੱਸ਼ਟ ਕਥਨੀ ਵਾਲੇ ਸੁਹਿਰਦ ਇਨਸਾਨ ਸਨ। ਹਰ ਮਸਲੇ ਉਤੇ ਉਹ ਆਪਣੀ ਸੁਤੰਤਰ ਰਾਇ

ਰਖਦੇ ਸਨ। ਜਿਥੇ ਉਹਨਾਂ ਨੂੰ ਲਗਦਾ ਕਿ ਅਮਕੀ ਗੱਲ ਜਾਂ ਨੀਤੀ ਗ਼ਲਤ ਹੈ ਤਾਂ ਬਿਨਾ ਸੰਕੋਚ ਜਾਂ ਝਿਜਕ ਦੇ ਉਸਨੂੰ ਗਲਤ ਹੀ ਆਖਦੇ ਸਨ ਭਾਵੇਂ ਇਸ ਖ਼ਾਤਰ ਉਨ੍ਹਾਂ ਨੂੰ ਆਪਣੀ ਪਾਰਟੀ ਜਾਂ ਸਾਥੀਆਂ ਦਾ ਗੁੱਸਾ ਹੀ ਕਿਉਂ ਨਾ ਝੱਲਣਾ ਪਵੇ। ਆਪਣੀ ਇਸ ਸੁਤੰਤਰ ਮਾਨਸਿਕਤਾ ਕਾਰਨ ਹੀ ਉਨ੍ਹਾਂ ਨੇ 1943 ਵਿਚ ਜਦ ਪਾਰਟੀ ਵੱਲੋਂ ਡਾ: ਅਧਿਕਾਰੀ ਦੇ ਉਸ ਥੀਸਜ ਦੀ ਹਾਮੀ ਭਰਨ ਦਾ ਫੈਸਲਾ ਲਿਆ ਜਾ ਰਿਹਾ ਸੀ ਜਿਸ ਵਿਚ ਪਾਕਿਸਤਾਨ ਬਣਨ ਨਾਲ 'ਮੁਸਲਿਮ ਘੱਟ ਗਿਣਤੀ ਨੂੰ ਆਤਮ-ਨਿਰਣੇ ਦਾ ਅਧਿਕਾਰ' ਕਿਹਾ ਗਿਆ ਸੀ, ਦਾ ਡੱਟ ਕੇ ਵਿਰੋਧ ਕੀਤਾ ਸੀ ਭਾਵੇਂ ਇਸ ਵਿਰੋਧ ਕਾਰਨ ਉਨ੍ਹਾ ਨੂੰ ਪਾਰਟੀ ਵਿਚੋਂ ਅਲੱਗ-ਥਲੱਗ ਕਰ ਦਿੱਤਾ ਗਿਆ ਸੀ । ਇਥੇ ਹੀ ਬੱਸ ਨਹੀਂ ਉਨ੍ਹਾਂ ਨੂੰ ਪਾਰਟੀ ਵੱਲੋਂ ਖੇਤੀ ਕਰਨ ਦੇ ਹੁਕਮ ਕਰ ਦਿੱਤੇ ਗਏ ਸਨ । ਪਰ ਬਾਬਾ ਜੀ ਮਰਦੇ-ਦਮ ਤੱਕ ਆਪਣੇ ਸਟੈਂਡ ਨੂੰ ਠੀਕ ਕਹਿੰਦੇ ਰਹੇ । ਤੇ ਲੰਮੇ ਸਮੇਂ ਵਿਚ ਹਾਲਤਾਂ ਨੇ ਉਹਨਾਂ ਦੀ ਕਹੀ ਗੱਲ ਸਿੱਧ ਵੀ ਸਹੀ ਕਰ ਦਿੱਤੀ ਸੀ ।

ਬਾਬਾ ਜੀ ਦੀ ਸ਼ਖ਼ਸੀਅਤ ਦਾ ਇੱਕ ਉੱਭਰਵਾਂ ਗੁਣ ਉਹਨਾਂ ਦੀ ਯਾਦਾਂ ਦੀ ਪਟਾਰੀ ਦਾ ਭਰਪੂਰ ਬਣੇ ਰਹਿਣਾ ਵੀ ਹੈ। ਉਮਰ ਦੇ ਚੌਥੇ ਹਿੱਸੇ ਵਿਚ ਪੁੱਜ ਕੇ ਵੀ ਉਹਨਾਂ ਦੀ ਯਾਦ-ਪਟਾਰੀ ਵਿਚ ਬਚਪਨ ਤੇ ਜਵਾਨੀ ਵਿਚ ਵਾਪਰੇ ਵਰਤਾਰੇ ਜਿਉਂ ਦੇ ਤਿਉਂ ਇਸ ਤਰ੍ਹਾਂ ਸਾਂਭੇ ਪਏ ਰਹੇ ਸਨ ਜਿਵੇਂ ਉਹ ਅਜੇ ਕਲ੍ਹ ਹੀ ਵਾਪਰੇ ਹੋਣ। ਖ਼ਾਸ ਕਰ ਕੇ ਅਜਿਹੇ ਵਰਤਾਰੇ ਜਿੰਨ੍ਹਾਂ ਨਾਲ ਇਨਸਾਨੀ ਮੋਹ-ਪਿਆਰ ਦੀ ਕੋਈ ਲੇਸ ਜੁੜੀ ਹੁੰਦੀ ਸੀ ਭਾਵੇਂ ਉਹ ਵਰਤਾਰਾ ਕਿਸੇ ਗੁੰਡੇ-ਬਦਮਾਸ਼ ਦੇ ਜੀਵਨ ਨਾਲ ਹੀ ਕਿਉਂ ਨਾ ਜੁੜਿਆ ਹੋਵੇ। 1943 ਵਿਚ ਡਾ: ਅਧਿਕਾਰੀ ਦੇ ਆਤਮ-ਨਿਰਣੇ ਦੇ ਅਧਿਕਾਰ ਵਾਲੇ ਥੀਸਜ ਦਾ ਬਾਬਾ ਜੀ ਵੱਲੋਂ ਕੀਤੇ ਡਟਵੇਂ ਵਿਰੋਧ ਸਦਕਾ ਜਦ ਪਾਰਟੀ ਵੱਲੋਂ ਉਨ੍ਹਾਂ ਨੂੰ ਸੂਬਾ ਕਮੇਟੀ ਵਿਚੋਂ ਬਾਹਰ ਕੱਢ ਦਿੱਤਾ ਗਿਆ ਸੀ ਤਾਂ ਅਲੱਗ-ਥਲੱਗ ਹੋਇਆ ਵੇਖ ਕੇ ਅੰਗਰੇਜ ਸਰਕਾਰ ਨੇ ਉਨ੍ਹਾਂ ਨੂੰ ਲੁਧਿਆਣਾ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ। ਉਹਨਾਂ ਦੀ ਕੋਠੀ ਫਾਂਸੀ ਲੱਗਣ ਵਾਲੇ ਕੈਦੀਆਂ ਦੀਆਂ ਕੋਠੀਆਂ ਦੇ ਨੇੜੇ-ਤੇੜੇ ਹੀ ਸੀ। ਫਾਂਸੀ ਦੀ ਸਜ਼ਾ ਸੁਣਾਏ ਗਏ ਇੱਕ ਕੈਦੀ ਦੀ ਕੋਠੀ ਤਾਂ ਜਮਾਂ ਇਹਨਾਂ ਦੀ ਕੋਠੀ ਦੇ ਨਾਲ-ਲੱਗਵੀਂ ਸੀ। ਇਹ ਕੈਦੀ ਵਿਆਹਿਆ-ਵਰ੍ਹਿਆ ਸੀ ਤੇ ਇਸਦੇ ਇੱਕ ਮੁੰਡਾ ਵੀ ਸੀ ਪਰ ਇੱਕ ਸੁਨਿਆਰੀ ਨਾਲ ਇਸ਼ਕ ਹੋਣ ਕਾਰਨ ਇਸਨੇ ਆਪਣੀ ਇਸ ਮਸ਼ੂਕਾਂ ਨੂੰ ਵੀ ਆਪਣੇ ਘਰ ਵਸਾ ਲਿਆ ਸੀ । ਫਾਂਸੀ ਲੱਗਣ ਤੋਂ ਇੱਕ ਦਿਨ ਪਹਿਲਾਂ ਇਸ ਕੈਦੀ ਦੀ ਪਹਿਲੀ ਪਤਨੀ ਦੀ ਕੁੱਖੋਂ ਪੈਦਾ ਹੋਇਆ ਪੁੱਤਰ ਉਸਦੀ ਆਖ਼ਰੀ ਮੁਲਾਕਾਤ ਲਈ ਜੇਲ੍ਹ ਵਿਚ ਆਇਆ। ਜ਼ਿੰਦਗੀ ਦੇ ਇਸ ਅਖ਼ੀਰਲੇ ਪਲ ਇਸ ਕੈਦੀ ਨੇ ਆਪਣੀ ਮਾਸ਼ੂਕਾ ਬਾਰੇ ਆਪਣੇ ਪੁੱਤਰ ਨੂੰ ਇਹ ਸ਼ਬਦ ਕਹੇ : " ਇਹ ਤੇਰੀ ਮਾਂ ਐ ! ਇਹਦੀ ਸੇਵਾ ਕਰੀਂ ਤੇ ਮਾਂ ਵਾਲਾ ਸਤਿਕਾਰ ਦੇਈਂ ! ਮੇਰਾ ਪੁੱਤ ਐਂ ਤਾਂ ਰਤਾ ਫਰਕ ਨਾ ਕਰੀਂ !" ਤੇ ਅਗਲੀ ਗੱਲ ਜਿਹੜੀ ਬਾਬਾ ਜੀ ਦੇ ਯਾਦ ਦਾ ਹਿੱਸਾ ਬਣੀ ਰਹੀ ਉਹ ਇਹ ਹੈ ਜਿਹੜੀ ਉਸ ਮਾਸ਼ੂਕਾਂ ਨੇ ਆਪਣੇ ਫਾਂਸੀ ਲੱਗਣ ਜਾ ਰਹੇ ਉਸ ਕੈਦੀ ਨੂੰ ਉਸ ਸਮੇਂ ਕਹੀ ਜਦ ਉਸਨੂੰ ਵੇਖ ਕੇ ਉਸਦੇ ਮਹਿਬੂਬ ਦੀਆਂ ਅੱਖਾਂ ਵਿਚ ਹੰਝੂ ਆ ਗਏ ਸਨ। ਮਾਸ਼ੂਕਾ ਨੇ ਬੜੀ ਹੀ ਬੜੀ ਦਲੇਰ-ਭਾਵਨਾ ਦਾ ਸਬੂਤ ਦਿੰਦਿਆਂ ਕਿਹਾ, "ਰੋਂਦਾ ਕਿਉਂ ਐਂ? ਹੋ ! ਬਹਾਦਰਾਂ ਦੀ ਮੌਤ ਮਰਨਾ ਹੈ ! ਦੁਸ਼ਮਣ ਦਾ ਕਤਲ ਕੀਤੈ, ਪਛਤਾਵਾ ਕਾਹਦਾ? ਹੱਸਦਾ-ਹੱਸਦਾ ਫਾਂਸੀ ਚੜ੍ਹੀਂ, ਅੱਗੋਂ ਮੈਂ ਉਡੀਕਾਂਗੀ ਤੈਨੂੰ !" ਤੇ ਸੱਚ-ਮੁੱਚ ਆਪਣੇ ਮਹਿਬੂਬ ਨੂੰ 'ਅੱਗੋਂ ਮਿਲਣ' ਦਾ

ਇਕਰਾਰ ਕਰਨ ਵਾਲੀ ਉਸ 'ਬਦਮਾਸ਼' ਦੀ ਉਸ ਮਾਸ਼ੂਕਾ ਨੇ ਜੇਲ੍ਹ ਤੋਂ ਬਾਹਰ ਜਾ ਕੇ ਆਪਣੇ ਪ੍ਰਾਣ ਤਿਆਗ ਦਿੱਤੇ ਸਨ।(ਆਪਣੀ ਯਾਦਾਂ ਦੀ ਪਟਾਰੀ ਵਿਚ ਸਾਂਭੀ ਇਹ 'ਜਜ਼ਬਾਤੀ ਯਾਦ' ਬਾਬਾ ਜੀ ਨੇ ਡਾਕਟਰ ਜਸਬੀਰ ਕੌਰ ਗਿੱਲ ਨੂੰ ਸੁਣਾਈ ਜਿਹੜੀ ਬਾਦ ਵਿਚ ਡਾ: ਗਿੱਲ ਨੇ ਬਾਬਾ ਜੀ ਦੇ ਜੀਵਨ ਉੱਤੇ ਲਿਖੀ ਆਪਣੀ ਪੁਸਤਕ '*ਗ਼ਦਰ ਪਾਰਟੀ ਦਾ ਲੋਹ-ਪੁਰਸ਼ ਬਾਬਾ ਭਗਤ ਸਿੰਘ ਬਿਲਗਾ'* ਵਿਚ ਦਰਜ ਕੀਤੀ।)

ਇਹੋ ਜਿਹੀਆਂ ਘਟਨਾਵਾਂ ਸਾਡੇ ਵਰਗਿਆਂ ਲਈ 'ਐਵੇਂ-ਕੈਵੇਂ' ਦੀਆਂ ਹੋ ਸਕਦੀਆਂ ਹਨ ਪਰ ਯਾਦਾਂ ਦੀ ਪਟਾਰੀ ਵਿਚ ਸਾਂਭ ਕੇ ਰੱਖਣ ਵਾਲਿਆਂ ਲਈ ਉਹਨਾਂ ਦੇ ਮਨੁੱਖ ਹੋਣ ਦੀਆਂ ਗਵਾਹੀ ਭਰਦੀਆਂ ਹਨ।

ਸੋ, ਬਾਬਾ ਜੀ ਦੇ ਸਮੁੱਚੇ ਜੀਵਨ-ਵਰਤਾਰੇ ਨੂੰ ਪੜ੍ਹਦਿਆਂ ਤੇ ਉਸ ਉੱਤੇ ਵਿਚਾਰ ਕਰਦਿਆਂ ਅਖ਼ੀਰ ਵਿਚ ਮੈਂ ਵਰਿਆਮ ਸਿੰਘ ਸੰਧੂ ਦੀ ਕਹੀ ਸੱਚਾਈ ਨੂੰ ਪਾਠਕਾਂ ਦੇ ਸਨਮੁਖ ਕਰਨਾ ਉਚਿੱਤ ਸਮਝਦਾ ਹਾਂ ਜਿਸ ਵਿਚ ਸੰਧੂ ਨੇ ਕਿਹਾ ਹੈ ਕਿ "ਜਿਥੇ ਸ਼ਹੀਦ ਭਗਤ ਸਿੰਘ ਨੇ ਸ਼ਹੀਦ ਹੋ ਕੇ ਸਾਨੂੰ ਇਹ ਦੱਸਿਆ ਕਿ ਮਰਿਆ ਕਿਵੇਂ ਜਾ ਸਕਦਾ ਹੈ ਤਾਂ ਦੂਜੇ ਭਗਤ ਸਿੰਘ ਬਿਲਗਾ ਨੇ 102 ਸਾਲ ਦਾ ਸੰਘਰਸ਼ ਭਰਿਆ ਜੀਵਨ ਜਿਉਂ ਕੇ ਇਹ ਸਾਬਤ ਕੀਤਾ ਕਿ ਇੱਕ ਇਨਕਲਾਬੀ ਨੂੰ ਜਿਊਂਦਾ ਕਿਵੇਂ ਰਹਿਣਾ ਚਾਹੀਦਾ ਹੈ।"

✲✲✲

# ਬਾਬਾ ਜੀ ਨੂੰ ਯਾਦ ਕਰਦਿਆਂ

-ਗੁਰਮੀਤ ਸਿੰਘ ਢੱਡਾ

ਬਾਬਾ ਜੀ (ਕਾ. ਭਗਤ ਸਿੰਘ ਬਿਲਗਾ) ਹੁਣ ਸਾਡੇ ਵਿਚ ਨਹੀਂ ਰਹੇ। ਪਰ ਉਨ੍ਹਾਂ ਦੀ ਯਾਦ ਮੇਰੀ ਬਾਕੀ ਰਹਿੰਦੀ ਜ਼ਿੰਦਗੀ ਵਿਚ ਸਦਾ ਤਾਜ਼ੀ ਰਹਿ ਸਕਦੀ ਹੈ। ਉਹ ਇਸ ਕਰਕੇ ਕਿ ਜਦੋਂ ਦੇਸ਼ ਭਗਤ ਯਾਦਗਾਰ ਹਾਲ ਵਿਚ ਮੈਂ ਕੁਝ ਸਾਲ ਦਫ਼ਤਰ ਸਕੱਤਰ ਦੇ ਤੌਰ 'ਤੇ ਬਿਤਾਏ ਹਨ, ਬਾਬਾ ਜੀ ਰੋਜ਼ ਹੀ ਮੇਰੇ ਪਾਸ ਦਫ਼ਤਰ ਵਿਚ ਬੈਠਿਆ ਕਰਦੇ ਸਨ। ਬੈਠਿਆਂ-ਬੈਠਿਆਂ ਉਹ ਰੋਜ਼ ਹੀ ਕਾਫੀ ਗੱਲਾਂ ਕਰ ਜਾਂਦੇ। ਇਹ ਗੱਲਾਂ ਆਮ ਤੌਰ 'ਤੇ ਉਨ੍ਹਾਂ ਦੀ ਜੀਵਨ ਕਥਾ ਹੁੰਦੀਆਂ। ਇਹ ਨਾਲ ਦੀ ਨਾਲ ਦੇਸ਼ ਦੀ ਰਾਜਨੀਤੀ ਨਾਲ ਵੀ ਜੁੜੀਆਂ ਹੋਈਆਂ ਹੁੰਦੀਆਂ।

ਉਂਝ ਤਾਂ ਬਾਬਾ ਜੀ ਸੁਭਾਅ ਪੱਖੋਂ ਸਾਰਿਆਂ ਦੇ ਹੀ ਮਿੱਤਰ ਜਾਪਦੇ ਹੁੰਦੇ ਸਨ, ਪਰ ਮੈਨੂੰ ਇਉਂ ਜਾਪਦਾ ਜਿਵੇਂ ਉਹ ਮੇਰੇ ਤੇ ਰਘਬੀਰ ਸਿੰਘ ਛੀਨਾ ਨਾਲ ਕੁਝ ਜ਼ਿਆਦਾ ਨੇੜਤਾ ਰੱਖਦੇ ਹਨ। ਉਨ੍ਹਾਂ ਇਸ ਹਾਲ ਦੀ ਜ਼ਮੀਨ ਆਦਿ ਦੇ ਜ਼ਰੂਰੀ ਕਾਗਜ਼ਾਤ ਆਪਣੀ ਅਲਮਾਰੀ ਵਿਚੋਂ ਕੱਢ ਕੇ ਮੇਰੀ ਅਲਮਾਰੀ ਵਿਚ ਰੱਖ ਦਿੱਤੇ ਅਤੇ ਆਖਿਆ.... 'ਅਸੀਂ ਤਾਂ ਹੁਣ ਨਦੀ ਕਿਨਾਰੇ ਰੁੱਖੜੇ ਹਾਂ' ਪਰ ਉਹ ਪੂਰੀ ਇਕ ਸਦੀ ਜੀਏ। ਉਨ੍ਹਾਂ ਨਦੀ ਦੇ ਕਿਨਾਰੇ ਦੇ ਸਭ ਰੁੱਖੜੇ ਹੀ ਉਖੇੜ ਦਿੱਤੇ।

ਬਾਬਾ ਜੀ ਦੀ ਯਾਦ ਸ਼ਕਤੀ ਕਮਾਲ ਦੀ ਸੀ। ਉਹ ਅਜ਼ਾਦੀ ਦੀ ਲੜਾਈ ਵਿਚ ਗ਼ਦਰੀਆਂ ਵੱਲੋਂ ਨਿਭਾਈ ਗਈ ਭੂਮਿਕਾ ਬਾਰੇ ਜਦੋਂ ਲਿਖਦੇ ਜਾਂ ਉਂਝ ਹੀ ਗੱਲਾਂ ਬਾਤਾਂ ਕਰਦੇ ਤਾਂ ਉਹ ਹਰ ਆਜ਼ਾਦੀ ਦੇ ਘੁਲਾਟੀਏ ਦੇ ਨਾਂ ਅਤੇ ਉਸ ਵੱਲੋਂ ਘਾਲੀਆਂ ਘਾਲਣਾ ਬਾਰੇ ਉਹ ਫਟਾਫਟ ਸਭ ਕੁਝ ਬਿਆਨ ਦਿੰਦੇ।

ਮੇਰਾ ਦੇਸ਼ ਭਗਤ ਯਾਦਗਾਰ ਹਾਲ ਵਿਚ ਕਾਫ਼ੀ ਚਿਰ ਪਹਿਲਾਂ ਦਾ ਆਉਣਾ-ਜਾਣਾ ਸੀ। ਮੈਂ ਗੌਰਮਿੰਟ ਟੀਚਰਜ਼ ਯੂਨੀਅਨ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦਾ ਕੁਝ ਸਮਾਂ ਸੂਬਾਈ ਕਾਰਕੁੰਨ ਰਿਹਾ ਹਾਂ। ਜਦੋਂ ਹਾਲ ਕੁਝ ਮੁਕੰਮਲ ਹੋ ਗਿਆ ਤਾਂ ਪੰਜਾਬ ਵਿਚ ਹਰ ਵਰਗ ਦੀਆਂ ਜਥੇਬੰਦੀਆਂ ਦੀਆਂ ਲਗਭਗ ਸਾਰੀਆਂ ਹੀ ਸੂਬਾਈ ਪੱਧਰ ਦੀਆਂ ਸਰਗਰਮੀਆਂ ਇਸੇ ਹਾਲ ਦੇ ਵਿਹੜੇ ਵਿਚ ਹੀ ਹੁੰਦੀਆਂ ਸਨ ਅਤੇ ਹੁਣ ਵੀ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਸੂਬਾਈ ਸਰਗਰਮੀਆਂ ਨੂੰ ਸਫ਼ਲ ਕਰਨ ਲਈ ਸਾਰੀਆਂ ਲੋੜਾਂ ਦੀ ਪੂਰਤੀ ਕਰਨਾ ਮੁੱਖ ਤੌਰ ਤੇ ਮੇਰੀ ਜ਼ਿੰਮੇਵਾਰੀ ਹੁੰਦੀ ਸੀ। ਬਾਬਾ ਜੀ ਮੈਨੂੰ ਇਹ ਕੁਝ ਕਰਦਿਆਂ ਵੇਖਦੇ ਰਹਿੰਦੇ ਸਨ। ਉਨ੍ਹਾਂ ਨੂੰ ਇਹ ਪਤਾ ਹੋਣ ਕਰਕੇ ਕਿ ਮੈਂ ਜ਼ਿਲ੍ਹੇ ਵਿਚ ਕੰਮ ਕਰਦੀਆਂ ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਵਿਚ ਅਤੇ ਕੇਂਦਰੀ ਮਹਿਕਮਿਆਂ ਵਿਚ ਬਣੀਆਂ ਜੱਥੇਬੰਦੀਆਂ

ਦਾ ਜ਼ਿਲ੍ਹਾ ਕਨਵੀਨਰ ਹਾਂ। ਉਨ੍ਹਾਂ ਮੈਥੋਂ ਗੱਲਾਂ-ਗੱਲਾਂ ਵਿਚ ਇਹ ਵੀ ਜਾਣ ਲਿਆ ਕਿ ਮੈਂ ਰਿਟਾਇਰ ਕਦੋਂ ਹੋਣਾ ਹੈ। ਸਾਡੀ ਜੱਥੇਬੰਦੀ ਵੱਲੋਂ ਮੇਰੀ ਰਿਟਾਇਰਮੈਂਟ ਤੇ ਜ਼ਿਲ੍ਹਾ ਪੱਧਰ ਦਾ ਇਕੱਠ ਕਰਨ ਲਈ ਬਾਬਾ ਜੀ ਤੋਂ ਹਾਲ ਦਾ ਕਿਰਾਇਆ ਜਾਣਨ ਦੀ ਗੱਲ ਕੀਤੀ ਤਾਂ ਬਾਬਾ ਜੀ ਨੇ ਪੁੱਛਿਆ ਕਿ ਕਿਸ ਦੀ ਰਿਟਾਇਰਮੈਂਟ ਹੈ। ਸਾਥੀਆਂ ਨੇ ਜਦੋਂ ਮੇਰਾ ਨਾਂ ਲਿਆ ਤਾਂ ਬਾਬਾ ਜੀ ਨੇ ਝੱਟ ਉਨ੍ਹਾਂ ਨੂੰ ਆਪਣੀ ਜੇਬ ਵਿਚੋਂ 100 ਰੁਪਏ ਦਾ ਨੋਟ ਰਿਟਾਇਰਮੈਂਟ ਦੀ ਪਾਰਟੀ ਦੇ ਖਰਚੇ ਵਿਚ ਜਮ੍ਹਾਂ ਕਰਨ ਲਈ ਦਿੱਤਾ ਤੇ ਨਾਲ ਹੀ ਆਖਿਆ ਕਿ ਸਹੁਰਿਓ ਢੱਡੇ ਦੀ ਰਿਟਾਇਰਮੈਂਟ ਤਾਂ ਕਮੇਟੀ ਤੁਹਾਥੋਂ ਹਾਲ ਦਾ ਕਿਰਾਇਆ ਲਏਗੀ? ਮੇਰੇ ਲਈ ਇਹ ਬੜੇ ਮਾਣ ਦੀ ਗੱਲ ਹੈ। ਕੁਝ ਦਿਨਾਂ ਪਿੱਛੋਂ ਹੀ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦਾ ਮੈਂਬਰ ਬਣਾਉਣ ਵਾਲੀ ਚਿੱਠੀ ਕਿਸੇ ਹੱਥ ਬਾਬਾ ਜੀ ਨੇ ਮੈਨੂੰ ਭੇਜ ਦਿੱਤੀ। ਜਦੋਂ ਮੈਂ ਅਸਮਰੱਥਾ ਜ਼ਾਹਰ ਕਰਨ ਲਈ ਬਾਬਾ ਜੀ ਦੇ ਪਾਸ ਗਿਆ ਤਾਂ ਉਨ੍ਹਾਂ ਮੈਨੂੰ ਝਿੜਕ ਕੇ ਕਿਹਾ ਕਿ ਤੂੰ ਕੌਣ ਹੁੰਦਾ ਨਾਂਹ ਕਰਨ ਵਾਲਾ- ਤੇਰਾ ਨਾਂ ਤਾਂ ਸਰਬਸੰਮਤੀ ਨਾਲ ਪਾਸ ਹੋਇਆ ਹੈ। ਉਦੋਂ ਤੋਂ ਘੱਟ ਹੀ ਮੈਂ ਕਮੇਟੀ ਮੀਟਿੰਗਾਂ ਵਿਚੋਂ ਗੈਰ ਹਾਜ਼ਰ ਹੋਇਆ ਹਾਂ।

ਰਿਟਾਇਰ ਹੋਣ ਤੇ ਮੈਨੂੰ ਸੀ.ਪੀ.ਆਈ.ਐਮ. ਦੀ ਜ਼ਿਲ੍ਹਾ ਕਮੇਟੀ ਵਿਚ ਲੈ ਲਿਆ ਗਿਆ। ਮੇਰਾ ਰੋਜ਼ ਹੀ ਜਲੰਧਰ ਆਉਣਾ ਜਾਣਾ ਬਣ ਗਿਆ। ਬਾਬਾ ਜੀ ਨੂੰ ਵੀ ਮਿਲਣ ਲਈ ਅੱਗੇ ਨਾਲੋਂ ਵੱਧ ਸਮਾਂ ਮਿਲਣ ਲੱਗ ਪਿਆ। ਇਕ ਦਿਨ ਸਮਾਂ ਵਿਚਾਰ ਕੇ ਸੀ.ਪੀ.ਆਈ.ਐਮ. ਦੀ ਜ਼ਿਲ੍ਹਾ ਕਮੇਟੀ ਦੇ ਆਗੂਆਂ ਨੂੰ ਬਾਬਾ ਜੀ ਨੇ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਵਿਚ ਦਫਤਰ ਸਕੱਤਰ ਦੀ ਲੋੜ ਹੈ, ਗੁਰਮੀਤ ਸਿੰਘ ਢੱਡਾ ਨੂੰ ਇਹ ਡਿਊਟੀ ਨਿਭਾਉਣ ਲਈ ਮਨਾਓ। ਮੈਂ ਬਾਬਾ ਜੀ ਨੂੰ ਮੌਕਾ ਤਾੜ ਕੇ ਇਕੱਲਿਆ ਮਿਲ ਕੇ ਅਰਜੋਈ ਕੀਤੀ ਕਿ ਮੈਂ ਬਹੁਤਾ ਸਮਾਂ ਬੱਝ ਕੇ ਬੈਠਣ ਦਾ ਆਦੀ ਨਹੀਂ ਹਾਂ। ਸੋ ਤੁਸੀਂ ਆਪਣੇ ਪਿੰਡ ਦੇ ਮਾਸਟਰ ਗਿਆਨ ਸਿੰਘ ਨੂੰ ਇਸ ਸੇਵਾ ਲਈ ਭਰਤੀ ਕਰ ਲਓ ਤਾਂ ਉਨ੍ਹਾਂ ਅੱਗੋਂ ਇਕਦਮ ਤਾੜ ਕੇ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਵਿਚ ਜੋ ਕੁਝ ਵੀ ਸਰਮਾਏਦਾਰੀ ਦੇ ਸਥਾਪਤ ਮੀਡੀਏ ਰਾਹੀਂ ਪਰੋਸਿਆ ਜਾਂਦਾ ਹੈ, ਉਹ ਸਾਰੇ ਦਾ ਸਾਰਾ ਤੁਹਾਡੀ ਪਾਰਟੀ ਸੀ.ਪੀ.ਆਈ.ਐਮ. ਦੇ ਵਿਰੋਧ ਵਿਚ ਹੀ ਹੁੰਦਾ ਹੈ। ਮਾਰਕਸਵਾਦੀ ਸਿਧਾਂਤ ਤੋਂ ਬੌਣੇ ਇੱਥੇ ਬੈਠੇ ਕੁਝ ਸਾਥੀ ਜੋ ਸਿਰਫ਼ ਟੇਬਲ ਤੇ ਹੀ ਆਉਂਦੇ ਇਨਕਲਾਬ ਨੂੰ ਚਿਤਵਦੇ ਹਨ, ਉਸੇ ਨੂੰ ਹੀ ਸੱਚ ਮੰਨ ਕੇ ਆਪਣੀਆਂ ਪਾਰਟੀਆਂ, ਜਿਨ੍ਹਾਂ ਦੇ ਉਹ ਖੁਦ ਕਾਰਕੁੰਨ ਜਾਂ ਐਵੇਂ ਦੇ ਹਮਦਰਦ ਬਣੇ ਬੈਠੇ ਹੁੰਦੇ ਹਨ ਦੇ ਕੰਮ ਦੀ ਚਰਚਾ ਨਹੀਂ ਕਰਦੇ ਸਗੋਂ ਖੱਬੀ ਮਾਰਕੇਬਾਜ਼ੀ ਦੇ ਸੁੱਤੇ ਸਿੱਧ ਹੀ ਸ਼ਿਕਾਰ ਹੋ ਕੇ ਤੁਹਾਡੀ ਪਾਰਟੀ ਦੇ ਵਿਰੋਧ ਵਿਚ ਚਰਚਾ ਕਰਨ ਵਿਚ ਅਨੰਦ ਮਹਿਸੂਸ ਕਰਦੇ ਰਹਿੰਦੇ ਹਨ। ਤੇਰੇ ਵਰਗਾ ਠੰਡੇ ਸੁਭਾਅ ਵਾਲਾ ਇਨਸਾਨ ਹੀ ਬਾਹਰਮੁਖੀ ਠੋਸ ਹਾਲਤਾਂ ਤੋਂ ਜਾਣੇ ਜਾਂ ਅਣਜਾਣੇ ਵਿਚ ਨਾਸਮਝਣ ਵਾਲਿਆਂ ਨੂੰ ਸੁਣਨ ਦਾ ਜੇਰਾ ਰੱਖ ਸਕਦਾ ਹੈ ਅਤੇ ਲੋੜ ਵੇਲੇ ਢੁੱਕਵਾਂ ਉੱਤਰ ਵੀ ਦੇਣ ਦੇ ਸਮਰੱਥ ਹੋ ਸਕਦਾ ਹੈ। ਗਿਆਨ ਸਿੰਘ ਬਿਲਗਾ ਤਾਂ ਇਕਦਮ ਕੱਪੜਿਆਂ ਤੋਂ ਬਾਹਰ ਹੋ ਜਾਏਗਾ।

ਇਸੇ ਸੰਦਰਭ ਵਿਚ ਮੈਨੂੰ ਇਕ ਘਟਨਾ ਯਾਦ ਆਉਂਦੀ ਹੈ, ਉਹ ਇਹ ਕਿ ਇਕ ਵਾਰ ਕਮੇਟੀ ਦੀ ਮੀਟਿੰਗ ਹੋਣੀ ਸੀ। ਮੈਂ ਮੀਟਿੰਗ ਦੀ ਕਾਰਵਾਈ ਲਿਖਦਾ ਹੁੰਦਾ ਸੀ। ਨਿੰਮੀ-ਨਿੰਮੀ ਬਾਰਿਸ਼ ਪੈ ਰਹੀ ਸੀ। ਬਾਰਿਸ਼ ਕਾਰਨ ਮੀਟਿੰਗ ਵਿਚ ਪੱਛੜ ਕੇ ਆਉਣ ਵਾਲੇ ਮੈਂਬਰਾਂ ਦੀ

ਉਡੀਕ ਕਰਦੇ-ਕਰਦੇ ਬਾਬਾ ਜੀ ਨੇ ਲਾਇਲਪੁਰੀ ਜੀ ਨੂੰ ਇਕ ਪ੍ਰਸ਼ਨ ਰਾਹੀਂ ਉਸ ਸਮੇਂ ਬਿਹਾਰ ਪ੍ਰਾਂਤ ਵਿਚ ਹੋਣ ਜਾ ਰਹੀਆਂ ਅਸੈਂਬਲੀ ਚੋਣਾਂ ਵਿਚ ਬਣ ਰਹੇ ਗਠਜੋੜਾਂ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀ ਤਾਂ ਲਾਇਲਪੁਰੀ ਜੀ ਨੇ ਗਠਜੋੜਾਂ ਦਾ ਖੁਲਾਸਾ ਕਰਦੇ ਸਮੇਂ ਸੀ.ਪੀ.ਆਈ.ਐਮ. ਵੱਲੋਂ ਇਸ ਚੋਣ ਵਿਚ ਲਏ ਜਾ ਰਹੇ ਪੈਂਤੜੇ ਦੀ ਬੜੇ ਜ਼ੋਰ ਸ਼ੋਰ ਨਾਲ ਤਨਜ਼ ਕੀਤੀ ਤਾਂ ਬਾਬਾ ਜੀ ਨੇ ਮੇਰੇ ਵੱਲ ਇਸ਼ਾਰਾ ਕਰਕੇ ਪੁੱਛਿਆ ਕਿ ਦੱਸ ਓਏ ਢੱਡਿਆ ਤੂੰ ਕੀ ਮਹਿਸੂਸ ਕਰਦਾ ਹੈ। ਮੈਂ ਉੱਤਰ ਵਿਚ ਕਿਹਾ ਕਿ ਬਾਬਾ ਜੀ ਮੈਨੂੰ ਤਾਂ ਅਜੇ ਪਾਰਟੀ ਵਿਚੋਂ ਕੱਢਿਆ ਨਹੀਂ, ਮੈਂ ਤਾਂ ਉਹੋ ਕੁਝ ਨੂੰ ਹੀ ਠੀਕ ਕਹਾਂਗਾ ਜਿਹੜਾ ਪਾਰਟੀ ਨੇ ਫੈਸਲਾ ਕੀਤਾ ਹੈ। ਤਾਂ ਸਾਰੇ ਹੀ ਨਿਰ ਉੱਤਰ ਹੋ ਗਏ ਕਿਉਂਕਿ ਬੈਠੇ ਸਾਥੀਆਂ ਵਿਚੋਂ ਕੁਝ ਸਾਥੀ ਸੀ.ਪੀ.ਆਈ.ਐਮ. ਵਿਚੋਂ ਕੱਢੇ ਗਏ ਜਾਂ ਖੁਦ ਬਾਹਰ ਹੋ ਗਏ ਹੋਏ ਸਨ ਤਾਂ ਬਾਬਾ ਜੀ ਨੇ ਮੈਨੂੰ ਕਿਹਾ ਤੂੰ ਵੱਡਾ ਖਲੀਫ਼ਾ ਹੈਂ, ਤੂੰ ਨਹੀਂ ਕਾਬੂ ਆਉਣਾ। ਉਨ੍ਹਾਂ ਮੀਟਿੰਗ ਖਤਮ ਹੋਣ ਤੋਂ ਪਿੱਛੋਂ ਆਪਣੇ ਕਮਰੇ ਵਿਚ ਮੈਨੂੰ ਬੁਲਾ ਕੇ ਕਿਹਾ- ਢੱਡਿਆ ਮੈਂ ਖੁਸ਼ ਹਾਂ ਕਿ ਮੈਂ ਤੈਨੂੰ ਕਮੇਟੀ ਵਿਚ ਲੈਣ ਦੀ ਚੋਣ ਕੀਤੀ ਹੈ। ਉਨ੍ਹਾਂ ਕਿਹਾ ਕਿ ਮੈਂ ਵੀ ਸੀ.ਪੀ.ਆਈ.ਐਮ. ਦਾ ਲੰਮਾ ਸਮਾਂ ਮੈਂਬਰ ਰਿਹਾ ਹਾਂ।

ਬਾਬਾ ਜੀ ਗ਼ਦਰੀ ਬਾਬਿਆਂ ਦੀ ਯਾਦ ਵਿਚ ਬਣਾਏ ਦੇਸ਼ ਭਗਤ ਯਾਦਗਾਰ ਹਾਲ ਨੂੰ ਪੂਰੀ ਤਰ੍ਹਾਂ ਸਮਰਪਿਤ ਸਨ। ਉਹ ਹਰ ਵੇਲੇ ਇਸ ਸੰਸਥਾ ਨੂੰ ਹੋਰ ਤੋਂ ਹੋਰ ਬਿਹਤਰ ਬਣਾਉਣ ਦੀਆਂ ਵਿਉਂਤਾ ਬਣਾਉਣ ਵਿਚ ਮਗਨ ਰਹਿੰਦੇ। ਬਾਬਾ ਜੁਆਲਾ ਸਿੰਘ ਔਡੀਟੋਰੀਅਮ ਮੁਕੰਮਲ ਕਰਨ ਵਿਚ ਉਨ੍ਹਾਂ ਬਹੁਤ ਕੰਮ ਕੀਤਾ। ਕਾਮਰੇਡ ਰਘਬੀਰ ਸਿੰਘ ਛੀਨਾ ਇਸ ਕਾਰਜ ਵਿਚ ਹਰ ਸਮੇਂ ਬਾਬਾ ਜੀ ਦੇ ਨਾਲ-ਨਾਲ ਹੁੰਦੇ। ਜਦੋਂ ਇਹ ਹਾਲ ਮੁਕੰਮਲ ਹੋ ਗਿਆ ਤਾਂ ਬਾਬਾ ਜੀ ਨੇ ਇਸ ਹਾਲ ਵਿਚ ਕੁਰਸੀਆਂ ਲਗਾਉਣ ਦਾ ਮਨ ਬਣਾ ਲਿਆ। ਉਨ੍ਹਾਂ ਇਸ ਵਿਉਂਤਬੰਦੀ ਵਿਚ ਮੇਰੀ ਅਣਖ ਨੂੰ ਵੰਗਾਰਨ ਲਈ ਮੈਨੂੰ ਆਪਣੇ ਪਾਸ ਸੱਦ ਕੇ ਕਿਹਾ ਕਿ- ਓਏ ਢੱਡਿਆ ਉਪਰਲੇ ਹਾਲ ਵਿਚ ਕੁਰਸੀਆਂ ਲਗਵਾ ਕੇ ਦੇਣ ਲਈ ਸ਼ਹਿਰ ਦਾ ਵੱਡਾ ਸੇਠ (ਦਾਦਿਆਂ ਦੇ ਕਾਰਖਾਨੇ ਦਾ ਮਾਲਕ) ਸਪਾਊਂਸਰ ਕਰਨ ਲਈ ਮੇਰੇ ਪਾਸ ਆਇਆ ਸੀ। ਮੈਂ (ਬਾਬਾ ਜੀ) ਸਮਝਦਾ ਹਾਂ ਕਿ ਇਸ ਤਰ੍ਹਾਂ ਉਹ ਸੇਠ ਇਸ ਸੰਸਥਾ ਨੂੰ ਆਪਣੇ ਹਿੱਤ ਲਈ ਵਰਤਣ ਵਾਸਤੇ ਸਾਡੇ ਤੇ ਜ਼ੋਰ ਪਾਇਆ ਕਰੇਗਾ, ਤੇਰਾ ਕੀ ਵਿਚਾਰ ਹੈ। ਅਸਲ ਵਿਚ ਬਾਬਾ ਜੀ ਆਪਣੇ ਮਨ ਦੀ ਗੱਲ ਮੇਰੇ ਤੋਂ ਅਖਵਾਉਣਾ ਚਾਹੁੰਦੇ ਸਨ। ਮੈਂ ਵੀ ਹਾਂ ਵਿਚ ਹਾਂ ਮਿਲਾ ਦਿੱਤੀ। ਫਿਰ ਉਨ੍ਹਾਂ ਆਪਣੇ ਦਿਲ ਦੀ ਗੱਲ ਕਰਕੇ ਮੈਨੂੰ ਸਹਿਮਤ ਕਰ ਲਿਆ ਕਿ ਹੁਣ ਤਾਂ ਜ਼ਿਲ੍ਹੇ ਵਿਚ ਆਪਣੀਆਂ ਕਾਫੀ ਮੁਲਾਜ਼ਮ ਜੱਥੇਬੰਦੀਆਂ ਹਨ। ਇਨ੍ਹਾਂ ਜੱਥੇਬੰਦੀਆਂ ਨੂੰ ਇਹ ਕੰਮ ਸੌਂਪਣ ਦਾ ਉਪਰਾਲਾ ਕਰ। ਮੇਰੇ ਵੱਲੋਂ ਹਾਂ ਕਹਿਣ ਤੇ ਬਾਬਾ ਜੀ ਨੇ ਕੁਰਸੀਆਂ ਲਈ ਫੰਡ ਇਕੱਠਾ ਕਰਨ ਵਾਸਤੇ ਮੇਰੇ ਰਾਹੀਂ ਕਾਪੀਆਂ ਛਪਵਾਈਆਂ ਅਤੇ ਮੇਰੇ ਰਾਹੀਂ ਹੀ ਲਗਭਗ ਸਾਰੀਆਂ ਜੱਥੇਬੰਦੀਆਂ ਦੇ ਆਗੂਆਂ ਨੂੰ ਬੁਲਾਵਾਂ ਭੇਜ ਕੇ ਮੀਟਿੰਗ ਕਰਨ ਉਪਰੰਤ 864 ਕੁਰਸੀਆਂ ਲਗਵਾਉਣ ਲਈ ਹਰ ਜਥੇਬੰਦੀ ਨੇ ਬਹੁਤ ਹੀ ਉਤਸ਼ਾਹ ਨਾਲ ਇਸ ਫੰਡ ਉਗਰਾਹੀ ਵਿਚ ਹਿੱਸਾ ਲਿਆ। 32-32 ਕੁਰਸੀਆਂ ਦੀਆਂ ਕੁੱਲ 27 ਲਾਈਨਾਂ ਵਿਚੋਂ 25 ਲਾਈਨਾਂ ਮੁਲਾਜ਼ਮ ਜੱਥੇਬੰਦੀਆਂ ਵੱਲੋਂ ਮੁਕੰਮਲ ਕੀਤੀਆਂ ਗਈਆਂ ਸਨ। ਰਹਿੰਦੀਆਂ 2 ਲਾਈਨਾਂ ਬਾਬਾ ਜੀ ਨੇ ਕਿਵੇਂ ਪੂਰੀਆਂ ਕਰਵਾਈਆਂ- ਇਹ ਮੇਰੀ ਜਾਣਕਾਰੀ ਵਿਚ ਨਹੀਂ ਹੈ।

ਬਾਬਾ ਜੀ ਇਹ ਆਮ ਕਿਹਾ ਕਰਦੇ ਸਨ ਕਿ ਕਮਿਊਨਿਸਟੋ ਇਕ ਹੋ ਜਾਓ, ਲੋਕ ਤੁਹਾਡੇ ਤੋਂ ਇਹ ਆਸ ਰੱਖਦੇ ਹਨ। ਉਹ ਜਦੋਂ ਮੈਨੂੰ ਵੀ ਇਹ ਸ਼ਬਦ ਆਖਦੇ ਤਾਂ ਉੱਤਰ ਵਿਚ ਮੈਂ ਆਖ ਦਿੰਦਾ ਕਿ ਬਾਬਾ ਜੀ ਇਹ ਵਖਰੇਵਾਂ ਤਾਂ ਤੁਹਾਡੇ ਵੇਲੇ ਤੋਂ ਹੀ ਚੱਲਿਆ ਆਉਂਦਾ ਹੈ। ਜੇ ਤੁਸੀਂ ਇਨ੍ਹਾਂ ਨੂੰ ਇਕ ਨਹੀਂ ਕਰ ਸਕੇ ਤਾਂ ਹੁਣ ਕਿਹੜਾ ਮਾਈ ਦਾ ਲਾਲ ਇਨ੍ਹਾਂ ਨੂੰ ਇਕ ਝੰਡੇ ਥੱਲੇ ਲੈ ਆਊ।

ਮੇਰੀ ਜਾਚੇ ਜੇ ਕਿਸੇ ਪਾਰਟੀ ਦਾ ਪ੍ਰੋਗਰਾਮ, ਪੜਾਅ ਅਤੇ ਯੁੱਧਨੀਤੀ ਅੰਗਣ ਵਿਚ ਇਕਸੁਰਤਾ ਨਾ ਹੋਏ ਤਾਂ ਕਿਰਤੀਆਂ ਨੇ ਆਪਣੇ ਸੰਘਰਸ਼ਾਂ ਨੂੰ ਜਿੱਤ ਤੱਕ ਪੁੱਜਦਾ ਕਰਨ ਲਈ ਕਿਹੜੀ-ਕਿਹੜੀ ਧਿਰ ਨੂੰ ਯੁੱਧ ਸਾਥੀ ਬਣਾਉਣਾ ਹੈ- ਵਿਚ ਜ਼ਰੂਰ ਹੀ ਫਰਕ ਰਹਿ ਸਕਦਾ ਹੈ ਪਰ ਜੇ ਪ੍ਰੋਗਰਾਮ, ਪੜਾਅ ਅਤੇ ਯੁੱਧਨੀਤੀ ਵਿਚ ਇਕਸੁਰਤਾ ਹੋਵੇ ਤਾਂ ਕਿਰਤੀਆਂ ਦੇ ਸੰਘਰਸ਼ ਵਿਚ ਕਿਹੜੀਆਂ-ਕਿਹੜੀਆਂ ਹੋਰ ਧਿਰਾਂ ਨੂੰ ਸੰਗ ਲੈਣਾ ਹੈ- ਬਾਰੇ ਦਾਅ-ਪੇਚਕ ਵਖਰੇਵੇਂ ਜ਼ਰੂਰ ਹੋ ਸਕਦੇ ਹਨ, ਪਰ ਕਾਮਰੇਡ ਲੈਨਿਨ ਵੱਲੋਂ ਪਾਰਟੀ ਜੱਥੇਬੰਦੀ ਨੂੰ ਇਕਸੁਰ ਰੱਖਣ ਲਈ ਜਮਹੂਰੀ ਕੇਂਦਰੀਵਾਦ ਦੇ ਨਿਯਮ ਦੀ ਪਾਲਣਾ ਕਰਨੀ ਅਤਿ ਜ਼ਰੂਰੀ ਹੈ। ਪਰ ਬਾਬਾ ਜੀ ਖ਼ੁਦ ਹੀ ਦੱਸਦੇ ਹੁੰਦੇ ਸਨ ਕਿ ਮੈਂ ਇਸ ਬੰਧਨ ਦੀ ਪਾਲਣਾ ਕਰਨ ਵਿਚ ਬਹੁਤੀ ਵਾਰ ਏਦਾਂ ਘੱਟ ਕੀਤਾ ਅਤੇ ਸਾਰਾ ਕੁਝ ਛੱਡ ਕੇ ਪਿੰਡ ਹਲ ਵਾਹੁਣ ਨੂੰ ਤਰਜ਼ੀਹ ਦਿੱਤੀ।

ਚੱਲਦੇ-ਚੱਲਦੇ ਮੈਂ ਇਹ ਜ਼ਰੂਰੀ ਕਹਿਣਾ ਚਾਹੁੰਦਾ ਹਾਂ ਕਿ ਬਾਬਾ ਜੀ ਇਕ ਮਹਾਨ ਵਿਅਕਤੀ ਸਨ। ਬਾਬਾ ਜੀ ਦੂਜੀ ਪੀੜ੍ਹੀ ਦੇ ਗ਼ਦਰੀ ਬਾਬਿਆਂ ਵਿਚੋਂ ਸਨ। ਲੈਨਿਨ ਦੀ ਅਗਵਾਈ ਵਿਚ ਅਕਤੂਬਰ 1917 ਵਿਚ ਰੂਸ ਵਿਚ ਹੋਈ ਕਰਾਂਤੀ ਦਾ ਦੁਨੀਆ ਦੇ ਹੋਰ ਦੇਸ਼ਾਂ ਦੀਆਂ ਆਜ਼ਾਦੀ ਲਈ ਲੜ ਰਹੀਆਂ ਕੌਮਾਂ 'ਤੇ ਬਹੁਤ ਅਸਰ ਪਿਆ। ਰੂਸ ਵਿਚਲੀ ਕਰਾਂਤੀ ਦਾ ਭੇਦ ਜਾਣਨ ਲਈ ਪੰਜਾਬ ਵਿਚੋਂ ਵੀ ਕੁਝ ਬਾਬੇ ਰੂਸ ਗਏ। ਬਾਬਾ ਬਿਲਗਾ ਜੀ ਹੋਰ ਸਾਥੀਆਂ ਨਾਲ ਰੂਸ ਗਏ। ਉੱਥੋਂ ਸਿੱਖਿਆ ਪ੍ਰਾਪਤ ਕਰਕੇ ਮੁੜ ਆਪਣੇ ਦੇਸ਼ ਪਰਤ ਕੇ ਨਵੇਂ ਢੰਗ ਨਾਲ ਕਿਰਤੀਆਂ ਨੂੰ ਜਥੇਬੰਦ ਕਰਨ ਅਤੇ ਉਨ੍ਹਾਂ ਨੂੰ ਸੰਘਰਸ਼ਾਂ ਦੇ ਰਾਹ ਪਾਉਣ ਵਾਲੇ ਅਗਲੀ ਕਤਾਰ ਦੇ ਆਗੂ ਦੇ ਰੂਪ ਵਿਚ ਬਾਬਾ ਜੀ ਨੇ ਜ਼ਿੰਦਗੀ ਦੇ ਅਗਲੇ ਪਲਾਂ ਨੂੰ ਲੇਖੇ ਲਗਾਇਆ।

ਬਾਬਾ ਜੀ ਸੁਭਾਅ ਦੇ ਬੜੇ ਨਿਵੇਕਲੇ ਸਨ। ਜਿਹੜੀ ਗੱਲ ਉਨ੍ਹਾਂ ਨੂੰ ਨਾਪਸੰਦ ਹੋਵੇ ਉਸ ਵਿਰੁੱਧ ਪੂਰਾ ਡਟਦੇ ਸਨ। ਉਨ੍ਹਾਂ ਨੂੰ ਪੜ੍ਹਨ ਲਿਖਣ ਦਾ ਬਹੁਤ ਸ਼ੌਕ ਸੀ। ਉਨ੍ਹਾਂ 'ਅਣਫੋਲੇ ਵਰਕੇ' ਅਤੇ ਕਈ ਹੋਰ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਨੂੰ ਵਾਚਣ ਨਾਲ ਬਾਬਾ ਜੀ ਦੀ ਸੂਝ ਸਮਝ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ। ਬਾਬਾ ਜੀ ਨੇ ਕਈ ਵਾਰ ਜੇਲ੍ਹ ਯਾਤਰਾ ਵੀ ਕੀਤੀ ਸੀ।

ਮਨ ਕਰਦਾ ਹੈ ਕਿ ਬਾਬਾ ਜੀ ਨਾਲ ਨੇੜੇ ਤੋਂ ਬਿਤਾਏ ਪਲਾਂ ਬਾਰੇ ਹੋਰ ਅੱਗੇ ਲਿਖਦਾ ਜਾਵਾਂ ਪਰ ਸਮੇਂ ਸਥਾਨ ਦਾ ਖਿਆਲ ਰੱਖਦਿਆਂ ਹੋਇਆਂ ਮੈਂ ਆਪਣੇ ਵੱਲੋਂ ਬਾਬਾ ਜੀ ਨਾਲ ਬਿਤਾਏ ਸੁਨਹਿਰੀ ਪਲਾਂ ਦੀ ਵਿਆਖਿਆ ਵਿਚ ਹੁਣ ਹੋਰ ਨਹੀਂ ਗੁਆਚਣਾ।

***

# ਨਿਰਭੀਕ ਆਗੂ ਬਾਬਾ ਬਿਲਗਾ

-ਇੰਜ. ਸੀਤਲ ਸਿੰਘ ਸੰਘਾ

ਬਾਬਾ ਭਗਤ ਸਿੰਘ ਬਿਲਗਾ ਮੇਰੇ ਲਈ ਇਕ ਪਥ ਦਰਸ਼ਕ ਰਾਹ ਦਸੇਰਾ ਅਤੇ ਕੁਰਬਾਨੀ ਦਾ ਪੁੰਜ ਸੀ। ਮੈਂ ਜਦ ਵੀ ਕਦੀ ਦੇਸ਼ ਭਗਤ ਯਾਦਗਾਰ ਆਉਂਦਾ ਸੀ ਤਾਂ ਉਥੇ ਮੈਂ ਉਨ੍ਹਾਂ ਨੂੰ ਮਿਲਦਾ ਹੁੰਦਾ ਸੀ। ਮੈਂ ਆਪਣਾ ਨਾਂਅ ਦੱਸਣਾ ਤਾਂ ਉਨ੍ਹਾਂ ਨੇ ਝੱਟ ਅਗਿਓਂ ਬੋਲ ਪੈਣਾ ਕਾਲਾ ਸੰਘਾ ਕਾਮਰੇਡ ਦਾਸ ਦਾ ਪੁੱਤ। ਇਕ ਵਾਰੀ ਮੈਂ ਉਨ੍ਹਾਂ ਨੂੰ ਆਪਣਾ ਨਾਂ ਦੱਸਿਆ ਤਾਂ ਕਹਿੰਦੇ ਤੂੰ ਮੈਨੂੰ ਆਪਣਾ ਨਾਂਅ ਨਹੀਂ ਦੱਸਣਾ ਮੈਂ ਤਾਂ ਤੈਨੂੰ ਕਾਮਰੇਡ ਦਾਸ ਦੇ ਨਾਮ ਨਾਲ ਹੀ ਜਾਣਦਾ ਹਾਂ। ਇਕ ਵਾਰੀ ਉਹ ਕਹਿੰਦੇ ਸਨ ਕਿ ਅਸੀਂ ਕਈ ਵਾਰ ਕਾਲਾ ਸੰਘਿਆ ਗਏ ਹਾਂ ਅਤੇ ਮੈਨੂੰ ਹਾਲੀ ਵੀ ਯਾਦ ਹੈ ਕਿ ਤੁਹਾਡੇ ਖੂਹ ਤੇ ਕਮਾਦ ਦੇ ਖੇਤ ਨੂੰ ਵਿਚਾਲੋਂ ਖਾਲੀ ਕਰਕੇ ਦਿਨ ਨੂੰ ਉਥੇ ਮੰਜੀ ਡਾਹ ਕੇ ਬੈਠਣ ਤੇ ਆਰਾਮ ਕਰਨ ਵਾਲੀ ਜਗ੍ਹਾ ਬਣਾਈ ਹੁੰਦੀ ਹੈ ਅਤੇ ਤੂੰ ਵੀ ਉਥੇ ਕਈ ਵਾਰ ਕਾਮਰੇਡਾਂ ਲਈ ਚਾਹ ਆਦਿ ਲੈ ਕੇ ਆਉਂਦਾ ਸੀ। ਕਾ. ਅਜੀਤ ਮਾਣਕਪੁਰੀ, ਕਾ. ਰਜਿੰਦਰ ਸਰੀਂਹ, ਭਗਤ ਸਿੰਘ ਰਾਗੀ ਅਤੇ ਕਦੀ-ਕਦੀ ਬਾਬਾ ਬਿਲਗਾ ਜੀ ਆਉਂਦੇ ਸਨ। ਬਾਬਾ ਜੀ ਬਾਰੇ ਪ੍ਰੋ. ਗੋਪਾਲ ਬੁੱਟਰ ਵੱਲੋਂ ਇਕ ਸਿਮਰਤੀ ਗਰੰਥ ਲਿਖਿਆ ਜਾ ਰਿਹਾ ਉਸ ਵਿਚ ਬਾਬਾ ਜੀ ਬਾਰੇ ਬਹੁਤ ਕੁਝ ਲਿਖਿਆ ਗਿਆ ਹੋਣਾ। ਪਰ ਮੈਂ ਬਾਬਾ ਜੀ ਬਾਰੇ ਇਕ ਬਹੁਤ ਹੀ ਅਨੋਖੀ ਅਤੇ ਦਿਲਚਸਪ ਘਟਨਾ ਬਿਆਨ ਕਰਦਾ ਹਾਂ। ਕਾਲਾ ਸੰਘਿਆ ਕਮਿਊਨਿਸਟਾਂ ਦਾ ਬਹੁਤ ਜ਼ੋਰ ਹੁੰਦਾ ਸੀ। 1970-80 ਤਕ ਤਾਂ ਕਾਲਾ ਸੰਘਿਆ ਕਮਿਊਨਿਸਟ ਲਹਿਰ ਆਪਣੀ ਚਰਮ ਸੀਮਾ 'ਤੇ ਸੀ। 1976-77 ਦੀ ਗੱਲ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਹੁੰਦਿਆਂ ਸਾਰੇ ਦੇਸ਼ 'ਚ ਐਮਰਜੈਂਸੀ ਲਗਾ ਦਿੱਤੀ ਸੀ। ਸਾਰੇ ਦੇਸ਼ ਦੇ ਕਮਿਊਨਿਸਟ ਆਗੂ ਜੇਲ੍ਹਾਂ 'ਚ ਡੱਕ ਦਿੱਤੇ ਸਨ ਅਤੇ ਜਿਹੜੇ ਵੀ ਆਗੂ ਬਾਹਰ ਸਨ ਉਹ ਵੀ ਲੁਕ ਛਿਪ ਕੇ ਹੀ ਕੰਮ ਕਰਦੇ ਸਨ। ਕਾ. ਗੁਰਦਾਸ ਅਤੇ ਹੋਰ ਕਾਲਾ ਸੰਘਿਆ ਦੇ ਕਮਿਊਨਿਸਟਾਂ ਨੇ ਕਾਲਾ ਸੰਘਿਆ ਕਾਨਫ਼ਰੰਸ ਦਾ ਪ੍ਰਬੰਧ ਕੀਤਾ। ਕੰਧਾਂ 'ਤੇ ਇਸ ਸਬੰਧੀ ਇਸ਼ਤਿਹਾਰ ਲਗਾਏ ਸਨ ਪਰ ਇਸ਼ਤਿਹਾਰ 'ਚ ਕਿਸੇ ਵੀ ਵੱਡੇ ਆਗੂ ਦਾ ਨਾਮ ਨਹੀਂ ਲਿਖਿਆ। ਕਾਨਫ਼ਰੰਸ ਉਨ੍ਹਾਂ ਦਿਨਾਂ 'ਚ ਆਮ ਤੌਰ 'ਤੇ ਰਾਤ ਨੂੰ ਹੁੰਦੀ ਸੀ, ਜਿਸ ਵਿਚ ਡਰਾਮਾ/ਨਾਟਕ ਵੀ ਖੇਡਿਆ ਜਾਂਦਾ ਸੀ। ਕਾਨਫ਼ਰੰਸ 'ਚ ਬਹੁਤ ਵੱਡੀ ਗਿਣਤੀ 'ਚ ਪਿੰਡ ਅਤੇ ਆਲੇ-ਦੁਆਲੇ ਪਿੰਡਾਂ ਦੇ ਲੋਕ ਇਕੱਠੇ ਹੋਏ ਸਨ। ਬੱਚੇ, ਬੁੱਢੇ, ਔਰਤਾਂ, ਨੌਜਵਾਨ ਬਹੁਤ ਹੀ ਉਤਸ਼ਾਹ ਨਾਲ ਕਮਿਊਨਿਸਟਾਂ ਦੀ ਕਾਨਫ਼ਰੰਸ 'ਚ ਆਇਆ ਕਰਦੇ ਸਨ। ਸਮਾਗਮ ਬਾਖੂਬੀ ਚੱਲ ਰਿਹਾ ਸੀ ਅਤੇ ਨਾਟਕ ਵੀ ਖੇਡਿਆ ਜਾ ਰਿਹਾ ਸੀ। ਮੈਂ ਵੀ ਇਸ ਕਾਨਫ਼ਰੰਸ ਵਿਚ ਸ਼ਾਮਿਲ ਸੀ। ਮੈਂ ਆਪਣੇ ਭਾਪਾ ਜੀ ਨੂੰ ਪੁੱਛਿਆ ਕਿ ਕੋਈ ਆਗੂ ਵੀ ਪਹੁੰਚ ਰਿਹਾ ਹੈ ਕਿ ਨਹੀਂ। ਕਾਮਰੇਡ

ਦਾਸ ਕਹਿੰਦਾ ਕਿ ਆਗੂ ਆਪਣੇ ਠੀਕ ਸਮੇਂ ਏਥੇ ਆ ਜਾਣਾ ਹੈ ਤੇਰੇ ਸਾਹਮਣੇ ਹੀ ਉਹ ਲੈਕਚਰ ਕਰੇਗਾ ਤੂੰ ਆਪ ਹੀ ਵੇਖ ਲਵੀਂ। ਬਾਬਾ ਜੀ ਉਨ੍ਹਾਂ ਦਿਨਾਂ ਵਿਚ ਮਫਰੂਰ ਸਨ। ਅਚਾਨਕ ਕਾਮਰੇਡ ਗੁਰਦਾਸ ਸਟੇਜ 'ਤੇ ਚੜ੍ਹਿਆ ਅਤੇ ਮਾਈਕ ਤੇ ਆਖਣ ਲੱਗਾ ਕਿ ਖ਼ਬਰਦਾਰ ਜੇ ਕੋਈ ਪੁਲੀਸ ਵਾਲਾ ਸਟੇਜ ਦੇ ਲਾਗੇ ਆਇਆ ਜੇ ਕਿਸੇ ਪੁਲੀਸ ਵਾਲੇ ਨੇ ਏਦਾਂ ਦੀ ਕੋਈ ਹਰਕਤ ਕੀਤੀ ਤਾਂ ਸਾਰਾ ਪਿੰਡ ਟੁੱਟ ਕੇ ਪੈ ਜਾਵੇਗਾ ਜੋ ਵੀ ਉਸਦਾ ਹਸ਼ਰ ਹੋਵੇਗਾ ਤਾਂ ਅਸੀਂ ਉਸਦੇ ਜ਼ੁੰਮੇਵਾਰ ਨਹੀਂ ਹੋਵਾਂਗੇ। ਉਸੇ ਵੇਲੇ ਬਾਬਾ ਬਿਲਗਾ ਜੀ ਸਟੇਜ 'ਤੇ ਚੜ੍ਹ ਗਏ ਅਤੇ ਮਾਈਕ ਅੱਗੇ ਖੜ੍ਹ ਕੇ ਭਾਸ਼ਨ ਦੇਣ ਲੱਗੇ। ਸਟੇਜ ਨੂੰ ਚਾਰੇ ਪਾਸਿਆਂ ਤੋਂ ਕਾਮਰੇਡਾਂ ਅਤੇ ਹੋਰ ਲੋਕਾਂ ਨੇ ਘੇਰਾ ਪਾਈ ਰੱਖਿਆ। ਬਾਬਾ ਜੀ ਦੇ ਵਰੰਟ ਸਨ ਅਤੇ ਕਿਸੇ ਵੀ ਪੁਲਿਸ ਅਧਿਕਾਰੀ/ਕਰਮਚਾਰੀ ਦਾ ਹੌਸਲਾ ਨਹੀਂ ਪਿਆ ਕਿ ਸਟੇਜ 'ਤੇ ਜਾ ਕੇ ਬਾਬਾ ਜੀ ਨੂੰ ਫੜ੍ਹ ਸਕਣ। ਬਾਬਾ ਜੀ ਕਾੜ-ਕਾੜ ਬੋਲ ਰਹੇ ਸਨ ਅਤੇ ਮੂੰਹ ਚੋਂ ਅੰਗਿਆਰ ਸੁੱਟ ਰਹੇ ਸਨ ਕਹਿੰਦੇ ਕਿ ਸਾਡੇ ਪਾਰਟੀ ਦੇ ਸੂਰਮੇ ਇਸ ਸਰਕਾਰ ਨੇ ਡਰਦਿਆਂ ਜੇਲ੍ਹਾਂ 'ਚ ਡੱਕ ਦਿੱਤੇ ਹਨ। ਮੇਰੇ ਵੀ ਵਰੰਟ ਹਨ ਜੇਕਰ ਪੁਲਸ ਦੀ ਹਿੰਮਤ ਹੈ ਤਾਂ ਮੈਨੂੰ ਫੜ੍ਹ ਲਵੇ। ਪੂਰਾ 1½ ਘੰਟਾ ਬਾਬਾ ਜੀ ਨੇ ਲੈਕਚਰ ਕੀਤਾ ਅਤੇ ਬਾਅਦ 'ਚ ਪਤਾ ਨਹੀਂ ਲੱਗਾ ਕਿ ਉਹ ਕਿਧਰ ਗਏ ਅਤੇ ਇਸ ਪੁਲਸ ਨੂੰ ਚਕਮਾ ਦੇ ਕੇ ਚਲੇ ਗਏ। ਮੈਂ ਬਹੁਤ ਹੀ ਹੱਕਾ ਬੱਕਾ ਰਹਿ ਗਿਆ ਅਤੇ ਆਪਣੇ ਪਿਤਾ ਜੀ ਨੂੰ ਪੁੱਛਿਆ ਕਿ ਬਾਬਾ ਜੀ ਕਿਸ ਤਰ੍ਹਾਂ ਆਏ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਪੈਦਲ ਹੀ ਆਏ ਹਨ ਅਤੇ ਪੈਦਲ ਹੀ ਚਲੇ ਗਏ ਹਨ। ਪਿੰਡ ਦੇ ਲੋਕ ਬਹੁਤ ਜੋਸ਼ 'ਚ ਨਾਅਰੇ ਲਾ ਰਹੇ ਸਨ ਕਿ ਕਮਿਊਨਿਸਟ ਆਗੂ ਕਾਮਰੇਡ ਭਗਤ ਸਿੰਘ ਬਿਲਗਾ ਜ਼ਿੰਦਾਬਾਦ। ਇਨ੍ਹਾਂ ਮਹਾਨ ਗ਼ਦਰੀ ਬਾਬਿਆਂ ਨੇ ਅੰਗਰੇਜ਼ ਹਕੂਮਤ ਨੂੰ ਕੱਢਣ ਲਈ ਆਪਣਾ ਤਨ, ਮਨ, ਧਨ ਲਗਾਇਆ। ਜਦੋਂ ਅੰਗਰੇਜ਼ਾਂ ਦਾ ਰਾਜ ਨਾ ਰਿਹਾ ਤਾਂ ਇਨ੍ਹਾਂ ਕਾਲੇ ਅੰਗਰੇਜ਼ ਦੇ ਖਿਲਾਫ਼ ਆਪਣਾ ਸੰਘਰਸ਼ ਜਾਰੀ ਰੱਖਿਆ।

ਇਕ ਵਾਰੀ ਮੈਨੂੰ ਯਾਦ ਹੈ ਕਿ ਮੈਂ ਬਾਬਾ ਜੀ ਨੂੰ ਦੇਸ਼ ਭਗਤ ਯਾਦਗਾਰ ਵਿਖੇ ਮਿਲਿਆ। ਬਾਬਾ ਜੀ ਮੈਨੂੰ ਕਹਿੰਦੇ ਕਿ ਕਾਮਰੇਡ ਦਾ ਕੀ ਹਾਲ ਹੈ ਮੈਂ ਕਿਹਾ ਕਿ ਬਹੁਤ ਚੰਗਾ ਹੈ। ਬਾਬਾ ਜੀ ਨੂੰ ਪਿਛਲੀਆਂ ਪੁਰਾਣੀਆਂ ਸਾਰੀਆਂ ਗੱਲਾਂ ਯਾਦ ਸਨ। ਅਸੀਂ ਕਈ ਦੋਸਤਾਂ ਅਤੇ ਹੋਰ ਬੁੱਧੀਜੀਵੀਆਂ ਨੇ ਰਲ ਕੇ ਇਕ ਸੰਸਥਾ ਬਣਾਈ ਜਿਸ ਦਾ ਨਾਮ intelectual form for social justice ਅਤੇ ਕਾ. ਦਰਬਾਰਾ ਸਿੰਘ ਢਿੱਲੋਂ ਪ੍ਰਧਾਨ ਬਣਾਏ ਗਏ ਸਨ। ਇਸ ਸੰਸਥਾ ਦਾ ਪਹਿਲਾਂ ਸਮਾਗਮ ਦੇਸ਼ ਭਗਤ ਯਾਦਗਾਰ ਦੀ ਗੈਲਰੀ 'ਚ ਰੱਖਿਆ ਗਿਆ ਤਾਂ ਬਾਬਾ ਜੀ ਨੇ ਇਸ ਦਾ ਉਦਘਾਟਨ ਕੀਤਾ। ਬਾਬਾ ਜੀ ਨੇ ਬਹੁਤ ਹੀ ਗਿਆਨ ਭਰਪੂਰ ਲੈਕਚਰ ਦਿੱਤਾ। ਮੈਂ ਬਾਬਾ ਜੀ ਨੂੰ ਬਹੁਤ ਹੀ ਆਦਰਸ਼ ਦੇ ਤੌਰ 'ਤੇ ਮੰਨਦਾ ਹਾਂ ਅਤੇ ਮਨ 'ਚ ਇਹੀ ਧਾਰਨਾ ਬਣਦੀ ਹੈ ਕਿ ਜੋ ਵੀ ਬਾਬਾ ਜੀ ਆਪਣਾ ਕੰਮ ਅਧੂਰਾ ਛੱਡ ਕੇ ਗਏ ਹਨ ਉਸਨੂੰ ਪੂਰਾ ਕਰਨ ਲਈ ਆਪਣੀ ਜ਼ਿੰਦਗੀ ਲਗਾਈ ਜਾਵੇ। ਮੈਨੂੰ ਇਸ ਗੱਲ ਦੀ ਤਸੱਲੀ ਹੈ ਜਿਸ ਯਾਦਗਾਰ ਹਾਲ ਨੂੰ ਬਾਬਾ ਜੀ ਨੇ ਆਪਣੀ ਹੱਥੀਂ ਉਸਾਰਿਆ ਮੈਨੂੰ ਵੀ ਉਥੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਮੈਂ ਬਾਬਾ ਜੀ ਦੇ ਆਦਰਸ਼ਾਂ ਨੂੰ ਅਪਣਾਉਂਦਾ ਹੋਇਆ ਇਸ ਸੇਵਾ ਨੂੰ ਨਿਭਾਂਵਾਂਗਾ।

***

# ਬਾਬਾ ਭਗਤ ਸਿੰਘ ਬਿਲਗਾ ਅਤੇ ਦੇਸ਼ ਭਗਤ ਯਾਦਗਾਰ ਹਾਲ

-ਅਮੋਲਕ ਸਿੰਘ

ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਅਤੇ ਬਾਬਾ ਭਗਤ ਸਿੰਘ ਬਿਲਗਾ ਅਜੋਕੇ ਸਮੇਂ ਅੰਦਰ ਇਉਂ ਜਾਣੇ ਜਾਂਦੇ ਹਨ ਕਿ ਇੱਕ ਦਾ ਨਾਂਅ ਲੈਂਦਿਆਂ ਹੀ ਦੂਜਾ ਸੁੱਤੇ ਸਿੱਧ ਉਸਦਾ ਹੀ ਅਟੁੱਟ ਹਿੱਸਾ ਬਣਕੇ ਜਿਹਨ 'ਚ ਉੱਭਰ ਆਉਂਦਾ ਹੈ। ਬੋਲਾਂ ਅਤੇ ਫਿਕਰੇ 'ਚ ਗੁੰਦਿਆ ਜਾਂਦਾ ਹੈ।

ਦੇਸ਼ ਭਗਤ ਯਾਦਗਾਰ ਹਾਲ ਨੇ ਆਜ਼ਾਦੀ ਸੰਗਰਾਮ 'ਚ ਅਥਾਹ ਕੁਰਬਾਨੀਆਂ ਦਾ ਇਤਿਹਾਸ ਆਪਣੀ ਬੁੱਕਲ 'ਚ ਸੰਭਾਲਿਆ ਹੈ। ਬਾਬਾ ਭਗਤ ਸਿੰਘ ਬਿਲਗਾ 103 ਵਰ੍ਹਿਆ ਦੇ ਸਫ਼ਰ ਤੱਕ ਆਜ਼ਾਦੀ ਤਵਾਰੀਖ਼ ਦੇ ਕਿੰਨੇ ਹੀ ਮੋੜਾਂ-ਘੋੜਾਂ, ਉਤਰਾਅ-ਚੜ੍ਹਾਅ ਦਾ ਤੁਰਦਾ-ਫਿਰਦਾ ਇਨਸਾਈਕਲੋਪੀਡੀਆ ਰਿਹਾ ਹੈ।

ਬਾਬਾ ਭਗਤ ਸਿੰਘ ਬਿਲਗਾ ਦੀ ਸਖ਼ਸ਼ੀਅਤ ਲੰਮੇ ਇਤਿਹਾਸਕ ਦੌਰਾਂ ਵਿਚੀਂ ਗੁਜ਼ਰਦੀ ਇਹ ਮੁਕਾਮ ਹਾਸਲ ਕਰਨ ਦੀ ਮਾਣ-ਮੱਤੀ ਹਸਤੀ ਬਣੀ। ਦੇਸ਼ ਭਗਤ ਯਾਦਗਾਰ ਹਾਲ ਵੀ ਅੱਜ ਜੋ ਸਿਰਮੌਰ ਸਥਾਨ ਸਥਾਪਤ ਕਰ ਚੁੱਕਾ ਹੈ ਇਸ ਦੀਆਂ ਨੀਹਾਂ 'ਚ ਵੀ ਅਥਾਹ ਕੁਰਬਾਨੀਆਂ ਦਾ ਇਤਿਹਾਸ ਸਮੋਇਆ ਹੈ। ਇਨ੍ਹਾਂ ਦੋਨਾਂ ਦੇ ਪਿਛੋਕੜ ਉੱਪਰ ਝਾਤ ਮਾਰਨ ਬਿਨਾਂ ਇਨ੍ਹਾਂ ਦੇ ਭੂਤਕਾਲ 'ਚ ਆਏ ਅਨੇਕਾਂ ਜਵਾਰਭਾਟਿਆਂ ਨੂੰ ਜਾਣੇ ਤੋਂ ਬਿਨਾਂ ਇਨ੍ਹਾਂ ਦੋਨਾਂ ਦੇ ਵਰਤਮਾਨ ਦੀ ਸੰਤੁਲਤ ਸਮੀਖਿਆ ਨਹੀਂ ਕੀਤੀ ਜਾ ਸਕਦੀ।

ਇਸਦੇ ਇਤਿਹਾਸਕ ਪਿਛੋਕੜ 'ਚ ਅਮੀਰ ਵਿਰਾਸਤ ਹੈ ਜਿਸਨੇ ਯਾਦਗਾਰ ਹਾਲ ਅਤੇ ਬਾਬਾ ਭਗਤ ਸਿੰਘ ਬਿਲਗਾ ਦੀ ਅਜੋਕੀ ਕੱਦਾਵਰ ਪਹਿਚਾਣ ਬਣਾਈ ਹੈ। ਜਿਵੇਂ ਦੇਸ਼ ਭਗਤ ਯਾਦਗਾਰ ਹਾਲ ਦੀ ਇਮਾਰਤ ਉੱਪਰ ਗੂਹੜੇ ਕਾਲੇ ਅਤੇ ਸੂਹੇ ਰੰਗ ਦੇ ਚਿੰਨਾਤਮਕ ਅਰਥ ਕਾਲੀਆਂ ਤਾਕਤਾਂ ਦੇ ਕਾਲੇ ਰਾਜ ਭਾਗ ਨਾਲ ਜੂਝਦੇ ਸੂਹੇ ਇਤਿਹਾਸਕ ਦੌਰਾਂ ਦੇ ਪ੍ਰਮਾਣ ਹਨ ਇਉਂ ਹੀ ਬਾਬਾ ਭਗਤ ਸਿੰਘ ਬਿਲਗਾ ਦੇ ਜੀਵਨ ਸਫ਼ਰ 'ਚੋਂ ਇਮਤਿਹਾਨੀ ਸਮਿਆਂ ਦੇ ਦੀਦਾਰ ਹੁੰਦੇ ਹਨ। ਇਤਿਹਾਸ ਦੀ ਅਮਰ ਕਹਾਣੀ ਨਾ ਯਾਦਗਾਰ ਹਾਲ ਤੋਂ ਹੀ ਸ਼ੁਰੂ ਹੋਈ ਨਾ ਖ਼ਤਮ ਹੋ ਸਕਦੀ ਹੈ। ਇਉਂ ਹੀ ਨੌਜਵਾਨ ਭਗਤ ਸਿੰਘ ਨੂੰ ਬਾਬਾ ਭਗਤ ਸਿੰਘ ਬਿਲਗਾ ਅਤੇ ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਤੱਕ ਪਹੁੰਚਣ ਪਿੱਛੇ ਲੰਮੀ ਅਤੇ ਸਮੂਹਿਕ ਦੇਸ਼ ਭਗਤ ਯਾਦਗਾਰ ਹਾਲ ਨਾਲ ਸਜਿੰਦ ਰਿਸ਼ਤਾ ਬਣ ਜਾਣ ਪਿੱਛੇ ਅਨੇਕਾਂ ਆਜ਼ਾਦੀ ਸੰਗਰਾਮੀਆਂ ਅਤੇ ਗੁੰਮਨਾਮ ਸ਼ਹੀਦਾਂ ਦੇ ਸਮੂਹਿਕ ਯੋਗਦਾਨ ਦੀ ਸਾਂਝੀ ਮਿਹਨਤ ਹੈ। ਇਸ ਵਿਸ਼ਾਲ ਪ੍ਰਸੰਗ 'ਚ ਰੱਖ ਕੇ ਹੀ ਸਾਨੂੰ ਹਾਲ ਅਤੇ ਬਾਬਾ ਭਗਤ ਸਿੰਘ ਬਿਲਗਾ ਦਾ ਸਥਾਨ ਨਿਸ਼ਚਤ ਕਰਨਾ

ਚਾਹੀਦਾ ਹੈ। ਉਨ੍ਹਾਂ ਦੇ ਅਨੇਕਾਂ ਪੱਖਾਂ ਦਾ ਮੁਲਅੰਕਣ ਵੀ ਸਮੁੱਚਤਾ ਦੇ ਘੇਰੇ 'ਚ ਰੱਖ ਕੇ ਹੀ ਕਰਨਾ ਬਣਦਾ ਹੈ।

ਬਾਬਾ ਭਗਤ ਸਿੰਘ ਬਿਲਗਾ ਜੀ ਜਿਸ ਵਿਰਾਸਤ ਅਤੇ ਯਾਦਗਾਰ ਹਾਲ ਨਾਲ ਜੁੜ ਕੇ ਕੱਦਾਵਰ ਸ਼ਖ਼ਸ਼ੀਅਤ ਬਣ ਕੇ ਉਭਰੇ ਹਨ ਉਸ ਪਿੱਛੇ ਕੰਮ ਕਰਦੇ ਇਤਿਹਾਸ ਦੀ ਫੈਸਲਾਕੁੰਨ ਭੂਮਿਕਾ ਹੈ। ਗ਼ਦਰੀ ਦੇਸ਼ ਭਗਤਾਂ, ਕਾਲੇ ਪਾਣੀ ਅੰਡੇਮਾਨ 'ਚ ਨਰਕੀ ਕੈਦ ਕੱਟ ਰਹੇ ਸੰਗਰਾਮੀਆਂ, ਜਲ੍ਹਿਆਂਵਾਲਾ ਬਾਗ਼, ਮਾਰਸ਼ਲ ਲਾਅ ਦੇ ਕੈਦੀਆਂ ਸਮੇਤ ਅਨੇਕਾਂ ਕੌਮੀ ਪਰਵਾਨੇ ਜੇਲ੍ਹਾਂ 'ਚ ਸੜ ਰਹੇ ਸਨ। ਸ਼ਹੀਦੀ ਜ਼ਾਮ ਪੀ ਗਏ ਸਨ। ਆਜ਼ਾਦੀ ਲਾੜੀ ਨੂੰ ਵਿਆਹ ਕੇ ਲਿਆਉਣ ਲਈ ਆਪਣੇ ਘਰ-ਪਰਿਵਾਰ ਨੂੰ ਕਦੋਂ ਦੇ ਅਲਵਿਦਾ ਕਹਿ ਕੇ ਦੇਸ਼-ਪ੍ਰਦੇਸ਼ ਜਾ ਕੇ ਪਲ-ਪਲ ਵਾਰ ਰਹੇ ਸਨ। ਇਨ੍ਹਾਂ ਜ਼ੁਲਮੀ ਝੱਖੜਾਂ ਦੀ ਮਾਰ ਹੰਢਾ ਰਹੇ ਪਿੱਛੇ ਰਹਿ ਗਏ ਪਰਿਵਾਰਾਂ ਦੀ ਬਹੁਤ ਹੀ ਮੰਦੀ ਹਾਲਤ ਸੀ। ਇਨ੍ਹਾਂ ਪਰਿਵਾਰਾਂ ਦੀ ਪੀੜ ਵੰਡਾਉਣ ਲਈ ਗ਼ਦਰੀ ਸੰਤ ਬਾਬਾ ਵਸਾਖਾ ਸਿੰਘ ਦੀ ਪਹਿਲ ਕਦਮੀ ਨਾਲ ਪਰਿਵਾਰ ਸਹਾਇਤਾ ਕਮੇਟੀ ਬਣਾਈ ਗਈ।

ਤੇਜਾ ਸਿੰਘ ਚੂਹੜਕਾਣਾ, ਹੀਰਾ ਸਿੰਘ ਦਰਦ, ਭਾਗ ਸਿੰਘ ਕੈਨੇਡੀਅਨ ਅਤੇ ਬਾਬਾ ਕਰਮ ਸਿੰਘ ਚੀਮਾ ਨੂੰ ਕਮੇਟੀ 'ਚ ਸ਼ਾਮਲ ਕੀਤਾ ਗਿਆ। ਬਾਬਾ ਵਸਾਖਾ ਸਿੰਘ ਝੋਲੀ ਅੱਡ ਕੇ ਇਨ੍ਹਾਂ ਸੰਗਰਾਮੀਆਂ ਅਤੇ ਇਨ੍ਹਾਂ ਦੇ ਪਰਿਵਾਰਾਂ ਲਈ ਸਹਾਇਤਾ ਇਕੱਠੀ ਕਰਨ ਲਈ ਕਮੇਟੀ ਦੇ ਅੱਗੇ ਲੱਗੇ। ਇਹ ਅਜੇਹਾ ਨਾਜ਼ੁਕ ਦੌਰ ਸੀ ਜਦੋਂ ਕਾਂਗਰਸ, ਬਰਤਾਨਵੀ ਸਾਮਰਾਜ ਦੀ ਵਿਸ਼ਵ ਜੰਗ 'ਚ ਸਾਥ ਦੇਣ ਦੀਆਂ ਬਾਂਗਾਂ ਦੇ ਰਹੀ ਸੀ। ਜਦੋਂ ਉਸ ਵੇਲੇ ਦੇ ਰੂੜ ਸਿੰਘ ਅਤੇ ਗੱਜਣ ਸਿੰਘ ਵਰਗੇ ਅਕਾਲ ਤਖ਼ਤ ਤੋਂ ਗ਼ਦਰੀਆਂ ਖਿਲਾਫ਼, ਅੰਗਰੇਜ਼ਾਂ, ਜਨਰਲ ਡਾਇਰ ਦਾ ਸਨਮਾਨ ਕਰ ਰਹੇ ਸਨ। ਸੰਤ ਬਾਬਾ ਵਿਸਾਖਾ ਸਿੰਘ ਦੀ ਸਰਪ੍ਰਸਤੀ 'ਚ ਬਣੀ ਇਸ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਦਾ ਕਾਰਜ ਸਿਰਫ ਆਰਥਕ ਮੱਦਦ ਇਕੱਤਰ ਕਰਨ ਤੱਕ ਨਾ ਰਿਹਾ। ਉਹ ਨਾਲ ਦੀ ਨਾਲ ਗ਼ਦਰ ਲਹਿਰ, ਇਸਦੇ ਨਿਸ਼ਾਨੇ, ਆਜ਼ਾਦੀ ਦੇ ਅਰਥਾਂ ਅਤੇ ਸਿੱਧੇ/ਅਸਿੱਧੇ ਢੰਗ ਨਾਲ ਬਰਤਾਨਵੀ ਹਾਕਮਾਂ ਦੀ ਚਾਕਰੀ ਕਰਨ ਵਾਲਿਆਂ ਦੇ ਇਰਾਦੇ ਵੀ ਨੰਗੇ ਕਰਦੇ ਸਨ। ਲੋਕਾਂ 'ਚ ਆਜ਼ਾਦੀ ਦੇ ਅਸਲੀ ਪਰਵਾਨਿਆਂ ਅਤੇ ਦੰਭੀਆ ਦਾ ਕਿਰਦਾਰ ਵੀ ਉਘਾੜਦੇ ਸਨ

**ਦੇਸ਼ ਭਗਤ ਯਾਦਗਾਰ ਹਾਲ; ਪਿੱਠ ਭੂਮੀ:** ਸਮੁੰਦਰਾਂ ਤੋਂ ਪਾਰ ਵਸਦੇ ਲੋਕਾਂ ਤੋਂ ਸਹਾਇਤਾ ਇਕੱਤਰ ਕਰਨ ਦੀਆਂ ਅਪੀਲਾਂ ਹੋਈਆਂ। ਜਲ੍ਹਿਆਂਵਾਲਾ ਬਾਗ 'ਚ ਬਾਬਾ ਸੋਹਣ ਸਿੰਘ ਭਕਨਾ ਨੇ ਕੈਦੀਆਂ ਦੀ ਰਿਹਾਈ ਲਈ ਮਰਨ ਵਰਤ ਰੱਖ ਦਿੱਤਾ। ਪੰਜਾਬ ਅੰਦਰ ਹੋਈ ਹਿਲਜੁੱਲ ਨੇ ਲੋਕਾਂ ਦਾ ਧਿਆਨ ਖਿੱਚਿਆ। ਹੋਇਆ ਇਹ ਕਿ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਦਾ ਦਫ਼ਤਰ, ਗ਼ਦਰੀਆਂ, ਕਿਰਤੀਆਂ ਅਤੇ 'ਕਿਰਤੀ' ਅਖ਼ਬਾਰ ਦਾ ਕੇਂਦਰ ਬਣ ਗਿਆ। ਗ਼ਦਰ ਪਾਰਟੀ ਦੇ ਦੂਜੇ ਦੌਰ ਦੇ ਗ਼ਦਰੀ ਮਾਸਕੋ ਤੋਂ ਭਾਰਤ ਪਰਤ ਰਹੇ ਸਨ। ਜਿਹੜੇ ਫੜੇ ਜਾਂਦੇ ਉਨ੍ਹਾਂ ਨੂੰ ਲਾਹੌਰ ਸ਼ਾਹੀ ਕਿਲ੍ਹੇ ਦੇ ਬੁੱਚੜਖਾਨੇ 'ਚ ਤਸੀਹੇ ਦਿੱਤੇ ਜਾਂਦੇ। ਇਨ੍ਹਾਂ ਲਈ ਸਹਾਇਤਾ ਦੀ ਲੋੜ ਪੈਂਦੀ। ਕੇਸ ਲੜਨੇ ਪੈਂਦੇ। ਇਸ ਦੌਰ 'ਚ ਹੀ ਕਿਸਾਨ ਕਮੇਟੀਆਂ ਦਾ ਪੰਜਾਬ 'ਚ ਜਾਲ ਵਿਛਣ ਲੱਗਾ। ਕੁੱਲ ਕੰਮਾਂ ਅਤੇ ਲੋੜਾਂ ਨੇ ਉਭਰਵੀਂ ਲੋੜ ਬਣਾ ਦਿੱਤਾ ਕਿ ਚੱਲਦੀ ਫਿਰਦੀ ਸਹਾਇਤਾ ਕਮੇਟੀ ਦੀ ਬਜਾਏ ਕੋਈ ਤਾਲਮੇਲ ਦਾ ਕੇਂਦਰ ਹੋਵੇ। ਗ਼ਦਰੀ ਦੇਸ਼ ਭਗਤਾਂ ਦੀ

ਢੁਕਵੀਂ ਯਾਦਗਾਰ ਹੋਵੇ। ਪਹਿਲ ਪ੍ਰਿਥਮੇ ਇਹ ਯਾਦਗਾਰ ਲਾਹੌਰ ਜਾਂ ਅੰਮ੍ਰਿਤਸਰ ਬਣਾਉਣ ਦਾ ਵਿਚਾਰ ਸੀ। ਉਸ ਸਮੇਂ ਇਸ ਕਮੇਟੀ ਦੇ ਜਨਰਲ ਸਕੱਤਰ ਬਾਬਾ ਭਗਤ ਸਿੰਘ ਬਿਲਗਾ ਨੇ ਆਰਥਕ ਸਹਾਇਤਾ ਲਈ ਅਪੀਲ ਕੀਤੀ। ਚਾਰ ਚੁਫੇਰਿਓਂ ਨਿੱਗਰ ਹੁੰਗਾਰਾ ਮਿਲਿਆ। ਉਮਰ ਕੈਦ ਕੱਟ ਕੇ 1946 ਵਿਚ ਬਾਬਾ ਗੁਰਮੁਖ ਸਿੰਘ ਲਲਤੋਂ ਵੀ ਆ ਗਏ। ਉਨ੍ਹਾਂ ਅੱਗੇ ਹੋ ਕੇ ਇਸ ਉਭਰਵੀਂ ਲੋੜ ਦੀ ਪੂਰਤੀ ਲਈ ਮੋਢਾ ਲਾਇਆ। ਦੇਸ਼ ਭਗਤ ਯਾਦਗਾਰ ਹਾਲ ਬਣਾਉਣ ਦੀ ਵਿਉਂਤ ਬਣੀ। ਇਸ ਵੇਲੇ ਤੱਕ ਮੁਲਕ ਦੇ ਟੋਟੇ ਹੋਣ ਦਾ ਦੁਖਾਂਤ ਵਾਪਰ ਗਿਆ ਸੀ। ਲਾਹੌਰ ਪਾਕਿਸਤਾਨ 'ਚ ਚਲਿਆ ਗਿਆ। ਅੰਮ੍ਰਿਤਸਰ ਨੂੰ ਬਾਰਡਰ ਤੇ ਪੈਂਦੇ ਸ਼ਹਿਰ ਕਾਰਨ ਛੱਡ ਲਿਆ। ਗੁਣਾ ਪੈ ਗਿਆ ਜਲੰਧਰ ਤੇ। ਬਾਬਾ ਸੋਹਣ ਸਿੰਘ ਭਕਨਾ ਨੇ ਆਪਣੀ ਜ਼ਮੀਨ ਵੇਚ ਕੇ ਜਲੰਧਰ ਸ਼ਹਿਰ 'ਚ ਰਾਏ ਬਹਾਦਰ ਬਦਰੀ ਦਾਸ ਤੋਂ ਜ਼ਮੀਨ ਖਰੀਦ ਲਈ। ਇਸ ਜ਼ਮੀਨ 'ਤੇ ਉਸਰਿਆ ਹੈ ਇਹ ਦੇਸ਼ ਭਗਤ ਯਾਦਗਾਰ ਹਾਲ ਜਲੰਧਰ। ਜੋ ਅੱਜ ਰਾਜਨੀਤਕ, ਸਮਾਜਕ ਅਤੇ ਇਨਕਲਾਬੀ, ਦੇਸ਼ ਭਗਤ ਸਭਿਆਚਾਰਕ ਸਰਗਰਮੀਆਂ ਦਾ ਮੰਨਿਆ ਪ੍ਰਮੰਨਿਆਂ ਕੇਂਦਰ ਹੈ।

**ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਅਤੇ ਬਾਬਾ ਬਿਲਗਾ:** ਦੇਸ਼ ਭਗਤ ਯਾਦਗਾਰ ਹਾਲ ਦੀ ਪਿੱਠ ਭੂਮੀ ਨਾਲ ਜੁੜੀ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਦਾ ਪਹਿਲਾਂ ਨਾਂਅ 'ਸਿੱਖ ਰਾਜਸੀ ਕੈਦੀ ਪਰਿਵਾਰ ਸਹਾਇਕ ਕਮੇਟੀ' ਸੀ। ਫਿਰ ਵਿਚਾਰ ਚਰਚਾ ਉਪਰੰਤ ਇਸਨੂੰ ਸਰਵ ਸਾਂਝੀ ਬਣਾਉਣ ਲਈ ਇਸਦਾ ਨਾਂਅ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਰੱਖਿਆ ਗਿਆ। ਇਸ ਤਬਦੀਲੀ ਉਪਰੰਤ ਅਗਲੀ ਕੜੀ 'ਚ ਜਦੋਂ 4 ਅਕਤੂਬਰ 1931 ਦਾ 'ਕਿਰਤੀ' ਅਖ਼ਬਾਰ ਦੇਖਦੇ ਹਾਂ ਉਸ ਉਪਰ ਬਾਬਾ ਹਰਨਾਮ ਸਿੰਘ (ਟੁੰਡੀਲਾਟ) ਸਕੱਤਰ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਅੰਮ੍ਰਿਤਸਰ ਕਿਤੇ ਜਾ ਕੇ ਵਿਸਾਖਾ ਸਿੰਘ ਪ੍ਰਧਾਨ, ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਅੰਮ੍ਰਿਤਸਰ ਲਿਖਿਆ ਹੈ। (ਦੇਖੋ 'ਕਿਰਤੀ' 25 ਜੂਨ 1934)

ਇਸ ਦੌਰ 'ਚ ਹੀ 'ਕਿਰਤੀ' 2 ਮਈ 1938 ਦੇ ਸਫ਼ਾ 11 ਤੇ ਛਪੀ ਅਪੀਲ ਬਾਬਾ ਭਗਤ ਸਿੰਘ ਬਿਲਗਾ ਦੀ ਉਸ ਸਮੇਂ ਦੀ ਭੂਮਿਕਾ ਦਰਸਾਉਂਦੀ ਹੈ:

**ਸਮੂਹ ਦਾਨੀ ਸੰਗਤਾਂ ਪ੍ਰਤੀ ਅਪੀਲ:** ਆਜ਼ਾਦੀ ਦੀ ਖਾਤਰ ਜੇਲ੍ਹਾਂ 'ਚ ਸੜ ਰਹੇ ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਯੋਗ ਮਦਦ ਕਰਨੀ ਚਾਹੁੰਦੇ ਹੋ ਤਾਂ ਦਰ ਆਏ ਕੌਮੀ ਫਕੀਰਾਂ ਦੀਆਂ ਝੋਲੀਆਂ ਭਰ ਦਿਓ।

ਇਨ੍ਹਾਂ ਅਪੀਲਾਂ ਤਹਿਤ ਜੋ ਫੰਡ ਇਕੱਠਾ ਹੁੰਦਾ ਹੈ, ਉਹ ਇਨ੍ਹਾਂ ਮੱਦਾਂ 'ਤੇ ਖਰਚ ਕੀਤਾ ਜਾਂਦਾ ਹੈ:-

1. ਕੈਦ ਦੇ ਸਮੇਂ ਵਿੱਚ ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਮਾਲੀ ਅਤੇ ਇਖਲਾਕੀ ਮਦਦ ਕਰਨੀ।
2. ਦੇਸ਼ ਭਗਤਾਂ ਦੇ ਬੱਚਿਆਂ ਨੂੰ ਵਿਦਿਆ ਪ੍ਰਾਪਤੀ ਵਿੱਚ ਮੱਦਦ ਕਰਨ ਹਿੱਤ ਵਜ਼ੀਫੇ ਦੇਣੇ ਤੇ ਉਨ੍ਹਾਂ ਨੂੰ ਕਾਰੋਬਾਰ ਦੇ ਯੋਗ ਬਣਾਉਣਾ।
3. ਜੇਲ੍ਹਾਂ ਅੰਦਰ ਰਾਜਸੀ ਕੈਦੀਆਂ ਨਾਲ ਮੁਲਾਕਾਤਾਂ ਕਰਨੀਆਂ ਤੇ ਕਰਾਉਣੀਆਂ ਅਤੇ

ਉਨ੍ਹਾਂ ਨੂੰ ਕਿਤਾਬਾਂ, ਕੱਪੜੇ, ਸਾਬਣ-ਤੇਲ ਆਦਿ ਚੀਜ਼ਾਂ ਪਹੁੰਚਾਉਣੀਆਂ।

4. ਰਾਜਸੀ ਕੈਦੀਆਂ ਦੀ ਰਿਹਾਈ ਲਈ ਯੋਗ ਪ੍ਰਬੰਧ ਕਰਨਾ।
5. ਰਿਹਾਈ ਤੋਂ ਬਾਦ ਰਾਜਸੀ ਕੈਦੀਆਂ ਦੀ ਲੋੜ ਮੁਤਾਬਕ ਉਨ੍ਹਾਂ ਦੀ ਮੱਦਦ ਕਰਨਾ।
6. ਦੇਸ਼ ਭਗਤਾਂ ਦੇ ਲੜਕੇ ਅਤੇ ਲੜਕੀਆਂ ਦੇ ਆਨੰਦ ਕਾਰਜਾਂ ਵਿਚ ਮਾਲੀ ਮੱਦਦ ਕਰਨਾ।

ਇਸ ਕਾਰਜ ਵਿਚ ਮਾਲੀ ਮੱਦਦ ਕਰਨਾ ਅਤੇ ਬਾਬਾ ਭਾਗ ਸਿੰਘ ਜੀ ਨੂੰ ਇੱਕ ਵਫ਼ਦ ਦੇ ਰੂਪ 'ਚ ਬੰਗਾਲ ਪੂਰਬੀ ਪੰਜਾਬ, ਯੂ.ਪੀ. ਅਤੇ ਬਿਹਾਰ ਆਦਿ ਭੇਜਿਆ ਜਾ ਰਿਹਾ ਹੈ।

**ਅਪੀਲ ਕਰਤਾ**

| | |
|---|---|
| ਬਾਬਾ ਵਿਸਾਖਾ ਸਿੰਘ | ਭਗਤ ਸਿੰਘ ਬਿਲਗਾ |
| (ਪ੍ਰਧਾਨ) | (ਜਨਰਲ ਸਕੱਤਰ) |

**ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਅੰਮ੍ਰਿਤਸਰ**

ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਐਗਜੈਕਟਿਵ ਅਜਲਾਸ ਦੇਸ਼ ਭਗਤ ਬਾਬਾ ਵਿਸਾਖਾ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ। ਕਮੇਟੀ ਦੇ ਦਫ਼ਤਰ 'ਚ 2 ਜੂਨ 1938 ਨੂੰ ਹੋਈ ਇਸ ਵਿਚਾਰ ਚਰਚਾ ਵਿਚ ਮਤਾ ਪਾਸ ਹੋਇਆ ਕਿ 1914-15 ਦੇ ਗ਼ਦਰੀ ਸ਼ਹੀਦਾਂ ਦੀ ਯਾਦਗਾਰ ਬਣਾਉਣ ਲਈ ਤਜਵੀਜ਼ਾਂ ਕੱਠੀਆਂ ਕਰਨ ਵਾਸਤੇ ਨਿਮਨ ਲਿਖਤ ਬੋਰਡ ਬਣਾਇਆ ਗਿਆ:-

| | | |
|---|---|---|
| 1. | ਸੰਤ ਬਾਬਾ ਵਿਸਾਖਾ ਸਿੰਘ | (ਪ੍ਰਧਾਨ) |
| 2. | ਭਗਤ ਸਿੰਘ ਬਿਲਗਾ | (ਸਕੱਤਰ) |
| 3. | ਸੰਤਾ ਸਿੰਘ ਗੰਡੀਵਿੰਡ | (ਮੈਂਬਰ) |
| 4. | ਭਾਗ ਸਿੰਘ ਕੈਨੇਡੀਅਨ | (ਮੈਂਬਰ) |
| 5. | ਕਰਮ ਸਿੰਘ ਚੀਮਾ | ,, |
| 6. | ਬਾਬਾ ਕੇਸਰ ਸਿੰਘ | ,, |
| 7. | ਰੂੜ ਸਿੰਘ | ,, |
| 8. | ਭਗਵਾਨ ਸਿੰਘ ਦੁਸਾਂਝ | ,, |
| 9. | ਬਾਬਾ ਸੋਹਣ ਸਿੰਘ ਭਕਨਾ | ,, |

ਇਸ ਬੋਰਡ ਬਾਰੇ ਜਾਣਕਾਰੀ ਕਿਰਤੀ 12 ਜੂਨ 1938 ਦੇ ਅੰਕ ਵਿਚ ਬਚਨ ਸਿੰਘ ਸੈਕਟਰੀ (ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਅੰਮ੍ਰਿਤਸਰ) ਦੇ ਦਸਤਖ਼ਤਾਂ ਹੇਠ ਛਪੀ ਹੈ।

ਦੇਸ਼ ਭਗਤਾਂ ਦੀ ਯਾਦਗਾਰ ਸਬੰਧੀ ਕਮਾਲ ਦੀਆਂ ਤਜਵੀਜ਼ਾਂ ਸਾਹਮਣੇ ਆਈਆਂ। ਤਜਵੀਜ਼ਾਂ ਆਈਆਂ ਕਿ ਉੱਚਾ ਮਿਨਾਰ ਉਸਾਰ ਦੇਣ ਦਾ ਕੋਈ ਲਾਭ ਨਹੀਂ ਹੋਵੇਗਾ। ਅਜਿਹੇ ਉੱਚੇ ਮਿਨਾਰ ਨੂੰ ਲੋਕ ਉੱਪਰ ਨੂੰ ਮੂੰਹ ਚੁੱਕ ਕੇ ਦੇਖਿਆ ਕਰਨਗੇ। ਹੇਠਾਂ ਨੂੰ ਮੂੰਹ ਕਰਕੇ ਤੁਰਦੇ ਲੱਗਿਆ ਕਰਨਗੇ। ਤਜਵੀਜ਼ਾਂ ਉਪਰੰਤ ਅਜੇਹੇ ਵਿਚਾਰਾਂ ਨੂੰ ਅੰਤਮ ਛੋਹਾਂ ਦਿੱਤੀਆਂ ਜਾਣ ਲੱਗੀਆਂ ਕਿ ਅਜੇਹੀ ਇਮਾਰਤ ਬਣੇ ਜਿਸ ਵਿਚ ਸ਼ਹੀਦਾਂ ਦੀਆਂ ਜੀਵਨੀਆਂ, ਰਾਜਸੀ, ਆਰਥਿਕ ਤੇ ਇਨਕਲਾਬੀ ਸਾਹਿਤ ਨਾਲ ਭਰਪੂਰ ਕਿਤਾਬਾਂ ਰੱਖੀਆਂ ਜਾਣ ਜਿਨ੍ਹਾਂ ਕਿਤਾਬਾਂ

ਨੂੰ ਪੜ੍ਹ ਕੇ ਬੁੱਧੀਜੀਵੀ, ਲੇਖਕ, ਆਲੋਚਕ, ਕਿਰਤੀ ਕਿਸਾਨ, ਵਿਦਿਆਰਥੀ ਅਤੇ ਨੌਜਵਾਨ ਦੇਸ਼ ਭਗਤ, ਇਨਕਲਾਬੀ ਲਹਿਰ ਨੂੰ ਸਹੀ ਦਿਸ਼ਾ 'ਚ ਅੱਗੇ ਲੈ ਕੇ ਜਾਣ।

**ਫੰਡ ਲਈ ਝੋਲੀ ਅੱਡਣ ਵਾਲਾ ਬਾਬਾ**: ਬਾਬਾ ਭਗਤ ਸਿੰਘ ਬਿਲਗਾ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਵਾਸਤੇ ਕੀਤੀ ਅਪੀਲ ਦੀ ਨਕਲ ਜੋ ਕਿ 'ਕਿਰਤੀ' ਦੇ 18 ਸਤੰਬਰ 1938 ਦੇ ਅੰਕ ਵਿਚ ਛਪੀ ਉਸ ਤੋਂ ਵੀ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਕਿਵੇਂ ਫੰਡ ਇਕੱਤਰ ਕਰਨ ਲਈ ਲੱਕ ਬੰਨ੍ਹਵੀਂ ਸਰਗਰਮੀ ਕੀਤੀ। ਬਾਬਾ ਭਗਤ ਸਿੰਘ ਬਿਲਗਾ ਵੱਲੋਂ ਦੇਸ਼ ਵਿਦੇਸ਼ ਝੋਲੀ ਅੱਡ ਕੇ ਫੰਡ ਇਕੱਠਾ ਕਰਨ ਅਤੇ ਫੰਡ ਵਿੱਚ ਪਾਰਦਰਸ਼ਤਾ ਰੱਖਣ 'ਚ ਲਾਸਾਨੀ ਭੂਮਿਕਾ ਨਿਭਾਈ ਗਈ ਹੈ।

**ਕੌਮੀ ਸ਼ਹੀਦਾਂ ਅਤੇ ਦੇਸ਼ ਭਗਤਾਂ ਦੇ ਸ਼ਰਧਾਲੂ** : ਤੁਸੀਂ ਕਈ ਕੰਮ ਸਿਰੇ ਚਾੜ੍ਹੇ ਹਨ। ਜਦੋਂ ਲੋਕੀ ਹੱਸ-ਹੱਸ ਫਾਂਸੀਆਂ ਚੜ੍ਹਦੇ ਹਨ ਤਾਂ ਏਸੇ ਖੁਸ਼ੀ ਵਿਚ ਕਿ ਤੁਸੀਂ ਕਦਰਦਾਨ ਮੌਜੂਦ ਹੋ। ਆਓ! ਆਪਣੇ ਸ਼ਹੀਦਾਂ 'ਚੋਂ ਆਪਣੇ ਉੱਤੇ ਕੀਤੇ ਮਾਣ ਨੂੰ ਦਰੁਸਤ ਸਾਬਤ ਕਰੀਏ। ਇਸ ਸ਼ੁੱਭ ਕਾਰਜ ਵਿਚ ਸੰਕੋਚ ਨੂੰ ਭੁਲਾ ਕੇ, ਦਿਲ ਦਰਿਆ ਕਰਕੇ ਹਿੱਸਾ ਲਈਏ। ਕੌਮ ਤੋਂ ਆਪਾ ਵਾਰ ਜਾਣ ਵਾਲੇ ਸ਼ਹੀਦਾਂ ਤੇ ਉਨ੍ਹਾਂ ਦੇ ਪਵਿੱਤਰ ਮਿਸ਼ਨ ਨਾਲ ਪਿਆਰ ਦਾ ਅਮਲੀ ਸਬੂਤ ਦੇਈਏ। ਸਾਨੂੰ ਪੂਰਨ ਭਰੋਸਾ ਹੈ ਕਿ ਇਸ ਸ਼ੁੱਭ ਕੰਮ ਵਾਸਤੇ ਮਾਇਆ ਦੀ ਥੁੜ੍ਹ ਨਹੀਂ ਰਹੇਗੀ। ਕਈ ਐਸੇ ਦਾਨੀ ਸੱਜਣ ਵੀ ਨਿੱਤਰਨਗੇ ਜੋ ਇਸ ਸੇਵਾ ਨੂੰ ਸਮੁੱਚੇ ਤੌਰ 'ਤੇ ਆਪਣੇ ਜ਼ਿੰਮੇ ਲੈ ਲੈਣਗੇ ਜਾਂ ਜ਼ਮੀਨ ਆਦਿ ਖਰੀਦਣ 'ਚ ਵੀ ਮੱਦਦ ਕਰਨਗੇ। ਉਨ੍ਹਾਂ ਦਾਨੀਆਂ ਦਾ ਇਹ ਵੀ ਅਧਿਕਾਰ ਹੋਏਗਾ ਕਿ ਉਹ ਆਪਣੀ ਨਿਗਰਾਨੀ ਵਿਚ ਪੈਸਾ ਖਰਚਾਉਣ ਅਤੇ ਇਸ ਸ਼ੁੱਭ ਕਾਰਜ ਨੂੰ ਹੱਥੀਂ ਨੇਪਰੇ ਚਾੜ੍ਹਨ ਲਈ ਅੱਗੇ ਆ ਸਕਣ। ਨਾਲ ਹੀ ਇਹ ਬੇਨਤੀ ਕਰ ਦੇਣੀ ਵੀ ਯੋਗ ਹੈ ਕਿ ਅਜੇਹੇ ਸੱਜਣਾਂ ਦੇ ਨਾਮ ਪਵਿੱਤਰ ਯਾਦਗਾਰ ਦੇ ਨਾਲ ਹੀ ਅਮਰ ਹੋ ਜਾਣਗੇ ਕਿਉਂਕਿ ਉਨ੍ਹਾਂ ਦੇ ਸ਼ੁਭ ਨਾਮ ਵੀ ਯਾਦਗਾਰ ਦੇ ਨਾਲ ਬਾ-ਬਸਤਾ ਕਰ ਦਿੱਤੇ ਜਾਣਗੇ। ਦਾਨੀ ਅਤੇ ਕੌਮ ਪ੍ਰਸਤਾਂ ਦੀ ਉਦਾਰਦਿਲੀ ਦੇ ਆਸਰੇ ਅਸੀਂ ਇਹ ਅਪੀਲ ਜਾਰੀ ਕੀਤੀ ਹੈ ਤੇ ਕਾਮਯਾਬੀ ਦਾ ਪੂਰਨ ਭਰੋਸਾ ਹੈ।

ਮਾਇਆ ਬਾਬਾ ਵਿਸਾਖਾ ਸਿੰਘ ਜੀ ਦੇ ਨਾਮ ਮਾਰਫ਼ਤ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਕੋਲ ਆਉਣੀ ਚਾਹੀਦੀ ਹੈ।

ਪ੍ਰਾਰਥਕ:
**ਭਗਤ ਸਿੰਘ ਬਿਲਗਾ**
**ਜਨਰਲ ਸਕੱਤਰ**
**ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਅੰਮ੍ਰਿਤਸਰ**
**('ਕਿਰਤੀ' 18 ਸਤੰਬਰ 1938)**

**ਬਾਬਿਆਂ ਦਾ ਟੀਮ-ਵਰਕ**: ਦੇਸ਼ ਭਗਤਾਂ ਦੀ ਯਾਦਗਾਰ ਲਈ ਫੰਡ ਤਾਂ 1944-45 ਤੱਕ ਇਕੱਠਾ ਹੋ ਹੀ ਰਿਹਾ ਸੀ। ਮੁਲਕ ਦੀ ਵੰਡ ਨੇ ਇਕ ਵਾਰ ਇਹ ਸੁਪਨੇ ਰਾਖ ਕਰ ਦਿੱਤੇ। ਸਿਰੜੀ ਦੇਸ਼ ਭਗਤਾਂ ਨੇ ਸਿਦਕ ਕੀ ਹਾਰਨਾ ਸੀ। ਬਾਬਾ ਗੁਰਮੁਖ ਸਿੰਘ ਲਲਤੋਂ ਤਾਂ ਕਲਕੱਤੇ ਤੱਕ ਜਾ ਕੇ ਫੰਡ ਇਕੱਠਾ ਕਰਕੇ ਜੋ ਲਿਆਏ ਸਨ ਉਨ੍ਹਾਂ ਨੇ ਯਾਦਗਾਰ ਦੇ ਹੀ ਕਾਰਜ ਲਈ

ਰਾਖਵਾਂ ਸੰਭਾਲ ਕੇ ਰੱਖਿਆ। ਹੁਣ 1947 ਦੇ ਦਰਦਾਂ ਦੇ ਪਹਾੜ ਟੁੱਟਣ ਮਗਰੋਂ ਹਿੰਮਤ ਕਰਕੇ ਬਾਬਾ ਗੁਰਮੁਖ ਸਿੰਘ ਲਲਤੋਂ ਨੇ ਦੇਸ਼ ਭਗਤ ਯਾਦਗਾਰ ਕਮੇਟੀ ਰਜਿਸਟਰਡ ਕਰਵਾਈ। ਰਾਏ ਬਹਾਦਰ ਬਦਰੀ ਦਾਸ ਦੀ ਕੋਠੀ ਸਮੇਤ ਤਿੰਨ ਏਕੜ ਜ਼ਮੀਨ ਖਰੀਦ ਕੇ ਰਜਿਸਟਰੀ ਕਰਵਾ ਲਈ। ਇਸ ਰਜਿਸਟਰੀ ਦਾ ਸਾਰਾ ਖਰਚਾ ਬਾਬਾ ਅਮਰ ਸਿੰਘ ਸੰਧਵਾਂ ਅਤੇ ਬਾਬਾ ਸੋਹਣ ਸਿੰਘ ਭਕਨਾ ਨੇ ਆਪਣੀ ਜ਼ਮੀਨ ਵੇਚ ਕੇ ਪੂਰਾ ਕੀਤਾ। ਬਿਲਡਿੰਗ ਤਿਆਰ ਕਰਨ ਦੀ ਮੁੱਖ ਜ਼ਿੰਮੇਵਾਰੀ ਬਾਬਾ ਗੁਰਮੁਖ ਸਿੰਘ ਲਲਤੋਂ ਦੀ ਲੱਗੀ। ਸਹਾਇਕ ਭਗਤ ਸਿੰਘ ਬਿਲਗਾ ਅਤੇ ਉਜਾਗਰ ਸਿੰਘ ਚੀਮਾ ਨੂੰ ਲਾਇਆ ਗਿਆ। ਉਨ੍ਹਾਂ ਮੇਰਠ, ਦਿੱਲੀ ਸਮੇਤ ਵੱਖ-ਵੱਖ ਥਾਈਂ ਯਾਦਗਾਰਾਂ ਦਾ ਜਾਇਜ਼ਾ ਲਿਆ। ਬਾਬਾ ਗੁਰਮੁਖ ਸਿੰਘ ਨੇ ਪੂਰਾ ਸਮਾਂ ਇਮਾਰਤ ਉਪਰ ਨਿਗਰਾਨੀ ਲਈ ਦਿੱਤਾ। ਬਾਕੀ ਕਮੇਟੀ ਮੈਂਬਰ ਵੀ ਸਮੇਂ ਸਮੇਂ ਵਕਤ ਦਿੰਦੇ ਰਹੇ।

ਹਾਲ ਦੀ ਉਸਾਰੀ ਲਈ ਭਾਰੀ ਰਕਮ ਦੀ ਲੋੜ ਸੀ। ਇਸ ਲਈ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਜਾ ਕੇ ਵੀ ਬਿਲਡਿੰਗ ਫੰਡ ਇਕੱਠਾ ਕਰਨ ਦਾ ਫੈਸਲਾ ਕੀਤਾ ਗਿਆ।

ਬਾਬਾ ਗੁਰਮੁਖ ਸਿੰਘ, ਬਾਬਾ ਕਰਮ ਸਿੰਘ ਚੀਮਾ, ਭੋਲਾ ਸਿੰਘ ਚੀਮਾ ਅਤੇ ਕਾਮਰੇਡ ਬੂਝਾ ਸਿੰਘ ਨੂੰ ਡੈਪੂਟੇਸ਼ਨ 'ਚ ਸ਼ਾਮਲ ਕੀਤਾ ਗਿਆ। ਬਾਬਾ ਗੁਰਮੁਖ ਸਿੰਘ, ਬਾਬਾ ਕਰਮ ਸਿੰਘ ਅਤੇ ਭੋਲਾ ਸਿੰਘ ਨੂੰ ਲੰਡਨ ਭੇਜਿਆ। ਪਤਾ ਲੱਗਾ ਕਿ ਵਿਰੋਧੀਆਂ ਨੇ ਕੋਝਾ ਪ੍ਰਚਾਰ ਵਿੱਢ ਦਿੱਤਾ ਕਿ ਬਾਬਾ ਗੁਰਮੁਖ ਸਿੰਘ ਹੁਣ ਇਨਕਲਾਬ ਛੱਡ ਕਬਰਾਂ ਉਸਾਰਨ ਲੱਗ ਪਿਆ। ਵਿਸ਼ਨੂੰ ਦੱਤ ਹੋਰਾਂ ਦੀ ਵਿਸ਼ੇਸ਼ ਮੰਗ ਕਾਰਨ ਅਜੇਹੇ ਕੂੜ ਪ੍ਰਚਾਰ ਨੂੰ ਕਾਟ ਕਰਨ ਲਈ ਬਾਬਾ ਬੂਝਾ ਸਿੰਘ ਦੀ ਮੰਗ ਕੀਤੀ ਗਈ। ਬਾਬਾ ਬੂਝਾ ਸਿੰਘ ਵੀ ਇੰਗਲੈਂਡ ਪਹੁੰਚ ਗਏ। ਬੱਸ ਫੇਰ ਚੱਲ ਸੋ ਚੱਲ ਵੱਡੀ ਪੱਧਰ 'ਤੇ ਲੋਕਾਂ ਨੂੰ ਸਹਿਮਤ ਕਰਕੇ ਫੰਡ ਮੁਹਿੰਮ ਸਫ਼ਲਤਾ ਨਾਲ ਨੇਪਰੇ ਚਾੜ੍ਹੀ। ਸਿਹਤ ਦੀ ਸਮੱਸਿਆ ਦੇ ਬਾਵਜੂਦ ਕੁਝ ਦੇਰ ਬਾਬਾ ਬੂਝਾ ਸਿੰਘ ਨੇ ਉਥੇ ਕੰਮ ਕਰਕੇ ਆਪਣੇ ਹਵਾਈ ਕਿਰਾਏ ਦੀ ਟਿਕਟ ਜੋਗੇ ਪੈਸੇ ਵੀ ਮਿਹਨਤ ਨਾਲ ਆਪ ਕਮਾਏ।

ਯਾਦਗਾਰ ਹਾਲ ਦੀ ਉਸਾਰੀ ਦੇ ਨਾਲ-ਨਾਲ ਹੀ ਦੋ ਪਰਚੇ ਬਾਬਾ ਗੁਰਮੁਖ ਸਿੰਘ ਦੀ ਪਹਿਲਕਦਮੀ ਨਾਲ ਇਥੋਂ ਹੀ ਜੋ ਕੋਠੀ ਵਾਲੀ ਇਮਾਰਤ ਬਣੀ ਹੋਈ ਮਿਲੀ ਸੀ ਉਸ ਵਿੱਚ ਪ੍ਰੈਸ ਲਾ ਕੇ ਜਾਰੀ ਕੀਤੇ। "ਦੇਸ਼ ਭਗਤ ਯਾਦਾਂ" ਅਤੇ "ਪੀਪਲਜ਼ ਪਾਥ" ਪੀਪਲਜ਼ ਪਾਥ ਦੀ ਸੰਪਾਦਨਾ ਨਰਿੰਦਰ ਜੋਸ਼ੀ ਅਤੇ ਕਾਮਰੇਡ ਮੋਹਨ ਲਾਲ ਕਰਿਆ ਕਰਦੇ। 'ਦੇਸ਼ ਭਗਤ ਯਾਦਾਂ' ਦੀ ਸੰਪਾਦਨਾ ਪਹਿਲਾਂ ਬਾਬਾ ਮੁਨਸ਼ਾ ਸਿੰਘ ਦੁਖੀ ਅਤੇ ਬਾਅਦ ਵਿਚ ਕਾਮਰੇਡ ਹਰਭਜਨ ਸਿੰਘ, ਦੇਵਾ ਸਿੰਘ ਮਾਹਲਾ ਅਤੇ ਵਿਸਾਖਾ ਸਿੰਘ ਕਰਦੇ ਰਹੇ।

ਬਾਬਾ ਗੁਰਮੁਖ ਸਿੰਘ (ਸਕੱਤਰ) ਅਤੇ ਬਾਬਾ ਅਮਰ ਸਿੰਘ ਸੰਧਵਾਂ ਦੇ ਪ੍ਰਧਾਨਗੀ ਕਾਲ ਵਿਚ ਬਾਬਾ ਭਾਗ ਸਿੰਘ ਉਪਲ ਭੂਪਾ, ਬਾਬਾ ਕਰਮ ਸਿੰਘ ਚੀਮਾ, ਬਾਬਾ ਗੁੱਜਰ ਸਿੰਘ ਭਕਨਾ, ਬਾਬਾ ਗੇਂਦਾ ਸਿੰਘ ਅਤੇ ਬਾਬਾ ਬੂਝਾ ਸਿੰਘ ਆਦਿ ਦੀ ਸਖ਼ਤ ਮਿਹਨਤ ਨਾਲ ਹੇਠਲਾ ਹਾਲ ਮੁਕੰਮਲ ਹੋ ਗਿਆ।

ਜਦੋਂ ਮੋਢੀ ਬਜ਼ੁਰਗ ਪੀੜੀ ਇੱਕ-ਇੱਕ ਕਰਕੇ ਆਪਣੇ ਲੋਕਾਂ ਨੂੰ ਸਦੀਵੀ ਵਿਛੋੜੇ ਵਜੋਂ ਅਲਵਿਦਾ ਕਹਿ ਗਈ ਤਾਂ ਨਵੀਂ ਕਮੇਟੀ ਦੀ ਚੋਣ ਕੀਤੀ। ਫੰਡ ਮੁਹਿੰਮ ਦਾ ਮੁੱਦਾ ਵਿਚਾਰਿਆ।

ਨਵੀਂ ਚੋਣ 'ਚ ਕਾਮਰੇਡ ਸੋਹਣ ਸਿੰਘ ਜੋਸ਼ ਨੂੰ ਪ੍ਰਧਾਨ, ਭਗਤ ਸਿੰਘ ਬਿਲਗਾ ਨੂੰ

ਜਨਰਲ ਸਕੱਤਰ ਚੁਣਿਆ ਗਿਆ। ਪੰਡਤ ਕਿਸ਼ੋਰੀ ਲਾਲ ਖਜ਼ਾਨਚੀ ਚੁਣੇ ਗਏ।

ਬਾਬਾ ਭਗਤ ਸਿੰਘ ਬਿਲਗਾ ਦੇ ਦੱਸਣ ਅਨੁਸਾਰ ਹੁਣ ਉਨ੍ਹਾਂ ਦੀ ਵਾਰੀ ਆਈ ਕਿ ਉਹ ਵਿਸ਼ੇਸ਼ ਵਫ਼ਦ ਦੇ ਨਾਲ ਇੰਗਲੈਂਡ ਜਾ ਕੇ ਵਿਸ਼ੇਸ਼ ਫੰਡ ਇਕੱਠਾ ਕਰਕੇ ਲਿਆਉਣ। ਉਨ੍ਹਾਂ ਦੱਸਿਆ ਕਿ ਮੇਰਾ ਪਾਸਪੋਰਟ ਤਾਂ ਪੰਜ ਸਾਲ ਤੋਂ ਇੰਟੈਲੀਜੈਂਸ ਬਿਊਰੋ (ਆਈ.ਬੀ.) ਕੋਲ ਕਾਬੂ ਕਰਿਆ ਹੋਇਆ ਸੀ। ਜਦੋਂ ਸੁਪਰੀਮ ਕੋਰਟ ਨੇ ਇਹ ਫੈਸਲਾ ਸੁਣਾਇਆ ਕਿ ਭਾਰਤ ਦੇ ਹਰ ਸ਼ਹਿਰੀ ਨੂੰ ਆਪਣਾ ਪਾਸਪੋਰਟ ਲੈਣ ਦਾ ਅਧਿਕਾਰ ਹੈ। ਇਸ ਫੈਸਲੇ ਅਨੁਸਾਰ ਸਰਕਾਰ ਨੂੰ ਨੋਟਿਸ ਦਿੱਤਾ ਕਿ ਭਗਤ ਸਿੰਘ ਬਿਲਗਾ ਦਾ ਪਾਸਪੋਰਟ ਦਿੱਤਾ ਜਾਵੇ। ਖੁਫ਼ੀਆ ਵਿਭਾਗ ਦਾ ਅਫਸਰ ਦੇਸ਼ ਭਗਤ ਯਾਦਗਾਰ ਹਾਲ ਆ ਕੇ ਕਹਿ ਗਿਆ ਕਿ ਇੱਕ ਹਫ਼ਤੇ ਵਿਚ ਤੁਹਾਨੂੰ ਪਾਸਪੋਰਟ ਦੇ ਦਿੱਤਾ ਜਾਵੇਗਾ। ਬਾਬਾ ਭਗਤ ਸਿੰਘ ਬਿਲਗਾ ਫੇਰ ਖੁਦ ਇੰਗਲੈਂਡ ਗਏ। ਵੱਡੀ ਮਾਤਰਾ 'ਚ ਫੰਡ ਇਕੱਠਾ ਕੀਤਾ।

**ਅਣਥੱਕ, ਨਿਸ਼ਕਾਮ ਜੋੜੀ:** ਇਸ ਪਿੱਛੋਂ ਬਹੁਤ ਹੀ ਮਹੱਤਵਪੂਰਨ ਦੌਰ ਸ਼ੁਰੂ ਹੁੰਦਾ ਹੈ ਜਦੋਂ ਕਾਮਰੇਡ ਗੰਧਰਵ ਸੈਨ ਕੋਛੜ ਜੋ ਕਿਰਤੀ ਪਾਰਟੀ ਵੇਲੇ ਤੋਂ ਲੈ ਕੇ ਕਮਿਊਨਿਸਟ ਇਨਕਲਾਬੀ (ਨਕਸਲਬਾੜੀ) ਲਹਿਰ 'ਚ ਸਰਗਰਮ ਰਹੇ। ਉਹ ਸਿਧਾਂਤ ਅਤੇ ਅਮਲ ਦਾ ਸੁਮੇਲ ਕਰਨ ਵਿਚ ਨਿਪੁੰਨ ਮੰਨੇ ਜਾਂਦੇ ਸਨ ਉਨ੍ਹਾਂ ਨੇ ਦੇਸ਼ ਭਗਤ ਯਾਦਗਾਰ ਹਾਲ ਨੂੰ ਸੇਵਾਵਾਂ ਭੇਂਟ ਕਰ ਦਿੱਤੀਆਂ। ਉਨ੍ਹਾਂ ਦੇ ਨਾਲ-ਨਾਲ ਕਦਮ ਮਿਲਾ ਕੇ ਚੱਲਦੇ ਬਾਬਾ ਭਗਤ ਸਿੰਘ ਬਿਲਗਾ। ਇਸ ਜੋੜੀ ਨੇ ਫਿਰ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਪੂਰਾ ਕਰ ਦਿੱਤਾ। ਦੇਸ਼-ਵਿਦੇਸ਼ ਤੋਂ ਫੰਡ ਨਿਰੰਤਰ ਇਕੱਠਾ ਹੁੰਦਾ ਰਿਹਾ। ਇਹ ਆਡੀਟੋਰੀਅਮ ਜਿੱਥੇ ਗ਼ਦਰੀ ਸ਼ਹੀਦਾਂ ਦੀ ਵਿਰਾਸਤ ਨੂੰ ਸਾਂਭਣ ਦਾ ਜਰੀਆ ਵੀ ਸੀ ਅਤੇ ਅਜੋਕੇ ਦੌਰ, ਭਵਿੱਖ ਮੁਖੀ ਲੋਕ ਲਹਿਰ ਨੂੰ ਅਮੁੱਲਾ ਤੋਹਫ਼ਾ ਹੈ। ਇਸ ਜੋੜੀ ਦੀ ਸਾਂਝ ਦਾ ਆਧਾਰ ਅਸੂਲ ਹੀ ਰਿਹਾ ਹੈ। ਸਿਧਾਂਤਕ ਅਤੇ ਰਾਜਨੀਤਕ ਤੌਰ ਤੇ ਜਿੱਥੇ ਵੱਖਰੇ ਵਿਚਾਰ ਨੇ ਉਹ ਜੀ ਸਦਕੇ ਰੱਖੇ ਪਰ ਵੱਡੇ ਹਿੱਤਾਂ ਲਈ ਅਤੇ ਸਾਂਝ ਦੀ ਬੁਨਿਆਦ ਨੂੰ ਕਦੇ ਹਿੱਲਣ ਨਾ ਦਿੱਤਾ। ਇਸ ਤਰ੍ਹਾਂ ਬਾਬਾ ਭਗਤ ਸਿੰਘ ਬਿਲਗਾ ਆਖਰੀ ਸਾਹ ਤੱਕ ਪ੍ਰਧਾਨ ਰਹੇ ਅਤੇ ਲੰਮਾ ਸਮਾਂ ਕਾਮਰੇਡ ਗੰਧਰਵ ਸੈਨ ਕੋਛੜ ਜਨਰਲ ਸਕੱਤਰ। ਇਸ ਅਰਸੇ 'ਚ ਉਹ ਸਮਾਂ ਵੀ ਆਇਆ ਜਦੋਂ ਸੁਰਿੰਦਰ ਕੁਮਾਰੀ ਕੋਛੜ, ਕਾਮਰੇਡ ਗੰਧਰਵ ਸੈਨ ਕੋਛੜ ਦੀ ਬੇਟੀ ਵੀ ਇੰਗਲੈਂਡ ਜਾ ਕੇ ਬਜ਼ੁਰਗ ਦੇਸ਼ ਭਗਤਾਂ ਨਾਲ ਰਲ ਕੇ ਇਸ ਹਾਲ ਲਈ ਵੱਡੀ ਮਾਤਰਾ 'ਚ ਫੰਡ ਇਕੱਤਰ ਕਰਕੇ ਲਿਆਈ।

ਬਾਬਾ ਭਗਤ ਸਿੰਘ ਬਿਲਗਾ ਅਤੇ ਕਾਮਰੇਡ ਗੰਧਰਵ ਸੈਨ ਕੋਛੜ ਦੀ ਅਗਵਾਈ 'ਚ ਲਾਇਬਰੇਰੀ, ਮਿਊਜ਼ੀਅਮ, ਇਕ ਵੱਡਾ ਹਾਲ: ਬਾਬਾ ਗੁਰਮੁਖ ਸਿੰਘ ਹਾਲ, ਆਡੀਟੋਰੀਅਮ ਦਾ ਰੈਂਪ, ਅਧਿਐਨ ਕਰਨ ਵਾਲੇ ਚਿੰਤਕਾਂ ਅਤੇ ਦੇਸ਼ ਭਗਤ ਪਰਿਵਾਰ ਨਾਲ ਜੁੜੇ ਦੇਸ਼ ਵਿਦੇਸ਼ ਤੋਂ ਆਉਣ ਵਾਲਿਆਂ ਦੀ ਸੁਵਿਧਾ ਲਈ ਕਮਰੇ, ਮਿੰਨੀ ਹਾਲ, ਸ਼ਹੀਦ ਭਗਤ ਸਿੰਘ ਆਡੀਟੋਰੀਅਮ ਆਦਿ ਬਹੁਤ ਕੁਝ ਬਣਿਆ।

ਬਾਬਾ ਭਗਤ ਸਿੰਘ ਬਿਲਗਾ ਦੇ ਆਪਣੇ ਬੋਲ ਹਨ ਕਿ:

"ਮੈਂ 1930 ਤੋਂ ਨਿਰੰਤਰ ਲੋਕਾਂ ਲਈ ਜੋ ਮੈਥੋਂ ਹੋ ਸਕਿਆ ਕਰਦਾ ਆ ਰਿਹਾਂ ਅਤੇ ਆਖਰੀ ਦਮ ਤੱਕ ਕਰਾਂਗਾ। ਅਜੇਹੀ ਜ਼ਿੰਦਗੀ ਮੈਨੂੰ ਗ਼ਦਰ ਪਾਰਟੀ ਦੀ ਦੇਣ ਹੈ। ਭਾਵੇਂ ਮੇਰੇ

ਪਿੰਡ ਬਿਲਗੇ ਦੇ ਸਿਆਸੀ ਜੀਵਨ ਅਤੇ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਘੋਲਾਂ ਦਾ ਮੇਰੇ 'ਤੇ ਪਹਿਲੋਂ ਹੀ ਅਸਰ ਸੀ। ਕਰਜ਼ੇ ਹੇਠ ਦੱਬੇ ਆਮ ਨੌਜਵਾਨ, ਕਰਜ਼ੇ ਦੀ ਸੱਟ ਹੇਠੋਂ ਨਿਕਲਣ ਲਈ ਵਿਦੇਸ਼ਾਂ ਨੂੰ ਜਾਂਦੇ ਸਨ। ਮੈਂ ਵੀ ਇਸੇ ਕਾਰਨ ਵਿਦੇਸ਼ ਨੂੰ ਗਿਆ ਸਾਂ। ਪਰ ਮੈਂ ਕਰਜ਼ਾ ਲਾਹੁਣ ਲਈ ਪੈਸੇ ਕਮਾ ਕੇ ਲਿਆਉਣ ਦੀ ਬਜਾਏ ਗ਼ਦਰ ਪਾਰਟੀ ਕੋਲੋਂ ਇਨਕਲਾਬ ਦੀ ਸਿੱਖਿਆ ਲੈ ਕੇ ਦੇਸ਼ ਪਰਤ ਆਇਆ। ਅੰਡਰ ਗਰਾਊਂਡ ਜ਼ਿੰਦਗੀ ਬਤੀਤ ਕੀਤੀ। ਖੁੱਲ੍ਹੇ ਮੈਦਾਨ ਵਿਚ ਬੁਲਾਰੇ ਦੇ ਤੌਰ 'ਤੇ ਵੀ ਕੰਮ ਕੀਤਾ। 'ਲਾਲ ਢੰਡੋਰਾ' ਗੁਪਤ ਪਰਚੇ ਦਾ ਐਡੀਟਰ ਵੀ ਰਿਹਾ। ਜੇਲ੍ਹਾਂ ਅਤੇ ਨਜ਼ਰਬੰਦੀਆਂ ਵੀ ਕੱਟੀਆਂ। ਪਰ ਸਭ ਤੋਂ ਵੱਧ ਮੇਰੇ ਅਖੀਰਲੇ ਦਹਾਕੇ ਮੇਰੇ ਲਈ ਕਈ ਪੱਖੋਂ ਅਹਿਮ ਹਨ। ਜਦੋਂ ਮੈਂ ਦੇਸ਼ ਭਗਤ ਯਾਦਗਾਰ ਹਾਲ ਲਈ ਸੇਵਾਵਾਂ ਦਿੱਤੀਆਂ।"

*('ਮੇਰੀ ਸਮਝ ਮੇਰੀ ਸੋਚ' ਕਿਤਾਬ 'ਚੋਂ)*

ਬਾਬਾ ਬਿਲਗਾ ਜੀ ਦੇਸ਼ ਭਗਤ ਯਾਦਗਾਰ ਹਾਲ ਗ਼ਦਰੀ ਵਿਰਸੇ ਉਪਰ ਡਟ ਕੇ ਅੱਗੇ ਚੱਲੇ। ਇਸ ਉਪਰ ਸਿੱਧੇ ਜਾਂ ਅਸਿੱਧੇ ਢੰਗ ਨਾਲ ਹਕੂਮਤਾਂ ਜਾਂ ਹਾਕਮ ਧੜਿਆਂ ਦਾ ਪੈਰ ਧਰਾ ਜਾਂ ਗਲਬਾ ਨਾ ਹੋਵੇ, ਇਸ ਹਾਲ ਅੰਦਰ ਪੁਲਸ ਦੀ ਦਖਲ ਅੰਦਾਜ਼ੀ ਜਾਂ ਉਸ ਉਪਰ ਨਿਰਭਰਤਾ ਨਾ ਹੋਵੇ। ਕਿਸੇ ਤਰ੍ਹਾਂ ਵੀ ਫੰਡ ਹਾਸਲ ਕਰਨ ਵੱਟੇ ਅਸੂਲਾਂ ਨਾਲ ਸਮਝੌਤੇ ਨਾ ਹੋਣ ਅਜੇਹੀਆਂ ਰਵਾਇਤਾਂ ਨੂੰ ਬੁਲੰਦ ਰੱਖਣ ਲਈ ਉਹ ਯਤਨਸ਼ੀਲ ਰਹੇ।

ਜਦੋਂ ਇੱਕ ਵਾਰ ਕਮੇਟੀ ਨੇ ਆਪਣਾ ਹੱਕ ਸਮਝ ਕੇ ਗਿਆਨੀ ਜ਼ੈਲ ਸਿੰਘ ਰਾਹੀਂ ਬਿਲਡਿੰਗ ਫੰਡ ਲਈ ਗੱਲ ਕੀਤੀ ਤਾਂ ਅੱਗੋਂ ਸ਼ਰਤ ਰੱਖੀ ਗਈ ਕਿ, "ਟਰੱਸਟ ਵਿਚ ਸਰਕਾਰ ਦੇ ਨੁਮਾਇੰਦੇ ਪਾਓ। ਉਨ੍ਹਾਂ ਦੀ ਨਿਗਰਾਨੀ 'ਚ ਖਰਚਾ ਕੀਤਾ ਜਾਵੇਗਾ।"

ਦੇਸ਼ ਭਗਤ ਯਾਦਗਾਰ ਕਮੇਟੀ ਨੇ ਬਕਾਇਦਾ 20.7.1969 ਨੂੰ ਮੀਟਿੰਗ ਸੱਦ ਕੇ ਜਿੱਥੇ ਸ਼ਰਤਾਂ 'ਤੇ ਸਰਕਾਰੀ ਫੰਡ ਦਾ ਵਿਰੋਧ ਕੀਤਾ, ਉੱਥੇ ਅਜੇਹੇ ਵਿਚਾਰਾਂ ਵਿਰੁੱਧ ਵੀ ਡਟ ਕੇ ਸਟੈਂਡ ਲਿਆ ਜਿਹੜੇ ਹਾਲ ਦੀ ਇਮਾਰਤ ਗਿਰਵੀ ਰੱਖ ਕੇ ਕਰਜ਼ਾ ਲੈ ਕੇ ਬਾਕੀ ਇਮਾਰਤ ਪੂਰੀ ਕਰਨ ਦੇ ਵਿਚਾਰ ਰੱਖਦੇ ਸਨ। ਇਸ ਦਿਨ ਮੀਟਿੰਗ 'ਚ ਰਜਿਸਟਰ ਦੀ ਕਾਰਵਾਈ ਸਫਾ ਨੰ: 5 'ਤੇ ਦਰਜ਼ ਕੀਤਾ ਗਿਆ ਕਿ:

"ਦੇਸ਼ ਭਗਤ ਯਾਦਗਾਰ ਹਾਲ ਦੀ ਜਾਇਦਾਦ ਗਿਰਵੀ ਰੱਖਣ ਜਾਂ ਵੇਚਣ ਦਾ ਕਿਸੇ ਨੂੰ ਕੋਈ ਅਧਿਕਾਰ ਕਦੇ ਵੀ ਨਹੀਂ ਹੋਵੇਗਾ।"

**ਗ਼ਦਰ ਪਾਰਟੀ ਦੀ ਸਿਲਵਰ ਜੁਬਲੀ**: ਦੇਸ਼ ਭਗਤ ਯਾਦਗਾਰ ਹਾਲ ਅਤੇ ਰਾਜਨੀਤਕ ਮੁੱਦਿਆਂ 'ਤੇ ਸਰਗਰਮੀਆਂ ਦੀ ਨੀਂਹ ਤਾਂ ਵੈਸੇ ਇਸ ਵਿਹੜੇ 'ਚ ਇੱਕੋ ਵੇਲੇ ਹੀ ਰੱਖੀ ਗਈ ਸੀ। ਪਰ ਯਾਦਗਾਰ ਕਮੇਟੀ ਵੱਲੋਂ ਆਪਣੇ ਤੌਰ 'ਤੇ ਉਭਰਵੀਂ ਸਰਗਰਮੀ ਬਾਬਾ ਗੁਰਮੁਖ ਸਿੰਘ ਲਲਤੋਂ ਦੀ ਅਗਵਾਈ 'ਚ 31 ਮਾਰਚ ਅਤੇ ਪਹਿਲੀ ਅਪ੍ਰੈਲ 1964 ਨੂੰ ਗ਼ਦਰ ਪਾਰਟੀ ਦੀ ਸਿਲਵਰ ਜੁਬਲੀ ਸਮਾਗਮ ਮੌਕੇ ਹੋਈ।

ਮੁਲਕ ਦੇ ਵੱਖ-ਵੱਖ ਸੂਬਿਆਂ ਤੋਂ ਆਜ਼ਾਦੀ ਜੱਦੋ ਜਹਿਦ ਨਾਲ ਜੁੜੀਆਂ ਰਹੀਆਂ ਸਖ਼ਸ਼ੀਅਤਾਂ ਨੂੰ ਬੁਲਾਵਾ ਭੇਜਿਆ। ਇਸ ਸਮਾਗਮ ਲਈ ਫੰਡ ਇਕੱਠਾ ਕਰਨ ਲਈ ਬਣੀ ਕਮੇਟੀ 'ਚ ਬਾਬਾ ਭਾਗ ਸਿੰਘ, ਬਾਬਾ ਕਰਮ ਸਿੰਘ, ਬਾਬਾ ਬੂਝਾ ਸਿੰਘ ਅਤੇ ਗੁਰਚਰਨ ਸਿੰਘ ਸਹਿੰਸਰਾ ਨਾਲ ਬਾਬਾ ਭਗਤ ਸਿੰਘ ਬਿਲਗਾ ਵੀ ਸ਼ਾਮਲ ਸੀ। ਇਨ੍ਹਾਂ ਕਾਫੀ ਮਿਹਨਤ ਕਰਕੇ

3475/- ਰੁਪਏ ਇਕੱਠੇ ਕੀਤੇ। ਰੋਟੀ ਅਤੇ ਚਾਹ-ਪਾਣੀ ਆਦਿ ਦੇ ਪ੍ਰਬੰਧ ਦਾ ਸਾਰਾ ਜ਼ਿੰਮਾ ਕਾਮਰੇਡ ਗੰਧਰਵ ਸੈਨ ਕੋਛੜ ਅਤੇ ਸੁਰਿੰਦਰ ਕੁਮਾਰੀ ਕੋਛੜ ਨੇ ਲਿਆ। ਗ਼ਦਰ ਪਾਰਟੀ ਸਿਲਵਰ ਜੁਬਲੀ ਸਮਾਗਮ 'ਚ ਆਏ ਸਾਥੀ, ਸੇਵਾ ਨਿਮਾਜੀ ਨੂੰ ਜ਼ਿੰਦਗੀ ਭਰ ਨਾ ਭੁੱਲ ਸਕੇ।

ਇਸ ਇਕੱਰਤਤਾ 'ਚ ਸਵਾਗਤੀ ਭਾਸ਼ਣ ਬਾਬਾ ਗੁਰਮੁਖ ਸਿੰਘ ਲਲਤੋਂ ਨੇ ਪੜ੍ਹਿਆ। ਉਨ੍ਹਾਂ ਕਿਹਾ ਕਿ:

"ਜਿਸ ਮਕਸਦ ਲਈ ਸਾਡੇ ਸ਼ਹੀਦਾਂ ਨੇ ਸਭ ਕੁਝ ਵਾਰ ਦਿੱਤਾ। ਸਾਡੇ ਸਾਥੀਆਂ ਨੇ ਜਾਇਦਾਦਾਂ ਜ਼ਬਤ ਕਰਾਈਆਂ। ਉਮਰ ਕੈਦਾਂ ਕੱਟੀਆਂ। ਉਹ ਮਕਸਦ ਪੂਰਾ ਨਹੀਂ ਹੋਇਆ। ਮੁਲਕ ਦੇ ਹੁਕਮਰਾਨ ਮੁਲਕ 'ਚੋਂ ਗ਼ਰੀਬੀ, ਬੇਕਾਰੀ, ਅਨਪੜ੍ਹਤਾ ਅਤੇ ਭੁੱਖਮਰੀ ਦੂਰ ਕਰਨ ਵਿਚ ਅਸਮਰੱਥ ਰਹੇ ਹਨ। ਜਦੋਂ ਸਮੇਂ-ਸਮੇਂ ਲੋਕੀ ਧਰਨੇ ਮੁਜ਼ਾਹਰੇ ਕਰਦੇ ਹਨ ਤਾਂ ਇਨ੍ਹਾਂ ਨੂੰ ਜੇਲ੍ਹੀਂ ਡੱਕਿਆ ਜਾਂਦਾ ਹੈ। ਮੁਲਕ ਦੀ ਇਹ ਹਾਲਤ ਦੇਖ ਕੇ ਸਾਨੂੰ ਚੁੱਪ ਨਹੀਂ ਰਹਿਣਾ ਚਾਹੀਦਾ। ਮੁਲਕ ਦੀ ਭਲਾਈ ਲਈ ਸਾਨੂੰ ਠੋਸ ਉਪਰਾਲੇ ਕਰਨੇ ਚਾਹੀਦੇ ਹਨ।"

ਸੋ ਅਜੇਹੇ ਯਾਦਗਾਰੀ ਸਮਾਗਮ 'ਚ ਬਾਬਾ ਭਗਤ ਸਿੰਘ ਬਿਲਗਾ ਦਾ ਅਹਿਮ ਰੋਲ ਰਿਹਾ ਹੈ। ਸਿਲਵਰ ਜੁਬਲੀ ਸਮਾਗਮ ਮਗਰੋਂ ਇਤਿਹਾਸਕ ਕਦਮ ਚੁੱਕੇ ਜਾਂਦੇ ਰਹੇ। 'ਪੀਪਲ ਪਾਥ' ਅਤੇ 'ਦੇਸ਼ ਭਗਤ ਯਾਦਾਂ' ਪਰਚਿਆਂ ਨੇ ਕੌਮੀ, ਕੌਮਾਂਤਰੀ, ਰਾਜਨੀਤਕ, ਸਮਾਜਕ, ਸਭਿਆਚਾਰਕ ਕਿੰਨੇ ਹੀ ਲੋਕ ਮਸਲਿਆਂ ਉਪਰ ਆਪਣੇ ਵਿਚਾਰ ਪ੍ਰਗਟ ਕੀਤੇ। ਦੇਸ਼ ਭਗਤ ਯਾਦਗਾਰ ਕਮੇਟੀ ਦੀ ਇੱਕ ਨਿਰੰਤਰਤਾ ਅਤੇ ਭਖ਼ਦੇ ਮਸਲਿਆਂ ਨਾਲ ਸਰੋਕਾਰ ਵਾਲੀ ਪਹੁੰਚ ਨੇ ਇਸਨੂੰ ਸਮੇਂ-ਸਮੇਂ ਤਾਜ਼ਗੀ ਪ੍ਰਦਾਨ ਕੀਤੀ।

**ਗ਼ਦਰੀ ਝੰਡੇ ਦੀ ਸ਼ਾਨ:** ਮਿਸਾਲ ਵਜੋਂ ਖ਼ਾਲਿਸਤਾਨੀ ਅਤੇ ਹਕੂਮਤੀ ਦਹਿਸ਼ਤਗਰਦੀ ਦੇ ਡੇਢ ਦਹਾਕੇ ਦੇ ਅਰਸੇ ਅੰਦਰ ਅਕਸਰ ਹੀ ਜਦੋਂ ਬਾਬਾ ਭਗਤ ਸਿੰਘ ਬਿਲਗਾ, ਦੇਸ਼ ਭਗਤ ਯਾਦਗਾਰ ਹਾਲ ਅੰਦਰ ਦਿਨ ਰਾਤ ਰਹੇ ਉਨ੍ਹਾਂ ਨੇ ਸਰਕਾਰੀ ਸੁਰੱਖਿਆ ਨਾ ਲਈ। ਉਹ ਅਜੇਹੇ ਸਮਾਗਮਾਂ ਉਪਰ ਨਿਧੜਕ ਹੋ ਕੇ ਬੋਲ ਕੇ ਆਉਂਦੇ ਜਿੱਥੇ ਕਿਤੇ ਖ਼ਾਲਿਸਤਾਨੀਆਂ ਹੱਥੋਂ ਬੇਗੁਨਾਹ, ਨਿਹੱਥੇ ਲੋਕ ਮਾਰੇ ਜਾਂਦੇ, ਜਿੱਥੇ ਲੋਕਾਂ ਦੀ ਰਾਖੀ ਲਈ ਅਤੇ ਫਿਰਕੂਪੁਣੇ ਖਿਲਾਫ਼ ਆਵਾਜ਼ ਉਠਾਉਂਦੇ ਹੋਏ ਲੋਕ-ਹਿੱਤਾਂ ਦੇ ਪਹਿਰੇਦਾਰ ਰਾਜਨੀਤਕ ਆਗੂ ਵਰਕਰ, ਬੁੱਧੀਜੀਵੀ, ਸਾਹਿਤਕਾਰ ਉਨ੍ਹਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣਦੇ ਰਹੇ।

ਉਹ ਦੇਸ਼-ਬਦੇਸ਼ ਕਿਤੇ ਵੀ ਗਏ, ਦੇਸ਼ ਭਗਤ ਯਾਦਗਾਰ ਹਾਲ ਨਾਲ ਉਨ੍ਹਾਂ ਦਾ ਜੁੜਿਆ ਰਿਸ਼ਤਾ ਉਨ੍ਹਾਂ ਦੇ ਅਮਲਾਂ ਅਤੇ ਬੋਲਾਂ 'ਚ ਸਾਫ ਪੜ੍ਹਿਆ ਜਾਂਦਾ ਰਿਹਾ। ਬਾਬਾ ਬਿਲਗਾ ਅਤੇ ਕਾਮਰੇਡ ਗੰਧਰਵ ਸੈਨ ਦੀ ਜੋੜੀ ਦੇ ਭਰਵੇਂ ਰੋਲ ਨੇ ਦੇਸ਼ ਭਗਤ ਯਾਦਗਾਰ ਹਾਲ ਨੂੰ ਅਜੇਹੇ ਮੁਕਾਮ ਤੇ ਪਹੁੰਚਾ ਦਿੱਤਾ ਕਿ ਇਸ ਨਾਲ ਗ਼ਦਰ ਲਹਿਰ, ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਜਲ੍ਹਿਆਂਵਾਲਾ ਬਾਗ, ਕਾਮਾਗਾਟਾਮਾਰੂ ਸਾਕਾ, ਕਾਲੇ ਪਾਣੀਆਂ ਦੀ ਗਾਥਾ, ਸ਼ਹੀਦ ਭਗਤ ਸਿੰਘ ਅਤੇ ਸੰਗੀ ਸਾਥੀ, ਕਾਕੋਰੀ ਕਾਂਡ ਅਤੇ ਮੇਰਠ ਸਾਜਿਸ਼ ਕੇਸ, ਸਿੰਘਪੁਰ ਬਗਾਵਤ, ਸ਼ਹੀਦੀ ਖੂਹ ਅਜਨਾਲਾ ਸਾਕਾ ਆਦਿ ਦੇ ਅਨੇਕਾਂ ਇਤਿਹਾਸਕ ਅਧਿਆਇ, ਦੇਸ਼ ਭਗਤ ਯਾਦਗਾਰ ਹਾਲ ਦੀ ਸਜਿੰਦ ਰੂਹ ਬਣ ਚੁੱਕੇ ਹਨ। ਇਹਨਾਂ ਵੱਖ-ਵੱਖ ਦੌਰਾਂ ਦੀ ਤਵਾਰੀਖ ਮੁੜ ਸੁਰਜੀਤ ਹੋਈ ਹੈ। ਅਜੋਕੀ ਪੀੜ੍ਹੀ ਤੱਕ ਇਸਦੀ ਤੰਦ ਜੁੜ ਗਈ ਹੈ।

ਬਰਤਾਨਵੀ ਸਾਮਰਾਜ ਅਤੇ ਉਸਦੇ ਸਿੱਧੇ/ਅਸਿੱਧੇ ਸੇਵਾਦਾਰ ਅਤੇ 1947 ਤੋਂ ਪਿੱਛੋਂ ਵੀ ਰੰਗ-ਬਰੰਗੇ ਹੁਕਮਰਾਨ ਜਿਵੇਂ ਗਿਣੀ ਮਿਥੀ ਯੋਜਨਾ ਤਹਿਤ ਲੋਕ-ਲਹਿਰਾਂ ਦੇ ਸੰਗਰਾਮੀ ਇਤਿਹਾਸ ਨੂੰ ਦਬਾਉਣ ਲਈ ਹਰ ਹਰਬਾ ਵਰਤਦੇ ਆਏ ਹਨ। ਬਾਬਾ ਭਗਤ ਸਿੰਘ ਬਿਲਗਾ ਦੇ ਹਿੱਸੇ ਇਹ ਸਿਹਰਾ ਆਉਂਦਾ ਹੈ ਕਿ ਉਨ੍ਹਾਂ ਦੀ ਸਰਪ੍ਰਸਤੀ ਹੇਠ ਦੇਸ਼ ਭਗਤ ਯਾਦਗਾਰ ਹਾਲ ਅਤੇ ਇਸਦੀ ਸੰਚਾਲਕ ਦੇਸ਼ ਭਗਤ ਯਾਦਗਾਰ ਕਮੇਟੀ ਨੇ ਇਸ ਅਣਗੌਲੇ, ਅਣਛੋਹੇ ਅਤੇ ਜਾਣ ਬੁੱਝ ਕੇ ਦਬਾਏ ਜਾ ਰਹੇ ਭਵਿੱਖਮੁਖੀ ਇਤਿਹਾਸ ਨੂੰ ਅਨੇਕਾਂ ਢੰਗਾਂ ਰਾਹੀਂ ਲੋਕਾਂ ਅੱਗੇ ਲਿਆਂਦਾ ਹੈ। ਇਸ ਵਿੱਚ ਕਾਮਰੇਡ ਗੰਧਰਵ ਸੈਨ ਕੋਛੜ ਦੀ ਵਿਸ਼ੇਸ਼ ਭੂਮਿਕਾ ਹੈ ਬਾਬਾ ਭਗਤ ਸਿੰਘ ਬਿਲਗਾ ਅਤੇ ਉਨ੍ਹਾਂ ਮਿਲਕੇ ਅਸੂਲਾਂ ਅਤੇ ਕਮੇਟੀ ਦੀ ਮਾਰਗ ਮੇਲ ਤੇ ਡਟ ਕੇ ਖੜ੍ਹਦੇ ਰਹਿਣਾ ਦੇਸ਼ ਭਗਤ ਯਾਦਗਾਰ ਹਾਲ ਨੂੰ ਇਸ ਸਨਮਾਨਯੋਗ ਮੁਕਾਮ ਤੇ ਲੈ ਆਇਆ।

**ਨੌਜਵਾਨ ਬਾਬੇ ਦਾ ਨੌਜਵਾਨਾਂ ਨੂੰ ਸੁਨੇਹਾ:** ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਲਈ ਸੇਵਾ ਕਾਲ ਸਮੇਂ ਬਾਬਾ ਭਗਤ ਸਿੰਘ ਬਿਲਗਾ ਨੇ ਬੀਤੇ ਇਤਿਹਾਸ ਦੀਆਂ ਪੈੜਾਂ ਸਾਂਭਣ ਲਈ ਵਿਸ਼ੇਸ਼ ਉੱਦਮ ਕੀਤਾ। ਇਸ ਅਰਸੇ ਦੌਰਾਨ ਹੀ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ', 'ਮੇਰਾ ਵਤਨ', 'ਜੀਵਨੀ: ਬਾਬਾ ਗੁਰਮੁਖ ਸਿੰਘ', 'ਮੇਰੀ ਸੋਚ ਮੇਰੀ ਸਮਝ' ਨਾਮੀ ਚਾਰ ਕਿਤਾਬਾਂ ਲਿਖੀਆਂ। ਇਨ੍ਹਾਂ ਤੋਂ ਇਲਾਵਾ ਸਮੇਂ-ਸਮੇਂ ਅਖ਼ਬਾਰਾਂ, ਰਸਾਲਿਆਂ 'ਚ ਲੇਖ ਲਿਖਦੇ ਰਹੇ। ਇਸ ਅਰਸੇ 'ਚ ਹੀ ਗ਼ਦਰੀ ਬਾਬਿਆਂ ਦੇ ਮੇਲੇ ਦੇ ਸੋਵੀਨਰ 'ਚ ਉਨ੍ਹਾਂ ਦੇ ਅਮੁੱਲੇ ਸੰਦੇਸ਼ ਛਪਦੇ ਰਹੇ। ਹਰ ਵਾਰ ਉਹ ਮੇਲੇ ਮੌਕੇ ਪਹਿਲੀ ਨਵੰਬਰ ਸਮਾਗਮ 'ਚ ਦੇਸ਼ ਭਗਤ ਯਾਦਗਾਰ ਹਾਲ ਦੇ ਪ੍ਰਧਾਨ ਵਜੋਂ ਬੁਲਾਰੇ ਹੋਇਆ ਕਰਦੇ। ਉਨ੍ਹਾਂ ਦੀਆਂ ਤਕਰੀਰਾਂ ਨੂੰ ਹਰ ਕੋਈ ਧਿਆਨ ਨਾਲ ਸੁਣਦਾ। ਤਕਰੀਰਾਂ 'ਚ ਇਤਿਹਾਸ, ਰਾਜਨੀਤੀ, ਸਮਾਜਕ ਮਸਲੇ ਅਤੇ ਸਾਹਿਤ ਦਾ ਸੁਮੇਲ ਹੁੰਦਾ। ਤਕਰੀਰਾਂ 'ਚ ਸਮਾਜਕ ਤਬਦੀਲੀ ਦਾ ਸੁਨੇਹਾ ਹੁੰਦਾ।

ਆਪਣੇ ਕਾਫ਼ਲੇ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਬੀਤੇ ਵਰ੍ਹੇ ਗ਼ਦਰੀ ਬਾਬਿਆਂ ਦੇ ਮੇਲੇ 'ਚ ਬਾਬਾ ਭਗਤ ਸਿੰਘ ਬਿਲਗਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਸੀ: "ਉੱਠ ਨੌਜਵਾਨਾ! ਤੂੰ ਬਦਲ ਦੇ ਜ਼ਮਾਨਾ"

ਇਨ੍ਹਾਂ ਬੋਲਾਂ ਉੱਪਰ ਬਾਰ-ਬਾਰ ਜ਼ੋਰ ਦਿੰਦਿਆਂ ਉਨ੍ਹਾਂ ਅੱਗੇ ਕਿਹਾ ਕਿ, "ਅਸੀਂ ਜਿਸ ਆਜ਼ਾਦੀ ਦੇ ਸੁਪਨੇ ਆਪਣੀਆਂ ਅੱਖਾਂ 'ਚ ਲੈ ਕੇ ਤੁਰੇ ਸੀ ਉਹ ਪੂਰੇ ਨਹੀਂ ਹੋਏ। ਇਹ ਆਜ਼ਾਦੀ, ਸਾਡੇ ਸੁਪਨਿਆਂ ਦੀ ਆਜ਼ਾਦੀ ਨਹੀਂ। ਸਾਡੇ ਦੇਸ਼ ਦਾ ਕਿਰਤੀ ਕਿਸਾਨ ਹੱਡ ਭੰਨਵੀਂ ਮਿਹਨਤ ਕਰਕੇ ਵੀ ਭੁੱਖਾ ਮਰ ਰਿਹੈ। ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀਆਂ ਕਰ ਰਿਹੈ ਮੇਰੇ ਨੌਜਵਾਨ ਧੀਆਂ/ਪੁੱਤਰਾਂ ਨੂੰ ਨਸ਼ਿਆਂ ਨੇ ਖਾ ਲਿਐ। ਇੱਥੇ ਅਮੀਰ ਹੋਰ ਅਮੀਰ ਅਤੇ ਗ਼ਰੀਬ ਹੋਰ ਗ਼ਰੀਬ ਹੋ ਰਿਹੈ। ਤੁਹਾਨੂੰ ਆਪਣੀ ਤਕਦੀਰ ਬਦਲਣ ਲਈ ਆਪ ਅੱਗੇ ਆਉਣਾ ਪੈਣਾ ਹੈ। ਬੇਗਾਨਿਆਂ ਤੇ ਝਾਕ ਛੱਡ ਦਿਓ। ਮੈਂ ਬੁੱਧੀਜੀਵੀਆਂ ਨੂੰ ਖਾਸ ਕਰਕੇ ਅਪੀਲ ਕਰਦਾ ਕਿ ਉਹ ਲੋਕਾਂ ਨੂੰ ਭੰਬਲਭੂਸੇ 'ਚੋਂ ਕੱਢਣ ਲਈ ਆਪਣਾ ਯੋਗਦਾਨ ਪਾਉਣ। ਉਹ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਗੇ ਆਉਣਾ ਆਹ ਦੇਸ਼ ਭਗਤ ਹਾਲ, ਇਹਦੀ ਲਾਇਬਰੇਰੀ, ਮਿਊਜ਼ੀਅਮ ਸਭ ਤੁਹਾਡੇ ਹਵਾਲੇ ਹੈ। ਪੜ੍ਹੋ ਅਮਲ ਕਰੋ, ਅੱਗੇ ਵਧੋ! ਇਸ ਮੁਲਕ ਨੂੰ ਤਰੱਕੀ ਅਤੇ ਖੁਸ਼ਹਾਲੀ ਵੱਲ ਲੈ ਜਾਓ।"

**ਸਦਾ ਸਫ਼ਰ 'ਤੇ ਰਿਹਾ ਬਾਬਾ:** ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨਵੇਂ ਮੁਕਾਮ ਤੇ

ਪੁੱਜਾ ਗ਼ਦਰੀ ਬਾਬਿਆਂ ਦਾ ਮੇਲਾ, ਵਿਦਿਆਰਥੀ ਚੇਤਨਾ ਕੈਂਪ, ਲਾਇਬਰੇਰੀ ਨੂੰ ਨਵਿਆਉਣ, ਨਿਰੰਤਰਤਾ ਲਿਆਉਣ, ਗ਼ਦਰ ਪਾਰਟੀ ਦਾ ਸਥਾਪਨਾ ਦਿਵਸ ਭਾਈ ਸੰਤੋਖ ਸਿੰਘ ਲੈਕਚਰ ਲੜੀ ਸ਼ੁਰੂ ਕਰਨ ਅਤੇ ਗ਼ਦਰ ਪਾਰਟੀ ਦੇ ਵਿਰਸੇ ਦੀ ਖੋਜ-ਪੜਤਾਲ ਵੱਲ ਉਚੇਚਾ ਧਿਆਨ ਦੇਣ, ਸਮੇਂ-ਸਮੇਂ 'ਵਿਰਸਾ', 'ਹੈਰੀਟੇਜ਼' ਕਰਮਵਾਰ ਪੰਜਾਬੀ ਅੰਗਰੇਜ਼ੀ ਮੈਗਜ਼ੀਨ ਜਾਰੀ ਕਰਨ, ਗੱਲ ਕੀ ਦੇਸ਼ ਭਗਤ ਯਾਦਗਾਰ ਹਾਲ ਦੀ ਭੂਮਿਕਾ ਚਿੰਤਨ ਅਤੇ ਚੇਤਨਾ ਦੇ ਪਾਸਾਰੇ ਵੱਲ ਮੋੜਨ ਲਈ ਜਿੱਥੇ ਉਚੇਚੇ ਤੌਰ 'ਤੇ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੰਧਰਵ ਸੈਨ ਕੋਛੜ ਦਾ ਸੱਚਮੁੱਚ ਅਗਵਾਨੂੰ ਰੋਲ ਹੈ ਤਾਂ ਇਹ ਕਹਿਣਾ ਵੀ ਕੋਈ ਅੱਤਕਥਨੀ ਨਹੀਂ ਕਿ ਹੋਰਾਂ ਨਾਲ ਬਾਬਾ ਭਗਤ ਸਿੰਘ ਬਿਲਗਾ ਕਦਮ ਮਿਲਾ ਕੇ ਚੱਲਦੇ ਰਹੇ। ਜਦੋਂ ਫਿਰ ਇਹ ਦੋਵੇਂ ਬਜ਼ੁਰਗ ਮਨ ਬਣਾ ਲੈਂਦੇ ਤਾਂ ਸਾਰੀ ਕਮੇਟੀ ਉਨ੍ਹਾਂ ਨਾਲ ਮੋਢਾ ਲਾਉਂਦੀ। ਇਉਂ ਦਹਾਕਿਆਂ ਬੱਧੀ ਦੇਸ਼ ਭਗਤ ਯਾਦਗਾਰ ਹਾਲ ਨੂੰ ਇਹ ਬਜ਼ੁਰਗ ਜਿੱਥੇ ਵਿਰਸੇ ਨਾਲ ਜੋੜਨ ਲਈ ਸਫ਼ਲ ਰਹੇ ਉਥੇ ਵਿਰਸੇ ਦੀ ਪ੍ਰਸੰਗਕਤਾ ਉਭਾਰਨ 'ਚ ਵੀ ਅਹਿਮ ਭੂਮਿਕਾ ਨਿਭਾਉਂਦੇ ਰਹੇ। ਕਾਮਰੇਡ ਨੌਨਿਹਾਲ ਸਿੰਘ ਦਾ ਇਸ ਜੋੜੀ ਨਾਲ ਮਿਲ ਕੇ ਚੱਲਣਾ ਯਾਦਗਾਰ ਹਾਲ ਅਤੇ ਗ਼ਦਰ ਇਤਿਹਾਸ ਨੂੰ ਨਵੇਂ ਮੁਕਾਮ 'ਤੇ ਪਹੁੰਚਾਉਣ 'ਚ ਅਹਿਮ ਭੂਮਿਕਾ ਦਾ ਪ੍ਰਤੀਕ ਹੈ।

ਬਾਬਾ ਭਗਤ ਸਿੰਘ ਬਿਲਗਾ ਦੇ ਪ੍ਰਧਾਨਗੀ ਕਾਲ 'ਚ ਅਜੇਹੇ ਸਮੇਂ ਵੀ ਆਏ ਜਦੋਂ 'ਆਜ਼ਾਦੀ' ਦੇ ਛੇ ਦਹਾਕੇ ਬੀਤ ਜਾਣ ਮਗਰੋਂ ਵੀ ਕਾਮਾਗਾਟਾ ਮਾਰੂ ਜਹਾਜ਼ ਦੇ ਸੰਗਰਾਮੀਆਂ, ਕੂਕਾ ਲਹਿਰ ਦੇ ਦੇਸ਼ ਭਗਤਾਂ ਨੂੰ ਸ਼ਹੀਦੀ ਰੁਤਬੇ ਦਿਵਾਉਣ ਲਈ ਵੀ ਸੰਘਰਸ਼ ਕਰਨਾ ਪਿਆ। ਅਖੀਰ ਜਿੱਤ ਹਾਸਲ ਕੀਤੀ।

ਜਲ੍ਹਿਆਂਵਾਲਾ ਬਾਗ਼ ਦੀ ਮਹਾਨ ਕੌਮੀ ਯਾਦਗਾਰ ਨੂੰ ਸੈਰਗਾਹ 'ਚ ਤਬਦੀਲ ਕਰਨ ਦੇ ਯਤਨਾ ਖਿਲਾਫ਼ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸ਼ਾਨਾਮੱਤਾ ਸੰਘਰਸ਼ ਲੜਿਆ। ਬਾਬਾ ਭਗਤ ਸਿੰਘ ਬਿਲਗਾ ਨੇ ਬ੍ਰਿਧ ਅਵਸਥਾ ਅਤੇ ਬਿਮਾਰੀ ਦੀ ਹਾਲਤ 'ਚ ਵੀਲ ਚੇਅਰ 'ਤੇ ਹੀ ਅੰਮ੍ਰਿਤਸਰ ਸ਼ਹਿਰ ਦੇ ਮੁੱਖ ਬਾਜ਼ਾਰਾਂ 'ਚ ਮੁਜਾਹਰੇ ਦੀ ਅਗਵਾਈ ਕੀਤੀ। ਉਨ੍ਹਾਂ ਵੱਲੋਂ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ। ਸਰਕਾਰ ਦੇ ਪ੍ਰਤੀਨਿਧਾਂ ਨੇ ਜਲ੍ਹਿਆਂਵਾਲਾ ਬਾਗ ਨੂੰ ਕੌਮੀ ਯਾਦਗਾਰ ਵਜੋਂ ਹੀ ਸੰਭਾਲਣ ਦਾ ਵਿਸ਼ਵਾਸ ਦੁਆਇਆ। ਇਸ ਤੇ ਅੱਗੇ ਚੱਲ ਕੇ ਵੀ ਕਮੇਟੀ ਨੇ ਸੰਘਰਸ਼ ਕੀਤਾ ਜੋ ਅਜੇ ਵੀ ਜਾਰੀ ਹੈ।

ਬਾਬਾ ਭਗਤ ਸਿੰਘ ਬਿਲਗਾ ਦੇ ਇਸ ਸੰਸਾਰ ਤੋਂ ਤੁਰ ਜਾਣ ਕਰਕੇ ਅਤੇ ਕਾਮਰੇਡ ਗੰਧਰਵ ਸੈਨ ਕੋਛੜ ਹੋਰਾਂ ਦੀ ਸਿਹਤ ਦੀ ਸਮੱਸਿਆ ਕਰਕੇ ਇਸ ਬਜ਼ੁਰਗ ਜੋੜੀ ਦੀ ਸਦਾ ਘਾਟ ਰੜਕਦੀ ਹੈ। ਇਨ੍ਹਾਂ ਦੁਆਲੇ ਦਫ਼ਤਰ ਸਮੇਂ ਤੋਂ ਮਗਰੋਂ ਵੀ ਦੇਸ਼ ਭਗਤ ਯਾਦਗਾਰ ਹਾਲ 'ਚ ਨੌਜਵਾਨਾਂ ਅਤੇ ਆਉਣ-ਜਾਣ ਵਾਲਿਆਂ ਦੀ ਮਹਿਫ਼ਲ ਜੁੜੀ ਰਹਿੰਦੀ। ਕਾਮਰੇਡ ਗੰਧਰਵ ਸੈਨ ਕੋਛੜ ਹੋਰਾਂ ਪਾਸ ਨੂਰਮਹਿਲ ਅਧਿਐਨ ਕੇਂਦਰ 'ਚ ਵਿਚਾਰ-ਚਰਚਾ ਹੁੰਦੀ ਰਹਿੰਦੀ ਹੈ। ਸਮੇਂ-ਸਮੇਂ ਉਹ ਦੇਸ਼ ਭਗਤ ਯਾਦਗਾਰ ਹਾਲ ਵੀ ਆਉਂਦੇ ਰਹਿੰਦੇ ਹਨ।

ਬਾਬਾ ਭਗਤ ਸਿੰਘ ਬਿਲਗਾ, ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਰਗਰਮੀਆਂ 'ਚ ਜਿਉਂਦੇ ਜਾਗਦੇ ਹਨ। ਗ਼ਦਰੀ ਮੇਲਿਆਂ ਅਤੇ ਹੋਰ ਸਮਾਗਮ ਮੌਕੇ ਦਿੱਤੀਆਂ ਤਕਰੀਰਾਂ ਕੈਸਿਟਾਂ 'ਚ ਅੱਜ ਵੀ ਗੂੰਜਦੀਆਂ ਹਨ। ਉਨ੍ਹਾਂ ਦੀ ਸਖ਼ਤ ਮਿਹਨਤ ਨਾਲ ਉਸਰੇ ਦੇਸ਼ ਭਗਤ ਯਾਦਗਾਰ

ਹਾਲ 'ਚ ਹਰ ਰੋਜ਼ ਲੋਕ ਹੱਕਾਂ ਲਈ ਜੂਝਣ ਵਾਲਿਆਂ ਦੇ ਕਾਫ਼ਲੇ ਜੁੜਦੇ ਰਹਿੰਦੇ ਹਨ। ਜਿੱਧਰ ਦੇਖੋ ਵੱਖ-ਵੱਖ ਕਾਰਨਰਾਂ 'ਚ ਦਰੱਖ਼ਤਾਂ ਥੱਲੇ, ਘਾਹ ਪਾਰਕ, ਬਰਾਂਡਿਆਂ 'ਚ ਵੱਖ-ਵੱਖ ਜਥੇਬੰਦੀਆਂ ਦੀਆ ਮੀਟਿੰਗਾਂ ਹੋ ਰਹੀਆਂ ਹੁੰਦੀਆਂ ਹਨ। ਸ਼ਹਿਰ 'ਚ ਵਿਖਾਵੇ ਕਰਨ ਜਾਣ ਤੋਂ ਪਹਿਲਾਂ ਹਾਲ 'ਚ ਜੁੜਦੇ ਕਾਫ਼ਲਿਆਂ ਦੇ ਨਾਅਰਿਆਂ ਦੀ ਆਵਾਜ਼ ਹਰ ਰੋਜ਼ ਗੂੰਜ ਰਹੀ ਹੁੰਦੀ ਹੈ।

ਪੰਜਾਬ ਦੀ ਰਾਜਧਾਨੀ ਭਾਵੇਂ ਚੰਡੀਗੜ੍ਹ ਹੈ ਪਰ ਸੰਘਰਸ਼ਸ਼ੀਲ ਲੋਕਾਂ ਦੀ ਰਾਜਧਾਨੀ ਉਨ੍ਹਾਂ ਦਾ ਮੱਕਾ ਦੇਸ਼ ਭਗਤ ਯਾਦਗਾਰ ਹਾਲ ਹੀ ਹੈ।

ਹਰ ਵਰ੍ਹੇ ਚਾਰ ਰੋਜ਼ਾ ਮੇਲਾ ਜੋ ਕਿ 1 ਨਵੰਬਰ ਨੂੰ ਸਾਰਾ ਦਿਨ, ਸਾਰੀ ਰਾਤ ਦੀਆਂ ਸਭਿਆਚਾਰਕ ਸਰਗਰਮੀਆਂ ਨਾਲ ਸਿਖ਼ਰਾਂ ਛੋਂਹਦਾ ਹੈ। ਉਸ ਮੇਲੇ 'ਚ ਸ਼ਾਮਲ ਹੋਣ ਲਈ ਬਦੇਸ਼ੀਂ ਵਸਦੇ ਪੰਜਾਬੀ ਅਤੇ ਹੋਰਨਾਂ ਸੂਬਿਆਂ ਦੇ ਲੋਕ ਉਤਸ਼ਾਹ ਨਾਲ ਆਉਂਦੇ ਹਨ। ਉਹ ਸਾਰੇ ਬਾਬਾ ਭਗਤ ਸਿੰਘ ਬਿਲਗਾ ਦੇ ਗੋਡੇ ਮੁੱਢ ਬੈਠ ਕੇ, ਇੱਕ ਸਦੀ ਲੰਮੇ ਇਤਿਹਾਸ ਦੀਆਂ ਪਰਤਾਂ ਫਰੋਲਦੇ ਰਹਿੰਦੇ। ਬੀ.ਬੀ.ਸੀ. ਵਸ਼ਿੰਗਟਨ ਤੱਕ ਵੱਖ-ਵੱਖ ਭਾਸ਼ਾਵਾਂ ਦੇ ਰੇਡੀਓ, ਟੀ.ਵੀ. ਚੈਨਲ, ਅਖ਼ਬਾਰਾਂ ਅਤੇ ਰਸਾਲੇ ਬਾਬਾ ਬਿਲਗਾ ਨਾਲ ਮੁਲਾਕਾਤਾਂ ਕਰਦੇ ਰਹਿੰਦੇ। ਸੰਸਾਰ ਦੇ ਸਿਰਫ ਦੋ ਜਾਂ ਤਿੰਨ ਮੁਲਕਾਂ ਨੂੰ ਛੱਡ ਕੇ ਲਗਭਗ ਪੂਰੀ ਦੁਨੀਆ ਗਾਹੁਣ ਵਾਲਾ ਬਾਬਾ ਭਾਵੇਂ ਜਿਸਮਾਨੀ ਤੌਰ ਤੇ ਇਸ ਦੁਨੀਆ 'ਚ ਨਹੀਂ ਰਿਹਾ ਪਰ ਉਸਦੀ ਘਾਲਣਾ, ਉਹਨਾਂ ਦੇ ਵਿਚਾਰ, ਉਹਨਾਂ ਦੇ ਆਦਰਸ਼ ਸਦਾ ਜਿਉਂਦੇ-ਜਾਗਦੇ ਰਹਿਣਗੇ। ਉਹ ਜੀਏ ਸ਼ਾਨ ਨਾਲ, ਉਹ ਮੋਏ ਸ਼ਾਨ ਨਾਲ। ਉਹ ਇਸ ਦੁਨੀਆ ਤੋਂ ਵਿਦਾ ਹੋਏ ਪੂਰੇ ਮਾਣ-ਸਨਮਾਨ ਨਾਲ।

**ਇਨਕਲਾਬੀ ਬਾਜ਼ੀਗਰਨੀ:** ਮੈਂ ਆਪਣਾ ਪਰਿਵਾਰਕ ਪਿੰਡ ਵਾਲਾ ਬਾਬਾ ਤਾਂ ਵੇਖਿਆ ਨਹੀਂ। ਮੇਰਾ ਉਹ ਵੀ ਇੱਕ ਬਾਬਾ ਸੀ। ਜਿਹੜਾ ਅਕਸਰ ਹੀ 'ਮੋਲਕਾ' ਕਹਿ ਕੇ ਆਵਾਜ਼ ਮਾਰਿਆ ਕਰਦਾ ਸੀ। 'ਓ ਮੋਲਕਾ'! ਤੂੰ ਹਰ ਵੇਲੇ ਬੈਗ ਚੁੱਕੀ ਰੱਖਦੈ। ਤੇਰਾ ਨਾ ਆਏ ਦਾ ਪਤਾ ਲਗਦੈ ਨਾ ਗਏ ਦਾ। ਤੂੰ ਲਿਖਦਾ ਕਦੋਂ ਐਂ ਇਹ ਨਹੀਂ ਪਤਾ ਲੱਗਦਾ। ਤੇਰਾ ਹਾਲ ਵੀ ਬਾਜ਼ੀਗਰਨੀਆਂ ਵਾਲਾ ਉਹ ਭਾਵੇਂ ਸਾਰਾ ਦਿਨ ਵੀਹ ਪਿੰਡ ਗਾਹੇ, ਆਥਣ ਨੂੰ ਆਪਣੇ ਡੇਰੇ ਤੇ ਘੁੰਮ ਘੁਮਾ ਕੇ ਆ ਜਾਂਦੀ ਐ।

ਤੇਰੇ ਆਗੂੰ ਹੁਣ ਘਰ ਬਾਰ ਛੱਡ ਕੇ ਗਿਣਤੀ ਦੇ ਹੀ ਤੁਰੇ ਆ। ਨਹੀਂ ਤਾਂ ਬਹੁਤੇ ਦੋਵੇਂ ਕੰਮ ਕਰੀ ਜਾਂਦੇ ਆ। ਆਪਣਾ ਘਰ ਬਾਰ ਵੀ ਚਲਾ ਰਹੇ ਆ ਤੇ ਇਨਕਲਾਬ ਨੂੰ ਵੀ ਹਾਕਾਂ ਮਾਰੀ ਜਾਂਦੇ ਐ। ਐਂ ਭਲਾ ਓ (ਭਾਵ ਇਨਕਲਾਬ) ਕਮਲਾ ਬਈ ਹਾਕਾਂ ਮਾਰਨ ਨਾਲ ਹੀ ਆਜੂ!

**ਮਾਂ ਦੀ ਯਾਦ:** ਦੇਸ਼ ਭਗਤ ਯਾਦਗਾਰ ਹਾਲ 'ਚ ਕਈ ਦਿਨਾਂ ਬਾਅਦ ਆਉਣ ਤੇ ਬਾਬਾ ਜੀ ਦਾ ਪਹਿਲਾ ਸੁਆਲ ਏਹੀ ਹੁੰਦਾ 'ਇਹ ਦੱਸ, ਮਾਂ ਨੂੰ ਮਿਲ ਆਇਆਂ? ਪਹਿਲਾਂ-ਪਹਿਲਾਂ ਤਾਂ ਮੈਂ ਯਕਦਮ ਕਹਿ ਦੇਣਾ 'ਨਹੀਂ' ਬਾਬਾ ਜੀ, ਪਿੰਡ ਤਾਂ ਜਾ ਨਹੀਂ ਹੋਇਆ।' ਉਨ੍ਹਾਂ ਵੀ ਸੁਣ ਲੈਣਾ, ਸਿਰਫ 'ਅੱਛਿਆ!' ਕਹਿ ਦੇਣਾ।

ਫੇਰ ਉਹ ਆਪਣੇ ਰਿਸ਼ਤੇ ਦੇ ਜ਼ੋਰ ਅਨੁਸਾਰ ਕਹਿਣ ਲੱਗੇ ਮਿਲ ਆਇਆ ਕਰ। ਮਾਂ ਦਾ ਦਿਲ ਬਹੁਤ ਤੜਫ਼ਦਾ ਹੁੰਦੈ। ਐਨੇ ਨਾਲ ਕੰਮ ਨੂੰ ਫ਼ਰਕ ਨੀ ਪੈਂਦਾ। ਮਾਂ ਦੀ ਕੁਰਬਾਨੀ ਬਹੁਤ ਐ।

ਤੈਨੂੰ ਹੀ ਪੜ੍ਹਾਇਆ ਸੀ। ਬੜੇ ਸੁਪਨੇ ਹੁੰਦੇ ਮਾਵਾਂ ਦੇ। 'ਜਦੋਂ ਮਾਂ ਨਾ ਰਹੀ ਫੇਰ ਤੈਨੂੰ ਪਤਾ ਲੱਗੂ।' ਮੇਰੇ ਦੱਸਣ ਤੇ ਕਿ ਮੈਂ ਆਪਣੀ ਮਾਂ ਨੂੰ ਹਰ ਪਲ ਯਾਦ ਰੱਖਦਾ ਹਾਂ। ਮੈਂ ਮਾਂ ਨੂੰ ਇਹ ਵੀ ਸਮਝਾ ਦਿੱਤਾ ਸੀ ਕਿ ਮੇਰੇ ਵੱਡੇ ਫਰਜ਼ ਕੀ ਨੇ? ਮਾਂ ਪਹਿਲਾਂ-ਪਹਿਲਾਂ ਵਰ੍ਹਿਆਂ ਬੱਧੀ ਰੋਂਦੀ ਰਹੀ ਪਰ ਫੇਰ ਜਦੋਂ ਉਸਨੂੰ ਸਮਝ ਆ ਗਈ ਉਹ ਆਖਰੀ ਸਾਹ ਤੱਕ ਸਾਥ ਦਿੰਦੀ ਰਹੀ।

ਬਾਬਾ ਜੀ ਦੇ ਕਹਿਣ ਦਾ ਗਹਿਰਾ ਅਰਥ ਅਤੇ ਅਹਿਸਾਸ ਮੈਨੂੰ ਉਦੋਂ ਹੋਇਆ ਜਦੋਂ ਮੈਂ ਇਹ ਪੜ੍ਹਿਆ ਕਿ ਅੰਡਰਗਰਾਊਂਡ ਜੀਵਨ ਵਿੱਚ ਬਾਬਾ ਜੀ ਆਪਣੇ ਪਿੰਡ ਘਰ ਦੇ ਕੋਲੋਂ ਦੀ ਲੰਘ ਗਏ ਪਰ ਸੁਰੱਖਿਆ ਦੇ ਕਾਰਨਾ ਅਤੇ ਜਥੇਬੰਦੀ ਦੇ ਅਸੂਲਾਂ ਦੀ ਪਾਲਣਾ ਕਰਦੇ ਹੋਏ ਕਿਸੇ ਕਿਸਮ ਦੇ ਖਤਰੇ ਜਾਂ ਨੁਕਸਾਨ ਨੂੰ ਧਿਆਨ 'ਚ ਰੱਖਦਿਆਂ ਉਹ ਆਪਣੀ ਮਾਂ ਨੂੰ ਨਾ ਮਿਲੇ।

ਮੈਨੂੰ ਹੁਣ ਡੂੰਘਾ ਅਹਿਸਾਸ ਹੈ ਕਿ ਬਾਬਾ ਜੀ ਦੀ ਮਾਂ ਦੀ ਉਡੀਕ, ਪੀੜ ਅਤੇ ਸੁਪਨੇ ਮੇਰੀ ਮਾਂ ਦੀ ਪੀੜ ਨਾਲ ਮਿਲਦੇ ਸਨ। ਅਸਲ 'ਚ ਉਹ ਮੇਰੇ 'ਤੇ ਜ਼ੋਰ ਦਿੰਦੇ ਹੋਏ ਆਪਣੇ ਦਿਲਾਂ ਦੇ ਵਰਕਿਆਂ ਨੂੰ ਵੀ ਯਾਦ ਕਰਿਆ ਕਰਦੇ ਸਨ।

**"ਤੁਹਾਡਾ ਖਿਆਲ ਐ ਮੈਨੂੰ ਦਿਸਦਾ ਨੀ?"**: 'ਇਤਿਹਾਸ ਦੇ ਸਫ਼ੇ 'ਤੇ' ਨਾਟਕ ਅਤੇ 'ਝੰਡੇ ਦੇ ਗੀਤ' ਦੀ ਖਿੱਚ ਉਪਰੰਤ ਵੱਡੀਆਂ ਪੁਲਾਂਘਾ ਭਰਦੇ ਗਏ ਮੇਲੇ ਨੇ ਵੱਡੀਆਂ ਸਟੇਜਾਂ ਨੂੰ ਜਨਮ ਦਿੱਤਾ। ਜਦੋਂ ਸਟੇਜ ਬਣਾਉਣੀ ਸੀ ਮੈਂ ਅਤੇ ਗੁਰਮੀਤ ਨੇ ਸੋਚਿਆ ਕਿ ਬਾਬਿਆਂ ਨੇ ਅਸਲ 'ਚ ਫੰਡ ਬਹੁਤ ਮੁਸ਼ਕਲ ਨਾਲ ਲੋਕਾਂ ਵਿਚੋਂ ਇਕੱਠੇ ਕੀਤੇ ਨੇ, ਜਦੋਂ ਖਰਚੇ ਦੀ ਗੱਲ ਆਉਂਦੀ ਹੈ ਤਾਂ ਬਾਬਿਆਂ ਵੱਲੋਂ ਹੱਥ ਘੁੱਟਣਾ ਸਮਝ ਆਉਂਦਾ ਹੈ ਫੇਰ ਵੀ ਆਪਾਂ ਬਾਬਾ ਜੀ ਨੂੰ ਪੁੱਛੇ ਬਗੈਰ ਤਾਂ ਇਹ ਕੰਮ ਕਰ ਨਹੀਂ ਸਕਦੇ।

ਅਸੀਂ ਜਿਉਂ ਹੀ ਸਟੇਜ ਬਾਰੇ ਬਾਬਾ ਜੀ ਨੂੰ ਪੁੱਛਿਆ ਉਨ੍ਹਾਂ ਤੱਟ ਫੱਟ ਜਵਾਬ ਦਿੱਤਾ, "ਲੈ ਮੈਨੂੰ ਦਿਸੇ ਨਾ, ਨਾ ਮੈਨੂੰ ਸੁਣੇ, ਮੇਰੀ ਕਾਹਦੀ ਸਲਾਹ! ਅਸੀਂ ਸਸੋਪੰਜ ਵਿਚ ਪੈ ਗਏ ਕਿ ਬਾਬਾ ਜੀ ਸ਼ਾਇਦ ਖਰਚੇ ਕਰਕੇ ਹੀ ਸਾਡੀ ਗੱਲ ਆਈ ਗਈ ਕਰਦੇ ਨੇ ਪਰ ਅਸੀਂ ਉਨ੍ਹਾਂ ਦੀ ਗੱਲ ਸੁਣ ਕੇ ਸੋਚਾਂ ਵਿਚ ਪੈ ਗਏ।

ਕੁਝ ਦਿਨ ਬਾਅਦ ਬਾਬਾ ਜੀ ਨੇ ਸਾਨੂੰ ਦੋਨਾਂ ਨੂੰ ਪੁੱਛਿਆ, ਨਾ ਹੁਣ ਤੁਸੀਂ ਹਾਲ 'ਚ ਕੀ ਕਰਾਉਣ ਲੱਗ ਗਏ? ਅਸੀਂ ਕਿਹਾ ਦੱਸੋ ਬਾਬਾ ਜੀ ਕੀ ਗੱਲ ਹੋਈ? ਬਾਬਾ ਜੀ ਕਹਿੰਦੇ ਐਥੇ ਘੁੰਗਰੂ ਪਾ ਕੇ ਕੁੜੀਆਂ ਨੱਚਦੀਆਂ ਸੀ। ਅਸੀਂ ਦੱਸਿਆ ਕਿ ਬਾਬਾ ਜੀ ਉਹ ਤਾਂ ਨਾਟਕ ਦੀ ਰੀਹਰਸਲ ਕਰਦੀਆਂ ਨੇ। ਉਹਨਾਂ ਦੇ ਰੋਲ ਦਾ ਹਿੱਸਾ ਹੈ। ਅਸੀਂ ਬਹੁਤ ਸਮਝਾਇਆ। ਬਾਬਾ ਜੀ ਕਹਿਣ ਲੱਗੇ, "ਨਾ ਥੋਡਾ ਕੀ ਖਿਆਲ ਐ ਬਈ ਮੈਨੂੰ ਦਿਸਦਾ ਨੀ"? ਮੇਰੀਆਂ ਅੱਖਾਂ ਅਤੇ ਕੰਨ ਅਜੇ ਬੱਚੂ ਕੰਮ ਕਰਦੇ ਨੇ। ਅਸੀਂ ਫੇਰ ਸੋਚਣ ਲੱਗੇ ਕਿ ਜਦੋਂ ਸਟੇਜ ਬਣਨ ਤੇ ਖਰਚਾ ਹੋਣਾ ਸੀ ਉਦੋਂ ਤਾਂ ਬਾਬਾ ਜੀ ਕਹਿੰਦੇ ਸੀ ਮੈਨੂੰ ਨਾ ਦਿਸਦਾ ਨਾ ਸੁਣਦੈ ਪਰ ਹੁਣ ਬਾਬਾ ਜੀ ਨੂੰ ਦਿਸਦਾ ਵੀ ਐ ਤੇ ਸੁਣਦਾ ਵੀ ਐ!

**ਯਾਦਗਾਰ ਹਾਲ ਦੇ ਥੰਮ੍ਹ**: ਦੇਸ਼ ਭਗਤ ਯਾਦਗਾਰ ਹਾਲ ਦੇ ਕੰਕਰੀਟ, ਸੀਮੈਂਟ, ਸਰੀਏ ਦੇ ਬਣੇ ਅਤੇ ਕਾਰੀਗਰਾਂ ਦੇ ਹੱਥਾਂ ਦੇ ਬਣਾਏ ਥੰਮ੍ਹ ਤਾਂ ਆਮ ਆਉਣ ਵਾਲਿਆਂ ਦੀ ਵੀ ਨਜ਼ਰ ਪੈਂਦੇ ਹਨ। ਮੈਂ ਬੀਤੇ 23 ਵਰ੍ਹੇ ਤੋਂ ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਰਗਰਮੀਆ ਦੀ ਨਿਰੰਤਰਤਾ ਲਈ ਬਾਬਾ ਭਗਤ ਸਿੰਘ ਬਿਲਗਾ ਅਤੇ ਕਾਮਰੇਡ ਗੰਧਰਵ ਸੈਨ ਕੋਛੜ ਦੀ ਅਟੁੱਟ ਜੋੜੀ ਅਤੇ

ਉਨ੍ਹਾਂ ਨਾਲ ਮੋਢਾ ਲਾਉਂਦੇ ਆਏ ਕਾਮਰੇਡ ਨੌਨਿਹਾਲ ਸਿੰਘ ਦੀ ਅਮਿਟ ਦੇਣ ਨੂੰ ਸਲਾਮ ਕਰਦਾ ਹਾਂ। ਬਾਬਾ ਬਿਲਗਾ ਅਤੇ ਕਾਮਰੇਡ ਗੰਧਰਵ ਸੈਨ ਦੀ ਮੁੱਖ ਅਹੁਦਿਆਂ ਉਪਰ ਜ਼ਿੰਮੇਵਾਰੀ ਅਤੇ ਭੂਮਿਕਾ ਦਾ ਆਪਣਾ ਵਿਲੱਖਣ ਸਥਾਨ ਹੈ। ਬਾਬਾ ਜੀ ਦਾ ਵਿਛੋੜਾ, ਕਾਮਰੇਡ ਗੰਧਰਵ ਸੈਨ ਦੀ ਸਿਹਤ ਦੀਆਂ ਸਮੱਸਿਆਵਾਂ ਕਾਰਨ ਪੈਦਾ ਹੋਈ ਸਥਿਤੀ ਬਾਰ-ਬਾਰ ਯਾਦ ਕਰਾਉਂਦੀ ਹੈ ਕਿ ਇਹ ਦੋਵੇਂ ਸਖਸ਼ੀਅਤਾਂ ਕਾਮਰੇਡ ਨੌਨਿਹਾਲ ਸਿੰਘ ਨਾਲ ਮੁੱਢਲੇ ਸਲਾਹ ਮਸ਼ਵਰੇ ਕਰਕੇ ਜਿਵੇਂ ਕਮੇਟੀ ਦੀ ਕਾਰਜ ਸ਼ੈਲੀ ਨੂੰ, ਦੇਸ਼ ਭਗਤ ਯਾਦਗਾਰ ਹਾਲ ਦੀ ਆਧਾਰਸ਼ਿਲਾ, ਸੇਧ ਅਤੇ ਰੂਹ ਮੁਤਾਬਕ ਚਲਾਉਂਦੀ ਆਈ, ਉਸ ਸਦਕਾ ਹੀ ਦੇਸ਼ ਭਗਤ ਯਾਦਗਾਰ ਹਾਲ, ਮੇਲਾ ਗ਼ਦਰੀ ਬਾਬਿਆਂ ਦਾ, ਹੋਰ ਸਰਗਰਮੀਆਂ ਖਾਸ ਕਰਕੇ ਚੇਤਨਾ ਅਤੇ ਚਿੰਤਨ ਦਾ ਕਾਰਜ ਹੱਥ ਲਿਆ ਗਿਆ ਹੈ। ਦੇਸ਼ ਭਗਤ ਯਾਦਗਾਰ ਹਾਲ ਵਰਗੇ ਪਰਿਵਾਰ ਲਈ ਅਜੇਹੀਆਂ ਸਖ਼ਸ਼ੀਅਤਾਂ ਦੀ ਭੂਮਿਕਾ ਲਾ-ਜਵਾਬ ਹੈ। ਯਾਦਗਾਰ ਹਾਲ ਦੇ ਸਬੱਬ ਨਾਲ, ਮੇਲੇ ਦੀ ਸਰਗਰਮੀ ਨਾਲ, ਸੁੱਤੇ ਪਏ ਇਤਿਹਾਸ ਦੇ ਸਫ਼ੇ ਜਾਗੇ ਹਨ। ਉਨ੍ਹਾਂ ਨੇ ਲੋਕ ਜਗਾਏ ਹਨ। ਦੇਸ਼ ਭਗਤਾਂ ਦੇ ਵਾਰਸਾਂ ਦਾ ਕਾਫ਼ਲਾ ਨਵੇਂ ਸਫ਼ਰ 'ਤੇ ਅੱਗੇ ਤੁਰਿਆ ਹੈ। ਇਹ ਸਫ਼ਰ ਹੋਰ ਨਵੇਂ ਤੋਂ ਨਵੇਂ ਕੀਰਤੀਮਾਨ ਸਥਾਪਤ ਕਰੇਗਾ।

**ਸ਼ਾਨਾਮੱਤੀ ਵਿਦਾਇਗੀ ਬਾਬਾ ਭਗਤ ਸਿੰਘ ਬਿਲਗਾ ਦੀ**: 103ਵੇਂ ਵਰ੍ਹੇ ਦੇ ਜੀਵਨ-ਸਫ਼ਰ ਤੇ ਚੱਲ ਰਹੇ ਬਾਬਾ ਭਗਤ ਸਿੰਘ ਬਿਲਗਾ 22 ਮਈ 2009 ਨੂੰ ਅੱਖੀਆਂ ਮੀਟ ਗਏ। ਜ਼ਿੰਦਗੀ ਦੇ ਅੰਤਲੇ ਪਲਾਂ ਮੌਕੇ ਉਹ ਇੰਗਲੈਂਡ ਵਿਚ ਆਪਣੇ ਪੁੱਤਰਾਂ, ਨੂੰਹਾਂ, ਪੋਤਰਿਆਂ ਅਤੇ ਪੋਤਰੀਆਂ ਦੇ ਭਰੇ ਪਰਿਵਾਰ 'ਚ ਰਹਿ ਰਹੇ ਸਨ। ਅੰਤਲੇ ਸਾਹਾਂ ਮੌਕੇ ਵੀ ਉਨ੍ਹਾਂ ਦੀ ਇਹੀ ਇੱਛਾ ਸੀ ਕਿ, "ਮੈਨੂੰ ਮੇਰੇ ਵਤਨ ਲੈ ਚੱਲੋ।" ਉਨ੍ਹਾਂ ਦੇ ਵਿਛੋੜੇ ਦੀ ਖ਼ਬਰ ਸੁਣਦਿਆਂ ਹੀ ਦੇਸ਼ ਭਗਤ ਯਾਦਗਾਰ ਹਾਲ 'ਤੇ ਝੂਲਦਾ ਗ਼ਦਰੀ ਝੰਡਾ ਉਨ੍ਹਾਂ ਦੇ ਸਨਮਾਨ 'ਚ ਨੀਵਾਂ ਕਰ ਦਿੱਤਾ।

ਉਨ੍ਹਾਂ ਦੀ ਮ੍ਰਿਤਕ ਦੇਹ ਰਾਜਾਸਾਂਸੀ (ਅੰਮ੍ਰਿਤਸਰ) ਹਵਾਈ ਅੱਡੇ 'ਤੇ ਲਿਆਂਦੀ ਗਈ। ਦੇਸ਼ ਭਗਤ ਯਾਦਗਾਰ ਕਮੇਟੀ, ਵੱਖ-ਵੱਖ ਜਥੇਬੰਦੀਆਂ ਅਤੇ ਬਾਬਾ ਜੀ ਦੇ ਸ਼ੁੱਭ ਚਿੰਤਕਾਂ ਨੇ ਮ੍ਰਿਤਕ ਦੇਹ 'ਤੇ ਫੁੱਲਾਂ ਦੇ ਹਾਰ ਪਾਏ। ਉਨ੍ਹਾਂ ਦੀ ਦੇਹ ਲੈ ਕੇ ਆਏ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਕਾਫ਼ਲਾ ਇੱਥੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਲਈ ਰਵਾਨਾ ਹੋਇਆ ਜਿੱਥੇ ਬਾਬਾ ਜੀ ਦੀ ਮ੍ਰਿਤਕ ਦੇਹ ਆਮ ਲੋਕਾਂ ਦੇ ਦਰਸ਼ਨਾਂ ਲਈ ਰੱਖੀ ਜਾਣੀ ਸੀ।

ਰਸਤੇ 'ਚ ਵੇਰਕਾ, ਜੰਡਿਆਲਾ, ਰਈਆ, ਕਰਤਾਰਪੁਰ, ਪਠਾਨਕੋਟ ਚੌਂਕ (ਜਲੰਧਰ) ਆਦਿ ਥਾਵਾਂ 'ਤੇ ਵੱਖ-ਵੱਖ ਜਥੇਬੰਦੀਆਂ ਨੇ ਫੁੱਲਾਂ ਦੀ ਵਰਖਾ ਕੀਤੀ। ਬਾਬਾ ਜੀ ਨੂੰ ਆਕਾਸ਼ ਗੁੰਜਾਊ ਨਾਅਰਿਆਂ ਨਾਲ ਸ਼ਰਧਾਂਜਲੀ ਭੇਟ ਕੀਤੀ।

ਦੇਸ਼ ਭਗਤ ਯਾਦਗਾਰ ਹਾਲ 'ਚ ਸਵੇਰੇ 8 ਵਜੇ ਤੋਂ 11 ਵਜੇ ਤੱਕ ਫੁੱਲਾਂ, ਝੰਡਿਆਂ ਨਾਲ ਸਜੀ ਬਾਬਾ ਜੀ ਦੀ ਮ੍ਰਿਤਕ ਦੇਹ, ਯਾਦਗਾਰ ਹਾਲ 'ਚ ਮਿਊਜ਼ੀਅਮ ਵਿੱਚ ਰੱਖੀ ਗਈ ਯਾਦਗਾਰ ਹਾਲ, ਮਿਊਜ਼ੀਅਮ, ਬਾਬਾ ਜੀ ਦੀਆਂ ਫੋਟੋਆਂ, ਬੈਨਰਾਂ ਅਤੇ ਝੰਡਿਆਂ ਨਾਲ ਸਜਾਇਆ ਗਿਆ।

ਲੋਕੀ ਸਵੇਰ ਤੋਂ ਹੀ ਦੇਸ਼ ਭਗਤ ਯਾਦਗਾਰ ਹਾਲ ਆਉਣੇ ਸ਼ੁਰੂ ਹੋ ਗਏ। ਵੱਡੀ ਗਿਣਤੀ 'ਚ ਰਾਜਨੀਤਕ ਪਾਰਟੀਆਂ ਜਨਤਕ ਜਥੇਬੰਦੀਆਂ ਦੇ ਆਗੂਆਂ, ਵਫ਼ਦਾਂ ਨੇ ਬਾਬਾ ਬਿਲਗਾ

ਦੀ ਮ੍ਰਿਤਕ ਦੇਹ 'ਤੇ ਝੰਡੇ ਪਾਏ। ਫੁੱਲ ਮਾਲਾਵਾਂ ਨਾਲ ਸਨਮਾਨ ਕੀਤਾ। ਤਿੰਨ ਘੰਟੇ ਲੰਮੀ ਲਾਈਨ ਦੇ ਬਾਵਜੂਦ ਵੀ ਜਦੋਂ ਇਥੋਂ ਉਨ੍ਹਾਂ ਦੇ ਜੱਦੀ ਪਿੰਡ ਬਿਲਗੇ ਵੱਲ ਰਵਾਨਾ ਹੋਏ ਉਸ ਮੌਕੇ ਤੱਕ ਅਜੇ ਲੋਕੀ ਆ ਰਹੇ ਸਨ। ਹਾਲ 'ਚ ਜੁੜੇ ਵੱਡੇ ਇਕੱਠ 'ਚ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਕਾਮਰੇਡ ਨੌਨਿਹਾਲ ਸਿੰਘ ਨੇ 'ਇਕ ਸ਼ਰਧਾਂਜਲੀ ਇੱਕ ਅਹਿਦ' ਪੇਸ਼ ਕੀਤਾ। ਇਸ ਮੌਕੇ ਸਮੂਹ ਹਾਜ਼ਰੀਨ ਅਦਬ ਵਿਚ ਖੜ੍ਹੇ ਰਹੇ। 'ਬਾਬਾ ਭਗਤ ਸਿੰਘ ਬਿਲਗਾ ਅਮਰ ਰਹੇ', 'ਗ਼ਦਰ ਪਾਰਟੀ ਜ਼ਿੰਦਾਬਾਦ' ਦੇ ਨਾਅਰੇ ਗੂੰਜਦੇ ਰਹੇ।

ਦੇਸ਼ ਭਗਤ ਯਾਦਗਾਰ ਹਾਲ ਤੋਂ ਕਾਫ਼ਲਾ ਜਦੋਂ ਪਿੰਡ ਬਿਲਗਾ ਲਈ ਰਵਾਨਾ ਹੋਇਆ ਤਾਂ ਰਾਹ ਵਿੱਚ ਜਮਸ਼ੇਰ, ਜੰਡਿਆਲਾ, ਨੂਰਮਹਿਲ, ਚੀਮਾ, ਚੈਰੀਟੇਬਲ ਹਸਪਤਾਲ ਬਿਲਗਾ ਵਿਖੇ ਥਾਓਂ ਥਾਵੀਂ ਸੈਂਕੜੇ ਲੋਕਾਂ ਦੇ ਇਕੱਠਾਂ ਨੇ ਬਾਬਾ ਜੀ ਦੇ ਸਨਮਾਨ 'ਚ ਗੇਟ ਬਣਾਏ। ਫੁੱਲਾਂ ਦੀ ਵਰਖਾ ਕੀਤੀ। ਥਾਂ ਥਾਂ ਪਾਣੀ ਦੀਆਂ ਛਬੀਲਾਂ ਲਾਈਆਂ।

ਪਿੰਡ ਬਿਲਗਾ 'ਚ ਬਣੀ ਸਥਾਨਕ ਯਾਦਗਾਰੀ ਕਮੇਟੀ ਵੱਲੋਂ ਸਭਨਾ ਪੱਤੀਆਂ ਵਿਚ ਸਨਮਾਨਤ ਗੇਟ ਬਣਾਏ ਗਏ। ਪਿੰਡ 'ਚ ਮਾਰਚ ਉਪਰੰਤ ਬਾਬਾ ਜੀ ਦੀ ਮ੍ਰਿਤਕ ਦੇਹ ਉਨ੍ਹਾਂ ਦੇ ਜੱਦੀ ਘਰ 'ਚ ਦਰਸ਼ਨਾ ਲਈ ਰੱਖੀ ਗਈ। ਸਥਾਨਕ ਕਮੇਟੀ ਦੇ ਪ੍ਰਬੰਧਕਾਂ ਜਿਨ੍ਹਾਂ 'ਚ ਖਾਸ ਕਰਕੇ ਬੱਚਿਆਂ ਅਤੇ ਚੜ੍ਹਦੀ ਜੁਆਨੀ ਨੇ ਚਾਹ, ਪਾਣੀ, ਰੋਟੀ ਦੇ ਲੰਗਰ 'ਚ ਆਏ ਲੋਕਾਂ ਦੀ ਖ਼ੂਬ ਸੇਵਾ ਕੀਤੀ ਅਤੇ ਮਾਰਚ ਵਿਚ ਸ਼ਾਮਲ ਹੋਏ।

ਬਾਬਾ ਜੀ ਦੀ ਵਸੀਅਤ ਅਨੁਸਾਰ ਉਨ੍ਹਾਂ ਦਾ ਸੰਸਕਾਰ ਪਿੰਡ ਦੇ ਸਿਵਿਆ 'ਚ ਉਥੇ ਹੀ ਕੀਤਾ ਗਿਆ ਜਿੱਥੇ ਉਨ੍ਹਾਂ ਦੀ ਜੀਵਨ ਸਾਥਣ ਚੰਨਣ ਕੌਰ ਅਤੇ ਧੀ ਦਾ ਕੀਤਾ ਗਿਆ ਸੀ।

ਇਸ ਮੌਕੇ ਵੱਡੀ ਗਿਣਤੀ 'ਚ ਪੁੱਜੀਆਂ ਜੱਥੇਬੰਦੀਆਂ ਨੇ ਫੁੱਲ ਮਾਲਾਵਾਂ, ਝੰਡੇ, ਮ੍ਰਿਤਕ ਦੇਹ 'ਤੇ ਪਾਏ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਗ਼ਦਰੀ ਝੰਡਾ ਪਾ ਕੇ ਸਲਾਮੀ ਦਿੱਤੀ। ਚਿਖ਼ਾ ਨੂੰ ਅਗਨੀ ਦੇਣ ਮੌਕੇ ਜ਼ੋਰਦਾਰ ਨਾਅਰੇ ਗੂੰਜਦੇ ਰਹੇ।

ਇਸ ਮੌਕੇ ਹਾਕਮ ਜਮਾਤੀ ਧੜਿਆਂ ਦੇ ਨੇਤਾਵਾਂ ਦੀ ਹਾਜ਼ਰੀ ਅਤੇ ਸਰਕਾਰੀ ਸਨਮਾਨ ਉਪਰ ਵੀ ਜਥੇਬੰਦੀਆਂ ਅਤੇ ਲੋਕ ਚਰਚਾ ਕਰ ਰਹੇ ਸਨ ਕਿ ਜਿਨ੍ਹਾਂ ਨੂੰ ਜਿਉਂਦਾ ਬਾਬਾ ਵੀਲ੍ਹ ਚੇਅਰ ਤੇ ਅੰਮ੍ਰਿਤਸਰ ਸ਼ਹਿਰ 'ਚ ਮਾਰਚ ਕਰਕੇ ਜਲ੍ਹਿਆਂਵਾਲਾ ਬਾਗ ਨੂੰ ਕੌਮੀ ਯਾਦਗਾਰ ਵਜੋਂ ਸਾਂਭਣ ਲਈ ਆਵਾਜ਼ ਉਠਾਉਂਦਾ ਨਹੀਂ ਦਿਸਿਆ, ਉੱਥੇ ਉਸਨੂੰ ਮਿਲਣ ਕੋਈ ਨਹੀਂ ਆਇਆ ਪਰ ਅੱਜ ਮੋਇਆ ਨੂੰ ਸਲਾਮੀ ਦੇ ਕੇ ਇਹ ਆਪਣੇ ਲੋਕ ਦੋਖੀ ਚਰਿੱਤਰ ਨੂੰ ਫੁੱਲਾਂ ਨਾਲ ਢਕਣ ਦਾ ਯਤਨ ਕਰ ਰਹੇ ਹਨ।

ਐਨ ਇਸ ਮੌਕੇ ਹੋ ਰਹੀ ਜਬਰਦਸਤ ਨਾਅਰੇਬਾਜ਼ੀ ਜਦੋਂ ਇਹ ਪੈਗਾਮ ਦੇ ਰਹੀ ਸੀ। 'ਬਾਬਾ ਬਿਲਗਾ-ਅਮਰ ਰਹੇ', 'ਇਨਕਲਾਬ ਜ਼ਿੰਦਾਬਾਦ' ਤਾਂ ਸਾਫ ਪਤਾ ਲੱਗ ਰਿਹਾ ਸੀ ਕਿ ਆਮ ਲੋਕ ਬਾਬੇ ਨੂੰ ਸਲਾਮੀ ਦੇ ਰਹੇ ਹਨ ਅਤੇ ਨਕਲੀ ਲੀਡਰਾਂ ਅਤੇ ਸਰਕਾਰੀ ਸਨਮਾਨ ਦੇ ਖੇਖਣ ਤੇ ਪ੍ਰਤੀਕਿਰਿਆ ਕਰ ਰਹੇ ਹਨ। 7 ਜੂਨ 2009 ਨੂੰ ਪਿੰਡ ਬਿਲਗਾ 'ਚ ਪਰਿਵਾਰਾਂ, ਸਥਾਨਕ ਕਮੇਟੀ ਵੱਲੋਂ ਅਤੇ 21 ਜੂਨ 2009 ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਦੇ ਬਾਬਾ ਜਵਾਲਾ ਸਿੰਘ ਆਡੀਟੋਰੀਅਮ 'ਚ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਗਮ ਹੋਇਆ।

ਦੇਸ਼ ਭਗਤ ਯਾਦਗਾਰ ਕਮੇਟੀ, ਸ਼ਰਧਾਂਜਲੀ ਸਮਾਗਮ ਤੱਕ ਸਮਾਗਮ ਨੇਪਰੇ ਚਾੜ੍ਹਨ ਵਾਲੀ ਪਿੰਡ ਬਿਲਗਾ 'ਚ ਬਣੀ ਕਮੇਟੀ, ਬਾਬਾ ਬਿਲਗਾ ਦਾ ਪਰਿਵਾਰ ਅਤੇ ਰਿਸ਼ਤੇਦਾਰ 5 ਜੂਨ 2009 ਨੂੰ ਪਿੰਡ ਬਿਲਗਾ ਤੋਂ ਅਸਥੀਆਂ ਲੈ ਕੇ ਹੁਸੈਨੀਵਾਲਾ (ਫਿਰੋਜ਼ਪੁਰ) ਸਤਲੁਜ 'ਚ ਜਲ ਪ੍ਰਵਾਹ ਕਰਨ ਲਈ ਰਵਾਨਾ ਹੋਏ।

ਇਸ ਕਾਫ਼ਲੇ 'ਚ ਇੱਕ ਗੱਡੀ ਉਪਰ ਲਾਲ ਅਤੇ ਗ਼ਦਰੀ ਝੰਡੇ 'ਚ ਬਾਬਾ ਜੀ ਦੀਆਂ ਅਸਥੀਆਂ ਵੱਡੀ ਤਸਵੀਰ ਰੱਖੀ ਗਈ। ਨਕੋਦਰ, ਮਹਿਤਪੁਰ, ਸਿਧਵਾਂ ਬੇਟ, ਲੀਲ੍ਹਾਂ, ਜਗਰਾਓਂ, ਅਜੀਤਵਾਲ, ਮੋਗਾ, ਨੈਸਲੇ ਮੋਗਾ, ਘੱਲਾਂ, ਫਿਰੋਜ਼ਪੁਰ ਸ਼ਹਿਰ ਅਤੇ ਫਿਰੋਜ਼ਪੁਰ ਛਾਉਣੀ ਵਿੱਚ ਥਾਂ ਪੁਰ ਥਾਂ ਲੋਕੀ ਅਸਥੀਆਂ ਦਾ ਸੁਆਗਤ ਕਰ ਰਹੇ ਸਨ। ਹਾਰਾਂ, ਝੰਡਿਆਂ, ਫੁੱਲਾਂ ਅਤੇ ਚੰਦ ਸ਼ਬਦਾਂ ਰਾਹੀਂ ਇਸ ਪੂਰੇ ਰਸਤੇ 'ਚ ਲੋਕ ਜਥੇਬੰਦੀਆਂ ਅਤੇ ਲੋਕਾਂ ਨੇ ਬਾਬਾ ਜੀ ਦੀਆਂ ਘਾਲਣਾਵਾਂ ਦਾ ਅਥਾਹ ਸਤਿਕਾਰ ਕੀਤਾ। ਇਨ੍ਹਾਂ ਪੜਾਵਾਂ ਤੇ ਕਾਫ਼ਲੇ ਲਈ ਚਾਹ, ਪਾਣੀ ਅਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਨ੍ਹਾਂ 'ਚ ਹਰ ਉਮਰ ਅਤੇ ਹਰ ਮਿਹਨਤਕਸ਼ ਤਬਕੇ ਦੇ ਲੋਕ ਸ਼ਾਮਲ ਹੋਏ।

ਹੁਸੈਨੀਵਾਲਾ ਜਾ ਕੇ ਸਮੂਹ ਕਾਫ਼ਲੇ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਬੀ.ਕੇ. ਦੱਤ ਸਮੇਤ ਸਮੂਹ ਦੇਸ਼ ਭਗਤ, ਇਨਕਲਾਬੀਆਂ ਨੂੰ ਪ੍ਰਣਾਮ ਕੀਤਾ। ਅੱਜ ਬਾਬਾ ਜੀ ਭਾਵੇਂ ਜਿਸਮਾਨੀ ਤੌਰ ਤੇ ਸਾਡੇ ਦਰਮਿਆਨ ਨਹੀਂ ਰਹੇ ਪਰ ਸਾਡੇ ਸਾਰਿਆਂ 'ਚ ਮੋਢੀ ਗ਼ਦਰੀ ਬਾਬਿਆਂ ਦੀ ਇਨਕਲਾਬੀ ਰਵਾਇਤ ਨੂੰ ਯਾਦਗਾਰ ਹਾਲ ਦੇ ਜ਼ਰੀਏ ਜਿਵੇਂ ਬੁਲੰਦ ਰੱਖਿਆ ਹੈ। ਇਸ ਦੇਣ ਨੂੰ ਸਮਾਂ ਸਲਾਮ ਕਰਦਾ ਰਹੇਗਾ। ਇਸ ਕਾਰਨ ਬਾਬਾ ਸਦਾ ਜਿੰਦਾ ਰਹੇਗਾ। ਉਸਦੀਆਂ ਰਚਨਾਵਾਂ ਅਤੇ ਰੀਲੇਅ ਰੇਸ ਵਾਂਗ ਗ਼ਦਰ ਲਹਿਰ ਦੀ ਕੜੀ ਨੂੰ ਅੱਗੇ ਤੋਰਨ ਦੀ ਭੂਮਿਕਾ ਸਦਾ ਆਉਣ ਵਾਲੀਆਂ ਪੀੜ੍ਹੀਆਂ ਦੇ ਅੰਗ-ਸੰਗ ਰਹੇਗੀ।

***

# ਬਾਬਾ ਬਿਲਗਾ ਜੀ ਦੀਆਂ ਯਾਦਾਂ

-ਚਰੰਜੀ ਲਾਲ ਕੰਗਣੀਵਾਲ

ਕਮਾਈ ਕਰਨ ਗਏ ਬਾਬਾ ਭਗਤ ਸਿੰਘ ਬਿਲਗਾ ਅਰਜਟਾਇਨਾ ਤੋਂ ਗ਼ਦਰ ਪਾਰਟੀ ਦੇ ਹੁਕਮ ਨਾਲ ਮਾਸਕੋ ਇਨਕਲਾਬੀ ਟ੍ਰੇਨਿੰਗ ਲੈਣ ਪੁੱਜ ਗਏ ਸਨ। ਉਨ੍ਹਾਂ ਨੂੰ ਪ੍ਰੇਰਣ ਵਾਲੇ ਭਾਈ ਰਤਨ ਸਿੰਘ ਡੱਬਾ, ਕਾ. ਤੇਜਾ ਸਿੰਘ ਸੁਤੰਤਰ ਸਨ। ਬਾਬਾ ਰਤਨ ਸਿੰਘ ਡੱਬਾ ਅਤੇ ਕਾਮਰੇਡ ਤੇਜਾ ਸਿੰਘ ਸੁਤੰਤਰ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਪੁੱਜ ਕੇ ਉੱਥੇ ਕੰਮ ਕਰਦੇ ਪੰਜਾਬੀਆਂ ਨੂੰ ਮਾਸਕੋ ਜਾਣ ਲਈ ਪ੍ਰੇਰਦੇ, ਜਿਹੜੇ ਵੀ ਦੇਸ਼ ਭਗਤੀ ਦੀ ਮੱਸ ਰੱਖਦੇ ਸਨ। ਭਾਰਤ ਪਰਤਣ ਤੇ ਬਾਬਾ ਬਿਲਗਾ ਪੁਲਸ ਦੀਆਂ ਨਜ਼ਰਾਂ ਤੋਂ ਬਚ ਕੇ ਪਾਰਟੀ ਦੇ ਹੁਕਮ ਤੇ ਬੰਗਾਲ ਵਿਚ ਮਜ਼ਦੂਰ ਜਥੇਬੰਦੀਆਂ ਬਣਾਉਣ ਦੇ ਕੰਮ ਲਈ ਚਲੇ ਗਏ। ਕਿਰਤੀ ਕਿਸਾਨ ਜਥੇਬੰਦੀਆਂ ਬਣਾਉਣ ਦਾ ਕੰਮ ਉਤਰੀ ਭਾਰਤ ਵਿਚ ਬੜੀ ਤੇਜ਼ੀ ਨਾਲ ਸ਼ੁਰੂ ਹੋਇਆ ਤਾਂ ਸਰਕਾਰੀ ਜ਼ਬਰ ਵੀ ਤਿੱਖਾ ਹੋ ਗਿਆ ਸੀ।

ਸੋਵੀਅਤ ਰੂਸ ਦੇ ਇਨਕਲਾਬ ਤੋਂ ਅੰਗਰੇਜ਼ੀ ਸਾਮਰਾਜ ਬਹੁਤ ਭੈ ਭੀਤ ਹੋ ਗਿਆ ਸੀ। ਦਸੰਬਰ 1935 ਨੂੰ ਹਕੂਮਤ ਨੇ 'ਪੰਜਾਬ ਕਰੀਮੀਨਲ ਲਾਅ ਅਮੈਂਡਮੈਂਟ ਐਕਟ' ਨਾਂ ਦਾ ਕਾਲਾ ਕਾਨੂੰਨ ਬਣਾ ਕੇ ਮਾਸਕੋ ਤੋਂ ਆਉਣ ਵਾਲੇ ਇਨਕਲਾਬੀਆਂ ਨੂੰ ਬਿਨਾਂ ਵਾਰੰਟ ਗ੍ਰਿਫ਼ਤਾਰੀਆਂ, ਨਜ਼ਰਬੰਦੀ, ਫਿਰਨ ਤੁਰਨ 'ਤੇ ਪਾਬੰਦੀ ਬਾਰੇ ਖੁੱਲ੍ਹੇ ਅਖਤਿਆਰ ਪੁਲਸ ਨੂੰ ਦੇ ਦਿੱਤੇ ਸਨ। ਸ਼ਾਹੀ ਕਿਲ੍ਹਾ ਲਾਹੌਰ 1930 ਵਿਆਂ ਤੋਂ ਦੂਜੇ ਸੰਸਾਰ ਯੁੱਧ ਤੱਕ ਬੜਾ ਚਰਚਿਤ ਰਿਹਾ, ਜਿਥੇ ਮਾਸਕੋ ਤੋਂ ਪਰਤੇ ਇਨਕਲਾਬੀਆਂ ਨੂੰ ਤਸੀਹੇ ਦੇ ਕੇ ਉਨ੍ਹਾਂ ਤੋਂ ਭੇਤ ਕੱਢਣ ਲਈ ਪੁਲਸ ਵਲੋਂ ਸਿਰਤੋੜ ਯਤਨ ਕੀਤੇ ਜਾਂਦੇ। ਤਸੀਹਿਆਂ ਦਾ ਸ਼ਿਕਾਰ ਹੋਏ ਮਾਸਕੋ ਤੋਂ ਪਰਤੇ ਦੇਸ਼ ਭਗਤਾਂ ਨੂੰ 'ਸ਼ਾਹੀ ਕੈਦੀ' ਕਹਿ ਕੇ ਬੁਲਾਇਆ ਜਾਂਦਾ ਸੀ। ਬਾਬਾ ਗੁਰਮੁਖ ਸਿੰਘ ਨੂੰ ਲਾਹੌਰ, ਕਾ. ਅੱਛਰ ਸਿੰਘ ਛੀਨਾ ਵੀ ਲਾਹੌਰ ਅਤੇ ਬਾਬਾ ਭਗਤ ਸਿੰਘ ਬਿਲਗਾ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰਕੇ ਦੋ ਮਹੀਨੇ ਸ਼ਾਹੀ ਕਿਲ੍ਹਾ ਲਾਹੌਰ ਵਿਚ ਤਫਤੀਸ਼ ਕਰਨ ਪਿੱਛੋਂ ਕਾ. ਛੀਨਾ ਨੂੰ ਛੀਨਾ ਪਿੰਡ, ਬਾਬੇ ਬਿਲਗੇ ਨੂੰ ਬਿਲਗਾ ਪਿੰਡ ਵਿਚ ਜੂਹਬੰਦ ਕਰ ਦਿੱਤਾ ਗਿਆ ਸੀ। ਸ਼ਾਹੀ ਕਿਲ੍ਹਾ ਲਾਹੌਰ ਇੰਟੈਲੀਜੈਂਸ ਬਰਾਂਚ ਦਾ, ਬੁੱਚੜਖਾਨੇ ਦੀ ਨਿਆਈ ਸੀ ਜਿੱਥੇ ਸਾਰੀ-ਸਾਰੀ ਰਾਤ ਖੜ੍ਹੇ ਰੱਖਣਾ, ਕਈ-ਕਈ ਦਿਨ ਸੌਣ ਨਾ ਦੇਣਾ, ਮਾਰ ਕੁਟਾਈ, ਪੁੱਠੀ ਹੱਥਕੜੀ, ਗਾਲੀ ਗਲੋਚ, ਬਕਵਾਸ ਮੁੱਢਲੀਆਂ ਸਜ਼ਾਵਾਂ ਸਨ। ਮਾਸਕੋ ਤੋਂ ਆਉਣ ਵਾਲੇ ਇਨਕਲਾਬੀਆਂ ਤੋਂ ਪੁੱਛ-ਪੜਤਾਲ ਦੇ ਪਹਿਲੇ ਦੋ ਮਹੀਨਿਆਂ ਨੂੰ ਦੁਨੀਆ ਦਾ ਦੋਜ਼ਖ ਕਿਹਾ ਜਾ ਸਕਦਾ ਸੀ। ਅੰਗਰੇਜ਼ੀ ਸਾਮਰਾਜ ਦੀਆਂ ਨਜ਼ਰਾਂ 'ਚ ਇਹ ਕਮਿਊਨਿਸਟ ਉਨ੍ਹਾਂ ਦੇ ਸਭ ਤੋਂ ਵੱਡੇ ਦੁਸ਼ਮਣ ਸਨ। ਇਸ ਦੌਰ ਨੂੰ

ਗ਼ਦਰ ਲਹਿਰ ਦਾ ਦੂਜਾ ਦੌਰ ਕਿਹਾ ਜਾਂਦਾ ਹੈ ਜਿਥੋਂ ਬਾਬਾ ਬਿਲਗਾ ਜੀ ਦਾ ਰਾਜਸੀ ਜੀਵਨ ਸ਼ੁਰੂ ਹੋਇਆ।

ਕਮਿਊਨਲ ਅਵਾਰਡ ਦੇ ਤਹਿਤ ਸੰਨ 1936-37 ਨੂੰ ਹੋਈ ਅਸੰਬਲੀ ਚੋਣ ਵਿਚ ਦੇਸ਼ ਭਗਤ ਸ਼ਕਤੀਆਂ ਕਾਂਗਰਸ, ਸੋਸਲਿਸ਼ਟ ਅਤੇ ਕਿਰਤੀ ਕਮਿਊਨਿਸਟ ਪਾਰਟੀ ਵਲੋਂ ਲੋਕ ਪੱਖੀ ਮਿਲਵਾਂ ਫਰੰਟ ਬਣਾ ਕੇ ਚੋਣ-ਦੰਗਲ ਵਿਚ ਕੁੱਦੀਆਂ ਸਨ। ਇਸ ਫਰੰਟ ਦਾ ਨਾਂ 'ਦੇਸ਼ ਭਗਤ ਚੋਣ ਬੋਰਡ' ਸੀ ਜਿਸ ਦੇ ਪ੍ਰਧਾਨ ਬਾਬਾ ਜੁਆਲਾ ਸਿੰਘ ਠੱਠੀਆਂ ਸਨ। ਮਿਲਵੇਂ ਫਰੰਟ ਦੇ ਦਸ ਉਮੀਦਵਾਰਾਂ ਵਿਚੋਂ ਅੱਠ ਜੇਤੂ ਹੋਏ ਸਨ। ਇਨ੍ਹਾਂ ਵਿਚ ਇਕ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਸੀ ਜਿਨ੍ਹਾਂ ਜਲੰਧਰ ਤੋਂ ਚੋਣ ਲੜ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਸੀ। ਮਾਸਟਰ ਕਾਬਲ ਸਿੰਘ ਦੇ ਮੁਕਾਬਲੇ ਅੰਗਰੇਜ਼ ਝੋਲੀ ਚੁੱਕ ਜਸਵੰਤ ਸਿੰਘ ਜੋ ਸ਼ਹੀਦ ਭਗਤ ਸਿੰਘ ਦੇ ਦਾਦਾ ਸ. ਅਰਜਨ ਸਿੰਘ ਦੇ ਭਰਾ ਸੁਰਜਨ ਸਿੰਘ ਅੰਗਰੇਜ਼ ਪਰਸਤ ਦਾ ਲੜਕਾ ਸੀ, ਜੋ ਆਪਣੀ ਜਮਾਨਤ ਵੀ ਨਹੀਂ ਸੀ ਬਚਾਅ ਸਕਿਆ। ਬਾਬਾ ਭਗਤ ਸਿੰਘ ਬਿਲਗਾ, ਮਾਸਟਰ ਕਾਬਲ ਸਿੰਘ ਦੇ ਕਵਰਿੰਗ ਕੈਂਡੀਡੇਟ ਸਨ ਅਤੇ ਚੋਣ ਮੁਹਿਮ ਦੇ ਤਕੜੇ ਪ੍ਰਚਾਰਕ ਵੀ। ਇਸ ਚੋਣ ਮੁਹਿਮ ਨੂੰ ਬਾਬਾ ਬਿਲਗਾ, ਬਾਬਾ ਕਰਮ ਸਿੰਘ ਚੀਮਾ ਅਤੇ ਇੰਦਰ ਸਿੰਘ ਕਿਰਤੀ ਨੇ ਰਾਤ ਦਿਨ ਇਕ ਕਰਕੇ ਗਰਮਾ ਦਿੱਤਾ ਸੀ।

ਪੰਜਾਬ ਕਿਸਾਨ ਸਭਾ ਦੀਆਂ ਜ਼ਿਲ੍ਹਾ ਤੇ ਤਹਿਸੀਲ ਕਮੇਟੀ ਦੀਆਂ ਚੋਣਾਂ ਪਹਿਲੀ ਵਾਰ ਹੋਣੀਆਂ ਤਹਿ ਹੋਈਆਂ ਤਾਂ 5 ਜੁਲਾਈ 1938 ਨੂੰ ਜ਼ਿਲ੍ਹਾ ਜਲੰਧਰ ਕਮੇਟੀ ਦੀ ਚੋਣ ਲਈ ਪਿੰਡ ਬੁੰਡਾਲਾ ਵਿਖੇ ਅਜਲਾਸ ਹੋਇਆ। ਬਾਬਾ ਭਗਤ ਸਿੰਘ ਬਿਲਗਾ ਇਥੇ ਜ਼ਿਲ੍ਹਾ ਕਮੇਟੀ ਦੇ ਮੈਂਬਰ ਚੁਣੇ ਗਏ ਸਨ। ਅਗਸਤ 1938 ਨੂੰ ਅੰਮ੍ਰਿਤਸਰ ਕਿਸਾਨ ਮੋਰਚਾ ਲੱਗਿਆ। ਜਥਿਆਂ ਦੀ ਗ੍ਰਿਫ਼ਤਾਰੀ ਦੇ ਨਾਲ-ਨਾਲ ਕਾਰਕੁੰਨਾਂ ਦੀਆਂ ਗ੍ਰਿਫ਼ਤਾਰੀਆਂ ਲਈ ਵਾਰੰਟ ਜਾਰੀ ਹੋ ਗਏ ਸਨ। ਇਸ ਸਮੇਂ ਬਾਬਾ ਭਗਤ ਸਿੰਘ ਬਿਲਗਾ ਆਪਣੀ ਸੁਪਤਨੀ ਸਮੇਤ ਅੰਮ੍ਰਿਤਸਰ ਵਿਚ ਬਾਬਾ ਇੰਦਰ ਸਿੰਘ ਵੇਰਕਾ ਦੀ ਨਿਗਰਾਨੀ ਹੇਠ ਰੂਪੋਸ਼ ਸਨ। ਅਖੀਰ 30 ਅਗਸਤ 1938 ਨੂੰ ਉਹ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਏ ਗਏ।

ਸਤੰਬਰ 1938 ਵਿਚ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਵੱਲੋਂ ਦੇਸ਼ ਭਗਤ ਸ਼ਹੀਦਾਂ ਦੀ ਯਾਦ ਵਿਚ ਯਾਦਗਾਰ ਉਸਾਰਨ ਦਾ ਫੈਸਲਾ ਹੋਇਆ। ਇਸ ਕਾਰਜ ਲਈ ਇਕ ਸਬ ਕਮੇਟੀ ਦਾ ਗਠਨ ਕੀਤਾ ਗਿਆ ਸੀ ਜਿਸਦੇ ਬਾਬਾ ਭਗਤ ਸਿੰਘ ਜਨਰਲ ਸਕੱਤਰ ਬਣਾਏ ਗਏ। ਉਸ ਸਮੇਂ ਉਨ੍ਹਾਂ ਉਪਰ ਮੁਕੱਦਮੇ ਦੀ ਕਾਰਵਾਈ ਚੱਲ ਰਹੀ ਸੀ। ਜਦੋਂ ਯਾਦਗਾਰ ਲਈ ਇਕ ਇਸ਼ਤਿਹਾਰ ਬਾਬਾ ਭਗਤ ਸਿੰਘ ਬਿਲਗਾ ਦੇ ਨਾਂ ਹੇਠ ਪ੍ਰਕਾਸ਼ਤ ਹੋਇਆ ਤਾਂ ਇਸ਼ਤਿਹਾਰ ਤੋਂ ਚਿੜ ਕੇ ਸਰਕਾਰ ਨੇ ਪਹਿਲਾ ਮੁਕੱਦਮਾ ਵਾਪਸ ਲੈ ਕੇ ਉਨ੍ਹਾਂ ਨੂੰ ਨਵੇਂ ਮੁਕੱਦਮੇ ਵਿਚ ਨਜ਼ਰਬੰਦ ਕਰ ਦਿੱਤਾ। ਉਨ੍ਹਾਂ ਨੂੰ ਪੰਜ ਆਦਮੀਆਂ ਵਿਚ ਬੋਲਣ ਅਤੇ ਅਖ਼ਬਾਰਾਂ ਵਿਚ ਲਿਖਣ 'ਤੇ ਪਾਬੰਦੀ ਲਾ ਦਿੱਤੀ ਸੀ।

ਸ਼ਾਹੀ ਕੈਦੀਆਂ ਦੇ ਪ੍ਰਵਾਰਾਂ ਦੇ ਗੁਜ਼ਾਰੇ ਲਈ ਹਕੂਮਤ ਵੱਲੋਂ ਅਲਾਊਂਸ ਦਿੱਤਾ ਜਾਂਦਾ ਸੀ ਜਿਹੜਾ ਕਈ ਵਾਰ ਅਧਿਕਾਰੀਆਂ ਦੀ ਮਰਜ਼ੀ ਤੇ ਨਿਰਭਰ ਹੋ ਜਾਂਦਾ ਸੀ। ਬਾਬਾ ਭਗਤ ਸਿੰਘ ਬਿਲਗਾ ਬਾਰੇ ਵੀ ਅਜਿਹਾ ਹੀ ਸੀ। ਬਾਬਾ ਜੀ ਨੇ ਸਬੰਧਤ ਅਧਿਕਾਰੀਆਂ ਨੂੰ ਇਸ ਬਾਰੇ

ਸੂਚਿਤ ਕਰਨ ਦੇ ਬਾਵਜੂਦ ਜਦੋਂ ਇਸ ਦਾ ਕੋਈ ਅਸਰ ਨਾ ਹੋਇਆ ਤਾਂ ਅਖ਼ਬਾਰਾਂ ਨੇ ਇਸ ਤੇ ਟਿੱਪਣੀ ਕਰਦਿਆਂ ਲਿਖਿਆ : "ਕਾਮਰੇਡ ਭਗਤ ਸਿੰਘ ਬਿਲਗਾ ਅਜੇਹੇ ਨੌਜਵਾਨਾਂ ਵਿਚੋਂ ਹਨ ਜਿਨ੍ਹਾਂ ਨੇ ਮੁਲਕੀ ਆਜ਼ਾਦੀ ਖਾਤਰ ਆਪਣੇ ਆਪ ਨੂੰ ਤਬਾਹ ਕਰ ਲਿਆ ਹੈ। ਆਪ ਦੇ ਸਿਰ ਪਹਿਲੋਂ ਹੀ ਹਾਜ਼ਾਰਾਂ ਰੁਪਏ ਕਰਜਾ ਹੈ, ਏਸ ਹਾਲਤ ਵਿਚ ਆਪ ਨੂੰ ਪਿੰਡ ਵਿਚ ਨਜ਼ਰਬੰਦ ਕਰਨਾ ਤੇ ਗੁਜ਼ਾਰੇ ਲਈ ਕੋਈ ਅਲਾਊਂਸ ਨਾ ਦੇਣਾ ਹਕੂਮਤ ਦੀ ਪਰਲੇ ਦਰਜੇ ਦੀ ਬਦਲਾ ਲਊ ਪਾਲਸੀ ਹੈ।" ਜੋ ਉਨ੍ਹਾਂ ਦੀ ਦ੍ਰਿੜ੍ਹਤਾ ਤੇ ਕੁਰਬਾਨੀ ਦੀ ਭਾਵਨਾ ਨੂੰ ਪ੍ਰਗਟਾਉਂਦਾਹੈ।

ਬਾਬਾ ਜੁਆਲਾ ਸਿੰਘ ਠੱਠੀਆਂ ਦੇ ਦਿਹਾਂਤ ਤੋਂ ਪਿਛੋਂ ਲਾਇਲਪੁਰ (ਹੁਣ ਪਾਕਿਸਤਾਨ) ਵਿਚ ਤਿੰਨ ਦਿਨਾਂ ਸੂਬਾਈ ਕਾਨਫ਼ਰੰਸ ਦੇ ਅੰਤ 'ਚ ਪੰਜਾਬ ਕਿਸਾਨ ਸਭਾ ਦੀ ਚੋਣ ਕੀਤੀ ਗਈ। ਪ੍ਰਧਾਨ ਬਾਬਾ ਕੇਸਰ ਸਿੰਘ ਠੱਠਗੜ੍ਹ, ਜਨਰਲ ਸਕੱਤਰ ਬਾਬਾ ਭਗਤ ਸਿੰਘ ਬਿਲਗਾ ਚੁਣੇ ਗਏ। ਛੇਤੀ ਹੀ ਬਾਬਾ ਬਿਲਗਾ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਦੀ ਥਾਂ ਟਹਿਲ ਸਿੰਘ ਭੰਗਾਲੀ ਕਿਸਾਨ ਸਭਾ ਦਾ ਕੰਮ ਚਲਾਉਂਦੇ ਰਹੇ। ਬਾਬਾ ਜੁਆਲਾ ਸਿੰਘ ਠੱਠੀਆਂ ਦੀ ਅਗਵਾਈ ਵਿਚ ਜਥੇਬੰਦ ਕੀਤੀ ਗਈ ਇਸ ਜਥੇਬੰਦੀ ਨੇ ਪੌਣੀ ਸਦੀ ਪੰਜਾਬ ਦੀ ਕਿਸਾਨੀ ਦੇ ਹੱਕਾਂ-ਹਿੱਤਾਂ ਦੀ ਰਾਖੀ ਲਈ ਜੋ ਭੂਮਿਕਾ ਨਿਭਾਈ ਉਹ ਕਿਰਤੀ ਕਿਸਾਨਾਂ ਦੇ ਇਤਿਹਾਸ ਦਾ ਸੁਨਹਿਰੀ ਕਾਂਡ ਹੈ।

ਦਸੰਬਰ 1938 ਨੂੰ ਬਾਬਾ ਬਿਲਗਾ ਦੀ ਨਜ਼ਰਬੰਦੀ ਵਿਰੁੱਧ ਦੇਸ਼ ਭਗਤ ਤਾਕਤਾਂ ਅੰਦਰ ਸਰਕਾਰ ਪ੍ਰਤੀ ਗੁੱਸਾ ਤੇ ਰੋਹ ਪੈਦਾ ਹੋ ਗਿਆ ਸੀ। ਪੰਜਾਬ ਕਾਂਗਰਸ ਸੋਸਲਿਸ਼ਟ ਪਾਰਟੀ ਦੇ ਜਨਰਲ ਸਕੱਤਰ ਮੁਨਸ਼ੀ ਅਹਿਮਦ ਦੀਨ ਵੱਲੋਂ ਜਿਹੜੇ ਕਿਰਤੀ ਪਾਰਟੀ ਦੇ ਵੀ ਆਗੂ ਸਨ, ਦਾ ਇਸ ਦੇ ਖਿਲਾਫ਼ ਪ੍ਰੈਸ ਨੋਟ ਛਪਿਆ ਜਿਹੜਾ ਬਾਬਾ ਬਿਲਗਾ ਦੀ ਸ਼ਖ਼ਸੀਅਤ ਵੱਲ ਧਿਆਨ ਦੁਆਉਂਦਾ ਹੈ:

> *"ਪੰਜਾਬ ਕਿਸਾਨ ਕਾਨਫਰੰਸ ਲਾਇਲਪੁਰ" ਦੀ ਕਾਮਯਾਬੀ ਨੇ ਜਿਥੇ ਕਿਸਾਨਾਂ ਦੇ ਵਿਰੋਧੀ ਅੰਸ਼ਾਂ ਨੂੰ ਪਰੇਸ਼ਾਨ ਕੀਤਾ, ਉਥੇ ਹਕੂਮਤ ਨੂੰ ਵੀ ਘਟ ਪਰੇਸ਼ਾਨੀ ਨਹੀਂ ਹੋਈ। ਸ੍ਰ: ਕਿਸ਼ਨ ਸਿੰਘ (ਸ਼ਹੀਦ ਭਗਤ ਸਿੰਘ ਦੇ ਪਿਤਾ) ਤੇ ਸ਼ਹੀਦ ਭਗਤ ਸਿੰਘ ਦੇ ਛੋਟੇ ਭਰਾਤਾ ਕਾਮਰੇਡ ਕੁਲਬੀਰ ਸਿੰਘ ਸਦਰ ਸਵਾਗਤ ਕਮੇਟੀ ਵੀ ਸਨ। ਇਸ ਤੋਂ ਇਲਾਵਾ ਬਾਬਾ ਰੂੜ ਸਿੰਘ ਐਮ.ਐਲ.ਏ., ਬੀਬੀ ਰਘਬੀਰ ਕੌਰ ਐਮ.ਐਲ.ਏ., ਕਾਮਰੇਡ ਵੀ.ਪੀ.ਐਲ. ਬੇਦੀ ਅਤੇ ਹੋਰ ਉਘੇ ਸਾਥੀ ਵੀ ਇਸ ਕਾਨਫ਼ਰੰਸ ਵਿਚ ਸ਼ਾਮਲ ਹੋਏ।*
>
> *ਪ੍ਰਧਾਨ ਬਾਬਾ ਕੇਸਰ ਸਿੰਘ ਜੀ ਅਤੇ ਜਨਰਲ ਸਕੱਤਰ ਕਾਮਰੇਡ ਭਗਤ ਸਿੰਘ 'ਬਿਲਗਾ' ਚੁਣੇ ਗਏ। ਹਕੂਮਤ ਇਹ ਅੱਛੀ ਤਰਾਂ ਜਾਣਦੀ ਸੀ ਕਿ ਇਸ ਇਲੈਕਸ਼ਨ ਦੀ ਜਾਨ ਕਾਮਰੇਡ: ਭਗਤ ਸਿੰਘ ਬਿਲਗਾ ਹੈ। ਇਸੇ ਲਈ ਝਟਪਟ ਚਲ ਰਿਹਾ ਮੁਕੱਦਮਾ ਵਾਪਸ ਲੈ ਕੇ ਆਪ ਜੀ ਨੂੰ ਦੂਜੀ ਵਾਰੀ ਇਕ ਸਾਲ ਲਈ ਪਿੰਡ ਬੰਦ ਕਰ ਦਿੱਤਾ ਗਿਆ। ਕਾਮਰੇਡ ਭਗਤ ਸਿੰਘ ਦੋ ਸਾਲਾਂ ਵਿਚ ਦੋ ਬਾਰੀ ਨਜ਼ਰ-ਬੰਦ ਹੋਏ।*

*ਮੈਂ ਸਭ ਕਾਂਗਰਸ ਸੋਸ਼ਲਿਸਟ ਪਾਰਟੀਆਂ ਦੇ ਮੈਂਬਰਾਂ ਪਾਸ ਅਪੀਲ ਕਰਦਾ ਹਾਂ ਕਿ ਉਹ ਕਾਮਰੇਡ ਭਗਤ ਸਿੰਘ ਦੀ ਨਜ਼ਰਬੰਦੀ ਪੁਰ ਪ੍ਰੋਟੈਸਟ ਦੇ ਰੈਜ਼ੂਲੇਸ਼ਨ ਪਾਸ ਕਰਨ ਅਤੇ ਕਿਸਾਨ ਲਹਿਰ ਨੂੰ ਮਜਬੂਤ ਕਰਨ ਲਈ ਪੂਰੀ-ਪੂਰੀ ਕੋਸ਼ਿਸ਼ ਕਰਨ, ਤਾਂ ਕਿ ਅਸੀਂ ਕਾਮਰੇਡ ਭਗਤ ਸਿੰਘ ਦੀ ਨਜ਼ਰ-ਬੰਦੀ ਪੁਰ ਪੂਰਾ-ਪੂਰਾ ਜਵਾਬ ਦੇ ਸਕੀਏ।*

ਜੂਹਬੰਦੀ ਦੀ ਸਖ਼ਤ ਨਿਗਰਾਨੀ ਹੇਠ ਉਹ ਕਿਸੇ ਖੁਸ਼ੀ ਜਾਂ ਗਮੀ ਦੇ ਮੌਕੇ ਹਾਜ਼ਰ ਨਹੀਂ ਸਨ ਹੋ ਸਕਦੇ। ਇਸ ਸਮੇਂ ਮਿਲਵੇਂ ਫਰੰਟ ਤਹਿਤ ਉਹ ਜ਼ਿਲ੍ਹਾ ਜਲੰਧਰ ਦੀ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵੀ ਸਨ। ਉਹ ਨਜ਼ਰਬੰਦ ਸਨ ਤਾਂ ਲਾਹੌਰ ਕਿਸਾਨ ਮੋਰਚੇ ਵਿਚ ਸ਼ਾਮਲ ਹੋਣ ਲਈ ਮੰਜਕੀ ਦੇ ਪਿੰਡਾਂ ਦਾ ਇਕ ਜਥਾ 5 ਅਗਸਤ 1939 ਰਵਾਨਾ ਹੋਇਆ। ਬੜਾ ਪਿੰਡ ਤੋਂ ਜਥੇ ਨੂੰ ਗ੍ਰਿਫ਼ਤਾਰ ਕਰਕੇ ਨੂਰਮਹਿਲ ਦੀ ਹਵਾਲਾਤ ਵਿਚ ਰਖਣ ਪਿਛੋਂ ਅਗਲੇ ਦਿਨ ਜਲੰਧਰ ਦੀ ਜੇਲ੍ਹ ਵਿਚ ਭੇਜ ਦਿੱਤਾ ਸੀ। ਜਦੋਂ ਸਤਿਆਗ੍ਰਹੀਆਂ ਦੀ ਪੇਸ਼ੀ ਪੁਰਾਣੀਆਂ ਕਚਹਿਰੀਆਂ ਵਿਚ ਏ.ਡੀ.ਐਮ. ਦੇ ਹੋਈ ਤਾਂ ਮਨਾਹੀ ਦੇ ਬਾਵਜੂਦ ਬਾਬਾ ਭਗਤ ਸਿੰਘ ਬਿਲਗਾ ਨੇ ਸਤਿਆਗ੍ਰਹੀਆਂ ਨਾਲ ਮੁਲਾਕਾਤ ਕੀਤੀ। ਉਹ ਉਸ ਸਮੇਂ ਆਪਣੀ ਲੜਕੀ ਤਰਸੇਮ ਕੌਰ ਦਾ ਇਲਾਜ ਕਰਾਉਣ ਦੇ ਲਈ ਸਿਵਲ ਹਸਪਤਾਲ ਜਲੰਧਰ ਆਏ ਹੋਏ ਸਨ।

ਉਨ੍ਹਾਂ ਦੀ ਪੁਸਤਕ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਖੱਬੀ ਲਹਿਰ ਦੀ ਇਤਿਹਾਸਕ ਪੀੜਾ ਵਲ ਇਸ਼ਾਰਾ ਕਰਦੀ ਹੈ ਕਿ ਇਨਕਲਾਬੀਆਂ ਦੀ ਆਪਸੀ ਫੁੱਟ ਨੇ ਯੁਗ-ਪਲਟਣ ਦੇ ਨਿਸ਼ਾਨੇ ਤੋਂ ਉਨ੍ਹਾਂ ਨੂੰ ਕਿਵੇਂ ਭਟਕਾਇਆ। ਸਥਾਪਤ ਕਮਿਊਨਿਸਟ ਲਹਿਰ ਦੇ ਅਣਗੌਲੇ ਪੱਖਾਂ ਨੂੰ ਉਨ੍ਹਾਂ ਵਿਸ਼ੇਸ਼ ਅੰਦਾਜ਼ ਵਿਚ ਪੇਸ਼ ਕੀਤਾ ਜਿਨ੍ਹਾਂ ਲਈ ਉਨ੍ਹਾਂ ਪਾਰਟੀ ਅੰਦਰ ਸਮੇਂ-ਸਮੇਂ ਅਵਾਜ਼ ਉਠਾਈ ਸੀ। ਇਸੇ ਕਾਰਣ ਦੂਜੇ ਯੁੱਧ ਤੋਂ ਪਿੱਛੋਂ ਪਾਕਿਸਤਾਨ ਦੇ ਮਸਲੇ ਉੱਤੇ ਕਮਿਊਨਿਸਟ ਆਗੂ ਡਾਕਟਰ ਅਧਿਕਾਰੀ ਵਲੋਂ ਬਾਬਾ ਭਗਤ ਸਿੰਘ ਬਿਲਗਾ ਨੂੰ ਪਾਰਟੀ ਵਿਚੋਂ ਕੱਢੇ ਜਾਣ ਤੋਂ ਬਾਅਦ ਹੋਈ ਟੁੱਟ ਭੱਜ ਬਾਰੇ ਉਹ ਇਕੱਲਤਾ ਦੇ ਆਲਮ ਦੀ ਗਾਥਾ ਅਤੇ ਉਦਰੇਵੇਂ ਦਾ ਜ਼ਿਕਰ ਕਈ ਵਾਰ ਕਰਦੇ ਆਖਦੇ, "ਮੈਨੂੰ ਪਛਤਾਵਾ ਹੈ ਕਿ ਮੈਂ ਆਪਣੀ ਜ਼ਿੰਦਗੀ ਵਿਚ ਵਿਚਾਰਧਾਰਕ ਮਤਭੇਦਾਂ ਦੇ ਨਿਰਣਾਇਕ ਮੋੜਾਂ ਸਮੇਂ ਆਪਣੇ ਮੁੱਢਲੇ ਸਾਥੀਆਂ ਨਾਲ ਨਾ ਖੜ੍ਹ ਸਕਿਆ।" ਕਿਉਂਕਿ ਉਨ੍ਹਾਂ ਨੂੰ ਘਰ ਤੋਰਨ ਬਾਅਦ ਕਮਿਊਨਿਸਟ ਲਹਿਰ ਵਿਚ ਉਸਦੇ ਸਾਥੀਆਂ ਨੂੰ ਪਈਆਂ ਸਿਆਸੀ ਮਾਰਾਂ ਸਮੇਂ ਉਹ ਬੇਵਸੀ ਦੀ ਹਾਲਤ ਵਿਚ ਸਨ। ਇਸ ਖਲਾਅ ਦਾ ਉਨ੍ਹਾਂ ਨੂੰ ਝੋਰਾ ਸੀ। ਪ੍ਰੰਤੂ ਫਿਰ ਵੀ ਉਹ ਇਸ ਦੌਰਾਨ ਸਾਂਝਾ-ਮੀਝਾ ਹੋ ਕੇ ਆਪਣਾ ਰੋਲ ਅਦਾ ਕਰਦੇ ਅਤੇ ਸਮਾਂ ਆਉਣ ਤੇ ਉਹ ਮੈਦਾਨ ਮਲ ਵੀ ਲੈਂਦੇ। ਉਹਨਾਂ ਦਾ ਇਹ ਕਿਰਦਾਰ ਖੁਸ਼ਹੈਸੀਅਤੀ ਮੋਰਚੇ ਵੇਲੇ ਦੇਖਣ ਨੂੰ ਮਿਲਦਾ ਹੈ ਤੇ ਜਾਂ ਫਿਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਦੇ ਅਹੁਦੇ ਤੇ ਆਉਣ ਤੋਂ ਪਿੱਛੋਂ ਇਸ ਸੰਸਥਾ ਦਾ ਮੂੰਹ-ਮੁਹਾਂਦਰਾ ਬਨਾਉਣ ਲਈ ਜੀਉਂਦੇ ਜੀ ਘਾਲੀਆਂ ਘਾਲਾਂ, ਜਿਹੜੀਆਂ ਉਨ੍ਹਾਂ ਦੀ ਜ਼ਿੰਦਗੀ ਦਾ ਹਾਸਲ ਹੈ।

ਮੈਂ ਉਨ੍ਹਾਂ ਨੂੰ ਪਹਿਲੀ ਵਾਰ ਸਤੱਰਵਿਆਂ ਵਿਚ ਸੁਣਿਆ ਸੀ। ਪੁਰਾਣੀਆਂ ਕਚਹਿਰੀਆਂ ਦੀ ਇਕ ਪਾਰਕ ਵਿਚ, ਜਿਥੇ ਕਾਂਗਰਸੀ ਸ਼ੋਸ਼ਲਿਸਟ ਅਤੇ ਕਮਿਊਨਿਸਟ ਆਗੂ ਇਕੱਠੇ ਹੋ ਕੇ ਕਿਸੇ ਸਰਕਾਰੀ ਨੀਤੀ ਦੇ ਖਿਲਾਫ਼ ਮੀਟਿੰਗ ਕਰ ਰਹੇ ਸਨ। ਮੈਂ ਉਨ੍ਹਾਂ ਦੇ ਲੈਕਚਰ ਦੇ ਅੰਦਾਜ਼ ਤੋਂ

ਪ੍ਰਭਾਵਿਤ ਹੋਇਆ ਸਾਂ। ਫਿਰ ਜਦੋਂ ਮੈਂ ਇਕ ਕਿਤਾਬ ਦੀ ਤਿਆਰੀ ਲਈ ਚਾਰ ਕੁ ਸਾਲ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ ਨੂੰ ਫੋਲਦਾ ਰਿਹਾ ਤਾਂ ਮੈਂ ਕਿਤੇ-ਕਿਤੇ ਉਨ੍ਹਾਂ ਕੋਲੋਂ ਝਕਦੇ-ਝਕਦੇ ਪੁੱਛਣ ਦੀ ਹਿੰਮਤ ਵੀ ਕਰ ਲੈਂਦਾ ਸਾਂ। ਮੇਰਾ ਵਾ-ਵਾਸਤਾ ਉਨ੍ਹਾਂ ਨਾਲ ਪਹਿਲਾਂ ਕਦੇ-ਕਦੇ ਪੈਂਦਾ। ਇਸੇ ਦੌਰਾਨ ਮੇਰਾ ਕਮੇਟੀ ਮੈਂਬਰਾਂ ਜਿਹੜੇ ਅਕਸਰ ਦੇਸ਼ ਭਗਤ ਯਾਦਗਾਰ ਹਾਲ ਵਿਚ ਆਮ ਤੌਰ 'ਤੇ ਆਉਂਦੇ ਜਾਂ ਇਥੇ ਰਹਿੰਦੇ, ਨਾਲ ਵਾਹਵਾ ਜਾਣ ਪਹਿਚਾਣ ਹੋ ਗਈ ਸੀ। ਇਸੇ ਕਾਰਨ ਹੀ 2002 ਵਿਚ ਜਦੋਂ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਪ੍ਰਿੰਸੀਪਲ ਰਾਮ ਸਰੂਪ ਸ਼ਰਮਾ ਦੇ ਸਹਾਇਕ ਵਜੋਂ ਪੇਸ਼ਕਸ਼ ਦੀ ਸੂਚਨਾ ਕਾ. ਗੁਰਮੀਤ ਵਲੋਂ ਫੋਨ ਰਾਹੀਂ ਮੈਨੂੰ ਮਿਲੀ ਤਾਂ ਮੈਂ ਹਾਂ ਕਰ ਦਿੱਤੀ। ਅਗਲੇ ਦਿਨ ਮੈਂ ਦੇਸ਼ ਭਗਤ ਹਾਲ ਪੁੱਜਾ ਤਾਂ ਬਾਬਾ ਜੀ ਦਫ਼ਤਰ ਵਿਚ ਬੈਠੇ ਬੜੇ ਖੁਸ਼ ਹੋਏ। ਏਨੇ ਨੂੰ ਗੁਰਮੀਤ, ਕਾ. ਚੂਹੜ ਸਿੰਘ ਤੇ ਕਾ. ਨੌਨਿਹਾਲ ਸਿੰਘ ਵੀ ਆ ਪਹੁੰਚੇ, ਜਿਵੇਂ ਉਨ੍ਹਾਂ ਮਿਥ ਕੀਤਾ ਹੋਵੇ। ਕਾਮਰੇਡ ਨੌਨਿਹਾਲ ਅਤੇ ਅਮੋਲਕ ਮੈਨੂੰ ਨਾਲ ਲੈ ਕੇ ਉੱਪਰ ਲਾਇਬ੍ਰੇਰੀ ਵਿਚ ਗਏ। ਮੈਨੂੰ ਕੁਰਸੀ ਸੰਭਾਲ ਕੇ ਨੌਨਿਹਾਲ ਹੁਰਾਂ ਕਿਹਾ, "ਚਰੰਜੀ ਲਾਲ ਇਹ ਕੁਰਸੀ ਹੁਣ ਤੇਰੀ ਹੈ, ਤੈਨੂੰ ਮੁਸ਼ਕਲਾਂ ਆਉਣੀਆਂ, ਘਬਰਾ ਕੇ ਚਲਾ ਨਾ ਜਾਈਂ, ਹਾਂ ਮੈਨੂੰ ਦੱਸਦੇ ਰਹਿਣਾ। ਆ ਦੇਖ ਮੇਰੀ ਪੱਗ ਦਾ ਖਿਆਲ ਰੱਖੀਂ, ਮੈਨੂੰ ਦੱਸੇ ਬਿਨਾਂ ਨਾ ਜਾਈਂ।" ਦੇਸ਼ ਭਗਤ ਯਾਦਗਾਰ 'ਚ ਰੋਜ਼ਾਨਾ ਆਉਂਦਿਆਂ ਮੈਂ ਪਹਿਲਾਂ ਬਾਬਾ ਬਿਲਗਾ ਜੀ ਦੀ ਹਜ਼ੂਰੀ 'ਚ ਪੇਸ਼ ਹੁੰਦਾ। ਉਨ੍ਹਾਂ ਦੀਆਂ ਹਿਦਾਇਤਾਂ, ਕਦੇ-ਕਦਾਈਂ ਉਨ੍ਹਾਂ ਦੀਆਂ ਤਲਖੀਆਂ, ਇਸ ਮਾਣਮੱਤੀ ਸੰਸਥਾ ਦੀ ਮਾਣ ਮਰਿਆਦਾ ਬਾਰੇ ਸਿਖਿਆਵਾਂ ਤੋਂ ਲੈ ਕੇ ਜਾਤੀ ਜ਼ਿੰਦਗੀ ਤੱਕ ਦੇ ਤਜਰਬਿਆਂ ਦੀ ਰੌਸ਼ਨੀ 'ਚ ਉਨ੍ਹਾਂ ਵਲੋਂ ਮੈਨੂੰ ਦਿੱਤੀਆਂ ਨਸੀਹਤਾਂ ਨੇ ਮੈਨੂੰ ਅੱਗੇ ਵਧਣ ਦੀ ਹਿੰਮਤ ਦਿੱਤੀ। ਮੈਂ ਉਨ੍ਹਾਂ ਦੀਆਂ ਹਿਦਾਇਤਾਂ ਤੇ ਡਗਮਗਾਉਂਦੇ ਕਦਮ ਰੱਖਣ ਤੇ ਪੁੱਟਣ ਦੀ ਕੋਸ਼ਿਸ਼ ਕਰਦਾ ਤਾਂ ਬਾਬਾ ਬਿਲਗਾ ਮੇਰੇ ਹਰ ਯਤਨ ਨੂੰ ਵਡਿਆਉਂਦੇ ਹੋਏ ਆਖਦੇ, "ਬਹੁਤ ਸੋਹਣਾ! ਬਸ ਕਰੀ ਚਲ। ਦਰਅਸਲ ਤੇਰੀ ਪਹਿਲਾਂ ਹੀ ਏਥੇ ਲੋੜ ਸੀ।"

ਮੇਰੇ ਪੁੱਜਣ ਤੇ ਸਵੇਰੇ ਬਾਬਾ ਜੀ ਇਕੱਲੇ ਆਮ ਤੌਰ 'ਤੇ ਦਫਤਰ ਵਿਚ ਬੈਠੇ ਹੁੰਦੇ। ਮੇਰੇ ਵੱਲੋਂ ਬੁਲਾਉਣ ਤੇ ਉਹ ਆਖਦੇ, "ਕੌਣ ਗਿਣਿਆਂ?"

"ਬਾਬਾ ਜੀ ਮੈਂ ਆਂ ਚਰੰਜੀ ਲਾਲ!"

ਅਖ਼ਬਾਰਾਂ ਦੀਆਂ ਸੁਰਖੀਆਂ ਸੁਨਣ ਲਈ ਬੇਸਬਰੀ ਨਾਲ ਬੈਠੇ ਹੋਏ ਉਹ ਮੈਨੂੰ ਪੁੱਛਦੇ, "ਕੀ ਕਹਿੰਦਾ 'ਅਜੀਤ'? ਉਨ੍ਹਾਂ ਦੀ ਇਸ ਪੁੱਛ ਦਾ ਅਰਥ ਹੁੰਦਾ ਸੀ ਸਾਰੀਆਂ ਅਖ਼ਬਾਰਾਂ ਉਨ੍ਹਾਂ ਨੂੰ ਪੜ੍ਹ ਕੇ ਸੁਣਾਉਣੀਆਂ।

ਸਾਰੀਆਂ ਅਖ਼ਬਾਰਾਂ ਪੜ੍ਹ ਕੇ ਸੁਣਾਉਣ ਨਾਲ ਮੇਰੀ ਤਾਜ਼ਗੀ ਲਹਿ ਜਾਂਦੀ ਪ੍ਰੰਤੂ ਮੇਰੇ ਵੱਲੋਂ ਜ਼ੋਰ ਲਾ ਲਾ ਪੜ੍ਹਕੇ ਸੁਣਾਈਆਂ ਖ਼ਬਰਾਂ ਨਾਲ ਬਾਬਾ ਬਿਲਗਾ ਜੀ ਦੀ ਦਿਨ ਭਰ ਲਈ ਸੁਸਤੀ ਦੂਰ ਹੋ ਜਾਂਦੀ। ਉਹਨਾਂ ਨੂੰ ਦਿਸਦਾ ਨਹੀਂ ਸੀ ਤੇ ਸੁਣਦਾ ਵੀ ਘਟ ਸੀ। ਅਖੀਰ ਆਖਦੇ, "ਅੱਛਾ! ਹੁਣ ਆਪਣਾ ਅਖ਼ਬਾਰ ਵੀ ਸੁਣਾ ਦੇ, ਕੀ ਕਹਿੰਦਾ ਇਹ, ਤੇ ਚਲਾ ਜਾਈਂ, ਤੂੰ ਆਪਣੇ ਕੰਮ ਵੀ ਕਰਨੇ ਆਂ।"

ਆਪਣੇ ਅਖ਼ਬਾਰ ਤੋਂ ਉਹਨਾਂ ਦਾ ਭਾਵ 'ਨਵਾਂ ਜ਼ਮਾਨਾ' ਤੋਂ ਹੁੰਦਾ ਸੀ। ਜਿਸਨੂੰ ਸੁਣੇ ਤੋਂ ਬਿਨਾ ਉਹਨਾਂ ਦੀ ਆਤਮਾ ਤ੍ਰਿਪਤ ਨਹੀਂ ਸੀ ਹੁੰਦੀ।

"ਵਾਹ! ਓ! ਚਰੰਜੀ! ਹੁਣ ਤੂੰ ਸ਼ਰਮੇ ਦਾ ਕੰਮ ਕਰਨ ਲੱਗ ਗਿਆਂ, ਦਿਸਦਾ ਭਾਵੇਂ ਨਹੀਂ? ਮੈਨੂੰ ਤੇਰੇ ਬਾਰੇ ਸਭ ਪਤਾ ਲੱਗਦਾ ਰਹਿੰਦਾ।" ਪਿੰ. ਰਾਮ ਸਰੂਮ ਸ਼ਰਮਾ ਲਾਡੋਵਾਲੀ ਦੇ ਪੌਲੀਟੈਕਨਿਕ ਵਿਚੋਂ ਸੇਵਾਮੁਕਤ ਹੋ ਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਬਣੇ, ਬੜੇ ਸਖਤ ਸੁਭਾਅ ਦੇ ਉਹ ਕਿਸੇ ਨੂੰ ਵੀ ਬਖਸ਼ਦੇ ਨਹੀਂ ਸਨ। ਦੇਸ਼ ਭਗਤ ਯਾਦਗਾਰ ਲਾਇਬਰੇਰੀ ਨੂੰ ਨਿਯਮਬੰਦ ਕਰਨ ਲਈ ਉਨ੍ਹਾਂ ਦੀਆਂ ਸੇਵਾਵਾਂ ਜਿਕਰਯੋਗ ਹਨ।

ਜਦੋਂ ਵੀ ਬਾਬਾ ਜੀ ਇੰਗਲੈਂਡ ਤੋਂ ਵਾਪਸ ਆਉਂਦੇ ਤਾਂ ਉਹ ਮੇਰੇ ਵਲ ਆਉਣ ਲਈ ਪੌੜੀਆਂ ਚੜ੍ਹਦੇ। ਉਨ੍ਹਾਂ ਦੀ ਖੂੰਡੀ ਦੀ ਠੱਕ-ਠੱਕ ਸੁਣਾਈ ਦੇਣ ਤੇ ਮੈਂ ਉਨ੍ਹਾਂ ਨੂੰ ਰਾਹ ਚੋਂ ਫੜ ਕੇ ਆਪਣੇ ਕੋਲ ਲਿਆ ਬਿਠਾਉਂਦਾ। ਠੀਕ ਤਰ੍ਹਾਂ ਬੈਠ ਕੇ ਉਹ ਮੈਨੂੰ ਮੇਰੇ ਕੀਤੇ ਕੰਮਾਂ ਬਾਰੇ ਪੁੱਛਦੇ। ਮੇਰੀਆਂ ਲਿਖਤਾਂ ਸੁਨਣ ਤੋਂ ਬਾਅਦ ਉਹ ਕਦੇ-ਕਦੇ ਆਖ ਦਿੰਦੇ "ਚਰੰਜੀ ਕਰੀ ਚਲ ਇਹ ਲਾਇਬ੍ਰੇਰੀ ਨੂੰ ਆਪਾਂ ਰਿਸਰਚ ਸੈਂਟਰ ਬਣਾਉਣਾ। ਤੈਨੂੰ ਪਤਾ ਕਿ ਮੈਨੂੰ ਪਤਾ ਲਗ ਜਾਵੇ ਸਈਂ ਕਿ ਫਲਾਣੀ ਕਿਤਾਬ ਕਿਥੇ ਪਈ ਆ ਤਾਂ ਮੈਂ ਉਹਨੂੰ ਪ੍ਰਾਪਤ ਕਰਕੇ ਹਟਦਾਂ, ਪਰ ਇਕ ਗੱਲ ਆ ਮੈਂ ਕਿਤਾਬ ਕਦੇ ਚੋਰੀ ਨਹੀਂ ਕੀਤੀ।" ਬਾਬਾ ਜੀ ਵਿਦੇਸ਼ 'ਚੋਂ ਹਰ ਆਏ ਨੂੰ ਉਥੋਂ ਦੀਆਂ ਆਰਕਾਈਵ ਵਿਚੋਂ ਕੁਝ ਨਾ ਕੁਝ ਲਿਆਉਣ ਲਈ ਪ੍ਰੇਰਦੇ ਰਹਿੰਦੇ। ਢੇਹਪੁਰ ਵਾਲੇ ਹਰਬੰਸ ਸਿੰਘ ਨੇ ਲੰਡਨ ਦੀ ਆਰਕਾਈਵ ਵਿਚੋਂ ਥੋੜ੍ਹੇ-ਥੋੜ੍ਹੇ ਕਰਕੇ Indian Socialogist ਦੇ ਲਗਭਗ ਸਾਰੇ ਅੰਕ ਲਿਆ ਕੇ ਬਾਬਾ ਜੀ ਅਗੇ ਧਰੇ ਜਿਹੜੇ ਦੇਸ਼ ਭਗਤ ਲਾਇਬ੍ਰੇਰੀ ਦਾ ਅਮੁੱਲ ਸਰਮਾਇਆ ਹਨ। ਉਹ ਜਦੋਂ ਵੀ ਇੰਗਲੈਂਡ ਤੋਂ ਆਉਂਦਾ ਤਾਂ ਕੋਈ ਨਾ ਕੋਈ ਸੌਗਾਤ ਲਾਇਬ੍ਰੇਰੀ ਲਈ ਲਿਆਉਂਦਾ।

ਕਾਮਰੇਡ ਰਘਬੀਰ ਸਿੰਘ ਛੀਨਾ ਅਤੇ ਕਾਮਰੇਡ ਰਾਜੇਸ਼ਵਰ ਸਿੰਘ ਚਮਿਆਰੀ ਪ੍ਰਤੀ ਆਦਰ ਬਾਬਾ ਬਿਲਗਾ ਜੀ ਦੇ ਅੰਦਰ ਖਾਸ ਕਿਸਮ ਦਾ ਸੀ। ਮੇਰੀ ਜਾਚੇ ਇਹ ਉਨ੍ਹਾਂ ਦੇ ਤਿਆਗੀ ਜੀਵਨ ਕਰਕੇ ਸੀ। ਜਦੋਂ ਕਾਮਰੇਡ ਰਾਜੇਸ਼ਵਰ ਕੁਝ ਦਿਨਾਂ ਲਈ ਚਲੇ ਜਾਂਦੇ ਤਾਂ ਬਾਬਾ ਬਿਲਗਾ ਪੁੱਛਦੇ ਰਹਿੰਦੇ, 'ਓ ਅੰਬਰਸਰੀਏ ਭਾਈ ਸਾਹਿਬ ਨੇ ਬਈ ਕਦੋਂ ਆਉਣਾ। ਬੜੇ ਦਿਨ ਹੋ ਗਏ ਹੁਣ ਤਾਂ?" ਜਦੋਂ ਕਿ ਰਘਬੀਰ ਸਿੰਘ ਛੀਨਾ ਜੀ ਨੂੰ ਉਹ ਜੁਆਈ-ਭਾਈ ਸਮਝਦੇ।

ਬਾਬਾ ਜੀ ਜਾਣਦੇ ਹੋਏ ਕਿ ਇਨਕਲਾਬੀ ਲਹਿਰਾਂ ਖਾਸ ਕਰਕੇ ਗ਼ਦਰ ਲਹਿਰ ਬਾਰੇ ਖੋਜ ਦਾ ਕੰਮ ਹੋਇਆ ਨਹੀਂ, ਇਸੇ ਕਰਕੇ ਉਹਨਾਂ ਅੰਦਰ ਇਹ ਤੜਪ ਸੀ ਕਿ ਇਸ ਉਪਰ ਕੰਮ ਕਰਨ ਵਾਲੇ ਵਧੇਰੇ ਹੋਣ। ਕਈ ਵਾਰ ਅਜਿਹੀਆਂ ਗੱਲਾਂ ਕਰਦੇ ਕਰਦੇ ਉਹ ਖਫ਼ਾ ਹੋ ਜਾਂਦੇ। ਇਕ ਵਾਰ ਪ੍ਰੋ. ਕਿਰਪਾਲ ਸਿੰਘ ਕਸੇਲ, ਗਿਆਨੀ ਕੇਸਰ ਸਿੰਘ ਨਾਵਲਿਸਟ ਮੇਲੇ ਦੇ ਮੌਕੇ ਆਏ। ਕਸੇਲ ਸਾਹਿਬ ਨੇ ਬਾਬਾ ਜੀ ਨੂੰ ਆਪਣੇ ਤਾਇਆ ਬਾਬਾ ਹਰਨਾਮ ਸਿੰਘ ਕਸੇਲ ਦੇ ਬਾਰੇ ਕੁਝ ਆਖ ਦਿੱਤਾ ਤਾਂ ਬਾਬਾ ਜੀ ਤਲਖ ਹੋਏ ਉਸਨੂੰ ਕਹਿਣ ਲੱਗੇ, "ਉਹ ਕਿਰਪਾਲ ਸਿਹਾਂ ਤੂੰ ਆਪਣੇ ਤਾਏ ਦੀ ਰਟ ਲਾਈ ਰੱਖਦਾ, ਤੇਰੇ ਪਿੰਡ ਦਾ ਮਹਾਨ ਗ਼ਦਰੀ ਹੋਇਆ ਉਸ ਦੀ ਗੱਲ ਵੀ ਕਰ ਲਿਆ ਕਰ।" ਬਾਬਾ ਜੀ ਦਾ ਭਾਵ ਮਾਸਟਰ ਸ਼ਹੀਦ ਊਧਮ ਸਿੰਘ ਕਸੇਲ ਤੋਂ ਸੀ।

ਕਾ. ਪ੍ਰਕਾਸ਼ ਕਰਤ ਦੀ ਆਈ ਪੁਸਤਕ ਪੜ੍ਹ ਕੇ ਕਾਮਰੇਡ ਨੌਨਿਹਾਲ ਤੇ ਮੈਂ ਬਾਬਾ ਜੀ ਕੋਲ ਥੱਲੇ ਆਏ, ਕਾ. ਨੌਨਿਹਾਲ ਹੁਣਾਂ ਬਾਬਾ ਜੀ ਨੂੰ ਪੁੱਛਿਆ ਕਿ ਭਾਰਤ ਸਾਂਝੀਵਾਲ

ਐਸੋਸੀਏਸ਼ਨ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਹੈ? ਬਾਬਾ ਜੀ ਨੇ ਕਿਹਾ ਸਾਂਝੀਵਾਲਤਾ ਦੀ ਚਰਚਾ ਤਾਂ ਹੁੰਦੀ ਸੁਣੀ ਸੀ ਪਰ ਮੈਨੂੰ ਇਹਦੇ ਬਾਰੇ ਪੂਰੀ ਜਾਣਕਾਰੀ ਨਹੀਂ ਕੀ, ਕੁਝ ਪਤਾ ਲੱਗਾ ਤਾਂ ਇਸ ਤੇ ਹੋਰ ਦਰਿਆਫਤ ਕਰੋ। ਮੈਂ ਇਸ ਮਹਾਨ ਦੇਸ਼ ਭਗਤ ਦੀ ਜੀਵਨੀ ਲਿਖਣ ਦਾ ਕੰਮ ਬਾਬਾ ਬਿਲਗਾ ਦੀ ਪ੍ਰੇਰਣਾ ਨਾਲ ਆਰੰਭਿਆ ਸੀ। ਕਿਤਾਬ ਛਪਣ ਤੋਂ ਪਹਿਲਾਂ ਬਾਬਾ ਜੀ ਇੰਗਲੈਂਡ ਚਲੇ ਗਏ ਸਨ। ਪਿਛੋਂ ਪੁਸਤਕ ਛਪੀ ਤਾਂ ਉਨ੍ਹਾਂ ਦੇ ਵੱਡੇ ਲੜਕੇ ਕੁਲਬੀਰ ਸਿੰਘ ਰਾਹੀਂ ਕੁਝ ਕਾਪੀਆਂ ਇੰਗਲੈਂਡ ਪੁੱਜ ਗਈਆਂ ਸਨ। ਉਸ ਸਮੇਂ ਬਾਬਾ ਜੀ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ। ਉਨ੍ਹਾਂ ਦੇ ਸਪੁੱਤਰ ਸ. ਪ੍ਰੇਮ ਸਿੰਘ ਰਾਹੀਂ ਪਤਾ ਲਗਿਆ ਸੀ ਕਿ ਆਪਣੇ ਆਖਰੀ ਪੜਾਅ ਵਿਚ ਮਾ. ਊਧਮ ਸਿੰਘ ਕਸੇਲ ਦੀ ਜੀਵਨੀ ਵਾਲੀ ਪੁਸਤਕ ਦਾ ਉਹ ਹਰ ਰੋਜ਼ ਪਾਠ ਸੁਣਦੇ-ਸੁਣਦੇ ਥੱਕ ਜਾਣ ਤੇ ਬਾਬਾ ਜੀ ਪੁਸਤਕ ਨੂੰ ਆਪਣੀ ਛਾਤੀ ਨਾਲ ਲਾ ਲੈਂਦੇ। ਕਾ. ਪ੍ਰੇਮ ਸਿੰਘ ਤੋਂ ਇਹ ਖ਼ਬਰ ਸੁਣ ਕੇ ਮੈਂ ਸੰਤੁਸ਼ਟ ਹੋ ਗਿਆ ਕਿ ਬਾਬਾ ਜੀ ਦੀ ਉਹ ਇੱਛਾ ਪੂਰੀ ਹੋ ਗਈ ਜਿਸ ਲਈ ਉਹ ਬਹੁਤ ਕਲਪਦੇ ਹੁੰਦੇ ਸਨ। ਬਾਬਾ ਅਮਰ ਸਿੰਘ ਸੰਧਵਾਂ ਦੀ ਪੁਸਤਕ ਲਿਖਣ ਪਿੱਛੇ ਵੀ ਬਾਬਾ ਬਿਲਗਾ ਜੀ ਦੀ ਪ੍ਰੇਰਣਾ ਸੀ। ਉਹ ਆਖਦੇ ਹੁੰਦੇ," ਆਹ ਜਿਹੜੀਆਂ ਕੁਰਸੀਆਂ 'ਤੇ ਆਪਾਂ ਬੈਠੇ ਆ ਇਹ ਬਾਬਾ ਅਮਰ ਸਿੰਘ ਸੰਧਵਾਂ ਦੀ ਦੇਣ ਸਦਕੇ ਆ।"

ਵਿਛੋੜਾ ਦੇ ਜਾਣ ਤੋਂ ਪਹਿਲਾਂ ਇਕ ਵਾਰ ਜਦੋਂ ਉਹ ਇੰਗਲੈਂਡ ਤੋਂ ਪਰਤੇ ਤਾਂ ਕਾਮਰੇਡ ਮੁਬਾਰਕ ਸਾਗਰ ਬਾਰੇ ਮੇਰਾ ਲੇਖ ਨਵਾਂ ਜ਼ਮਾਨਾ ਵਿਚ ਛਪ ਚੁੱਕਾ ਸੀ। ਉਹ ਖੂੰਡੀ ਖੜਕਾਉਂਦੇ ਮੇਰੇ ਕੋਲ ਉਪਰ ਆਏ ਤਾਂ ਮੈਨੂੰ ਪੁੱਛਦੇ, ਮੈਨੂੰ ਦਸ ਮੇਰੇ ਪਿਛੋਂ ਕੀ ਕੁਝ ਲਿਖਿਆ, ਕੰਮਾਂ ਦੀ ਰਿਪੋਰਟ ਕਰਨ ਪਿਛੋਂ ਮੈਂ ਜਦੋਂ ਮੁਬਾਰਕ ਸਾਗਰ ਦੇ ਛਪੇ ਲੇਖ ਬਾਰੇ ਦੱਸਿਆ ਤਾਂ ਬਾਬਾ ਜੀ ਚੌਂਕ ਗਏ ਤੇ ਕਹਿੰਦੇ, "ਪਹਿਲਾਂ ਮੈਨੂੰ ਤੂੰ ਉਹ ਸੁਣਾ ਫੇਰ ਮੈਂ ਤੈਨੂੰ ਦਸਦਾ ਉਹਦੇ ਬਾਰੇ। ਮੈਂ ਜਦੋਂ ਲੇਖ ਸੁਣਾਇਆ ਤਾਂ ਬਾਬਾ ਜੀ ਆਪਣੀ ਖੂੰਡੀ ਦੀ ਮੁੱਠ ਉਪਰ ਠੋਡੀ ਟਿਕਾਈ ਮੰਤਰ-ਮੁਗਧ ਹੋਏ ਸ਼ੁੱਧ-ਬੁਧ ਗੁਆ ਬੈਠੇ। ਮੇਰੇ ਚੁੱਪ ਹੋ ਜਾਣ ਤੇ ਉਹ ਖੂੰਡੀ ਤੋਂ ਸਿਰ ਚੁੱਕ ਕੇ ਕਹਿੰਦੇ "ਚਰੰਜੀ ਤੂੰ ਮੈਨੂੰ ਦੱਸ ਕੇ ਤੈਨੂੰ ਉਹਦੀ ਜ਼ਿੰਦਗੀ ਦੇ ਏਨੇ ਭੇਦਾਂ ਬਾਰੇ ਕਿਥੋਂ ਪਤਾ ਲਗਾ? ਤੈਨੂੰ ਪਤਾ ਇਸ ਦਰਵੇਸ਼ ਇਨਕਲਾਬੀ ਨਾਲ ਮੇਰਾ ਏਨਾ ਸਨੇਹ ਸੀ ਕਿ ਮੈਂ ਆਪਣੇ ਪੋਤੇ ਦਾ ਨਾਂ ਉਹਦੇ ਨਾਂ ਤੇ ਮੁਬਾਰਕ ਰਖਿਆ।" ਉਹਨੇ ਅਜ਼ਾਦੀ ਲਈ ਸੰਘਰਸ਼ ਕਰਦਿਆਂ 24-25 ਸਾਲ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਬਿਤਾਏ। ਦੇਸ਼ ਆਜ਼ਾਦ ਹੋਇਆ ਤਦ ਵੀ ਉਹ ਤੇ ਉਜਾਗਰ ਸਿੰਘ 'ਉਲਟ' ਜਲੰਧਰ ਦੀ ਜੇਲ੍ਹ ਵਿਚ ਬੰਦ ਸੀ। ਨਾ ਚਾਹੁੰਦਾ ਹੋਇਆ ਉਹ ਮਜਬੂਰੀ ਵਸ ਪਾਕਿਸਤਾਨ ਚਲਾ ਤਾਂ ਗਿਆ ਪਰੰਤੂ ਉਥੇ ਵੀ ਉਹਨੂੰ ਹਾਕਮਾਂ ਨੇ ਜੇਲ੍ਹ 'ਚ ਸੁੱਟੀ ਰਖਿਆ। ਉਸਨੂੰ ਆਜ਼ਾਦੀ ਮਾਣਨ ਦਾ ਇਕ ਪਲ ਵੀ ਨਸੀਬ ਨਾ ਹੋਇਆ।" ਖ਼ੈਰ ਗੱਲ ਹੋਰ ਪਾਸੇ ਪਾਉਂਦਿਆਂ ਉਹ ਆਖਣ ਲੱਗੇ, "ਮੈਨੂੰ ਤੇਰੇ ਤੇ ਆ, ਬਹੁਤ ਸੋਹਣਾ ਕਰੀ ਜਾਨਾ, ਆਲਾ-ਦੁਆਲਾ ਨਾ ਦੇਖੀ, ਕੋਈ ਗੱਲ ਹੋਵੇ ਮੈਨੂੰ ਨਿਝੱਕ ਕਹਿ ਦੇਈਂ।" ਇਤਿਹਾਸ ਬਾਰੇ ਵਿਚਾਰਾਂ ਕਰਦੇ ਉਨ੍ਹਾਂ ਦੀ ਗੱਲ ਨੂੰ ਮੈਂ ਕਦੇ ਟੋਕ ਦਿੰਦਾ ਤਾਂ ਆਦਤਨ ਉਹ ਆਖਦੇ, "ਉਹ ਠਹਿਰ ਤਾਂ ਸਹੀਂ, ਤੂੰ ਅਗੋਂ ਘੇਰ ਲੈਂਦਾ! ਮੈਨੂੰ ਪਤਾ ਭਈ ਤੂੰ ਜਾਣਦੈ, ਪਰ ਮੇਰੀ ਵੀ ਸੁਣ ਲੈ ਪਹਿਲਾਂ।" ਮੇਰੀਆਂ ਸੇਵਾਵਾਂ ਤੋਂ ਖੁਸ਼ ਹੋ ਕੇ ਕਾ. ਗੰਧਰਵ ਸੈਨ ਤੇ ਬਾਬਾ ਬਿਲਗਾ ਜੀ ਵੱਲੋਂ ਮੈਨੂੰ ਸਨਮਾਨਤ ਵੀ ਕੀਤਾ ਗਿਆ ਸੀ।

ਬਾਬਾ ਬਿਲਗਾ ਜੀ ਦੀ ਬੇਟੀ ਤਰਸੇਮ ਕੌਰ ਦੀ ਮੌਤ ਉਨ੍ਹਾਂ ਲਈ ਸਾਰੀ ਉਮਰ ਦਾ ਝੋਰਾ ਬਣ ਗਈ ਸੀ, ਜਿਹੜਾ ਉਹ ਉਦੋਂ ਲਾਜ਼ਮੀ ਪਰਗਟ ਕਰਦੇ ਜਦੋਂ ਕੋਈ ਲੜਕੀ ਜਾਂ ਔਰਤ ਦੇਸ਼ ਭਗਤ ਹਾਲ ਆਈ ਉਨ੍ਹਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਕਰਦੀ। ਉਹ ਮੋਹ ਭਰੀਆਂ ਗੱਲਾਂ ਕਰਦੇ-ਕਰਦੇ ਅਖੀਰ ਆਪਣੀ ਵਿਛੜ ਚੁੱਕੀ ਲੜਕੀ ਬਾਰੇ ਗੱਲਾਂ ਛੇੜ ਦਿੰਦੇ। ਇਕ ਵਾਰੀ ਉਨ੍ਹਾਂ ਦੇ ਕਮਰੇ ਵਿਚ ਮੇਰੀ ਘਰਵਾਲੀ ਬੈਠੀ ਹੋਈ ਸੀ। ਕਾ. ਚੂਹੜ ਸਿੰਘ ਨੇ ਬਾਬਾ ਜੀ ਨੂੰ ਦੱਸ ਦਿੱਤਾ ਕਿ , "ਬਾਬਾ ਜੀ ਇਨ੍ਹਾਂ ਦੀ ਲੜਕੀ ਤੁਹਾਤੋਂ ਪਿੱਛੋਂ ਗੁਜ਼ਰ ਗਈ।" ਬਾਬਾ ਜੀ ਸੁਣ ਕੇ ਗੁੰਮ ਸੁੰਮ ਹੋ ਗਏ। "ਉਂ... ਹੂੰ... ਬੜਾ ਮਾੜਾ ਹੋਇਆ।" ਮੈਨੂੰ ਲੱਗਾ ਜਿਵੇਂ ਉਨ੍ਹਾਂ ਦੇ ਅੰਦਰ ਦਾ ਕੋਈ ਜਖ਼ਮ ਛਿਲਿਆ ਗਿਆ ਹੋਵੇ। ਪਿੱਛੋਂ ਯਾਦ ਆਇਆ ਕਿ ਮੇਰੀ ਧੀ ਦਾ ਸੁਣ ਕੇ ਉਨ੍ਹਾਂ ਨੂੰ ਆਪਣੀ ਵਿਛੜੀ ਧੀ ਯਾਦ ਆ ਗਈ ਸੀ। ਆਪਣਾ ਦੁੱਖ ਦੱਸ ਕਿ ਮੇਰੀ ਘਰਵਾਲੀ ਨੂੰ ਉਹ ਕਹਿੰਦੇ, "ਚਲ! ਪੁੱਤ ਹੁਣ ਕੋਈ ਗ਼ਮ ਦਿਲ ਨੂੰ ਨਾ ਲਾ ਬੈਠੀ। ਮੈਨੂੰ ਤਾਂ ਹੁਣ ਸਾਰੀਆਂ ਧੀਆਂ ਆਪਣੀਆਂ ਈ ਲੱਗਦੀਆਂ।"

ਇਕ ਵਾਰ ਖੁਰਦਪੁਰੋਂ ਭਾਈ ਬਲਵੰਤ ਸਿੰਘ ਤੇ ਭਾਈ ਰੰਗਾ ਸਿੰਘ ਸਬੰਧੀ ਸਮਾਗਮ ਤੋਂ ਮੁੜਦਿਆਂ ਗੱਡੀ ਵਿਚ ਆ ਰਹੇ ਸਾਂ। ਉਹ ਕਹਿੰਦੇ, "ਉਹ ਚਰੰਜੀ ਤੇਰੇ ਘਰ ਰੁਕ ਕੇ ਚੱਲਣਾ।" ਸਾਡੇ ਨਾਲ ਕਾਮਰੇਡ ਚੂਹੜ ਸਿੰਘ ਵੀ ਸੀ। ਜਿਹੜੀ ਗੱਲ ਮੈਂ ਕਹਿਣ ਨੂੰ ਜਕੋ-ਤਕੋ 'ਚ ਸਾਂ, ਉਹ ਬਾਬਾ ਜੀ ਨੇ ਕਹਿ ਦਿੱਤੀ, ਵਾਪਸੀ ਤੇ ਘਰ ਪੁੱਜ ਕੇ ਚਾਹ-ਪਾਣੀ ਪੀ ਕੇ ਕਹਿਣ ਲੱਗੇ, "ਚਰੰਜੀ! ਵਾਜ ਮਾਰ ਕੁੜੀ ਨੂੰ।" ਉਨ੍ਹਾਂ ਦਾ ਕੁੜੀ ਤੋਂ ਭਾਵ ਮੇਰੀ ਪਤਨੀ ਸੀ।

ਬਾਬਾ ਬਿਲਗਾ ਜੀ ਦੇ ਘਰ 'ਚ ਪੈਰ ਪਾਉਣ ਤੇ ਮੇਰੇ ਘਰਵਾਲੀ ਖੁਸ਼ੀ 'ਚ ਖੀਵੀ ਹੋਈ ਉਨ੍ਹਾਂ ਦੇ ਕੋਲ ਬੈਠ ਗਈ। ਮੈਂ ਆਪਣੇ ਪੋਤਰੇ ਸੁਮੀਤ ਨੂੰ ਅਗੇ ਕਰਕੇ ਦੱਸਿਆ ਤਾਂ ਬਾਬਾ ਜੀ ਉਸਨੂੰ ਕਲਾਵੇ 'ਚ ਲੈ ਕੇ ਮੇਰੀ ਪਤਨੀ ਨੂੰ ਕਹਿਣ ਲੱਗੇ "ਬੱਚੀਏ ਮੈਨੂੰ ਲਗਦਾ ਘਰ ਤੇਰੇ ਸਿਰ ਤੇ ਚੱਲਦਾ, ਚਰੰਜੀ ਹੁਣ ਸਾਡੇ ਬਸ ਪੈ ਗਿਆ। ਕੋਸ਼ਿਸ਼ ਰੱਖੀ, ਘਰ ਤੇ ਰਿਸ਼ਤੇਦਾਰੀਆਂ ਦੇ ਝਮੇਲਿਆਂ ਤੋਂ ਇਹਨੂੰ ਦੂਰ ਈ ਰੱਖੀਂ। ਮੈਨੂੰ ਲੱਗਦਾ ਤੂੰ ਦਲੇਰ ਆਂ ਤੇ ਇਹਨੂੰ ਵੀ ਤੂੰ ਐਵੇਂ ਨਾ ਸਮਝੀ, ਚੱਲ ਛੱਡ ਤੂੰ ਜ਼ਿਆਦਾ ਜਾਣਦੀ ਆਂ ਜ਼ਨਾਨੀ ਹੀ ਚੰਗੀ ਤਰ੍ਹਾਂ ਘਰ ਨੂੰ ਚਲਾ ਸਕਦੀ ਆ। ਮੈਂ ਤੈਨੂੰ ਦਸਦਾ ਆਪਣੀ ਘਰਵਾਲੀ ਬਾਰੇ! ਬੜੀ ਬਹਾਦਰ ਸੀ ਉਹ, ਚੰਗੇ ਖਾਨਦਾਨ ਦੀ ਧੀ ਸੀ ਵਿਆਹ ਤੋਂ ਬਾਅਦ ਜਿਵੇਂ ਉਹਨੇ ਘਰ ਚਲਾਇਆ, ਉਸ ਸੀਹਣੀ ਦਾ ਹੀ ਕੰਮ ਸੀ। ਪੁਲਸ ਤਾਂ ਨਿੱਤ ਤੁਰੀ ਰਹਿੰਦੀ, ਉਹ ਨਹੀਂ ਸੀ ਡਰਦੀ ਹੁੰਦੀ, ਚੁੱਲ੍ਹਾ-ਚੌਂਕਾ ਕਰਦੀ ਤੇ ਜੇ ਪੁਲਸ ਆ ਜਾਣੀ ਤਾਂ ਦੇਖਦੇ ਸਾਰ ਘੋਟਣਾ ਚੁੱਕ ਉਨ੍ਹਾਂ ਦੇ ਸੌਂਹੇ ਹੋ ਆਖਦੀ, "ਇਥੇ ਹੁਣ ਕਿੱਦਾਂ ਆਏ ਓ! ਲੱਭੋਂ ਆਪਣੇ ਪਤੰਦਰ ਨੂੰ ਜਿੱਥੋਂ ਲੱਭਦਾ।" ਪੁਲੀਸ ਨੂੰ ਪੁੱਛਣ ਦੀ ਹਿੰਮਤ ਈ ਨਾ ਪੈਂਦੀ ਅੱਗੋਂ, ਚੁੱਪ ਕੀਤੇ ਮੁੜ ਜਾਂਦੀ। ਮੇਰੇ ਤੋਂ ਬਹੁਤ ਦੇਰ ਦੀ ਵਿਛੜ ਚੁੱਕੀ ਆ, ਮੈਂ ਉਸ ਬਹਾਦਰ ਔਰਤ ਨੂੰ ਸਲਾਮ ਕਰਦੈਂ! ਪੁੱਤ ਤੂੰ ਠੀਕ ਤਾਂ ਰਹਿੰਦੀ ਆਂ ਨਾ?" "ਬਾਬਾ ਜੀ ਮੈਨੂੰ ਰੀੜ੍ਹ ਦੀ ਹੱਡੀ ਦੀ ਕਸਰ ਆ।" ਮੇਰੀ ਘਰਵਾਲੀ ਉੱਤਰ ਦਿੰਦੀ। "ਮੈਂ ਗੋਲੀਆਂ ਭੇਜਦਾ ਅੱਜ ਈ, ਉਹਦੇ ਨਾਲ ਤੂੰ ਠੀਕ ਹੋ ਜਾਊਂਗੀ। ਚੰਗਾ ਪੁੱਤ! ਇਹਨੂੰ ਕੰਮ ਤੋਂ ਹਟਾ ਕੇ ਲਿਆਏ ਆਂ, ਅਸੀਂ ਹੁਣ ਚੱਲੀਏ। ਉਹ ਚਰੰਜੀ! ਇਹ ਕੁੜੀ ਦਾ ਖਿਆਲ ਰੱਖਿਆ ਕਰ, ਘਰ ਇਹੋ ਸਾਂਭ ਸਕਦੀਆਂ। ਬੰਦੇ ਦੀ ਜ਼ਿੰਦਗੀ ਇਨ੍ਹਾਂ ਨਾਲ ਈ ਆ। ਮੇਰੇ ਵਲ ਦੇਖ ਲਾ! ਚੰਗਾ ਪੁੱਤ!" ਉਸੇ ਦਿਨ ਮੈਨੂੰ

ਮੱਛੀ ਦੇ ਤੇਲ ਵਾਲੇ ਕੈਪਸੂਲਾਂ ਦੀ ਸ਼ੀਸ਼ੀ ਦਿੰਦੇ ਬਾਬਾ ਜੀ ਮੈਨੂੰ ਕਹਿੰਦੇ, "ਇਹ ਮੁੱਕ ਜਾਣਗੀਆਂ ਤਾਂ ਹੋਰ ਮੰਗਵਾ ਲਾਂਗੇ। ਪ੍ਰੇਮ ਹੁਰੀਂ ਇੰਡੀਆ ਆਉਣ ਆਲੇ ਈ ਆ।" ਅੱਜ ਵੀ ਕਿਤੇ ਘਰ 'ਚ ਗੱਲ ਚੱਲੇ ਤਾਂ ਮੇਰੀ ਘਰਵਾਲੀ ਦੇ ਇਹ ਕਹਿਣ ਨਾਲ ਹੀ ਖਤਮ ਹੁੰਦੀ ਹੈ, "ਬਾਬਾ ਬਹੁਤ ਚੰਗਾ ਸੀ।"

1959 ਦੇ ਸ਼ੁਰੂ 'ਚ ਖੁਸ਼ਹੈਸੀਅਤੀ ਟੈਕਸ ਦੇ ਫੁਰਮਾਨ ਨੇ ਪੰਜਾਬ ਦੇ ਕਿਸਾਨਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਟੈਕਸ ਉਗਰਾਹੀ ਲਈ ਆਰਡੀਨੈਂਸ ਜਾਰੀ ਕਰਕੇ ਦਬਾਅ ਪਾਉਣਾ ਸ਼ੁਰੂ ਕੀਤਾ ਤਾਂ ਕਿਸਾਨ ਹਰਕਤ ਵਿਚ ਆਉਣੇ ਸ਼ੁਰੂ ਹੋ ਗਏ। ਕਿਸਾਨਾਂ 'ਚ ਹਲਚਲ ਪੈਦਾ ਹੋਣ ਦਾ ਇਕ ਹੋਰ ਕਾਰਨ ਵੀ ਸੀ ਕਿ ਕੁਝ ਸਮਾਂ ਪਹਿਲਾਂ ਆਏ ਜ਼ੋਰਦਾਰ ਹੜ੍ਹਾਂ ਨੇ ਉਨ੍ਹਾਂ ਦੀ ਹਾਲਤ ਪਹਿਲਾਂ ਹੀ ਬਦਤਰ ਕਰ ਦਿੱਤੀ ਹੋਈ ਸੀ। ਕਿਸਾਨਾਂ ਵਿਚ ਇਸ ਨਵੇਂ ਟੈਕਸ ਦੀ ਗੱਲ ਸੁਣਦਿਆਂ ਹੀ ਗੁੱਸਾ ਤੇ ਰੋਹ ਭਰ ਗਿਆ ਤੇ ਉਹ ਇਸ ਵਿਰੁੱਧ ਸਰਕਾਰ ਨਾਲ ਟੱਕਰ ਲੈਣ ਲਈ ਕਮਰਕੱਸੇ ਕਰਨ ਲੱਗ ਪਏ। ਉਦੋਂ ਮੈਂ ਬਾਲਪਨ ਚੋਂ ਨਿਕਲ ਚੁੱਕਾ ਸੀ।

ਕੇਂਦਰ ਸਰਕਾਰ ਦੁਆਰਾ ਭਾਖੜਾ ਡੈਮ ਬਣਾਉਣ ਦੇ ਸਿੱਟੇ ਵਜੋਂ ਪੰਜਾਬ ਸਿਰ ਕੇਂਦਰ ਦਾ ਇੱਕ ਸੌ ਚਾਰ ਕਰੋੜ ਰੁਪਏ ਦਾ ਕਰਜ਼ਾ ਹੋ ਗਿਆ ਸੀ। ਇਸ ਵਿਚ ਸਵਾ ਚਾਰ ਫੀਸਦੀ ਪਿਛਲੇ ਗਿਆਰਾਂ ਸਾਲਾਂ ਦਾ ਸੂਦ ਦਰ ਸੂਦ ਮਿਲਾ ਦਿੱਤਾ ਜਾਣਾ ਸੀ। ਕੇਂਦਰ ਨੂੰ ਪੰਜਾਬ ਨੇ 50 ਕਰੋੜ ਰੁਪਏ ਅਦਾ ਕਰਨੇ ਸਨ ਜੋ ਕਿਸਾਨਾਂ ਤੋਂ ਟੈਕਸ ਰਾਹੀਂ ਉਗਰਾਹੇ ਜਾਣੇ ਸਨ। ਇਸ ਟੈਕਸ ਨੂੰ 'ਖੁਸ਼ਹੈਸੀਅਤ ਟੈਕਸ' ਦਾ ਨਾਂਅ ਦਿੱਤਾ ਗਿਆ। ਬਾਕੀ ਦਾ 54 ਕਰੋੜ ਰੁਪਇਆ ਪੰਜਾਬ ਦਾ ਆਬਿਆਨਾ ਸੂਦ ਵਜੋਂ ਦਿੱਤਾ ਜਾਣਾ ਸੀ ਤੇ ਵਸੂਲੀ ਕਿਸ਼ਤਾਂ ਰਾਹੀਂ ਕੀਤੀ ਜਾਣੀ ਸੀ। ਇਸ ਤਰ੍ਹਾਂ ਇਹ ਇੱਕ ਅਸਹਿ ਬੋਝ ਸੀ, ਜਿਹੜਾ ਜ਼ਬਰਦਸਤੀ ਕਿਸਾਨਾਂ 'ਤੇ ਲੱਦਿਆ ਜਾ ਰਿਹਾ ਸੀ। ਮੋਰਚੇ ਵਿਚ ਜਾ ਰਹੇ ਪਿੰਡ ਵਿਚੀਂ ਜੱਥਿਆਂ ਦੇ ਦ੍ਰਿਸ਼ ਅੱਜ ਵੀ ਮੈਨੂੰ ਯਾਦ ਹਨ। ਸਾਡੇ ਪਿੰਡੋਂ ਵੀ ਵਲੰਟੀਅਰ ਭਾਈ ਹਜਾਰਾ ਸਿੰਘ ਦੀ ਅਗਵਾਈ 'ਚ ਇਸ ਮੋਰਚੇ ਵਿਚ ਸ਼ਾਮਲ ਹੋ ਕੇ ਜੇਲ੍ਹ ਗਏ ਸਨ।

ਆਜ਼ਾਦੀ ਤੋਂ ਪਿੱਛੋਂ ਪਹਿਲੀ ਵਾਰ ਖੁਸ਼ਹੈਸੀਅਤੀ ਮੋਰਚੇ ਦੀ ਤਿਆਰੀ ਦੇ ਸਬੰਧ ਵਿਚ ਕਿਸਾਨਾਂ ਨੂੰ ਜਾਗਰੂਕ ਕਰਕੇ ਲਾਮਬੰਦ ਕਰਨ 'ਚ ਬਾਬਾ ਬਿਲਗਾ ਨੇ ਰਾਤ-ਦਿਨ ਇਕ ਕਰ ਦਿੱਤਾ। ਕੈਰੋਂ ਸਰਕਾਰ ਵੱਲੋਂ ਮੋਰਚੇ ਨੂੰ ਕਮਜ਼ੋਰ ਕਰਨ ਲਈ ਦਮਨ-ਚੱਕਰ ਦੇ ਨਾਲ-ਨਾਲ ਦੁਆਬੇ ਦੇ ਵੱਡੇ ਪਿੰਡਾਂ 'ਚ ਖੇਤੀਬਾੜੀ ਵਿਭਾਗ ਰਾਹੀਂ ਕਿਸਾਨਾਂ ਦੀਆਂ ਕਾਨਫ਼ਰੰਸਾਂ ਕਰਵਾ ਕੇ ਲੋਕਾਂ ਨੂੰ ਮੋਰਚੇ 'ਚ ਸ਼ਾਮਲ ਨਾ ਹੋਣ ਦੀਆਂ ਹਦਾਇਤਾਂ ਕੀਤੀਆਂ ਜਾਣ ਲੱਗੀਆਂ। ਬੜਾ ਪਿੰਡ ਤੇ ਬਿਲਗੇ ਵਿਚ ਸਰਕਾਰੀ ਸਟੇਜਾਂ ਤੋਂ ਪ੍ਰਤਾਪ ਸਿੰਘ ਕੈਰੋਂ ਨੇ ਆਗੂਆਂ ਨੂੰ ਗੋਲੀਆਂ ਮਾਰਨ ਦਾ ਡਰਾਵਾ ਦਿੱਤਾ ਗਿਆ ਸੀ ਅਸਿੱਧੇ ਰੂਪ ਵਿਚ ਬਾਬਾ ਬਿਲਗਾ ਜੀ ਵੱਲ ਵੀ ਉਸਦਾ ਇਸ਼ਾਰਾ ਸੀ।

ਪ੍ਰਤਾਪ ਸਿੰਘ ਕੈਰੋਂ ਵੱਲੋਂ ਬਾਬਾ ਬਿਲਗਾ ਨੂੰ ਗੋਲੀ ਮਾਰਨ ਦੀ ਦਿੱਤੀ ਧਮਕੀ ਦਾ ਨੋਟਿਸ ਲੈਂਦਿਆਂ ਕਾਮਰੇਡ ਭੁਪੇਸ਼ ਗੁਪਤਾ ਨੇ ਪਾਰਲੀਮੈਂਟ ਨੂੰ ਲਾਜਵਾਬ ਕਰ ਦਿੱਤਾ ਸੀ। ਕਿਸਾਨ ਸਭਾ ਅੱਗੇ ਸਵਾਲ ਸੀ ਕਿ ਕੈਰੋਂ ਨੂੰ ਉਸ ਦੀ ਦਮਨਕਾਰੀ ਨੀਤੀ ਦਾ ਉਤਰ ਜਨਤਕ

ਸ਼ਕਤੀ ਨਾਲ ਦੇਣਾ ਸੀ, ਜਿਸ ਨੇ ਬਿਲਗਾ ਪਿੰਡ ਨੂੰ ਬਾਗੀ ਕਰਾਰ ਦੇ ਕੇ ਬਾਬਾ ਭਗਤ ਸਿੰਘ ਬਿਲਗਾ ਨੂੰ ਗੋਲੀ ਮਾਰਨ ਦੀ ਗਿੱਦੜ ਧਮਕੀ ਦਿੱਤੀ ਸੀ। ਇਨ੍ਹਾਂ ਧਮਕੀਆਂ ਖਿਲਾਫ਼ ਬਿਲਗਾ ਵਿਚ ਕਿਸਾਨ ਕਾਨਫਰੰਸ ਕੀਤੀ ਗਈ।

ਇਸ ਭਾਰੀ ਇਕੱਠ ਮੌਕੇ ਕਾਮਰੇਡ ਗੁਰੁਬਖਸ਼ ਸਿੰਘ ਅੱਟਾ ਤੇ ਬਾਬਾ ਭਗਤ ਸਿੰਘ ਬਿਲਗਾ ਨੂੰ ਡਿਊਟੀ ਮੈਜਿਸਟਰੇਟ ਦੀ ਹਾਜ਼ਰੀ 'ਚ ਗ੍ਰਿਫ਼ਤਾਰ ਕਰ ਲਿਆ ਅਤੇ ਕੈਰੋਂ ਦੇ ਹੁਕਮ 'ਤੇ ਬਾਬਾ ਬਿਲਗਾ ਦੇ ਵੱਡੇ ਭਰਾ, ਲੰਬੜਦਾਰ ਰਾਮ ਬਖਸ਼ ਦੀ ਬੰਦੂਕ ਤੇ ਰਿਵਾਲਵਰ ਜ਼ਬਤ ਕਰ ਲਏ ਸਨ।

ਬਾਬਾ ਬਿਲਗਾ ਆਪਣੇ ਪਰਿਵਾਰ ਉਪਰ ਹੋਈਆਂ ਜ਼ਿਆਦਤੀਆਂ ਬਾਰੇ ਮੇਰੇ ਨਾਲ ਚਰਚਾ ਕਰਦਿਆਂ ਅੱਗ-ਭਬੂਕਾ ਹੋ ਜਾਂਦੇ। ਖੁਸ਼ਹੈਸੀਅਤੀ ਮੋਰਚੇ ਸਮੇਂ ਕੈਰੋਂ ਵਲੋਂ ਗੋਲੀ ਮਾਰਨ ਦੀਆਂ ਧਮਕੀਆਂ ਦਾ ਬਾਬਾ ਜੀ ਨੂੰ ਹੁਣ ਏਨਾ ਗਿਲਾ ਨਹੀਂ ਸੀ ਜਿੰਨਾ ਉਨ੍ਹਾਂ ਨੂੰ ਆਪਣੇ ਭਰਾ ਰਾਮ ਬਖਸ਼ ਦੀ ਬੰਦੂਕ ਤੇ ਰਿਵਾਲਵਰ ਦੀ ਜਬਤੀ ਦਾ ਸੀ। ਦਰਅਸਲ ਉਹ ਇਨ੍ਹਾਂ ਘਟਨਾਵਾਂ ਦਾ ਰਿਕਾਰਡ ਚਾਹੁੰਦੇ ਸਨ, ਉਨ੍ਹਾਂ ਨੂੰ ਯਕੀਨ ਸੀ ਕਿ ਉਹ ਮੈਂ ਹੀ ਲੱਭ ਕੇ ਦੇ ਸਕਦਾ ਹਾਂ। ਉਨ੍ਹਾਂ ਦਾ ਅੰਦਾਜ਼ਾ ਠੀਕ ਸਾਬਤ ਵੀ ਹੋਇਆ। ਉਨ੍ਹਾਂ ਵੱਲੋਂ ਦੱਸੀਆਂ ਤਾਰੀਖਾਂ ਮੁਤਾਬਕ ਮੈਂ ਉਹ ਰਿਕਾਰਡ ਉਨ੍ਹਾਂ ਨੂੰ ਮੁਹੱਈਆ ਕੀਤਾ ਜਿਸ ਨਾਲ ਉਹ ਫੁੱਲੇ ਨਹੀਂ ਸੀ ਸਮਾਅ ਰਹੇ। ਇਸ ਰਿਕਾਰਡ ਵਿਚ 'ਨਵਾਂ ਜ਼ਮਾਨਾਂ' ਦੀ ਉਹ ਫਾਈਲ ਵੀ ਸ਼ਾਮਲ ਸੀ ਜਿਸ ਵਿਚ ਕਾਮਰੇਡ ਭੁਪੇਸ਼ ਗੁਪਤਾ ਵਲੋਂ ਬਾਬਾ ਬਿਲਗਾ ਬਾਰੇ ਪਾਰਲੀਮੈਂਟ ਵਿਚ ਪੁਛੇ ਗਏ ਸਵਾਲ ਸਨ।

2007 ਦੇ ਮੇਲੇ ਮੌਕੇ ਬਾਬਾ ਵਸਾਖਾ ਸਿੰਘ ਦਦੇਹਰ ਦੇ ਪਿੰਡ ਵਾਲਿਆਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ ਦੇਣਾ ਸੀ। ਕਾ. ਨੌਨਿਹਾਲ ਸਿੰਘ ਹੁਰਾਂ ਨੇ ਬਾਬਾ ਵਸਾਖਾ ਸਿੰਘ ਬਾਰੇ ਲੇਖ ਤਿਆਰ ਕਰਨ ਦਾ ਹੁਕਮ ਦਿੱਤਾ। ਲੇਖ ਸੁਨਾਉਣ ਲਈ ਮੈਂ ਬਾਬਾ ਬਿਲਗਾ ਜੀ ਕੋਲ ਗਿਆ, ਜਿਹੜੇ ਬੈੱਡ 'ਤੇ ਲੰਮੇ ਪਏ ਸਨ। "ਬਾਬਾ ਜੀ ਸੁਣਾਵਾਂ ਕੁਝ?" ਮੈਂ ਲਾਗੇ ਪਈ ਕੁਰਸੀ ਉੱਤੇ ਬੈਠਦਿਆਂ ਕਿਹਾ। "ਕੀ ਲਿਖਿਆ?" ਬਾਬਾ ਜੀ ਨੇ ਪੁੱਛਿਆ। ਜਦੋਂ ਮੈਂ ਬਾਬਾ ਵਸਾਖਾ ਸਿੰਘ ਦਦੇਹਰ ਬਾਰੇ ਦੱਸਿਆ ਤਾਂ ਉਹ 'ਠਹਿਰ ਜਰਾ,' ਕਹਿ ਕੇ ਕੰਨ ਦੀ ਮਸ਼ੀਨ ਫਿਟ ਕਰਕੇ ਕਹਿੰਦੇ 'ਸੁਣਾ ਹੁਣ'। ਲੰਮਾ ਲੇਖ ਉੱਚੀ-ਉੱਚੀ ਸੁਣਾਉਂਦਿਆਂ ਮੈਂ ਹੰਭ ਗਿਆ। ਬਾਬਾ ਜੀ ਮੇਰਾ ਹੱਥ ਫੜ ਕੇ ਆਪਣੀ ਛਾਤੀ ਤੇ ਰੱਖ ਕੇ ਬੋਲੇ।, "ਚਰੰਜੀ ਲਾਲ.. ਮੇਰਿਆ ਭਰਾਵਾ ਹੁਣ ਤੂੰ ਪਾਸ.... ਬਹੁਤ ਸੁਹਣਾ... ਹੁਣ ਤੂੰ ਪਿੱਛਾ ਮੁੜ ਕੇ ਨਾ ਦੇਖ, ਸ਼ਾਬਾਸ਼!" ਇਹ ਸ਼ਬਦ ਉਨ੍ਹਾਂ ਨੇ ਬਹੁਤ ਭਾਵੁਕ ਹੋ ਕੇ ਕਹੇ, ਉਨ੍ਹਾਂ ਦੇ ਮੂੰਹੋਂ 'ਭਰਾਵਾ' ਸ਼ਬਦ ਸੁਣ ਕੇ ਮੈਂ ਪਾਣੀਓਂ ਪਤਲਾ ਹੋ ਗਿਆ। ਪਰ ਇਹ ਤਾਂ ਬਾਬਾ ਜੀ ਦੀ ਰਜ਼ਾ ਸੀ।

"ਬਾਬਾ ਜਵਾਲਾ ਸਿੰਘ ਠੱਠੀਆਂ ਆਡੋਟੋਰੀਅਮ" ਦੇ ਨਾਂ ਨਾਲ ਪ੍ਰਸਿੱਧ ਦੇਸ਼ ਭਗਤ ਯਾਦਗਾਰ ਹਾਲ ਦੀ ਦੂਜੀ ਮੰਜ਼ਲ ਨੂੰ ਤਿਆਰ ਕਰਨ ਲਈ ਸਾਥੀਆਂ ਦਾ ਸਹਿਯੋਗ ਅਤੇ ਵਿਦੇਸ਼ਾਂ ਵਿਚੋਂ ਫੰਡ ਜੁਟਾਉਣ ਲਈ ਬਾਬਾ ਭਗਤ ਸਿੰਘ ਬਿਲਗਾ ਦੀਆਂ ਕੋਸ਼ਿਸ਼ਾਂ ਖਾਸ ਕਰਕੇ ਇੰਗਲੈਂਡ ਵਿਚੋਂ ਕੀਤੀ ਉਗਰਾਹੀ ਦਾ ਬਹੁਤ ਮਹੱਤਵ ਹੈ। ਉਨ੍ਹਾਂ ਦੀ ਇਸ ਦੇਣ ਨੂੰ ਕਮੇਟੀ ਨੇ 16 ਅਪ੍ਰੈਲ 1978 ਦੀ ਮੀਟਿੰਗ ਵਿਚ ਮਤਾ ਪਾ ਕੇ ਸਲਾਹਿਆ ਸੀ। ਇਹ ਆਪਣੀ ਹੀ ਕਿਸਮ ਦਾ ਇਕੋ ਇਕ ਮਤਾ ਹੈ ਜਿਸ ਵਿਚ ਲਿਖਿਆ:

This meeting heartly appriciates the service of Comrade Bhagat Singh Bilga who visited U.K. at his own expenses and collected a large sum for the Desh Bhagat Yadgar through his untiring efforst and also created a good climate for future collection for the Yadgar from foreign countries.

ਬਾਬਾ ਬਿਲਗਾ ਜੀ ਅਜਿਹੀ ਸ਼ਖ਼ਸੀਅਤ ਦੇ ਮਾਲਕ ਸਨ ਕਿ 'ਕਾਮਰੇਡ ਬਿਲਗਾ' ਉਦੋਂ ਕਹਾਏ ਜਦੋਂ ਸੰਸਾਰ ਭਰ ਵਿਚ ਕਾਮਰੇਡ ਸ਼ਬਦ ਦੀ ਬੜੀ ਮਹਿਮਾ ਹੋਈ ਅਤੇ 'ਬਾਬਾ ਬਿਲਗਾ' ਉਦੋਂ ਕਹਾਏ ਜਦੋਂ ਬਾਬੇ ਦਾ ਮਹੱਤਵ ਪਿੱਛੋਂ ਆ ਕੇ ਪੰਜਾਬੀਆਂ ਨੂੰ ਸਮਝ ਆਇਆ।

ਮੈਨੂੰ ਉਨ੍ਹਾਂ ਦੀ ਸੰਗਤ ਅਤੇ ਪ੍ਰੇਰਣਾ 'ਤੇ ਮਾਣ ਰਹੇਗਾ।

✲✲✲

# ਬਾਬਾ ਭਗਤ ਸਿੰਘ ਬਿਲਗਾ ਜੀ ਦੇ ਸੰਬੰਧੀ

-ਪ੍ਰਿਥੀਪਾਲ ਸਿੰਘ ਮਾੜੀਮੇਘਾ

ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ ਨੇ ਗ਼ਦਰ ਪਾਰਟੀ ਵਿਚ ਵੀ ਪੂਰੀ ਤਨਦੇਹੀ ਨਾਲ ਕੰਮ ਕੀਤਾ ਅਤੇ ਗ਼ਦਰ ਪਾਰਟੀ ਤੋਂ ਬਾਅਦ ਉਮਰ ਭਰ ਸਮਾਜਵਾਦੀ ਇਨਕਲਾਬੀ ਲਹਿਰ ਉਸਾਰਨ ਵਿਚ ਵੀ ਵੱਡਮੁੱਲਾ ਯੋਗਦਾਨ ਪਾਇਆ। ਜਿਸ ਦਿਨ ਉਹਨਾਂ ਦੀ ਮੌਤ ਦੀ ਖ਼ਬਰ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਈ ਸੀ ਉਸ ਦਿਨ ਪ੍ਰਸਿੱਧ ਕਮਿਊਨਿਸਟ ਆਗੂ ਸ੍ਰੀਮਤੀ ਬਿਮਲਾ ਡਾਂਗ ਦਾ ਸ਼ੋਕ ਸਮਾਗਮ ਸੀ। ਬਿਮਲਾ ਡਾਂਗ ਵੀ 'ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ' ਦੇ ਸੀਨੀਅਰ ਟਰੱਸਟੀ ਸਨ। ਇੰਨੇ ਥੋੜ੍ਹੇ ਦਿਨਾਂ ਵਿਚ ਦੋ ਮਹਾਨ ਕਮਿਊਨਿਸਟਾਂ ਦੀ ਮੌਤ ਹੋ ਜਾਣ ਨਾਲ ਕਮਿਊਨਿਸਟ ਵਿਚਾਰਧਾਰਾ ਪ੍ਰਤੀ ਹਮਦਰਦੀ ਰੱਖਣ ਵਾਲਿਆਂ ਵਿਚ ਸ਼ੋਕਮਈ ਮਾਹੌਲ ਪੈਦਾ ਹੋਣਾ ਕੁਦਰਤੀ ਸੀ। ਬਾਬਾ ਬਿਲਗਾ ਦੀ 'ਅਰਥੀ ਯਾਤਰਾ' ਅਤੇ ਸ਼ੋਕ ਸਮਾਗਮ ਵਾਲੇ ਦਿਨ ਇਹ ਆਮ ਚਰਚਾ ਸੀ ਕਿ ਉੱਚ ਕੋਟੀ ਦੇ ਵਿਦਵਾਨ ਅਤੇ ਜੁਝਾਰੂ ਕਮਿਊਨਿਸਟ ਆਗੂ ਵਡੇਰੀ ਉਮਰ ਦੇ ਹੋਣ ਕਰਕੇ ਇੱਕ ਤੋਂ ਬਾਅਦ ਦੂਜਾ ਸਾਡੇ ਵਿਚੋਂ ਸਦਾ ਲਈ ਵਿਛੜਦਾ ਜਾ ਰਿਹਾ ਹੈ ਪਰ ਗੁਣਾਂ ਦੇ ਪੱਖੋਂ ਉਹਨਾਂ ਦੀ ਪੱਧਰ ਦੇ ਆਗੂ ਕਮਿਊਨਿਸਟ ਸਫਾਂ ਵਿਚ ਘੱਟ ਆ ਰਹੇ ਹਨ। ਲੋਕਾਂ ਦੀ ਇਹ ਚਿੰਤਾ ਬਿਲਕੁਲ ਵਾਜਬ ਸੀ।

ਬਾਬਾ ਬਿਲਗਾ ਨੇ ਵਿਦੇਸ਼ ਵਿਚ ਕਿਰਤ ਕਰਦਿਆਂ ਇਹ ਸੂਝ ਪ੍ਰਾਪਤ ਕੀਤੀ ਕਿ ਲੁਟੇਰੇ ਪੂੰਜੀਪਤੀ ਕਿਰਤੀਆਂ ਦਾ ਸ਼ੋਸ਼ਣ ਕਰਦੇ ਹਨ। ਕਿਰਤੀਆਂ ਦੀ ਕਿਰਤ ਲੁੱਟ-ਲੁੱਟ ਕੇ ਆਪ ਅਮੀਰ ਹੁੰਦੇ ਜਾਂਦੇ ਹਨ ਅਤੇ ਕਿਰਤੀ ਦਿਨੋਂ-ਦਿਨੀ ਗ਼ਰੀਬ ਹੁੰਦੇ ਜਾਂਦੇ ਹਨ। ਇਸ ਲਈ ਭਾਰਤ ਦੇ ਕਿਰਤੀਆਂ ਦੀ ਬੰਦ ਖਲਾਸੀ ਤਾਂ ਹੀ ਹੋ ਸਕਦੀ ਹੈ ਜੇ ਹਿੰਦੁਸਤਾਨ ਨੂੰ ਅੰਗਰੇਜ਼ ਸਾਮਰਾਜੀ ਹਕੂਮਤ ਤੋਂ ਆਜ਼ਾਦ ਕਰਾਇਆ ਜਾਵੇ। ਇਸ ਸੋਚ ਨੂੰ ਲੈ ਕੇ ਬਾਬਾ ਬਿਲਗਾ ਨੇ ਅਰਜਨਟਾਈਨਾ ਦੀ 'ਗ਼ਦਰ ਪਾਰਟੀ' ਵਿਚ ਸ਼ਮੂਲੀਅਤ ਕੀਤੀ।

ਗ਼ਦਰ ਪਾਰਟੀ ਦੀ ਵਿਚਾਰਧਾਰਾ ਇਹ ਸੀ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਹਿੰਦੋਸਤਾਨ ਵਿਚ ਬਰਾਬਰਤਾ ਦੇ ਆਧਾਰ ਵਾਲਾ ਛੂਆ-ਛਾਤ ਅਤੇ ਜਾਤ-ਪਾਤ ਤੋਂ ਰਹਿਤ ਧਰਮ ਨਿਰਪੱਖ ਰਾਜ ਪ੍ਰਬੰਧ ਸਥਾਪਿਤ ਕਰਨਾ। ਉਸ ਪ੍ਰਬੰਧ ਅਧੀਨ ਅਮੀਰ-ਗ਼ਰੀਬ ਦਾ ਪਾੜਾ ਖਤਮ ਕਰਕੇ ਹਰੇਕ ਮਨੁੱਖ ਲਈ ਘਰ, ਸਿਹਤ, ਵਿੱਦਿਆ ਆਦਿ ਮੁਢਲੀਆਂ ਲੋੜਾਂ ਦੀ ਪੂਰਤੀ ਹੋਵੇਗੀ। ਅਜਿਹੇ ਬਰਾਬਰਤਾ ਵਾਲੇ ਰਾਜ ਪ੍ਰਬੰਧ ਦੇ ਮੰਤਵ ਨੂੰ ਸਮਝਣ ਅਤੇ ਉਸਦੀ ਪੂਰਤੀ ਲਈ ਬਾਬਾ ਬਿਲਗਾ ਨੇ ਸਮਾਜਵਾਦੀ ਸਾਹਿਤ ਦਾ ਗਹਿਰਾਈ ਨਾਲ ਅਧਿਐਨ ਕੀਤਾ। ਰੂਸ ਤੋਂ

ਮਿਲਟਰੀ ਸਿੱਖਿਆ ਵੀ ਪ੍ਰਾਪਤ ਕੀਤੀ। ਅਧਿਐਨ ਕਰਨ ਉਪਰੰਤ ਉਹ ਇਕ ਸਿਰੜੀ, ਸੂਝਵਾਨ ਅਤੇ ਸਮਾਜਵਾਦੀ ਵਿਚਾਰਧਾਰਾ ਵਾਲੇ ਗੁਣਵਾਨ ਕਮਿਊਨਿਸਟ ਅਧਿਆਪਕ ਬਣ ਗਏ।

ਬਾਬਾ ਬਿਲਗਾ ਨੇ ਸਾਮਰਾਜੀ ਅੰਗਰੇਜ਼ੀ ਹਕੂਮਤ ਸਮੇਂ ਭਾਰਤ ਦੇ ਲੋਕਾਂ ਦੀ ਦੁੱਖ ਭਰੀ ਦਾਸਤਾਨ ਨੂੰ ਚੰਗੀ ਤਰ੍ਹਾਂ ਜਾਣਿਆ ਕਿਉਂਕਿ ਅੰਗਰੇਜ਼ ਰਾਜ ਸਮੇਂ ਭਾਰਤ ਦੇ ਲੱਖਾਂ ਲੋਕ ਭੁੱਖ, ਗ਼ਰੀਬੀ, ਕਾਲ, ਮਹਾਂਕਾਲ ਅਤੇ ਹੋਰ ਜਨਘਾਤਕ ਬੀਮਾਰੀਆਂ ਨਾਲ ਕੀੜਿਆਂ-ਮਕੌੜਿਆ ਦੀ ਤਰ੍ਹਾਂ ਮਰ ਰਹੇ ਸਨ। ਹਿੰਦੁਸਤਾਨ ਦਾ ਮਿਹਨਤ-ਮੁਸ਼ੱਕਤ ਕਰਨ ਵਾਲਾ ਹਰੇਕ ਕਿਰਤੀ-ਕਿਸਾਨ ਸਰਕਾਰੀ ਜਾਂ ਸ਼ਾਹੂਕਾਰਾਂ ਦੇ ਕਰਜ਼ੇ ਦਾ ਕਰਜਾਈ ਸੀ। ਕਰਜ਼ੇ ਦੇ ਭਾਰ ਥੱਲੇ ਦੱਬੇ ਕਿਰਤੀ-ਕਿਸਾਨ ਆਪਣੀਆਂ ਜ਼ਮੀਨਾਂ, ਬੈਅ, ਕੁਰਕ ਜਾਂ ਗਹਿਣੇ ਪਾਉਣ ਵਾਸਤੇ ਮਜਬੂਰ ਸਨ। ਭਾਰਤ ਦੇ ਲੋਕਾਂ ਦੀ ਜਦੋਂ ਅਜਿਹੀ ਤਰਾਸਦੀ ਸੀ ਤਾਂ ਉਸ ਵਕਤ ਵੀ ਬੇਰਹਿਮ, ਲੁਟੇਰੀ ਤੇ ਜ਼ਾਲਮ ਅੰਗਰੇਜ਼ੀ ਹਕੂਮਤ ਹਿੰਦੁਸਤਾਨੀ ਲੋਕਾਂ ਦੀ ਕਿਰਤ ਕਮਾਈ ਨੂੰ ਲੁੱਟ-ਲੁੱਟ ਕੇ ਆਪਣੇ ਵਤਨ ਨੂੰ ਲੈ ਜਾਂਦੀ ਸੀ। ਦਰਅਸਲ ਸਾਡੇ ਦੇਸ਼ 'ਤੇ ਬਰਤਾਨਵੀ ਹਕੂਮਤ ਜਬਰ-ਜ਼ੁਲਮ ਦੀ ਤਾਕਤ ਨਾਲ ਰਾਜ ਕਰਦੀ ਸੀ।

ਹਿੰਦੁਸਤਾਨ ਦੇ ਲੋਕ ਇਹੋ ਜਿਹੀ ਗੁਰਬਤ ਭਰੀ ਪ੍ਰਸਥਿਤੀ ਵਿਚ ਕਿਰਤ ਕਰਨ ਵਾਸਤੇ ਵਿਦੇਸ਼ਾਂ ਵਿਚ ਗਏ ਸਨ। ਵਿਦੇਸ਼ਾਂ ਵਿਚ ਕਿਰਤ ਕਰਨ ਨਾਲ ਉਹਨਾਂ ਨੂੰ ਸਮਝ ਪਈ ਕਿ ਸਾਡਾ ਦੇਸ਼ ਗ਼ੁਲਾਮ ਕਿਉਂ ਹੈ, ਅਸੀਂ ਗ਼ੁਲਾਮ ਕਿਉਂ ਅਖਵਾਉਂਦੇ ਹਾਂ, ਸਾਡੀ ਕੌਮ ਦਾ ਪ੍ਰਤੀਕ ਝੰਡਾ ਕਿਉਂ ਨਹੀਂ ਹੈ। ਸਾਡਾ ਮੁਲਖ ਗ਼ੁਲਾਮ ਹੋਣ ਕਰਕੇ ਹੀ ਸਾਡੇ ਉਪਜੀਵਕਾਂ ਦੇ ਸਾਧਨਾਂ ਦੀ ਮਾਲਕ ਸਾਮਰਾਜੀ ਅੰਗਰੇਜ਼ ਹਕੂਮਤ ਬਣੀ ਬੈਠੀ ਹੈ। ਗ਼ਦਰੀਆਂ ਦੇ ਮਨਾਂ ਵਿਚ ਇਹ ਸੋਚ ਪਰਪੱਕ ਹੋਈ ਕਿ ਵਿਦੇਸ਼ਾਂ ਵਿਚ ਕਿਰਤ ਕਰਨ ਨਾਲ ਤਰੱਕੀ ਇਹਨਾਂ ਦੇਸ਼ਾਂ ਦੀ ਹੁੰਦੀ ਹੈ। ਇਸ ਤਰੱਕੀ ਜਾਂ ਵਿਕਾਸ ਨਾਲ ਸਾਡੇ ਦੇਸ਼ ਦੇ ਲੋਕਾਂ ਦਾ ਕੋਈ ਫ਼ਾਇਦਾ ਨਹੀਂ ਹੋ ਰਿਹਾ। ਭਾਰਤ ਦੇ ਲੋਕ ਤਾਂ ਹੀ ਖੁਸ਼ਹਾਲ ਹੋ ਸਕਦੇ ਹਨ ਜੇ ਹਿੰਦੁਸਤਾਨ ਨੂੰ ਅੰਗਰੇਜ਼ ਸਾਮਰਾਜੀ ਹਕੂਮਤ ਦੀ ਗ਼ੁਲਾਮੀ ਤੋਂ ਮੁਕਤ ਕਰਾਇਆ ਜਾਵੇ। ਉਪਜੀਵਕਾ ਦੇ ਸਾਧਨਾਂ ਦੀ ਮਾਲਕ ਸਾਡੀ ਹਕੂਮਤ ਹੋਵੇ। ਇਹ ਸਮਝ ਸੀ ਗ਼ਦਰ ਪਾਰਟੀ ਦੀ ਬਰਾਬਰਤਾ ਵਾਲਾ ਰਾਜ ਪ੍ਰਬੰਧ ਸਿਰਜਣ ਦੀ।

ਬਾਬਾ ਬਿਲਗਾ ਅਰਜਨਟਾਈਨਾ ਵਿਚ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਸਨ। ਅਰਜਨਟਾਈਨਾ ਵਿਚ ਹੀ ਬਾਬਾ ਜੀ ਦਾ 'ਪਰਮਗੁਣੀ' ਭਗਤ ਸਿੰਘ ਦੇ ਚਾਚਾ ਅਤੇ 'ਪਗੜੀ ਸੰਭਾਲ ਜੱਟਾ ਲਹਿਰ' ਦੇ ਪ੍ਰਮੁੱਖ ਆਗੂ ਸ. ਅਜੀਤ ਸਿੰਘ ਅਤੇ ਪ੍ਰਸਿੱਧ ਕਮਿਊਨਿਸਟ ਆਗੂ ਤੇਜਾ ਸਿੰਘ ਸੁਤੰਤਰ ਨਾਲ ਭਾਰਤ ਦੀ ਆਜ਼ਾਦੀ ਪ੍ਰਤੀ ਵਿਚਾਰਾਂ ਦਾ ਆਦਾਨ-ਪ੍ਰਦਾਨ ਹੋਇਆ ਸੀ।

ਪਾਰਟੀ ਦੇ ਫੈਸਲੇ ਅਨੁਸਾਰ ਬਾਬਾ ਬਿਲਗਾ ਨੇ ਭਾਰਤ ਵਿਚ ਆ ਕੇ ਕਿਰਤੀ ਪਾਰਟੀ, ਕਿਰਤੀ ਅਖ਼ਬਾਰ, ਲਾਲ ਢੰਡੋਰਾ ਪੇਪਰ, ਲਾਲ ਝੰਡਾ ਪੇਪਰ, ਕਮਿਊਨਿਸਟ ਪਾਰਟੀ, ਕਿਸਾਨ ਸਭਾ, ਨੌਜਵਾਨ-ਵਿਦਿਆਰਥੀ ਫ਼ਰੰਟਾਂ 'ਤੇ ਜ਼ਿੰਮੇਵਾਰੀ ਨਾਲ ਕੰਮ ਕੀਤਾ। ਆਪਣੀਆਂ ਤਕਰੀਰਾਂ ਅਤੇ ਲਿਖਤਾਂ ਰਾਹੀਂ ਨਵੇਂ ਕਾਰਕੁੰਨਾਂ ਨੂੰ ਦੇਸ਼ ਦੀ ਆਜ਼ਾਦੀ ਦੀ ਜੰਗ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ। ਪਾਰਟੀ ਕਾਰਕੁੰਨਾਂ ਨੂੰ ਸਮਾਜਵਾਦੀ ਸਾਹਿਤ ਪੜ੍ਹਾਉਣ ਅਤੇ ਸਮਝਾਉਣ ਵਿਚ ਉਹਨਾਂ ਦੀ ਅਹਿਮ ਦੇਣ ਰਹੀ।

ਆਪਣੀ ਜ਼ਿੰਦਗੀ ਦੀ ਸੰਘਰਸ਼ ਭਰੀ ਦਾਸਤਾਨ ਸੁਣਾਉਂਦਿਆਂ ਉਹ ਅਕਸਰ ਕਹਿੰਦੇ ਸਨ ਕਿ 'ਉਹਨਾਂ ਨੇ ਕਾਫੀ ਸਮਾਂ ਸਮੁੰਦਰੀ ਜਹਾਜ਼ ਵਿਚ ਰਹਿ ਕੇ ਗੁਜ਼ਾਰਿਆ ਸੀ। ਸਮੁੰਦਰ ਦਾ ਪਾਣੀ ਬਹੁਤ ਠੰਡਾ ਅਤੇ ਪਾਣੀ ਦੀ ਉੱਪਰਲੀ ਤਹਿ ਬਰਫ਼ ਨਾਲ ਜੰਮੀ ਹੋਣ ਕਰਕੇ ਕਈ-ਕਈ ਦਿਨ ਬਰਫ਼ ਨਾਲ ਹੀ ਨਹਾਉਣਾ ਪੈਂਦਾ ਸੀ।'

ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਨੇ 'ਪਰਮਗੁਣੀ' ਭਗਤ ਸਿੰਘ ਦਾ ਜਨਮ ਦਿਨ 28 ਸਤੰਬਰ 1997 ਨੂੰ ਮਨਾਉਣ ਦੀ ਸ਼ੁਰੂਆਤ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਵਿਖੇ ਸੂਬਾਈ ਸਮਾਗਮ ਕਰਕੇ ਕੀਤੀ ਸੀ। ਇਸ ਪਲੇਠੇ ਸਮਾਗਮ ਦੇ ਮੁੱਖ ਮਹਿਮਾਨ ਬਾਬਾ ਭਗਤ ਸਿੰਘ ਬਿਲਗਾ ਅਤੇ ਕਾਮਰੇਡ ਸਤਪਾਲ ਡਾਂਗ ਸਨ। ਇਸ ਸਮਾਗਮ ਵਿਚ ਸ਼ਹੀਦ ਭਗਤ ਸਿੰਘ ਦੀ ਸੋਚ ਦੀ ਪੂਰਤੀ ਲਈ ਇਕ ਠੋਸ ਪ੍ਰੋਗਰਾਮ ਪੇਸ਼ ਕੀਤਾ ਗਿਆ। ਉਸ ਪ੍ਰੋਗਰਾਮ ਅਧਾਰਿਤ ਸਰਕਾਰ ਤੋਂ ਮੰਗ ਕੀਤੀ ਕਿ 18 ਸਾਲ ਦੀ ਉਮਰ ਤੋਂ ਹਰੇਕ ਵਿਅਕਤੀ ਨੂੰ ਰੁਜ਼ਗਾਰ ਦਿੱਤਾ ਜਾਵੇ ਜੇ ਸਰਕਾਰ ਰੁਜ਼ਗਾਰ ਦੇਣ ਵਿਚ ਅਸਫ਼ਲ ਰਹਿੰਦੀ ਹੈ ਤੇ ਘੱਟ ਤੋਂ ਘੱਟ ਉਜਰਤ ਦੇ ਕਾਨੂੰਨ ਅਨੁਸਾਰ ਕੰਮ ਇੰਤਜ਼ਾਰ ਭੱਤਾ ਦਿੱਤਾ ਜਾਵੇ, ਹਰੇਕ ਬੱਚੇ ਨੂੰ 10+2 ਤਕ ਮੁਫ਼ਤ ਤੇ ਲਾਜ਼ਮੀ ਵਿੱਦਿਆ ਦਿੱਤੀ ਜਾਵੇ, 22 ਵਿਦਿਆਰਥੀਆਂ ਪਿੱਛੇ ਇਕ ਅਧਿਆਪਕ ਭਰਤੀ ਕਰਕੇ ਅਧਿਆਪਕ ਘਾਟ ਤੁਰੰਤ ਪੂਰੀ ਕੀਤੀ ਜਾਵੇ, ਸ਼ਹੀਦੇ ਆਜ਼ਮ ਭਗਤ ਸਿੰਘ ਭਵਨ ਹਰੇਕ ਬਲਾਕ ਪੱਧਰ ਤੇ ਉਸਾਰੇ ਜਾਣ ਜਿਸ ਵਿਚ ਖੇਡ ਦੇ ਮੈਦਾਨ ਅਤੇ ਲਾਇਬਰੇਰੀਆਂ ਹੋਣ, ਮਨੁੱਖਾ ਸ਼ਕਤੀ ਦੀ ਮੁਕੰਮਲ ਯੋਜਨਾਬੰਦੀ ਬਣਾਈ ਜਾਵੇ, 18 ਸਾਲ ਤੋਂ ਛੋਟੀ ਉਮਰ ਦੇ ਹਰੇਕ ਬੱਚੇ ਨੂੰ ਮੁਫ਼ਤ ਸਿਹਤ ਸਹੂਲਤ ਦਿੱਤੀ ਜਾਵੇ।

ਬਾਬਾ ਬਿਲਗਾ ਨੇ ਜਥੇਬੰਦੀਆਂ ਦਾ ਸਾਰਾ ਪ੍ਰੋਗਰਾਮ ਸਮਝ ਕੇ ਬਹੁਤ ਹੀ ਮਹੱਤਵਪੂਰਨ ਲੈਕਚਰ ਦਿੱਤਾ ਅਤੇ ਨੌਜਵਾਨਾਂ ਨੂੰ ਕਿਹਾ ਕਿ, 'ਸਰਲ ਪ੍ਰੋਗਰਾਮ ਤੇ ਨੌਜਵਾਨਾਂ ਨੂੰ ਵਧਾਈ ਦਿੰਦਾ ਹਾਂ, ਅਤੇ ਨਾਲ ਹੀ, 'ਕਿਹਾ ਕਿ ਪ੍ਰੋਗਰਾਮ ਹਾਲ ਵਿਚ ਕਿਉਂ, ਬਾਹਰ ਖੁੱਲ੍ਹੇ ਵਿਹੜਿਆਂ ਵਿਚ ਕਿਉਂ ਨਹੀਂ ਇਹੋ ਜਿਹੇ ਦਿਨ ਮਨਾਉਂਦੇ।' ਮੈਂ ਚਾਹੁੰਦਾ ਹਾਂ ਕਿ ਵੱਡੇ ਪੱਧਰ ਤੇ ਇਹ ਦਿਨ ਮਨਾਇਆ ਜਾਵੇ।' ਬਾਬਾ ਬਿਲਗਾ ਦੀ ਸੋਚ ਨੂੰ ਪੂਰਿਆਂ ਕਰਨ ਵਾਸਤੇ 'ਰੁਜ਼ਗਾਰ ਪ੍ਰਾਪਤੀ ਮੁਹਿੰਮ' ਦੇ ਮੁੱਖ ਸਲਾਹਕਾਰ ਜਗਰੂਪ ਨੇ ਉਸੇ ਇਕੱਠ ਵਿਚ ਮਤਾ ਪਾਸ ਕਰਵਾਇਆ ਕਿ ਅਸੀਂ ਭਗਤ ਸਿੰਘ ਦੀ ਜਨਮ ਸ਼ਤਾਬਦੀ 2007 ਤਕ ਪੰਜਾਬ ਵਿਚ ਇਕ ਨਿਵੇਕਲਾ ਮਾਹੌਲ ਸਿਰਜਣਾ ਹੈ ਤਾਂ ਜੋ ਉਸ ਦਿਨ ਲੋਕੀਂ ਸ਼ਾਨੋ ਸ਼ੌਕਤ ਨਾਲ ਭਗਤ ਸਿੰਘ ਦੀ ਜਨਮ ਸ਼ਤਾਬਦੀ ਮਨਾਉਣ। ਨਾਲ ਹੀ ਪਾਸ ਕੀਤਾ ਕਿ ਅਗਲਾ ਵੱਡਾ ਇਕੱਠ 28 ਸਤੰਬਰ 1998 ਮੋਗਾ ਵਿਖੇ ਕੀਤਾ ਜਾਵੇਗਾ।

ਬਾਬਾ ਬਿਲਗਾ ਦੇ ਅਸ਼ੀਰਵਾਦ ਨਾਲ ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਮਨਾਉਣ ਦੀ ਪਿਰਤ ਪੰਜਾਬ ਤੋਂ ਸ਼ੁਰੂ ਹੋ ਕੇ ਮੁਲਖ ਭਰ ਵਿਚ ਫੈਲ ਗਈ ਹੈ। ਹਰ ਸਾਲ ਨੌਜਵਾਨ-ਵਿਦਿਆਰਥੀ ਤੇ ਆਮ ਲੋਕ ਭਗਤ ਸਿੰਘ ਦੇ ਜਨਮ ਦਿਨ ਤੇ ਵੱਡੇ-ਵੱਡੇ ਇਕੱਠ ਕਰਦੇ ਹਨ ਅਤੇ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਅਹਿਦ ਲੈਂਦੇਂ ਹਨ।

ਦਰਅਸਲ ਪੂੰਜੀਵਾਦੀ ਸੋਚ ਦੇ ਧਾਰਨੀਆਂ ਨੇ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਵਿਸਾਰਿਆ ਹੋਇਆ ਹੈ ਪਰ ਪੰਜਾਬ ਦੀ ਜੁਆਨੀ ਨੇ ਭਗਤ ਸਿੰਘ ਦੇ ਪਰਮਗੁਣ ਨੂੰ ਰਾਸ਼ਟਰੀ

ਤੇ ਅੰਤਰਰਾਸ਼ਟਰੀ ਪੱਧਰ ਤੇ ਹਰੇਕ ਮਨੁੱਖੀ ਹਿਰਦਿਆਂ ਵਿਚ ਉਜਾਗਰ ਕਰ ਦਿੱਤਾ ਹੈ।

ਬਾਬਾ ਬਿਲਗਾ ਇਨਕਲਾਬ ਪੱਖੀ ਨੌਜਵਾਨ ਵਿਦਿਆਰਥੀ ਲਹਿਰ ਬਾਰੇ ਬਹੁਤ ਚਿੰਤਤ ਰਹਿੰਦੇ ਸਨ। ਜਦੋਂ ਵੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਨੌਜਵਾਨ-ਵਿਦਿਆਰਥੀਆਂ ਦੇ 'ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ' ਲੱਗਦੇ ਸਨ ਤਾਂ ਬਾਬਾ ਜੀ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣ ਆਉਂਦੇ ਤਾਂ ਬਹੁਤ ਆਸਾਨ ਸ਼ਬਦਾਂ ਵਿਚ ਮਾਰਕਸਵਾਦੀ ਸਿਧਾਂਤ ਸਮਝਣ ਅਤੇ ਅਪਣਾਉਣ ਤੇ ਜ਼ੋਰ ਦੇ ਜਾਂਦੇ ਸਨ। ਸਮਾਜ ਪ੍ਰਤੀ ਨੌਜਵਾਨਾਂ ਦੇ ਬਣਦੇ ਫਰਜ਼ਾਂ ਦਾ ਅਹਿਸਾਸ ਵੀ ਦਿਲ ਦੀ ਗਹਿਰਾਈਆਂ ਵਿਚੋਂ ਕਰਵਾ ਜਾਂਦੇ ਸਨ। ਗ਼ਦਰੀ ਬਾਬਿਆਂ ਦੇ ਮੇਲੇ ਨੂੰ ਕਾਮਯਾਬ ਕਰਨ ਦਾ ਸੁਨੇਹਾ ਉਹਨਾਂ ਦਾ ਇਹ ਹੁੰਦਾ ਸੀ ਕਿ ਅਸੀਂ ਹੁਣ ਸਭ ਕੁਝ ਜੁਆਨੀ ਦੇ ਸਪੁਰਦ ਕਰ ਦੇਣਾ ਹੈ, 'ਬੱਚਿਓ ਤੁਹਾਡੀ ਜ਼ਿੰਮੇਵਾਰੀ ਹੈ ਆਪਣੇ ਅਮੀਰ ਵਿਰਸੇ ਨੂੰ ਸਾਂਭ ਕੇ ਰੱਖਣ ਅਤੇ ਉਹਨਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ।' ਨੌਜਵਾਨਾਂ ਨਾਲ ਗਰੁੱਪ ਫੋਟੋ ਖਿਚਵਾਉਂਦੇ ਸਮੇਂ ਉਹਨਾਂ ਦੇ ਚਿਹਰੇ ਤੇ ਜੁਆਨੀ ਦੇ ਸਮਿਆਂ ਵਾਲੇ ਹਾਵ-ਭਾਵ ਨਜ਼ਰ ਆਉਂਦੇ ਸਨ।

ਗ਼ਦਰੀ ਬਾਬਿਆਂ ਦੇ ਮੇਲੇ ਦੀ ਕਾਮਯਾਬੀ ਬਾਬਤ ਉਹ ਨੌਜਵਾਨ ਵਲੰਟੀਅਰਾਂ ਦੇ ਕੰਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਬਹੁਤ ਖੁਸ਼ੀ ਮਹਿਸੂਸ ਕਰਦੇ ਸਨ ਅਤੇ ਨਾਲ ਹੀ ਕਹਿ ਦਿੰਦੇ ਸਨ, ਕਿ ਸਾਨੂੰ ਹੁਣ ਮਰਨ ਦਾ ਕੋਈ ਫਿਕਰ ਨਹੀਂ ਕਿਉਂਕਿ ਮੇਲੇ ਦੇ ਵਡੇਰੇ ਕੰਮਾਂ ਨੂੰ ਨੌਜਵਾਨਾਂ ਵਲੋਂ ਸੁਚੱਜੇ ਢੰਗ ਨਾਲ ਨਿਭਾਇਆ ਜਾ ਰਿਹਾ ਹੈ।'

ਬਾਬਾ ਬਿਲਗਾ ਜੀ ਚੇਤੇ ਦੇ ਬਹੁਤ ਧਨੀ ਸਨ। ਉਹ ਗ਼ਦਰ ਪਾਰਟੀ ਦੇ ਸੰਗਰਾਮ ਦੀ ਗਾਥਾ ਮਨਾਉਣ ਅਤੇ ਸਮਝਾਉਣ ਵਿਚ ਬਹੁਤ ਮਾਣ ਮਹਿਸੂਸ ਕਰਦੇ ਸਨ। ਉਹਨਾਂ ਨੇ ਆਪ ਵੀ ਗ਼ਦਰੀ ਯੋਧਿਆਂ ਦੇ ਸ਼ਾਨਮੱਤੇ ਇਤਿਹਾਸ ਨਾਲ ਜੁੜੀਆਂ ਕਿਤਾਬਾਂ ਤੇ ਕਈ ਲੇਖ ਲਿਖੇ ਹਨ। ਉਹ ਦੂਜਿਆਂ ਨੂੰ ਵੀ ਗ਼ਦਰੀ ਦੇਸ਼ ਭਗਤਾਂ ਦੀਆਂ ਜੀਵਨੀਆਂ ਪੜ੍ਹਨ ਅਤੇ ਲਿਖਣ ਬਾਰੇ ਪ੍ਰੇਰਿਤ ਕਰਦੇ ਸਨ।

ਬਾਬਾ ਬਿਲਗਾ ਗ਼ਦਰੀਆਂ ਦੀ ਆਰਜੀ ਹਕੂਮਤ ਜੋ ਕਾਬਲ ਵਿਚ ਬਣਾਈ ਗਈ ਸੀ ਉਸ ਹਕੂਮਤ ਬਾਰੇ ਅਤੇ ਗ਼ਦਰੀਆਂ ਦੇ ਲੁਕਵੇਂ ਅੱਡੇ ਕਾਬਲ (ਅਫ਼ਗਾਨਿਸਤਾਨ) ਦੇ ਇਤਿਹਾਸ ਨੂੰ ਲੋਕ ਮਨਾਂ ਵਿਚ ਉਜਾਗਰ ਕਰਨ ਪ੍ਰਤੀ ਬਹੁਤ ਚਿੰਤਤ ਸਨ। ਗ਼ਦਰੀਆਂ ਦੇ ਕਾਬਲ ਅੱਡੇ ਦਾ ਪ੍ਰਮੁੱਖ ਆਗੂ ਮਾਸਟਰ ਊਧਮ ਸਿੰਘ ਕਸੇਲ ਗ਼ਦਰ ਪਾਰਟੀ ਦੇ ਸੰਸਥਾਪਕਾਂ ਵਿਚੋਂ ਇਕ ਪੜ੍ਹਿਆ-ਲਿਖਿਆ ਤੇ ਬਹੁਗੁਣੀ ਮਨੁੱਖ ਸੀ। ਬਾਬਾ ਬਿਲਗਾ ਨੇ ਇਹਨਾਂ ਸਤਰਾਂ ਦੇ ਲੇਖਕ ਨੂੰ ਵਾਰ-ਵਾਰ ਜ਼ੋਰ ਦਿੱਤਾ ਕਿ ਮਾਸਟਰ ਊਧਮ ਕਸੇਲ ਦੀ ਮੁਢਲੀ ਜ਼ਿੰਦਗੀ ਬਾਰੇ ਪਿੰਡ ਦੇ ਲੋਕਾਂ ਤੋਂ ਜਾਣਕਾਰੀ ਪ੍ਰਾਪਤ ਕਰਕੇ ਉਹਨਾਂ ਦੀ ਜੀਵਨੀ ਲਿਖਣ ਵੱਲ ਖਾਸ ਧਿਆਨ ਦਿੱਤਾ ਜਾਵੇ। ਬਾਬਾ ਜੀ ਦੇ ਜ਼ੋਰ ਦੇਣ ਤੇ ਮਾਸਟਰ ਊਧਮ ਸਿੰਘ ਅਤੇ ਕਸੇਲ ਦੇ ਬਾਕੀ ਗ਼ਦਰੀਆਂ ਬਾਰੇ ਮੁਢਲੀ ਜਾਣਕਾਰੀ ਪਿੰਡ ਦੇ ਲੋਕਾਂ ਤੋਂ ਪ੍ਰਾਪਤ ਕੀਤੀ ਗਈ। ਚਰੰਜੀ ਲਾਲ ਕੰਗਣੀਵਾਲ ਨੇ ਦੂਜਿਆਂ ਦੇ ਸਹਿਯੋਗ ਨਾਲ 'ਗ਼ਦਰੀ ਬਾਬਾ ਸ਼ਹੀਦ ਮਾਸਟਰ ਊਧਮ ਸਿੰਘ ਕਸੇਲ ਦੀ ਜੀਵਨ ਗਾਥਾ' ਕਿਤਾਬ ਲਿਖ ਕੇ ਜਿਥੇ ਬਾਬਾ ਬਿਲਗਾ ਜੀ ਦੀ ਮਨੋਕਾਮਨਾ ਨੂੰ ਪੂਰਿਆਂ ਕੀਤਾ ਉਥੇ ਇਤਿਹਾਸਕਾਰਾਂ ਲਈ ਇੱਕ ਨਵੀਂ ਖੋਜ ਪੇਸ਼ ਕਰ ਦਿੱਤੀ।

ਬਾਬਾ ਬਿਲਗਾ ਦੀਆਂ ਪਾਈਆਂ ਪੈੜਾਂ ਇਤਿਹਾਸ ਬਣ ਗਈਆਂ ਹਨ ਉਹਨਾਂ ਨੇ ਜ਼ੋਰ

ਦਿੱਤਾ ਸੀ ਕਿ ਮਾਝਾ ਇਲਾਕਾ ਗ਼ਦਰੀਆਂ ਦੀ ਵਿਰਾਸਤ ਹੈ ਅਤੇ ਬਹੁਤੇ ਪਿੰਡਾਂ ਦੇ ਨਿਵਾਸੀਆਂ ਨੂੰ ਆਪਣੇ ਹੀ ਪਿੰਡਾਂ ਦੇ ਗ਼ਦਰੀਆਂ ਦੇ ਇਤਿਹਾਸ ਬਾਰੇ ਜਾਣਕਾਰੀ ਨਹੀਂ ਹੈ। ਗ਼ਦਰੀਆਂ ਦਾ ਇਤਿਹਾਸ ਪਿੰਡਾਂ ਵਿਚ ਲੁਕਿਆ ਪਿਆ ਹੈ। ਤੁਸੀਂ ਕੋਸ਼ਿਸ਼ਾਂ ਕਰੋ ਕਿ ਉਹਨਾਂ ਦੇ ਪਿੰਡਾਂ ਵਿਚ ਗ਼ਦਰੀ ਦੇਸ਼ ਭਗਤਾਂ ਦੇ ਦਿਨ ਮਨਾਏ ਜਾਣ। ਬਾਬਾ ਬਿਲਗਾ ਦੀ ਹੱਲਾਸ਼ੇਰੀ ਸਦਕਾ 'ਕਾਮਾਗਾਟਾਮਾਰੂ ਜਹਾਜ਼' ਦੇ ਪ੍ਰਸਿੱਧ ਆਗੂ ਬਾਬਾ ਗੁਰਦਿੱਤ ਸਿੰਘ ਦੇ ਪਿੰਡ ਸਰਹਾਲੀ ਵਿਖੇ ਗ਼ਦਰੀਆਂ ਦੀ ਯਾਦ ਵਿਚ ਸਭਿਆਚਾਰਕ ਸਮਾਗਮ ਆਯੋਜਿਤ ਕੀਤਾ ਗਿਆ। ਬਾਬਾ ਬਿਲਗਾ ਨੇ ਸਮਾਗਮ ਵਿਚ ਸ਼ਮੂਲੀਅਤ ਕੀਤੀ ਅਤੇ ਗਰਜਵੀਂ ਆਵਾਜ਼ ਵਿਚ ਜਜ਼ਬਾਤ ਭਰਪੂਰ ਲੈਕਚਰ ਦਿੱਤਾ। ਉਦੋਂ ਤੋਂ ਲੈ ਕੇ ਲਗਾਤਾਰ ਸਰਹਾਲੀ ਵਿਖੇ ਪ੍ਰੋਗਰਾਮ ਹੁੰਦਾ ਹੈ ਅਤੇ ਪਿੰਡ ਵਾਸੀਆਂ ਨੇ ਰਵਾਇਤ ਬਣਾ ਲਈ ਹੈ।

ਬਾਬਾ ਬਿਲਗਾ ਦੀ ਪ੍ਰੇਰਨਾ ਸਦਕਾ ਹੀ ਬਾਬਾ ਸੰਤਾ ਸਿੰਘ ਗੰਡੀਵਿੰਡ ਦੀ ਯਾਦ ਵਿਚ ਪ੍ਰੋਗਰਾਮ ਦੀ ਸ਼ੁਰੂਆਤ ਹੋਈ ਸੀ ਤੇ ਲਗਾਤਾਰ ਹੁਣ ਤੱਕ ਜਾਰੀ ਹੈ। ਬਾਬਾ ਜੀ ਨੇ ਇਕ ਵਾਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਦਫ਼ਤਰ ਵਿਖੇ ਗੱਲਬਾਤ ਦੌਰਾਨ ਦੱਸਿਆ ਕਿ ਇਕ 'ਨੌਜਵਾਨ ਬਿਜਲੀ ਮੁਲਾਜ਼ਮ ਗੁਰਪ੍ਰੀਤ ਸਿੰਘ ਗੰਡੀਵਿੰਡ ਆਇਆ ਸੀ ਤੇ ਉਸ ਨੇ ਕਿਹਾ ਕਿ ਅਸੀਂ ਬਾਬਾ ਸੰਤਾ ਸਿੰਘ ਗੰਡੀਵਿੰਡ ਦੀ ਯਾਦ ਵਿਚ ਸੜਕ ਤੇ ਗੇਟ ਬਣਾਇਆ ਹੈ ਅਤੇ ਉਦਘਾਟਨ ਤੁਹਾਡੇ ਤੋਂ ਕਰਾਉਣਾ ਚਾਹੁੰਦੇ ਹਾਂ। ਯਾਦਗਾਰੀ ਸਮਾਗਮ ਦੀ ਸ਼ੁਰੂਆਤ ਵੀ ਕਰਨੀ ਹੈ। ਬੇਨਤੀ ਹੈ ਕਿ ਤੁਸੀਂ ਬਾਬਾ ਸੰਤਾ ਸਿੰਘ ਦੇ ਜੀਵਨ 'ਤੇ 'ਨਵਾਂ ਜ਼ਮਾਨਾ' ਅਖ਼ਬਾਰ ਵਿਚ ਲੇਖ ਲਿਖ ਦਿਓ।' ਬਾਬਾ ਬਿਲਗਾ ਜੀ ਨੇ ਯਾਦਾਂ ਦੀ ਪਟਾਰੀ ਵਿਚੋਂ ਲੇਖ ਲਿਖ ਦਿੱਤਾ ਪਰ ਬਿਰਧ ਅਵਸਥਾ ਹੋਣ ਕਰਕੇ ਪ੍ਰੋਗਰਾਮ ਵਿਚ ਸ਼ਮੂਲੀਅਤ ਨਾ ਕਰ ਸਕੇ। ਰਜੇਸ਼ਵਰ ਸਿੰਘ ਚਮਿਆਰੀ ਨੂੰ ਪ੍ਰੋਗਰਾਮ ਵਿਚ ਭੇਜ ਦਿੱਤਾ। ਜਦੋਂ ਮੇਰੇ ਵੱਲੋਂ ਇਹ ਦੱਸਿਆ ਗਿਆ ਕਿ ਉਹ ਨੌਜਵਾਨ ਮੇਰੇ ਨਾਲ ਸਲਾਹ ਕਰਕੇ ਆਇਆ ਸੀ ਤਾਂ ਉਹ ਬਹੁਤ ਖੁਸ਼ ਹੋਏ।

ਬਾਬਾ ਬਿਲਗਾ ਜੀ ਕਮਿਊਨਿਸਟ ਲਹਿਰ ਦੀ ਕਾਮਯਾਬੀ ਲਈ ਕਮਿਊਨਿਸਟਾਂ ਦੀ ਏਕਤਾ ਬਾਬਤ ਵੀ ਬਹੁਤ ਤਾਂਘ ਰੱਖਦੇ ਸਨ। ਇਕ ਵਾਰ ਦੀ ਗੱਲ ਹੈ ਕਿ ਗ਼ਦਰੀ ਬਾਬਿਆਂ ਦੇ ਮੇਲੇ ਦੀ ਕਾਮਯਾਬੀ ਦੀ ਕਹਾਣੀ ਸੁਣ ਕੇ ਉਹ ਬਹੁਤ ਖੁਸ਼ ਹੋਏ। ਸਮਾਪਤੀ ਦੇ ਅਗਲੇ ਦਿਨ ਬਾਬਾ ਜੀ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਦਫਤਰ ਵਿਚ, 'ਕਾਮਰੇਡ ਅਮੋਲਕ ਸਿੰਘ ਦਾ ਤੇ ਮੇਰਾ ਹੱਥ ਫੜ ਕੇ ਆਪਣੇ ਹੱਥਾਂ ਵਿਚ ਜ਼ੋਰ ਨਾਲ ਘੁੱਟ ਕੇ ਅਤੇ ਪੂਰਾ ਨਿੱਘ ਦੇ ਕੇ ਕਿਹਾ, ਪੁੱਤਰੋ ਸਮਾਜ ਦੀ ਬੇਹਤਰੀ ਲਈ ਲਹਿਰ ਦੀ ਏਕਤਾ ਦੀ ਬਹੁਤ ਜ਼ਰੂਰਤ ਹੈ।'

ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਮੀਟਿੰਗਾਂ ਵਿਚ ਅਸੀਂ ਉਹਨਾਂ ਦੇ ਅਮੀਰ ਤਜਰਬੇ ਤੋਂ ਬਹੁਤ ਕੁਝ ਸਿੱਖਿਆ। ਉਹਨਾਂ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਭਗਤ ਯਾਦਗਾਰ ਸੰਸਥਾ ਦੇ ਕਾਰਜ ਦੀ ਪੂਰਤੀ ਲਈ ਲਾ ਦਿੱਤੀ ਸੀ। ਉਹਨਾਂ ਨੇ ਇਸ ਮਹਾਨ ਸੰਸਥਾ ਦੇ ਮੰਤਵ ਸੰਬੰਧੀ ਦੇਸ਼-ਵਿਦੇਸ਼ ਵਿਚ ਜ਼ੋਰਦਾਰ ਪ੍ਰਚਾਰ ਕੀਤਾ। ਉਹਨਾਂ ਦੀ ਲਗਨ ਤੇ ਸਖ਼ਤ ਮਿਹਨਤ ਸਦਕਾ ਦੇਸ਼ ਭਗਤ ਯਾਦਗਾਰ ਕਮੇਟੀ ਦੁਨੀਆ ਭਰ ਵਿਚ ਇੱਕ ਵਿਲੱਖਣ ਕਿਸਮ ਦੀ ਸੰਸਥਾ ਬਣ ਚੁੱਕੀ ਹੈ। ਉਹਨਾਂ ਨੇ ਲਗਾਤਾਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜ਼ਿੰਮੇਵਾਰ ਅਹੁਦਿਆਂ 'ਤੇ ਰਹਿ ਕੇ ਇਮਾਨਦਾਰੀ ਨਾਲ ਕੰਮ ਕੀਤਾ।

ਜ਼ਿੰਦਗੀ ਦੇ ਆਖ਼ਰੀ ਪੜ੍ਹਾਅ ਤੱਕ ਵੀ ਬਾਬਾ ਜੀ ਆਰਾਮ ਨਾਲ ਘਰ ਨਹੀਂ ਬੈਠੇ ਸਨ। ਪੰਜਾਬ ਦੀ ਸਰਕਾਰ ਨੇ 'ਜਲ੍ਹਿਆਂਵਾਲੇ ਬਾਗ' ਦੀ ਇਤਿਹਾਸਕ ਦਿੱਖ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ। ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ ਹੇਠ ਬਾਬਾ ਬਿਲਗਾ ਜੀ ਨੇ 'ਵੀਲ ਚੇਅਰ' 'ਤੇ ਬੈਠ ਕੇ ਜਲ੍ਹਿਆਂਵਾਲੇ ਬਾਗ ਤੋਂ ਹਾਲਗੇਟ (ਅੰਮ੍ਰਿਤਸਰ) ਤਕ 'ਵਿਸ਼ੇਸ਼ ਮਾਰਚ' ਦੀ ਅਗਵਾਈ ਕੀਤੀ। ਅਗਵਾਈ ਕਰਤਾਵਾਂ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀਆਂ ਵਿਚ ਕਾਮਰੇਡ ਸੱਤਪਾਲ ਡਾਂਗ, ਬਿਮਲਾ ਡਾਂਗ ਅਤੇ ਗੰਧਰਵ ਸੇਨ ਕੋਛੜ ਵੀ ਸਨ। ਐਸ.ਡੀ.ਐਮ. ਨੇ ਬਾਬਾ ਜੀ ਤੋਂ ਮੰਗ ਪੱਤਰ ਪ੍ਰਾਪਤ ਕੀਤਾ। ਇਸ ਮਾਰਚ ਦੀ ਸਮਾਪਤੀ ਤੇ ਬਾਬਾ ਬਿਲਗਾ ਨੇ 6-10-2008 ਨੂੰ ਹਾਲਗੇਟ ਵਿਖੇ ਬਹੁਤ ਹੀ ਮਹੱਤਵਪੂਰਨ ਲੈਕਚਰ ਦਿੱਤਾ। ਉਦੋਂ ਇਹ ਨਹੀਂ ਸੀ ਪਤਾ ਕਿ ਇਹ ਲੈਕਚਰ ਸਾਡੇ ਵਾਸਤੇ ਉਨ੍ਹਾਂ ਦਾ ਅੰਤਿਮ ਲੈਕਚਰ ਸੀ। ਬਾਬਾ ਬਿਲਗਾ ਜੀ ਸ਼ਹੀਦ ਭਗਤ ਸਿੰਘ ਤੋਂ 6 ਮਹੀਨੇ ਦੇ ਕਰੀਬ ਵੱਡੇ ਸਨ। ਜਦੋਂ ਉਹਨਾਂ ਦੀ ਮੌਤ ਹੋਈ ਉਦੋਂ ਉਹਨਾਂ ਦੀ ਉਮਰ ਦਾ 103ਵਾਂ ਵਰ੍ਹਾ ਜਾ ਰਿਹਾ ਸੀ। ਬਾਬਾ ਬਿਲਗਾ ਜੀ ਦਾ ਜੀਵਨ ਸਾਡੇ ਲਈ ਪ੍ਰੇਰਣਾ ਸਰੋਤ ਹੈ।

***

# ਯਾਦਾਂ - ਬਾਬਾ ਭਗਤ ਸਿੰਘ ਬਿਲਗਾ ਜੀ ਦੀਆਂ

-ਅਵਤਾਰ ਸਿੰਘ ਜੌਹਲ

30 ਅਪ੍ਰੈਲ 2009 ਨੂੰ ਮੈਂ ਪੰਜਾਬ ਤੋਂ ਵਾਪਸ ਬਰਮਿੰਘਮ ਆ ਗਿਆ ਸੀ। ਮੈਂ ਡਾਕਟਰ ਰਖਸ਼ਾ ਚੌਪੜਾ ਦੀ ਸਰਜਰੀ ਵਿਚ ਡਾਕਟਰ ਨੂੰ ਮਿਲਣ ਲਈ ਆਪਣੀ ਵਾਰੀ ਦੀ ਉਡੀਕ ਕਰਦਾ ਸੀ। ਮੇਰੇ ਮੋਬਾਇਲ ਫੋਨ ਦੀ ਘੰਟੀ ਵੱਜੀ। ਫੀਡ ਕੀਤਾ, ਫੂਨ ਦੀ ਸਕਰੀਣ ਉੱਤੇ ਸਾਥੀ ਚੈਂਚਲ ਸਿੰਘ ਦਾ ਨਾਮ ਪੜ੍ਹਿਆ ਅਤੇ ਚੈਂਚਲ ਬੋਲਿਆ ਕਿ "ਅਸੀਂ ਬਾਬਾ ਬਿਲਗਾ ਜੀ ਨੂੰ ਉਹਦੇ ਪੁੱਤਰ ਪ੍ਰੇਮ ਦੇ ਘਰ ਮਿਲਣ ਜਾ ਰਹੇ ਹਾਂ, ਆਪ ਨੇ ਉਥੇ ਆ ਜਾਣਾ।"

ਡਾਕਟਰ ਰਖਸ਼ਾ ਚੌਪੜਾ ਨੂੰ ਮਿਲਣ ਉਪ੍ਰੰਤ ਮੈਂ ਪ੍ਰੇਮ ਦੇ ਘਰ ਚੈਂਚਲ ਹੋਰਾਂ ਦੇ ਆਉਣ ਤੋਂ ਪਹਿਲਾਂ ਪਹੁੰਚ ਗਿਆ। ਪ੍ਰੇਮ ਨੇ ਦੱਸਿਆ ਕਿ ਬਾਬਾ ਬਿਲਗਾ ਜੀ 'ਡੈਡੀ' ਉੱਪਰ ਬੈੱਡ ਤੇ ਹਨ। ਮੈਂ ਸਿੱਧਾ ਉੱਪਰ ਚਲਾ ਗਿਆ। ਦੇਖਿਆ ਤਾਂ ਪਤਾ ਲੱਗਾ ਕਿ ਬਾਬਾ ਜੀ ਦੀ ਸਿਹਤ ਵਿਗੜ ਚੁੱਕੀ ਹੈ। ਕੁਝ ਮਿੰਟਾਂ ਵਿਚ ਹੀ ਸਾਥੀ ਚੈਂਚਲ ਦੇ ਨਾਲ ਨੌਟਿੰਘਮ ਤੋਂ ਕਸ਼ਮੀਰਾ ਸਿੰਘ ਧਾਲੀਵਾਲ, ਮੋਹਣ ਸਿੰਘ ਬਿਲਗਾ, ਦਿਆਲਬਾਜੀ, ਪੁਸ਼ਕਰ, ਮਾਸਟਰ ਅਜੀਤ ਸਿੰਘ ਸਾਰੇ ਹੀ ਪ੍ਰੇਮ ਨੂੰ ਨਾਲ ਲੈ ਬਾਬਾ ਬਿਲਗਾ ਜੀ ਦੇ ਬਿਸਤਰੇ ਦੁਆਲੇ ਖੜ ਗਏ। ਬਾਬਾ ਜੀ ਦੀ ਸਿਹਤ ਦਾ ਹਾਲ ਪੁੱਛਿਆ। ਬਾਬਾ ਬਿਲਗਾ ਜੀ ਨੇ ਹੁੰਗਾਰਾ ਭਰਦਿਆਂ ਕਿਹਾ, "ਮੇਰੀ ਜ਼ਿੰਦਗੀ ਦੀ ਮੰਜ਼ਿਲ ਹੁਣ ਦੂਰ ਨਹੀਂ ਪਰ ਆਪਣੇ (ਸੰਘਰਸ਼) ਘੋਲ ਦੀ ਮੰਜ਼ਿਲ ਨੇੜੇ ਨਹੀਂ ਇਹ ਘੋਲ ਹੁਣ ਤੁਸੀਂ ਘੁਲਣਾ ਹੈ।" ਇਹ ਕਹਿ ਕੇ ਬਾਬਾ ਜੀ ਨੇ ਅੱਖਾਂ ਮੀਟ ਲਈਆਂ।

ਚਾਰ ਦਿਨ ਪਿੱਛੋਂ 11 ਮਈ 2009 ਨੂੰ ਡਾਕਟਰ ਜਸਬੀਰ ਕੌਰ ਗਿੱਲ ਅਤੇ ਡਾਕਟਰ ਗੁਰਮੇਜ ਸਿੰਘ ਗਿੱਲ ਮੈਨੂੰ ਨਾਲ ਲੈ ਬਾਬਾ ਬਿਲਗਾ ਜੀ ਦੀ ਖ਼ਬਰ ਲੈਣ ਪ੍ਰੇਮ ਦੇ ਘਰ ਗਏ। ਪ੍ਰੇਮ ਅਤੇ ਪਾਲ ਨੂੰ ਮਿਲਕੇ ਬਾਬਾ ਜੀ ਕੋਲ ਪਹੁੰਚੇ। ਮੈਂ ਬਾਬਾ ਜੀ ਨੂੰ ਕਿਹਾ ਡਾਕਟਰ ਜਸਵੀਰ ਗਿੱਲ ਆਪ ਦੀ ਪੁੱਤਰੀ ਅਤੇ ਉਨ੍ਹਾਂ ਦੇ ਪਤੀ ਡਾਕਟਰ ਗੁਰਮੇਜ ਸਿੰਘ ਗਿੱਲ ਆਪ ਨੂੰ ਮਿਲਣ ਆਏ ਹਨ। ਬਾਬਾ ਬਿਲਗਾ ਜੀ ਬੋਲੇ, "ਜਸਵੀਰ ਮੇਰੀ ਜੀਵਨੀ ਦੀ ਕਿਤਾਬ ਲਿਆਈ ਹੈਂ?" ਜਸਵੀਰ ਕਹਿੰਦੀ, "ਬਾਬਾ ਜੀ ਕਿਤਾਬ ਛਪਦੀ ਹੈ।" ਬਾਬਾ ਜੀ ਤੁਰੰਤ ਬੋਲੇ,"ਤਾਂ ਹੁਣ ਮੇਥੋਂ ਮਗਰੋਂ ਹੀ ਛਪੇਗੀ ਤੇਰੀ ਕਿਤਾਬ।"

ਮੈਨੂੰ ਬਾਬਾ ਜੀ ਦੀ ਜੀਵਨੀ ਦਾ ਅੰਤ ਉਨ੍ਹਾਂ ਦੇ ਬੋਲਾਂ ਤੋਂ ਪ੍ਰਤੱਖ ਹੋ ਗਿਆ ਸੀ।

ਉਪਰੋਕਤ ਦੋ ਮਿਲਣੀਆਂ ਨੇ ਅਤੇ ਬਿਸਤਰੇ ਮਰਗ ਉੱਤੇ ਪਏ ਬਾਬਾ ਭਗਤ ਸਿੰਘ ਬਿਲਗਾ ਜੀ ਦੇ ਬੋਲਾਂ 'ਇਹ ਘੋਲ ਹੁਣ ਤੁਸੀਂ ਘੁਲਣਾ ਹੈ' ਮੇਥੋਂ ਮਗਰੋਂ ਹੀ ਛਪੇਗੀ ਤੇਰੀ

ਕਿਤਾਬ' ਨੇ ਇਕ ਇਨਕਲਾਬੀ ਗ਼ਦਰੀ ਯੋਧੇ ਦੀਆਂ ਸੰਘਰਸ਼ਮਈ, ਮਾਨਵਤਾ ਦੇ ਕਲਿਆਣ ਲਈ ਘਾਲਣਾਵਾਂ ਯਾਦ ਕਰਵਾ ਦਿੱਤੀਆਂ ਜਿਹੜੀਆਂ ਬਾਬਾ ਜੀ ਦੀਆਂ ਰਚਨਾਵਾਂ, ਲੇਖਾਂ ਵਿਚ ਦਰਜ ਹਨ ਅਤੇ ਜਿਹਨ੍ਹਾਂ ਦਾ ਮੇਰੇ ਜੀਵਣ ਸੰਬੰਧ ਨਾਲ ਸਿੱਧਾ ਵਾਸਤਾ ਵੀ ਹੈ। ਮੈਂ ਉਨ੍ਹਾਂ ਵਿਚੋਂ ਕੁਝ ਚੋਣਵੀਆਂ ਘਟਨਾਵਾਂ, ਘਾਲਣਾਵਾਂ ਦਾ ਵਰਣਨ ਕਰਨ ਜਾ ਰਿਹਾ ਹਾਂ ਜਿਹੜੀਆਂ ਹੇਠ ਲਿਖੇ ਅਨੁਸਾਰ ਹਨ।

ਬਾਬਾ ਬਿਲਗਾ ਜੀ ਦੇ ਦੋ ਪੁੱਤਰ ਹਨ ਕੁਲਬੀਰ (ਤਰਸੇਮ) ਸਿੰਘ ਅਤੇ ਪ੍ਰੇਮ ਸਿੰਘ। ਦੋਹਾਂ ਪੁੱਤਰਾਂ ਦੇ ਪਰਿਵਾਰ 20ਵੀਂ ਸਦੀ ਦੇ 7ਵੇਂ ਦਹਾਕੇ ਦੇ ਆਰੰਭ ਤੱਕ ਇੰਗਲੈਂਡ ਵਿਚ ਵਸ ਗਏ ਸਨ ਅਤੇ ਆਪਣੇ ਰੁਜ਼ਗਾਰ ਵਿਚ ਰੁੱਝ ਗਏ ਸਨ। ਉਹ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬਰਿਟਨ ਵਿਚ ਵੀ ਆਪਣੀ ਸਰਗਰਮੀ ਕਰਦੇ ਆ ਰਹੇ ਹਨ।

ਬਾਬਾ ਭਗਤ ਸਿੰਘ ਬਿਲਗਾ ਜੀ ਪਹਿਲੀ ਵਾਰ 1972 ਸੰਨ ਵਿਚ ਇੰਗਲੈਂਡ ਆਪਣੇ ਪਰਿਵਾਰ ਕੋਲ ਆ ਕੇ ਤਕਰੀਬਨ ਇਕ ਸਾਲ ਰਹੇ ਅਤੇ 1973 ਵਿਚ ਵਾਪਸ ਪੰਜਾਬ ਚਲੇ ਗਏ ਸਨ। ਇਸ ਇਕ ਸਾਲ ਦੇ ਸਮੇਂ ਵਿਚ ਉਨ੍ਹਾਂ ਨੇ ਆਪਣੀਆਂ ਇਨਕਲਾਬੀ ਸਰਗਰਮੀਆਂ ਚਾਲੂ ਰੱਖੀਆਂ ਸਨ। ਇਸ 72-73 ਦੇ ਸਮੇਂ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬਰਿਟਨ ਦੋ ਫਾੜ (1976 'ਚ) ਹੋ ਚੁੱਕੀ ਸੀ ਅਤੇ ਦੋਵੇਂ ਹੀ ਜਥੇਬੰਦੀਆਂ ਲੋਕ ਘੋਲਾਂ ਵਿਚ ਆਪੋ-ਆਪਣੇ ਢੰਗ ਨਾਲ ਸੰਘਰਸ਼ ਕਰਦੀਆਂ ਸਨ। ਇਕ ਜਥੇਬੰਦੀ ਨਕਸਲਬਾੜੀ ਕਮਿਊਨਿਸਟ ਲਹਿਰ ਦੀ ਸਮਰੱਥਕ ਸੀ ਅਤੇ ਦੂਜੀ ਹਿੰਦ ਕਮਿਊਨਿਸਟ ਪਾਰਟੀ (ਮਾਰਕਸੀ ਦੀ)

ਬਾਬਾ ਭਗਤ ਸਿੰਘ ਬਿਲਗਾ ਜੀ ਦੀ ਪੰਜਾਬ ਵਿਚ ਨਕਸਲਬਾੜੀ ਕਮਿਊਨਿਸਟ ਲਹਿਰ ਨਾਲ ਹਮਦਰਦੀ ਸੀ ਭਾਵੇਂ ਉਹ ਸੀ. ਪੀ. ਆਈ. (ਐਮ. ਐਲ.) ਦੇ ਮੈਂਬਰ ਨਹੀਂ ਸੀ। ਇਸ ਕਾਰਨ ਹੀ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਜਲੰਧਰ ਜ਼ਿਲ੍ਹਾ ਮੈਜਿਸਟ੍ਰੇਟ ਦੇ ਹੁਕਮਾਂ ਉੱਤੇ ਗ੍ਰਿਫਤਾਰ ਕਰਕੇ ਨਜ਼ਰਬੰਦ ਕਰ ਲਿਆ ਸੀ।

ਪੰਜਾਬ ਵਿਚ ਨਕਸਲਬਾੜੀ ਲਹਿਰ ਪ੍ਰਤੀ ਹਮਦਰਦੀ ਦੇ ਬਾਵਜੂਦ ਵੀ ਉਹ ਬਰਤਾਨੀਆ ਵਿਚ ਦੋਹਾਂ ਜਥੇਬੰਦੀਆਂ ਅਤੇ ਕਾਮਰੇਡ ਵਿਸ਼ਨੂੰ ਦੱਤ ਗਰੁੱਪ ਦੇ ਭਾਰਤੀ ਕਮਿਊਨਿਸਟ ਪਾਰਟੀ ਦੇ ਮਿੱਤਰਾਂ ਵਿਚਕਾਰ ਨੇੜਤਾ ਪੈਦਾ ਕਰਨ ਦੇ ਯਤਨ ਕਰਦੇ ਰਹੇ। ਉਹ ਸਦਾ ਹੀ ਖੱਬੀ ਧਿਰ ਦੀ ਏਕਤਾ ਕਰਨ ਉੱਤੇ ਜ਼ੋਰ ਦਿੰਦੇ ਰਹੇ ਅਤੇ ਵੱਖ-ਵੱਖ ਹੋਈਆਂ ਜਥੇਬੰਦੀਆਂ ਦੀਆਂ ਸਰਗਰਮੀਆਂ ਵਿਚ ਭਾਗ ਲੈਂਦੇ। ਉਹ ਮਾਰਕਸਵਾਦ ਦੇ ਪੱਕੇ ਧਾਰਨੀ ਸਨ ਅਤੇ ਸਾਥੀਆਂ ਨੂੰ ਪਰੇਰਨਾ ਕਰਦੇ ਕਿ ਉਹ ਜਿਹੜੇ ਦੇਸ਼ ਵਸਦੇ ਹਨ ਉਹ, ਉਸ ਦੇਸ਼ ਦੇ ਕਾਮਾ ਵਰਗਾਂ ਦੇ ਅਨਿੱਖੜਵਾਂ ਅੰਗ ਹਨ ਅਤੇ ਕਾਮਾ ਵਰਗ ਦੇ ਘੋਲਾਂ ਵਿਚ ਭਾਗ ਲੈਣਾ ਉਨ੍ਹਾਂ ਦਾ ਫਰਜ਼ ਹੈ।

1978 ਵਿਚ ਬਾਬਾ ਭਗਤ ਸਿੰਘ ਜੀ ਬਿਲਗਾ ਦੇਸ਼ ਭਗਤ ਯਾਦਗਾਰ ਜਲੰਧਰ ਦੀ ਕਮੇਟੀ ਵੱਲੋਂ ਦੇਸ਼ ਭਗਤ ਹਾਲ ਦੀ ਉਸਾਰੀ ਮੁਕੰਮਲ ਕਰਨ ਲਈ ਬਰਤਾਨੀਆ ਆਏ ਸਨ। ਇਸ ਫੇਰੀ ਸਮੇਂ ਉਗਰਾਹੀ ਕਰਨ ਦੇ ਨਾਲ ਉਹ ਇੰਡੀਆ ਵਰਕਰਜ਼ ਐਸੋਸੀਏਸ਼ਨ ਦੇ ਪਬਲਿਕ ਜਲਸਿਆਂ ਨੂੰ ਸੰਬੋਧਨ ਕਰਦੇ ਸਨ ਅਤੇ ਮੁਜ਼ਾਹਰਿਆਂ ਵਿਚ ਵੀ ਹਿੱਸਾ ਲੈਂਦੇ ਰਹੇ।

ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਮੁਕੰਮਲ ਕਰਨ ਦੀ ਉਗਰਾਹੀ ਕਰਨ ਲਈ ਸਾਰੀਆਂ ਮਜ਼ਦੂਰ ਸਭਾਵਾਂ ਤੱਕ ਪਹੁੰਚ ਕੀਤੀ। ਇਹ ਹੀ ਯੁਗਤ ਸੀ ਜਿਸ ਕਰਕੇ ਹਡਰਜ਼

ਫੀਲਡ ਤੋਂ ਸੀ. ਪੀ. ਆਈ ਦੇ ਹਮਦਰਦ ਚਰਣ ਸਿੰਘ ਚੀਮਾ ਦੀ ਅਤੇ ਸਾਊਥ ਹਾਲ ਤੋਂ ਵਿਸ਼ਨੂੰ ਦੱਤ ਹੋਰਾਂ ਰਕਮਾਂ ਇਕੱਠੀਆਂ ਕੀਤੀਆਂ। 1978 ਦੀ ਇਸ ਉਗਰਾਹੀ ਲਈ ਬਾਬਾ ਜੀ ਸਥਾਨਕ ਸਾਥੀਆਂ ਨੂੰ ਨਾਲ ਲੈਣਾ ਜ਼ਰੂਰੀ ਸਮਝਦੇ ਸਨ ਉਹ ਕਹਿੰਦੇ ਹੁੰਦੇ ਸਨ ਕਿ ਬਾਹਰੋਂ ਆਇਆ ਬੰਦਾ ਤਾਂ ਹੀ ਉਗਰਾਹੀ ਕਰ ਸਕਦਾ ਹੈ ਜੇ ਹਲਕੇ ਦੇ ਸਥਾਨਕ ਚਾਰ ਸਾਥੀ ਨਾਲ ਹੋਣ। ਇਿਝ ਹੀ 1958-59 ਵਿਚ ਬਾਬਾ ਕਰਮ ਸਿੰਘ ਚੀਮਾ, ਬਾਬਾ ਗੁਰਮੁੱਖ ਸਿੰਘ, ਬਾਬਾ ਬੂਝਾ ਸਿੰਘ ਅਤੇ ਬਾਬਾ ਭੋਲਾ ਸਿੰਘ ਹੋਰਾਂ ਦੇਸ਼ ਭਗਤ ਹਾਲ ਲਈ ਉਗਰਾਹੀ ਕੀਤੀ ਸੀ।

ਬਾਬਾ ਬਿਲਗਾ ਜੀ ਦੀ 1978 ਵਾਲੀ ਬਰਤਾਨੀਆ ਤੋਂ ਹੋਈ ਉਗਰਾਹੀ ਦੀ ਪੁਰਜ਼ੋਰ ਸ਼ਲਾਘਾ, ਸਾਥੀ ਸੋਹਣ ਸਿੰਘ ਜੋਸ਼ ਨੇ ਆਪਣੀ ਪ੍ਰਧਾਨਗੀ ਰਿਪੋਰਟ 10 ਅਗਸਤ 1980 ਨੂੰ ਕੀਤੀ ਸੀ। ਉਨ੍ਹਾਂ ਲਿਖਿਆ ਹੈ:

"ਇਹ ਹਾਲ (ਦੇਸ਼ ਭਗਤ ਯਾਦਗਾਰ ਹਾਲ) ਸ਼ਾਇਦ ਕਦੇ ਵੀ ਸਿਰੇ ਨਾ ਚੜ੍ਹਦਾ ਜੇ ਸਾਥੀ ਭਗਤ ਸਿੰਘ ਬਿਲਗਾ ਦੀ ਪ੍ਰੇਰਨਾ ਨਾਲ ਸਾਡੇ ਇੰਗਲੈਂਡ ਵਿਚ ਵਸਦੇ ਪੰਜਾਬੀ ਵੀਰ ਇਸ ਨੂੰ ਸਿਰੇ ਚੜ੍ਹਾਉਣ ਦਾ ਬੀੜਾ ਨਾ ਚੁੱਕਦੇ। ਉਨ੍ਹਾਂ ਨੇ ਇਨ੍ਹਾਂ ਕਾਰਜਾਂ ਲਈ ਜਿਸ ਦਲੇਰੀ ਨਾਲ ਪੌਂਡਾਂ ਦੀ ਸਹਾਇਤਾ ਦਿੱਤੀ ਅਤੇ ਦੇਸ਼ ਭਗਤ ਦੇ ਇਸ ਹਾਲ ਦੇ ਮੁਕੰਮਲ ਕਰਨ ਲਈ ਉਤਸ਼ਾਹ ਦਿਖਾਇਆ, ਉਸ ਦੀ ਜਿੰਨੀ ਸਰਾਹਣਾ ਕੀਤੀ ਜਾਵੇ ਥੋੜ੍ਹੀ ਹੈ। ਹਾਲ ਦੇ ਮੁਕੰਮਲ ਕਰਨ ਦਾ ਸਿਹਰਾ ਵਧੇਰੇ ਕਰਕੇ ਉਨ੍ਹਾਂ ਦੇ ਸਿਰ ਹੈ।" (ਹਵਾਲਾ ਉਗਰਾਹੀ ਰਿਪੋਰਟ 1977-78)

ਸਾਥੀ ਸੋਹਣ ਸਿੰਘ ਜੋਸ਼ ਨੇ 'ਦਲੇਰੀ ਅਤੇ ਉਤਸ਼ਾਹ' ਦਾ ਜੋ ਵਰਣਨ ਕੀਤਾ ਹੈ ਉਹ ਬਾਬਾ ਬਿਲਗਾ ਜੀ ਨੇ ਹੀ ਆਪਣੀ ਇਨਕਲਾਬੀ ਪ੍ਰੇਰਣਾ ਰਾਹੀਂ ਹੀ ਪੈਦਾ ਕੀਤੀ ਸੀ। ਉਹ ਕਹਿੰਦੇ ਹੁੰਦੇ ਸੀ ਕਿ 'ਦੇਸ਼ ਭਗਤਾਂ ਦੇ ਹਾਲ ਦੀਆਂ ਸੀਖਾਂ (ਲੋਹੇ ਦੇ ਸਰੀਏ) ਢੱਕਣ ਲਈ ਉਗਰਾਹੀ ਮੰਗਦੇ ਹਾਂ। ਜੋ ਵੀ ਵੱਧ ਤੋਂ ਵੱਧ ਸਰਦਾ ਹੈ ਦੇ ਆਇਓ ਕੋਈ ਬੱਧੋਗਿਰੀ ਨਹੀਂ ਹੈ" ਇਹ ਉਨ੍ਹਾਂ ਦਾ ਗੱਲ ਕਰਨ ਦਾ ਚੰਗਾ ਹੁਨਰ ਸੀ।

6 ਅਗਸਤ 1981 ਨੂੰ ਮੇਰੇ ਜੀਵਣ ਸਾਥੀ ਮਨਜੀਤ ਕੌਰ ਦੀ ਬੜੇ ਪਿੰਡ ਵਿਖੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਉਹ 43 ਸਾਲ ਉਮਰ ਦੇ ਸੀ। ਉਹ ਦੋ ਬੱਚਿਆਂ ਨਾਲ ਪੰਜਾਬ ਛੁੱਟੀਆਂ ਕੱਟਣ ਗਈ ਸੀ। ਡਾਢੀ ਪਰਿਵਾਰਕ ਸੱਟ ਲੱਗੀ।

ਉਨ੍ਹਾਂ ਦਿਨਾਂ ਵਿਚ ਹੀ ਬਾਬਾ ਬਿਲਗਾ ਜੀ ਇੰਗਲੈਂਡ ਆਏ ਸਨ। ਉਹ ਆ ਕੇ ਮੈਨੂੰ ਮਿਲੇ। ਉਨ੍ਹਾਂ ਨੇ ਮੈਨੂੰ ਆਪਣੇ ਜੀਵਣ ਸਾਥੀ ਦੀ ਮੌਤ ਬਾਰੇ ਦੱਸਿਆ ਅਤੇ ਕਿਵੇਂ ਉਹ ਦੇਸ਼ ਭਗਤੀ ਅਤੇ ਇਨਕਲਾਬੀ ਕੰਮ ਵਿਚ ਜੁੱਟੇ ਰਹੇ ਹਨ। ਉਨ੍ਹਾਂ ਮੈਨੂੰ ਅਤੇ ਮੇਰੇ ਬੱਚਿਆਂ ਨੂੰ ਹੌਸਲਾ ਦਿੱਤਾ ਅਤੇ ਦ੍ਰਿੜ੍ਹਤਾ ਨਾਲ ਜੀਵਣ ਸੰਗਰਾਮ ਉੱਤੇ ਤੁਰੇ ਰਹਿਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਵੱਲੋਂ ਸੁਣਾਈ ਆਪਣੀ ਕਹਾਣੀ ਨੇ ਮੇਰੇ ਸਵੈ-ਵਿਸ਼ਵਾਸ ਨੂੰ ਹੋਰ ਦ੍ਰਿੜ ਕਰ ਦਿੱਤਾ। ਉਨ੍ਹਾਂ ਦਾ ਦਿੱਤਾ ਸੁਝਾਅ ਮੈਨੂੰ ਸਦਾ ਹੀ ਯਾਦ ਰਹਿੰਦਾ ਹੈ। ਮੈਨੂੰ ਅਨੁਭਵ ਹੋਇਆ ਕਿ ਇਨਕਲਾਬੀ, ਸੂਖਮ ਦਿਲ ਇਨਸਾਨ ਵੀ ਹੁੰਦੇ ਹਨ।

ਪੰਜਾਬ ਵਿਖੇ ਖ਼ਾਲਸਤਾਨੀ ਲਹਿਰ ਦੇ ਅਤਿਵਾਦ ਨੇ ਬਰਤਾਨੀਆ ਵਿਚ ਵੀ ਆਪਣਾ ਦਮਨ ਕਰਨ ਦੇ ਯਤਨ ਖਾਸ 1984 ਉਪਰੰਤ ਜੋਰਾਂ ਨਾਲ ਕੀਤੇ। ਉਸ ਸਮੇਂ ਉਨ੍ਹਾਂ ਨੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬਰਿਟਨ ਨੂੰ ਆਪਣਾ ਨਿਸ਼ਾਨਾ ਬਣਾਇਆ। ਇਹਦੇ ਪਬਲਿਕ

ਜਲਸਿਆਂ ਉੱਤੇ ਹਮਲੇ ਕੀਤੇ। ਇਨ੍ਹਾਂ ਦਿਨਾਂ ਵਿਚ ਹੀ ਬਾਬਾ ਬਿਲਗਾ ਜੀ ਅਤੇ ਸੁਰਿੰਦਰ ਕੁਮਾਰੀ ਕੋਛੜ ਬਰਤਾਨੀਆ ਆਏ। ਬਾਬਾ ਬਿਲਗਾ ਜੀ ਅਤੇ ਸਾਥੀ ਸੁਰਿੰਦਰ ਕੁਮਾਰੀ ਕੋਛੜ ਨੇ ਇੰਗਲੈਂਡ ਦੇ ਕਈ ਇਕ ਸ਼ਹਿਰਾਂ ਵਿਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬਰਿਟਨ ਵੱਲੋਂ ਜਥੇਬੰਦ ਕੀਤੇ ਪਬਲਿਕ ਜਲਸਿਆਂ ਉੱਤੇ ਫਿਰਕਾਪ੍ਰਸਤੀ ਵਿਰੁੱਧ ਨਿਰਭੈ ਹੋ ਕੇ ਤਕਰੀਰਾਂ ਕੀਤੀਆਂ ਜਿਹਦੇ ਨਾਲ ਜਥੇਬੰਦੀ ਨੂੰ ਹੋਰ ਬਲ ਮਿਲਿਆ।

ਇਨ੍ਹਾਂ ਦਿਨਾਂ ਵਿਚ ਹੀ ਬਾਬਾ ਬਿਲਗਾ ਜੀ ਦੋਹਾਂ ਇੰਡੀਅਨ ਵਰਕਰਜ਼ ਐਸੋਸੀਏਸ਼ਨਾਂ ਨੂੰ ਏਕਤਾ ਕਰਣ ਦੀ ਪ੍ਰੇਰਣਾ ਕਰਦੇ ਰਹਿੰਦੇ। ਸਿੱਟੇ ਵਜੋਂ ਦੋਹਾਂ ਜਥੇਬੰਦੀਆਂ ਦੀ ਸਾਂਝੀ ਤਾਲਮੇਲ ਕਮੇਟੀ ਬਣ ਗਈ। ਇਹ 1987-88 ਵਿਚ ਹੋਇਆ। ਤਿੰਨ ਸਾਲ ਦੇ ਸਾਂਝੇ ਕੰਮਾਂ ਕਾਰਣ ਅਤੇ ਬਾਬਾ ਬਿਲਗਾ ਅਤੇ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਦੇ ਯਤਨਾਂ ਅਤੇ ਪ੍ਰੇਰਨਾਵਾਂ ਸਦਕਾ ਅਪ੍ਰੈਲ 1991 ਵਿਚ ਦੋਵੇਂ ਮਜ਼ਦੂਰ ਸਭਾਵਾਂ ਸੰਯੁਕਤ ਹੋਈਆਂ। ਇਕ ਕੇਂਦਰੀ ਕਮੇਟੀ ਬਣੀ, ਸਮੂਹ ਬ੍ਰਾਂਚਾਂ ਇਕਮੁੱਠ ਹੋਈਆਂ। ਇਸ ਸੰਯੁਕਤ ਸਮਾਗਮ ਨੂੰ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਅਤੇ ਬਾਬਾ ਭਗਤ ਸਿੰਘ ਬਿਲਗਾ ਜੀ ਨੇ ਸੰਬੋਧਨ ਕੀਤਾ। ਰੈਲੀ ਵਿਚ 1000 ਭਾਰਤੀ ਮੂਲ ਦੇ ਮੈਂਬਰਾਂ ਨੇ ਭਾਗ ਲਿਆ ਅਤੇ ਲਹਿਰ ਦੀ ਤਾਕਤ ਵਧੀ। ਬਾਬਾ ਜੀ ਨੂੰ ਟੁੱਟੇ ਜੋੜਨ ਦੀ ਕਲਾ ਦੀ ਨਿਪੁੰਨਤਾ ਸੀ ਅਤੇ ਸਾਥੀ ਸੁਰਜੀਤ ਨੂੰ ਗੱਠਜੋੜ ਕਰਨ ਦੀ।

1991 ਤੋਂ ਆਪਣੇ ਆਖ਼ਰੀ ਦਮ ਤੱਕ ਬਾਬਾ ਬਿਲਗਾ ਜੀ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀਆਂ ਕਾਰਜਵਿਧੀਆਂ ਵਿਚ ਲਗਾਤਾਰ ਭਾਗ ਲੈਂਦੇ ਰਹੇ। ਉਨ੍ਹਾਂ ਦੀ ਪ੍ਰੇਰਣਾ ਹੀ ਸੀ ਕਿ ਸ਼ਹੀਦ ਊਧਮ ਸਿੰਘ ਵੈਲਫੇਅਰ ਸੈਂਟਰ ਵੱਲੋਂ ਪੌਣੇ ਦੋ ਲੱਖ ਰੁਪੈ ਦੀ ਲਾਗਤ ਨਾਲ ਜਲੰਧਰ ਸ਼ਹਿਰ ਵਿਖੇ ਪਠਾਨਕੋਟ ਚੌਂਕ ਵਿਚ ਸ਼ਹੀਦ ਬੰਤਾ ਸਿੰਘ ਸੰਘਵਾਲ ਦਾ ਬੁੱਤ ਲਗਾਇਆ ਅਤੇ ਚੌਂਕ ਦਾ ਨਾਮ ਬਦਲ ਕੇ ਸ਼ਹੀਦ ਬੰਤਾ ਸਿੰਘ ਸੰਘਵਾਲ ਰੱਖਿਆ।

ਬਾਬਾ ਬਿਲਗਾ ਜੀ ਰਾਜਸੀ ਮੱਤਭੇਦ ਰੱਖਦੇ ਹੋਏ, ਉਨ੍ਹਾਂ ਤੋਂ ਵੱਖਰੇ ਵਿਚਾਰਾਂ ਦਾ ਸਤਿਕਾਰ ਕਰਦੇ ਸਨ। ਉਹ ਪਰੇਰਣਾ ਦਿੰਦੇ ਸੀ ਕਿ ਇਕ ਮਾਰਕਸਵਾਦੀ ਵਿਸ਼ਵਾਸ ਰੱਖਣ ਵਾਲਾ ਮਾਰਕਸਵਾਦੀ ਕਸਵੱਟੀ ਨਾਲ ਹੀ ਦੂਜੇ ਦੇ ਵਿਚਾਰਾਂ ਦੀ ਪਰਖ ਕਰ ਸਕਦਾ ਹੈ ਨਾ ਕੇ ਅੰਧ ਵਿਸ਼ਵਾਸੀ ਹੋ ਕੇ। ਕਈ ਇਕ ਨੀਤੀਆਂ ਬਾਰੇ ਉਹ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਦੇ ਵਿਚਾਰਾਂ ਨਾਲ ਮੱਤਭੇਦ, ਦਾ ਨਾਹਰਾ ਲਾ ਦਿੱਤਾ ਸੀ।

ਬਾਬਾ ਬਿਲਗਾ ਜੀ ਨੇ ਸ੍ਰੀਮਤੀ ਸੋਨੀਆ ਗਾਂਧੀ ਦੇ ਵਿਦੇਸ਼ੀ ਮੂਲ ਭਾਵ ਇਟਲੀ ਜਨਮ ਭੂਮੀ ਹੋਣ ਕਾਰਨ ਉਹਦੇ ਪ੍ਰਧਾਨ ਮੰਤਰੀ ਬਣਾਉਣ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ। ਇਸ ਸੰਬੰਧੀ ਉਨ੍ਹਾਂ ਦਾ ਇਕ ਲੇਖ ਦੈਨਿਕ ਨਵਾਂ ਜ਼ਮਾਨਾ ਅਖਬਾਰ ਦੇ 22-05-1999 ਦੇ ਅੰਕ ਵਿਚ ਛਪਿਆ ਸੀ। ਸੋਨੀਆ ਗਾਂਧੀ ਨੇ ਇਸ ਵਿਸ਼ੇ ਉੱਤੇ ਚੁੱਪ ਵੱਟ ਲਈ ਸੀ (ਹਵਾਲਾ: ਗ਼ਦਰ ਪਾਰਟੀ ਦਾ ਲੋਹ ਪੁਰਸ਼ ਬਾਬਾ ਭਗਤ ਸਿੰਘ ਬਿਲਗਾ ਪੰਨਾ 151)

ਬਾਬਾ ਜੀ ਦੇ ਵਿਚਾਰਾਂ ਦੀ ਬੜੀ ਵਿਰੋਧਤਾ ਹੋਈ। ਪ੍ਰੰਤੂ, 2004 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ 206 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਸੀ। ਖੱਬਿਆਂ ਨੇ 63 ਸੀਟਾਂ ਨਾਲ ਸਮਰਥਨ ਕੀਤਾ ਅਤੇ ਯੂ. ਪੀ. ਏ. ਗਠਬੰਧਨ ਹੋ ਗਿਆ। ਜਦੋਂ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣਿਆ, ਸ੍ਰੀਮਤੀ ਸੋਨੀਆ ਗਾਂਧੀ ਕਾਂਗਰਸ ਦੀ ਪ੍ਰਧਾਨ ਰਹੀ। ਬਾਬਾ ਬਿਲਗਾ ਦੇ ਇਸ

ਸਬੰਧੀ ਵਿਚਾਰਾਂ ਦੇ ਵਿਰੋਧੀ ਚੁੱਪ ਹੋ ਗਏ ਸਨ ਅਤੇ ਉਨ੍ਹਾਂ ਦੀ ਦੂਰ ਅੰਦੇਸ਼ੀ ਦੀ ਦਾਦ ਦਿੱਤੀ।

ਬਾਬਾ ਬਿਲਗਾ ਜੀ ਵਿਚ ਕਿਸੇ ਚੰਗੇ ਉੱਦਮ ਜਾਂ ਕਾਰਜ ਕਰਨ ਲਈ ਆਪਣੇ ਸਾਥੀਆਂ ਨੂੰ ਸਹਿਮਤ ਕਰਨ ਦੀ ਵੱਡੀ ਕਲਾ ਸੀ। ਮੈਂ ਆਪ ਅਤੇ ਮੇਰੇ ਸਾਥੀਆਂ ਨੇ ਸਾਥੀ ਜਗਜੀਤ ਸਿੰਘ ਲਾਇਲਪੁਰੀ ਨੂੰ ਉਨ੍ਹਾਂ ਦੇ ਕਮਿਊਨਿਸਟ ਪਾਰਟੀ ਦੇ ਜੀਵਨ ਭਰ ਦੇ ਹੰਢਾਏ ਤਜਰਬੇ ਨੂੰ ਇਕ ਲਿਖਤੀ ਰੂਪ ਦੇ ਕੇ ਇਕ ਇਤਿਹਾਸਕ ਕਿਤਾਬੀ ਦਸਤਾਵੇਜ਼ ਛਾਪਣ ਲਈ ਕਈ ਵਾਰੀ ਬੇਨਤੀ ਕੀਤੀ ਸੀ। ਇਸ ਕੰਮ ਲਈ ਅਸੀਂ ਸੋਚਿਆ ਕਿ ਬਾਬਾ ਬਿਲਗਾ ਜੀ ਤੋਂ ਆਪਣੀ ਉਪ੍ਰੋਕਤ ਤਜਵੀਜ਼ ਦੀ ਤਾਈਦ ਕਰਵਾ ਲਈਏ। ਇਨ੍ਹਾਂ ਦਿਨਾਂ ਵਿਚ ਹੀ, ਸਬੱਬ ਨਾਲ ਸਾਥੀ ਜਗਜੀਤ ਸਿੰਘ ਲਾਇਲਪੁਰੀ ਮੇਰੇ ਨਾਲ ਬਾਬਾ ਬਿਲਗਾ ਜੀ ਨੂੰ ਮਿਲਣ ਬਰਮਿੰਘਮ ਵਿਖੇ ਪ੍ਰੇਮ ਦੇ ਘਰ ਗਏ। ਮੈਂ ਬਾਬਾ ਜੀ ਨੂੰ ਆਪਣੀ ਤਜਵੀਜ਼ ਸਾਥੀ 'ਲਾਇਲਪੁਰੀ' ਦੀ ਹਾਜ਼ਰੀ ਵਿਚ ਰੱਖ ਦਿੱਤੀ। ਮੁੱਕਦੀ ਗੱਲ ਬਾਬਾ ਜੀ ਨੇ ਸਾਥੀ ਲਾਇਲਪੁਰੀ ਤੋਂ ਹਾਂ ਕਰਵਾ ਲਈ। ਮੈਂ ਸਾਥੀ ਸ਼ਬਦੀਸ਼ ਨੂੰ ਵੀਡੀਓਗ੍ਰਾਫੀ ਅਤੇ ਟਾਈਪਿੰਗ ਦਾ ਕੰਮ ਸੌਂਪ ਦਿੱਤਾ। ਬਾਬੇ ਬਿਲਗੇ ਦੀ ਮੇਹਰ ਨਾਲ ਸਾਥੀ ਜਗਜੀਤ ਸਿੰਘ ਲਾਇਲਪੁਰੀ ਦੀ ਪੁਸਤਕ ਛਪ ਗਈ। ਸਾਰੀ ਖੱਬੀ ਲਹਿਰ ਦੇ ਇਤਿਹਾਸਕ ਖਜ਼ਾਨੇ ਵਿਚ ਇਕ ਹੋਰ ਦਸਤਾਵੇਜ ਸ਼ਾਮਲ ਹੋ ਗਈ।

ਮੈਂ ਬਾਬਾ ਜੀ ਨੂੰ ਪ੍ਰੇਮ ਦੇ ਘਰ ਲਗਾਤਰ ਮਿਲਣ ਜਾਂਦਾ ਸੀ। ਬਾਬਾ ਬਿਲਗਾ ਜੀ ਦੀ ਸਿਹਤ ਦਿਨ ਦਿਨ ਨਿਘਰਦੀ ਗਈ ਅਤੇ ਉਨ੍ਹਾਂ ਦੀ ਤਕਲੀਫ਼ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਹਾਰਟਲੈਂਡ ਹਸਪਤਾਲ, ਬਰਿਮੰਘਮ ਦਾਖਲ ਕਰਵਾ ਦਿੱਤਾ। 22 ਮਈ 2009 ਨੂੰ ਸਵੇਰੇ ਪੌਣੇ ਗਿਆਰਾਂ ਵਜੇ ਬਾਬਾ ਜੀ ਸਦੀਵੀ ਵਿਛੋੜਾ ਦੇ ਗਏ। ਬਾਬਾ ਬਿਲਗਾ ਜੀ ਸਰੀਰਕ ਤੌਰ ਉੱਤੇ ਸਾਥੋਂ ਵਿਛੜ ਗਏ ਅਤੇ ਆਪਣੀਆਂ ਲਿਖਤਾਂ, ਆਪਣੇ ਮਾਰਕਸਵਾਦੀ ਵਿਚਾਰਾਂ ਦੀ ਵਿਰਾਸਤ ਆਪਣੇ ਪਿੱਛੇ ਛੱਡ ਗਏ ਜਿਸ ਨੂੰ ਉਨ੍ਹਾਂ ਦੇ ਵਾਰਸਾਂ ਨੇ ਸੰਭਾਲ ਲਿਆ ਹੈ ਅਤੇ ਇਸ ਦਾ ਪਸਾਰ ਕਰਨ ਦੇ ਯਤਨ ਜਾਰੀ ਹਨ।

30 ਮਈ 2009 ਨੂੰ ਉਨ੍ਹਾਂ ਦੇ ਬਰਤਾਨੀਆ ਵਿਖੇ ਆਖ਼ਰੀ ਦਰਸ਼ਨ ਕਰਨ ਦਾ ਅਤੇ ਸ਼ਰਧਾਂਜਲੀ ਸਮਾਗਮ ਦਾ ਪ੍ਰਬੰਧ ਇੰਡੀਅਨ ਵਕਰਜ਼ ਐਸੋਸੀਏਸ਼ਨ ਗਰੇਟ ਬਰਿਟਨ ਨੇ ਆਪਣੇ ਹੈੱਡ ਆਫਿਸ ਦੇ ਨੇੜੇ ਹੋਲੀਹੈੱਡ ਸਕੂਲ ਦੇ ਵੱਡੇ ਹਾਲ ਵਿਚ ਕੀਤਾ। ਇਹ ਸਕੂਲ ਹੈਂਡਜ਼ਵਰਥ, ਬਰਿਮੰਘਮ ਵਿਖੇ ਹੈ। ਸਮੂਹ ਬਰਤਾਨੀਆ ਤੋਂ ਮਜ਼ਦੂਰ ਸਭਾਵਾਂ ਅਤੇ ਹੋਰ ਰਾਜਸੀ, ਸੋਸ਼ਲ, ਸੱਭਿਆਚਾਰਕ ਜਥੇਬੰਦੀਆਂ ਦੇ 600 ਤੋਂ ਵੱਧ ਪ੍ਰਤੀਨਿਧਾਂ ਨੇ ਬਾਬਾ ਬਿਲਗਾ ਜੀ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਸ਼ਰਧਾਂਜਲੀ ਸਮਾਗਮ ਵਿਖੇ ਮੂਲ ਵਿਸ਼ਾ ਬਾਬਾ ਬਿਲਗਾ ਜੀ ਦੇ ਲੰਬੇ ਜੀਵਣ ਸੰਘਰਸ਼ ਤੋਂ ਸਿੱਖਦੇ ਹੋਏ ਲੋਕਤਾ ਦੇ ਕਲਿਆਣ ਲਈ ਸੰਘਰਸ਼ ਨੂੰ ਚਾਲੂ ਰੱਖਣ ਦਾ ਸੀ।

ਸ਼ਰਧਾਂਜਲੀ ਸਮਾਗਮ ਉਪਰੰਤ ਉਨ੍ਹਾਂ ਦੇ ਪਰਿਵਾਰ ਕੁਲਵੀਰ ਸਿੰਘ ਅਤੇ ਪ੍ਰੇਮ ਸਿੰਘ ਦੇ ਸਹਿਯੋਗ ਨਾਲ ਉਨ੍ਹਾਂ ਦੀ ਦੇਹ ਪੰਜਾਬ ਵਿਖੇ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਸੌਂਪਣ ਦਾ ਕਾਰਜ ਪੂਰਾ ਕੀਤਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਜੀ ਬਿਲਗਾ ਦਾ ਸੰਸਕਾਰ ਉਨ੍ਹਾਂ ਦੀ ਜਨਮ ਭੂਮੀ, ਪਿੰਡ ਬਿਲਗਾ ਵਿਖੇ ਇਨਕਲਾਬੀ ਸਤਿਕਾਰ ਨਾਲ ਕੀਤਾ ਗਿਆ। ਉਨ੍ਹਾਂ ਦੀ ਦੇਹ ਦੀ ਰਾਖ ਹੁਸੈਨੀਵਾਲ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਦਰਿਆ ਸਤਲੁਜ ਦੇ

ਵਗਦੇ ਪਾਣੀ ਦੀ ਭੇਂਟ ਕੀਤੀ ਜਿਸ ਥਾਂ ਅੰਗਰੇਜ਼ ਹਾਕਮਾਂ ਨੇ ਸ਼ਹੀਦ ਭਗਤ ਸਿੰਘ, ਸ਼ਹੀਦ ਸੁਖਦੇਵ, ਸ਼ਹੀਦ ਰਾਜਗੁਰੂ ਦੀਆਂ ਦੇਹਾਂ ਨੂੰ ਝੁਲਸ, ਦਰਿਆ ਵਿਚ ਰੋੜ੍ਹ ਦਿੱਤਾ ਸੀ।

ਬਾਬਾ ਬਿਲਗਾ ਜੀ ਦੇ ਸਦੀਵੀ ਵਿਛੋੜੇ ਤੋਂ ਬਾਅਦ ਉਨ੍ਹਾਂ ਦੇ ਵਿਚਾਰ ਨੂੰ ਸੰਭਾਲਣ ਲਈ ਉਨ੍ਹਾਂ ਦੇ ਜੱਦੀ ਘਰ ਪਿੰਡ ਬਿਲਗਾ ਵਿਖੇ ਉਨ੍ਹਾਂ ਦੀ ਯਾਦ 'ਚ ਅਜਾਇਬ ਘਰ ਬਣਾ ਦਿੱਤਾ ਹੈ। ਉਨ੍ਹਾਂ ਦੀ ਲਿਖਤ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਪੁਸਤਕ ਦਾ ਪੰਜਾਬੀ ਤੋਂ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ, 2015 ਵਿਚ ਪਾਠਕਾਂ ਦੇ ਪੜ੍ਹਨ ਲਈ ਪ੍ਰਕਾਸ਼ ਹੋ ਜਾਵੇਗਾ। ਅਸੀਂ ਉਨ੍ਹਾਂ ਦੇ ਵਿਚਾਰਾਂ ਅਤੇ ਅਮਲਾਂ ਤੋਂ ਸਿੱਖਦੇ ਰਹਾਂਗੇ।

ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਲਾਲ ਸਲਾਮ, ਲਾਲ ਸਲਾਮ।

***

# ਬਾਬਾ ਬਿਲਗਾ ਦੀ ਜ਼ੁਬਾਨੀ- ਲੋਕ-ਕਵੀ ਹਬੀਬ ਜਾਲਿਬ ਦਾ ਪ੍ਰਸੰਗ

-ਹਰਭਜਨ ਸਿੰਘ ਹੁੰਦਲ

ਸ਼ਾਇਦ ਇਹ ਪਿਛਲੀ ਸਦੀ ਦੇ ਨੌਂਵੇਂ ਦਹਾਕੇ ਦੇ ਕਿਸੇ ਸਾਲ ਦੀ ਗੱਲ ਹੈ। ਮੈਂ ਕਿਸੇ ਕੰਮ ਦੇ ਸਬੰਧ ਵਿਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਗਿਆ ਸੀ। ਉਥੇ ਬਾਬਾ ਭਗਤ ਸਿੰਘ ਬਿਲਗਾ ਜੀ ਨਾਲ ਰਸਮੀ ਤੇ ਸੰਖੇਪ ਗੱਲਬਾਤ ਹੋਈ ਸੀ। ਉਹਨਾਂ ਨੇ ਮੈਨੂੰ ਪਾਕਿਸਤਾਨ ਦੇ ਸੁਪ੍ਰਸਿੱਧ ਲੋਕ-ਕਵੀ ਹਬੀਬ ਜਾਲਿਬ ਦੇ ਸਮੁੱਚੇ ਕਲਾਮ ਵਾਲਾ ਛਪਿਆ ਕਾਵਿ-ਗ੍ਰੰਥ ਵਿਖਾਲਿਆ। ਵੇਖ ਕੇ ਮੈਂ ਹੈਰਾਨ ਵੀ ਹੋਇਆ ਤੇ ਉਤਸੁਕ ਵੀ। ਮੈਂ ਤੇ ਕਈਆਂ ਸਾਲਾਂ ਤੋਂ ਇਸ ਕਵੀ ਦਾ ਅਕਸਰ ਹੀ ਨਾਂ ਸੁਣਦਾ ਆ ਰਿਹਾ ਸੀ। ਪਰ ਅਫ਼ਸੋਸ ਕਿ ਇਸ ਕਵੀ ਦੀ ਕੋਈ ਛਪੀ ਹੋਈ ਕਿਤਾਬ ਮੈਨੂੰ ਅਜੇ ਤੀਕ ਵੇਖਣੀ ਨਸੀਬ ਨਹੀਂ ਹੋਈ ਸੀ।

ਮੈਂ ਉਹ ਗ੍ਰੰਥ ਕੁਝ ਦਿਨਾਂ ਲਈ ਪੜ੍ਹਨ ਵਾਸਤੇ ਬਾਬਾ ਜੀ ਕੋਲੋਂ ਮੰਗ ਲਿਆ। ਘਰ ਆ ਕੇ ਮੈਂ ਜਾਲਿਬ ਸਾਹਿਬ ਦੀਆਂ ਕੁਝ ਨਜ਼ਮਾਂ ਨੋਟ ਕਰ ਲਈਆਂ, ਜੋ ਕੇ ਪੰਜਾਬੀ ਵਿਚ ਲਿਖੀਆਂ ਹੋਈਆਂ ਸਨ। ਇਹਨਾਂ ਕੁਝ ਕਵਿਤਾਵਾਂ ਨੂੰ ਚਿਰਾਗ਼ ਵਿਚ ਛਾਪਣ ਦਾ ਖਿਆਲ ਸੀ। ਸਮੁੱਚੀ ਕਵਿਤਾ ਦਾ ਇਹ ਗ੍ਰੰਥ ਵੇਖ ਕੇ ਸਰਸਰੀ ਤੌਰ ਤੇ ਪੜ੍ਹ ਕੇ, ਮੇਰੀ ਉਤਸੁਕਤਾ ਹੋਰ ਵਧ ਗਈ।

ਇਹ ਕਾਵਿ-ਗ੍ਰੰਥ 1987 ਵਿਚ ਇੰਗਲੈਂਡ ਵਿਚ ਛਪਿਆ ਸੀ ਤੇ ਇਸ ਦਾ ਨਾਂ ਸੀ 'ਹਰਫ਼ੇ-ਸਰੇ-ਦਾਰ'। ਇਹ ਉਰਦੂ ਮਰਕਜ਼ ਵੱਲੋਂ ਥਰਡ-ਵਰਲਡ ਆਰਗੇਨਾਈਜੇਸ਼ਨ ਦੇ ਉਦਮ ਨਾਲ ਛਾਪਿਆ ਗਿਆ ਸੀ। ਇਹ ਯੂ.ਕੇ. ਰਹਿੰਦੇ ਹਬੀਬ ਜਾਲਿਬ ਦੇ ਪ੍ਰਸੰਸਕਾਂ ਤੇ ਦੋਸਤਾਂ ਦੇ ਉਦਮ ਦਾ ਸਿੱਟਾ ਸੀ। ਇਸ ਦੇ ਨਾਂ ਦੀ ਤਜਵੀਜ਼ ਮੁਸ਼ਤਾਕ ਅਹਿਮਦ ਯੂਸਫ਼ੀ ਨੇ ਕੀਤੀ ਸੀ। ਪਹਿਲਾਂ ਵੀ ਇਹ ਸੰਸਥਾ ਫ਼ੈਜ ਅਹਿਮਦ ਦਾ ਸਮੁੱਚਾ ਕਲਾਮ ਉਰਦੂ ਅੱਖਰਾਂ ਵਿਚ ਛਾਪ ਚੁੱਕੀ ਸੀ। ਇਹ ਮਾਣ ਕੇਵਲ ਇਹਨਾਂ ਦੋ ਪ੍ਰਗਤੀਸ਼ੀਲ ਕਵੀਆਂ ਦੇ ਹਿੱਸੇ ਆਇਆ ਸੀ ਕਿ ਜਿਨ੍ਹਾਂ ਦੀਆਂ ਕਾਵਿ-ਕਿਰਤਾਂ ਬਾਹਰਲੇ ਦੇਸ਼ਾਂ ਵਿਚ ਛਪੀਆਂ ਸਨ। ਜਾਲਿਬ ਦੀ ਸਮੁੱਚੀ ਸ਼ਾਇਰੀ ਨੂੰ ਤਰਤੀਬ ਦੇਣ ਵਾਲੇ ਇਫ਼ਤਖਾਰ ਆਰਫ਼ ਸਨ।

ਜਾਲਿਬ ਨੇ ਇਸ ਕਾਵਿ-ਗ੍ਰੰਥ ਦੀ ਭੂਮਿਕਾ ਵਿਚ ਲਿਖਿਆ ਸੀ, 'ਬਰਗੇ-ਆਵਾਰਾ' ਧੀਮੇ ਲਹਿਜੇ ਦੀ ਸ਼ਾਇਰੀ ਹੈ। ਜਿਸ ਵਿਚ ਛੱਡੇ ਹੋਏ ਘਰ, ਵਿਛੜੇ ਹੋਏ ਯਾਰਾਂ ਦੀਆਂ ਯਾਦਾਂ ਖਿੱਲਰੀਆਂ ਪਈਆਂ ਹਨ। ਥਾਂ-ਥਾਂ ਸਵੈ-ਰੱਖਿਆ ਦਾ ਅਹਿਸਾਸ ਸ਼ਿੱਦਤ ਨਾਲ ਵੇਖਣ ਨੂੰ ਮਿਲਦਾ ਹੈ। ਪਿੱਛੋਂ ਆਉਣ ਵਾਲੀਆਂ ਕਿਤਾਬਾਂ ਵਿਚ ਇਹ ਲਹਿਜਾ ਉੱਚੀ ਆਵਾਜ਼ ਦਾ ਰੂਪ ਧਾਰ ਗਿਆ ਹੈ। ਕਿਉਂ ਨਾ ਹੁੰਦਾ ਕਿਉਂਕਿ ਇਕ ਸੋਚੀ ਸਮਝੀ ਯੋਜਨਾ ਅਧੀਨ ਪਿਆਰੇ ਵਤਨ

ਨੂੰ ਖ਼ੌਫ਼ਨਾਕ ਤਾਨਾਸ਼ਾਹੀ ਦੇ ਸ਼ਿਕੰਜੇ ਵਿਚ ਜਕੜਿਆ ਜਾ ਰਿਹਾ ਸੀ। ਜਿੰਨਾ ਜਸ ਵਧਦਾ ਗਿਆ, ਮੇਰਾ ਲਹਿਜਾ ਓਨਾ ਹੀ ਤੇਜ਼-ਤਿੱਖਾ ਹੁੰਦਾ ਗਿਆ ਸੀ। ਇਸੇ ਲਹਿਜੇ ਦੀ ਵਜ੍ਹਾ ਕਾਰਨ ਮੈਂ ਜੇਲ੍ਹ ਦੀਆਂ ਕੰਧਾਂ ਓਹਲੇ ਨਜ਼ਰਬੰਦ ਹੋਇਆ। ਇਸੇ ਨਜ਼ਰਬੰਦੀ ਵਿਚੋਂ 'ਹਰਫ਼ੇ-ਸਰ-ਦਾਰ' ਦੀ ਰਚਨਾ ਹੋਈ।" (ਹਬੀਬ ਜਾਲਿਬ ਫਨ ਔਰ ਸ਼ਖ਼ਸੀਅਤ ਸਈਦ ਪ੍ਰਵੇਜ਼ 2009 ਅਕਾਡਮੀ ਅਦਬੀ ਯਾਤ ਪਾਕਿਸਤਾਨ)

ਏਸੇ ਕਾਵਿ-ਗ੍ਰੰਥ ਦੀ ਤਲਾਸ਼ ਕਰਦਾ-ਕਰਦਾ ਮੈਂ ਹਬੀਬ ਜਾਲਿਬ ਦੇ ਸਮੁੱਚੇ ਕਲਾਮ ਤੇ ਉਸ ਬਾਰੇ ਹੋਈ ਆਲੋਚਨਾ 'ਤੇ ਖੋਜ ਲੱਭਦਾ-ਲੱਭਦਾ ਲੰਮੇ ਸਫ਼ਰ ਤੇ ਤੁਰ ਪਿਆ ਸੀ। ਬਾਬਾ ਜੀ ਨੂੰ ਉਹ ਗ੍ਰੰਥ ਤਾਂ ਮੈਂ ਧੰਨਵਾਦ ਸਹਿਤ ਵਾਪਸ ਪਰਤਾ ਦਿੱਤਾ ਪਰ ਮੇਰੀ ਤਲਾਸ਼ ਸ਼ੁਰੂ ਹੋ ਗਈ।

II

ਇਸ ਮੁਲਾਕਾਤ ਤੋਂ ਬਾਅਦ ਮੈਨੂੰ 1987 ਵਿਚ ਕਰਾਚੀ ਵੱਸਦੇ ਮਿੱਤਰ-ਕਵੀ ਬਾਬਾ ਨਜਮੀ ਦਾ ਪੱਤਰ ਮਿਲਿਆ। ਉਹਨੀਂ ਦਿਨੀਂ ਕਰਾਚੀ ਵਿਚ ਰਹਿੰਦੇ ਹਬੀਬ ਜਾਲਿਬ ਦੇ ਭਾਈ ਸਈਦ ਪ੍ਰਵੇਜ਼ ਨੇ ਇਕ ਕਿਤਾਬ ਦਾ ਸੰਪਾਦਨ ਕਰਨਾ ਸੀ, ਜਿਸ ਵਿਚ ਹਬੀਬ ਜਾਲਿਬ ਬਾਰੇ ਲਿਖੀਆਂ ਦਰਜਨਾਂ ਹੀ ਕਵਿਤਾਵਾਂ ਸ਼ਾਮਿਲ ਕੀਤੀਆਂ ਜਾਣੀਆਂ ਸਨ। ਬਾਬੇ ਨਜਮੀਂ ਨੇ ਮੈਨੂੰ ਵੀ ਇਸ ਕਾਵਿ-ਸੰਗ੍ਰਹਿ ਲਈ ਹਬੀਬ ਬਾਰੇ ਲਿਖੀ ਕੋਈ ਕਵਿਤਾ ਭੇਜਣ ਦਾ ਸੱਦਾ ਦਿੱਤਾ। ਮੇਰੇ ਕੋਲ ਅਜੇਹੀ ਕੋਈ ਕਵਿਤਾ ਨਹੀਂ ਸੀ। ਫੇਰ ਵੀ ਮੈਂ ਇਕ ਕਵਿਤਾ ਭੇਜ ਦਿੱਤੀ, ਜੋ ਇਸ ਵਿਸ਼ੇ ਨਾਲ ਕੁਝ-ਕੁਝ ਜੁੜਦੀ ਸੀ। ਉਸ ਕਿਤਾਬ ਦਾ ਨਾਂ ਸੀ, "ਸ਼ਾਇਰੇ-ਸ਼ੁਹਲਾ-ਨਵਾ" ਇਸ ਉਦਮ ਸਦਕਾ ਮੇਰਾ ਹਬੀਬ ਜਾਲਿਬ ਦੇ ਭਾਈ ਸਾਹਿਬ ਨਾਲ ਸੰਪਰਕ ਜੁੜ ਗਿਆ ਤੇ ਮੇਰੀ ਭੇਜੀ ਕਵਿਤਾ ਪ੍ਰਵਾਨ ਹੋ ਗਈ।

ਪਿਛਲੇ ਸਾਲ ਮੈਂ ਸਈਦ ਪ੍ਰਵੇਜ਼ ਨੂੰ ਪੱਤਰ ਲਿਖਿਆ ਕਿ ਮੈਂ ਹਬੀਬ ਜਾਲਿਬ ਬਾਰੇ ਵਧੇਰੇ ਵਿਸਥਾਰ ਵਿਚ ਜਾਨਣਾ ਚਾਹੁੰਦਾ ਹਾਂ ਤੇ ਉਹ ਜਾਲਿਬ ਦੀਆਂ ਹੋਰ ਛਪੀਆਂ ਕਿਤਾਬਾਂ ਭੇਜਣ। ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਸ ਨੇ ਡਾਕ ਰਾਹੀਂ ਕਿਤਾਬਾਂ ਦਾ ਇਕ ਵੱਡਾ ਬੰਡਲ ਰਜਿਸਟਰੀ ਰਾਹੀਂ ਭੇਜ ਦਿੱਤਾ। ਇਸ ਪਾਰਸਲ ਉੱਤੇ ਉਸ ਦਾ ਅਠਾਰਾਂ ਸੌ ਰੁਪਈਆ ਖਰਚ ਆਇਆ ਸੀ। ਅਹਿਸਾਨ-ਮੰਦੀ ਦੇ ਬੋਝ ਹੇਠ ਮੇਰਾ ਸਿਰ ਝੁੱਕ ਗਿਆ।

ਸੋਚਿਆ, ਬਾਬਾ ਬਿਲਗਾ ਜੀ ਦੀ ਸੁਲਗਾਈ ਚਿਣਗ ਹੁਣ ਇੱਕ ਲਾਟ ਬਣਦੀ ਜਾ ਰਹੀ ਸੀ। ਸ਼ਾਇਦ ਚੰਗੇ ਲੋਕਾਂ ਕੋਲ ਕੋਈ ਮਿਕਨਾਤੀਸੀ ਖਿੱਚ ਹੁੰਦੀ ਹੈ, ਜਿਸ ਨਾਲ ਉਹ ਕਈ ਵੇਰ ਕੇਵਲ ਸੰਕੇਤ ਨਾਲ ਹੀ, ਕਿਸੇ ਮਨੁੱਖ ਨੂੰ, ਰੌਸ਼ਨੀ ਦੇ ਸਫ਼ਰ ਉੱਤੇ ਤੋਰ ਦਿੰਦੇ ਹਨ।

III

ਹੁਣ ਮਿੱਤਰ ਅਕਸਰ ਹੀ ਪੁੱਛਦੇ ਹਨ, "ਯਾਰ ਕਿਹੜੀ-ਕਿਹੜੀ ਕਿਤਾਬ ਸੀ, ਉਸ ਪਾਰਸਲ ਵਿਚ, ਜੋ ਉਸ ਦੇ ਭਰਾ ਨੇ ਤੁਹਾਨੂੰ ਕਰਾਚੀ ਤੋਂ ਭੇਜਿਆ ਸੀ।"

"ਮੈਂ ਉਸਦੇ ਭਰਾ ਦਾ ਦੇਣ ਨਹੀਂ ਦੇ ਸਕਦਾ।" ਮੈਂ ਕਹਿੰਦਾ ਹਾਂ ਅਸਲ ਵਿਚ ਇਹ ਸਾਰੀ ਪੂੰਜੀ ਬਾਬੇ ਬਿਲਗੇ ਜੀ ਦੀ ਹੀ ਦੇਣ ਹੈ ਨਹੀਂ ਤੇ "ਹਮ ਮੂਰਖ ਕੀ ਕੇਤਕ ਬਾਤ ਹੈ।"

"ਫੇਰ ਵੀ ਯਾਰ ਕੋਈ ਵੇਰਵਾ ਤਾਂ ਦਿਓ।"

"ਇਕ ਤਾਂ ਹਬੀਬ ਜਾਲਿਬ ਦੀ ਸਵੈ-ਜੀਵਨੀ ਹੈ, "ਜਾਲਿਬਬੀਤੀ" ਇਹ ਆਖ਼ਰੀ

ਦਿਨਾਂ ਵਿਚ ਟੇਪ-ਰਿਕਾਰਡ ਕਰਨ ਤੋਂ ਬਾਅਦ ਛਾਪੀ ਗਈ ਸੀ। ਇਕ ਉਸ ਦੇ ਸਮੁੱਚੇ ਕਲਾਮ ਦਾ ਸੰਗ੍ਰਹਿ ਹੈ, "ਕੁਅਲਾਤ ਹਬੀਬ ਜਾਲਿਬ" ਇਕ ਹਬੀਬ ਜਾਲਿਬ ਫਨ ਔਰ ਸ਼ਖ਼ਸੀਅਤ। ਇਹ ਵੀ ਉਸ ਦੇ ਭਰਾ ਦੀ ਲਿਖੀ ਹੋਈ ਹੈ। ਖਾਨਦਾਨੀ ਪਿਛੋਕੜ ਬਾਰੇ "ਘਰ ਦੀ ਗਵਾਹੀ", "ਮੈਂ ਤਲੂਅ ਹੋ ਰਹਾ ਹੂੰ" ਵੀ ਭਰਾ ਨੇ ਹੀ ਲਿਖੀ, ਅਥਵਾ ਸੰਪਾਦਤ ਕੀਤੀ ਹੈ। ਇਸ ਦੇ ਹਜ਼ਾਰ ਦੇ ਕਰੀਬ ਸਫ਼ੇ ਹਨ। ਮੇਰੇ ਮੰਗ ਕਰਨ ਉੱਤੇ ਸਈਦ ਪ੍ਰਵੇਜ਼ ਨੇ ਇਕ ਹੋਰ ਦੁਰਲੱਭ ਕਿਤਾਬ ਦੀ ਕਾਪੀ ਕਰਵਾ ਕੇ ਭੇਜੀ ਹੈ। ਜਿਹੜੀ ਜਾਲਿਬ ਦੀ ਗੋਲਡਨ-ਜੁਬਲੀ ਮੌਕੇ ਛਾਪੀ ਗਈ ਹੈ। ਮਤਲਬ ਕਿ ਹੁਣ ਮੇਰੇ ਕੋਲ ਹਬੀਬ ਜਾਲਿਬ ਬਾਰੇ ਇੱਕ ਖਜ਼ਾਨਾ ਇਕੱਠਾ ਹੋ ਗਿਆ ਹੈ। ਸੋਚਦਾ ਹਾਂ ਮੈਂ ਉਸ ਦੇ ਭਾਈ ਦਾ ਇਹ ਕਰਜ਼ਾ ਕਿਵੇਂ ਲਾਵਾਂਗਾ।" ਭਰਾ ਹੋਣ ਤਾਂ ਇਸ ਤਰ੍ਹਾਂ ਦੇ ਹੋਣ।

IV

ਸੁਣਿਆ ਹੈ, ਬਾਬਾ ਜੀ ਨੇ ਹਬੀਬ ਜਾਲਿਬ ਬਾਰੇ ਕੋਈ ਲੇਖ ਵੀ ਲਿਖਿਆ ਸੀ, ਜੋ ਉਹਨਾਂ ਦੀਆਂ ਕਵਿਤਾਵਾਂ ਅਤੇ ਸ਼ਖ਼ਸੀਅਤ ਬਾਰੇ ਕਾਵਿ-ਟੂਕਾਂ ਦਾ ਚਲੰਤ ਜਿਹਾ ਪੱਤਰਕਾਰਕ ਵੇਰਵਾ ਵਧੇਰੇ ਹੈ। ਪਿਛਲੇ ਦਿਨੀਂ ਇਸ ਲੇਖ ਦੀ ਇੱਕ ਕਾਪੀ ਮੈਨੂੰ ਡਾਕ ਰਾਹੀਂ ਉਸ ਦੇ ਕਿਸੇ ਸ਼ਰਧਾਲੂ ਨੇ ਭੇਜੀ ਹੈ। ਇਸ ਵਿਚ ਦਿੱਤੇ ਕੁਝ ਵੇਰਵੇ ਮੈਨੂੰ ਸੋਧਣ ਵਾਲੇ ਜਾਪਦੇ ਹਨ। ਮਿਸਾਲ ਵਜੋਂ ਲਿਖਿਆ ਹੈ:

"ਏਧਰੋਂ, ਓਧਰੋਂ ਤੇ ਓਧਰੋਂ ਇਧਰ ਕਾਫ਼ਲੇ ਆ ਤੇ ਜਾ ਰਹੇ ਸਨ। ਅਜਿਹਾ ਇਕ ਕਾਫ਼ਲਾ ਮਿਆਣੀ ਪਠਾਣਾ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਰਾਵੀ ਪਾਰ ਨੂੰ ਰਵਾਨਾ ਹੋਇਆ। ਸੂਫ਼ੀ ਅਨਾਇਤ ਉਲਾ ਖਾਂ ਉਸ ਪਿੰਡ ਦੇ ਦਿਹਾਤੀ ਮਜ਼ਦੂਰ ਦਾ ਪਰਿਵਾਰ ਵੀ ਉਸ ਵਿਚ ਸ਼ਾਮਿਲ ਸੀ।"

ਅਸਲ ਵਿਚ ਵੰਡ ਵੇਲੇ ਜਾਲਿਬ ਦਾ ਸਾਰਾ ਪਰਿਵਾਰ ਦਿੱਲੀ ਵਿਚ ਉਸ ਦੇ ਵੱਡੇ ਭਰਾ ਮੁਸ਼ਤਾਕ ਹੁਸੈਨ ਮੁਬਾਰਕ ਕੋਲ ਰਹਿ ਰਿਹਾ ਸੀ। ਮੁਬਾਰਕ ਵੰਡ ਵੇਲੇ ਕੇਂਦਰੀ ਸਰਕਾਰ ਵਿਚ ਇਕ ਕਲਰਕ ਦੀ ਹੈਸੀਅਤ ਵਿਚ ਨੌਕਰੀ ਕਰ ਰਿਹਾ ਸੀ। ਉਨ੍ਹਾਂ ਦਾ ਸਾਰਾ ਪਰਿਵਾਰ ਰੇਲਵੇ ਰਾਹੀਂ 15 ਅਗਸਤ 1947 ਅੰਮ੍ਰਿਤਸਰ ਰਾਹੀਂ; ਲਾਹੌਰ ਹੁੰਦਾ ਹੋਇਆ ਕਰਾਚੀ ਸੁਰੱਖਿਅਤ ਰੂਪ ਵਿਚ ਜਾ ਪਹੁੰਚਿਆ ਸੀ। ਮੁਬਾਰਕ ਨੂੰ ਕਰਾਚੀ ਵਿਚ ਆਪਣੀ ਡਿਊਟੀ ਉੱਤੇ ਹਾਜ਼ਰ ਹੋਣ ਲਈ ਕਿਹਾ ਗਿਆ ਸੀ। ਉਸ ਦਾ ਪਿਤਾ ਸੂਫ਼ੀ ਅਨਾਇਤ ਉਲਾ ਇਸ ਗੱਡੀ ਰਾਹੀਂ ਪਰਿਵਾਰ ਦੇ ਨਾਲ ਪਾਕਿਸਤਾਨ ਨਹੀਂ ਗਿਆ ਸੀ। ਉਸ ਦੀ ਦਿੱਲੀ ਵਿਚ ਜੁੱਤੀਆਂ ਦੀ ਦੁਕਾਨ ਸੀ। ਉਹ ਇੱਕ ਸਾਲ ਬਾਅਦ ਕਰਾਚੀ ਪਹੁੰਚਿਆ ਸੀ। ਪਿੱਛੇ ਪਿੰਡ ਮਿਆਣੀ ਪਠਾਣਾ ਵਿਚ ਜਾਲਿਬ ਦਾ ਬਾਬਾ ਤੇ ਚਾਚੇ ਦਾ ਪਰਿਵਾਰ, ਸੰਭਵ ਹੈ, ਫਸਾਦਾਂ ਵਿਚ ਮਾਰੇ ਗਏ ਹੋਣ। ਜਾਲਿਬ ਨੇ ਇਹ ਸਾਰੇ ਵੇਰਵੇ ਆਪਣੀ ਸਵੈ-ਜੀਵਨੀ "ਜਾਲਿਬ-ਬੀਤੀ" ਵਿਚ ਅੰਕਿਤ ਕੀਤੇ ਹਨ।

ਬਾਬਾ ਜੀ ਨੇ ਜਾਲਿਬ ਬਾਰੇ ਕੁਝ ਹੋਰ ਵੇਰਵੇ ਵੀ ਦਿੱਤੇ ਹਨ, ਜੋ ਪਾਠਕ ਦੀ ਦਿਲਚਸਪੀ ਪੈਦਾ ਕਰਨ ਵਾਲੇ ਹਨ। 'ਮੇਰਾ ਵਤਨ' ਬਾਬਾ ਜੀ ਦੀਆਂ ਜੀਵਨ-ਯਾਦਾਂ ਦੀ ਪੁਸਤਕ ਹੈ ਜਿਸ ਵਿਚੋਂ ਉਕਤ ਲੇਖ ਦਾ ਹਵਾਲਾ ਦਿੱਤਾ ਗਿਆ ਹੈ। ਬਾਬਾ ਜੀ ਨੇ ਪਹਿਲੀ ਵਾਰ ਇਸ ਲੋਕ-ਕਵੀ ਦੇ ਜੀਵਨ ਅਤੇ ਸ਼ਖ਼ਸੀਅਤ ਬਾਰੇ ਚਰਚਾ ਛੇੜ ਕੇ ਪੰਜਾਬੀ ਪਾਠਕਾਂ ਦਾ ਧਿਆਨ ਏਧਰ ਖਿੱਚਿਆ ਸੀ।

ਇਹ ਹੁਣ ਸਾਡਾ ਫਰਜ਼ ਹੈ ਕਿ ਅਸੀਂ ਹਬੀਬ ਜਾਲਿਬ ਦੀ ਸ਼ਾਇਰੀ ਤੇ ਸ਼ਖ਼ਸੀਅਤ ਬਾਰੇ

ਹੋਰ ਵਧੇਰੇ ਜਾਨਣ ਦਾ ਯਤਨ ਕਰੀਏ। ਜਾਲਿਬ ਬਾਰੇ ਉਸਤਾਦ ਦਾਮਨ ਆਖਦਾ ਹੁੰਦਾ ਸੀ ਕਿ "ਉਹ ਮੇਰੀ ਕਵਿਤਾ ਦੀ ਉਰਦੂ ਐਡੀਸ਼ਨ ਹੈ।" ਗਹੁ ਨਾਲ ਪੜ੍ਹਿਆ ਜਾਲਿਬ ਉਸਤਾਦ ਦਾਮਨ ਨਾਲੋਂ ਕਈ ਗੁਣਾ ਵੱਡਾ ਤੇ ਹਰਮਨ ਪਿਆਰਾ ਸ਼ਾਇਰ ਸੀ। ਯਤਨ ਕਰਾਂਗੇ ਕਿ ਕਵੀ ਦੀ ਇਸ ਅਜ਼ਮਤ ਅਤੇ ਕਲਾਮ ਬਾਰੇ ਪੰਜਾਬੀ ਪਾਠਕਾਂ ਤੀਕ ਸਾਰਾ ਕੁਝ ਪਹੁੰਚਾਇਆ ਜਾਵੇ ਤਾਂ ਕਿ ਇਹ ਲੋਕ-ਕਵਿਤਾ ਸਾਡੇ ਪਾਠਕਾਂ ਤੇ ਕਵਿਤਾ ਪ੍ਰੇਮੀਆਂ ਦੇ ਸੁਹਜ-ਸਵਾਦ ਦਾ ਹਿੱਸਾ ਬਣ ਸਕੇ।

ਬਾਬਾ ਜੀ ਨੇ ਇਕ ਬੰਦ ਖਿੜਕੀ ਖੋਲ੍ਹ ਦਿੱਤੀ ਹੈ ਤਾਂ ਕਿ ਵਾਘਿਓਂ ਪਾਰ ਤਾਜ਼ੀ ਹਵਾ ਦਾ ਕੋਈ ਬੁੱਲਾ ਸਾਡੇ ਵਿਹੜੇ ਆ ਸਕੇ।

***

# ਕਿਰਤੀ ਲੋਕਾਂ ਦੇ ਦਾਨਸ਼ਵਰ : ਬਾਬਾ ਬਿਲਗਾ ਜੀ

-ਦਰਸ਼ਨ ਸਿੰਘ ਖਟਕੜ

ਬਾਬਾ ਭਗਤ ਸਿੰਘ ਬਿਲਗਾ ਜੀ ਨਾਲ ਮੇਰੀ ਪਹਿਲੀ ਮੁਲਾਕਾਤ ਇਉਂ ਹੋਈ ਜਿਵੇਂ ਦੋ ਸੰਗਰਾਮੀਆਂ ਦੀ ਮੈਦਾਨੇ-ਜੰਗ ਵਿਚ ਹੁੰਦੀ ਹੈ। ਬਾਬਾ ਜੀ ਮੇਰੇ ਲਈ ਇੱਕ ਪ੍ਰੱਪਕ ਤੇ ਤਜਰਬੇਕਾਰ ਜਰਨੈਲ ਸਨ ਅਤੇ ਮੈਂ ਇੱਕ ਸਿਖਾਂਦਰੂ (ਰੰਗਰੂਟ) ਹੀ ਸਾਂ। ਜਾਪਦਾ ਸੀ ਕਿ ਜਿਵੇਂ ਉਹ ਇਸ ਰੰਗਰੂਟ ਦੀ ਖੈਰ-ਸੁੱਖ ਪੁੱਛਣ ਲਈ ਆਏ ਹੋਣ ਅਤੇ ਇਸਦੀ ਸੁਰੱਖਿਆ ਲਈ ਆਏ ਹੋਣ। ਇਹ ਘਟਨਾ 1969 ਦੇ ਮਾਰਚ ਮਹੀਨੇ ਦੇ ਪਹਿਲੇ ਅੱਧ ਦੀ ਹੈ। ਪਹਿਲਾਂ ਇਕਬਾਲ ਮੰਗੂਵਾਲ ਤੇ ਮਗਰੋਂ ਇਕਬਾਲ ਖਾਨਖਾਨਾ ਨੂੰ ਇੰਟੈਰੋਗੇਸ਼ਨ ਸੈਂਟਰ ਅੰਮ੍ਰਿਤਸਰ ਭੇਜਿਆ ਗਿਆ ਸੀ ਤੇ ਫਿਰ ਗ੍ਰਿਫਤਾਰੀ ਮਗਰੋਂ ਮੈਨੂੰ। ਸਥਾਨਕ ਤੇ ਜਿਲ੍ਹਾ ਜਲੰਧਰ ਦੀ ਪੁਲੀਸ ਬੰਗਾ ਕਾਲਜ ਦੀ ਵਿਦਿਆਰਥੀ ਸਰਗਰਮੀ ਤੋਂ ਡਾਢੀ ਪ੍ਰੇਸ਼ਾਨ ਸੀ, ਇਸ ਕਰਕੇ ਵਿਦਿਆਰਥੀ ਆਗੂਆਂ 'ਤੇ ਸਖਤੀ ਕਰਨ ਲਈ ਤਰਲੋਮੱਛੀ ਹੋਈ ਪਈ ਸੀ। ਇਸ ਖਦਸ਼ੇ ਨਾਲ ਕਿ "ਆਜ ਗ਼ਾਲਿਬ ਕੇ ਉਡੇਂਗੇ ਪੁਰਜ਼ੇ' ਦੇਸ਼ ਭਗਤ ਕਮੇਟੀ ਦੇ ਆਗੂ ਫਿਕਰਮੰਦ ਸਨ ਅਤੇ ਉਨਾਂ ਸਾਰਿਆਂ ਨੇ ਸਲਾਹ ਕਰਕੇ ਪ੍ਰਸਿੱਧ ਅਗਾਂਹਵਧੂ ਵਕੀਲ ਸ਼੍ਰੀ ਹਰਭਜਨ ਸਿੰਘ ਸੰਘਾ (ਸਵ.) ਨੂੰ ਅਦਾਲਤੀ ਆਗਿਆ ਲੈਕੇ, ਬਾਬਾ ਬਿਲਗਾ ਜੀ ਨੂੰ ਨਾਲ ਲੈ ਕੇ, ਮੇਰੀ ਖ਼ਬਰ-ਸਾਰ ਤੇ ਸੁੱਖ-ਸਾਂਦ ਦਾ ਪਤਾ ਕਰਨ ਲਈ ਤੇ ਪੁਲੀਸ ਨੂੰ ਬੇ-ਰਹਿਮ ਤਸ਼ੱਦਦ ਕਰਨ ਤੋਂ ਨੱਥ ਪਾਉਣ ਲਈ ਭੇਜਿਆ ਸੀ।

ਸਾਡੀ ਮੁਲਾਕਾਤ ਇੰਟੈਰੋਗੇਸ਼ਨ ਦੀ ਡੇਹੜੀ ਵਿਚ ਸਿਰਫ 4-5 ਮਿੰਟ ਲਈ, ਇੱਕ ਪੁਲਸੀਏ ਹੌਲਦਾਰ ਦੀ ਹਾਜ਼ਰੀ ਵਿਚ ਹੋਈ। ਬਾਬਾ ਬਿਲਗਾ ਜੀ ਨੇ ਪੈਂਟ ਤੇ ਚਿੱਟੀ ਬੁਸ਼ਰਟ ਤੇ ਚਿੱਟੀ ਪਗੜੀ ਪਹਿਨੀ ਹੋਈ ਸੀ। ਦਰਮਿਆਨੇ ਪਰ ਸਡੌਲ ਸਰੀਰ ਦੇ ਮਾਲਕ, ਹਜ਼ਾਰਾਂ ਚੁਣੌਤੀਆਂ, ਖ਼ਤਰਿਆਂ ਤੇ ਮੁਸ਼ਕਲਾਂ ਨੂੰ ਸਹਿ ਜਾਣ ਵਾਲੇ ਇਉਂ ਜਾਪਦੇ ਸਨ ਜਿਵੇਂ 35-40 ਸਾਲ ਦੇ ਵਿਅਕਤੀ ਦੇ ਅਗਾਊਂ ਚਿੱਟੀ ਦਾਹੜੀ ਆ ਗਈ ਹੋਵੇ।

ਮੇਰੀ ਦੂਸਰੀ ਮੁਲਾਕਾਤ 1969 ਦੇ ਮਾਰਚ ਮਹੀਨੇ ਦੇ ਦੂਸਰੇ ਅੱਧ ਵਿਚ, ਮੇਰੀ ਜ਼ਮਾਨਤ ਹੋ ਜਾਣ ਮਗਰੋਂ ਹੋਈ। ਮੈਂ ਬਾਹਰ ਜ਼ਮਾਨਤ 'ਤੇ ਆਇਆ ਤਾਂ ਬਾਬਾ ਬੂਝਾ ਸਿੰਘ ਜੀ ਮੈਨੂੰ ਨਾਲ ਲੈ ਕੇ ਖਾਸ-ਖਾਸ ਸੰਪਰਕਾਂ ਨੂੰ ਮਿਲਾਉਣ ਲਈ ਤੁਰ ਪਏ। ਨੂਰਮਹਿਲ ਤੋਂ ਲੈ ਕੇ ਰਾਹੋਂ ਤੱਕ ਦਾ ਸਫ਼ਰ ਅਸੀਂ ਦੋ ਦਿਨਾਂ ਵਿਚ ਮੁਕਾ ਲਿਆ। ਪਹਿਲੇ ਦਿਨ ਸਾਥੀ ਗੰਧਰਵ ਹੋਰਾਂ, ਤੋਂ ਬਾਅਦ ਅਸੀਂ ਬਾਬਾ ਬਿਲਗਾ ਜੀ ਨੂੰ ਉਨ੍ਹਾਂ ਦੇ ਖੂਹ 'ਤੇ ਜਾ ਮਿਲੇ। ਨਰਮ-ਦੁਪਹਿਰੇ ਪੁੱਜੇ ਸਾਂ ਤੇ ਗੱਲਾਂਬਾਤਾਂ 'ਚ ਦੁਪਹਿਰਾ ਹੋ ਗਿਆ ਤੇ ਬਾਬਾ ਜੀ ਦਾ ਬੇਟਾ ਸਾਥੀ ਕੁਲਬੀਰ ਸਿੰਘ ਸਾਡੇ ਲਈ

ਰੋਟੀ ਲੈ ਆਇਆ ਸੀ। ਦੋਹਾਂ ਬਾਬਿਆਂ ਵਿਚ ਉਮਰ ਦਾ ਫਰਕ ਹੋਣ ਦੇ ਬਾਵਜੂਦ ਉਹ ਇੱਕ ਦੂਜੇ ਨਾਲ ਦੋਸਤਾਂ ਵਾਂਗ ਗੱਲਾਂ ਕਰਦੇ ਸਨ। ਗੰਭੀਰ ਟਿੱਪਣੀਆਂ, ਗੁੱਝੀਆਂ ਟਕੋਰਾਂ ਤੇ ਨਿਹੋਰੇ ਸਭ ਕੁਝ ਉਨਾਂ ਦੀ ਗੱਲਬਾਤ ਵਿਚ ਸ਼ਾਮਿਲ ਸੀ। ਇਹ ਮੁਲਾਕਾਤ ਮੈਨੂੰ ਲੈਨਿਨ ਦੀ ਆਪਣੇ ਸਾਥੀਆਂ ਨਾਲ ਉਸ ਮੁਲਾਕਾਤ ਵਰਗੀ ਲੱਗੀ, ਜਦੋਂ ਉਹ ਜੇਲੋਂ ਰਿਹਾਅ ਹੋ ਕੇ ਆਇਆ ਤੇ ਆਪਣੇ ਕਰੀਬੀ ਦੋਸਤਾਂ-ਸਾਥੀਆਂ ਨੂੰ ਮਿਲਿਆ ਸੀ। ਲੈਨਿਨ ਨੇ ਲਿਖਿਆ ਕਿ, "ਅਸੀਂ ਹਰੇਕ ਵਿਸ਼ੇ 'ਤੇ ਦੋਸਤਾਂ ਵਾਂਗ ਗੱਲਾਂ ਕੀਤੀਆਂ।" ਬਾਬਾ ਬੂਝਾ ਸਿੰਘ ਕਹਿੰਦੇ, "ਬਿਲਗਾ, ਸੈਕਿੰਡ ਇੰਟਰਨੈਸ਼ਨਲ ਦੀਆਂ ਮੌਕਾਪ੍ਰਸਤ ਨੀਤੀਆਂ, ਸੀ.ਪੀ.ਆਈ. ਤੇ ਸੀ.ਪੀ.ਐਮ. ਵਰਗੀਆਂ ਸਨ। ਫਿਰ ਚੁੱਪ ਕਾਹਦੀ?" ਬਾਬਾ ਬਿਲਗਾ ਜੀ ਕਹਿੰਦੇ, "ਕਿਹੜਾ ਕੁਛ ਲੁਕਿਆ ਹੋਇਆ! ਬੱਸ ਹਾਲਾਤ ਦੀ ਹੀ ਗੱਲ ਆ।" ਬਾਬਾ ਬੂਝਾ ਸਿੰਘ ਬੋਲੇ, "ਆਹ ਨਵਾਂ-ਖ਼ੂਨ ਉੱਠ ਤੁਰਿਆ, ਹੁਣ ਇਨਾਂ ਨੂੰ ਥਾਪੀ ਦੇਣ ਦੀ ਲੋੜ ਆ।"

"ਬਾਬਾ, ਤੂੰ ਦੁਆਬੇ ਦਾ ਵਿਗੜਿਆ ਕੁਲੱਕ (ਧਨੀ ਕਿਸਾਨ) ਆਂ।" ਬਿਲਗਾ ਜੀ ਨੇ ਕਿਹਾ। ਮੈਂ ਪੂਰੀ ਨੀਝ ਨਾਲ ਇਨਾਂ ਦੋ ਇਤਿਹਾਸਕ ਸ਼ਖ਼ਸੀਅਤਾਂ ਦਾ ਵਾਰਤਾਲਾਪ ਸੁਣ ਰਿਹਾ ਸਾਂ। ਇਹ ਦੋ ਸ਼ਖ਼ਸੀਅਤਾਂ ਉਹ ਸਨ, ਜਿਨ੍ਹਾਂ ਨੇ ਬਰਤਾਨੀਆ ਵਿਰੁੱਧ ਸੰਘਰਸ਼ ਵਿਚ ਜਾਨ-ਹੂਲਵਾਂ ਹਿੱਸਾ ਪਾਇਆ ਸੀ, ਅਨੇਕਾਂ ਦੇਸ਼ਾਂ ਵਿਚ ਭਾਰਤੀਆਂ ਵਿਚ ਨਵੀਂ ਰੂਹ ਝੰਜੋੜੀ ਸੀ, ਅਨੇਕਾਂ ਮੁਸੀਬਤਾਂ ਝੱਲੀਆਂ ਸਨ, ਸੋਵੀਅਤ ਯੂਨੀਅਨ ਵਿਚ ਲੋਕ-ਮੁਕਤੀ ਦੀ ਸਿੱਖਿਆ ਪ੍ਰਾਪਤ ਕੀਤੀ ਸੀ, ਦੁਸ਼ਮਣ ਦੇ ਬੇ-ਰਹਿਮ ਤਸੀਹੇ ਝੱਲੇ ਸਨ, ਅਨੇਕਾਂ ਲੋਕ-ਲਹਿਰਾਂ ਵਿਚ ਹਿੱਸਾ ਲਿਆ ਤੇ ਦੇਸ਼ ਵਿਚ ਸਮਾਜਵਾਦ ਦੀ ਸਥਾਪਨਾ ਦੇ ਸੁਫਨੇ ਵੇਖੇ ਤੇ ਜਗਾਏ ਸਨ। ਇਹ ਸ਼ਖ਼ਸੀਅਤਾਂ ਆਪਣੇ-ਆਪ ਵਿਚ ਇੱਕ ਜੀਂਦਾ-ਜਾਗਦਾ ਇਤਿਹਾਸ ਸਨ ਅਤੇ ਨਵੀਆਂ ਇਨਕਲਾਬੀ ਪੀੜ੍ਹੀਆਂ ਲਈ ਪ੍ਰੇਰਨਾ ਦਾ ਸਰੋਤ ਸਨ।

ਬਾਬਾ ਜੀ ਨੇ ਦੇਸ਼ ਵਿਚ ਹੰਗਾਮੀ ਹਾਲਾਤ ਦੇ ਕਾਰੇ ਵੀ ਦੇਖੇ। ਵਿਦੇਸ਼ਾਂ ਵਿਚ ਗਏ ਤਾਂ ਇਨਕਲਾਬੀ ਪਰਵਾਸੀ ਜਿਨ੍ਹਾਂ ਦੇ ਵੱਡੇ ਹਿੱਸੇ ਦੀ ਅਗਵਾਈ ਸਾਥੀ ਜਗਮੋਹਨ ਜੋਸ਼ੀ, ਸਾਥੀ ਤੇਜਾ ਸਿੰਘ ਸਹੋਤਾ ਤੇ ਸਾਥੀ ਅਵਤਾਰ ਜੌਹਲ ਕਰਦੇ ਸਨ, ਦੀ ਭਾਰਤ ਲਈ ਤੜਫ ਤੇ ਘਾਲਣਾ ਦੇਖੀ। ਬਾਬਾ ਜੀ ਨੇ ਦੇਸ਼ਭਗਤ ਯਾਦਗਾਰ ਦੀ ਅਗਲੀ ਉਸਾਰੀ ਲਈ ਸੁਆਲ ਪਾਇਆ ਤਾਂ ਉਨ੍ਹਾਂ ਨੂੰ ਭਰਵਾਂ ਤੇ ਗੂੰਜਦਾ ਹੁੰਗਾਰਾ ਮਿਲਿਆ।

ਹੰਗਾਮੀ ਹਾਲਤ ਦੇ ਖਾਤਮੇ ਮਗਰੋਂ, ਇਨਕਲਾਬੀ ਜਨਤਕ ਸਰਗਰਮੀ ਵਿਚ ਤੇਜ਼ੀ ਆਉਣ ਲੱਗੀ। ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ ਤੇ ਹੋਰ ਇਨਕਲਾਬੀ ਜੱਥੇਬੰਦੀਆਂ ਦੀ ਲਲਕਾਰ ਉੱਚੀ ਹੋਣ ਲੱਗੀ। ਬਾਬਾ ਜੀ ਨੂੰ ਇਨ੍ਹਾਂ ਵੱਲੋਂ ਸਮਾਗਮਾਂ ਦੀ ਪ੍ਰਧਾਨਗੀ ਲਈ ਅਤੇ ਭਾਸ਼ਨਾਂ ਲਈ ਹਾਰਦਿਕ ਸੱਦੇ ਆਉਣ ਲੱਗੇ। ਬਾਬਾ ਜੀ ਅਜਿਹੇ ਅਨੇਕਾਂ ਸਮਾਗਮਾਂ 'ਤੇ ਨਵੀਂ ਪਨੀਰੀ ਨੂੰ ਅਗਵਾਈ ਦਿੰਦੇ ਤੇ ਉਨ੍ਹਾਂ ਨਾਲ ਆਪਣੇ ਤਜਰਬੇ ਸਾਂਝੇ ਕਰਦੇ। ਇਉਂ ਜਾਪਦਾ ਸੀ ਜਿਵੇਂ ਉਹ ਇੱਕ ਵਾਰ ਫੇਰ ਜੁਆਨ ਹੋ ਗਏ ਹੋਣ। ਨਵੀਂ ਪੀੜ੍ਹੀ ਦੀ ਹਰੇਕ ਨਵੀਂ ਸਰਗਰਮੀ ਉਨਾਂ ਲਈ ਇੱਕ ਹੁਲਾਰੇ ਵਾਂਗ ਹੋਇਆ ਕਰਦੀ ਸੀ।

ਸਾਥੀ ਬਲਦੇਵ ਸਿੰਘ ਮਾਨ ਦੀ ਸ਼ਹਾਦਤ ਮਗਰੋਂ ਸ਼ਹੀਦ ਬਲਦੇਵ ਸਿੰਘ ਮਾਨ ਯਾਦਗਾਰੀ ਦਰਵਾਜ਼ਾ ਤੇ ਮਾਰਗ ਦੇ ਉਦਘਾਟਨ ਲਈ ਬਾਬਾ ਜੀ ਨੂੰ ਸੱਦਾ ਦਿੱਤਾ ਗਿਆ। ਉਸ ਖਤਰਿਆਂ

ਭਰਪੂਰ ਸਮੇਂ ਵਿਚ ਵੀ ਉਹ ਉਦਘਾਟਨ ਲਈ ਆਏ। ਸਾਡੀ ਪਾਰਟੀ ਦਾ ਇੱਕ ਜੱਥਾ ਬਾਬਾ ਜੀ ਦੀ ਸੁਰੱਖਿਆ ਲਈ ਤਾਇਨਾਤ ਸੀ। ਮੈਂ, ਸਾਥੀ ਸਰਦਾਰਾ ਸਿੰਘ ਮਾਹਿਲ, ਸਾਥੀ ਅਜਮੇਰ ਸਿੰਘ, ਸਾਥੀ ਸਰਬਜੀਤ ਸਿੰਘ ਭਿੱਟੇਵੱਢ ਤੇ ਹੋਰ ਚੋਣਵੇਂ ਸਾਥੀ ਵੀ ਸਾਥੀ ਹਰਦੇਵ ਸਿੰਘ (ਸਵ.) ਦੇ ਡੇਰੇ 'ਤੇ ਮੌਜੂਦ ਸਾਂ। ਇਸ ਹਥਿਆਰਬੰਦ ਜੱਥੇ ਦੇ ਕੁਝ ਸਾਥੀ ਲੱਕੜ ਦੀ ਡੰਡੇਦਾਰ ਪੌੜੀ ਉੱਪਰ ਆਪਣੀਆਂ ਰਫ਼ਲਾਂ ਹੱਥਾਂ ਵਿਚ ਫੜਕੇ, ਤੇਜ਼ੀ ਨਾਲ ਚੜ੍ਹਨ-ਉੱਤਰਨ ਦਾ ਅਭਿਆਸ ਕਰ ਰਹੇ ਸਨ ਅਤੇ ਬਾਕੀ ਸਾਥੀ ਬਾਬਾ ਜੀ ਨਾਲ ਚਾਹ-ਪੀਂਦੇ ਹੋਏ ਉਨ੍ਹਾਂ ਦੀ ਸੰਗਤ ਮਾਣ ਰਹੇ ਸਨ। ਬਾਬਾ ਬਿਲਗਾ ਜੀ ਦੀ ਨਜ਼ਰ ਉੱਧਰ ਗਈ ਤਾਂ ਉਹ ਬਹੁਤ ਖੁਸ਼ ਹੋਏ। ਅੰਦਰਲੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਕਹਿੰਦੇ, "ਤਿਆਰੀ ਪੂਰੀ ਆ ਫੇਰ!" ਸਾਨੂੰ ਬਾਬਾ ਜੀ ਦੀ ਇਸ ਹੱਲਾਸ਼ੇਰੀ ਨਾਲ ਹੋਰ ਵੀ ਹੌਸਲਾ ਮਿਲਿਆ ਅਤੇ ਸਾਡੇ ਜੁਝਾਰੂਆਂ ਦਾ ਸਵੈ-ਵਿਸ਼ਵਾਸ ਵੀ ਵਧਿਆ।

ਬਾਬਾ ਜੀ ਕਈ ਸਾਲ ਤੱਕ ਦੇਸ਼ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਰਹੇ। ਇਸ ਸਮੇਂ ਵਿਚ ਕਈ ਸਮਾਗਮਾਂ ਦੌਰਾਨ ਉਨ੍ਹਾਂ ਨਾਲ ਮੁਲਾਕਾਤ ਕਰਨ ਦਾ ਮਾਣ ਮਿਲ ਜਾਂਦਾ ਸੀ। ਬਾਬਾ ਜੀ ਚਾਹੁੰਦੇ ਸਨ ਕਿ ਮੈਂ ਦੇਸ਼ਭਗਤ ਯਾਦਗਾਰ ਹਾਲ ਵਿਚ ਆ ਜਾਵਾਂ ਅਤੇ ਖੋਜ ਦਾ ਕਾਰਜ ਸੰਭਾਲਾਂ। ਪਰ ਮੇਰੀ ਪਾਰਟੀ ਦੀ ਮਜਬੂਰੀ ਸੀ ਕਿ ਅਸੀਂ ਕਿਸੇ ਵੀ ਸੀਨੀਅਰ ਸਾਥੀ ਨੂੰ ਇਸ ਕਾਰਜ ਲਈ ਵਿਹਲਾ ਕਰਨ ਦੀ ਸਥਿਤੀ ਵਿਚ ਨਹੀਂ ਸਾਂ। ਆਪਣੇ ਆਪ ਨੂੰ ਬਿਲਗਾ ਜੀ ਵੱਲੋਂ ਇਸ ਕਾਰਜ ਦੇ ਯੋਗ ਸਮਝਣ ਦਾ ਮੈਨੂੰ ਸਦਾ ਹੀ ਮਾਣ ਰਹਿੰਦਾ ਹੈ।

ਇਸੇ ਅਰਸੇ ਵਿਚ ਉਨ੍ਹਾਂ ਤੇ ਉਨ੍ਹਾਂ ਦੇ ਸਹਿਕਰਮੀਆਂ ਵੱਲੋਂ 'ਮੇਲਾ ਗ਼ਦਰੀ ਬਾਬਿਆਂ ਦਾ' ਆਯੋਜਿਤ ਕਰਨ ਦਾ ਇਤਿਹਾਸਕ ਫੈਸਲਾ ਕੀਤਾ ਗਿਆ, ਜਿਹੜਾ ਹੁਣ ਤੱਕ ਨਿਰਵਿਘਨ ਜਾਰੀ ਹੈ ਅਤੇ ਉੱਤਰੀ-ਭਾਰਤ ਵਿਚ ਆਪਣੀ ਕਿਸਮ ਦਾ ਵਿਲੱਖਣ ਇਤਿਹਾਸਕ-ਸੱਭਿਆਚਾਰਕ ਸਮਾਗਮ ਹੈ।

ਜਦੋਂ ਪ੍ਰਸਿੱਧ ਫ਼ਿਲਮੀ-ਕਲਾਕਾਰ ਸ਼੍ਰੀ ਰਾਜ ਬੱਬਰ ਹੋਰਾਂ ਨੇ ਕਾਮਾਗਾਟਾਮਾਰੂ ਬਾਰੇ ਇੱਕ ਫ਼ਿਲਮ ਬਣਾਉਣ ਦੀ ਇੱਛਾ ਜ਼ਾਹਰ ਕੀਤੀ ਤਾਂ ਉਹ ਆਪ ਦੇਸ਼ਭਗਤ ਯਾਦਗਾਰ ਹਾਲ ਕੰਪਲੈਕਸ ਵਿਚ ਪਧਾਰੇ। ਵਿਚਾਰ-ਚਰਚਾ ਹੋਈ। ਫਿਰ ਉਨ੍ਹਾਂ ਲੁਧਿਆਣੇ ਇੱਕ ਸਮਾਗਮ ਰਚਿਆ ਅਤੇ ਬਾਬਾ ਜੀ ਸਮੇਤ ਦੇਸ਼ ਭਗਤ ਯਾਦਗਾਰ ਦੇ ਇੱਕ ਵਫ਼ਦ ਨੂੰ ਵੀ ਸੱਦਿਆ। ਸ਼੍ਰੀ ਰਾਜ ਬੱਬਰ ਨੇ ਬਾਬਾ ਜੀ ਦਾ ਹਾਰਦਿਕ ਸਵਾਗਤ ਕੀਤਾ ਤੇ ਡੈਲੀਗੇਸ਼ਨ ਨਾਲ ਸਵਾਲ-ਜਵਾਬ ਵੀ ਕੀਤੇ। ਇੱਕ ਸ਼ਾਨਦਾਰ ਹੋਟਲ ਦੇ ਕਮਰੇ ਵਿਚ ਬੈਠਿਆਂ ਬਾਬਾ ਜੀ ਦੀਆਂ ਯਾਦਾਂ ਦੀ ਪਟਾਰੀ ਖੁੱਲ੍ਹ ਰਹੀ ਸੀ। ਉਨ੍ਹਾਂ ਦੱਸਿਆ ਕਿ ਪਾਰਟੀ ਵਿਚ ਆਪਣੀ ਸਰਗਰਮੀ ਦੌਰਾਨ ਉਹ ਲੁਧਿਆਣਾ ਸ਼ਹਿਰ ਦੇ ਪਾਰਟੀ-ਸੈੱਲ ਦੇ ਇੰਚਾਰਜ ਸਨ ਤੇ ਇਸ ਪਾਰਟੀ-ਸੈੱਲ ਵਿਚ ਪ੍ਰਸਿੱਧ ਉਰਦੂ ਕਵੀ ਸਾਹਿਰ ਲੁਧਿਆਣਵੀ ਵੀ ਹੁੰਦੇ ਸਨ। ਵਾਪਸੀ ਤੇ ਬਾਬਾ ਜੀ ਨੇ ਉਸ ਮਕਾਨ ਦੇ ਚੁਬਾਰੇ ਦੀ ਨਿਸ਼ਾਨਦੇਹੀ ਵੀ ਕੀਤੀ ਜਿਸ ਵਿਚ ਪਾਰਟੀ-ਸੈੱਲ ਦੀਆਂ ਮੀਟਿੰਗਾਂ ਹੋਇਆ ਕਰਦੀਆਂ ਸਨ। ਸਾਹਿਰ ਨੂੰ ਯਾਦ ਕਰਦਿਆਂ ਉਨਾਂ ਦੱਸਿਆ ਕਿ ਮੇਰੇ ਆਉਣ 'ਤੇ, ਉਸੇ ਵੇਲੇ ਸਾਹਿਰ ਆਪਣੀ ਮਾਤਾ ਜੀ ਨੂੰ ਆਵਾਜ਼ ਦਿਆ ਕਰਦਾ ਸੀ, "ਅੰਮੀ ਜਾਨ, ਏਕ ਕੱਪ ਚਾਏ ਔਰ।" ਪ੍ਰਸਿੱਧ ਸ਼ਾਇਰ ਸਾਹਿਰ ਦੀ ਵਿਚਾਰਧਾਰਕ-ਸਿਆਸੀ ਸਿੱਖਿਆ ਵਿਚ ਬਾਬਾ ਜੀ ਦੀ ਭੂਮਿਕਾ ਉਨਾਂ ਨੂੰ ਹੋਰ ਵੀ ਬਹੁਪੱਖੀ ਤੇ ਮਾਣਯੋਗ ਸ਼ਖ਼ਸੀਅਤ ਬਣਾਉਂਦੀ ਸੀ।

ਬਾਬਾ ਜੀ ਦੀ ਯਾਦ-ਸ਼ਕਤੀ ਬਹੁਤ ਤਕੜੀ ਸੀ ਅਤੇ ਤਜਰਬੇ ਦੀ ਕੋਈ ਘਾਟ ਨਹੀਂ ਸੀ। ਉਹ ਉਸ ਦੌਰ ਵਿਚ ਜਵਾਨ-ਪ੍ਰਵਾਨ ਹੋਏ ਜਿਹੜਾ ਤਰਥੱਲੀਆਂ ਦਾ ਦੌਰ ਸੀ, ਯੁੱਗ-ਪਲਟਿਆਂ ਦਾ ਦੌਰ ਸੀ। ਗ਼ਦਰ ਪਾਰਟੀ ਦਾ ਸੰਘਰਸ਼, ਕੁਰਬਾਨੀ, ਪਗੜੀ ਸੰਭਾਲ ਜੱਟਾ, ਰੂਸ ਦਾ ਇਨਕਲਾਬ, ਅਨੇਕਾਂ ਹੋਰ ਇਤਿਹਾਸਕ ਘਟਨਾਵਾਂ ਨਾਲ ਭਰਪੂਰ ਇਹ ਦੌਰ ਵਿਅਕਤੀ ਨੂੰ ਝੰਜੋੜਦਾ ਸੀ ਤੇ ਆਪਣਾ ਪੈਂਤੜਾ ਮੱਲਣ ਲਈ ਹੁੱਝਾਂ ਮਾਰਦਾ ਸੀ। ਬਾਬਾ ਜੀ ਦੇਸ਼ਭਗਤੀ ਨਾਲ ਪਰੋਏ ਹੋਏ ਆਖ਼ਰਕਾਰ ਸਮਾਜਵਾਦ ਦੇ ਸਿਪਾਹੀ ਬਣ ਗਏ ਅਤੇ ਕਮਿਊਨਿਸਟ ਵਿਚਾਰਧਾਰਾ ਨਾਲ ਪ੍ਰਣਾਏ ਗਏ। ਇਸ ਲੰਬੇ ਤਜਰਬੇ ਅਤੇ ਸੰਘਰਸ਼ ਨੇ ਉਨ੍ਹਾਂ ਨੂੰ ਸਮੱਗਰੀ ਦਾ ਇੱਕ ਵਿਸ਼ਾਲ ਖਜ਼ਾਨਾ ਬਖਸ਼ਿਆ। ਇਸ ਖਜ਼ਾਨੇ ਨੂੰ ਉਨਾਂ ਨੇ ਕਿਰਤੀ ਅਤੇ ਦੇਸ਼ਭਗਤ ਤਾਕਤਾਂ ਦੇ ਵਿਕਾਸ ਲਈ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਖ਼ੂਬ ਵਰਤਿਆ ਹੈ। ਇਸ ਉੱਦਮ ਦਾ ਮੂੰਹ ਬੋਲਦਾ ਸਬੂਤ ਉਨਾਂ ਦੀਆਂ ਕਿਤਾਬਾਂ, *'ਮੇਰਾ ਵਤਨ'*, *'ਗ਼ਦਰ ਲਹਿਰ ਦੇ ਅਣਫ਼ੋਲੇ ਵਰਕੇ*, *'ਮੇਰੀ ਸਮਝ ਮੇਰੀ ਸੋਚ*, *'ਨਿਰਭੈ ਯੋਧਾ ਬਾਬਾ ਗੁਰਮੁਖ ਸਿੰਘ ਲਲਤੋਂ'*। ਇਨ੍ਹਾਂ ਕਿਰਤਾਂ ਰਾਹੀਂ ਉਹ ਕਿਰਤੀ-ਜਮਾਤਾਂ ਦੇ ਬੁੱਧੀਜੀਵੀ ਵਜੋਂ ਸਥਾਪਤ ਹੁੰਦੇ ਹਨ ਕਿਉਂਕਿ ਉਨ੍ਹਾਂ ਇਤਿਹਾਸਕਾਰੀ ਵੀ ਕੀਤੀ ਹੈ, ਜੀਵਨੀਆਂ ਵੀ ਲਿਖੀਆਂ ਹਨ, ਮਾਰਕਸੀ ਦ੍ਰਿਸ਼ਟੀਕੋਣ ਤੋਂ ਸਮਕਾਲੀ ਸਿਆਸਤ ਨੂੰ ਵੀ ਛੋਹਿਆ ਹੈ ਅਤੇ ਸਮਾਜਵਾਦੀ ਸਿਧਾਂਤਾਂ ਦੀ ਪੈਰਵਾਈ ਵੀ ਕੀਤੀ ਹੈ।

ਆਮ ਕਿਰਤੀ-ਕਾਮਿਆਂ ਵਿਚ ਕੰਮ-ਕਰਨ ਕਰਕੇ ਉਨਾਂ ਦੀ ਬੋਲੀ ਤੇ ਸ਼ੈਲੀ ਸਿੱਧੀ ਸਪਾਟ, ਤੱਤਾਂ ਤੇ ਤੱਥਾਂ ਨਾਲ ਭਰੇ ਹੋਏ ਵਾਕ, ਸਰਲਤਾ ਤੇ ਸੰਖੇਪਤਾ ਅਸਾਨੀ ਨਾਲ ਦੇਖੀ ਜਾ ਸਕਦੀ ਹੈ। ਵੱਖ-ਵੱਖ ਘਟਨਾਵਾਂ ਅਤੇ ਵੱਖ-ਵੱਖ ਸ਼ਖ਼ਸੀਅਤਾਂ ਦੇ ਵਿਸ਼ੇਸ਼ ਰੰਗ ਉਘਾੜਨ ਲਈ ਉਨਾਂ ਨੇ ਕਾਵਿ-ਟੋਟਿਆਂ ਦੀ ਵੀ ਸੁਚੱਜੀ ਵਰਤੋਂ ਕੀਤੀ ਹੈ। ਜਿਹੜੀ ਉਨਾਂ ਦੀ ਸੂਖਮ ਕਾਵਿ-ਮੋਹੀ ਬਿਰਤੀ ਨੂੰ ਉਜਾਗਰ ਕਰਦੀ ਹੈ। ਸਾਹਿਤ ਦੀ ਸ਼ਕਤੀ, ਖਾਸ ਕਰਕੇ ਕਵਿਤਾ ਦੀ ਸ਼ਕਤੀ ਨੂੰ ਬਾਬਾ ਜੀ ਖਾਸ ਤੌਰ ਤੇ ਸਮਝਦੇ ਸਨ। ਇਹ ਵੀ ਇੱਕ ਖਾਸ ਕਾਰਨ ਹੈ ਕਿ ਗ਼ਦਰੀ-ਮੇਲੇ ਦੇ ਹਰ ਇੱਕ ਕਵੀ-ਦਰਬਾਰ ਵਿਚ ਉਹ ਜ਼ਰੂਰ ਹੀ ਹਾਜ਼ਰੀ ਲੁਆਉਂਦੇ ਰਹੇ। ਐਡੀ ਵੱਡੀ ਉਮਰ ਹੋਣ ਦੇ ਬਾਵਜੂਦ ਤੇ ਆਪਣੀ ਆਖ਼ਰੀ ਵਿਦੇਸ਼ ਯਾਤਰਾ 'ਤੇ ਜਾਣ ਤੋਂ ਪਹਿਲੇ ਮੇਲੇ ਦੇ ਕਵੀ-ਦਰਬਾਰ ਵਿਚ ਵੀ ਬਾਬਾ ਜੀ ਹਾਜ਼ਰੀ ਲੁਆ ਕੇ ਗਏ ਸਨ।

ਭਾਰਤ ਵਿਚ ਆਜ਼ਾਦੀ ਦੇ ਨਾ-ਮੁਕੰਮਲ ਰਹਿ ਜਾਣ ਅਤੇ ਇਨਕਲਾਬ ਦਾ ਦਿਨ ਦੂਰ ਹੋਈ ਜਾਣ, ਪਿਛਾਂਖੜੀ ਫਿਰਕੂ ਘਟਨਾਕ੍ਰਮਾਂ ਦੀ ਚੜ੍ਹਤ ਤੇ ਮਾਰ ਦੀ ਤੜਫ ਸਦਾ ਹੀ ਉਨਾਂ ਦੇ ਸੀਨੇ ਵਿਚ ਬੇਚੈਨੀ ਪੈਦਾ ਕਰੀ ਰੱਖਦੀ ਸੀ। ਦੁਨਿਆਵੀ ਤੌਰ 'ਤੇ ਤੇ ਪਰਿਵਾਰਕ ਪੱਖੋਂ ਉਹ ਪੂਰੇ ਸੰਤੁਸ਼ਟ ਕਹੇ ਜਾ ਸਕਦੇ ਹਨ। ਦੋਵੇਂ ਬੇਟੇ ਸਾਥੀ ਪ੍ਰੇਮ ਸਿੰਘ ਤੇ ਕੁਲਬੀਰ ਸਿੰਘ ਆਪੋ-ਆਪਣੇ ਪਰਿਵਾਰਾਂ ਸਮੇਤ ਵਿਦੇਸ਼ ਵਿਚ ਵਿਚਰਦੇ ਤੇ ਸੰਘਰਸ਼ਸ਼ੀਲ ਹਨ। ਮਾਲੀ ਪੱਖੋਂ ਕੋਈ ਔਕੜ ਨਹੀਂ ਸੀ। ਇਨਕਲਾਬੀ ਜੀਵਨ-ਘਾਲਣਾ ਕਰਕੇ ਹਰ ਪਾਸੇ ਉਨ੍ਹਾਂ ਦਾ ਮਾਣ-ਸਤਿਕਾਰ ਸੀ। ਪਰ ਫਿਰ ਵੀ ਇੱਕ ਚਿਣਗ ਉਨ੍ਹਾਂ ਦੇ ਅੰਦਰ ਮਘਦੀ ਰਹਿੰਦੀ ਸੀ। ਬਾਬਾ ਚੂਹੜ ਸਿੰਘ ਬੱਜੋਂ ਵਰਗੇ ਸੁਹਿਰਦ ਸਾਥੀ ਜਿਹਨਾਂ ਨੇ ਉਨਾਂ ਨੂੰ ਬਹੁਤ ਨੇੜਿਉਂ, ਦੇਸ਼ਭਗਤ ਯਾਦਗਾਰ ਹਾਲ ਵਿਚ ਵਿਚਰਦੇ ਦੇਖਿਆ ਹੈ, ਉਨਾਂ ਦੀਆਂ ਲਿਖਤਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਇੱਕ ਸੱਚੇ, ਪ੍ਰਤੀਬੱਧ ਅਤੇ ਸਿਦਕਵਾਨ ਇਨਕਲਾਬੀ ਦੇ ਦਿਲ ਵਿਚ ਹੀ ਅਜਿਹੀ ਤੜਫ ਮਚਲਿਆ

ਕਰਦੀ ਹੈ। ਦੁਨਿਆਵੀ ਸੁੱਖਾਂ ਦੇ ਬਾਵਜੂਦ ਵੀ ਆਪਣੇ ਸੁਫ਼ਨਿਆਂ ਦੇ ਸਾਕਾਰ ਨਾ ਹੋਣ ਦਾ ਦਰਦ ਉਮਰ ਭਰ ਉਨਾਂ ਦੇ ਨਾਲ ਰਿਹਾ।

ਇਸ ਆਦਰਸ਼ ਦੀ ਪੂਰਤੀ ਲਈ ਹੀ ਉਹ ਹਰੇਕ ਨਵੀਂ ਤਾਕਤ ਤੇ ਨਵੀਂ ਪੌਦ ਨੂੰ ਉਤਸ਼ਾਹਿਤ ਕਰਨੋਂ ਨਹੀਂ ਸਨ ਉੱਕਦੇ ਭਾਵੇਂ ਕਿ ਉਨਾਂ ਦੀ ਸਿਹਤ ਵੀ ਰਾਹ ਦਾ ਰੋੜਾ ਬਣਦੀ ਹੋਵੇ। ਇੱਕ ਸਾਲ ਡਾਢੀ ਸਰਦੀ ਪੈ ਰਹੀ ਸੀ। ਮੰਗੂਵਾਲ ਦੀ ਆਦਰਸ਼ ਫੁੱਟਬਾਲ ਕਲੱਬ ਦੇ ਨਕਸਲੀ ਫੁੱਟਬਾਲਰਾਂ ਦੀ ਯਾਦ ਵਿਚ ਟੂਰਨਾਮੈਂਟ ਦੇ ਮੌਕੇ ਇੱਕ ਸਟੇਡੀਅਮ ਦਾ ਨੀਂਹ ਪੱਥਰ ਰੱਖਣਾ ਸੀ। ਪਿੰਡ ਦੀ ਇਸ ਕਲੱਬ ਤੇ ਜਾਗਰਤ ਸੱਜਣਾਂ ਨੇ ਇਸ ਕਾਰਜ ਲਈ ਬਾਬਾ ਬਿਲਗਾ ਜੀ ਦੀ ਹੀ ਚੋਣ ਕੀਤੀ। ਬੜੇ ਭੈੜੇ ਮੌਸਮ ਵਿਚ ਵੀ ਬਾਬਾ ਜੀ ਸਮੇਂ ਸਿਰ ਮੰਗੂਵਾਲ ਪਹੁੰਚੇ ਤੇ ਨੀਂਹ-ਪੱਥਰ ਦੀ ਰਸਮ ਮਗਰੋਂ ਆਪਣਾ ਇਨਕਲਾਬੀ ਤੇ ਲੋਕ-ਪੱਖੀ ਸੁਨੇਹਾ ਦੇਕੇ, ਤਾੜੀਆਂ ਤੇ ਨਾਅਰਿਆਂ ਦੀ ਗੂੰਜ ਵਿਚ ਵਿਦਾ ਹੋਏ।

ਬਾਬਾ ਬਿਲਗਾ ਜੀ ਵਰਗੀਆਂ ਬਹੁ-ਪਰਤੀ ਸ਼ਖ਼ਸੀਅਤਾਂ ਇਤਿਹਾਸ ਦਾ ਇੱਕ ਮਹੱਤਵਪੂਰਨ ਕਾਂਡ ਹੁੰਦੀਆਂ ਹਨ ਅਤੇ ਨਵੀਆਂ ਪੁਸ਼ਤਾਂ ਲਈ ਸਦੀਵੀ ਪ੍ਰੇਰਨਾ-ਸਰੋਤ ਬਣੀਆਂ ਰਹਿੰਦੀਆਂ ਹਨ।

***

# ਬਹੁਤ ਹੀ ਅਮਿੱਣਵੀਂ ਦੇਣ ਹੈ ਬਾਬਾ ਬਿਲਗਾ ਜੀ ਦੀ

-ਜਤਿੰਦਰ ਪਨੂੰ

ਗ਼ਦਰ ਪਾਰਟੀ ਦੇ ਬਾਨੀਆਂ ਵਿਚੋਂ ਮੋਹਰਲੇ ਬਾਬਾ ਸੋਹਨ ਸਿੰਘ ਭਕਨਾ ਦੀ ਬਰਸੀ ਦੇ ਇਕ ਸਮਾਗਮ ਵਿਚ ਜਦੋਂ ਇਹ ਐਲਾਨ ਹੋਇਆ ਕਿ ਬਾਬਾ ਭਗਤ ਸਿੰਘ ਬਿਲਗਾ ਬੋਲਣਗੇ ਤਾਂ ਮੈਂ ਨਾਲਦਿਆਂ ਵਿਚੋਂ ਇੱਕ ਬਜ਼ੁਰਗ ਤੋਂ ਪੁੱਛਿਆ ਸੀ ਕਿ ਇਹ ਬਾਬਾ ਕੌਣ ਹੈ? ਉਸ ਨੇ ਦੱਸਿਆ ਕਿ ਗ਼ਦਰ ਪਾਰਟੀ ਵਾਲੇ ਜਿਹੜੇ ਥੋੜ੍ਹੇ ਜਿਹੇ ਬਜ਼ੁਰਗ ਹਾਲੇ ਤੱਕ ਜ਼ਿੰਦਾ ਹਨ, ਉਨ੍ਹਾਂ ਵਿਚੋਂ ਇਹ ਬਾਬਾ ਵੱਡੇ ਸਤਿਕਾਰ ਵਾਲਾ ਹੈ। ਮੈਂ ਉਦੋਂ ਖੱਬੀ ਲਹਿਰ ਵਿਚ ਨਵਿਆਂ ਵਿਚੋਂ ਸਾਂ। ਉਸ ਬਜ਼ੁਰਗ ਕਾਮਰੇਡ ਤੋਂ ਬਾਬਾ ਜੀ ਬਾਰੇ ਇਹ ਸੁਣਨ ਪਿੱਛੋਂ ਮੈਂ ਬੜੇ ਧਿਆਨ ਨਾਲ ਬਾਬਾ ਬਿਲਗਾ ਜੀ ਦਾ ਭਾਸ਼ਣ ਸੁਣਿਆ। ਇਸ ਤੋਂ ਬਾਅਦ ਮੈਂ ਕਈ ਵਾਰ ਬਾਬਾ ਜੀ ਨੂੰ ਵੇਖਿਆ, ਪਰ ਚਿਰਾਂ ਤੱਕ ਕਦੀ ਗੱਲਬਾਤ ਨਹੀਂ ਸੀ ਹੋਈ, ਪਰ ਜਦੋਂ ਹੋਈ ਤਾਂ ਹੁੰਦੀ-ਹੁੰਦੀ ਏਨੀ ਨੇੜ ਤੇ ਅਪਣੱਤ ਵਾਲੀ ਹੱਦ ਨੂੰ ਪਹੁੰਚ ਗਈ ਕਿ ਚਾਰ ਦਿਨਾਂ ਦਾ ਪਾੜਾ ਪੈਣ ਪਿੱਛੋਂ ਬਾਬਾ ਜੀ ਤੋਂ ਮਿੱਠੀ ਜਿਹੀ ਝਿੜਕ ਵੀ ਸਹਾਰਨੀ ਪੈਂਦੀ ਸੀ ਕਿ ਏਨੇ ਦਿਨ ਆਇਆ ਕਿਉਂ ਨਹੀਂ।

ਹੁਣ ਜਦੋਂ ਉਨ੍ਹਾਂ ਬਾਰੇ ਬਹੁਤ ਸਾਰੇ ਸਾਥੀ, ਸਨੇਹੀ ਤੇ ਸਿਆਸਤ ਦੀ ਮੱਸ ਰੱਖਣ ਵਾਲੇ ਸੱਜਣ ਲਿਖਣ ਲਈ ਕਲਮਾਂ ਚੁੱਕ ਰਹੇ ਹਨ, ਮੈਂ ਉਨ੍ਹਾਂ ਦੇ ਸਿਆਸੀ ਜੀਵਨ ਅਤੇ ਆਜ਼ਾਦੀ ਲਹਿਰ ਦੇ ਦਿਨਾਂ ਵਿਚ ਉਨ੍ਹਾਂ ਦੀ ਸਰਗਰਮੀ ਬਾਰੇ ਨਹੀਂ ਲਿਖਾਂਗਾ, ਕਿਉਂਕਿ ਇਹ ਕੁਝ ਕਈ ਹੋਰ ਸਾਥੀ ਵੀ ਲਿਖ ਚੁੱਕੇ ਹੋਣ ਕਰਕੇ ਦੁਹਰਾਓ ਜਾਪੇਗਾ। ਇਸ ਦੀ ਥਾਂ ਮੈਂ ਕੁਝ ਨਿੱਜੀ ਤਜਰਬੇ ਸਾਂਝੇ ਕਰਾਂਗਾ, ਜਿਹੜੇ ਮੇਰੇ ਵਰਗੇ ਕਈਆਂ ਨੂੰ ਹੋਏ ਹੋਣਗੇ। ਜਦੋਂ ਇਨ੍ਹਾਂ ਤਜਰਬਿਆਂ ਦੀ ਗੱਲ ਛੋਹ ਲਈਏ ਤਾਂ ਉਨ੍ਹਾਂ ਵਿਚੋਂ ਬਾਬਾ ਬਿਲਗਾ ਜੀ ਦੇ ਅੰਦਰਲਾ ਇੱਕ ਪਿਤਾ ਸਮਾਨ ਪੁਰਖ ਹੀ ਨਹੀਂ, ਇੱਕ ਮਹਾਂ ਮਨੁੱਖ ਵੀ ਨਜ਼ਰ ਪੈਂਦਾ ਹੈ। ਇਹ ਤਜਰਬੇ ਨਵੀਂ ਪੀੜ੍ਹੀ ਲਈ ਸ਼ਾਇਦ ਓਨੇ ਲਾਹੇਵੰਦ ਨਾ ਹੋਣ, ਪਰ ਮੇਰੀ ਪੀੜ੍ਹੀ ਦੇ ਜਿਹੜੇ ਲੋਕ ਹੁਣ ਚਿੱਟੇ ਵਾਲਾਂ ਨਾਲ ਤੁਰੇ ਫਿਰਦੇ ਹਨ, ਉਨ੍ਹਾਂ ਨੂੰ ਇਸ ਤੋਂ ਇਹ ਸਿੱਖਣ ਵਾਲਾ ਮੌਕਾ ਮਿਲੇਗਾ ਕਿ ਅਗਲੀ ਪੀੜ੍ਹੀ ਨੂੰ ਤਿਆਰ ਕਰਨ ਤੇ ਥਾਪੜਾ ਦੇਣ ਦਾ ਆਹ ਵੀ ਇੱਕ ਢੰਗ ਤੇ ਫਰਜ਼ ਹੁੰਦਾ ਹੈ।

ਭਕਨੇ ਦੀ ਉਪਰੋਕਤ ਦੱਸੀ ਕਾਨਫ਼ਰੰਸ ਤੋਂ ਕਈ ਸਾਲ ਬਾਅਦ ਉਹ ਦਿਨ ਆਇਆ, ਜਦੋਂ ਅਪਰੇਸ਼ਨ ਬਲਿਊ ਸਟਾਰ ਹੋਣ ਤੋਂ ਥੋੜ੍ਹਾ ਸਮਾਂ ਬਾਅਦ ਪੱਟੀ ਵਿਚ ਅਸਾਂ ਸਰਬ ਭਾਰਤ ਨੌਜਵਾਨ ਸਭਾ ਦੀ ਜ਼ਿਲ੍ਹਾ ਕਾਨਫ਼ਰੰਸ ਰੱਖੀ ਅਤੇ ਉਸ ਦੇ ਜਨਰਲ ਸਕੱਤਰ ਵਜੋਂ ਤਜਵੀਜ਼ ਮੰਨੀ ਗਈ ਕਿ ਇਸ ਦਾ ਉਦਘਾਟਨ ਕਰਨ ਲਈ ਬਾਬਾ ਭਗਤ ਸਿੰਘ ਬਿਲਗਾ ਨੂੰ ਸੱਦਿਆ

ਜਾਵੇ। ਨੌਜਵਾਨਾਂ ਨੇ ਤਜਵੀਜ਼ ਮੰਨ ਲਈ, ਪਰ ਪੁਰਾਣੇ ਕਈ ਕਾਮਰੇਡਾਂ ਨੇ ਇਸ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਬਾਬਾ ਭਗਤ ਸਿੰਘ ਬਿਲਗਾ ਮਾਰਕਸੀ ਕਮਿਊਨਿਸਟ ਪਾਰਟੀ ਦਾ ਹੈ। ਮੈਂ ਆਪਣੀ ਥਾਂ ਅੜਿਆ ਰਿਹਾ ਤੇ ਪਾਰਟੀ ਦਾ ਜ਼ਿਲ੍ਹਾ ਸਕੱਤਰ ਕਾਮਰੇਡ ਹਰਭਜਨ ਸਿੰਘ ਸਾਡੀ ਹਮਾਇਤ ਕਰਦਾ ਰਿਹਾ। ਬਾਬਾ ਜੀ ਮਿਥੇ ਦਿਨ ਸਮਾਗਮ ਦੇ ਸ਼ੁਰੂ ਤੱਕ ਨਾ ਦਿਸੇ। ਸਾਨੂੰ ਉਨ੍ਹਾਂ ਦੇ ਆਉਣ ਦੀ ਚਿੰਤਾ ਸੀ, ਹਾਲਾਂਕਿ ਅਸੀਂ ਸ਼ਹਿਰ ਵਿਚ ਨੌਜਵਾਨਾਂ ਦਾ ਭਰਵਾਂ ਅਮਨ ਮਾਰਚ ਕਰਨ ਦੇ ਬਾਅਦ ਆਏ ਸਾਂ। ਜਦੋਂ ਡੈਲੀਗੇਟ ਬੈਠ ਰਹੇ ਸਨ, ਬਾਬਾ ਜੀ ਦਿੱਸ ਪਏ। ਸਮਾਗਮ ਦੇ ਰਸਮੀ ਉਦਘਾਟਨ ਵੇਲੇ ਉਨ੍ਹਾਂ ਦੱਸਿਆ ਕਿ ਮੈਂ ਤੁਹਾਡੇ ਕੋਲ ਆਉਣ ਤੋਂ ਪਹਿਲਾਂ ਸ਼ਹਿਰ ਦਾ ਚੱਕਰ ਲਾਇਆ ਹੈ ਤੇ ਲੋਕਾਂ ਨੇ ਦੱਸਿਆ ਹੈ ਕਿ ਕੱਲ੍ਹ ਇਸ ਸ਼ਹਿਰ ਵਿਚ ਅੱਤਵਾਦੀਆਂ ਨੇ ਦੋ ਕਤਲ ਕੀਤੇ ਸਨ। ਸ਼ਹਿਰ ਦੇ ਲੋਕ ਆਖਦੇ ਹਨ ਕਿ ਆਹ ਲਾਲ ਝੰਡੇ ਵਾਲੇ ਜਦੋਂ ਅਮਨ ਦਾ ਜਲੂਸ ਕੱਢਦੇ ਹਨ ਤਾਂ ਸਾਨੂੰ ਹੌਸਲਾ ਹੋ ਜਾਂਦਾ ਹੈ, ਇਸ ਲਈ ਤੁਸੀਂ ਨੌਜਵਾਨ ਜੋ ਕੁਝ ਕਰ ਰਹੇ ਹੋ, ਉਸ ਨੂੰ ਵੇਖ ਕੇ ਮੈਨੂੰ ਏਥੇ ਆਉਣ ਦਾ ਮਾਣ ਮਹਿਸੂਸ ਹੋ ਰਿਹਾ ਹੈ।

ਬਾਅਦ ਵਿਚ ਜਦੋਂ ਅਸੀਂ ਚਾਹ ਪੀਣ ਬੈਠੇ ਤਾਂ ਉਨ੍ਹਾਂ ਨੇ ਪੁੱਛ ਲਿਆ: 'ਪਨੂੰ, ਮੈਂ ਮਾਰਕਸੀ ਪਾਰਟੀ ਨਾਲ ਹਾਂ, ਤੂੰ ਸੀ.ਪੀ.ਆਈ. ਨਾਲ, ਮੈਨੂੰ ਸੱਦਣ ਦਾ ਕਿਸੇ ਨੇ ਵਿਰੋਧ ਨਹੀਂ ਸੀ ਕੀਤਾ?' ਮੈਂ ਮੰਨ ਗਿਆ ਕਿ ਇਹ ਕੀਤਾ ਗਿਆ ਸੀ, ਪਰ ਸਾਡੀ ਰਾਏ ਹੈ ਕਿ ਮੌਜੂਦਾ ਹਾਲਾਤ ਵਿਚ ਦੋਵਾਂ ਪਾਰਟੀਆਂ ਦੇ ਕਾਡਰ ਦਾ ਇੱਕ ਦੂਸਰੇ ਦੇ ਨੇੜੇ ਲੱਗ ਕੇ ਚੱਲਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ, ਇਸ ਲਈ ਅਸੀਂ ਕਿਸੇ ਵਿਰੋਧ ਦੀ ਪਰਵਾਹ ਨਹੀਂ ਕੀਤੀ। ਅੱਗੋਂ ਬਾਬਾ ਜੀ ਨੇ ਹੱਸ ਕੇ ਦੱਸਿਆ ਕਿ ਇਹੋ ਕੁਝ ਉਨ੍ਹਾਂ ਨਾਲ ਹੋਇਆ ਹੈ। ਮਾਰਕਸੀ ਪਾਰਟੀ ਵਿਚੋਂ ਕੁਝ ਸਾਥੀ ਵਿਰੋਧ ਕਰਦੇ ਸਨ ਤੇ ਬਾਬਾ ਜੀ ਨੇ ਵੀ ਉਹੋ ਜਵਾਬ ਦਿੱਤਾ ਸੀ, ਜਿਹੜਾ ਅਸੀਂ ਸੀ.ਪੀ.ਆਈ. ਵਿਚ ਦਿੱਤਾ ਹੋਇਆ ਸੀ। ਸਾਡੀ ਗੱਲਬਾਤ ਵਿਚ ਇਸ ਮਸਲੇ ਬਾਰੇ ਇੱਕੋ ਰਾਏ ਜ਼ਾਹਰ ਹੋਣ ਤੋਂ ਉਹ ਵੀ ਖੁਸ਼ ਤੇ ਉਤਸ਼ਾਹ ਵਿਚ ਸਨ ਤੇ ਮੇਰੇ ਵਰਗੇ ਉਨ੍ਹਾਂ ਤੋਂ ਅੱਧੀ ਉਮਰ ਤੋਂ ਵੀ ਘੱਟ ਵਾਲੇ ਬੱਚੇ ਦਾ ਖੁਸ਼ ਹੋਣਾ ਤਾਂ ਕੋਈ ਵੀ ਸਮਝ ਸਕਦਾ ਹੈ।

ਫਿਰ ਜਦੋਂ ਮੈਂ ਜਲੰਧਰ 'ਨਵਾਂ ਜ਼ਮਾਨਾ' ਵਿਚ ਆ ਗਿਆ, ਸਾਡਾ ਅਕਸਰ ਮੇਲ ਹੁੰਦਾ ਰਿਹਾ। ਬਹੁਤੀ ਨੇੜਤਾ ਤਾਂ ਸਬੱਬ ਓਦੋਂ ਬਣਿਆ, ਜਦੋਂ ਮੈਂ ਪਹਿਲੀ ਵਾਰੀ ਇੰਗਲੈਂਡ ਗਿਆ। ਬਾਬਾ ਜੀ ਆਪਣੇ ਵੱਡੇ ਪੁੱਤਰ ਕੁਲਬੀਰ ਸਿੰਘ ਦੇ ਕੋਲ ਬਰਮਿੰਘਮ ਸਨ। ਮੇਰੇ ਪਹੁੰਚਣ ਦੀ ਪਹਿਲੀ ਰਾਤ ਉਹ ਉਥੋਂ ਦੋ ਸੌ ਕਿਲੋਮੀਟਰ ਦੇ ਕਰੀਬ ਪੈਂਡਾ ਕਰਕੇ ਲੰਡਨ ਵਿਚ ਸਾਊਥਾਲ ਕਾਮਰੇਡ ਹਰਦੀਪ ਦੂਹੜਾ ਦੇ ਘਰ ਆ ਗਏ। ਰਾਤ ਨੂੰ ਸਾਡਾ ਦੋਵਾਂ ਦਾ ਬਿਸਤਰਾ ਇੱਕੋ ਕਮਰੇ ਵਿਚ ਸੀ। ਬਾਕੀ ਲੋਕ ਖਾ-ਪੀ ਕੇ ਚਲੇ ਗਏ ਤੇ ਹਰਦੀਪ ਤੇ ਉਨ੍ਹਾਂ ਦੀ ਜੀਵਨ-ਸਾਥਣ ਜਸਬੀਰ ਕੌਰ ਵੀ ਸਵੇਰੇ ਕੰਮ ਲਈ ਜਲਦੀ ਜਾਣਾ ਹੋਣ ਕਰਕੇ ਸੌਂ ਗਏ। ਬਾਬਾ ਜੀ ਨੇ ਮੈਨੂੰ ਬਿਠਾ ਲਿਆ ਤੇ ਇੰਗਲੈਂਡ ਦਾ ਊਚ-ਨੀਚ ਸਮਝਾਉਣ ਲੱਗ ਪਏ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਏਥੇ ਮੌਸਮ ਦਾ ਵਿਸਾਹ ਨਾ ਖਾਵੀਂ। ਕਈ ਵਾਰੀ ਧੁੱਪ ਵੇਖ ਕੇ ਤੁਰ ਪਈਦਾ ਹੈ ਤੇ ਪੰਜ ਮਿੰਟਾਂ ਵਿਚ ਫਿਰ ਮੀਂਹ ਪੈ ਕੇ ਦੰਦੋੜਿੱਕੇ ਵੱਜਣ ਲੱਗ ਪੈਂਦੇ ਹਨ। ਜੇ ਤੂੰ ਏਥੇ ਬਿਮਾਰ ਪਿਆ ਤਾਂ ਜਿਨ੍ਹਾਂ ਨੇ ਤੈਨੂੰ ਸੱਦਿਆ ਹੈ, ਉਹ ਵਿਚਾਰੇ ਸਾਰੇ ਤੇਰੇ ਇਸ ਸਫ਼ਰ ਨੂੰ ਭੁਗਤਣਗੇ ਤੇ ਦੇਸ਼ ਵਾਪਸੀ ਤੱਕ ਤੇਰਾ ਹਾਲ ਠੀਕ ਨਹੀਂ ਹੋ ਸਕਣਾ, ਕਿਉਂਕਿ ਏਥੇ ਹੱਡਾਂ ਵਿਚ ਇਕ ਵਾਰ ਵੜੀ ਠੰਢ ਨਿਕਲਦੀ

ਨਹੀਂ ਹੁੰਦੀ। ਜਿਵੇਂ ਕੋਈ ਬਾਪ ਆਪਣੇ ਪੁੱਤਰ ਨੂੰ ਨਵੇਂ ਥਾਂ ਦੀ ਨਿੱਕੀ-ਨਿੱਕੀ ਗੱਲ ਸਮਝਾ ਸਕਦਾ ਹੈ, ਉਵੇਂ ਸਮਝਾਉਣ ਤੋਂ ਬਾਅਦ ਬਾਬਾ ਜੀ ਨੇ ਨੀਂਦ ਆਉਣ ਦੇ ਬਾਵਜੂਦ ਉਥੋਂ ਦੀਆਂ ਕਈ ਸਿਆਸੀ ਉਲਝਣਾ ਵੀ ਰਾਤ ਨੂੰ ਹੀ ਸਮਝਾ ਦਿੱਤੀਆਂ।

ਇਨ੍ਹਾਂ ਦੋ ਪਹਿਲੀਆਂ ਘਟਨਾਵਾਂ ਤੋਂ ਬਾਅਦ ਜਿਹੜੇ ਬਾਕੀ ਦੇ ਡੇਢ ਦਹਾਕੇ ਦੇ ਕਰੀਬ ਸਾਲ ਗੁਜ਼ਾਰੇ, ਉਨ੍ਹਾਂ ਦੇ ਦੌਰਾਨ ਜਿਨ੍ਹਾਂ ਮਾਮਲਿਆਂ ਵਿਚ ਬਾਬਾ ਜੀ ਤੋਂ ਸਾਨੂੰ ਸੇਧ ਮਿਲਦੀ ਰਹੀ, ਉਨ੍ਹਾਂ ਵਿਚ ਸਿਆਸੀ ਵੀ ਸਨ, ਸਮਾਜਕ ਵੀ ਤੇ ਕਈ ਵਾਰੀ ਪਰਿਵਾਰਿਕ ਮਾਮਲੇ ਵੀ ਅਸੀਂ ਵਿਚਾਰਦੇ ਰਹੇ। ਉਨ੍ਹਾਂ ਅੰਦਰ ਇੱਕ ਮਹਾਨ ਇਨਕਲਾਬੀ ਵੀ ਸੀ, ਇੱਕ ਸਮਾਜ ਸੇਵੀ ਵੀ ਤੇ ਇੱਕ ਸੁਹਿਰਦ ਮਨੁੱਖ ਵੀ, ਜਿਹੜਾ ਆਮ ਕਰਕੇ ਸਿਆਸੀ ਪਾਣ ਚੜ੍ਹ ਚੁੱਕੇ ਲੋਕਾਂ ਵਿਚ ਬਹੁਤ ਵਿਰਲਾ ਮਿਲਦਾ ਹੈ। ਬਹੁਤ ਸਾਰੇ ਲੋਕ ਹਨ, ਜਿਨ੍ਹਾਂ ਨੂੰ ਬਾਬਾ ਜੀ ਆਪਣੇ ਪੁੱਤਰਾਂ ਵਾਂਗ ਪਿਆਰ ਕਰਦੇ ਸਨ, ਤੇ ਉਹ ਸਾਰੇ ਇਸ ਗੱਲ ਦਾ ਮਾਣ ਕਰ ਸਕਦੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਉਹ ਬਾਕੀਆਂ ਨੂੰ ਇਸ ਮਾਮਲੇ ਵਿਚ ਕੋਈ ਊਣੇ-ਪੌਣੇ ਸਮਝਦੇ ਹੋਣਗੇ, ਪਰ ਮੈਨੂੰ ਜਿਵੇਂ ਉਹ ਆਪਣੇ ਪੁੱਤਰਾਂ ਕੁਲਬੀਰ ਸਿੰਘ ਤੇ ਪ੍ਰੇਮ ਸਿੰਘ ਦੇ ਵਾਂਗ ਮੋਹ ਦੇਂਦੇ ਸਨ, ਉਹ ਮੋਹ ਮੈਂ ਉਨ੍ਹਾਂ ਨੂੰ ਹਰ ਉਸ ਕਾਰਕੁੰਨ ਲਈ ਨਿਛਾਵਰ ਕਰਦੇ ਵੇਖਿਆ ਸੀ, ਜਿਹੜਾ ਉਹ ਸਮਝਦੇ ਸਨ ਕਿ ਸਮਾਜ ਦੇ ਇਕ ਜਾਂ ਦੂਸਰੇ ਪੱਖ ਤੋਂ ਕੰਮ ਆਉਂਦਾ ਹੈ। ਦੇਸ਼ ਦੇ ਰੌਸ਼ਨ ਭਵਿੱਖ ਲਈ ਨਵੀਂ ਪੀੜ੍ਹੀ ਦੇ ਲੋਕ ਜਦੋਂ ਲੱਕ ਬੰਨ੍ਹ ਕੇ ਤੁਰਦੇ ਹਨ ਤਾਂ ਉਨ੍ਹਾਂ ਨੂੰ ਸਿਰਫ਼ ਸਿਆਸੀ ਸੂਝ ਦੇਣ ਵਾਲੇ ਹੀ ਨਹੀਂ, ਇਸ ਤਰ੍ਹਾਂ ਮੋਹ ਦੇਣ ਵਾਲੇ ਬਜ਼ੁਰਗਾਂ ਦੀ ਇਸ ਲਹਿਰ ਨੂੰ ਲੋੜ ਹੈ, ਜਿਹੜੀ ਹੁਣ ਘਟਦੀ ਜਾਂਦੀ ਮਹਿਸੂਸ ਹੋ ਰਹੀ ਹੈ।

ਅੱਜ ਜਦੋਂ ਉਹ ਸਾਡੇ ਵਿਚ ਨਹੀਂ ਰਹੇ ਤਾਂ ਇੰਜ ਲੱਗਦਾ ਹੈ, ਜਿਵੇਂ ਪਿਓ-ਦਾਦੇ ਵਾਲੀ ਸਰਪ੍ਰਸਤੀ ਦੇਣ ਵਾਲਾ ਉਹ ਬਜ਼ੁਰਗ ਤੁਰ ਗਿਆ ਹੋਵੇ, ਜਿਸ ਦੇ ਵਾਸਤੇ ਮੇਰ-ਤੇਰ ਦੀ ਗੁੰਜਾਇਸ਼ ਰੱਖੇ ਬਿਨਾਂ ਦੇਸ਼ ਦਾ ਦਰਦ ਰੱਖਣ ਵਾਲੇ ਉਨ੍ਹਾਂ ਦੇ ਪੁੱਤਰਾਂ ਦੀ ਉਮਰ ਦੇ ਸਾਰੇ ਲੋਕ ਪੁੱਤਰ ਹੀ ਹੋਣ, ਸਗੋਂ ਕਈ ਮਾਮਲਿਆਂ ਵਿਚ ਸ਼ਾਇਦ ਸਕੇ ਪੁੱਤਰਾਂ ਤੋਂ ਵੱਧ ਜਾਪਦੇ ਹੋਣ। ਬੜੀ ਵੱਡੀ ਦੇਣ ਹੈ ਬਾਬਾ ਬਿਲਗਾ ਜੀ, ਦੇਸ਼ ਦੀ ਆਜ਼ਾਦੀ ਲਹਿਰ ਦੇ ਸਮੇਂ ਤੋਂ ਅੱਜ ਤੱਕ ਉਂਜ ਵੀ, ਪਰ ਜਿਵੇਂ ਨਵੀਂ ਪੀੜ੍ਹੀ ਨੂੰ ਪਿਆਰ ਦਾ ਥਾਪੜਾ ਦੇ ਕੇ ਗਏ ਹਨ, ਇਹ ਸ਼ਾਇਦ ਸਭ ਤੋਂ ਵੱਡੀ ਦੇਣ ਹੋਵੇਗੀ।

***

# ਬਾਬਾ ਭਗਤ ਸਿੰਘ ਬਿਲਗਾ ਜੀ-ਇਨਕਲਾਬੀ ਪ੍ਰੇਰਨਾ ਸਰੋਤ

-ਪ੍ਰੋ. ਜਗਮੋਹਨ ਸਿੰਘ

ਬਾਬਾ ਭਗਤ ਸਿੰਘ ਬਿਲਗਾ ਜੀ ਮੁਸ਼ਕਲ ਵਕਤਾਂ ਵਿਚ ਇਕ ਦ੍ਰਿੜ ਤੇ ਦਲੇਰਾਨਾ ਪ੍ਰੇਰਣਾ ਦਿੰਦੇ ਸਨ।

ਮੈਨੂੰ ਯਾਦ ਆਉਂਦਾ ਹੈ ਕਿ 1975 ਵਿਚ ਐਮਰਜੈਂਸੀ ਦੇ ਲੱਗਣ ਨੇ ਜਮਹੂਰੀ ਚੇਤਨਾ ਨੂੰ ਝੰਜੋੜ ਦਿੱਤਾ ਸੀ ਤੇ ਇਸ ਸਵਾਲ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਮੌਜੂਦਾ ਰਾਜਭਾਗ ਵਿਚ ਲੋਕਾਂ ਦੇ ਢੇਰ ਘਾਲਣਾ ਘਾਲ ਕੇ ਪ੍ਰਾਪਤ ਕੀਤੇ ਕੁਝ ਹੱਕ ਵੀ ਕਿੰਨੇ ਅਸਥਾਈ ਹਨ ਕਿ ਇਕ ਕਲਮ ਦੀ ਲਕੀਰ ਮਾਰ ਕਿ ਖ਼ਤਮ ਕੀਤੇ ਜਾ ਸਕਦੇ ਹਨ। ਇਸ ਅਮਲ ਨੂੰ ਸਥਾਈ ਬਣਾਉਣ ਲਈ ਲੋਕਾਂ ਦੀ ਅਵਾਜ਼ ਬੰਦ ਕਰ ਦਿਉ, ਜੇਲ੍ਹਾਂ ਵਿਚ ਦਬਾ ਦਿਉ।

1977 ਵਿੱਚ ਭਾਵੇਂ ਚੋਣਾਂ ਨਾਲ ਇੰਦਰਾ ਦਾ ਰਾਜ ਖ਼ਤਮ ਹੋ ਗਿਆ ਜਿਸ ਨਾਲ ਬਹੁਤ ਲੋਕ ਇਸ ਭਰਮ ਵਿਚ ਆ ਗਏ ਕਿ ਸਭ ਕੁਝ ਅੱਛਾ ਹੋ ਗਿਆ ਹੈ, ਪਰ ਅਸੀਂ ਕੁਝ ਲੋਕ ਸਾਂ ਜੋ ਇਹ ਸਮਝ ਰੱਖਦੇ ਸਾਂ ਕਿ ਸਿਸਟਮ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਅਸਮਰੱਥ ਹੈ ਸੋ ਲੋਕਾਂ ਦੇ ਜਮਹੂਰੀ ਹੱਕਾਂ 'ਤੇ ਹਮਲੇ ਜਾਰੀ ਰਹਿਣਗੇ ਤੇ ਲੋਕ ਆਪਣੇ ਹੱਕਾਂ ਲਈ ਸੰਘਰਸ਼ ਕਰਨਗੇ ਤੇ ਰਾਜ ਕੋਲ ਹੱਲ ਨਾ ਹੋਣ ਕਰਕੇ ਉਨ੍ਹਾਂ ਤੇ ਦਮਨ ਵਧੇਗਾ। ਇਸ ਸੋਚ ਨੂੰ ਮਜ਼ਬੂਤੀ ਸਭ ਤੋਂ ਵੱਧ ਬਾਬਾ ਭਗਤ ਸਿੰਘ ਬਿਲਗਾ ਜੀ ਤੋਂ ਮਿਲੀ। ਦਿੱਲੀ ਵਿਚ 1970ਵਾਂ ਵਿਚ ਪੁਲੀਸ ਜ਼ਿਆਦਤੀਆਂ ਤੇ ਨਜ਼ਾਇਜ ਮੁਕਾਬਲਿਆਂ ਦੀ ਪੜਤਾਲ ਵਿਚ ਅਹਿਮ ਹਿੱਸਾ ਪਾਉਣ ਵਾਲੇ ਲੋਕ ਹੁਣ ਜਮਹੂਰੀ ਹੱਕਾਂ ਦੀ ਥਾਂ ਕਾਨੂੰਨ ਦੇ ਦਾਇਰੇ ਵਿਚ ਸ਼ਹਿਰੀ ਹੱਕਾਂ ਤਕ ਮਹਿਦੂਦ ਹੋ ਗਏ ਸਨ। ਇਨ੍ਹਾਂ ਹਾਲਤਾਂ ਵਿਚ ਜਮਹੂਰੀ ਅਧਿਕਾਰ ਸਭਾ ਪੰਜਾਬ 1978 ਵਿਚ ਇਕ ਭਰਵੀਂ ਵਿਚਾਰ ਚਰਚਾ ਬਾਦ ਹੋਂਦ ਵਿਚ ਆਈ। ਇਸ ਵੇਲੇ ਸਾਡੇ ਉਤਸ਼ਾਹ ਦਾ ਸੋਮਾ ਬਾਬਾ ਭਗਤ ਸਿੰਘ ਬਿਲਗਾ ਜੀ ਤੇ ਬੀਬੀ ਅਮਰ ਕੌਰ ਸਨ। ਇਸੇ ਕਰਕੇ ਬਾਬਾ ਜੀ ਨੂੰ ਪਹਿਲੇ ਪ੍ਰਧਾਨ ਬਣਨ ਦੀ ਬੇਨਤੀ ਕੀਤੀ ਗਈ ਜੋ ਸਵੀਕਾਰਣ ਨਾਲ ਸਭ ਨੂੰ ਇਕ ਇਨਕਲਾਬੀ ਸੇਧ ਮਿਲੀ, ਇਸ ਤੇ ਮੈਨੂੰ ਮੀਤ ਪ੍ਰਧਾਨ ਤੇ ਡਾ. ਧਰਮਵੀਰ ਗਾਂਧੀ ਨੂੰ ਜਨਰਲ ਸਕੱਤਰ ਦਾ ਭਾਰ ਚੁੱਕਣਾ ਆਸਾਨ ਹੋ ਗਿਆ।

ਪਰ ਜਦ NSA ਤੇ ESMA ਵਰਗੇ ਲੋਕ ਹੱਕਾਂ ਦੇ ਵਿਰੋਧੀ ਕਾਲੇ ਕਾਨੂੰਨ 1980ਵਾਂ ਵਿਚ ਠੋਸੇ ਗਏ ਤਾਂ ਜਮਹੂਰੀ ਹੱਕਾਂ ਤੇ ਹਮਲਾ ਸਾਫ਼ ਹੋ ਗਿਆ। ਐਮਰਜੈਂਸੀ ਦੇ ਸੁੰਨ ਹੋਏ ਲੋਕ ਉਸ ਖਿਲਾਫ਼ ਆਵਾਜ਼ ਉਠਾਉਣ ਤੋਂ ਕਤਰਾਉਂਦੇ ਸਨ। ਤਦ ਜਿਸ ਤਰ੍ਹਾਂ ਬਾਬਾ ਭਗਤ ਸਿੰਘ ਬਿਲਗਾ ਜੀ ਤੇ ਬੀਬੀ ਅਮਰ ਕੌਰ ਜੀ ਨੇ ਅਗਵਾਈ ਕਰਕੇ ਇਸ ਸੁੰਨ ਨੂੰ ਤੋੜਿਆ ਸਭ




*ਕਾਲੇ ਕਾਨੂੰਨਾਂ ਖਿਲਾਫ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਦੇ ਹੋਏ ਬਾਬਾ ਜੀ ਤੇ ਬੀਬੀ ਅਮਰ ਕੌਰ*

ਨੌਜਵਾਨਾਂ ਨੂੰ ਇਸ ਭੈਣ ਭਰਾ ਦੀ ਜੋੜੀ ਨੇ ਇਤਿਹਾਸਕ ਇਨਕਲਾਬੀ ਵਿਰਸੇ ਨਾਲ ਲਬਰੇਜ਼ ਕਰ ਦਿੱਤਾ ਅਤੇ ਜਮਹੂਰੀ ਹੱਕਾਂ ਲਈ ਡਟਣ ਦਾ ਇਨਕਲਾਬੀ ਇਰਾਦਾ ਪੈਦਾ ਕਰ ਦਿੱਤਾ। ਇਹ ਇਕ ਕਾਰਣ ਹੈ ਕਿ ਉਹ ਸੰਸਥਾ ਅੱਜ ਤੱਕ ਉਸ ਜ਼ਿੰਮੇਵਾਰੀ 'ਤੇ ਪਹਿਰਾ ਦਿੰਦੀ ਹੈ। ਇਸ ਵਕਤ ਦੀ ਯਾਦਗਾਰੀ ਫੋਟੋ ਹੈ ਜਦ ਜਲੰਧਰ ਵਿਚ ਕਾਲੇ ਕਾਨੂੰਨਾਂ ਦਾ ਵਿਰੋਧ ਕਰਨ ਲਈ ਇਕ ਇਤਿਹਾਸਕ ਮਾਰਚ ਕੀਤਾ ਜਿਸ ਦੀ ਅਗਵਾਈ ਬਾਬਾ ਭਗਤ ਸਿੰਘ ਬਿਲਗਾ ਜੀ ਤੇ ਬੀਬੀ ਅਮਰ ਕੌਰ ਜੀ ਦੀ ਭੈਣ ਭਰਾ ਦੀ ਜੋੜੀ ਨੇ ਕੀਤੀ। ਇਸ ਵਿਚ ਪ੍ਰਿੰਸੀਪਲ ਸੁਜਾਨ ਸਿੰਘ ਜੀ ਦੀ ਸ਼ਮੂਲੀਅਤ ਬਹੁਤ ਯਾਦਗਾਰੀ ਹੈ।

ਅਗਲੀ ਵਾਰ ਕਾਮਰੇਡ ਬਲਦੇਵ ਮਾਨ ਦੀ ਸ਼ਹੀਦੀ ਬਾਦ ਉਸ ਦੇ ਪਿੰਡ ਮੈਂ ਤੇ ਬਾਬਾ ਜੀ ਇਕੱਠੇ ਗਏ ਸਾਂ ਉਸ ਦੀ ਨਵਜੰਮੀ ਲੜਕੀ ਨੂੰ ਗੋਦ ਵਿਚ ਚੁੱਕ ਉਨ੍ਹਾਂ ਦੇ ਉਹ ਇਨਕਲਾਬੀ ਬੋਲ ਮੈਨੂੰ ਹਮੇਸ਼ਾ ਪ੍ਰੇਰਕੇ ਅੱਗੇ ਵਧਣ ਦੀ ਊਰਜਾ ਦਿੰਦੇ ਰਹਿੰਦੇ ਹਨ ਕਿ, "ਜਿਸ ਲੋਕ ਹਿੱਤ ਦਾ ਰਾਹ ਅਸਾਂ ਫੜਿਆ ਹੈ ਉਹ ਸਾਡੇ ਸ਼ਹੀਦਾਂ ਦੇਸ਼ ਭਗਤਾਂ ਦੇ ਤਪ ਦੀ ਵਿਰਾਸਤ ਹੈ, ਸਾਮਰਾਜ ਦੀ ਮਨੁੱਖ ਵਿਰੋਧੀ ਸ਼ਕਤੀ ਨਾਲ ਸਾਡੀ ਟੱਕਰ ਹੈ। ਸਾਮਰਾਜ ਲੁੱਟ ਦੇ ਤੰਤਰ ਦੇ ਸਿੱਧੇ ਤੇ ਅਸਿੱਧੇ ਤਰੀਕੇ ਅਪਣਾਉਂਦਾ ਹੈ। ਸਰਕਾਰਾਂ ਉਨ੍ਹਾਂ ਦੇ ਹੱਥਾਂ ਵਿਚ ਕਠਪੁਤਲੀ ਵਾਂਗ ਨੱਚਦੀਆਂ ਨੇ। ਆਪਣੀਆਂ ਰਖੇਲ ਤਾਕਤਾਂ ਜਿਵੇਂ ਕਿ ਫ਼ਿਰਕਾਪ੍ਰਸਤ ਦਹਿਸ਼ਤਗਰਦੀ ਰਾਹੀਂ ਇਸ ਲੁੱਟ ਤੰਤਰ ਨੂੰ ਜਾਰੀ ਰੱਖਦੀਆਂ ਨੇ ਬਲਦੇਵ ਇਸ ਲੋਕ ਮੋਰਚੇ ਤੇ ਸ਼ਹੀਦ ਹੋਇਆ ਹੈ। ਬੇਟੀ ਤੂੰ ਲੋਕਾਂ ਦੇ ਭਵਿੱਖ ਦੀ ਮਿਸ਼ਾਲ ਬਣਨਾ ਹੈ। ਥੱਕਣਾ ਨਹੀਂ ਲੋਕਾਂ ਦੇ ਹਿੱਤਾਂ ਲਈ ਡਟਣ ਖਿੜਕਨਾ ਨਹੀਂ ਭੈ ਮੁਕਤ ਰਹਿਣਾ। ਚਾਨਣ ਕਦੇ ਲੁਕਾਇਆ ਨਹੀਂ ਜਾ ਸਕਦਾ, ਉਸ ਨੇ ਤਾਂ ਚਮਕਣਾ ਹੀ ਹੈ। ਆਓ ਹੋਰ ਵਧ ਮਜ਼ਬੂਤੀ ਨਾਲ ਦ੍ਰਿੜ ਇਰਾਦੇ ਨਾਲ ਹਨੇਰਿਆਂ ਨੂੰ ਚੀਰ ਅੱਗੇ ਵਧ ਜਾਈਏ।"

ਉਹ ਬਾਬਾ ਜੀ ਦੇ ਇਨਕਲਾਬੀ ਬੋਲ ਕਦੇ ਤੁਹਾਨੂੰ ਥੱਕਣ ਨਹੀਂ ਦਿੰਦੇ, ਤੁਰਦੇ ਰਹਿਣ ਦੀ ਊਰਜਾ ਦਿੰਦੇ ਹਨ ਤੇ ਸੋਚ ਦੀ ਸਪੱਸ਼ਟਤਾ ਵੀ।

ਮੇਰੇ ਤੇ ਜਦ ਇਹ ਜ਼ਿੰਮੇਵਾਰੀ ਆਈ ਕਿ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ ਲਿਖਤਾਂ ਇਕ ਥਾਂ ਇਕੱਤਰ ਕੀਤੀਆਂ ਜਾਣ ਤਾਂ ਕਿ ਸਮੁੱਚਤਾ ਵਿਚ ਸਮਝਿਆ ਜਾ ਸਕੇ ਤਾਂ ਬਾਬਾ ਜੀ ਨਾਲ ਮੈਂ ਕਿਰਤੀ ਅਖ਼ਬਾਰ ਵਿਚ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਉਸ ਨਾਲ ਜੁੜੇ ਹੋਣ ਦਾ ਜ਼ਿਕਰ ਕੀਤਾ ਤਾਂ ਉਨ੍ਹਾਂ ਨੇ ਸਾਰੀਆਂ ਕਿਰਤੀ ਦੀਆਂ ਕਾਪੀਆਂ ਦੇਸ਼ ਭਗਤ ਹਾਲ ਲਾਇਬਰੇਰੀ ਵਿਚੋਂ ਮੇਰੇ ਹੱਥ ਫੜਾ ਦਿੱਤੀਆਂ, ਮੈਂ ਉਨ੍ਹਾਂ ਦੀਆਂ ਦੋ ਫੋਟੋ ਕਾਪੀਆਂ ਕਰਵਾ ਕਿ ਉਹ ਵਾਪਸ ਕਰ ਦਿੱਤੀਆਂ ਪਰ ਇਸ ਤਰ੍ਹਾਂ ਜ਼ਿੰਮੇਵਾਰੀ ਦੇਣਾ ਤੇ ਉਤਸ਼ਾਹਿਤ ਕਰਨਾ ਬਹੁਤ ਕੁਝ ਸਿਖਾ ਦਿੰਦਾ ਹੈ ਜੀਵਨ ਪਥ ਤੇ ਅੱਗੇ ਵਧਦੇ ਰਹਿਣ ਲਈ। ਇਸ ਮਦਦ ਨੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ ਲਿਖਤਾਂ ਨੂੰ ਸੰਪੂਰਨ ਕਰਨ ਵਿਚ ਅਹਿਮ ਮਦਦ ਕੀਤੀ ਉਥੇ ਸਮਝਦਾਰੀ ਵਿਚ ਅਥਾਹ ਵਾਧਾ ਕੀਤਾ।

ਇਕ ਹੋਰ ਇਤਿਹਾਸਕ ਤੇ ਯਾਦਗਾਰੀ ਤਸਵੀਰ ਹੈ ਜਦ ਬਾਬਾ ਭਗਤ ਸਿੰਘ ਬਿਲਗਾ ਜੀ ਤੇ ਬੀਬੀ ਅਮਰ ਕੌਰ ਜੀ ਦੀ ਭੈਣ ਭਰਾ ਦੀ ਜੋੜੀ ਨੇ ਸ਼ਹੀਦ ਸਾਥੀ ਬੂਝਾ ਸਿੰਘ ਦੇ ਪਿੰਡ ਚੱਕਮਾਈ



***ਬਾਬਾ ਬੂਝਾ ਸਿੰਘ ਦੀ ਯਾਦਗਾਰ 'ਤੇ ਝੰਡਾ ਝੁਲਾਉਂਦੇ ਹੋਏ ਬਾਬਾ ਬਿਲਗਾ ਜੀ ਅਤੇ ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ***



***ਬੀਬੀ ਅਮਰ ਕੌਰ ਦੇ ਸ਼ਰਧਾਂਜਲੀ ਸਮਾਰੋਹ 'ਤੇ ਬਾਬਾ ਬਿਲਗਾ ਜੀ***

ਦਾਸ ਉਸ ਦੀ ਯਾਦਗਾਰ ਦਾ ਨੀਂਹ ਪੱਥਰ ਰੱਖਿਆ ਤੇ ਉੱਚਾ ਲਾਲ ਝੰਡਾ ਲਹਿਰਾਇਆ। ਇਹ ਇਨਕਲਾਬੀ ਮਿਲਣੀ ਵਕਤ ਦੀ ਦਹਿਸ਼ਤ ਨੂੰ ਤੋੜਨ ਵਿਚ ਬਹੁਤ ਸਹਾਇਕ ਹੋਈ। ਉਥੇ ਵੀ ਉਨ੍ਹਾਂ ਦੇ ਦ੍ਰਿੜਤਾ ਸਪੱਸ਼ਟਤਾ ਵਾਲੇ ਬੋਲ ਪ੍ਰੇਰਨਾ ਦਾ ਸਰੋਤ ਬਣੇ।

ਉਹ 1984 ਦੀ 26 ਮਈ ਨੂੰ ਬੀਬੀ ਅਮਰ ਕੌਰ ਜੀ ਦੇ ਸ਼ਰਧਾਂਜਲੀ ਸਮਾਰੋਹ ਵਿਚ ਲੁਧਿਆਣੇ ਆਏ ਉਸ ਵਕਤ ਦੀ ਤਸਵੀਰ ਇਕ ਇਤਿਹਾਸਕ ਇਨਕਲਾਬੀਆਂ ਦੀ ਮਿਲਣੀ ਵੀ ਸੀ, ਫੋਟੋ ਵਿਚ ਜਿੱਥੇ ਬਾਬਾ ਜੀ ਸ਼ਰਧਾਂਜਲੀ ਦੇ ਰਹੇ ਹਨ ਉਥੇ ਦੁਰਗਾ ਭਾਬੀ, ਸਰਦਾਰ ਕੁਲਤਾਰ ਸਿੰਘ, ਠਾਕਰ ਰਾਮ ਸਿੰਘ ਆਗਰਾ (ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੇ ਖ਼ਾਸ ਟਰੇਂਡ ਇਨਕਲਾਬੀ) ਤੇ ਭਾਜੀ ਗੁਰਸ਼ਰਨ ਦਿਖਾਈ ਦਿੰਦੇ ਹਨ। ਇਥੇ ਵੀ ਇਨਕਲਾਬੀ ਸੰਕਲਪ ਨੂੰ ਦੁਹਰਾ ਕਿ ਇਸ ਇਨਕਲਾਬੀਆਂ ਦੇ ਇਕੱਠ ਨੂੰ ਨਵੇਂ ਦ੍ਰਿੜ੍ਹ ਇਰਾਦੇ ਨਾਲ ਲੋਕ ਹਿੱਤਾਂ ਲਈ ਤੁਰੇ ਰਹਿਣ ਦਾ ਸੁਨੇਹਾ ਦਿੱਤਾ।

ਸਰਦਾਰ ਕੁਲਤਾਰ ਸਿੰਘ ਜੀ ਨੇ ਬਾਬਾ ਬਿਲਗਾ ਜੀ ਦੇ ਸਰਦਾਰ ਅਜੀਤ ਸਿੰਘ ਜੀ ਨਾਲ ਗਹਿਰੇ ਪਿਆਰ ਦਾ ਜ਼ਿਕਰ ਕਰਦੇ ਦੱਸਿਆ ਕਿ ਅਰਜਨਟਾਈਨਾ ਇਨ੍ਹਾਂ ਨੂੰ ਮਿਲ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਕਿ ਇਕ ਭਗਤ ਸਿੰਘ ਸ਼ਹੀਦ ਹੋਇਆ ਪਰ ਦੂਸਰਾ ਭਗਤ ਇਥੇ ਮਿਲ ਗਿਆ ਹੈ ਤੇ ਉਨ੍ਹਾਂ ਨੇ ਅਰਜਨਟਾਈਨਾ ਸ਼ਹੀਦ ਭਗਤ ਸਿੰਘ ਲਾਇਬਰੇਰੀ ਲਈ 5000 ਕਿਤਾਬ ਦੇ ਕੇ ਪੜ੍ਹਨ ਪੜ੍ਹਾਉਣ ਦੀ ਇਨਕਲਾਬੀ ਪਿਰਤ ਨੂੰ ਅੱਗੇ ਤੋਰਿਆ।

ਬਾਬਾ ਜੀ ਨਾਲ ਜਦ ਵੀ ਮੁਲਾਕਾਤ ਹੁੰਦੀ ਬੜੇ ਪਿਆਰ ਨਾਲ ਉਤਸ਼ਾਹਿਤ ਕਰਦੇ ਅੱਜ ਵੀ ਉਨ੍ਹਾਂ ਦਾ ਹੱਥ ਪਿੱਠ 'ਤੇ ਮਹਿਸੂਸ ਹੁੰਦਾ ਹੈ ਤੇ ਉਨ੍ਹਾਂ ਦੇ ਇਨਕਲਾਬੀ ਬੋਲ ਕਿ ਸਾਮਰਾਜ ਦੀਆਂ ਚਾਲਾਂ ਨੂੰ ਸਮਝੋ ਤੇ ਇਸ ਸਿਸਟਮ ਨੂੰ ਬਦਲਣ ਲਈ ਲੋਕਾਂ ਨੂੰ ਤਿਆਰ ਕਰਦੇ ਰਹੋ। ਥੱਕਣਾ ਨਹੀਂ, ਹਾਰਣਾ ਨਹੀਂ, ਇਨਕਲਾਬੀ ਵਿਰਾਸਤ ਦੀ ਹਿਫ਼ਾਜਤ ਕਰਨਾ ਤੇ ਹਰ ਹੀਲੇ ਲੋਕ ਹਿੱਤਾਂ ਨੂੰ ਅੰਦਰੋਂ ਬਾਹਰੋਂ ਇਕ ਹੋ ਕਿ ਅੱਗੇ ਵਧਾਉਂਦੇ ਰਹਿਣਾ। ਉਹ ਸ਼ਹੀਦ ਭਗਤ ਸਿੰਘ ਪਰਿਵਾਰ ਦੇ ਇਕ ਮੈਂਬਰ ਹੋਣ ਦੇ ਨਾਤੇ ਬਹੁਤ ਗਹਿਰੀਆਂ ਗੱਲਾਂ ਸਮਝਾਉਂਦੇ ਤੇ ਇਕ ਅਥਾਹ ਜ਼ਿੰਮੇਵਾਰੀ ਦੇ ਅਹਿਸਾਸ ਦੇ ਨਾਲ ਦੀ ਨਾਲ ਉਸ ਨੂੰ ਬਾਖ਼ੂਬੀ ਨਿਭਾਉਣ ਦਾ ਵਲ ਤੇ ਤਰੀਕਾ ਵੀ ਗੱਲਾਂ-ਗੱਲਾਂ ਵਿਚ ਸਮਝਾ ਜਾਂਦੇ।

ਬਾਬਾ ਜੀ ਦੀਆਂ ਯਾਦਾਂ ਇਕ ਇਨਕਲਾਬੀ ਪ੍ਰੇਰਨਾ ਦਾ ਸਰੋਤ ਹੈ।

***

# ਪੰਜਾਬ ਦਾ ਮਾਣ: ਬਾਬਾ ਭਗਤ ਸਿੰਘ ਬਿਲਗਾ

-ਡਾ. ਚਮਨ ਲਾਲ

ਗ਼ਦਰ ਪਾਰਟੀ ਦੇ ਇਕੋ-ਇਕ ਜੀਵਤ ਪ੍ਰਮੁੱਖ ਇਨਕਲਾਬੀ ਬਾਬਾ ਭਗਤ ਸਿੰਘ ਬਿਲਗਾ ਨੇ ਆਪਣਾ ਆਖ਼ਰੀ ਸਾਹ ਆਪਣੇ ਪੁੱਤਰ ਦੇ ਘਰ ਇੰਗਲੈਂਡ ਵਿਖੇ 22 ਮਈ 2009 ਨੂੰ ਲਿਆ। ਉਨ੍ਹਾਂ ਨੇ ਪਿਛਲੇ ਮਹੀਨੇ ਹੀ ਆਪਣੇ ਜੀਵਨ ਦੇ 102 ਸਾਲ ਪੂਰੇ ਕੀਤੇ ਸਨ। ਜਦੋਂ ਮੈਂ ਉਨ੍ਹਾਂ ਨੂੰ ਪਿਛਲੀ ਵਾਰ 1 ਨਵੰਬਰ 2008 ਨੂੰ ਦੇਸ਼ ਭਗਤ ਯਾਦਗਾਰ ਹਾਲ (ਜਲੰਧਰ) ਮਿਲਿਆ ਸਾਂ ਜਿਸ ਸੰਸਥਾ ਦੇ ਉਹ ਪ੍ਰਧਾਨ ਸਨ ਉਸ ਸਮੇਂ ਉਹ ਮੈਨੂੰ ਬਿਲਕੁਲ ਤੰਦਰੁਸਤ ਲੱਗੇ ਸਨ। ਉਨ੍ਹਾਂ ਨੇ ਉਸੇ ਦਿਨ ਉੱਥੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਇਆ ਸੀ ਜਿਸ ਦਿਨ ਨੂੰ ਗ਼ਦਰ ਪਾਰਟੀ ਦਾ ਯਾਦਗਾਰੀ ਦਿਹਾੜਾ ਮੰਨਿਆ ਜਾਂਦਾ ਹੈ ਕਿਉਂਕਿ 1913 ਨੂੰ ਅਮਰੀਕਾ ਵਿਖੇ ਇਸਦੀ ਸਥਾਪਨਾ ਇਸੇ ਦਿਨ ਹੋਈ ਸੀ।

ਬਾਬਾ ਬਿਲਗਾ ਦਾ ਜਨਮ 2 ਅਪ੍ਰੈਲ 1907 ਨੂੰ ਸ਼ਹੀਦ ਭਗਤ ਸਿੰਘ ਤੋਂ 6 ਮਹੀਨੇ ਪਹਿਲਾਂ ਪਿੰਡ ਬਿਲਗਾ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਹ ਆਪਣੀ ਜਵਾਨੀ ਵਿਚ ਹੀ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਵਿਚ ਸ਼ਾਮਿਲ ਹੋ ਕੇ ਲਾਤੀਨੀ ਅਮਰੀਕਾ ਦੇ ਅਰਜਨਟਾਇਨਾ ਵਿਚ ਪਹੁੰਚ ਗਏ। ਭਾਰਤ ਉੱਤੇ ਨਿਵੇਸ਼ੀ ਰਾਜ ਕਰ ਰਹੀ ਵਿਦੇਸ਼ੀ ਸਰਕਾਰ ਨੇ 1934 ਵਿਚ ਛਪੀ ਆਪਣੀ ਗ਼ਦਰ ਡਾਇਰੈਕਟਰੀ ਵਿਚ ਗ਼ਦਰ ਪਾਰਟੀ ਨੂੰ ਸਭ ਤੋਂ ਖਤਰਨਾਕ ਸੰਗਠਨ ਦੱਸਿਆ। ਅਰਜਨਟਾਇਨਾ ਵਿਚ ਉਹ ਜਲਾਵਤਨ ਕੀਤੇ ਗਏ ਅਜ਼ਾਦੀ ਘੁਲਾਟੀਏ ਅਤੇ ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੇ ਚਾਚਾ ਜੀ ਸ. ਅਜੀਤ ਸਿੰਘ ਦੇ ਸਹਾਇਕ ਬਣੇ। ਬਾਬਾ ਬਿਲਗਾ ਜੀ ਉਨ੍ਹਾਂ ਕ੍ਰਾਂਤੀਕਾਰੀਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਮਾਸਕੋ ਅਤੇ ਹੋਰ ਪੂਰਬੀ ਦੇਸ਼ਾਂ ਦੀ ਕਮਿਊਨਿਸਟ ਯੂਨੀਵਰਸਿਟੀ ਵਿੱਚ ਮਾਰਕਸਵਾਦੀ ਵਿਚਾਰਧਾਰਾ ਦੀ ਸਿਖਲਾਈ ਲੈਣ ਲਈ ਭੇਜਿਆ ਗਿਆ ਸੀ। ਮਾਸਕੋ ਦੀ ਵਾਪਸੀ ਤੋਂ ਬਾਅਦ ਬਾਬਾ ਬਿਲਗਾ ਕਾਂਗਰਸ ਸਮਾਜਵਾਦੀ ਪਾਰਟੀ ਵਿਚ ਸਰਗਰਮ ਹੋ ਗਏ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਚੁਣੇ ਗਏ। 1938 ਦੀ ਕਾਂਗਰਸ ਸਭਾ ਵਿਚ ਉਹ ਪੰਜਾਬ ਤੋਂ ਹੋਰਨਾਂ ਖੱਬੇਪੱਖੀ ਮੈਂਬਰਾਂ ਸਹਿਤ (ਜਿਵੇਂ ਕਿ ਮੁਬਾਰਕ ਸਾਗਰ) ਸੁਭਾਸ਼ ਚੰਦਰ ਬੋਸ ਦੇ ਪੱਖ ਵਿਚ ਖੜ੍ਹੇ ਹੋਏ। ਉਹ ਸਾਰੀ ਉਮਰ ਕਮਿਊਨਿਸਟ ਪਾਰਟੀ ਅਤੇ ਕਮਿਊਨਿਸਟ ਕ੍ਰਾਂਤੀਕਾਰੀ ਗਰੁੱਪਾਂ ਦਾ ਹਿੱਸਾ ਬਣੇ ਰਹੇ। ਉਨ੍ਹਾਂ ਨੇ ਕਦੇ ਵੀ ਆਪਣੀ ਵਿਚਾਰਧਾਰਾ ਦੇ ਪੱਖ 'ਤੇ ਕੋਈ ਸਮਝੌਤਾ ਨਹੀਂ ਕੀਤਾ। 100 ਸਾਲ ਦੀ ਉਮਰ 'ਚ ਵੀ ਉਹ ਫਿਰਕਾਪ੍ਰਸਤੀ ਦੇ ਖਿਲਾਫ਼ ਅਤੇ ਆਰਥਿਕ ਆਜ਼ਾਦੀ ਦੇ ਪੱਖ ਵਿਚ ਜ਼ੋਰਦਾਰ ਢੰਗ

ਨਾਲ ਆਵਾਜ਼ ਉਠਾਉਂਦੇ ਰਹੇ। ਉਨ੍ਹਾਂ ਨੇ ਪੰਜਾਬੀ ਵਿਚ ਚਾਰ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਅਤੇ ਮੁੱਲਵਾਨ ਕਿਤਾਬ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਹੈ। 1989 ਵਿਚ ਛਪੀ ਇਸ ਕਿਤਾਬ ਵਿਚ ਗ਼ਦਰ ਪਾਰਟੀ ਅਤੇ ਕਿਰਤੀ ਪਾਰਟੀ ਦਾ 1908 ਤੋਂ ਲੈ ਕੇ 1952 ਤੱਕ ਦਾ ਇਤਿਹਾਸ ਹੈ ਜਦੋਂ ਕਿਰਤੀ ਪਾਰਟੀ ਕਮਿਊਨਿਸਟ ਪਾਰਟੀ ਵਿੱਚ ਸੰਮਿਲਤ ਹੋ ਗਈ। ਉਨ੍ਹਾਂ ਦੀਆਂ ਦੂਸਰੀਆਂ ਰਚਨਾਵਾਂ 'ਮੇਰਾ ਵਤਨ', ਮੇਰੀ ਸੋਚ ਮੇਰੀ ਸਮਝ' ਅਤੇ ਉਨ੍ਹਾਂ ਦੀ ਆਖ਼ਰੀ ਮਹੱਤਵਪੂਰਨ ਰਚਨਾ 2004 'ਚ ਛਪੀ 'ਮਹਾਨ ਗ਼ਦਰੀ ਕ੍ਰਾਂਤੀਕਾਰੀ ਬਾਬਾ ਗੁਰਮੁਖ ਸਿੰਘ ਦੀ ਜੀਵਨੀ' ਹੈ ਜਿਨ੍ਹਾਂ ਨੇ ਦੇਸ਼ ਭਗਤ ਯਾਦਗਾਰ ਕਮੇਟੀ ਲਈ ਦੇਸ਼ ਭਗਤ ਯਾਦਾਂ ਪੰਜਾਬੀ ਅਤੇ 'ਪੀਪਲਜ਼ ਪਾਥ' ਅੰਗਰੇਜ਼ੀ ਪਰਚੇ ਸੰਪਾਦਿਤ ਕੀਤੇ ਅਤੇ ਜੋ ਬਹੁਤ ਸਾਲ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੇ ਪ੍ਰਧਾਨ ਰਹੇ।

ਬਾਬਾ ਬਿਲਗਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਦਸਾਂ ਸਾਲਾਂ ਤੋਂ ਵਧੇਰੇ ਸਮਾਂ ਪ੍ਰਧਾਨ ਰਹੇ। ਇਸ ਤੋਂ ਪਹਿਲਾਂ ਉਹ ਇਸ ਟਰੱਸਟ ਦੇ ਜਨਰਲ ਸਕੱਤਰ (1977-78) ਰਹੇ ਅਤੇ ਬਾਬਾ ਗੁਰਮੁਖ ਸਿੰਘ ਲਲਤੋਂ (ਉਸ ਸਮੇਂ ਦੇ ਪ੍ਰਧਾਨ) ਨਾਲ ਕੰਮ ਕੀਤਾ। ਉਨ੍ਹਾਂ ਦੀ ਯੋਗ ਅਗਵਾਈ ਹੇਠ ਇਸ ਕਮੇਟੀ ਨੇ 1992 ਤੋਂ 1 ਨਵੰਬਰ ਨੂੰ ਹਰ ਸਾਲ 'ਮੇਲਾ ਗ਼ਦਰੀ ਬਾਬਿਆਂ ਦਾ' ਆਯੋਜਿਤ ਕਰਨਾ ਸ਼ੁਰੂ ਕੀਤਾ ਤਾਂ ਜੋ ਗ਼ਦਰੀ ਬਾਬਿਆਂ ਦੀ ਵਿਚਾਰਧਾਰਾ ਨੂੰ ਲੋਕਾਂ ਤੀਕਰ ਪਹੁੰਚਾਇਆ ਜਾ ਸਕੇ। ਪੰਜਾਬ ਅਤੇ ਹਿੰਦੁਸਤਾਨ ਯਕੀਨੀ ਤੌਰ 'ਤੇ ਹੁਣ ਬਾਬਾ ਬਿਲਗਾ ਜੀ ਦੀ ਬੁਲੰਦ ਅਤੇ ਗੂੰਜਦੀ ਆਵਾਜ਼ ਦੀ ਕਮੀ ਮਹਿਸੂਸ ਕਰਦਾ ਰਹੇਗਾ। ਉਨ੍ਹਾਂ ਦਾ ਜੀਵਨ ਮਹਾਨ ਪ੍ਰੇਰਨਾ ਸਰੋਤ ਅਤੇ ਦਿਸ਼ਾ ਨਿਰਦੇਸ਼ਨ ਵਾਲਾ ਹੈ। ਮੈਨੂੰ ਉਮੀਦ ਹੈ ਕਿ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਬਾਬਾ ਬਿਲਗਾ ਦੇ ਮਿਸ਼ਨ ਨੂੰ ਅੱਗੇ ਵਧਾਉਂਦਾ ਰਹੇਗਾ ਤਾਂ ਕਿ ਲੋਕਾਂ ਨੂੰ ਹਿੰਦੁਸਤਾਨੀ ਆਵਾਮ ਨੂੰ ਗ਼ਰੀਬੀ ਅਤੇ ਸ਼ੋਸ਼ਣ ਤੋਂ ਆਜ਼ਾਦ ਕਰਾਉਣ ਦੀ ਜ਼ਰੂਰਤ ਤੋਂ ਜਾਣੂ ਕਰਵਾ ਸਕੇ।

✲✲✲

# ਆਜ਼ਾਦੀ ਸੰਗਰਾਮ ਦੇ ਮਹਾਨ ਘੁਲਾਟੀਏ ਬਾਬਾ ਭਗਤ ਸਿੰਘ ਬਿਲਗਾ

-ਨਰੇਸ਼ ਗੁਜਰਾਲ

ਦੇਸ਼ ਦੀ ਆਜ਼ਾਦੀ ਦੀ ਜੰਗ ਵਿਚ ਗ਼ਦਰ ਲਹਿਰ ਦਾ ਇਕ ਅਹਿਮ ਸਥਾਨ ਰਿਹਾ ਹੈ ਅਤੇ ਗ਼ਦਰ ਲਹਿਰ ਦਾ ਜ਼ਿਕਰ ਹੋਵੇ ਤਾਂ ਬਾਬਾ ਭਗਤ ਸਿੰਘ ਬਿਲਗਾ ਇਕ ਧਰੁਵ ਤਾਰੇ ਵਾਂਗ ਚਮਕਦੇ ਸਾਡੀਆਂ ਅੱਖਾਂ ਸਾਹਮਣੇ ਬਿਰਾਜਮਾਨ ਹੋ ਜਾਂਦੇ ਨੇ। ਬਾਬਾ ਬਿਲਗਾ 102 ਵਰ੍ਹਿਆਂ ਦੀ ਉਮਰ ਵਿਚ 22 ਮਈ 2009 ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਨੂੰ ਜੇ ਗ਼ਦਰ ਲਹਿਰ ਦਾ ਬਾਬਾ ਬੋਹੜ ਕਹੀਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਬਾਬਾ ਬਿਲਗਾ ਦੇ ਅੰਦਰ ਆਜ਼ਾਦੀ ਲਈ ਤਾਂਘ ਜਿੰਨੀ ਗ਼ਦਰ ਲਹਿਰ ਵੇਲੇ ਮੌਜੂਦ ਸੀ ਓਨੀ ਹੀ ਊਰਜਾ ਉਨ੍ਹਾਂ ਦੇ ਜਿਸਮ ਅਤੇ ਦਿਲ-ਦਿਮਾਗ ਵਿਚ ਆਪਣੇ ਦੇਸ਼ ਨੂੰ ਆਜ਼ਾਦੀ ਤੋਂ ਬਾਅਦ ਉੱਨਤੀ ਅਤੇ ਤਰੱਕੀ ਦੇ ਪਥ 'ਤੇ ਵਧਦਿਆਂ ਵੇਖਣ ਲਈ ਮੌਜੂਦ ਰਹੀ। ਆਪਣੇ ਜੀਵਨ ਦੇ ਅੰਤਿਮ ਪੱਧਰ 'ਤੇ ਖਲੋਤੇ ਹੋਇਆਂ ਵੀ ਉਨ੍ਹਾਂ ਆਪਣੀ ਸੋਚ ਅਤੇ ਵਿਚਾਰ ਸ਼ਕਤੀ ਨੂੰ ਕਦੇ ਨਿਵਾਣ ਵੱਲ ਨਹੀਂ ਹੋਣ ਦਿੱਤਾ। ਉਨ੍ਹਾਂ ਦੀ ਸੋਚ ਹਮੇਸ਼ਾ ਕ੍ਰਾਂਤੀਕਾਰੀ ਰਹੀ ਅਤੇ ਰਾਜਸੀ ਖੇਤਰ ਵਿਚ ਉਹ ਇਕ ਨਵੀਂ ਕ੍ਰਾਂਤੀ ਦਾ ਆਗਾਜ਼ ਹੁੰਦਾ ਵੇਖਣਾ ਚਾਹੁੰਦਾ ਸੀ। ਬਾਬਾ ਭਗਤ ਸਿੰਘ ਬਿਲਗਾ ਆਜ਼ਾਦੀ ਦੀ ਜੰਗ ਦੇ ਦੌਰਾਨ ਕਈ ਵਾਰ ਗ੍ਰਿਫ਼ਤਾਰ ਹੋਏ। ਅੰਗਰੇਜ਼ੀ ਸਰਕਾਰ ਵੇਲੇ ਉਨ੍ਹਾਂ ਨੇ ਜੇਲ੍ਹ ਦੇ ਅੰਦਰ ਅਥਾਹ ਤਸੀਹੇ ਵੀ ਝੱਲੇ ਪਰ ਉਨ੍ਹਾਂ ਦੇ ਕਦਮਾਂ ਵਿਚ ਆਪਣੀ ਮਾਤ-ਭੂਮੀ ਨੂੰ ਅੰਗਰੇਜ਼ਾਂ ਦੇ ਚੁੰਗਲ ਤੋਂ ਮੁਕਤ ਕਰਵਾਉਣ ਦੀ ਤਾਂਘ ਕਦੇ ਵੀ ਮੱਧਮ ਨਹੀਂ ਸੀ ਹੋਈ। ਬਾਬਾ ਬਿਲਗਾ ਉਸ ਵੇਲੇ ਦੇ ਮਹਾਨ ਆਜ਼ਾਦੀ ਘੁਲਾਟੀਏ ਸ. ਅਜੀਤ ਸਿੰਘ ਅਤੇ ਸ. ਤੇਜਾ ਸਿੰਘ ਸੁਤੰਤਰ ਦੇ ਬਹੁਤ ਕਰੀਬੀ ਸਾਥੀਆਂ ਵਿਚੋਂ ਮੰਨੇ ਜਾਂਦੇ ਸਨ। ਬਾਬਾ ਬਿਲਗਾ ਗ਼ਦਰ ਲਹਿਰ ਦੇ ਆਖ਼ਰੀ ਵਾਰਿਸ ਮੰਨੇ ਜਾਂਦੇ ਸਨ। ਬੇਸ਼ਕ ਅੱਜ ਉਹ ਸਾਡੇ ਵਿਚ ਮੌਜੂਦ ਨਹੀਂ ਹਨ, ਪਰ ਉਨ੍ਹਾਂ ਦੇ ਪਾਏ ਪੂਰਨੇ ਆਉਣ ਵਾਲੀਆਂ ਨਸਲਾਂ ਨੂੰ ਇਸ ਲਹਿਰ ਦੀ ਮਹਾਨਤਾ ਦਾ ਚੇਤਾ ਕਰਾਉਂਦੇ ਰਹਿਣਗੇ। ਇਤਿਹਾਸ ਗਵਾਹ ਹੈ ਕਿ ਜਿੰਦਾ ਕੌਮਾਂ ਕਦੇ ਵੀ ਆਪਣੇ ਸ਼ਹੀਦਾਂ, ਆਪਣੇ ਸੂਰਵੀਰਾਂ ਅਤੇ ਆਪਣੇ ਮਹਾਨ ਪੁਰਸ਼ਾਂ ਨੂੰ ਨਹੀਂ ਭੁੱਲਦੀਆਂ। ਭਾਰਤ ਅਤੇ ਖਾਸਕਰ ਪੰਜਾਬ ਦੇ ਲੋਕ ਅਜਿਹੀਆਂ ਹੀ ਜ਼ਿੰਦਾ ਕੌਮਾਂ ਦੀ ਮਿਸਾਲ ਹਨ ਜੋ ਆਪਣੇ ਸ਼ਹੀਦਾਂ ਨੂੰ ਪੂਜਦੀਆਂ ਹਨ।

***

# .ਗ਼ਦਰ ਲਹਿਰ ਦਾ ਬਹਾਦਰ ਜਰਨੈਲ-ਭਗਤ ਸਿੰਘ ਬਿਲਗਾ

-ਬਲਦੇਵ ਸਿੰਘ ਸੜਕਨਾਮਾ

ਅਜੀਬ ਇਤਫ਼ਾਕ ਹੈ, 1907 ਵਿਚ ਪਿੰਡ ਬੰਗਾ, ਜ਼ਿਲ੍ਹਾ ਲਾਇਲਪੁਰ ਵਿਚ ਇਕ ਬਾਲ ਪੈਦਾ ਹੋਇਆ, ਉਸਦਾ ਨਾਮ ਰੱਖਿਆ ਭਗਤ ਸਿੰਘ। 1907 ਵਿਚ ਹੀ ਬਿਲਗਾ ਪਿੰਡ (ਦੁਆਬੇ ਵਿਚ) ਇਕ ਬਾਲ ਪੈਦਾ ਹੋਇਆ। ਉਸਦਾ ਨਾਮ ਵੀ ਰੱਖਿਆ ਗਿਆ ਭਗਤ ਸਿੰਘ। ਬੰਗਾ ਵਾਲਾ ਭਗਤ ਸਿੰਘ ਸਿਰਫ਼ 23 ਕੁ ਸਾਲ ਹੀ ਜੀਵਿਆ ਪਰ ਇਹਨਾਂ ਵਰ੍ਹਿਆਂ ਵਿਚ ਉਸਨੇ ਅੰਗਰੇਜ਼ ਹਾਕਮਾਂ ਨੂੰ ਬੇਹਾਲ ਕਰੀ ਰੱਖਿਆ ਤੇ ਉਹ ਜਿਉਂਦਿਆਂ ਹੀ ਪੰਜਾਬ ਅਤੇ ਦੇਸ਼ ਦੇ ਜਵਾਨਾਂ ਦਾ ਆਦਰਸ਼ ਬਣ ਗਿਆ।

ਬਿਲਗਾ ਦੇ ਭਗਤ ਸਿੰਘ ਨੇ ਵੀ ਆਪਣੇ ਜੀਵਨ ਵਿਚ ਕੋਈ ਘੱਟ ਕੀਰਤੀਮਾਨ ਸਥਾਪਿਤ ਨਹੀਂ ਕੀਤੇ। ਉਹ ਵੀ ਕ੍ਰਾਂਤੀਕਾਰਾਂ ਦਾ, ਦੇਸ਼ ਭਗਤਾਂ ਦਾ ਤੇ ਇਨਕਲਾਬੀਆਂ ਦਾ ਆਦਰਸ਼ ਬਣ ਗਏ। ਬਹੁਤ ਲੰਮਾ ਸਮਾਂ ਪੱਛਮੀ ਬੰਗਾਲ ਦੇ ਮਹਾਂਨਗਰ ਕਲਕੱਤਾ (ਕੋਲਕਾਤਾ) ਰਹਿਣ ਕਾਰਨ ਮੈਂ ਭਗਤ ਸਿੰਘ ਬਿਲਗਾ ਨੂੰ ਨਿੱਜੀ ਤੌਰ 'ਤੇ ਬਹੁਤਾ ਨਹੀਂ ਮਿਲ ਸਕਿਆ। ਜਦ ਪੰਜਾਬ ਵਾਪਸ ਆ ਗਿਆ ਤਾਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਹੁੰਦੇ ਸਮਾਗਮਾਂ ਸਮੇਂ ਉਹਨਾਂ ਦੇ ਦਰਸ਼ਨ ਜ਼ਰੂਰ ਹੁੰਦੇ ਸਨ। ਪੰਜਾਬ ਵਿਚ 'ਰੰਗਮੰਚ ਮੋਗਾ' ਨਾਮ ਦੀ ਨਾਟਕ ਮੰਡਲੀ ਸੰਚਾਲਨ ਕਰਦਿਆਂ ਨਵੰਬਰ ਅਤੇ ਜਨਵਰੀ ਦੇ ਮਹੀਨੇ ਵਿਚ ਦੇਸ਼ ਭਗਤ ਹਾਲ ਜਲੰਧਰ ਵਿਖੇ ਆਪਣੇ ਨਾਟਕਾਂ ਦੀ ਪੇਸ਼ਕਾਰੀ ਕਰਨ ਦਾ ਵੀ ਮੌਕਾ ਮਿਲਿਆ। ਇਕ ਰਾਤ ਜਦ ਅਸੀਂ ਨਾਟਕ 'ਕਿਹਾ ਇਕਬਾਲ ਦਾ' ਖੇਡ ਕੇ ਵਿਹਲੇ ਹੋਏ ਤਾਂ ਪੁਸਤਕ ਮੇਲੇ ਦੀ ਇੱਕ ਪਾਸੇ ਕੁਰਸੀ ਉੱਪਰ ਬੈਠੇ ਭਗਤ ਸਿੰਘ ਬਿਲਗਾ ਨੂੰ ਵੇਖਿਆ। ਉਹ ਪਾਰਕ ਵਿਚ ਲੱਗੇ ਟੀ.ਵੀ. ਅਤੇ ਸਕਰੀਨ ਉੱਪਰ ਨਾਟਕ ਵੇਖ ਰਹੇ ਸਨ। ਮੈਨੂੰ ਜਾਣਦੇ ਨਹੀਂ ਸਨ। ਜਦ ਸਤਿ ਸ੍ਰੀ ਅਕਾਲ ਬੁਲਾ ਕੇ ਅਸੀਂ ਕੋਲੋਂ ਦੀ ਲੰਘਣ ਲੱਗੇ ਤਾਂ ਬਿਲਗਾ ਜੀ ਨੇ ਕਿਹਾ, "ਇਕਬਾਲ ਦੇ ਰਿਕਸ਼ੇ ਵਾਲਾ' ਨਾਟਕ ਤੂੰ ਖੇਡਿਆ?"

"ਹਾਂ ਜੀ!"

"ਚੰਗਾ ਐ, ਲੱਗੇ ਰਹੋ। ਭ੍ਰਿਸ਼ਟ ਮਹਿਕਮਿਆਂ ਨੂੰ ਜਿੰਨਾ ਨੰਗਾ ਕਰੀਏ, ਥੋੜਾ ਐ।" ਬਿਲਗਾ ਜੀ ਵੱਲੋਂ ਕੀਤੀ ਪ੍ਰਸੰਸਾ ਮੇਰੇ ਲਈ ਬੜੀ ਮੁੱਲਵਾਨ ਸੀ।

ਗਾਹੇ ਬਗਾਹੇ ਉਨ੍ਹਾਂ ਵੱਲੋਂ ਲਿਖੇ ਲੇਖ ਪੜ੍ਹਨ ਦਾ ਮੌਕਾ ਮਿਲਦਾ ਰਿਹਾ। 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਉਚੇਚੇ ਤੌਰ ਤੇ ਪੜ੍ਹੀ। ਸੰਘਰਸ਼ਸ਼ੀਲ ਹੋਣ ਦੇ ਨਾਲ-ਨਾਲ ਉਹਨਾਂ ਅੰਦਰ

ਛੁਪੀ ਇਕ ਲੇਖਕ ਦੀ ਪ੍ਰਤਿਭਾ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਪੂਰੀ ਦੇਗ ਵਿਚੋਂ ਇਕ ਦਾਣਾ ਪਰਖਣ ਵਾਂਗ, ਉਹਨਾਂ ਦੀ ਲਿਖਤ 'ਮੇਰਾ ਭਾਈ, ਸ਼ਹੀਦ ਬੂਝਾ ਸਿੰਘ' ਵਿਚੋਂ ਨਮੂਨੇ ਵਜੋਂ ਕੁਝ ਪੰਕਤੀਆਂ ਦੇਣ ਦਾ ਮੋਹ ਮੈਂ ਛੱਡ ਨਹੀਂ ਸਕਿਆ।

"ਛੱਲੀਆਂ ਕੱਢਣ ਦਾ ਮੌਸਮ ਆ ਗਿਆ। ਰਿਸਾਰੀਓ ਦੇ ਸਾਰੇ ਬੇਕਾਰ ਬੈਠੇ ਪੰਜਾਬੀ ਰਸੀਫੇ ਬੋਪਾਰਾਵਾਂ ਵਾਲੇ ਨੌਰੰਗ ਸਿੰਘ ਦੇ ਫਾਰਮ 'ਤੇ ਜਾਣ ਲਈ ਤਿਆਰ ਹੋ ਗਏ। ਬੂਝਾ ਸਿੰਘ ਵੀ ਉਹਨਾਂ ਦੇ ਨਾਲ ਹੋ ਤੁਰਿਆ। ਕੰਮ ਬੜਾ ਸਖ਼ਤ ਸੀ। ਅੱਧੇ ਕੁ ਤਾਂ ਵਿਚੇ ਹੀ ਕੰਮ ਛੱਡ ਗਏ ਪਰ ਬੂਝਾ ਸਿੰਘ ਨੇ ਹਿੰਮਤ ਨਾ ਹਾਰੀ। ਬੂਝਾ ਸਿੰਘ ਸੀ ਤਾਂ ਪਤਲਾ ਜਿਹਾ ਪ੍ਰੰਤੂ ਹੱਡੀ ਦਾ ਬੜਾ ਕਰੜਾ ਸੀ, ਡਟਿਆ ਰਿਹਾ। ਇਹ ਪੰਜਾਬ ਵਾਂਗੂ ਛੱਲੀਆਂ ਦੇ ਵੱਡੇ ਮੁਹਾਰੇ ਲਾ ਕੇ, ਬੈਠ ਕੇ ਛੱਲੀਆਂ ਕੱਢਣ ਵਾਲਾ ਕੰਮ ਨਹੀਂ ਸੀ। ਸ਼ਹਿਰ ਜਾਂ ਅੰਗੂਠਿਆਂ ਨਾਲ ਦੀਆਂ ਦੋ ਉਂਗਲਾਂ ਲਈ ਚਮੜੇ ਦੀ ਖੱਲ ਲੈ ਆਉਂਦੇ। ਜਿਨ੍ਹਾਂ ਦੇ ਸਿਰਿਆਂ ਉਤੇ ਲੋਹੇ ਦੇ ਤਿੱਖੇ ਸੂਏ ਲੱਗੇ ਹੁੰਦੇ ਸਨ। ਖੇਤ ਵਿਚ ਬੜੀਆਂ ਲੰਮੀਆਂ ਕਤਾਰਾਂ ਵਿਚ ਮੱਕੀ ਬੀਜੀ ਹੁੰਦੀ ਸੀ। ਇਕ ਕਤਾਰ ਦੀ ਦੂਜੀ ਕਤਾਰ ਨਾਲੋਂ ਦੋ ਫੁੱਟ ਚੌੜੀ ਵਿੱਥ ਹੁੰਦੀ ਸੀ। ਮੋਢਿਆਂ ਨਾਲ, ਜ਼ਮੀਨ 'ਤੇ ਘੜੀਸ ਹੁੰਦਾ ਇਕ ਮੋਮਜਾਮੇ ਵਰਗਾ ਲਟਕਵਾਂ ਬੋਰਾ ਹੁੰਦਾ ਸੀ। ਦੋਹਾਂ ਬਗਲਾਂ ਹੇਠ ਦੋ ਬੋਰੇ ਹੁੰਦੇ ਸਨ।... ਛੱਲੀਆਂ ਕੱਢਣ ਵਾਲਾ ਵਿਅਕਤੀ ਸੱਜੇ ਹੱਥ ਦੀ ਉਂਗਲੀ ਨਾਲ ਸੂਆ ਖੱਬੇ ਹੱਥ ਦੀ ਕਤਾਰ ਵਾਲੀ ਛੱਲੀਆਂ ਦੇ ਸੁੱਕੇ ਪਰਦੇ ਤੇ ਮਾਰਦਾ ਅਤੇ ਖੱਬੇ ਹੱਥ ਦੀ ਚੀਚੀ ਕੋਲ ਦੀ ਹਥੇਲੀ ਜ਼ੋਰ ਨਾਲ ਛੱਲੀ ਤੇ ਮਾਰਦਾ। ਛੱਲੀ ਟੁੱਟ ਕੇ ਸੱਜੇ ਪਾਸੇ ਦੇ ਬੋਰੇ ਦੇ ਮੂੰਹ ਵਿਚ ਜਾ ਡਿੱਗਦੀ। ਇਹੀ ਵਰਤਾਰਾ ਸੱਜੇ ਪਾਸੇ ਦੀ ਕਤਾਰ ਨਾਲ ਵਾਪਰਦਾ ਤੇ ਛੱਲੀ ਦੂਸਰੀ ਬਗਲ ਦੇ ਹੇਠ ਦੀ ਬੋਰੇ ਵਿਚ ਜਾ ਡਿੱਗਦੀ...

ਮਹੀਨਾ ਭਰ ਬੂਝਾ ਸਿੰਘ ਡੱਟ ਕੇ ਛੱਲੀਆਂ ਕੱਢਦਾ ਰਿਹਾ।....

ਬੂਝਾ ਸਿੰਘ ਨੂੰ ਸਾਰਿਆਂ ਵਿਚੋਂ ਫ਼ਸਟ ਰਹਿਣ 'ਤੇ ਰਸੀਫੇ ਦਾ ਚੈਂਪੀਅਨ ਕਰਾਰ ਦਿੱਤਾ ਗਿਆ।" *(ਮੇਰੇ ਸੰਗਰਾਮੀ ਸਾਥੀ ਭਗਤ ਸਿੰਘ ਬਿਲਗਾ ਸੰਪਾ. ਗੋਪਾਲ ਸਿੰਘ ਬੁੱਟਰ, ਸਫ਼ਾ 89)*

ਬਿਲਗਾ ਜੀ ਦੀ ਲਿਖਤ ਦਾ ਉਪਰੋਕਤ ਪਹਿਰਾ ਦੇਣ ਦਾ ਮਕਸਦ ਉਹਨਾਂ ਦੀ ਬਾਬਾ ਬੂਝਾ ਸਿੰਘ ਨਾਲ ਨੇੜਤਾ ਦੀ ਉਦਾਹਰਣ ਵੀ ਹੈ ਤੇ ਨਾਲ ਹੀ ਬਾਬਾ ਭਗਤ ਸਿੰਘ ਵੱਲੋਂ ਵੇਰਵੇ ਸਹਿਤ ਦਰਸਾਇਆ ਛੱਲੀਆਂ ਤੋੜਨ ਦਾ ਕਾਰਜ ਪਾਠਕ ਦੇ ਅੱਗੇ ਇਕ ਦ੍ਰਿਸ਼ ਉਸਾਰਦਾ ਚਲਿਆ ਜਾਂਦਾ ਹੈ। ਉਹਨਾਂ ਦੀਆਂ ਲਿਖਤਾਂ ਵਿਚ ਅਜੇਹੀਆਂ ਅਨੇਕਾਂ ਮਿਸਾਲਾਂ ਲੱਭਦੀਆਂ ਹਨ, ਜਿਨ੍ਹਾਂ ਤੋਂ ਉਹਨਾਂ ਦੀ ਬਿਰਤਾਂਤਕ ਸ਼ੈਲੀ ਦੀ ਝਲਕ ਮਿਲਦੀ ਹੈ।

ਭਗਤ ਸਿੰਘ ਬਿਲਗਾ ਜੀ ਦੇ ਜੀਵਨ ਬਾਰੇ ਪੜ੍ਹਦਿਆਂ ਹੈਰਾਨੀ ਵੀ ਹੋਈ ਤੇ ਮਾਣ ਵੀ ਕਿ ਉਹਨਾਂ ਦਾ ਮੁੱਢਲਾ ਜੀਵਨ ਮੋਗਾ ਦੇ ਗੁਆਂਢ ਪਿੰਡ ਅਜੀਤਵਾਲ ਰਹਿ ਕੇ ਬੀਤਿਆ, ਉੱਥੇ ਪਿੰਡ ਚੂਹੜਚੱਕ ਪੜ੍ਹਦੇ ਰਹੇ ਸਨ। ਢੁੱਡੀਕੇ, ਚੂਹੜਚੱਕ ਤੇ ਇਸ ਦੇ ਆਸ ਪਾਸ ਸਾਰੇ ਪਿੰਡ ਗ਼ਦਰੀ ਬਾਬਿਆਂ ਦੇ ਪਿੰਡ ਹਨ। ਮੈਨੂੰ ਜਾਪਦਾ ਹੈ, ਇਸ ਇਲਾਕੇ ਦਾ ਅੰਨ-ਪਾਣੀ ਖਾ ਕੇ ਹੀ ਭਗਤ ਸਿੰਘ ਦੇ ਅੰਦਰ ਇਨਕਲਾਬੀ ਸੋਚ ਦਾ ਪਰਵਾਹ ਚਲਿਆ ਹੋਵੇਗਾ। ਪਿੰਡ ਚੂਹੜਚੱਕ ਤੋਂ ਅੱਠਵੀਂ ਜਮਾਤ ਪਾਸ ਕਰਕੇ ਭਗਤ ਸਿੰਘ ਬਿਲਗਾ ਨੇ ਲੁਧਿਆਣੇ ਦੇ ਮਾਲਵਾ ਖ਼ਾਲਸਾ ਹਾਈ ਸਕੂਲ ਤੋਂ ਦਸਵੀਂ ਜਮਾਤ ਪਾਸ ਕੀਤੀ। ਅੰਗਰੇਜ਼ਾਂ ਦੇ ਜ਼ੁਲਮਾਂ, ਵਧੀਕੀਆਂ ਅਤੇ ਬੇ-ਇਨਸਾਫੀ

ਬਾਰੇ ਚਰਚਾ ਤਾਂ ਬਿਲਗਾ ਅਤੇ ਉਸਦੇ ਸਾਥੀਆਂ ਵਿਚ ਅਕਸਰ ਹੁੰਦੀ ਰਹਿੰਦੀ ਸੀ। ਸਾਰੇ ਸਾਥੀ ਅੰਗਰੇਜ਼ਾਂ ਵਿਰੁੱਧ ਸੰਘਰਸ਼ ਕਰਨਾ ਚਾਹੁੰਦੇ ਸਨ ਪਰ ਘਰਾਂ ਦੀਆਂ ਤੰਗੀਆਂ ਖੁੱਲ੍ਹ ਕੇ ਮੈਦਾਨ ਵਿਚ ਆਉਣ ਲਈ ਵੱਡੀ ਰੁਕਾਵਟ ਖੜ੍ਹੀ ਕਰਦੀਆਂ ਸਨ। ਇਸ ਤੋਂ ਛੁਟਕਾਰਾ ਪਾਉਣ ਲਈ ਭਗਤ ਸਿੰਘ ਪਹਿਲਾਂ ਜਪਾਨ ਗਿਆ ਤੇ ਫਿਰ ਅਰਜਨਟਾਇਨਾ। ਇੱਥੇ ਹੀ ਭਗਤ ਸਿੰਘ ਕੋਲ ਬੂਝਾ ਸਿੰਘ ਆਇਆ ਸੀ।

ਭਾਵੇਂ ਭਗਤ ਸਿੰਘ ਬਿਲਗਾ ਨੂੰ ਵਿਦੇਸ਼ੀ ਅਤੇ ਸਵਦੇਸੀ ਸ਼ਾਸਕਾਂ ਦੇ ਹਰ ਸ਼ੋਸ਼ਣ ਦਾ ਵਿਰੋਧ ਕਰਨ ਪਿੱਛੇ ਬਹੁਤ ਵਾਰ ਜੇਲ੍ਹ ਜਾਣਾ ਪਿਆ। ਤਸੀਹੇ ਸਹਿਣੇ ਪਏ, ਫਿਰ ਵੀ ਆਜ਼ਾਦੀ ਦੇ ਸੰਘਰਸ਼ ਲਈ ਬਾਬਾ ਜੀ ਦੀਆਂ ਸਰਗਰਮੀਆਂ ਬਦਲੇ ਭਾਰਤ ਸਰਕਾਰ ਨੇ ਉਹਨਾਂ ਨੂੰ ਤਾਮਰ ਪੱਤਰ ਦੇਣ ਦਾ ਐਲਾਨ ਕਰ ਦਿੱਤਾ। ਤਾਮਰ ਪੱਤਰ ਬਾਬਾ ਜੀ ਨੇ ਲੈਣ ਤੋਂ ਇਨਕਾਰ ਕਰਦਿਆਂ ਕਿਹਾ– 'ਇਹ ਸਾਲੇ ਕੌਣ ਹੁੰਦੇ ਆ ਮੈਨੂੰ ਦੇਸ਼ ਭਗਤ ਹੋਣ ਦਾ ਸਰਟੀਫਿਕੇਟ ਦੇਣ ਵਾਲੇ?'

ਬਾਬਾ ਜੀ ਤੱਕ ਤਾਮਰ ਪੱਤਰ ਪਹੁੰਚਾਉਣ ਦੀ ਕਥਾ ਵੀ ਬੜੀ ਰੌਚਕ ਹੈ:

"ਉਹ ਤਾਮਰ ਪੱਤਰ ਜਲੰਧਰ ਦੇ ਡੀ.ਸੀ. ਕੋਲ ਪਹੁੰਚਾ। ਪਰ ਡੀ.ਸੀ. ਸਾਹਿਬ ਬਾਬਾ ਜੀ ਦੇ ਸੁਭਾਅ ਤੋਂ ਵਾਕਿਫ਼ ਸਨ। ਉਹਨਾਂ ਨੇ ਐਸ.ਡੀ.ਐਮ. ਫਿਲੌਰ ਦੀ ਡਿਊਟੀ ਲਗਾ ਦਿੱਤੀ। ਐਸ.ਡੀ.ਐਮ. ਨੇ ਤਹਿਸੀਲਦਾਰ ਦੀ ਤੇ ਤਹਿਸੀਲਦਾਰ ਨੇ ਬਿਲਗਾ ਪਿੰਡ ਦੇ ਪਟਵਾਰੀ ਦੀ, ਪਟਵਾਰੀ ਨੇ ਤਾਮਰ ਪੱਤਰ ਪਿੰਡ ਦੇ ਚੌਂਕੀਦਾਰ ਨੂੰ ਸੌਂਪ ਦਿੱਤਾ, ਜਿਸ ਨੇ ਵੇਲੇ ਕੁਵੇਲੇ ਗਲੀ ਵਿਚੋਂ ਰੌਸ਼ਨਦਾਨ ਰਾਹੀਂ ਤਾਮਰ-ਪੱਤਰ ਬਾਬਾ ਜੀ ਦੇ ਘਰ ਸੁੱਟ ਦਿੱਤਾ।" *(ਸੰਘਰਸ਼ ਭਰੀ ਸਦੀ ਦਾ ਨਾਇਕ : ਭਗਤ ਸਿੰਘ ਬਿਲਗਾ :- ਗੋਪਾਲ ਸਿੰਘ ਬੁੱਟਰ, ਸਫਾ. 11)*

ਇਸ ਦੇਸ਼ ਵਿਚ ਉਹ ਲੋਕ ਵੀ ਹਨ, ਜਿਹੜੇ ਅਸਲ ਵਿਚ ਤਾਂ ਬਰਤਾਨੀਆਂ ਰਾਜ ਸਮੇਂ ਉਹਨਾਂ ਦੇ ਟੁਕੜਬੋਚ ਬਣੇ ਰਹੇ ਤੇ ਅਜ਼ਾਦੀ ਤੋਂ ਬਾਅਦ ਹਰ ਵਿੰਗੇ ਟੇਢੇ ਢੰਗ ਨਾਲ ਤਾਮਰ-ਪੱਤਰ ਪ੍ਰਾਪਤ ਕਰਨ ਲਈ ਲਿਲਕੜੀਆਂ ਕੱਢਦੇ ਵੇਖੇ ਗਏ।

ਬਾਬਾ ਭਗਤ ਸਿੰਘ ਬਿਲਗਾ ਵੱਖਰੀ ਮਿੱਟੀ ਦੇ ਬਣੇ ਹੋਏ ਸਨ। ਜਲੰਧਰ ਵਿਚ ਦੇਸ਼ ਭਗਤ ਯਾਦਗਾਰ ਬਣਾਉਣ ਵਿਚ ਉਹਨਾਂ ਦਾ ਸਿਰਫ਼ ਯੋਗਦਾਨ ਹੀ ਵੱਡਾ ਨਹੀਂ ਹੈ, ਉਹਨਾਂ ਨੇ ਇਸ ਦੀ ਉਸਾਰੀ ਵਿਚ ਮੋਹਰੀ ਭੂਮਿਕਾ ਵੀ ਨਿਭਾਈ ਹੈ। ਦੇਸ਼ਾਂ-ਵਿਦੇਸ਼ਾਂ 'ਚ ਜਾ ਕੇ, ਜਿਥੇ ਪਹਿਲਾਂ ਉਹ ਗ਼ਦਰੀ ਲਹਿਰ ਦੀ ਆਰਥਿਕ ਮਦਦ ਕਰਦੇ ਰਹੇ, ਉਥੇ ਹੀ ਗ਼ਦਰੀਆਂ ਅਤੇ ਦੇਸ਼ ਭਗਤਾਂ ਦੀ ਸਦੀਵੀ ਯਾਦ ਸਥਾਪਿਤ ਕਰਨ ਲਈ ਧਨ ਇਕੱਤਰ ਕਰਕੇ ਮਹਾਨ ਇਮਾਰਤ ਖੜ੍ਹੀ ਕੀਤੀ। ਅੱਜ ਇਹ ਯਾਦਗਾਰ ਜਲੰਧਰ ਦੀ ਸ਼ਾਨ ਹੀ ਨਹੀਂ, ਇਨਕਲਾਬੀ ਅਤੇ ਕ੍ਰਾਂਤੀਕਾਰੀ ਸੋਚ ਰੱਖਣ ਵਾਲਿਆਂ ਦਾ ਤੀਰਥ ਸਥਾਨ ਵੀ ਹੈ। ਇਥੇ ਆ ਕੇ ਉਹਨਾਂ ਯੋਧਿਆਂ ਦੀਆਂ ਕੁਰਬਾਨੀਆਂ ਅਤੇ ਸੰਘਰਸ਼ ਪ੍ਰਤੀ ਸਿਰ ਝੁੱਕਦਾ ਹੈ। ਅੱਜ ਜੇ ਇਥੇ ਗ਼ਦਰੀਆਂ ਦਾ ਬਹੁਮੁੱਲਾ ਅਤੇ ਮਹੱਤਵਪੂਰਨ ਦੁਰਲੱਭ ਇਤਿਹਾਸ ਸਾਂਭਿਆ ਪਿਆ ਹੈ ਤਾਂ ਇਸ ਕਾਰਜ ਪਿੱਛੇ ਬਾਬਾ ਭਗਤ ਸਿੰਘ ਬਿਲਗਾ ਦੀ ਦੂਰ-ਅੰਦੇਸ਼ੀ ਨੂੰ ਸਲਾਮ ਕਰਨਾ ਬਣਦਾ ਹੈ।

ਸ਼ਹੀਦ ਭਗਤ ਸਿੰਘ ਦਾ ਚਾਚਾ ਸ. ਅਜੀਤ ਸਿੰਘ, ਮੁਰਾਦਾਬਾਦ ਦਾ ਸੂਫ਼ੀ ਅੰਬਾ ਪ੍ਰਸਾਦ (ਜਨਮ ਵੇਲੇ ਹੀ ਇਸਦਾ ਇਕ ਹੱਥ ਕੰਮ ਨਹੀਂ ਸੀ ਕਰਦਾ), ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਧਰਦਿਓ

ਦਾ ਸਿੰਘਾਪੁਰ ਵਿਚ ਜੰਮਿਆ ਸੰਤੋਖ ਸਿੰਘ, ਲਾਲਾ ਹਰਦਿਆਲ, ਬਾਬਾ ਬੂਝਾ ਸਿੰਘ, ਤੇਜਾ ਸਿੰਘ ਸੁਤੰਤਰ ਤੇ ਇੰਦਰ ਸਿੰਘ ਵੇਰਕਾ ਵਰਗੇ ਗ਼ਦਰੀ ਅਗਾਂਹ ਵਧੂ ਸੋਚ ਵਾਲੇ ਇਨਕਲਾਬੀ, ਬਾਬਾ ਬਿਲਗਾ ਦੇ ਸੰਗੀ ਸਾਥੀ ਰਹੇ ਸਨ ਤੇ ਗਾਹੇ-ਬਗਾਹੇ ਇਕ ਦੂਸਰੇ ਨੂੰ ਮਿਲਦੇ ਰਹਿੰਦੇ ਸਨ। ਭਾਵੇਂ ਉਹ ਵਿਦੇਸ਼ ਵਿਚ ਡਾਲਰ ਕਮਾਉਣ ਗਏ ਹਨ, ਪਰ ਉਥੋਂ ਦੇਸ਼ ਭਗਤੀ ਅਤੇ ਇਨਕਲਾਬੀ ਸੋਚ ਲੈ ਕੇ ਵਤਨ ਪਰਤੇ। ਆਪਣੇ ਪਿੰਡ ਦੇ ਵਿਕਾਸ ਲਈ ਉਹਨਾਂ ਬੜੇ ਕਾਰਜ ਕੀਤੇ। ਉਹ ਮਜ਼ਦੂਰਾਂ ਅਤੇ ਮਿਹਨਤਕਸ਼ ਜਥੇਬੰਦੀਆਂ ਨਾਲ ਪੂਰੀ ਹਮਦਰਦੀ ਰੱਖਦੇ ਸਨ ਤੇ ਉਹਨਾਂ ਦੀ ਅਗਵਾਈ ਵੀ ਕਰਦੇ ਸਨ।

ਇਤਿਹਾਸ ਸਿਰਫ਼ ਪੜ੍ਹਨ ਲਈ ਜਾਂ ਇਮਤਿਹਾਨਾਂ ਵਿਚੋਂ ਪਾਸ ਹੋਣ ਲਈ ਹੀ ਨਹੀਂ ਹੁੰਦਾ, ਇਹ ਸਾਨੂੰ ਸਿੱਖਿਆ ਅਤੇ ਪ੍ਰੇਰਣਾ ਵੀ ਦਿੰਦਾ ਹੈ। ਸੰਘਰਸ਼ਸ਼ੀਲ ਲੋਕਾਂ ਅਤੇ ਲੋਕ ਲਹਿਰਾਂ ਦਾ ਇਤਿਹਾਸ ਕਿਸੇ ਸਰਕਾਰ ਨੇ ਨਹੀਂ ਸਾਂਭਣਾ, ਇਹ ਇਤਿਹਾਸ ਇਨਕਲਾਬੀ ਅਤੇ ਮਾਨਵਵਾਦੀ ਸੋਚ ਦੇ ਵਾਰਸਾਂ ਨੂੰ ਖੋਜਣਾ, ਸੰਭਾਲਣਾ ਤੇ ਫਿਰ ਲੋਕਾਂ ਵਿਚ ਲੈ ਕੇ ਜਾਣਾ ਪਵੇਗਾ, ਨਹੀਂ ਤਾਂ ਇਹ ਸਾਡੇ ਲੋਕਨਾਇਕ, ਲੋਕ-ਮਨਾ ਵਿਚੋਂ ਸਦਾ ਲਈ ਮਿਟ ਜਾਣਗੇ ਤੇ ਇਤਿਹਾਸ ਦੇ ਅਣਗੌਲੇ ਤੇ ਅਣਫੋਲੇ ਰਹਿ ਗਏ ਪੰਨੇ ਜਾਗਰੂਕ ਸੋਚ ਰੱਖਣ ਵਾਲੇ ਲੋਕਾਂ ਤੋਂ ਜਵਾਬ ਮੰਗਣਗੇ।

ਇਸ ਲਈ ਬਾਬਾ ਭਗਤ ਸਿੰਘ ਦੇ ਜੀਵਨ ਨੂੰ ਉਹਨਾਂ ਦੇ ਕਾਰਜਾਂ ਨੂੰ ਉਹਨਾਂ ਦੀ ਵਿਚਾਰਧਾਰਾ ਨੂੰ ਖੋਜਣ, ਸੰਭਾਲਣ ਤੇ ਲੋਕਾਂ ਵਿਚ ਲੈ ਕੇ ਜਾਣ ਦੀ, ਇਸ ਸਮੇਂ ਜਦੋਂ ਕਿ ਨੌਜਵਾਨ ਪੀੜ੍ਹੀ ਅੱਗੇ ਨਾ ਕੋਈ ਆਦਰਸ਼ ਹਨ ਨਾ ਹੀ ਰੋਲ ਮਾਡਲ ਹਨ, ਬਹੁਤ ਵੱਡੀ ਲੋੜ ਹੈ।

***

# ਖ਼ਾਲਸ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ

-ਪ੍ਰੋ: ਤਰਸੇਮ ਬਾਹੀਆ

ਕਈ ਸਾਧਾਰਨ ਘਟਨਾਵਾਂ ਵਿਚ ਅਸਾਧਾਰਨ ਸੰਭਾਵਨਾਵਾਂ ਛੁਪੀਆਂ ਹੁੰਦੀਆਂ ਹਨ ਅਤੇ ਕਈ ਘਟਨਾਵਾਂ ਵੀ ਅਸਾਧਾਰਨ ਹੁੰਦੀਆਂ ਹਨ ਅਤੇ ਉਨ੍ਹਾਂ 'ਚ ਛੁਪੀਆਂ ਸੰਭਾਵਨਾਵਾਂ ਵੀ ਅਸਾਧਾਰਨ। ਬਾਬੇ ਬਿਲਗੇ ਦਾ ਜਨਮ ਦੂਜੀ ਕਿਸਮ ਦੀ ਘਟਨਾ ਸੀ। ਪਿਉ ਹੀਰਾ (ਹੀਰਾ ਸਿੰਘ) ਅਤੇ ਮਾਂ ਮਾਲਣ ਦੇ ਪੁੱਤ ਨੂੰ ਨਾਮ ਮਿਲਿਆ ਭਗਤ ਸਿੰਘ, ਇਸ ਸਭ ਕਾਸੇ ਵਿਚ ਕੁਝ ਵੀ ਸਾਧਾਰਨ ਨਹੀਂ ਸੀ। ਕੁਦਰਤ ਨੇ ਤਾਂ ਸ਼ਾਇਦ ਪਹਿਲਾਂ ਹੀ ਉਸਦੀ ਤਕਦੀਰ ਲਿਖ ਦਿੱਤੀ ਸੀ। ਉਹਦਾ ਜਨਮ ਵੀ ਭਗਤ ਸਿੰਘ ਵਾਲੇ ਸਾਲ 1907 ਵਿਚ ਹੀ ਹੋਇਆ ਸੀ ਅਤੇ ਇਸ ਤਰ੍ਹਾਂ ਉਹ ਭਗਤ ਸਿੰਘ ਦਾ ਭਰਾ ਤਾਂ ਬਣ ਹੀ ਗਿਆ ਸੀ। ਛੋਟਾ ਕੌਣ ਅਤੇ ਵੱਡਾ ਕੌਣ ਇਹ ਫ਼ੈਸਲਾ ਤਾਂ ਜ਼ਿੰਦਗੀ ਨੇ ਕਰਨਾ ਸੀ।

ਜੇ ਤੁਹਾਡੇ ਲੇਖੇ ਵੱਡੇ-ਵੱਡੇ ਕੰਮ ਲਿਖੇ ਹੋਣਗੇ ਤਾਂ ਉਹਨਾਂ ਲਈ ਤਿਆਰੀਆਂ ਵੀ ਵੱਡੀਆਂ ਕਰਨੀਆਂ ਹੋਣਗੀਆਂ। ਇਮਤਿਹਾਨ ਵੀ ਮੁਸ਼ਕਿਲ ਪਾਸ ਕਰਨੇ ਹੋਣਗੇ। ਜੀਵਨ 'ਚ ਆਈਆਂ ਮੁਸੀਬਤਾਂ ਤੋਂ ਵੱਧ ਮੁਸ਼ਕਿਲ ਇਮਤਿਹਾਨ ਹੋਰ ਕਿਹੜੇ ਹੋ ਸਕਦੇ ਹਨ? ਇਸ ਲਈ ਪਲ-ਪਲ 'ਤੇ ਜ਼ਿੰਦਗੀ ਨੇ ਬਾਬੇ ਦੇ ਇਮਤਿਹਾਨ ਲੈਣੇ ਸ਼ੁਰੂ ਕਰ ਦਿੱਤੇ। ਉਹ ਅਜੇ ਮਸਾਂ ਡੇਢ ਕੁ ਸਾਲ ਦਾ ਹੀ ਸੀ ਕਿ ਪਿਉ ਦਾ ਸਾਇਆ ਸਿਰ ਤੋਂ ਉੱਠ ਗਿਆ। ਖਾਂਦੇ-ਪੀਂਦੇ ਘਰ ਦੀਆਂ ਖ਼ੁਸ਼ੀਆਂ ਵੀ ਖੰਭ ਲਾ ਕੇ ਉੱਡ ਗਈਆਂ ਅਤੇ ਨੰਬਰਦਾਰੀਆਂ, ਸਰਦਾਰੀਆਂ ਵੀ ਖੁੱਸ ਗਈਆਂ, ਘਰ ਦੀ ਸਾਰੀ ਬਗੀਚੀ ਨੂੰ ਪਾਲਣ ਦੀ ਜ਼ਿੰਮੇਵਾਰੀ ਮਾਂ ਮਾਲਣ ਦੀ ਬਣ ਗਈ ।

ਮਾਂ ਦੀ ਇੱਛਾ ਸੀ ਕਿ ਬਾਲ ਭਗਤ ਸਿੰਘ ਕੁਝ ਪੜ੍ਹ ਲਿਖ ਕੇ ਘਰ ਦਾ ਸਹਾਰਾ ਬਣੇ, ਘਰ ਦੀ ਜ਼ਮੀਨ ਤਾਂ ਟੱਬਰ ਦਾ ਪੇਟ ਵੀ ਨਹੀਂ ਸੀ ਪਾਲ ਸਕਦੀ। ਵਾਹੀ ਖੇਤੀ ਕਰਨ ਵਾਲਾ ਘਰ ਵਿਚ ਸੀ ਵੀ ਕੌਣ? ਇਸ ਲਈ ਪੜ੍ਹਾਈ ਲਿਖਾਈ ਹਿੱਤ ਬਾਲ ਭਗਤ ਸਿੰਘ ਨੂੰ ਆਪਣੀ ਮਾਸੀ ਕੋਲ ਅਜੀਤਵਾਲ ਭੇਜ ਦਿੱਤਾ ਗਿਆ। ਪਰ ਸਿਆਣੇ ਆਖਦੇ ਹਨ ਕਿ ਜਦੋਂ ਮੁਸੀਬਤਾਂ ਆਉਂਦੀਆਂ ਹਨ ਤਾਂ ਇਕੱਲੀਆਂ ਨਹੀਂ ਆਉਂਦੀਆਂ, ਮਾਂ ਵਰਗੀ ਮਾਸੀ ਵੀ ਪਲੇਗ ਦੀ ਬਿਮਾਰੀ ਦਾ ਸ਼ਿਕਾਰ ਹੋ ਗਈ, ਪਲੇਗ ਦਾ ਹਮਲਾ ਤਾਂ ਭਗਤ ਸਿੰਘ ਉੱਤੇ ਵੀ ਹੋਇਆ ਪਰ ਉਹ ਉਸ ਨੇ ਪਿਛਾੜ ਦਿੱਤਾ। ਮੁਲਕ ਦੀ ਸਭ ਤੋਂ ਵੱਡੀ ਬਿਮਾਰੀ ਗ਼ੁਲਾਮੀ ਨਾਲ ਉਸ ਨੇ ਦਸਤਪੰਜਾ ਜੋ ਲੈਣਾ ਸੀ! ਉਹ ਅਜੀਤਵਾਲ ਦੇ ਸਕੂਲ 'ਚੋਂ ਚੌਥੀ ਜਮਾਤ ਪਾਸ ਕਰਕੇ ਅਗਲੀ ਪੜ੍ਹਾਈ ਲਈ ਚੂਹੜਚੱਕ ਦੇ ਮਿਡਲ ਸਕੂਲ ਵਿਚ ਦਾਖ਼ਲ ਹੋ ਗਿਆ ਅਤੇ ਇਸੇ ਸਕੂਲ 'ਚੋਂ

1923 ਵਿਚ ਮਿਡਲ ਤਕ ਦੀ ਪੜ੍ਹਾਈ ਪੂਰੀ ਕੀਤੀ। ਇਸ ਉਪਰੰਤ ਉਸ ਨੇ ਦਸਵੀਂ ਦੀ ਪੜ੍ਹਾਈ ਪੂਰੀ ਕਰਨ ਲਈ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਂਣੇ ਵਿਖੇ ਦਾਖ਼ਲਾ ਲਿਆ ਅਤੇ ਉਥੋਂ ਹੀ 1925 ਵਿਚ ਮੈਟਰਿਕ ਦਾ ਇਮਤਿਹਾਨ ਪਾਸ ਕੀਤਾ।

ਉਸ ਸਮੇਂ ਚੂਹੜਚੱਕ, ਅਜੀਤਵਾਲ ਇਲਾਕੇ ਦੀਆਂ ਜੂਹਾਂ ਅਤੇ ਫ਼ਿਜ਼ਾਵਾਂ ਵਿਚ ਇਨਕਲਾਬੀ ਚੇਤਨਾ ਪੂਰੇ ਜੋਬਨ 'ਤੇ ਸੀ, ਬਾਗ਼ੀ ਸੁਰਾਂ ਹਵਾਵਾਂ ਵਿਚ ਗੂੰਜ ਰਹੀਆਂ ਸਨ। ਇਸ ਇਲਾਕੇ ਦੇ ਦੇਸ਼ ਭਗਤ ਬਾਬਾ ਅਰੂੜ ਸਿੰਘ ਨੂੰ ਉਹਨਾਂ ਦੀਆਂ ਅੰਗਰੇਜ਼ ਵਿਰੋਧੀ ਗਤੀਵਿਧੀਆਂ ਕਾਰਨ ਕਾਲੇ ਪਾਣੀ ਦੀ ਸਜ਼ਾ ਹੋ ਚੁੱਕੀ ਸੀ। ਬਾਬੇ ਦਾ ਪੁੱਤ ਤੇ ਧੀ ਵੀ ਭਗਤ ਸਿੰਘ ਦੇ ਨਾਲ ਹੀ ਪੜ੍ਹਦੇ ਸਨ। ਇਸ ਲਈ ਗ਼ਦਰੀਆਂ ਦੇ ਜੀਵਨ, ਟੀਚਿਆਂ ਅਤੇ ਬੇਮਿਸਾਲ ਕੁਰਬਾਨੀਆਂ ਬਾਰੇ ਚਰਚਾਵਾਂ ਅਕਸਰ ਹੀ ਹੁੰਦੀਆਂ ਰਹਿੰਦੀਆਂ ਸਨ।

ਇਹਨਾਂ ਦਿਨਾਂ ਵਿਚ ਪੁਲਸੀਆਂ ਦੀ ਮਾਰ-ਧਾੜ ਵੀ ਇਲਾਕੇ ਵਿਚ ਆਮ ਜਿਹੀ ਗੱਲ ਸੀ। ਪਹਿਲੀ ਸੰਸਾਰ ਜੰਗ ਲਈ ਫੌਜੀਆਂ ਦੀ ਘਾਟ ਨੂੰ ਪੂਰਾ ਕਰਨ ਲਈ ਲਾਜ਼ਮੀ ਭਰਤੀ ਦੀਆਂ ਮੁਹਿੰਮਾਂ ਅਕਸਰ ਚੱਲਦੀਆਂ ਸਨ। ਅਕਸਰ ਇਲਾਕੇ ਦੇ ਨੌਜਵਾਨ ਪੁਲਿਸ ਤੋਂ ਬਚਣ ਲਈ ਇਲਾਕੇ ਦੇ ਜੰਗਲਾਂ ਬੇਲਿਆਂ ਵਿਚ ਪਨਾਹ ਲੈਂਦੇ ਸਨ। ਕਈ ਵਾਰ ਲੋਕਾਂ ਅਤੇ ਪੁਲਸ ਦੀਆ ਝਪਟਾਂ ਵੀ ਹੋ ਜਾਂਦੀਆਂ ਸਨ। ਅਜਿਹੀ ਇੱਕ ਝਪਟ ਵਿਚ ਲੋਕਾਂ ਦੇ ਹੱਥੋਂ ਇਕ ਥਾਣੇਦਾਰ ਮਾਰਿਆ ਗਿਆ ਸੀ ਕਿਉਂਕਿ ਪਹਿਲਾਂ ਪੁਲਿਸ ਨੇ ਕੁੱਟ-ਕੱਟ ਕੇ ਇਕ ਇਲਾਕਾ ਨਿਵਾਸੀ ਨੂੰ ਮਾਰ ਦਿੱਤਾ ਸੀ। ਅਜੇਹੇ ਮਾਹੌਲ ਵਿਚ ਇੱਕ ਪਾਸੇ ਤਾਂ ਭਗਤ ਸਿੰਘ ਵਿਚ ਅੰਗਰੇਜ਼ੀ ਹਕੂਮਤ ਵਿਰੋਧੀ ਜਜ਼ਬਾ ਪਰਚੰਡ ਹੋ ਰਿਹਾ ਸੀ ਅਤੇ ਦੂਜੇ ਪਾਸੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਅਤੇ ਕਾਰਨਾਮੇ ਭਗਤ ਸਿੰਘ ਲਈ ਪ੍ਰੇਰਨਾ ਸਰੋਤ ਬਣ ਰਹੇ ਸਨ।

ਜਦੋਂ ਭਗਤ ਸਿੰਘ ਕਦੇ-ਕਦੇ ਛੁੱਟੀਆਂ ਕੱਟਣ ਆਪਣੇ ਪਿੰਡ ਬਿਲਗੇ ਆਉਂਦਾ ਸੀ। ਇਥੋਂ ਦੇ ਮਾਹੌਲ ਵਿਚ ਵੀ ਕ੍ਰਾਂਤੀ ਦੀਆਂ ਸੁਰਾਂ ਗੂੰਜਦੀਆਂ ਸਨ। ਜਲੰਧਰ ਜ਼ਿਲ੍ਹੇ ਦਾ ਪਿੰਡ ਬਿਲਗਾ ਉਸ ਵੇਲੇ ਦੇਸ਼ ਭਗਤ ਸਰਗਰਮੀਆਂ ਦਾ ਗੜ੍ਹ ਮੰਨਿਆ ਜਾਂਦਾ ਸੀ। ਪਿੰਡ ਵਿਚ ਕਾਂਗਰਸੀਆਂ ਅਤੇ ਅਕਾਲੀਆਂ ਦੇ ਜਲਸੇ ਅਕਸਰ ਹੁੰਦੇ ਰਹਿੰਦੇ ਸਨ। 13 ਕੁ ਸਾਲ ਦੀ ਉਮਰ ਵਿਚ ਹੀ ਬਾਬਾ ਬਿਲਗਾ ਨੇ ਨੌਜਵਾਨ ਤੇਜਾ ਸਿੰਘ ਸੁਤੰਤਰ ਦਾ ਉਹ ਜਲਸਾ ਵੀ ਵੇਖਿਆ ਸੀ ਜਿਸ ਵਿਚ ਉਸ ਨੇ ਵਿਦੇਸ਼ੀ ਕੱਪੜਿਆਂ ਦੇ ਬਾਈਕਾਟ ਦਾ ਸੱਦਾ ਦਿੱਤਾ ਸੀ ਅਤੇ ਸੁਤੰਤਰ ਦੇ ਸੱਦੇ ਦਾ ਹੁੰਗਾਰਾ ਭਰਦਿਆਂ ਲੋਕਾਂ ਨੇ ਆਪਣੇ ਘਰਾਂ 'ਚੋਂ ਵਿਦੇਸ਼ੀ ਕੱਪੜੇ ਲਿਆ ਕੇ ਸਟੇਜ ਕੋਲ ਹੀ ਇਕੱਠੇ ਕਰਕੇ ਸਾੜ ਦਿੱਤੇ ਸਨ।

ਜੈਤੋਂ ਦੇ ਮੋਰਚੇ 'ਚ ਜਾਣ ਵਾਲੇ ਜੱਥੇ ਵੀ ਅਕਸਰ ਪਿੰਡ ਵਿਚ ਆ ਟਿਕਦੇ ਸਨ। ਇੱਕ ਰਾਤ ਜਦੋਂ ਪਿੰਡ ਵਾਲੇ ਅਜੇਹੇ ਇੱਕ ਜੱਥੇ ਦੀ ਆਓ ਭਗਤ ਵਿਚ ਲੱਗੇ ਹੋਏ ਸਨ ਤਾਂ ਪੁਲਸ ਦੀਆਂ ਧਾੜਾਂ ਪਿੱਛੋਂ ਆ ਪਈਆਂ। ਪੁਲਿਸ ਨੇ ਜੱਥੇ 'ਚ ਸ਼ਾਮਿਲ ਵਾਲੰਟੀਅਰਾਂ ਅਤੇ ਪਿੰਡ ਦੇ ਲੋਕਾਂ ਉੱਤੇ ਘਿਨਾਉਣਾ ਤਸ਼ੱਦਦ ਹੀ ਨਾ ਕੀਤਾ ਸਗੋਂ ਉਨ੍ਹਾਂ ਦਾ ਰਾਸ਼ਨ ਪਾਣੀ ਵੀ ਮਿੱਟੀ 'ਚ ਮਿਲਾ ਦਿੱਤਾ।

ਆਪਣੇ ਪਿੰਡ ਦੀ ਮਿੱਟੀ ਅਤੇ ਮਾਹੌਲ ਅਤੇ ਅਜੀਤਵਾਲ ਅਤੇ ਚੂਹੜਚੱਕ ਦੀਆਂ ਕਹਾਣੀਆਂ ਦਾ ਅਸਰ ਨੌਜਵਾਨ ਹੋ ਰਹੇ ਭਗਤ ਸਿੰਘ ਦੇ ਮਨ ਉੱਤੇ ਪੈਣਾ ਹੀ ਸੀ। ਭਗਤ ਸਿੰਘ

ਦੇ ਮਨ ਵਿਚ ਬਗਾਵਤ ਦੇ ਬੀਜ ਹੀ ਨਹੀਂ ਸਨ ਬੀਜੇ ਜਾ ਚੁੱਕੇ ਸਗੋਂ ਉਹ ਉੱਗ ਵੀ ਪਏ ਸਨ। ਜਦੋਂ ਉਹ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣੇ ਵਿਖੇ ਪੜ੍ਹਦਾ ਸੀ ਤਾਂ ਇਕ ਵਾਰ ਵਾਇਸਰਾਏ ਨੇ ਲੁਧਿਆਣੇ ਦਾ ਦੌਰਾ ਰੱਖਿਆ। ਸਕੂਲ ਦੇ ਵਿਦਿਆਰਥੀਆਂ ਨੇ ਕਤਾਰਾਂ ਵਿਚ ਖੜ੍ਹ ਕੇ ਵਾਇਸਰਾਏ ਦੇ ਸਵਾਗਤ ਵਿਚ ਜੈ ਜੈ ਕਾਰ ਕਰਨੀ ਸੀ ਅਤੇ 'ਹਿੱਪ ਹਿੱਪ ਹੁੱਰੇ' ਦੇ ਨਾਅਰੇ ਲਾਉਣੇ ਸਨ। ਪਰੰਤੂ ਨੌਜਵਾਨ ਹੋ ਰਹੇ ਭਗਤ ਸਿੰਘ ਬਿਲਗੇ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਵਾਇਸਰਾਏ ਦੇ ਵਿਰੋਧ ਵਿਚ 'ਕੂਰ ਕੂਰ .........' ਦੇ ਨਾਅਰੇ ਲਾਏ ਅਤੇ ਇਸ ਤਰ੍ਹਾਂ ਉਸ ਨੇ ਬਗਾਵਤ ਦਾ ਝੰਡਾ ਬੁਲੰਦ ਕਰ ਦਿੱਤਾ। ਇਸ ਬਾਗੀ ਕਾਰਵਾਈ ਬਦਲੇ ਉਸ ਨੂੰ ਸਕੂਲ ਦੇ ਹੈਡ ਮਾਸਟਰ ਇਕਬਾਲ ਸਿੰਘ ਦੀ ਕੁੱਟ ਵੀ ਖਾਣੀ ਪਈ। ਬਾਗ਼ੀ ਭਗਤ ਸਿੰਘ ਬਿਲਗੇ ਦੀ ਇਹ ਪਹਿਲੀ ਬਗਾਵਤ ਸੀ। ਇਸ ਛੋਟੇ ਕਦਮ ਦੇ ਵੱਡੇ ਮਾਅਨੇ ਸਨ।

ਪੜ੍ਹਾਈ ਤਾਂ ਉਹ ਹੋਰ ਵੀ ਕਰਨਾ ਚਾਹੁੰਦਾ ਸੀ, ਡਾਕਟਰੀ ਦੀ ਪੜ੍ਹਾਈ ਕਰਨ ਅਤੇ ਫੇਰ ਜਲੰਧਰ ਦੇ ਕਮਰਸ਼ੀਅਲ ਕਾਲਜ ਵਿਚ ਉਚੇਰੀ ਸਿੱਖਿਆ ਹਾਸਲ ਕਰਨ ਦੇ ਯਤਨ ਵੀ ਕੀਤੇ ਸਨ, ਪਰ ਆਰਥਿਕ ਔਕੜਾਂ ਰਾਹ ਮੱਲੀ ਖੜ੍ਹੀਆਂ ਸਨ। ਸਭ ਕੁਝ ਬੰਦੇ ਦੇ ਆਪਣੇ ਵੱਸ ਤਾਂ ਨਹੀਂ ਹੁੰਦਾ। ਘਰ ਦੀ ਜ਼ਮੀਨ ਗਹਿਣੇ ਪੈ ਚੁੱਕੀ ਸੀ ਅਤੇ ਪਿੰਡ ਦੇ ਸ਼ਾਹੂਕਾਰ ਨੇ ਘਰ ਦੀ ਕੁਰਕੀ ਕਰਾਉਣ ਦੀ ਕੋਸ਼ਿਸ਼ ਕੀਤੀ ਸੀ। ਭਲਾ ਹੋਵੇ ਇਕ ਵਾਕਿਫ਼ ਵਕੀਲ ਦਾ ਅਤੇ ਇਕ ਸਿਆਣੇ ਅਤੇ ਸੰਵੇਦਨਸ਼ੀਲ ਅਫ਼ਸਰ ਦਾ ਕਿ ਟੱਬਰ ਘਰੋਂ ਬਾਹਰ ਸੜਕ 'ਤੇ ਆਉਣ ਤੋਂ ਬਚ ਗਿਆ ਸੀ। ਕਮਿਸ਼ਨਰ ਜਲੰਧਰ ਨੇ ਇਹ ਕਹਿ ਕੇ ਕੁਰਕੀ 'ਤੇ ਰੋਕ ਲਾ ਦਿੱਤੀ ਸੀ ਕਿ ਬਜ਼ੁਰਗ ਔਰਤ ਦੇ ਦੋਵੇਂ ਮੁੰਡੇ ਨਾਬਾਲਗ ਨੇ ਇਸ ਲਈ ਉਹਨਾਂ ਦੇ ਬਾਲਗ ਹੋਣ ਵੇਲੇ ਤੱਕ ਕੁਰਕੀ ਨਹੀਂ ਹੋ ਸਕਦੀ। ਇਹ ਬਿਪਤਾ ਤਾਂ ਭਾਵੇਂ ਟਲ ਗਈ ਸੀ ਪਰ ਭਗਤ ਸਿੰਘ ਬਿਲਗੇ ਨੂੰ ਆਪਣੀ ਮਾਂ ਦੇ ਇਹ ਸ਼ਬਦ ਕਦੇ ਨਹੀਂ ਸਨ ਭੁੱਲੇ "ਮੇਰੇ ਪੁੱਤ ਦਿਨਾਂ 'ਚ ਜਵਾਨ ਹੋਏ ਲਓ, ਜ਼ਮੀਨ ਵੀ ਛੁਡਾ ਲੈਣਗੇ ਤੇ ਘਰ ਵੀ ਬਚਾ ਲੈਣਗੇ।" ਇਹ ਸ਼ਬਦ ਉਸ ਨੇ ਕਚਹਿਰੀ ਤੋਂ ਬਾਹਰ ਆਉਂਦਿਆਂ ਆਪਣੇ ਅੱਥਰੂ ਸੰਭਾਲਦੀ ਨੇ ਕਹੇ ਸਨ।

ਭਾਵੇਂ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਜਜ਼ਬਾ ਵੀ ਜਵਾਨ ਹੋ ਰਹੇ ਭਗਤ ਸਿੰਘ ਦੇ ਦਿਲ ਉੱਤੇ ਸਵਾਰ ਹੁੰਦਾ ਜਾ ਰਿਹਾ ਸੀ। ਪਰ ਮਾਂ ਦੀਆਂ ਉਮੀਦਾਂ ਨੇ ਇੱਕ ਭਾਰੀ ਜ਼ਿੰਮੇਵਾਰੀ ਉਸ ਦੇ ਮੋਢਿਆਂ ਉੱਤੇ ਪਾ ਦਿੱਤੀ ਸੀ। ਵਿਆਹ ਉਸ ਦਾ ਪਹਿਲਾਂ ਹੀ ਨੌਵੀਂ ਜਮਾਤ ਵਿਚ ਪੜ੍ਹਦਿਆਂ ਹੀ ਹੋ ਗਿਆ ਸੀ ਭਾਵੇਂ ਨਵੀਂ ਜੋੜੀ ਅਜੇ ਇਕ ਦੂਜੇ ਨੂੰ ਮਿਲੀ ਨਹੀਂ ਸੀ। ਪਰ ਪਤਨੀ ਦੀ ਜ਼ਿੰਮੇਵਾਰੀ ਵੀ ਤਾਂ ਉਸੇ ਦੇ ਮੋਢਿਆਂ 'ਤੇ ਹੀ ਸੀ।

ਜ਼ਿੰਦਗੀ ਦੀ ਇਸ ਕਸ਼ਮਕਸ਼ ਵਿਚ ਪਹਿਲਾਂ ਉਸ ਨੇ ਮਾਂ ਅਤੇ ਪਰਿਵਾਰ ਦੀਆਂ ਰੀਝਾਂ ਉੱਤੇ ਖ਼ਰਾ ਉਤਰਨ ਦੀ ਕੋਸ਼ਿਸ਼ ਕੀਤੀ। ਉਸ ਕੋਲ ਪੈਸੇ ਕਮਾਉਣ ਦਾ ਇੱਕੋ ਇਕ ਢੰਗ ਬਦੇਸ਼ਾਂ ਵੱਲ ਹਿਜਰਤ ਕਰਨਾ ਸੀ, ਉਸ ਸਮੇਂ ਪੰਜਾਬ ਦੇ ਸੈਂਕੜੇ, ਕਰਜ਼ਾਈ ਕਿਰਸਾਨ ਇੰਜ ਹੀ ਕਰਦੇ ਸਨ। ਪਰ ਉਨ੍ਹਾਂ ਦਾ ਪਿੰਡ ਤਾਂ ਅੰਗਰੇਜ਼ ਦਾ ਕੱਟੜ ਦੁਸ਼ਮਣ ਅਤੇ ਉਹਨਾਂ ਦੀ ਕਾਲੀ ਸੂਚੀ ਵਿਚ ਦਰਜ ਪਿੰਡ ਸੀ। ਬਿਲਗੇ ਵਾਲਿਆਂ ਨੂੰ ਉਦੋਂ ਨਾ ਸਰਕਾਰੀ ਨੌਕਰੀਆਂ ਦਿੱਤੀਆਂ ਜਾਂਦੀਆਂ ਸਨ ਅਤੇ ਨਾ ਹੀ ਪਾਸਪੋਰਟ ਜਾਰੀ ਕੀਤਾ ਜਾਂਦਾ ਸੀ। ਪਿੰਡ ਦੇ ਇਕ ਦੋ ਹੋਰ ਬੰਦਿਆਂ ਨਾਲ ਮਿਲ ਕੇ ਨੌਜਵਾਨ ਭਗਤ ਸਿੰਘ ਬਿਲਗਾ ਕਲਕੱਤੇ ਚਲਾ ਗਿਆ। ਉੱਥੋਂ ਦੇ ਇਕ ਏਜੰਟ ਜਾਨ

ਮੁਹੰਮਦ ਨੇ ਉਹਨਾ ਦੇ ਜਾਅਲੀ ਕਾਗ਼ਜ਼ ਤਿਆਰ ਕਰਕੇ ਕਲਕੱਤੇ ਦੇ ਸਿਰਨਾਵੇਂ ਦੇ ਕੇ ਉਹਨਾਂ ਦੇ ਪਾਸਪੋਰਟ ਬਣਵਾਏ ਅਤੇ ਚਿੱਲੀ ਦਾ ਵੀਜ਼ਾ ਲਵਾ ਦਿੱਤਾ।

1927 ਵਿਚ ਪਾਸਪੋਰਟ ਅਤੇ ਵੀਜ਼ਾ ਹਾਸਲ ਕਰਨ ਤੋਂ ਬਾਅਦ ਬਾਬਾ ਬਿਲਗਾ ਅਤੇ ਉਹਨਾਂ ਦੇ ਸਾਥੀਆਂ ਦਾ ਅਰਜਨਟਾਇਨਾ ਲਈ ਸਫ਼ਰ ਸ਼ੁਰੂ ਹੋਇਆ। ਇਕ ਸਮੁੰਦਰੀ ਜਹਾਜ਼ ਰਾਹੀਂ ਸਫ਼ਰ ਸ਼ੁਰੂ ਕੀਤਾ ਅਤੇ ਰੰਗੂਨ, ਸਿੰਗਾਪੁਰ ਹੁੰਦਿਆਂ ਇਹ ਜਹਾਜ਼ ਇਕ ਮਹੀਨੇ ਵਿਚ ਹਾਂਗਕਾਂਗ ਪਹੁੰਚਿਆ। ਉਹਨੀ ਦਿਨੀਂ ਸਿੰਗਾਪੁਰ ਦੇ ਗੁਰਦੁਆਰਿਆਂ ਵਿਚ ਗ਼ਦਰ ਅਖ਼ਬਾਰ ਆਮ ਆਉਂਦਾ ਸੀ ਅਤੇ ਗ੍ਰੰਥੀ ਭਾਈ ਇਹ ਅਖ਼ਬਾਰ ਪੰਜਾਬੀਆਂ ਨੂੰ ਪੜ੍ਹ ਕੇ ਸੁਣਾਉਂਦੇ ਸਨ। ਕੁਝ ਸਮਾਂ ਘੁੰਮਦਿਆਂ-ਘੁੰਮਦਿਆਂ ਬਿਲਗਾ ਆਖ਼ਰਕਾਰ ਅਰਜਨਟਾਇਨਾ ਪਹੁੰਚ ਗਿਆ। ਉਥੇ ਉਸ ਨੇ ਸਪੈਨਿਸ਼ ਸਿੱਖ ਲਈ ਅਤੇ ਰੇਲਵੇ ਦੇ ਇਕ ਸਟੋਰ ਵਿਚ ਨੌਕਰੀ ਸ਼ੁਰੂ ਕਰ ਦਿੱਤੀ।

ਐਥੇ ਹੀ ਉਸ ਦਾ ਕਈ ਗ਼ਦਰੀ ਇਨਕਲਾਬੀਆਂ ਨਾਲ ਮੇਲ ਜੋਲ ਹੋ ਗਿਆ। ਗ਼ਦਰ ਲਹਿਰ ਦੇ ਮਸ਼ਹੂਰ ਖੋਜੀ ਪ੍ਰੋ. ਹਰੀਸ਼ ਪੁਰੀ ਅਨੁਸਾਰ ਗ਼ਦਰ ਲਹਿਰ ਦੁਨੀਆ ਦੀ ਇੱਕੋ ਇਕ ਅਜਿਹੀ ਲਹਿਰ ਸੀ ਜਿਸ ਵਿਚ ਲੋਕ ਰੋਟੀ-ਰੋਜ਼ੀ ਕਮਾਉਣ ਲਈ ਬਾਹਰ ਗਏ ਹੋਣ ਅਤੇ ਉੱਥੇ ਜਾ ਕੇ ਦੇਸ਼ ਭਗਤ ਇਨਕਲਾਬੀ ਬਣ ਕੇ ਮੁਲਕ ਦੀ ਆਜ਼ਾਦੀ ਲਈ ਸੰਘਰਸ਼ ਕਰਨ ਲਈ ਆਪਣੇ ਵਤਨ ਪਰਤੇ ਹੋਣ। ਬਾਬੇ ਬਿਲਗੇ ਦੀ ਕਹਾਣੀ ਵੀ ਇਹੀ ਹੈ। ਬਾਬੇ ਬਿਲਗੇ ਨੂੰ ਅਰਜਨਟਾਇਨਾ ਵਿਚ ਤੇਜਾ ਸਿੰਘ ਸੁਤੰਤਰ, ਰਤਨ ਸਿੰਘ, ਅਜੀਤ ਸਿੰਘ ਆਦਿ ਦੀ ਸੰਗਤ ਮਿਲ ਗਈ, ਉਹ ਕਰਜ਼ਾ ਲਾਹੁਣ ਗਿਆ ਸੀ ਪਰ ਇਨਕਲਾਬ ਦੀ ਕਮਾਈ ਕਰਨ ਲੱਗਾ। ਉਥੇ ਉਸ ਨੂੰ ਆਪਣੀ ਮਾਂ ਨੂੰ ਦੁਰਦਸ਼ਾ ਚੋਂ ਕੱਢਣ ਨਾਲੋਂ ਭਾਰਤ ਮਾਂ ਦੀ ਦੁਰਦਸ਼ਾ ਜ਼ਿਆਦਾ ਸਤਾਉਣ ਲੱਗ ਪਈ ਅਤੇ ਉਹ ਗ਼ਦਰ ਦਾ ਪੱਕਾ ਸਿਪਾਹੀ ਬਣ ਗਿਆ। 1928 ਵਿਚ ਬਾਬੇ ਬਿਲਗੇ ਨੂੰ ਅਰਜਨਟਾਇਨਾ ਦੀ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਦੇ ਦਿੱਤੀ ਗਈ ਅਤੇ ਉਸ ਨੇ ਇਕੱਲੇ-ਇਕੱਲੇ ਭਾਰਤੀ ਕੋਲ ਪਹੁੰਚ ਕਰਕੇ ਗ਼ਦਰ ਪਾਰਟੀ ਦੇ ਪਾਸਾਰ ਕਰਨ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਦਾ ਕੰਮ ਬੜੀ ਬਾਖ਼ੂਬੀ ਨਾਲ ਨਿਭਾਇਆ। ਉਹਨੀਂ ਦਿਨੀਂ ਗ਼ਦਰੀਆਂ ਵਿਚ ਇਕ ਵਿਚਾਰਧਾਰਕ ਬਹਿਸ ਵੀ ਚੱਲ ਰਹੀ ਸੀ। ਗ਼ਦਰ ਕਰਨ ਦੇ ਪਹਿਲੇ ਯਤਨ ਫੇਲ੍ਹ ਹੋ ਜਾਣ ਬਾਅਦ ਤੋਂ ਦੋਬਾਰਾ ਦੇਸ਼ ਪਰਤਣ ਅਤੇ ਨਵੇਂ ਸਿਰਿਓਂ ਹੰਭਲਾ ਮਾਰਨ ਦੀ ਸੋਚ ਵਿਚਾਰ ਸ਼ੁਰੂ ਹੋ ਗਈ ਸੀ। ਪਰ ਇਹ ਕੰਮ ਕੀਤਾ ਕਿਵੇਂ ਜਾਵੇ? ਇੱਕ ਵਿਚਾਰ ਇਹ ਸੀ ਕਿ ਪਹਿਲਾਂ ਵਾਂਗ ਹੀ ਭਾਰਤ ਵਿਚ ਹਥਿਆਰਬੰਦ ਗੁਰੀਲੇ ਭੇਜ ਕੇ ਨਵੇਂ ਸਿਰਿਓਂ ਜੰਗ ਸ਼ੁਰੂ ਕਰਨੀ ਚਾਹੀਦੀ ਹੈ, ਪਰ ਦੂਜੇ ਪਾਸੇ ਸੋਵੀਅਤ ਤਜ਼ਰਬੇ ਤੋਂ ਸਬਕ ਸਿੱਖਦਿਆਂ ਇਹ ਸੋਚਿਆ ਜਾ ਰਿਹਾ ਸੀ ਕਿ ਇਕੱਲੇ ਹਥਿਆਰਬੰਦ ਘੋਲ ਜਾਂ ਫੌਜਾਂ ਉੱਤੇ ਟੇਕ ਰੱਖ ਕੇ ਹੀ ਅੰਗਰੇਜ਼ ਨੂੰ ਨਹੀਂ ਹਰਾਇਆ ਜਾ ਸਕਦਾ। ਗ਼ਦਰ ਦੇ ਪਹਿਲੇ ਯਤਨ ਵਿਚ ਗ਼ਦਰੀਆਂ ਨੇ ਇਹੀ ਗ਼ਲਤੀ ਕੀਤੀ ਸੀ। ਗ਼ਦਰੀਆਂ ਵਿਚ ਹੁਣ ਇਹ ਵਿਚਾਰ ਭਾਰੂ ਹੋ ਰਿਹਾ ਸੀ ਕਿ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੇ ਵਿਸ਼ਾਲ ਸਮਰਥਨ ਬਿਨਾਂ ਕੋਈ ਇਨਕਲਾਬ ਸਫ਼ਲ ਨਹੀਂ ਹੋ ਸਕਦਾ ਅਤੇ ਅੰਗਰੇਜ਼ਾਂ ਨੂੰ ਹਰਾਇਆ ਨਹੀਂ ਜਾ ਸਕਦਾ। ਇਸੇ ਸੋਚ ਅਧੀਨ ਭਗਤ ਸਿੰਘ ਬਿਲਗੇ ਅਤੇ ਕੁਝ ਹੋਰ ਸਾਥੀਆਂ ਨੂੰ 1932 ਵਿਚ ਮਾਸਕੋ ਭੇਜਿਆ ਗਿਆ, ਉਹ ਅਰਜਨਟਾਇਨਾ ਤੋਂ ਜਰਮਨੀ ਅਤੇ ਫੇਰ ਲੈਨਿਗ੍ਰਾਦ ਰਾਹੀਂ ਮਾਸਕੋ ਚਲੇ ਗਏ। ਉਹ ਮਾਰਕਸਵਾਦ-ਲੈਨਿਨਵਾਦ ਅਤੇ ਗੁਰੀਲਾ

ਯੁੱਧ ਦੀ ਟਰੇਨਿੰਗ ਲਈ ਮਾਸਕੋ ਯੂਨੀਵਰਸਿਟੀ ਵਿਚ ਦਾਖ਼ਲ ਹੋ ਗਏ ਅਤੇ 1934 ਤੱਕ ਲਗਭਗ ਡੇਢ ਸਾਲ ਉੱਥੇ ਰਹੇ। ਉਸ ਵੇਲੇ ਅੱਛਰ ਸਿੰਘ ਛੀਨਾ, ਤੇਜਾ ਸਿੰਘ ਸੁਤੰਤਰ ਅਤੇ ਕੁਝ ਹੋਰ ਸਾਥੀ ਵੀ ਉੱਥੇ ਹੀ ਸਨ। ਇਸ ਸਮੇਂ ਦੌਰਾਨ ਬਾਬਾ ਬਿਲਗਾ ਨੇ ਮਾਸਕੋ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕਰ ਲਈ ਪਰ ਇਹ ਗ੍ਰੈਜੂਏਸ਼ਨ ਨੌਕਰੀ ਲਈ ਜਾਂ ਧਨ ਕਮਾਉਣ ਲਈ ਕਿਸੇ ਪੇਸ਼ਾਵਰ ਕੋਰਸ ਦੀ ਨਹੀਂ ਸਗੋਂ ਇੱਕ ਕੁੱਲਵਕਤੀ, ਪੇਸ਼ਾਵਰ ਇਨਕਲਾਬੀ ਦੀ ਸੀ। ਹੁਣ ਉਹ ਦੇਸ਼ ਵਿਚ ਪਰਤ ਕੇ ਆਪਣੀ ਮਾਤਰ ਭੂਮੀ ਦੀ ਸੇਵਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੋ ਚੁੱਕਿਆ ਸੀ।

ਬਾਬੇ ਬਿਲਗੇ ਨੇ ਹੋਰਾਂ ਗ਼ਦਰੀਆਂ ਵਾਂਗ ਆਪਣੀ ਰਾਹ ਅਤੇ ਆਪਣੀ ਮੰਜ਼ਿਲ ਚੁਣ ਲਈ ਸੀ। ਸਾਰੇ ਗ਼ਦਰੀਆਂ ਨੂੰ ਚੰਗੀ ਤਰ੍ਹਾਂ ਪਤਾ ਸੀ:

ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆ ਨੇ,
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਧਰਏ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਬਾਬੇ ਬਿਲਗੇ ਲਈ ਮੁਸੀਬਤਾਂ ਉਹਦੀ ਵਾਪਸੀ ਦੇ ਸਫ਼ਰ ਦੇ ਨਾਲ-ਨਾਲ ਹੀ ਸਫ਼ਰ ਕਰ ਰਹੀਆਂ ਸਨ, ਉਸਨੂੰ ਮਿਲਖੀ ਸਿੰਘ ਨਾਮ ਦੇ ਜਾਅਲੀ ਪਾਸਪੋਰਟ ਉੱਤੇ ਵਾਪਿਸ ਭੇਜਿਆ ਗਿਆ, ਉਸਦੀ ਰੂਪੋਸ਼ੀ ਅਤੇ ਵਤਨ ਵਾਪਸੀ ਦਾ ਇਹ ਸਫ਼ਰ ਥਾਂ-ਥਾਂ ਮੌਤ ਦਾ ਸਾਹਮਣਾ ਕਰਨ ਦੀ ਇੱਕ ਲੰਮੀ ਕਹਾਣੀ ਹੈ। ਉਹ ਮਾਸਕੋ ਤੋਂ ਫਰਾਂਸ ਅਤੇ ਫੇਰ ਫਰਾਂਸ ਤੋਂ ਲੰਕਾ ਰਾਹੀਂ ਹਿੰਦੁਸਤਾਨ ਵਿਚ ਦਾਖ਼ਲ ਹੋਇਆ। ਹਿੰਦੁਸਤਾਨ ਵਿਚ ਦਾਖਲ ਹੁੰਦਿਆਂ ਹੀ ਪੁਲਿਸ ਨੇ ਉਸ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ, ਵਾਰ-ਵਾਰ ਪੁਲਿਸ ਨੂੰ ਝਕਾਨੀ ਦੇਣ ਅਤੇ ਗ੍ਰਿਫ਼ਤਾਰੀ ਤੋਂ ਬਚਦਿਆਂ ਉਸ ਦੀ ਪੰਜਾਬ ਪਹੁੰਚਣ ਦੀ ਕਹਾਣੀ ਰੌਚਕ ਵੀ ਹੈ ਅਤੇ ਲੂੰਅ ਕੰਡੇ ਖੜ੍ਹੇ ਕਰ ਦੇਣ ਵਾਲੀ ਵੀ।

ਪੰਜਾਬ ਵਿਚ ਪਹੁੰਚ ਕੇ ਪਹਿਲੇ ਮਿਥੇ ਪ੍ਰੋਗਰਾਮ ਅਨੁਸਾਰ ਅਤੇ ਮਾਸਕੋ ਤੋਂ ਮਿਲੀਆਂ ਹਦਾਇਤਾਂ ਅਨੁਸਾਰ ਉਸਨੇ ਬਾਬਾ ਕਰਮ ਸਿੰਘ ਚੀਮਾ ਅਤੇ ਭਾਗ ਸਿੰਘ ਨਾਲ ਸੰਪਰਕ ਸਾਧਿਆ ਅਤੇ ਉਸ ਦੀ ਡਿਊਟੀ ਕਲਕੱਤੇ ਵਿਖੇ ਲਾ ਦਿੱਤੀ ਗਈ। ਕਲਕੱਤੇ ਜਾਣ ਲਈ ਗੱਡੀ ਵੀ ਉਸ ਨੇ ਆਪਣੇ ਪਿੰਡ ਬਿਲਗੇ ਦੇ ਸਟੇਸ਼ਨ ਤੋਂ ਹੀ ਫੜੀ ਪਰ ਉਸ ਨੇ ਆਪਣੀ ਉਡੀਕਦੀ ਮਾਂ, ਪਤਨੀ ਅਤੇ ਪਰਿਵਾਰ ਦੇ ਹੋਰ ਜੀਆਂ ਨੂੰ ਮਿਲਣ ਦੀ ਵੀ ਕੋਸ਼ਿਸ਼ ਨਾ ਕੀਤੀ ਕਿਉਂਕਿ ਹੁਣ ਤਾਂ ਸਾਰਾ ਹਿੰਦੁਸਤਾਨ ਹੀ ਉਸ ਦਾ ਪਰਿਵਾਰ ਬਣ ਗਿਆ ਸੀ।

ਇਸ ਉਪਰੰਤ ਭਗਤ ਸਿੰਘ ਬਿਲਗਾ ਨਿਰੰਤਰ ਮਜ਼ਦੂਰਾਂ, ਕਿਸਾਨਾਂ ਨੂੰ ਜਥੇਬੰਦ ਕਰਨ ਵਿਚ ਜੁੱਟਿਆ ਰਿਹਾ। ਉਸ ਨੇ ਕਲਕੱਤੇ ਦੀ ਇੱਕ ਕੱਪੜਾ ਮਿਲ ਵਿਚ ਵੀ ਟਰੇਡ ਯੂਨੀਅਨ ਦੀ ਸਥਾਪਨਾ ਕੀਤੀ ਅਤੇ ਫੇਰ ਕਾਨਪੁਰ ਅਤੇ ਬੰਬਈ ਜਾ ਕੇ ਮਜ਼ਦੂਰਾਂ ਵਿਚ ਕੰਮ ਵੀ ਕੀਤਾ। ਇਥੇ ਮਜ਼ਬੂਤ ਯੂਨੀਅਨਾਂ ਦੀ ਉਸਾਰੀ ਕਰਕੇ ਉਸਨੇ ਹੋਰ ਆਗੂਆਂ ਦੇ ਹਵਾਲੇ ਕਰ ਦਿੱਤੀਆਂ ਅਤੇ ਆਪ ਉਹ ਪੰਜਾਬ ਵਿਚ ਪਰਤ ਕੇ ਗੁਪਤਵਾਸ ਹੋਇਆ ਰਿਹਾ।

ਇਸ ਤੋਂ ਬਾਅਦ ਉਸਦੀਆਂ ਜੇਲ੍ਹ ਯਾਤਰਾਵਾਂ, ਪੁਲਸੀ ਤਸ਼ੱਦਦ ਅਤੇ ਅੰਗਰੇਜ਼ੀ ਜ਼ੁਲਮ

ਝੱਲਣ ਦੀਆਂ ਲਾ-ਮਿਸਾਲ ਕਹਾਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਅਕਤੂਬਰ 1936 ਵਿਚ ਉਸ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਦੋ ਮਹੀਨੇ ਲਾਹੌਰ ਜੇਲ੍ਹ ਵਿਚ ਰੱਖ ਕੇ ਇਕ ਸਾਲ ਲਈ ਪਿੰਡ ਬਿਲਗੇ ਵਿਚ ਹੀ ਜੂਹਬੰਦ ਕਰ ਦਿੱਤਾ ਗਿਆ। ਇਸ ਤੋਂ ਬਾਅਦ ਤਾਂ ਫੇਰ ਗੁਪਤਵਾਸ, ਗ੍ਰਿਫ਼ਤਾਰੀਆਂ, ਤਸ਼ੱਦਦ, ਜੇਲ੍ਹ ਯਾਤਰਾਵਾਂ ਦਾ ਇੱਕ ਲੰਬਾ ਦੌਰ ਚੱਲਿਆ। ਉਸ ਨੇ ਲਾਹੌਰ, ਲਾਇਲਪੁਰ, ਲੁਧਿਆਣੇ ਅਤੇ ਯੋਲ ਕੈਂਪ ਦੀਆਂ ਸਭ ਵੱਧ ਔਖੀਆਂ ਅਤੇ ਘੱਟ ਔਖੀਆਂ ਜੇਲ੍ਹਾਂ ਬੜੇ ਖਿੜੇ ਮੱਥੇ ਕੱਟੀਆਂ।

1943 ਵਿਚ ਮਿਲੀ ਕੈਂਬਲਪੁਰ/ਅਟਕ ਦੀ ਜੇਲ੍ਹ ਬਾਬੇ ਨੂੰ ਵਿਸ਼ੇਸ਼ ਕਰਕੇ ਸਾਰੀ ਉਮਰ ਯਾਦ ਰਹੀ। ਇਸ ਜੇਲ੍ਹ ਵਿਚ ਸੌਣ ਭਾਦੋਂ ਦੇ ਮਹੀਨਿਆਂ ਵਿਚ ਵੀ ਹਨੇਰੀਆਂ ਵਗਦੀਆਂ ਸਨ ਅਤੇ ਕਈ ਵੇਰ ਇੰਚ-ਇੰਚ ਮਿੱਟੀ ਹੋ ਜਾਂਦੀ ਸੀ, ਸਿਆਲਾਂ 'ਚ ਜ਼ੋਰ ਦੀ ਮੀਂਹ ਪੈਂਦਾ ਸੀ। ਇਸੇ ਜੇਲ੍ਹ ਵਿਚ ਹੀ ਬਾਬੇ ਨੇ ਭੁੱਖ ਹੜਤਾਲ ਕੀਤੀ ਤਾਂ ਉਸ ਉੱਤੇ ਅੰਗਰੇਜ਼ ਨੇ ਅਣਮਨੁੱਖੀ ਤਸ਼ੱਦਦ ਵੀ ਕੀਤਾ। ਧੱਕੋ ਜ਼ੋਰ ਖੁਰਾਕ ਦੇਣ ਲਈ, ਬਾਬੇ ਦੀ ਦੰਦਗਲ ਖੁੱਲ੍ਹੀ ਰੱਖਣ ਲਈ ਉਸ ਦੇ ਮੂੰਹ ਵਿਚ ਤਿੱਖੀਆਂ ਸਿਲਾਈਆਂ ਪਾਈਆਂ ਜਾਂਦੀਆਂ ਸਨ ਜਿਸ ਨਾਲ ਉਸ ਦੇ ਦੰਦਾਂ ਨੂੰ ਗੰਭੀਰ ਨੁਕਸਾਨ ਹੋਇਆ ਸੀ। ਲੁਧਿਆਣੇ ਦੀ ਪੁਰਾਣੀ ਜੇਲ੍ਹ ਦੀਆਂ ਵੀ ਬਾਬੇ ਦੇ ਮਨ ਵਿਚ ਬੜੀਆਂ ਕੌੜੀਆਂ ਯਾਦਾਂ ਸਨ, ਇਥੇ ਉਸ ਨੂੰ ਤਿੰਨ ਮਹੀਨੇ ਫ਼ਾਂਸੀ ਵਾਲੀਆਂ ਕਾਲ ਕੋਠੜੀਆਂ ਵਿਚ ਬੰਦ ਕਰਕੇ ਰੱਖਿਆ ਗਿਆ ਸੀ। ਪਰ ਬਾਬੇ ਦਾ ਸਿਦਕ ਕਦੇ ਨਹੀਂ ਸੀ ਡੋਲਿਆ, ਇਹ ਸਭ ਕੁਝ ਤਾਂ ਉਸ ਨੇ ਆਪ ਕਮਾਇਆ ਸੀ, ਆਪ ਚਾਹਿਆ ਸੀ।

ਮਾਸਕੋ ਤੋਂ ਪਰਤੇ ਬਾਬੇ ਭਗਤ ਸਿੰਘ ਬਿਲਗੇ ਦਾ ਜੀਵਨ ਉਦੇਸ਼ ਹੁਣ ਕੇਵਲ ਅੰਗਰੇਜ਼ੀ ਰਾਜ ਦੇ ਖ਼ਾਤਮੇ ਤੱਕ ਹੀ ਸੀਮਤ ਨਹੀਂ ਸੀ ਰਿਹਾ, ਉਹ ਤਾਂ ਹੁਣ ਮੁਲਕ ਚੋਂ ਭੁੱਖ, ਗ਼ਰੀਬੀ, ਅਨਪੜ੍ਹਤਾ, ਬਿਮਾਰੀ, ਅਸਮਾਨਤਾ ਅਤੇ ਸ਼ੋਸ਼ਣ ਦੇ ਖ਼ਾਤਮੇ ਨੂੰ ਆਪਣਾ ਮਿਸ਼ਨ ਬਣਾ ਬੈਠਾ ਸੀ। ਇਸ ਲਈ ਦੇਸ਼ ਦੀ ਕਮਿਊਨਿਸਟ ਪਾਰਟੀ ਉਸ ਦੀਆਂ ਸਰਗਰਮੀਆਂ ਦਾ ਸੁਭਾਵਕ ਪਲੇਟਫਾਰਮ ਬਣ ਚੁੱਕਾ ਸੀ। ਪਰ ਬਾਬਾ ਕਮਰਿਆਂ 'ਚ ਬੈਠ ਕੇ, ਲੰਬੀਆਂ-ਲੰਬੀਆਂ ਬਹਿਸਾਂ ਕਰਨ ਵਾਲਾ, ਹਵਾਈ ਸਿਧਾਂਤ ਘੋਟਣ ਵਾਲਾ ਸਿਧਾਂਤਕਾਰ ਨਹੀਂ ਸੀ। ਉਹ ਤਾਂ ਹਾਲੀਆਂ ਪਾਲੀਆਂ ਵਿਚ ਵਿਚਰਦਾ, ਲੋਕਾਂ ਦੇ ਅਮਲੀ ਤਜਰਬੇ ਤੇ ਸਿੱਖਦਾ ਅਤੇ ਫੇਰ ਉਸ ਅਨੁਸਾਰ ਅਮਲ ਕਰਨ ਵਾਲਾ ਕਰਮਯੋਗੀ ਸੀ। ਇਸ ਲਈ ਕਈ ਜ਼ਰੂਰੀ ਮੁੱਦਿਆਂ ਉੱਤੇ ਉਸ ਦੇ ਕਮਿਊਨਿਸਟ ਪਾਰਟੀ ਨਾਲ ਮਤਭੇਦ ਵੀ ਪੈਦਾ ਹੋਏ।

ਭਾਰਤੀ ਕਮਿਊਨਿਸਟ ਪਾਰਟੀ ਦੇਸ਼ ਵਿਚ ਸਾਮਰਾਜਵਾਦ ਵਿਰੋਧੀ ਲਹਿਰ ਦੀਆਂ ਮੂਹਰਲੀਆਂ ਕਤਾਰਾਂ ਵਿਚ ਸੀ, ਪਰ ਦੂਜੇ ਵਿਸ਼ਵ ਯੁੱਧ ਵਿਚ ਹਿਟਲਰ ਵੱਲੋਂ ਸੋਵੀਅਤ ਯੂਨੀਅਨ ਉੱਤੇ ਹਮਲਾ ਕਰਨ ਉਪਰੰਤ, ਇਸ ਦੀ ਸਮਝ ਇਹ ਬਣੀ ਕਿ ਹੁਣ ਜੰਗ ਦਾ ਖਾਸਾ ਬਦਲ ਚੁੱਕਿਆ ਸੀ ਅਤੇ ਹੁਣ ਇਸ ਨੇ ਨਾਜ਼ੀ ਜਰਮਨੀ ਵਿਰੁੱਧ ਪੀਪਲਜ਼ ਵਾਰ ਦਾ ਰੂਪ ਧਾਰਨ ਕਰ ਲਿਆ ਸੀ। ਇਸ ਦੇ ਫ਼ਲਸਰੂਪ ਸੋਚ ਇਹ ਬਣ ਗਈ ਕਿ ਕਮਿਊਨਿਸਟ ਪਾਰਟੀਆਂ ਦੀ ਜ਼ਿੰਮੇਵਾਰੀ ਰੂਸ ਦੇ ਬਚਾਓ ਲਈ, ਭਾਰਤ ਵਿਚ ਰੂਸ ਦੇ ਕੌਮਾਂਤਰੀ ਇਤਿਹਾਦੀ ਅੰਗਰੇਜ਼ ਦੀ ਮੁਖਾਲਫ਼ਤ ਕਰਨੀ ਨਹੀਂ ਬਣਦੀ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਹਿਟਲਰ ਵਿਰੋਧੀ ਸਾਂਝਾ ਸੰਘਰਸ਼ ਕਮਜ਼ੋਰ ਹੋ ਜਾਵੇਗਾ। ਇਸ ਸੋਚ ਦੇ ਮੱਦੇਨਜ਼ਰ ਹੁਣ ਕਮਿਊਨਿਸਟ ਪਾਰਟੀ ਅੰਗਰੇਜ਼

ਵਿਰੁੱਧ ਤਿੱਖਾ ਸੰਘਰਸ਼ ਕਰਨ ਤੋਂ ਗੁਰੇਜ਼ ਕਰਦੀ ਸੀ ਜਿਸ ਨਾਲ ਸਥਾਨਕ ਦੇਸ਼ ਭਗਤਾਂ ਦੀਆਂ ਸਫ਼ਾਂ ਵਿਚ ਕਾਫ਼ੀ ਭੰਬਲਭੂਸਾ ਪੈਦਾ ਹੋ ਗਿਆ ਸੀ ਅਤੇ ਜਨਤਾ ਵਿਚ ਵੀ ਕਮਿਊਨਿਸਟ ਪਾਰਟੀ ਦੀ ਸ਼ਾਖ ਕਮਜ਼ੋਰ ਹੋਈ ਸੀ। ਬਾਬੇ ਬਿਲਗੇ ਨੂੰ ਪਾਰਟੀ ਦੀ ਇਹ ਲਾਈਨ ਪਸੰਦ ਨਹੀਂ ਸੀ ਅਤੇ ਉਸ ਨੇ ਇਸ ਦਾ ਵਿਰੋਧ ਵੀ ਕੀਤਾ ਸੀ। ਬਾਅਦ ਵਿਚ ਕਮਿਊਨਿਸਟ ਪਾਰਟੀ ਨੇ ਵੀ ਆਪਣੀ ਗ਼ਲਤੀ ਸੁਧਾਰ ਲਈ ਸੀ।

ਇਸੇ ਤਰ੍ਹਾਂ ਕਮਿਊਨਿਸਟ ਪਾਰਟੀ ਨੇ ਦੱਬੀਆਂ ਕੁਚਲੀਆਂ ਕੌਮਾਂ ਦੇ ਆਤਮ ਨਿਰਣੇ ਦੇ ਅਧਿਕਾਰ ਦੀ ਵਕਾਲਤ ਕਰਦਿਆਂ ਵੱਖਰੇ ਪਾਕਿਸਤਾਨ ਦੀ ਕਾਇਮੀ ਦੀ ਮੰਗ ਦੀ ਵੀ ਹਿਮਾਇਤ ਕੀਤੀ ਸੀ, ਹਾਲਾਂ ਕਿ ਇਸ ਸਿਧਾਂਤ ਦਾ ਮਤਲਬ ਸਾਮਰਾਜ ਦੇ ਜੂਲੇ ਹੇਠ ਹੌਂਕਦੀਆਂ ਕੌਮਾਂ ਦੀ ਆਜ਼ਾਦੀ ਸੀ ਨਾ ਕਿ ਧਰਮਾਂ ਜਾਂ ਜਾਤਾਂ ਦੇ ਨਾਮ ਉੱਤੇ ਮੁਲਕਾਂ ਦੀ ਵੰਡ ਕਰਨਾ। ਬਾਬਾ ਬਿਲਗੇ ਨੂੰ ਕਮਿਊਨਿਸਟ ਪਾਰਟੀ ਦਾ ਇਹ ਫ਼ੈਸਲਾ ਵੀ ਦਰੁਸਤ ਨਹੀਂ ਸੀ ਜਾਪਦਾ ਅਤੇ ਇਹਨਾਂ ਹਾਲਤਾਂ ਵਿਚ ਉਹ ਕਮਿਊਨਿਸਟ ਪਾਰਟੀ ਤੋਂ ਵੱਖਰਾ ਹੋ ਗਿਆ ਸੀ, ਹਾਲਾਂਕਿ ਬਾਅਦ ਵਿਚ ਕਮਿਊਨਿਸਟ ਪਾਰਟੀ ਨੇ ਆਪਣੀ ਇਹ ਗ਼ਲਤੀ ਵੀ ਪਰਵਾਨ ਕਰ ਲਈ ਸੀ। ਪਰ ਅਫ਼ਸੋਸ ਕਿ ਕਮਿਊਨਿਸਟ ਪਾਰਟੀ ਨੇ ਬਾਬੇ ਦੀ ਸ਼ਾਨ ਅਤੇ ਸਨਮਾਨ ਦੀ ਮੁੜ ਬਹਾਲੀ ਨਾ ਕੀਤੀ। ਪਰ ਫਿਰ ਵੀ ਬਾਬੇ ਬਿਲਗੇ ਨੇ ਆਜ਼ਾਦੀ ਤੋਂ ਬਾਅਦ ਵੀ ਕਮਿਊਨਿਸਟ ਪਾਰਟੀ ਵੱਲੋਂ ਸ਼ੁਰੂ ਕੀਤੇ ਖੁਸ਼ ਹੈਸੀਅਤੀ ਟੈਕਸ ਵਿਰੋਧੀ ਮੋਰਚੇ ਵਿਚ ਜ਼ੋਰ ਸ਼ੋਰ ਨਾਲ ਭਾਗ ਲਿਆ।

ਬਾਬਾ ਇੱਕ ਖ਼ਾਲਸ ਦੇਸ਼ ਭਗਤ ਸੀ। ਦੇਸ਼ ਦੀ ਭਲਾਈ ਦਾ ਸੰਕਲਪ ਅਤੇ ਸੁਪਨਾ ਉਸ ਦੇ ਮਨ ਵਿਚ ਸੀ ਉਸ ਵਿਚ ਜਾਤ ਪਾਤ, ਧਰਮ ਉੱਤੇ ਅਧਾਰਿਤ ਤੰਗ ਨਜ਼ਰ ਵਿਚਾਰਧਾਰਾਵਾਂ ਲਈ ਕੋਈ ਸਥਾਨ ਨਹੀਂ ਸੀ। ਇਸ ਪੱਖੋਂ ਬਾਬਾ ਕੱਟੜ ਸੈਕੂਲਰਵਾਦੀ ਸੋਚ ਦਾ ਧਾਰਨੀ ਸੀ। 1984 ਦੇ ਸਾਕਾ ਨੀਲਾ ਤਾਰਾ ਅਤੇ ਨਵੰਬਰ ਦੇ ਪਹਿਲੇ ਹਫ਼ਤੇ ਵਿਚ ਦਿੱਲੀ ਵਿਖੇ ਹਜ਼ਾਰਾਂ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਮੈਂ 17 ਨਵੰਬਰ 1984 ਨੂੰ ਏ.ਐਸ. ਕਾਲਜ ਖੰਨਾ ਵਿਖੇ ਨੌਜਵਾਨਾਂ ਦੇ ਇੱਕ ਫੰਕਸ਼ਨ ਨੂੰ ਸੰਬੋਧਨ ਕਰਨ ਲਈ ਬਾਬੇ ਨੂੰ ਬੁਲਾਇਆ ਸੀ। ਉਸ ਉਤੇਜਨਾ ਭਰਪੂਰ ਅਤੇ ਅਤੀ ਗਰਮ ਮਾਹੌਲ ਵਿਚ ਵੀ ਬਾਬੇ ਨੇ ਨਿੱਡਰ ਹੋ ਕੇ ਹੋਕਾ ਦਿੱਤਾ ਸੀ। "ਬੱਸਾਂ ਚੋਂ ਕੱਢ ਕੇ ਨਿਰਦੋਸ਼ੇ ਹਿੰਦੂਆਂ ਨੂੰ ਮਾਰਨ ਵਾਲਿਆਂ ਨੂੰ ਅਸਲੀ ਸਿੱਖ ਨਹੀਂ ਆਖਿਆ ਜਾ ਸਕਦਾ ਅਤੇ ਦਿੱਲੀ ਵਿਚ ਹਜ਼ਾਰ ਨਿਰਦੋਸ਼ ਸਿੱਖਾਂ ਦਾ ਕਤਲ ਕਰਨ ਵਾਲੇ ਵੀ ਅਸਲੀ ਹਿੰਦੂ ਕਹਾਉਣ ਦੇ ਹੱਕਦਾਰ ਨਹੀਂ ਹਨ।" "ਲੋੜ ਇਕੱਠੇ ਹੋ ਕੇ ਭਗਤ ਸਿੰਘ, ਸਰਾਭੇ ਅਤੇ ਹੋਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਹੈ, ਨਾ ਕਿ ਇਕ ਦੂਜੇ ਨੂੰ ਗਲਿਓਂ ਫੜਨ ਦੀ।" ਵਿਦਿਆਰਥੀਆਂ ਨਾਲ ਖ਼ਚਾਖਚ ਭਰੇ ਹਾਲ ਵਿਚ ਇਕ ਠੰਢ ਜਿਹੀ ਪੈ ਗਈ ਸੀ।

ਬਾਬਾ ਬਿਲਗਾ ਸਾਰੀ ਉਮਰ ਦੇਸ਼ ਦੇ ਭਵਿੱਖ ਬਾਰੇ ਚਿੰਤਾਵਾਨ ਰਿਹਾ, ਉਸ ਨੂੰ ਫ਼ਿਕਰ ਸੀ ਕਿ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਵਿਚ ਧਕੇਲ ਦਿੱਤਾ ਗਿਆ ਹੈ ਅਤੇ ਉਹਨੂੰ ਇਹ ਵੀ ਫ਼ਿਕਰ ਸੀ ਕਿ ਦੇਸ਼ ਨੂੰ ਸਹੀ ਸੇਧ ਦੇਣ ਵਾਲੀਆਂ ਖੱਬੀਆਂ ਧਿਰਾਂ, ਖੇਰੂੰ-ਖੇਰੂੰ ਹੋਈਆਂ ਪਈਆ ਹਨ। ਉਹ ਆਖ਼ਰੀ ਦਮ ਤੱਕ ਸਾਰੀਆਂ ਖੱਬੀਆਂ ਧਿਰਾਂ ਦਾ ਸਾਂਝਾ ਬਾਬਾ ਬਣਿਆ ਰਿਹਾ ਅਤੇ ਉਹਨਾਂ ਦੇ ਮਿਲ ਬੈਠਣ ਲਈ ਸਾਂਝੇ ਪਲੇਟਫਾਰਮਾਂ ਦੀ ਸਿਰਜਣਾ ਕਰਦਾ ਰਿਹਾ।

ਬਾਬਾ ਬਿਲਗਾ ਇਸ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਸੀ ਕਿ ਜੋ ਕੌਮਾਂ

ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ ਉਹਨਾਂ ਦਾ ਵਰਤਮਾਨ ਜਾਂ ਭਵਿੱਖ ਵੀ ਨਹੀਂ ਹੁੰਦਾ। ਜਲੰਧਰ ਦਾ ਦੇਸ਼ ਭਗਤ ਯਾਦਗਾਰ ਹਾਲ ਉਸਦੀ ਏਸ ਸੋਚ ਦਾ ਸਥੂਲ ਰੂਪ ਹੈ। ਇਸ ਦੇ ਬਾਨੀਆਂ ਬਾਬਾ ਗੁਰਮੁਖ ਸਿੰਘ ਅਤੇ ਸੋਹਨ ਸਿੰਘ ਭਕਨਾ ਆਦਿ ਜੀ ਨੇ ਆਪਣੀਆਂ ਜੱਦੀ ਜ਼ਮੀਨਾਂ ਵੇਚ ਕੇ ਇਹ ਜਗ੍ਹਾ ਖਰੀਦੀ ਸੀ ਅਤੇ ਬਾਅਦ ਵਿਚ ਬਾਬਾ ਬਿਲਗਾ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਇਸ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਅਤੇ ਪਰਧਾਨ ਵਜੋਂ ਸਰਗਰਮ ਰਿਹਾ। ਉਹ ਵਿਦੇਸ਼ਾਂ ਵਿਚ ਜਾ ਕੇ ਪਰਵਾਸੀ ਭਰਾਵਾਂ ਤੋਂ ਇਸ ਅਦਾਰੇ ਲਈ ਪੈਸੇ ਮੰਗਦਾ ਰਿਹਾ ਅਤੇ ਹੁਣ ਇਹ ਅਦਾਰਾ ਪੱਕੇ ਪੈਰੀਂ ਹੋ ਚੁੱਕਿਆ ਹੈ।

ਗ਼ਦਰੀ ਲਹਿਰ ਦੇ ਵਿਰਸੇ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਬਾਬੇ ਬਿਲਗੇ ਨੇ ਸੈਂਕੜੇ ਪੁਸਤਕਾਂ ਅਤੇ ਖਰੜੇ ਇਸ ਯਾਦਗਾਰ ਦੀ ਲਾਇਬਰੇਰੀ ਵਿਚ ਸੰਭਾਲੇ ਜੋ ਹੁਣ ਖੋਜੀਆਂ ਲਈ ਇਕ ਵੱਡਮੁੱਲਾ ਸਰੋਤ ਬਣ ਗਈ ਹੈ।

ਇਸੇ ਲੜੀ ਨੂੰ ਅੱਗੋਂ ਤੋਰਦਿਆਂ ਬਾਬੇ ਬਿਲਗੇ ਨੇ 'ਮੇਰਾ ਵਤਨ', 'ਮੇਰੀ ਸੋਚ ਮੇਰੀ ਸਮਝ', 'ਜੀਵਨੀ ਬਾਬਾ ਗੁਰਮੁਖ ਸਿੰਘ ਲਲਤੋਂ' ਦੀਆਂ ਪੁਸਤਕਾਂ ਲਿਖ ਕੇ ਵੱਡਮੁੱਲੇ ਇਤਿਹਾਸ ਨੂੰ ਗੁੰਮ ਹੋਣ ਤੋਂ ਬਚਾ ਲਿਆ। ਕੋਈ ਵਿਅਕਤੀ ਆਪਣੀ ਇੱਕ ਜ਼ਿੰਦਗੀ ਵਿਚ ਹੋਰ ਕਿੰਨਾ ਕੁ ਕਰ ਸਕਦਾ ਹੈ। ਬਾਬਾ ਬਿਲਗਾ ਭਾਵੇਂ ਆਪ ਤਾਂ ਸਮੇਂ ਦੀ ਰੇਤ ਉੱਤੇ ਆਪਣੇ ਪਦਚਿੰਨ੍ਹ ਛੱਡਦਾ ਹੋਇਆ 22 ਮਈ 2009 ਨੂੰ ਆਪਣਾ ਜੀਵਨ ਪੰਧ ਪੂਰਾ ਕਰ ਗਿਆ। ਪਰ ਅਸੀਂ ਉਸ ਬਾਬੇ ਦੇ ਪੈਰੋਕਾਰ ਉਸ ਦੀ ਕਮਾਈ ਨੂੰ ਸਾਂਭਣ ਦੇ ਯੋਗ ਵੀ ਹਾਂ ਜਾਂ ਨਹੀਂ ਇਹ ਨਿਰਣਾ ਇਤਿਹਾਸ ਆਪਣੀ ਬੁੱਕਲ ਵਿਚ ਲਕੋਈ ਬੈਠਾ ਹੈ।

***

# ਸਾਡੇ ਸਮਿਆਂ ਦੀ ਮਹਾਨ ਸ਼ਖ਼ਸੀਅਤ ਬਾਬਾ ਭਗਤ ਸਿੰਘ ਬਿਲਗਾ

-ਡਾ. ਵੀ. ਕੇ. ਤਿਵਾੜੀ

ਬਾਬੇ ਨੂੰ ਨੇੜਿਓਂ ਜਾਣਨ-ਸਮਝਣ ਵਾਲਿਆਂ ਦੇ ਮਨਾਂ ਅਤੇ ਦਿਲੋ-ਦਿਮਾਗ ਉੱਪਰ, ਉਨ੍ਹਾਂ ਦੇ ਕ੍ਰਾਂਤੀਕਾਰੀ ਵਿਚਾਰਾਂ, ਸਿੱਧਾਂਤਕ ਵਫ਼ਾਦਾਰੀਆਂ ਅਤੇ ਸੰਘਰਸ਼ਾਂ ਦੀਆਂ ਗਾਥਾਵਾਂ ਪੱਕੇ ਤੌਰ 'ਤੇ ਉੱਕਰੀਆਂ ਹੋਈਆਂ ਹਨ। ਉਹ ਨਾ ਸਿਰਫ਼ ਇਕ ਉੱਘੇ ਵਿਚਾਰਕ, ਸਕਾਲਰ, ਲੇਖਕ ਅਤੇ ਕੁਸ਼ਲ ਵਕਤਾ ਵਜੋਂ ਜਾਣੇ ਜਾਂਦੇ ਹਨ, ਬਲਕਿ ਗ਼ਦਰ ਅੰਦੋਲਨ ਦੇ ਨਾਲ ਨਾਲ ਮਨੁੱਖੀ ਇਤਿਹਾਸ ਦੀਆਂ ਦੂਸਰੀਆਂ ਕ੍ਰਾਂਤੀਕਾਰੀ ਮੂਵਮੈਂਟਾਂ ਦੀ ਇਤਿਹਾਸਿਕ ਹੋਂਦ ਦੇ ਰਖਵਾਲੇ ਵਜੋਂ ਉਹ ਜ਼ਿਆਦਾ ਪ੍ਰਸਿੱਧ ਹਨ। ਉਹ ਤਾ ਉਮਰ ਬਿਨਾ ਅੱਕੇ ਥੱਕੇ ਸਮਾਜਿਕ ਆਰਥਿਕ ਨਾਬਰਾਬਰੀ ਦੇ ਤਾਣੇ-ਬਾਣੇ ਅਤੇ ਸਮਾਜਿਕ ਉਤਪਾਦਕ ਰਿਸ਼ਤਿਆਂ ਨੂੰ ਲੋਕਾਈ ਦੀ ਭਲਾਈ ਹਿੱਤ ਬਦਲਣ ਲਈ ਜੂਝਦੇ ਰਹੇ। ਮੈਂ ਖ਼ੁਸ਼ਕਿਸਮਤ ਹਾਂ ਮੈਨੂੰ ਦੇਸ਼ ਭਗਤ ਯਾਦਗਾਰ ਹਾਲ ਅਤੇ ਖਾਸ ਕਰਕੇ ਬਾਬਾ ਭਗਤ ਸਿੰਘ ਬਿਲਗਾ ਦੀਆਂ ਮਾਣਮੱਤੀਆਂ ਪ੍ਰੰਪਰਾਵਾਂ ਦਾ ਨਿੱਘ ਮਿਲਿਆ, ਜੋ ਹਮੇਸ਼ਾ ਮੇਰੇ ਅਤੇ ਮੇਰੇ ਪਰਿਵਾਰ ਲਈ ਆਦਰਸ਼ ਰਹੇ। ਡਾ. ਜੀ. ਐੱਸ. ਬੁੱਟਰ ਜਿਹੇ ਮਿੱਤਰਾਂ ਵੱਲੋਂ ਬਾਬਾ ਭਗਤ ਸਿੰਘ ਬਿਲਗਾ ਦੇ ਸੰਘਰਸ਼ਾਂ ਨੂੰ ਪੁਸਤਕ ਰੂਪ ਵਿਚ ਸਦੀਵੀ ਬਣਾਉਣ ਲਈ ਕੀਤਾ ਜਾ ਰਿਹਾ ਉਪਰਾਲਾ, ਸੱਚ ਵਿਚ ਹੀ ਸਲਾਹੁਣਯੋਗ ਹੈ। ਇਹ ਛੋਟਾ ਜਿਹਾ ਲੇਖ ਗ਼ਦਰ ਅੰਦੋਲਨ ਉੱਪਰ ਕੋਈ ਆਲੋਚਨਾਤਮਕ ਮੁਲਾਂਕਣ ਨਹੀਂ ਹੈ, ਇਹ ਤਾਂ ਮਹਿਜ਼ ਉਸ ਮਹਾਨ ਸ਼ਖ਼ਸੀਅਤ ਨੂੰ ਮੇਰੇ ਵੱਲੋਂ ਇਕ ਭਾਵਭਿੰਨੀ ਸ਼ਰਧਾਂਜਲੀ ਹੈ।

ਡਿਜਕੋਟ ਖ਼ਾਲਸਾ ਹਾਈ ਸਕੂਲ ਅਲਾਵਲਪੁਰ (1966-1968) ਵਿਖੇ ਬਤੌਰ ਵਿਦਿਆਰਥੀ ਗੁਜ਼ਾਰੇ ਦੋ ਵਰ੍ਹੇ ਮੇਰੀ ਜ਼ਿੰਦਗੀ ਵਿਚ ਬਹੁਤ ਅਹਿਮੀਅਤ ਰੱਖਦੇ ਹਨ, ਕਿਉਂਕਿ ਮੁੱਖ ਅਧਿਆਪਕ ਸ. ਮਹਿੰਗਾ ਸਿੰਘ ਦੀ ਛਾਂ ਹੇਠ ਮੇਰੀ ਸਮਝ ਵਿਕਸਿਤ ਹੋਣੀ ਸ਼ੁਰੂ ਹੋ ਗਈ। ਹੋਰਨਾਂ ਬਹੁਤ ਸਾਰੇ ਵਿਚਾਰਾਂ ਤੋਂ ਇਲਾਵਾ ਮੈਨੂੰ ਇਹ ਵੀ ਸਮਝ ਲੱਗਣ ਲੱਗ ਪਈ ਕਿ ਇਨ੍ਹਾਂ ਸਮਾਜਿਕ ਅਸਮਾਨਤਾਵਾਂ ਦੇ ਅਸਲ ਵਿਚ ਕਾਰਨ ਕੀ ਹਨ? ਉਥੇ ਮੇਰਾ ਜਮਾਤੀ ਸੰਘਵਾਲ ਪਿੰਡ ਦਾ ਹਰਮਨ ਸਿੰਘ ਸੀ ਜਿਸ ਦਾ ਪੂਰਾ ਪਰਿਵਾਰ ਹੀ ਕ੍ਰਾਂਤੀਕਾਰੀਆਂ ਦਾ ਪਰਿਵਾਰ ਸੀ। ਮਹਾਨ ਮਾਰਕਸੀ ਸਕਾਲਰ ਅਤੇ ਸਿੱਖਿਆ ਸ਼ਾਸਤਰੀ ਮਹਿੰਗਾ ਸਿੰਘ ਹੋਰਾਂ ਸਾਨੂੰ ਸੰਘਵਾਲ ਪਿੰਡ ਦੇ ਗ਼ਦਰੀਆਂ ਦੇ ਕਾਰਨਾਮਿਆਂ ਤੋਂ ਜਾਣੂ ਕਰਵਾਇਆ। ਅਸੀਂ ਅਕਸਰ ਹਰਮਨ ਦੇ ਘਰ ਜਾਂਦੇ। ਹਰਮਨ ਦੇ ਚੀਜ਼ਾਂ ਨੂੰ ਸਮਝਣ ਦੇ ਦ੍ਰਿਸ਼ਟੀਕੋਣ ਨੇ ਮੈਨੂੰ ਹਮੇਸ਼ਾ ਪ੍ਰੇਰਿਤ ਕੀਤਾ ਅਤੇ ਉਸ ਦੇ ਪਰਿਵਾਰ ਦੇ ਕ੍ਰਾਂਤੀਕਾਰੀ ਇਤਿਹਾਸ ਨੂੰ ਜਾਣਕੇ ਮੈਂ ਹੈਰਾਨ ਰਹਿ ਗਿਆ। ਉਸ ਦੇ ਦਾਦਾ

ਸ਼ਹੀਦ ਬਾਬਾ ਬੰਤਾ ਸਿੰਘ ਨੇ ਆਪਣੇ ਹੀ ਪਿਓ ਦੇ ਵਹੀ-ਖਾਤਿਆਂ ਨੂੰ ਅੱਗ ਹਵਾਲੇ ਕਰ ਦਿੱਤਾ, ਜਿਹਨਾਂ ਵਿਚ ਲੋਕਾਂ ਨੂੰ ਦਿੱਤੇ ਕਰਜ਼ਿਆਂ ਦਾ ਹਿਸਾਬ-ਕਿਤਾਬ ਦਰਜ ਸੀ। ਉਹ ਬਿਪਤਾ ਵਿਚ ਘਿਰੇ ਲੋਕਾਂ ਦੀ ਮੱਦਦ ਲਈ ਕਾਂਗੜਾ ਗਏ। ਪੈਸੇ ਕਮਾਉਣ ਲਈ ਵਿਦੇਸ਼ ਗਏ ਅਤੇ ਛੇਤੀ ਹਥਿਆਰਬੰਦ ਕ੍ਰਾਂਤੀ ਦੀ ਚਿੰਗਾਰੀ ਅੰਦਰ ਬਾਲਕੇ ਵਾਪਿਸ ਪਰਤ ਆਏ ਤਾਂ ਜੋ ਬਰਤਾਨੀਆ ਸਾਮਰਾਜ ਦੇ ਪੰਜਿਆਂ ਵਿਚੋਂ ਦੇਸ਼ ਨੂੰ ਕੱਢਿਆ ਜਾ ਸਕੇ। ਗ਼ਦਰੀਆਂ ਦੇ ਬਲੀਦਾਨਾਂ ਨੂੰ ਸ਼ਰਧਾਂਜਲੀ ਦਿੰਦੀ ਤਖਤੀ, ਜਿਹੜੀ ਸੰਘਵਾਲ ਵਿਖੇ ਸੁਸ਼ੋਭਿਤ ਹੈ, ਇਕ ਇਤਿਹਾਸਕ ਯਾਦਗਾਰ ਹੈ। ਬਾਅਦ ਵਿਚ, ਬਾਬਾ ਜੀ ਦੀ ਪੋਤਰੀ, ਡਾ. ਜਸਬੀਰ ਕੌਰ ਗਿੱਲ ਅਤੇ ਉਨ੍ਹਾਂ ਦੇ ਪਤੀ ਉੱਘੇ ਸਰਜਨ ਅਤੇ ਸਮਾਜਿਕ ਕਾਰਕੁੰਨ ਡਾ. ਜੀ. ਐਸ. ਗਿੱਲ ਨੇ ਵਿਸ਼ੇਸ਼ ਉਪਰਾਲੇ ਕਰਕੇ 1992 ਵਿਚ ਸ਼ਹੀਦ ਬਾਬਾ ਬੰਤਾ ਸਿੰਘ ਸੰਘਵਾਲ ਵੈਲਫੇਅਰ ਟਰੱਸਟ ਸਥਾਪਿਤ ਕੀਤਾ। ਟਰੱਸਟ ਦੀਆਂ ਕੋਸ਼ਿਸ਼ਾਂ ਰੰਗ ਲਿਆਈਆਂ-ਨਤੀਜੇ ਵਜੋਂ ਸ਼ਹੀਦ ਦਾ ਬੁੱਤ ਸਥਾਪਿਤ ਕੀਤਾ ਗਿਆ ਅਤੇ ਉਸ ਸਥਾਨ ਦਾ ਨਾਂ ਬਾਬਾ ਬੰਤਾ ਸਿੰਘ ਸੰਘਵਾਲ ਚੌਕ ਰੱਖਿਆ ਗਿਆ ਅਤੇ ਗ਼ਦਰ ਦੀ ਲੋਅ ਮਘਦੀ ਰੱਖਣ ਲਈ ਸਾਲਾਨਾ ਟੂਰਨਾਮੈਂਟ ਦਾ ਆਯੋਜਨ ਹੋਣ ਲਗ ਪਿਆ। ਅਸਲ ਵਿਚ ਗ਼ਦਰੀ ਸਰਗਰਮੀਆਂ ਲਈ ਸੰਘਵਾਲ ਗ਼ਦਰੀਆਂ ਦੇ ਮੱਕੇ ਵਜੋਂ ਜਾਣਿਆ ਜਾਣ ਲੱਗਾ ਸੀ। ਅਸਲ ਵਿਚ, ਹੈੱਡ ਮਾਸਟਰ ਮਹਿੰਗਾ ਸਿੰਘ ਦੀ ਪ੍ਰੇਰਣਾ ਤੇ ਮੱਦਦ ਸਦਕਾ, ਅਲਾਵਲਪੁਰ ਦੀ ਨੌਜਵਾਨ ਸਭਾ ਨੇ ਬਹੁਤ ਸਾਰੇ ਸਮਾਜਿਕ ਕਾਰਜ ਨੇਪਰੇ ਚਾੜ੍ਹੇ ਜਿਵੇਂ ਕਿ ਸੈਨੀਟੇਸ਼ਨ ਕੈਂਪੇਂਲ, ਸਭਿਆਚਾਰਕ ਪ੍ਰਦਰਸ਼ਨੀਆਂ, ਸ਼ਾਮ ਵੇਲੇ ਵਿਦਿਆਰਥੀਆਂ ਨੂੰ ਪੜ੍ਹਾਉਣਾ, ਖਾਸ ਕਰਕੇ ਉਦੋਂ ਜਦੋਂ ਮੈਂ ਜਲੰਧਰ ਦੇ DAV College ਵਿਚ ਅੰਗਰੇਜ਼ੀ ਦੇ ਪਰਾ-ਅਧਿਆਪਕ ਵਜੋਂ ਨਿਯੁਕਤ ਹੋਇਆ। ਨੌਜਵਾਨਾਂ ਦਾ ਇਹ ਸਮੂਹ ਯੁਵਾ ਵਰਗ ਵਿਚ ਅਨਪੜ੍ਹਤਾ, ਗ਼ਰੀਬੀ, ਬੇਰੁਜ਼ਗਾਰੀ ਅਤੇ ਦੂਜੀਆਂ ਸਮਾਜਿਕ ਬੁਰਾਈਆਂ ਜਿਵੇਂ ਭ੍ਰਿਸ਼ਟਾਚਾਰ, ਜਾਤ-ਪ੍ਰਥਾ, ਦਾਜ ਪ੍ਰਥਾ ਆਦਿ ਪਿੱਛੇ ਪਏ ਸਮਾਜਿਕ-ਆਰਥਿਕ ਅਤੇ ਹੋਰ ਕਾਰਨਾਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਮਹੱਤਵਪੂਰਣ ਕਦ : ਬਣਿਆ। ਹੈੱਡ ਮਾਸਟਰ ਮਹਿੰਗਾ ਸਿੰਘ, ਹੈੱਡ ਮਾਸਟਰ ਰਘਬੀਰ ਸਿੰਘ, ਹੈੱਡ ਮਾਸਟਰ ਸੋਹਣ ਸਿੰਘ ਵਰਗੇ ਮਹਾਨ ਸਿੱਖਿਆ ਸ਼ਾਸਤਰੀਆਂ ਦੀ ਪ੍ਰੇਰਨਾ ਅਧੀਨ ਨੌਜਵਾਨਾਂ ਅੰਦਰ ਦੇਸ਼ ਭਗਤਾਂ ਦੇ ਸੁਪਨੇ ਦਾ ਭਾਰਤ ਪੈਦਾ ਕਰਨ ਦੀ ਇੱਛਾ ਪੈਦਾ ਹੋਈ। ਅਸੀਂ ਆਪਣੀ ਉਦਾਹਰਣ ਦੁਆਰਾ ਨਵੇਂ ਵਿਚਾਰਾਂ ਦੀ ਸਥਾਪਨਾ ਕਰਨਾ ਚਾਹੁੰਦੇ ਸੀ, ਖਾਸ ਕਰਕੇ ਪ੍ਰੋਫੈਸ਼ਨਲ ਇਕਮੁੱਠਤਾ, ਅੰਤਰ-ਅਨੁਸਾਸ਼ਨੀ ਵਿਧੀਆਂ ਦੁਆਰਾ ਗਿਆਨ ਦੇ ਨਵੇਂ ਖੇਤਰਾਂ ਦੀ ਪੜਚੋਲ, ਸਾਦਾ ਤੇ ਦਾਜ ਰਹਿਤ ਵਿਆਹ ਅਤੇ ਹੋਰ ਉਹ ਸਾਰੇ ਕੰਮ ਜਿਨ੍ਹਾਂ ਰਾਹੀਂ ਅਸੀਂ ਸਮਾਜ ਦੇ ਦੂਸਰੇ ਲੋਕਾਂ ਦੀ ਮਦਦ ਕਰ ਸਕਦੇ ਇਹ ਕਹਿਣਾ ਸਹੀ ਹੀ ਹੋਵੇਗਾ ਕਿ ਮੈਂ ਹੈੱਡ ਮਾਸਟਰ ਮਹਿੰਗਾ ਸਿੰਘ ਨਾਲ ਘੱਟ ਦਾਜ ਵਿਆਹ ਦਾ ਵਾਅਦਾ ਪੂਰਾ ਕੀਤਾ ਜਿਸ ਵਿਚ ਮੇਰੀ ਹੋਣ ਵਾਲੀ ਸਾਥਣ ਮਿਸਜ਼ ਸਰਿਤਾ ਤਿਵਾੜੀ, ਅੰਗਰੇਜ਼ੀ ਪਰਾ ਅਧਿਆਪਕਾ ਨੇ ਮੇਰੀ ਪੂਰੀ ਮਦਦ-ਕਰਦਿਆਂ ਆਪਣੇ ਮਾਂ-ਬਾਪ ਨਾਲ ਲੜ ਕੇ ਮੇਰਾ ਪੂਰਾ ਸਾਥ ਦਿੱਤਾ। ਇਸ ਤੋਂ ਇਲਾਵਾ ਮੇਰੀ ਸਖ਼ਤ ਮਿਹਨਤ, ਇਮਾਨਦਾਰੀ, ਨਿਰਪੱਖ ਪਰਿਵਾਰ, ਮੇਰਾ ਸਕੂਲ, ਮੇਰੇ ਅਧਿਆਪਕ ਸਿੱਖਿਆ ਸ਼ਾਸਤਰੀ ਅਤੇ ਹੋਰ ਦੋਸਤ ਮੇਰੀ ਤਾਕਤ ਦਾ ਸਰੋਤ ਰਹੇ ਤੇ ਮੈਂ ਪ੍ਰਾਇਮਰੀ ਪੱਧਰ ਤੋਂ ਹੀ ਯੂਨੀਵਰਸਿਟੀ ਤੱਕ ਦੇ ਪਬਲਿਕ ਫੰਡ, ਸਿੱਖਿਆ ਪ੍ਰਣਾਲੀ ਨੂੰ ਬਚਾਉਣ ਲਈ ਇਤਿਹਾਸਿਕ ਸੰਘਰਸ਼ ਵਿਚ ਪੈਂਦਾ ਰਿਹਾ। ਜਦੋਂ ਮੈਂ AI fucto ਦਾ ਰਾਸ਼ਟਰੀ

ਸਕੱਤਰ ਚੁਣਿਆ ਗਿਆ। ਮਸ਼ਹੂਰ ਹੈੱਡਮਾਸਟਰ ਰਘਬੀਰ ਸਿੰਘ ਦੇ ਸ਼ਬਦ ਕਿ ਵੀ. ਕੇ. ਤਿਵਾੜੀ ਇਕ ਦਿਨ ਜ਼ਰੂਰ ਹੀ ਮਹਾਨ ਟਰੇਡ-ਯੂਨੀਅਨ ਦੇ ਲੀਡਰ ਦੇ ਤੌਰ 'ਤੇ ਜਾਣਿਆ ਜਾਵੇਗਾ, ਵੀ ਮੈਨੂੰ ਯਾਦ ਆਉਂਦੇ ਹਨ। ਬਜ਼ੁਰਗਾਂ ਦੀ ਪ੍ਰੇਰਨਾ ਸਦਕਾ ਮੈਂ ਰਾਸ਼ਟਰੀ ਸਕੱਤਰ ਦੇ ਤੌਰ 'ਤੇ 16 ਸਾਲ ਅਤੇ ਫਿਰ Aifucto ਜਰਨਲ ਸਕੱਤਰ ਦੇ ਤੌਰ 'ਤੇ ਅਨੁਭਵ ਪ੍ਰਾਪਤ ਕੀਤਾ। ਇਹ ਪਦਵੀਆਂ ਹਮੇਸ਼ਾ ਵਧੇਰੇ ਮਿਹਨਤ ਦੀ ਮੰਗ ਕਰਦੀਆਂ ਰਹੀਆਂ ਜਿਸ ਨੂੰ ਮੈਂ, ਆਪਣੇ ਪਰਿਵਾਰ-ਸਰਿਤਾ ਤਿਵਾੜੀ ਅਤੇ ਬੱਚਿਆਂ ਤੋਂ ਸਿੱਖਿਆ।

1970ਵਿਆਂ ਦੇ ਅੰਤ ਵਿਚ ਮੈਂ ਦੇਸ਼ ਭਗਤ ਯਾਦਗਾਰ ਹਾਲ, ਜਾਣਾ ਸ਼ੁਰੂ ਕਰ ਦਿੱਤਾ ਤੇ ਕਾਮਰੇਡ ਨੌਨਿਹਾਲ ਸਿੰਘ ਤੇ ਹੋਰ ਰੌਸ਼ਨ ਦਿਮਾਗ਼ ਲੋਕਾਂ ਤੇ ਬਾਬਾ ਭਗਤ ਸਿੰਘ ਬਿਲਗਾ ਵਰਗੀ ਨਾਯਾਬ ਸ਼ਖ਼ਸੀਅਤਾਂ ਨੂੰ ਮਿਲਿਆ ਤੇ ਉਨ੍ਹਾਂ ਤੋਂ ਪ੍ਰਭਾਵਿਤ ਹੋਇਆ। ਦੇਸ਼ ਭਗਤ ਯਾਦਗਾਰ ਹਾਲ, ਉਨ੍ਹਾਂ ਸਾਰੀਆਂ ਸੰਸਥਾਵਾਂ ਦੀਆਂ ਵਿਚਾਰ-ਚਰਚਾਵਾਂ ਦਾ ਕੇਂਦਰ ਸੀ ਜੋ ਨੀਤੀ ਨਿਰਧਾਰਣ, ਭਵਿੱਖੀ ਸੰਘਰਸ਼ ਅਤੇ ਵੱਖ-ਵੱਖ ਨਵ-ਉਦਾਰਵਾਦੀ ਨੀਤੀਆਂ ਵਿਰੁੱਧ ਕਾਰਵਾਈ ਸਬੰਧੀ ਮੀਟਿੰਗਾਂ ਕਰਦੀਆਂ ਸਨ। ਅਧਿਆਪਕਾਂ ਦੀ ਮੂਵਮੈਂਟ, ਪੰਜਾਬ ਅਤੇ ਚੰਡੀਗੜ੍ਹ ਕਾਲਜ ਅਧਿਆਪਕ ਯੂਨੀਅਨ (PCCTU) ਦੇ ਕਰਿੰਦੇ ਹੋਣ ਨਾਤੇ ਅਸੀਂ ਦੇਸ਼ ਭਗਤ ਯਾਦਗਾਰ ਹਾਲ ਅਕਸਰ ਹੀ ਮੀਟਿੰਗਾਂ ਲਈ ਇਕੱਠੇ ਹੁੰਦੇ ਰਹਿੰਦੇ ਸਾਂ, ਇਨ੍ਹਾਂ ਮੀਟਿੰਗਾਂ ਦੌਰਾਨ ਬਾਬਾ ਜੀ ਨਾਲ ਭਾਵਨਾਤਮਕ ਸਾਂਝ ਬਣਾਈ ਰੱਖਣਾ ਤੇ ਉਨ੍ਹਾਂ ਦੇ ਨਿੱਜੀ ਤੇ ਸੰਸਥਾਗਤ ਅਨੁਭਵਾਂ (ਖਾਸ ਕਰਕੇ ਗ਼ਦਰ ਮੂਵਮੈਂਟ ਨਾਲ ਸੰਬੰਧਿਤ) ਵਿਚੋਂ ਸਿੱਖਣਾ ਲਾਜ਼ਮੀ ਹੋ ਜਾਂਦਾ ਸੀ। ਦੂਸਰੇ ਅਧਿਆਪਕ ਲੀਡਰ, ਪ੍ਰੋ. ਦਿਲਬਾਗ ਸਿੰਘ ਗਿੱਲ, ਤਰਸੇਮ ਬਾਹੀਆ, ਸੁਖਬੀਰ ਸਿੰਘ ਚੱਠਾ, ਰਬਿੰਦਰ ਸ਼ਰਮਾ ਅਤੇ ਬਾਦ ਵਿਚ ਡਾ. ਆਰ.ਬੀ. ਸਿੰਘ, ਚੰਦਰ ਸ਼ੇਖਰ, ਡਾ. ਅਨੂਪ ਕੁਮਾਰ ਵਤਸ ਅਤੇ ਕਈ ਹੋਰ ਦੇਸ਼ ਭਗਤ ਯਾਦਗਾਰ ਹਾਲ ਆਉਂਦੇ ਤੇ ਬਾਬਾ ਜੀ ਦਾ ਚਰਣ ਸਪਰਸ਼ ਕਰਦੇ ਕੁਝ ਮਿੰਟ ਉਨ੍ਹਾਂ ਕੋਲ ਬੈਠਦੇ, ਉਤਸ਼ਾਹਿਤ ਹੁੰਦੇ ਅਗਾਂਹ ਤੁਰ ਜਾਂਦੇ। ਬਾਬਾ ਬਿਲਗਾ ਦੇ ਵਿਚਾਰਾਂ ਦਾ ਪ੍ਰਭਾਵ ਇਨ੍ਹਾਂ ਲੋਕਾਂ ਦੇ ਨਿੱਜੀ ਅਤੇ ਪ੍ਰੋਫੈਸ਼ਨਲ ਪ੍ਰੋਫ਼ਾਇਲ ਨੂੰ ਦੇਖ ਕੇ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਮਿਸਿਜ਼ ਤਿਵਾੜੀ, ਜਿਨ੍ਹਾਂ ਦੀ ਬਾਬਾ ਜੀ ਨੇ ਹਮੇਸ਼ਾਂ ਹੀ ਅੱਵਲ ਦਰਜੇ ਦੇ ਵਕਤਾ ਪ੍ਰਤੀਬੱਧ ਵਿਅਕਤੀ ਅਤੇ ਬੇਹਤਰੀਨ ਨੈਤਿਕ ਗੁਣਾਂ, ਵਾਲੇ ਵਿਅਕਤੀ ਹੋਣ ਨਾਤੇ ਤਾਰੀਫ਼ ਕੀਤੀ, ਦੇ ਨਾਲ ਮੈਂ ਅਕਸਰ ਹੀ ਬਾਬਾ ਬਿਲਗਾ ਜੀ ਕੋਲ ਇਨਕਲਾਬੀ ਵਿਚਾਰਾਂ ਤੇ ਸੰਘਰਸ਼ ਦੇ ਇਤਿਹਾਸ ਬਾਰੇ ਜਾਣਨ ਜਾਂਦਾ।

ਬਾਬਾ ਬਿਲਗਾ ਪਬਲਿਕ ਫੰਡਿਡ, ਸਿੱਖਿਆ ਪ੍ਰਬੰਧ ਅਧੀਨ ਗੁਣਾਤਮਕ ਸਿੱਖਿਆ ਦੇਣ ਦੇ ਹੱਕ ਵਿਚ ਸਨ। ਉਹ ਹਮੇਸ਼ਾ ਹੀ ਵਿਦਿਆ, ਕੰਮ ਨਿਵਾਸ ਅਤੇ ਭੋਜਨ ਦੇ ਮੁੱਢਲੇ ਹੱਕਾਂ ਦੀ ਵਕਾਲਤ ਕਰਦੇ ਰਹੇ। ਸਾਡੇ ਉੱਚ ਸਿੱਖਿਆ ਨੂੰ ਬਚਾਉਣ ਅਤੇ ਇਸਨੂੰ ਗੁਣਾਤਮਕ ਬਣਾਉਣ ਦੇ ਸਾਡੇ ਯਤਨਾਂ ਦੀ ਉਨ੍ਹਾਂ ਹਮੇਸ਼ਾ ਹੀ ਪ੍ਰਸੰਸਾ ਕੀਤੀ। ਦੇਸ਼ ਭਗਤ ਯਾਦਗਾਰ ਹਾਲ ਵਿਚ ਮੀਟਿੰਗਾਂ ਤੇ ਕਾਨਫ਼ਰੰਸਾਂ ਕੀਤੀਆਂ ਜਾਂਦੀਆਂ ਅਤੇ ਬਾਬਾ ਬਿਲਗਾ ਉਸ ਦੀ ਪ੍ਰਧਾਨਗੀ ਕਰਦੇ। ਉਨ੍ਹਾਂ ਦੇ ਪ੍ਰਧਾਨਗੀ ਭਾਸ਼ਣ ਦੀ ਲੋਕ ਤਹਿ-ਦਿਲੀ ਨਾਲ ਇੰਤਜ਼ਾਰ ਕਰਦੇ। ਉਹ ਗ਼ਰੀਬਾਂ, ਬੇ-ਜ਼ਮੀਨੇ ਤੇ ਬੇਰੁਜ਼ਗਾਰਾਂ ਦੀ ਵੱਧ ਰਹੀ ਗਿਣਤੀ ਵੱਲ ਵੇਖ ਕੇ ਬੇਚੈਨ ਹੁੰਦੇ ਤੇ ਐਕਟੀਵਿਸਟ ਸਰੋਤਿਆਂ ਨੂੰ ਹਮੇਸ਼ਾ ਉਨ੍ਹਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਪ੍ਰੇਰਦੇ ਰਹਿੰਦੇ।

ਅਸੀਂ ਜਦੋਂ ਵੀ ਆਪਣੀਆਂ ਮੀਟਿੰਗਾਂ 'ਚ ਬੈਠਦੇ ਹਾਂ ਕਈ ਵਾਰ ਬਾਬਾ ਜੀ ਥੋੜ੍ਹਾ ਪਰ੍ਹਾਂ ਹੋ ਕੇ ਬਹਿ ਜਾਂ ਖਲੋ ਕੇ ਸਾਡੀਆਂ ਬਹਿਸਾਂ ਵੱਲ ਆਪਣਾ ਕੰਨ ਰੱਖਦੇ। ਅਕਸਰ ਹੀ ਬਾਦ ਵਿਚ ਉਹ ਮੈਨੂੰ ਤੇ ਦੂਜਿਆਂ ਨੂੰ ਅਜਿਹੇ ਕਾਰਜ ਕਰਨ ਤੇ ਸਮਾਜਿਕ ਇਨਕਲਾਬ ਦਾ ਝੰਡਾ ਉੱਚਾ ਚੁੱਕਣ ਦਾ ਪ੍ਰੋਤਸਾਹਨ ਦਿੰਦੇ। ਅਜਿਹੀਆਂ ਬਹਿਸਾਂ ਵੇਲੇ ਉਹ ਅਕਸਰ ਹੀ ਗ਼ਦਰ ਲਹਿਰ ਦੇ ਮਹਾਨ ਬਲੀਦਾਨਾਂ ਦੀ ਗੱਲ ਕਰਦਿਆਂ ਭਾਵੁਕ ਹੋ ਜਾਂਦੇ। ਉਨ੍ਹਾਂ ਲਈ ਗ਼ਦਰ ਲਹਿਰ ਇਕ ਲੋਕਤਾਂਤਰਿਕ ਲਹਿਰ ਸੀ ਜਿਸ ਵਿਚ ਕਿਸੇ ਵੀ ਇਕ ਧਰਮ ਨੂੰ ਕੋਈ ਖ਼ਾਸ ਮਾਨਤਾ ਨਹੀਂ ਸੀ। ਇਹ ਲਹਿਰ ਵੱਖ-ਵੱਖ ਵਿਸ਼ਵਾਸਾਂ ਵਾਲੇ ਲੋਕਾਂ ਦੀ ਲਹਿਰ ਸੀ ਜੋ ਭਾਰਤ ਨੂੰ ਅੰਗਰੇਜ਼ ਸਾਮਰਾਜਵਾਦ ਤੋਂ ਆਜ਼ਾਦੀ ਦਿਵਾਉਣਾ ਚਾਹੁੰਦੇ ਸਨ। ਇਹ ਗੱਲਾਂ ਕਰਦਿਆਂ ਉਨ੍ਹਾਂ ਦਾ ਮੁੱਖ ਚਮਕ ਉੱਠਦਾ ਸੀ, ਤੇ ਸਰੀਰਕ ਹਾਵ-ਭਾਵ ਇਕ ਵਿਲੱਖਣ ਸ਼ਕਤੀ ਦੀ ਝਲਕ ਦਿੰਦੇ ਸਨ।

ਬਾਬਾ ਬਿਲਗਾ ਨੇ ਨੌਜਵਾਨਾਂ ਵਿਚ ਇਨਕਲਾਬੀ ਚੇਤਨਾ ਪੈਦਾ ਕਰਨ ਦਾ ਇਕ ਨਵਾਂ ਢੰਗ ਸੁਝਾਇਆ। ਉਨ੍ਹਾਂ 1992 ਵਿਚ ਕਾਮਰੇਡ ਨੌ ਨਿਹਾਲ ਸਿੰਘ ਤੇ ਕਾਮਰੇਡ ਗੁਰਮੀਤ ਦੇ ਕਹਿਣ ਤੇ ਦੇਸ਼ ਭਗਤ ਯਾਦਗਾਰ ਹਾਲ ਵਿਚ 'ਮੇਲਾ ਗ਼ਦਰੀ ਬਾਬਿਆਂ ਦਾ' ਸ਼ੁਰੂ ਕਰਵਾਇਆ, ਇਹ ਮੇਲਾ ਅਜੇ ਵੀ ਹਰ-ਸਾਲ ਕਰਵਾਇਆ ਜਾ ਰਿਹਾ ਹੈ। ਆਡਿਆਲੋਜੀਕਲ, ਲੋਕਤਾਂਤਰਿਕ ਤੇ ਸਮਾਜਵਾਦੀ ਚੇਤਨਾ ਪੈਦਾ ਕਰਨ ਵਿਚ ਇਸ ਮੇਲੇ ਦੀ ਖ਼ਾਸ ਭੂਮਿਕਾ ਰਹੀ ਹੈ।

ਬਾਬਾ ਬਿਲਗਾ ਹਮੇਸ਼ਾ ਹੀ ਡਾਇਲਾਗ ਤੇ ਡਾਇਲੌਜੀਕਲ ਚੇਤਨਾ ਨੂੰ ਪ੍ਰੋਤਸਾਹਿਤ ਕਰਦੇ ਰਹੇ ਹਨ। ਉਨ੍ਹਾਂ ਦਾ ਨਜ਼ਰੀਆ ਹਮੇਸ਼ਾ ਹੀ ਖੁੱਲ੍ਹ ਦਿਲਾ ਰਿਹਾ। ਆਪਣੀ ਵਿਚਾਰਧਾਰਾ ਦੇ ਸੰਦਰਭ ਵਿਚ ਉਹ ਹਮੇਸ਼ਾ ਹੀ ਲਚਕ ਰਹਿਤ ਨਾ ਰਹੇ ਤੇ ਨਵੇਂ ਵਿਚਾਰਾਂ ਉੱਤੇ ਚਰਚਾ ਲਈ ਹਮੇਸ਼ਾ ਤਿਆਰ ਰਹੇ। ਉਹ ਫਾਸੀਵਾਦ ਦੇ ਕੱਟੜ ਵਿਰੋਧੀ ਰਹੇ ਤੇ ਅਕਸਰ ਹੀ ਫਾਸੀਵਾਦ ਦੇ ਇਤਿਹਾਸ ਤੇ ਉਨ੍ਹਾਂ ਤਾਕਤਾਂ ਨੂੰ ਨੰਗਾ ਕਰਦੇ ਰਹੇ ਜੋ ਫਾਸੀਵਾਦੀ ਪ੍ਰੋਜੈਕਟਾਂ ਅਤੇ ਕਾਰਜਾਂ ਨੂੰ ਪੈਦਾ ਕਰਦੀਆਂ ਸਨ। ਉਹ ਗ਼ਦਰ ਲਹਿਰ ਦੇ ਉਨ੍ਹਾਂ ਸ਼ਕਤੀਸ਼ਾਲੀ ਵਿਚਾਰਾਂ ਦੇ ਫੈਲਾਅ ਲਈ ਸੰਘਰਸ਼ਸ਼ੀਲ ਰਹੇ ਜੋ ਸਾਮਰਾਜਵਾਦ ਦੇ ਵਿਰੋਧ ਵਿਚ ਕਾਰਜਸ਼ੀਲ ਰਾਜਨੀਤਿਕ ਚੇਤਨਾ ਦਾ ਨਿਰਮਾਣ ਕਰ ਸਕਦੇ ਸਨ ਅਤੇ ਭਾਰਤ ਵਿਚ ਨਵੇਂ ਸਮਾਜਵਾਦੀ ਸਮਾਜ ਦੀ ਸਥਾਪਨਾ ਕਰ ਸਕਦੇ ਸਨ, ਜਿਵੇਂ ਲੈਟਿਨ ਅਮਰੀਕਾ ਦੇ ਵੈਨੇਜ਼ੁਵੇਲਾ ਅਤੇ ਹੋਰ ਰਾਸ਼ਟਰਾਂ ਦੇ ਵਿਚ ਹੋਇਆ।

ਬਾਬਾ ਬਿਲਗਾ ਗਰਮੀਆਂ ਦੌਰਾਨ ਸਮਰ-ਕੈਂਪ ਲਗਾਉਂਦੇ। ਉਹ ਆਪਣੇ ਸਾਥੀਆਂ ਨਾਲ ਬੈਠ ਬਹਿਸਾਂ ਵਿਚ ਹਿੱਸਾ ਲੈਂਦੇ ਤੇ ਅਜੋਕੇ ਮਹੱਤਵਪੂਰਣ ਵਿਸ਼ਿਆਂ ਉੱਤੇ ਨੌਜਵਾਨਾਂ ਸਾਹਮਣੇ ਅਨੁਭਵੀ ਵਿਅਕਤੀਆਂ ਦੇ ਦਾਰਸ਼ਨਿਕ ਵਿਚਾਰ ਰਖਵਾਉਂਦੇ। ਇਨ੍ਹਾਂ ਕੈਂਪਾਂ ਦੌਰਾਨ ਦਾ ਮੇਰਾ ਅਨੁਭਵ ਬੜਾ ਸਿੱਖਿਆ ਭਰਪੂਰ ਰਿਹਾ। ਇਨ੍ਹਾਂ ਕੈਂਪਾਂ 'ਚ ਨੌਜਵਾਨ ਮੁੰਡੇ ਤੇ ਕੁੜੀਆਂ ਵਿਚਾਰ ਤੇ ਕਾਰਜ ਦੀ ਪੂਰੀ ਗਹਿਰ-ਗੰਭੀਰਤਾ, ਵਿਲੱਖਣ ਆਤਮ ਸੰਜਮ ਅਤੇ ਵੱਖ-ਵੱਖ ਪ੍ਰਵਚਨਾਂ ਦੀ ਪ੍ਰਪੱਕ ਸੂਝ ਗ੍ਰਹਿਣ ਕਰਦੇ। ਜਿਵੇਂ ਕਿ ਸਮਾਜਿਕ, ਇਤਿਹਾਸਕ, ਆਰਥਿਕ, ਸਭਿਆਚਾਰਕ ਦਾਰਸ਼ਨਿਕ ਖਾਸ ਕਰਕੇ ਮਾਰਕਸਵਾਦੀ ਅਤੇ ਇਤਿਹਾਸਕ ਸੰਘਰਸ਼ ਨਾਲ ਰਲ -ਗੱਡ ਸਿੱਧਾਂਤਕ ਸਮਝ ਆਦਿ। ਇਨ੍ਹਾਂ ਕੈਂਪਾਂ ਵਿਚ ਨੌਜਵੰਾਨਾਂ ਨੂੰ ਗੱਲਬਾਤ ਕਰਨ, ਨੀਂਹ ਤੇ ਉਸਾਰ ਵਿਚ ਇਨਕਲਾਬੀ ਪਰਿਵਰਤਨ ਲਿਆਉਣ ਵਰਗੇ ਮਹੱਤਵਪੂਰਣ ਮੁੱਦੇ ਚੁੱਕਣ ਦਾ ਮੌਕਾ ਦਿੰਦੇ। ਬਹਿਸ ਦਾ ਪੱਧਰ ਬੜਾ ਵਿਲੱਖਣ ਹੁੰਦਾ, ਧਾਰਨਾਵਾਂ ਦਾ ਇਤਿਹਾਸ ਕਰਣ

ਅਧਿਆਪਕਾਂ ਤੇ ਗੱਲਬਾਤ ਦਾ ਕੇਂਦਰ ਹੁੰਦਾ। ਮੇਰੇ ਪ੍ਰਵਚਨ ਦਾ ਖੇਤਰ ਉੱਚ- ਵਿੱਦਿਆ ਤੇ ਇਸ ਖੇਤਰ ਨਾਲ ਸੰਬੰਧਿਤ ਅਲੱਗ-ਅਲੱਗ ਸਮੱਸਿਆਵਾਂ ਹੁੰਦੀਆਂ।

ਇਕ ਮਹੱਤਵਪੂਰਨ ਗੱਲ ਇਹ ਹੈ ਕਿ ਸਿਖਿਆਰਥੀਆਂ ਦੁਆਰਾ ਕੋਈ ਰਾਬਤਾ ਕਿਉਂ ਨਹੀਂ ਰੱਖਿਆ ਗਿਆ, ਘੱਟੋ-ਘੱਟ, ਮੇਰੀ ਪਿਛਲੇ 3 ਦਹਾਕਿਆਂ ਦੀ ਲਹਿਰ ਵਿਚ ਕਾਰਜਸ਼ੀਲ ਹਿੱਸੇਦਾਰੀ ਦੌਰਾਨ ਇਸ ਵੇਲੇ ਮੈਂ ਅਧਿਆਪਕਾਂ ਦੀ WFTU ਨਾਲ ਜੁੜਿਆਂ ਹੋਇਆ ਹਾਂ, ਜੋ ਯੂਨੈਸਕੋ, ILO, ਨਾਲ ਸਲਾਹਕਾਰੀ ਸੰਸਥਾ ਵਿਚ ਹੈ ਅਤੇ ਪਬਲਿਕ ਫੰਡਿਡ ਸਿੱਖਿਆ ਪ੍ਰਣਾਲੀ ਦੇ ਹੱਕ ਵਿਚ U.N ਨੂੰ ਸਹਿਯੋਗ ਦੇ ਰਹੀ ਹੈ, ਖਾਸ ਕਰਕੇ ਉਦੋਂ ਜਦੋਂ IMF ਦੁਆਰਾ ਸ਼ਕਤੀਸ਼ਾਲੀ ਪ੍ਰਹਾਰ ਹੋ ਰਹੇ ਹੋਣ ਅਤੇ ਰਾਸ਼ਟਰਾਂ ਉੱਤੇ ਸੋਪ ਅਤੇ LPG ਠੋਸੀਆਂ ਜਾ ਰਹੀਆਂ ਹੋਣ। ਜਾਂ ਤਾਂ ਪ੍ਰਬੰਧਕਾਂ ਦੀ ਭਾਵਨਾ 'ਚ ਕੋਈ ਫ਼ਰਕ ਪੈ ਗਿਆ ਹੈ ਜਾਂ ਕੋਈ ਡਾਟਾ-ਬੇਸ ਰਿਕਾਰਡ ਨਾ ਰੱਖਣ ਕਾਰਣ ਵਿਦਿਆਰਥੀਆਂ ਅਤੇ ਲਹਿਰ ਦੇ ਮਾਹਿਰਾਂ ਨਾਲੋਂ ਰਾਬਤਾ ਟੁੱਟ ਗਿਆ ਹੈ। ਇਹ ਸਹੀ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਬਾਬਾ ਬਿਲਗਾ ਦੀ ਵਿਰਾਸਤ ਦਾ ਝੰਡਾ ਉੱਚਾ ਰੱਖਣਾ ਇਕ ਮਹੱਤਵਪੂਰਣ ਕੰਮ ਹੈ, ਅਤੇ ਇਹ ਅਜਿਹਾ ਕਾਰਜ ਹੈ, ਜਿਸ ਪ੍ਰਤੀ ਲਾਪ੍ਰਵਾਹੀ ਇਨਕਲਾਬੀ ਚੇਤਨਾ ਨੂੰ ਭਾਰੀ ਹਾਨੀ ਪਹੁੰਚਾ ਸਕਦੀ ਹੈ।

ਬਾਬਾ ਬਿਲਗਾ ਦਾ ਅਗਲਾ ਵਿਲੱਖਣ ਯੋਗਦਾਨ ਇਤਿਹਾਸਿਕ ਸੰਗ੍ਰਹਿ ਘਰ ਬਣਾਉਣਾ ਹੈ ਜਿਸ ਵਿਚ ਗ਼ਦਰੀਆਂ ਦੀਆਂ ਫੋਟੋਆਂ ਲਈ ਇਕ ਪੂਰਾ ਹਾਲ ਰਾਖਵਾਂ ਰੱਖਿਆ ਗਿਆ ਹੈ। ਇਨ੍ਹਾਂ ਫੋਟੋਆਂ ਨਾਲ ਦਿੱਤਾ ਗਿਆ ਪੂਰਾ ਵੇਰਵਾ ਬਾਬਾ ਜੀ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੁਆਰਾ ਕੀਤੇ ਗਏ ਇਤਿਹਾਸਕ ਕਾਰਜ ਦਾ ਸਬੂਤ ਹੈ। ਰਿਸਰਚ ਸੈਂਟਰ ਦੀ ਸਥਾਪਨਾ ਆਪਣੇ ਆਪ 'ਚ ਇਕ ਵਡਮੁੱਲਾ ਕਾਰਜ ਹੈ। ਕਮੇਟੀ ਦੁਆਰਾ ਗ਼ਦਰ ਲਹਿਰ ਅਤੇ ਇਸ ਦੇ ਮਹਾਨ ਯੋਧਿਆਂ ਉੱਤੇ ਕੀਤੇ ਜਾਂਦੇ ਖੋਜ-ਕਾਰਜ ਨੂੰ ਛਾਪਣਾ ਬੜਾ ਸਲਾਹੁਣਯੋਗ ਕਾਰਜ ਹੈ। ਨੌਜਵਾਨਾਂ ਤੇ ਲੋਕਾਂ ਨੂੰ ਪਰੇਰਨਾ ਦੇਣ ਦੇ ਇਹ ਚੰਗੇ ਸੋਮੇ ਹਨ, ਉਨ੍ਹਾਂ ਸਾਰੇ ਵਿਦਵਾਨਾਂ ਨੂੰ ਸਲਾਮ ਜਿੰਨ੍ਹਾਂ ਇਹ ਵੱਡਮੁੱਲਾ ਕਾਰਜ ਕੀਤਾ। ਹਰੀਸ਼-ਕੇ-ਪੁਰੀ ਪ੍ਰਿਥੀਪਾਲ ਸਿੰਘ ਕਪੂਰ, ਜੇ. ਅੱਜਨ, ਡਾ. ਪ੍ਰਮਿੰਦਰ ਸਿੰਘ, ਤੇਜਵੰਤ ਸਿੰਘ ਗਿੱਲ, ਅਲੀ ਰਜ਼ਾ, ਸ਼ਾਲਿਨੀ ਸ਼ਰਮਾ, ਜਸਵਿੰਦਰ ਸਿੰਘ ਅਤੇ ਕਈ ਹੋਰ ਮਸ਼ਹੂਰ ਵਿਦਵਾਨਾਂ ਨੇ ਇਸ ਅਧਿਐਨ ਵਿਚ ਆਪਣੀ ਹਿੱਸੇਦਾਰੀ ਦਿਖਾਈ ਹੈ। ਕਮੇਟੀ ਦੁਆਰਾ ਛਪਵਾਏ ਜਾਂਦੇ ਗਦਰ ਲਹਿਰ ਸਬੰਧੀ ਇਸ ਸਾਹਿਤ ਨੂੰ ਘੱਟ ਕੀਮਤ ਵਾਲੇ ਐਡੀਸ਼ਨ ਦੇ ਰੂਪ 'ਚ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਪੁਸਤਕਾਂ ਮੇਲਾ ਗ਼ਦਰੀ ਬਾਬਿਆਂ ਦਾ ਵਿਚ ਆਮ ਵਿਅਕਤੀ ਲਈ ਪਹੁੰਚਯੋਗ ਹੋਣ ਕਾਰਣ, ਖਿੱਚ ਦਾ ਕੇਂਦਰ ਹੁੰਦੀਆਂ ਹਨ। ਗ਼ਦਰ ਸ਼ਤਾਬਦੀ (1913-2013) ਇਕ ਮਹਾਨ ਸਮਾਰੋਹ ਹੈ। ਅਸੀਂ ਬਾਬਾ ਬਿਲਗਾ ਤੇ ਹੋਰ ਕਈ ਗ਼ਦਰ ਲਹਿਰ ਦੇ ਸਿਤਾਰਿਆਂ ਨੂੰ ਜੋ ਸਾਨੂੰ ਇਨ੍ਹਾਂ ਸਾਲਾਂ ਦੌਰਾਨ ਛੱਡ ਕੇ ਜਾ ਚੁੱਕੇ ਹਨ, ਯਾਦ ਕਰਾਂਗੇ।

*(ਮਿਸਿਜ ਸਰਿਤਾ ਤਿਵਾੜੀ ਦੇ ਸਹਿਯੋਗ ਨਾਲ)*

***

# ਇਤਿਹਾਸ ਵਰਗਾ ਬਾਬਾ

-ਪ੍ਰੋ. ਕੁਲਵੰਤ ਔਜਲਾ

ਬਾਬਾ ਭਗਤ ਸਿੰਘ ਬਿਲਗਾ ਕੁਝ ਇੱਕ ਖ਼ੁਸ਼ਨਸੀਬ ਇਨਸਾਨਾਂ ਵਿਚੋਂ ਹਨ ਜਿਨ੍ਹਾਂ ਨੂੰ ਜੀਊਂਦੇ ਜੀਅ 'ਬਾਬਾ ਜੀ' ਦਾ ਸੰਬੋਧਨੀ ਖ਼ਿਤਾਬ ਹਾਸਿਲ ਹੋਇਆ। ਉਨ੍ਹਾਂ ਵਰਗੇ ਹੋਰ ਵੀ ਦੇਸ਼ ਭਗਤ ਹੋਣਗੇ ਜਿਨ੍ਹਾਂ ਨੇ ਦੇਸ਼ ਤੇ ਸਮਾਜ ਲਈ ਵੱਡੀਆਂ ਇਤਿਹਾਸਕ ਕੁਰਬਾਨੀਆਂ ਕੀਤੀਆਂ ਹੋਣਗੀਆਂ ਪਰ ਇਹ ਬਹੁਤ ਵੱਡੀ ਕਾਵਿਕ ਲੋਕਪ੍ਰਿਯਤਾ ਹੈ ਕਿ ਭਗਤ ਸਿੰਘ ਬਿਲਗਾ ਨੂੰ ਲੋਕ ਬਾਬਾ ਜੀ ਕਹਿ ਕੇ ਵੱਡਿਆਂ ਵਾਲਾ ਮਾਣਯੋਗ ਸਤਿਕਾਰ ਦਿੰਦੇ ਰਹੇ। ਮੇਰੀ ਜਾਣਨ ਸੁਣਨ ਦੀ ਪਹੁੰਚ ਅਨੁਸਾਰ ਉਨ੍ਹਾਂ ਨੂੰ 'ਬਿਲਗਾ ਸਾਹਿਬ' ਕੋਈ-ਕੋਈ ਹੀ ਕਹਿੰਦਾ ਹੋਏਗਾ। ਮੇਰਾ ਇਹ ਸਨਿਮਰ ਮਤ ਹੈ ਕਿ ਅਜਿਹੇ ਦਾਨਿਸ਼ਵਰੀ ਖ਼ਿਤਾਬ ਕਿਸੇ ਬੰਦੇ ਨੂੰ ਉਮਰ ਕਰਕੇ ਨਹੀਂ ਸਗੋਂ ਉਸ ਦੀਆਂ ਵਡਿਆਈਆਂ ਤੇ ਵਿਸ਼ੇਸ਼ਤਾਵਾਂ ਦੀ ਆਲਮਾਨਾ ਆਭਾ ਕਰਕੇ ਨਸੀਬ ਹੁੰਦੇ ਹਨ। ਮੇਰਾ ਇਹ ਵਿਸ਼ਾ ਨਹੀਂ ਕਿ ਕਿਹੜੇ-ਕਿਹੜੇ ਮਹਾਨ ਬੰਦਿਆਂ ਨੂੰ ਇਹ ਲੋਕਪ੍ਰਿਯ ਲਕਬ ਪ੍ਰਾਪਤ ਹੋਏ ਪਰ ਇਹ ਬਾਤ ਬਿਲਕੁਲ ਸੱਚੀ ਹੈ ਕਿ ਅਜਿਹੇ ਲਕਬ ਕਿਸੇ ਨੂੰ ਵਿਦਵਤਾ, ਨੇਤਾਗਿਰੀ ਜਾਂ ਸੰਸਥਾਵਾਂ ਦੀ ਬਦੌਲਤ ਨਹੀਂ ਮਿਲਦੇ ਸਗੋਂ ਅਜਿਹੇ ਆਪ ਮੁਹਾਰੇ ਬਜ਼ੁਰਗਾਨਾ ਵਿਸ਼ਲੇਸ਼ਣ ਕਿਸੇ ਬੰਦੇ ਵਿਸ਼ੇਸ਼ ਪ੍ਰਤੀ ਆਮ ਲੋਕਾਂ ਜਾਂ ਜਨ ਸਾਧਾਰਣ ਦੀ ਮੁਹੱਬਤੀ ਤੇ ਮਾਨਵੀ ਪਹੁੰਚ ਕਰਕੇ ਉਰਜਿਤ ਹੁੰਦੇ ਹਨ। ਸਾਰ ਤੱਤ ਇਹ ਹੈ ਕਿ ਬਾਬਾ ਭਗਤ ਸਿੰਘ ਬਿਲਗਾ 'ਬਾਬਾ ਜੀ' ਕਰਕੇ ਏਨੇ ਮਸ਼ਹੂਰ ਤੇ ਮਹਾਨ ਹੋ ਗਏ ਕਿ ਉਨ੍ਹਾਂ ਦੇ ਵਿਰੋਧੀ ਵਿਚਾਰਾਂ ਵਾਲੇ ਵੀ ਉਨ੍ਹਾਂ ਕੋਲੋਂ ਇਸ ਸਤਿਕਾਰ, ਸਨੇਹ ਤੇ ਸੰਵੇਦਨਾ ਨਾਲ ਲਬਰੇਜ਼ ਲਕਬ ਨੂੰ ਖੋਹ ਨਾ ਸਕੇ।

ਬਾਬਾ-ਏ-ਇਨਕਲਾਬ ਭਗਤ ਸਿੰਘ ਬਿਲਗਾ ਹੋਣਾ ਹਾਰੀ ਸਾਰੀ ਦੇ ਵੱਸ ਦਾ ਰੋਗ ਨਹੀਂ। ਕਿਹੜਾ ਹੈ ਜੋ ਪੜ੍ਹਾਈ ਤੇ ਰੋਜ਼ਗਾਰ ਛੱਡ ਕੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿਚ ਸਮੁੱਚੇ ਜੀਵਨ ਨੂੰ ਅਰਪਿਤ ਕਰਨ ਦੀ ਸਮਰੱਥਾ ਰੱਖ ਸਕਦਾ ਹੋਵੇ। ਕਿਹੜਾ ਹੈ ਜੋ ਘਰ ਤੇ ਘਰੇਲੂ ਜ਼ਿੰਮੇਵਾਰੀਆਂ ਤੋਂ ਬੇਪ੍ਰਵਾਹ ਹੋ ਕੇ ਇੱਕ ਲੰਬੀ ਜਲਾਵਤਨੀ ਦਾ ਸਰਗਰਮ ਜੀਵਨ ਜਿਉ ਸਕਦਾ ਹੋਵੇ। ਕਿਹੜਾ ਹੈ ਜੋ ਭੁੱਖਾ ਰਹਿ ਕੇ ਇਕ ਲੰਬੀ ਜਲਾਵਤਨੀ ਦਾ ਸਰਗਰਮ ਜੀਵਨ ਜੀਊ ਸਕਦਾ ਹੋਵੇ। ਕਿਹੜਾ ਹੈ ਜੋ ਭੁੱਖਾ ਰਹਿ ਕੇ ਤਨ ਤੇ ਮਨ ਦੀ ਮਹਾਨ ਤਪੱਸਿਆ ਸਦਕਾ ਕ੍ਰਾਂਤੀਕਾਰੀ ਅੰਦੋਲਨਾਂ ਦੇ ਸੇਕ ਨੂੰ ਸਹਿ ਸਕਦਾ ਹੋਵੇ। ਅਜਿਹੇ ਵਿਰਲਿਆਂ ਤੇ ਵੱਡਿਆਂ ਵਿਚੋਂ ਇਕ ਨਾਮ ਹੈ ਭਗਤ ਸਿੰਘ ਬਿਲਗਾ ਜਿਸਨੇ ਜ਼ਾਲਮ ਹਕੂਮਤਾਂ ਦੇ ਜਬਰ ਤੇ ਤਸੀਹੇ ਸਹਿ ਕੇ ਦੇਸ਼ ਦੇ ਪੂਰਵ ਆਜ਼ਾਦੀ ਤੇ ਆਜ਼ਾਦੀ ਉਪਰੰਤ ਦੌਰ ਵਿਚ ਸਿਰੜੀ, ਸਰਗਰਮ ਤੇ ਸੱਚੇ ਸੁੱਚੇ ਦੇਸ਼ ਭਗਤ ਯੋਧੇ

ਹੋਣ ਦਾ ਮਾਣ ਹਾਸਿਲ ਕੀਤਾ। ਸੁਪਨਿਆਂ ਤੇ ਆਦਰਸ਼ਾਂ ਦੀ ਆਜ਼ਾਦੀ ਵਾਲਾ ਸਮਾਜ ਸਿਰਜਣ ਲਈ ਕੀਤੀਆਂ ਕੁਰਬਾਨੀਆਂ ਦੀ ਜੀਵੰਤ ਤਵਾਰੀਖ਼ ਹੀ ਇਤਿਹਾਸ ਸਿਰਜਦੀ ਹੈ ਜਿਸ ਵਿਚੋਂ ਇਸ ਗੌਰਵਸ਼ੀਲ ਇਤਿਹਾਸ ਨੂੰ ਸਿਰਜਣ ਵਾਲੇ ਬੰਦੇ ਵੀ ਇਤਿਹਾਸ ਵਰਗੇ ਜਾਂ ਇਤਿਹਾਸ ਹੋ ਜਾਂਦੇ ਹਨ। ਬਾਬਾ ਜੀ ਖ਼ੁਦ ਇਕ ਇਤਿਹਾਸ ਸਨ, ਆਸ ਤੇ ਉਮੀਦ ਸੰਗ ਧੜਕਦਾ ਹੋਇਆ। ਇਕ ਐਸਾ ਇਤਿਹਾਸ ਜੋ ਹਰ ਦੌਰ ਦੇ ਧੜਕਦੇ ਬੰਦਿਆਂ ਲਈ ਧੜਕਨ ਬਣਦਾ ਰਹਿੰਦਾ ਹੈ। ਬਾਬਾ ਜੀ ਦੀ ਕਰਮਸ਼ੀਲ ਤੇ ਕਰਮਯੋਗੀ ਸ਼ਖ਼ਸੀਅਤ ਦਾ ਹਰ ਲਮਹਾ ਇਤਿਹਾਸਕ ਪੰਨੇ ਸਮਾਨ ਸੀ। ਅਜਿਹੇ ਕਰਮਸ਼ੀਲ ਬੰਦੇ ਦਾ ਜੀਵਨ ਅਨੁਭਵ ਜ਼ਰਖੇਜ਼ ਤੇ ਜੀਵੰਤ ਹੋਣ ਕਰਕੇ ਟੁੰਬਦਾ ਤੇ ਪ੍ਰੇਰਿਤ ਕਰਦਾ ਹੈ। ਬਹੁਤ ਹੀ ਸ਼ਕਤੀਸ਼ਾਲੀ ਬੁਲਾਰੇ ਵਜੋਂ ਬਾਬਾ ਜੀ ਦਾ ਹਰ ਬੋਲ ਸਰੋਤੇ ਨੂੰ ਕੀਲਣ ਤੇ ਕਾਇਲ ਕਰਨ ਦੀ ਸ਼ਕਤੀ ਰੱਖਦਾ ਸੀ। ਇਸ ਤਰ੍ਹਾਂ ਦੇ ਉਪਜਾਊ ਬੰਦਿਆਂ ਦੇ ਬੋਲ ਜੀਵਨ ਦਾ ਨਿਚੋੜ ਜਾਂ ਸਾਰਤੱਤ ਹੁੰਦੇ ਹਨ। ਪਰ ਬੋਲਾਂ ਵਿਚਲਾ ਇਹ ਸਾਰ ਤੱਤ ਜਾਂ ਨਿਚੋੜ ਮਹਿਜ਼ ਕਿਤਾਬਾਂ ਵਿਚੋਂ ਉਧਰਿਤ ਕੀਤੇ ਸਿਧਾਂਤਕ ਪ੍ਰਵਚਨਾਂ ਨਾਲ ਨਹੀਂ ਮਿਲਦਾ ਸਗੋਂ ਇਹ ਤਾਂ ਜ਼ਿੰਦਗੀ ਦੇ ਸਰਗਰਮ ਇਤਿਹਾਸਕ ਅਮਲ ਦੀ ਗਹਿਰਾਈ ਅਤੇ ਗਹਿਨਤਾ ਵਿਚੋਂ ਉਪਜਦਾ ਹੈ। ਨਿੰਦਕਾਂ ਦੇ ਇਸ ਮਹਾਨ ਯੁੱਗ ਵਿਚ ਮੇਰੀ ਇਹ ਗਰੀਬੜੀ ਰਾਏ ਹੈ ਕਿ ਪੂਰੀ ਉਮਰ ਤੇ ਏਡੀ ਭਰਪੂਰ ਉਮਰ ਤੀਕ ਵਿਰਲੇ ਬੰਦੇ ਹੀ ਆਪਣੇ ਕ੍ਰਾਂਤੀਕਾਰੀ ਸਮਾਜਕ ਆਦਰਸ਼ਾਂ ਤੇ ਅਮਲਾਂ ਲਈ ਪ੍ਰਤੀਬੱਧ, ਪੱਕੇ ਤੇ ਪੂਰਨ ਰਹਿ ਸਕਦੇ ਹਨ। ਬਾਬਾ ਜੀ ਨੇ ਆਖ਼ਰੀ ਸਾਹ ਤੀਕ ਗ਼ਦਰੀ ਬਾਬਿਆਂ ਦੀ ਵਿਰਾਸਤ, ਦੇਸ਼ ਭਗਤਾਂ ਦੀ ਇਨਕਲਾਬੀ ਤਹਿਰੀਕ ਤੇ ਕਮਿਊਨਿਸਟ ਲਹਿਰ ਦੇ ਜਨ ਅੰਦੋਲਨਾਂ ਨੂੰ ਜੀਊਂਦਾ ਤੇ ਸਰਗਰਮ ਰੱਖਣ ਵਿਚ ਕਰਮਸ਼ੀਲ ਹਿੱਸਾ ਪਾਇਆ। ਦੇਸ਼ ਭਗਤ ਹਾਲ ਦੀ ਸਥਾਪਨਾ, ਗ਼ਦਰੀ ਬਾਬਿਆਂ ਦੇ ਮੇਲੇ ਦੀ ਸ਼ੁਰੂਆਤ ਅਤੇ ਇਨਕਲਾਬ ਤਹਿਰੀਕ ਦੀ ਸਾਂਭ ਸੰਭਾਲ ਜਿਹੇ ਮਹਾਨ ਤੇ ਯਾਦਗਾਰੀ ਕੰਮਾਂ ਦੀ ਅਗਵਾਈ ਕਰਕੇ ਬਾਬਾ ਭਗਤ ਸਿੰਘ ਬਿਲਗਾ ਨੇ ਪੰਜਾਬ ਦੇ ਸੁਪਨਸ਼ੀਲ ਭਵਿੱਖ ਲਈ ਉਦਾਹਰਣਯੋਗ ਕਾਰਜ ਕੀਤਾ। ਉਨ੍ਹਾਂ ਤੋਂ ਬਾਅਦ ਵੀ ਅਜਿਹੇ ਆਦਰਸ਼ਕ ਯਤਨ ਹੁੰਦੇ ਰਹਿਣੇ ਨੇ ਪਰ ਬਾਬਾ ਜੀ ਦੁਆਰਾ ਗੂੜ੍ਹੀ ਸਿਆਹੀ ਨਾਲ ਪਾਏ ਪੂਰਨਿਆਂ ਵਾਲੀ ਲਿਖਤ ਹਮੇਸ਼ਾ-ਹਮੇਸ਼ਾ ਲਈ ਉਨ੍ਹਾਂ ਦੇ ਬਹੁਪੱਖੀ, ਬੇਬਾਕ, ਕਰਮਸ਼ੀਲ ਤੇ ਮਾਨਵੀ ਸੁਭਾਅ ਤੇ ਸੋਚ ਦੀ ਜ਼ਾਮਨ ਬਣਦੀ ਰਹੇਗੀ।

ਬਾਬਾ ਜੀ ਨੇ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਚੰਗੇ ਪ੍ਰਬੰਧਕ ਤੇ ਪਾਰਖੂ ਹੋਣ ਦਾ ਸਬੂਤ ਦਿੱਤਾ। ਨਵੀਆਂ ਰਵਾਇਤਾਂ ਤੇ ਰਾਹ ਸਿਰਜੇ। ਜਿਉਂ-ਜਿਉਂ ਵੱਡੇ ਹੁੰਦੇ ਗਏ ਤਿਵੇਂ-ਤਿਵੇਂ ਨਵਿਆਂ ਲਈ ਹੋਰ ਵਧੇਰੇ ਮਾਨਵੀ ਤੇ ਮੋਹਖੋਰੇ ਹੁੰਦੇ ਗਏ। ਆਪਣੀ ਗੱਲ ਪੂਰੀ ਦ੍ਰਿੜ੍ਹਤਾ ਤੇ ਹੌਸਲੇ ਨਾਲ ਕਹਿਣ ਦੀ ਜਾਚ ਤੇ ਜੁਗਤ ਦੇ ਬਾਵਜੂਦ ਆਪਣੇ ਵਿਚਾਰਾਂ ਨੂੰ ਮਨਵਾਉਣ ਪ੍ਰਤੀ ਕੱਟੜ ਨਹੀਂ ਸਗੋਂ ਦੂਸਰਿਆਂ ਦੇ ਵਿਚਾਰਾਂ ਨੂੰ ਗ੍ਰਹਿਣ ਕਰਨ ਤੇ ਵਾਚਣ ਦੀ ਮਹੀਨ ਬਿਰਤੀ ਦੇ ਮਾਲਕ ਸਨ। ਕਿਸੇ ਸੰਸਥਾ, ਕਿਸੇ ਸੋਚ ਪ੍ਰਤੀ ਕੋਈ ਬੰਦਾ ਏਨਾ ਅਰਪਿਤ ਤੇ ਸਮਰਪਿਤ ਹੋ ਸਕਦਾ ਹੈ! ਇਹ ਸਭ ਕੁਝ ਦੇਖ ਸਮਝ ਕੇ ਖੁਸ਼ੀ ਭਰੀ ਹੈਰਾਨੀ ਹੁੰਦੀ ਹੈ।

ਬਾਬਾ ਭਗਤ ਸਿੰਘ ਬਿਲਗਾ ਨੂੰ ਭਾਵੇਂ ਮੈਂ ਪਹਿਲਾਂ ਜਾਣਦਾ ਸਾਂ ਪਰ ਮੇਰਾ ਸਿੱਧਾ ਸੰਪਰਕ ਐਡਵੋਕੇਟ ਗੁਰਵਿੰਦਰ ਸਿੰਘ ਬਿਲਗਾ ਦੀ ਸੰਗਤ ਤੇ ਬਾਅਦ ਵਿਚ ਪ੍ਰੋ. ਗੋਪਾਲ ਸਿੰਘ ਬੁੱਟਰ ਤੇ ਕੁਲਵਿੰਦਰ ਕੌਰ ਦੇ ਰਿਸ਼ਤੇ ਕਰਕੇ ਹੋਇਆ। ਤੇ ਫੇਰ ਮੈਂ ਬਾਬਾ ਜੀ ਦਾ ਇਕ ਦਾਦੇ

ਵਾਲਾ ਤੇ ਇਕ ਬਾਪ ਵਾਲਾ ਮਾਨਵੀ ਰੂਪ ਵੀ ਦੇਖਿਆ। ਮੋਹ, ਮੁਹੱਬਤ ਤੇ ਮਾਨਵਤਾ ਦਾ ਭਰਪੂਰ ਖਜ਼ਾਨਾ ਉਨ੍ਹਾਂ ਦੇ ਦਿਲ ਵਿਚ ਸੀ। ਕੁਲਵਿੰਦਰ ਦੇ ਭਰਾ ਕਾ. ਅਜਮੇਲ ਤੇ ਉਹਦੀਆਂ ਭੈਣਾਂ ਪ੍ਰਤੀ ਬਾਬਾ ਜੀ ਦਾ ਮੋਹ ਦੇਖ ਕੇ ਅਤੇ ਬਾਬਾ ਜੀ ਪ੍ਰਤੀ ਕੁਲਵਿੰਦਰ ਹੋਰਾਂ ਦਾ ਸਤਿਕਾਰ ਤੇ ਸ਼ਰਧਾ ਦੇਖ ਕੇ ਮੇਰੇ ਅੰਦਰ ਇਹ ਵਿਚਾਰ ਪਰਪੱਕ ਹੋਇਆ ਕਿ ਬੰਦਾ ਭਾਵੇਂ ਆਸਤਿਕ ਹੋਵੇ ਜਾਂ ਨਾਸਤਿਕ, ਨੇਤਾ ਹੋਵੇ ਜਾਂ ਵਿਦਵਾਨ ਜੇ ਉਸ ਅੰਦਰ ਮਾਨਵੀ ਰਿਸ਼ਤਿਆਂ ਪ੍ਰਤੀ ਮੋਹ ਤੇ ਮਾਨਵੀਤਾ ਨਹੀਂ ਹੈ ਤਾਂ ਅਜਿਹਾ ਕੋਰਾ ਤੇ ਕਠੋਰ ਆਦਮੀ ਨਿਰਾਰਥਕ ਹੈ। ਅਜਿਹੀਆਂ ਹੋਰ ਬਹੁਤ ਸਾਰੀਆਂ ਭਾਵੁਕ ਤੇ ਭਾਵਸ਼ੀਲ ਭਾਵਨਾਵਾਂ ਦੇਖ ਕੇ ਮੇਰੇ ਮਨ ਵਿਚ ਬਾਬਾ ਜੀ ਪ੍ਰਤੀ ਹਮੇਸ਼ਾ ਆਦਰ ਰਿਹਾ ਹੈ ਕਿ ਇਸ ਬਾਬਾ-ਏ-ਇਤਿਹਾਸ ਵਰਗੇ ਮਲੰਗ ਬੰਦੇ ਦੇ ਅੰਦਰ ਇਕ ਬਹੁਤ ਪਿਆਰਾ ਤੇ ਭਾਵੁਕ ਇਨਸਾਨ ਵੀ ਧੜਕਦਾ ਹੈ। ਬੇਸ਼ਕ ਉਲਾਰ ਸਮਝੋ ਪਰ ਮੈਂ ਇਸ ਧਾਰਨਾ ਤੇ ਧਰਾਤਲ ਨੂੰ ਆਪਣੀ ਜੀਵਨ ਜਾਚ ਵਿਚ ਮਾੜਾ ਮੋਟਾ ਜੇ ਰਚਾ ਸਕਿਆ ਹਾਂ ਤਾਂ ਇਹ ਅਜਿਹੇ ਆਦਰਸ਼ਕ ਤੇ ਆਲਮਾਨਾ ਬੰਦਿਆਂ ਦੀ ਸੁਹਬਤ ਤੇ ਸੰਗਤ ਕਰਕੇ ਹੈ।

ਪ੍ਰੋ. ਗੋਪਾਲ ਸਿੰਘ ਬੁੱਟਰ ਤੇ ਬਾਬਾ ਜੀ ਦੇ ਕੁਝ ਹੋਰ ਸੱਚੇ ਚਾਹੁੰਣ ਵਾਲੇ ਚਾਹੁੰਦੇ ਸਨ ਕਿ ਬਾਬਾ ਜੀ ਆਪਣੇ ਅੰਦਰ ਧੜਕਦੇ ਇਤਿਹਾਸ ਨੂੰ ਲਿਖਤੀ ਰੂਪ ਦੇਣ। ਸਿੱਟੇ ਵਜੋਂ ਬਾਬਾ ਜੀ ਨੇ ਕੁਝ ਬੇਸ਼ਕੀਮਤੀ ਲਿਖਤਾਂ ਦੀ ਰਚਨਾ ਵੀ ਕੀਤੀ ਹੈ ਜੋ ਉਨ੍ਹਾਂ ਦਾ ਇਤਿਹਾਸਕ ਜੀਵਨ ਬਿਰਤਾਂਤ ਵੀ ਹਨ ਤੇ ਕ੍ਰਾਂਤੀਕਾਰੀ/ਦੇਸ਼ ਭਗਤ ਅੰਦੋਲਨ ਦੀਆਂ ਵਿਵੇਕਸ਼ੀਲ ਗਵਾਹ ਵੀ। ਇਹ ਕਿਤਾਬਾਂ ਇਨਕਲਾਬੀ ਅੰਦੋਲਨ ਤੇ ਅਮਲ ਦੇ ਵਿਵਹਾਰਕ ਦਸਤਾਵੇਜ਼ ਹਨ ਜਿਹਨਾਂ ਵਿਚੋਂ ਅੱਜ ਲਈ ਤੇ ਭਵਿੱਖ ਲਈ ਰਾਹਦਾਰੀਆਂ ਤੇ ਰਾਹਗਿਰੀਆਂ ਦਾ ਇਲਮ ਮਿਲਦਾ ਹੈ। ਬਾਬਾ ਜੀ ਵੱਲੋਂ ਮੇਲਿਆਂ ਮੌਕੇ ਨੌਜਵਾਨਾਂ ਨੂੰ ਸੰਬੋਧਿਤ ਹੋ ਕੇ ਦਿੱਤੇ ਗਏ ਭਾਸ਼ਨ ਸ਼ਕਤੀਸ਼ਾਲੀ ਊਰਜਾ ਤੇ ਉਚਿਆਈ ਨਾਲ ਭਰਪੂਰ ਹੁੰਦੇ ਸਨ। ਕਰਮਸ਼ੀਲ ਦਰਵੇਸ਼ ਬੰਦੇ ਬਹੁਤਾ ਲਿਖ ਨਹੀਂ ਸਕਦੇ ਉਹਨਾਂ ਕੋਲੋਂ ਲਿਖਵਾਇਆ ਜਾਂਦਾ ਹੈ। ਅਸੀਂ ਜਿੰਨਾ ਕੁ ਲਿਖਵਾ ਸਕੇ ਹਾਂ ਇਹ ਸਾਡੀ ਪ੍ਰਾਪਤੀ ਹੈ ਅਤੇ ਜੋ ਬਾਬਾ ਜੀ ਢਿੱਡ ਵਿਚ ਹੀ ਲੈ ਗਏ, ਉਹ ਸਭ ਕੁਝ ਅਸੀਂ ਨਹੀਂ ਲਿਖਵਾ ਸਕੇ ਇਹ ਸਾਡੀ ਬਦਕਿਸਮਤੀ ਹੈ ਕਿਉਂਕਿ ਭਵਿੱਖ ਵਿਚ ਲਿਖਤ ਹੀ ਬੰਦੇ ਦੇ ਇਤਿਹਾਸਕ ਜੀਵਨ ਅਮਲ ਦਾ ਬਿਰਤਾਂਤ ਤੇ ਬਾਤ ਬਣ ਕੇ ਜੀਉਂਦੀ ਰਹਿੰਦੀ ਹੈ।

ਮੈਨੂੰ ਇਸ ਗੱਲ ਦੀ ਅਥਾਹ ਖੁਸ਼ੀ ਹੈ ਕਿ ਬਾਬਾ ਜੀ ਦੇ ਸਪੁੱਤਰਾਂ ਦੀ ਅਗਵਾਈ ਤੇ ਇੱਛਾ ਸਦਕਾ ਪ੍ਰੋ. ਬੁੱਟਰ ਤੇ ਕੁਝ ਹੋਰ ਦੋਸਤ ਬਾਬਾ ਜੀ ਦੀਆਂ ਅਣਛਪੀਆਂ ਲਿਖਤਾਂ ਨੂੰ ਲਿਖਤੀ ਰੂਪ ਦੇ ਰਹੇ ਹਨ। ਬਾਬਾ ਜੀ ਦੇ ਜੀਵਨ ਤੇ ਜੀਵਨਾਵਲੀ ਸੰਬੰਧੀ ਵੀ ਕਿਤਾਬਾਂ ਛਾਪਣ ਦੀ ਯੋਜਨਾ ਉਲੀਕੀ ਗਈ ਹੈ। ਬਾਬਾ ਜੀ ਦੇ ਪਿੰਡ ਵਿਚ ਵੀ ਲਾਇਬਰੇਰੀ ਬਣਾ ਕੇ ਉਨ੍ਹਾਂ ਦੀ ਪ੍ਰਗਤੀਸ਼ੀਲ ਸੋਚ ਤੇ ਯਾਦ ਨੂੰ ਸਮਰਪਿਤ ਕਰਨਾ ਕੁਝ ਕਾਰਜ ਵਿਉਂਤੇ ਗਏ ਹਨ। ਦੇਸ਼ ਭਗਤ ਯਾਦਗਾਰ ਟਰੱਸਟ ਵੱਲੋਂ ਵੀ ਆਪਣੇ ਪਿਆਰੇ ਤੇ ਮਾਣਯੋਗ ਸਾਥੀ ਨੂੰ ਸਮਰਪਿਤ ਮੁੱਲਵਾਨ ਕਾਰਜ ਹੋ ਰਹੇ ਹਨ। ਚੰਗੇ ਸਮਾਜ ਦੇ ਵਰਤਮਾਨ ਤੇ ਭਵਿੱਖ ਲਈ ਇਹ ਸਾਰੇ ਸ਼ੁੱਭ ਕੰਮ ਲਾਜ਼ਮੀ ਹਨ ਤਾਂ ਕਿ ਨਰੋਈ, ਨਿਹੁੰਮੁਖੀ ਤੇ ਨਿਆਂਸ਼ੀਲ ਸੋਚ ਤੇ ਸੰਵੇਦਨਾ ਨੂੰ ਜੀਊਂਦਾ ਰਖਿਆ ਜਾ ਸਕੇ।

ਬਾਬਾ ਜੀ ਤਨ ਵਜੋਂ ਚਲੇ ਗਏ ਹਨ ਪਰ ਉਨ੍ਹਾਂ ਦੇ ਇਤਿਹਾਸਕ ਜੀਵਨ ਪੰਧ ਨੇ ਹਮੇਸ਼ਾਂ

ਸੁਰਜੀਤ ਤੇ ਪੁਨਰ ਸੁਰਜੀਤ ਹੁੰਦੇ ਰਹਿਣਾ ਹੈ। ਬਾਬਾ ਜੀ ਦੇ ਪ੍ਰਸ਼ੰਸਕ ਵੀ ਹੋਣਗੇ, ਵਿਰੋਧੀ ਵੀ ਹੋਣਗੇ। ਅਜਿਹੀ ਦਵੰਦਾਤਮਿਕ ਸਥਿਤੀ ਸਦਾ ਚੱਲਦੀ ਰਹੀ ਹੈ। ਅਜਿਹੀ ਸਥਿਤੀ ਤੇ ਸਮਾਚਾਰਾਂ ਦੇ ਰੂਬਰੂ ਅਸੀਂ ਤੁਰ ਗਏ ਬੰਦੇ ਦਾ ਸਹੀ, ਸੰਤੁਲਿਤ ਤੇ ਸਿਹਤਮੰਦ ਮੁਲਾਂਕਣ ਕਰਨ ਦੀ ਜਾਚ ਵੀ ਸਿਖਦੇ ਹਾਂ। ਬੁੱਟਰ ਪਰਿਵਾਰ ਦੀ ਸਾਂਝ ਕਰਕੇ ਮੇਰੇ ਮਨ ਵਿਚ ਵੀ ਬਾਬਾ ਜੀ ਪ੍ਰਤੀ ਸਤਿਕਾਰ ਤੇ ਸਨੇਹ ਸਦਾ ਰਿਹਾ ਹੈ। ਸ਼ਾਇਦ ਏਸੇ ਸਨੇਹ ਤੇ ਸਤਿਕਾਰ ਵਿਚੋਂ ਕੁਝ ਭਾਵਨਾਵਾਂ ਲਿਖ ਸਕਿਆ ਹਾਂ। ਪਰ ਇਹ ਭਾਵਨਾਵਾਂ ਨਿਰੀਆਂ ਪੁਰੀਆਂ ਸਨੇਹ ਤੇ ਸਤਿਕਾਰ ਦੀਆਂ ਸੂਚਕ ਨਹੀਂ ਸਗੋਂ ਇਹ ਤਾਂ ਬਾਬਾ ਜੀ ਦੀ ਮਹਾਨ ਮਾਨਵੀ ਮੋਹ ਦੀ ਕਾਵਿਕ ਮੂਰਤ ਦਾ ਇਕ ਅੱਧ ਮਿਸਰਾ ਹਨ ਜੋ ਹੋਰ ਵਧੇਰੇ ਕਾਵਿਕ ਤੇ ਕਾਵਿਸ਼ੀਲ ਹੋਣਾ ਲੋਚਦਾ ਹੈ।

*ਇੱਕ ਇਤਿਹਾਸ ਲਕੋਈ ਬੈਠੇ ਸ਼ਬਦਾਂ ਦੇ ਖੰਡਰਾਤ ਜੇਹੇ ਹਾਂ*
*ਰਾਹਵਾਂ ਵਿਚ ਗਵਾਚ ਗਏ ਜੋ ਕਾਂ ਚਿੜੀ ਦੀ ਬਾਤ ਜੇਹੇ ਹਾਂ*

***

# ਬਾਬਾ ਭਗਤ ਸਿੰਘ ਬਿਲਗਾ
# ਸੰਘਰਸ਼ ਦੀ ਚੁਣੌਤੀਆਂ ਦਾ ਸਹਿਜ ਸਵੀਕਾਰ

-ਸੁਰੇਸ਼ ਸੇਠ

ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਸਾਡੇ ਤੋਂ ਜੁਦਾ ਹੋਏ ਕਈ ਸਾਲ ਹੋ ਗਏ ਹਨ। ਲੇਕਿਨ ਇਸ ਦੇਸ਼ ਭਗਤ ਮੈਮੋਰੀਅਲ ਹਾਲ ਨੂੰ ਦੇਖ ਕੇ ਨਹੀਂ ਲੱਗਦਾ ਕਿ ਉਸ ਅੰਦਰ ਦਾਖਲ ਹੋਵਾਂਗਾ ਅਤੇ ਉਨ੍ਹਾਂ ਦੀ ਧੀਰ-ਗੰਭੀਰ ਸ਼ਖ਼ਸੀਅਤ ਜਾਂ ਉਨ੍ਹਾਂ ਦੀ ਸਥਿਰ ਵਾਣੀ, ਮੇਰਾ ਸਵਾਗਤ ਨਹੀਂ ਕਰੇਗੀ।

ਬਾਬਾ ਜੀ ਨੇ ਇੱਕ ਸੌ ਦੋ ਵਰ੍ਹਿਆਂ ਦੀ ਲੰਮੀ ਸੰਘਰਸ਼ ਪੂਰਨ ਜ਼ਿੰਦਗੀ ਬਤੀਤ ਕੀਤੀ। ਉਹ ਸਮਾਜਿਕ ਰੂਪਾਂਤਰਣ ਦੇ ਲਈ ਹਮੇਸ਼ਾਂ ਪ੍ਰਤੀਬੱਧ ਰਹੇ। ਬਚਪਨ ਵਿਚ ਹੀ ਆਪ ਜੀ ਦੇ ਪਿਤਾ ਜੀ ਦੇ ਦੇਹਾਂਤ ਮਗਰੋਂ ਆਪ ਜੀ ਦੀ ਸੰਘਰਸ਼ ਯਾਤਰਾ ਸ਼ੁਰੂ ਹੋਈ ਸੀ, ਜਦੋਂ ਉਨ੍ਹਾਂ ਨੇ ਬੱਚਿਆਂ ਦੇ ਲਈ ਬਿਲਗਾ ਵਿਖੇ ਇਕ ਸਕੂਲ ਖੋਲ੍ਹਿਆ। 1953 ਵਿਚ ਬਿਲਗਾ ਦੇ ਲਈ ਕੁੜੀਆਂ ਦਾ ਹਾਈ ਸਕੂਲ ਅਤੇ 1969 ਵਿਚ ਗੁਰੂ ਨਾਨਕ ਕਾਲਜ ਬਾਬਾ ਸੰਗ ਢੇਸੀਆਂ ਅਤੇ ਗੁਰੂ ਗੋਬਿੰਦ ਸਿੰਘ ਕਾਲਜ ਜੰਡਿਆਲਾ ਮੰਜਕੀ, ਇਸ ਯਾਤਰਾ ਦੇ ਅਗਲੇ ਪੜਾਅ ਸਨ। ਆਖ਼ਰੀ ਉਮਰ ਤੱਕ ਸੰਘਰਸ਼ ਜਾਰੀ ਰਿਹਾ, ਜਦੋਂ ਕਾਮਰੇਡ ਕਰਤਾਰ ਸਿੰਘ ਦੀ ਅਮੁੱਲ ਜ਼ਮੀਨ ਨਜਾਇਜ਼ ਕਬਜੇ ਤੋਂ ਛੁਡਾ ਕੇ, ਉਨ੍ਹਾਂ ਨੇ ਪ੍ਰਵਾਸੀ ਭਾਰਤੀਆਂ ਦੀ ਸਹਾਇਤਾ ਨਾਲ ਕਰੋੜਾਂ ਰੁਪਏ ਦੀ ਲਾਗਤ ਨਾਲ ਇੱਕ ਜਨਰਲ ਹਸਪਤਾਲ ਬਿਲਗਾ ਵਿਖੇ ਉਸਾਰਿਆ।

ਅੱਜ ਦੇਸ਼ ਦੇ ਆਰਥਿਕ ਅਤੇ ਸਮਾਜਿਕ ਰੂਪਾਂਤਰਣ ਦਾ ਦਾਅਵਾ ਕਰਨ ਵਾਲੇ ਦੇਸ਼ ਦੇ ਕਰਣਧਾਰ ਦੇਸ਼ ਦੇ ਆਰਥਿਕ ਵਿਕਾਸ ਦੇ ਨਾਂ ਤੇ ਦੇਸ਼ ਦੀ ਸੰਪਦਾ ਨੂੰ ਦੇਸੀ-ਵਿਦੇਸ਼ੀ ਮਹਾਂਸ਼ਕਤੀਆਂ ਦੇ ਕੋਲ ਗਿਰਵੀ ਰੱਖ, ਆਰਥਿਕ ਖੁਸ਼ਹਾਲੀ ਦਾ ਸੁਪਨਾ ਵੇਖਦੇ ਹਨ। ਲੇਕਿਨ ਬਾਬਾ ਜੀ ਦੀ ਸੋਚ ਜਾਂ ਚਿੰਤਨ ਇਹੋ ਜਿਹੇ ਉਧਾਰ ਦੇ ਖੰਭਾਂ ਤੇ ਸਵਾਰ ਹੋ ਕੇ ਆਰਥਿਕ ਤਰੱਕੀ ਕਰਨ ਦੇ ਲਈ ਨਹੀਂ ਸੀ।

ਦੇਸ਼ ਦੀ ਭੂਗੋਲਿਕ ਗ਼ੁਲਾਮੀ ਦਾ ਵਿਰੋਧ ਅਤੇ ਅੰਗਰੇਜ਼ਾਂ ਦੀ ਸਾਮਰਾਜਸ਼ਾਹੀ ਦਾ ਵਿਰੋਧ ਉਨ੍ਹਾਂ ਨੇ ਬਚਪਨ ਵਿਚ ਹੀ ਕਰ ਦਿੱਤਾ ਸੀ। ਵਿਦੇਸ਼ਾਂ ਤੋਂ ਗ਼ਦਰੀ ਬਾਬਿਆਂ ਦਾ ਕ੍ਰਾਂਤੀ ਸਾਥ ਅਤੇ ਬੇਇਨਸਾਫ਼ੀ ਕਾਮਾਗਾਟਾਮਾਰੂ ਦੀ ਘਟਨਾ ਨੇ ਉਨ੍ਹਾਂ ਅੰਦਰ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਦੇ ਲਈ ਆਦਮ ਇੱਛਾ ਭਰ ਦਿੱਤੀ ਕਿ ਅਰਜਨਟਾਇਨਾ ਅਤੇ ਰੂਸ ਵਿਚ ਕ੍ਰਾਂਤੀ ਨਿਸ਼ਚੈ ਪ੍ਰਾਪਤ

ਕਰਕੇ ਉਨ੍ਹਾਂ ਨੇ ਵਿਦੇਸ਼ੀਆਂ ਦੀ ਅਤਿਆਚਾਰੀ ਅਤੇ ਦਮਨਕਾਰੀ ਸੱਤਾ ਦੇ ਵਿਰੁੱਧ ਵਿਦਰੋਹ ਦਾ ਝੰਡਾ ਬੁਲੰਦ ਕਰਨ ਵਿਚ ਕਦੇ ਕਸਰ ਨਹੀਂ ਛੱਡੀ। ਹਰ ਕ੍ਰਾਂਤੀਕਾਰੀ ਦੀ ਨਿਅਤੀ ਹੋਣੀ ਜੇਲ੍ਹ ਦੀਆਂ ਸਲਾਖਾਂ ਹੁੰਦੀਆਂ ਹਨ। ਜਦੋਂ ਤੱਕ ਦੇਸ਼ ਆਜ਼ਾਦ ਨਹੀਂ ਹੋਇਆ ਉਨ੍ਹਾਂ ਨੂੰ ਵੀ ਇਹੋ ਨਸੀਬ ਹੁੰਦੀਆਂ ਰਹੀਆਂ। ਲੇਕਿਨ ਜੇਲ੍ਹ ਦੀ ਕਠਿਨ ਯਾਤਰਾ ਨੇ ਸਮਾਜਿਕ ਬਦਲਾਅ ਦੇ ਲਈ ਉਨ੍ਹਾਂ ਦੀ ਪ੍ਰਤੀਬੱਧਤਾ ਅਤੇ ਬੇਇਨਸਾਫੀ ਦੇ ਵਿਰੁੱਧ ਉਨ੍ਹਾਂ ਦੀ ਆਵਾਜ਼ ਅਤੇ ਵਿਰੋਧ ਨੂੰ ਕਦੇ ਹੌਲੀ ਨਹੀਂ ਹੋਣ ਦਿੱਤਾ।

ਇੱਥੇ ਮੇਰਾ ਮਕਸਦ ਇਨ੍ਹਾਂ ਘਟਨਾਵਾਂ ਦਾ ਕ੍ਰਮਵਾਰ ਵਰਨਣ ਕਰਨਾ ਨਹੀਂ ਹੈ। ਇਹ ਤੱਥ ਬਹੁਤ ਸਾਰੇ ਵਿਦਵਾਨਾਂ ਨੇ ਅੰਕਿਤ ਕੀਤੇ ਹਨ ਅਤੇ ਭਾਰਤੀ ਪੀੜ੍ਹੀਆਂ ਦੇ ਲਈ ਕਿਸੇ ਖੁੱਲ੍ਹੀ ਅਤੇ ਸਿੱਖਿਆਦਾਇਕ ਕਿਤਾਬ ਦੀ ਤਰ੍ਹਾਂ ਹਨ।

ਇਹ ਮੇਰੀ ਖੁਸ਼ਕਿਸਮਤੀ ਹੈ ਕਿ ਜਲੰਧਰ ਵਿਚ ਰਹਿੰਦਿਆਂ ਪਾਠਕ, ਪਾਠ ਅਤੇ ਲੇਖਨ ਵਿਚ ਰੁਚੀ ਹੋਣ ਕਾਰਨ ਮੈਨੂੰ ਬਾਬਾ ਜੀ ਨਾਲ ਮਿਲ ਕੇ, ਉਨ੍ਹਾਂ ਨਾਲ ਚਰਚਾ ਅਤੇ ਸੰਵਾਦ ਕਰਨ ਦਾ ਕਈ ਵਾਰ ਮੌਕਾ ਮਿਲਿਆ ਹੈ। ਉਨ੍ਹਾਂ ਦੀ ਕਹੀਆਂ ਕਈ ਗੱਲਾਂ ਅੱਜ ਵੀ ਮੇਰੇ ਅੰਦਰ ਗੂੰਜਦੀਆਂ ਹਨ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਜਦੋਂ ਉਨ੍ਹਾਂ ਨੇ ਇਸ ਅਜ਼ਾਦੀ ਨੂੰ ਝੂਠੀ ਪੈਂਦੀ ਦੇਖਿਆ ਤਾਂ ਉਨ੍ਹਾਂ ਨੇ ਹੌਂਸਲੇ ਨਾਲ ਇਸ ਦੇ ਵਿਰੁੱਧ ਬਗਾਵਤ ਦਾ ਝੰਡਾ ਬੁਲੰਦ ਕਰਨ ਵਿਚ ਪ੍ਰਬਲ ਜੋਸ਼ੀਲੀ ਪਹਿਲਕਦਮੀ ਜ਼ਿੰਦਗੀ ਦੇ ਅਖ਼ੀਰਲੇ ਪਲ ਤੱਕ ਦਿਖਾਈ। ਉਨ੍ਹਾਂ ਦੀ ਇਹ ਗੱਲ ਮੇਰੇ ਜਿਹੇ ਉਨ੍ਹਾਂ ਦੇ ਬਾਅਦ ਦੀ ਪੀੜ੍ਹੀ ਦੇ ਲੋਕਾਂ ਲਈ ਪ੍ਰੇਰਨਾ ਦਾ ਸੋਮਾ ਰਹੀ।

ਬਾਬਾ ਜੀ ਗ਼ਦਰ ਇਤਿਹਾਸ ਦੇ ਇੱਕ ਅਣਥੱਕ ਖੋਜ ਸਿਖਿਆਰਥੀ ਅਤੇ ਲੇਖਕ ਸਨ। ਅਸੀਂ ਗ਼ਦਰੀ ਬਾਬਿਆਂ ਦੇ ਵਿਦਰੋਹ ਅਤੇ ਸੰਘਰਸ਼ ਤੋਂ ਵਾਂਝੇ ਹੀ ਰਹਿ ਜਾਂਦੇ, ਜੇਕਰ ਉਨ੍ਹਾਂ ਨੇ ਇਸ ਦਾ ਦੁਰਲੱਭ ਸੰਕਲਨ ਆਪਣੀਆਂ ਕਿਤਾਬਾਂ ਵਿਚ ਨਾ ਕੀਤਾ ਹੁੰਦਾ।

ਇਸ ਸ਼ਹਿਰ ਵਿਚ ਰਹਿਣ ਕਾਰਨ ਮੈਂ ਦੇਸ਼ ਭਗਤ ਮੈਮੋਰੀਅਲ ਹਾਲ ਨੂੰ ਕਦਮ ਬਾ ਕਦਮ ਬਣਦੇ ਹੋਏ ਵੇਖਿਆ ਹੈ। ਉਦੋਂ ਜਦੋਂ ਧਰਤੀ ਤੇ ਇਸ ਨੇ ਮੁੱਖ ਹਾਲ ਦੇ ਰੂਪ ਵਿਚ ਸਿਰ ਚੁੱਕਿਆ। ਇਸ ਦੇ ਬਾਅਦ ਜਦੋਂ ਪਹਿਲੀ ਮੰਜ਼ਿਲ ਤੇ ਇਸਦੇ ਵਿਚਾਰ ਚਰਚਾ ਆਡੀਟੋਰੀਅਮ ਨੇ ਜਨਮ ਲਿਆ। ਹੁਣ ਤਾਂ ਖ਼ੈਰ! ਇਹ ਬਹੁਤ ਵਿਸ਼ਾਲ ਭਵਨ ਬਣ ਗਿਆ ਹੈ। ਪਹਿਲਾਂ ਜਿਥੇ ਬਾਬਾ ਜੀ ਦਾ ਨਿਵਾਸ ਅਸਥਾਨ ਸੀ, ਦੇ ਬਾਹਰ ਘਾਹਦਾਰ ਵਿਹੜਾ ਅਤੇ ਦੂਜਾ ਪੱਕਾ ਵਿਹੜਾ ਬਹੁਤ ਸਾਰੇ ਸੰਗਠਨਾਂ ਦੀ ਵਿਚਾਰ ਚਰਚਾ ਅਤੇ ਅੰਦੋਲਨ ਦੀ ਰੂਪ-ਰੇਖਾ ਤਿਆਰ ਕਰਨ ਦਾ ਠਿਕਾਣਾ ਰਿਹਾ ਹੈ।

ਇਹ ਬਿਲਗਾ ਜੀ ਦੇ ਜੀਵਨ ਦੀ ਵੱਡੀ ਦੇਣ ਸੀ ਕਿ ਇਥੇ ਨਵ-ਚਿੰਤਨ ਅਤੇ ਨੌਜਵਾਨ ਤੇਵਰ ਨੂੰ ਅਤੇ ਆਪਣੀ ਸੋਚ ਨੂੰ ਕਾਰਜ ਜਾਂ ਕਲਾਰੂਪ ਵਿਚ ਬਦਲਣ ਦਾ ਖੁੱਲ੍ਹਾ ਮੌਕਾ ਮਿਲਦਾ ਰਿਹਾ। ਇਸਦੇ ਹਰੇ ਵਿਹੜੇ ਵਿਚ ਹਰ ਸਾਲ ਹੋਣ ਵਾਲੇ ਗ਼ਦਰੀ ਬਾਬਿਆਂ ਦੇ ਮੇਲੇ ਅਤੇ ਉਸ ਵਿਚ ਅਲੱਗ-ਅਲੱਗ ਨੌਜਵਾਨ ਸੰਗਠਨਾਂ ਦੀਆਂ ਪੇਸ਼ਕਾਰੀਆਂ ਏਨੀਆਂ ਸਾਰਥਕ ਹੁੰਦੀਆਂ ਹਨ ਕਿ ਆਪਣੇ ਜੀਵਨ ਦੇ ਸ਼ੁਰੂਆਤੀ ਦੌਰ ਵਿਚ ਇਸ ਦੇ ਵਿਚ ਸ਼ਾਮਿਲ ਹੋ ਕੇ ਮੈਂ ਨਾ ਜਾਨੇ ਕਿੰਨ੍ਹਾ ਤੇਜ਼ ਅਤੇ ਬਲ ਪ੍ਰਾਪਤ ਕੀਤਾ ਹੈ। ਕਦੇ ਵੀ ਜਦੋਂ ਗ਼ਲਤ ਸੋਚ ਤੋਂ ਛੁਟਕਾਰਾ ਪਾਉਣ ਦੇ ਲਈ ਮੌਲਿਕ ਚਿੰਤਨ ਕਰਨ ਵਾਲੇ ਨੌਜਵਾਨਾਂ ਨੂੰ ਕਿਸੇ ਠਿਕਾਣੇ ਦੀ ਤਲਾਸ਼ ਹੁੰਦੀ ਸੀ, ਉਦੋਂ

ਦੇਸ਼ ਭਗਤ ਮੈਮੋਰੀਅਲ ਉਨ੍ਹਾਂ ਦਾ ਸਵਾਗਤ ਕਰਦਾ। ਬਾਬਾ ਜੀ ਇਸ ਭਵਨ ਵਿਚ ਹੁੰਦੇ, ਤਾਂ ਬਿਨਾਂ ਕਿਸੇ ਰੋਕ-ਟੋਕ ਤੋਂ ਉਨ੍ਹਾਂ ਦਾ ਸਾਥ ਤਾਂ ਮਿਲਦਾ ਹੀ ਨਾਲ ਹੀ ਉਨ੍ਹਾਂ ਨਾਲ ਸਵਾਲ-ਜਵਾਬ ਕਰਨ ਦਾ ਮੌਕਾ ਵੀ ਮਿਲ ਜਾਂਦਾ।

ਦੇਸ਼ ਭਗਤ ਹਾਲ ਦੇ ਸਮਤਾਵਾਦੀ ਪ੍ਰਬੰਧਕੀ ਢਾਂਚੇ ਅਤੇ ਉਨ੍ਹਾਂ ਦੇ ਕਮਯੂਨ ਜਿਹੀ ਪੜ੍ਹਨ ਤੋਂ ਲੈ ਕੇ ਭੋਜਨ ਤੱਕ ਦੀ ਸੁਲਭ ਵਿਵਸਥਾ ਨੇ ਸਦਾ ਮੈਨੂੰ ਇੱਕ ਅਜਿਹੇ ਆਪਣੇਪਨ ਦਾ ਅਹਿਸਾਸ ਦਿੱਤਾ ਕਿ ਅੱਜ ਜਿਸ ਵਿਚ ਗ਼ੈਰ ਹਾਜ਼ਰ ਰਹਿ ਕੇ ਮੈਂ ਇਸ ਦੀ ਯਾਦ ਨੂੰ ਆਪਣੇ ਅੰਦਰ ਹਾਜ਼ਰ ਪਾਉਂਦਾ ਹੈ। ਅੱਜ ਦੀ ਵਿਵਸਾਇਕ ਚਕਾ-ਚੌਂਧ ਅਤੇ ਆਪਾਧਾਪੀ ਦੇ ਭੌਤਿਕਵਾਦ ਵਿਚ ਇਥੇ ਆ ਕੇ ਕੁਝ ਸਮਾਂ ਗੋਰਕੀ ਅਤੇ ਟਾਲਸਟਾਇ ਤੋਂ ਲੈ ਕੇ ਇਸਦੀ ਅਲਮਾਰੀਆਂ ਵਿਚ ਬੰਦ ਕ੍ਰਾਂਤੀ ਸਾਹਿਤ ਕੋਲ ਬੈਠਣ ਦਾ ਅਹਿਸਾਸ ਮੈਨੂੰ ਜਾਂ ਕਿਸੇ ਵੀ ਸੋਚਣ ਅਤੇ ਲਿਖਣ ਵਾਲੇ ਨੂੰ ਬਹੁਤ ਰਾਹਤ ਦਿੰਦਾ ਰਿਹਾ ਹੈ।

ਆਜ਼ਾਦੀ ਮਿਲਣ ਤੋਂ ਬਾਅਦ ਵੀ ਬਾਬਾ ਬਿਲਗਾ ਜੀ ਦਾ ਜੀਵਨ ਆਪਣੇ ਸੁਪਨੇ ਦੀ ਪੂਰਤੀ ਜਾਂ ਲੋਕ ਵਿਰੋਧੀ ਨਿਜ਼ਾਮ ਦੇ ਵਿਰੁੱਧ ਆਵਾਜ਼ ਚੁੱਕਣ, ਅਤੇ ਗ਼ਲਤ ਗੱਲਾਂ ਨਾਲ ਕਦੇ ਸਮਝੌਤਾ ਨਾ ਕਰਨ ਵਾਲੀ ਪ੍ਰਵਿਰਤੀ ਦਾ ਰਿਹਾ। ਆਜ਼ਾਦ ਭਾਰਤ ਦੀ ਆਪਣੀ ਸਰਕਾਰ ਨੇ ਵੀ ਇਸ ਸੰਤ ਵਿਦਰੋਹੀ ਨੂੰ ਕਈ ਵਾਰ ਜੇਲ੍ਹ ਵਿਚ ਕੈਦ ਕੀਤਾ। ਜੋ ਕ੍ਰਾਂਤੀ ਯਾਤਰਾ ਕਰਦੇ ਸਨ ਉਹ 1928 ਵਿਚ ਅਰਜਨਟੀਨਾ ਵਿਚ ਸ਼ਹੀਦ ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਦੀ ਪ੍ਰਧਾਨਗੀ ਵਾਲੀ ਗ਼ਦਰ ਪਾਰਟੀ ਤੋਂ ਸ਼ੁਰੂ ਹੋਈ ਸੀ, ਫਿਰ ਕਦੇ ਰੁਕੀ ਨਹੀਂ। ਰੂਸ ਦੀ ਟੋਆਇਲਰ ਯੂਨੀਵਰਸਿਟੀ ਦੇ ਅਧਿਆਪਕਾਂ ਨੇ ਉਨ੍ਹਾਂ ਦੀ ਮਾਰਕਸਵਾਦੀ ਸੋਚ ਨੂੰ ਵਧੇਰੇ ਸਪੱਸ਼ਟ ਕੀਤਾ ਅਤੇ ਉਨ੍ਹਾਂ ਨੂੰ ਫੌਜੀ ਸਿਖਲਾਈ ਵੀ ਦਿੱਤੀ।

ਆਜ਼ਾਦੀ ਤੋਂ ਪਹਿਲਾਂ 1939 ਵਿਚ ਕੈਮਬਲਪੁਰ ਵਿਖੇ ਇਹ ਮਹਾਨ ਵਿਅਕਤੀ ਤਿੰਨ ਸਾਲ ਜੇਲ੍ਹ ਵਿਚ ਰਿਹਾ ਅਤੇ ਆਪਣੇ ਉਤੇਜਕ ਭਾਸ਼ਨ ਦੇ ਲਈ ਇੱਕ ਸਾਲ ਦੁਬਾਰਾ ਜੇਲ੍ਹ ਵਿਚ ਬੰਦ ਹੋਇਆ।

ਸੰਨ 1947 ਵਿਚ ਭਾਰਤ ਆਜ਼ਾਦ ਹੋਇਆ। ਪਰ ਇਹ ਆਜ਼ਾਦੀ ਵੀ ਬਾਬਾ ਬਿਲਗਾ ਜੀ ਨੂੰ ਕਥਿਤ ਜਾਂ ਝੂਠੀ ਲੱਗਦੀ ਸੀ, ਤਾਂ ਹੀ ਉਹ ਉਸਦੇ ਵਿਰੁੱਧ ਤੁਰੰਤ ਆਪਣੇ ਵਿਦਰੋਹ ਦਾ ਝੰਡਾ ਬੁਲੰਦ ਕਰ ਦਿੰਦੇ। ਬੇਸ਼ੱਕ ਉਹ ਅਜਿਹੇ ਆਜ਼ਾਦੀ ਦੇ ਘੁਲਾਟੀਏ ਸੀ, ਜਿਨ੍ਹਾਂ ਨੂੰ ਦੇਸ਼ ਆਜ਼ਾਦ ਹੋਣ ਤੋਂ ਬਾਅਦ ਵੀ ਆਪਣੀ ਹੀ ਸਰਕਾਰ ਜੇਲ੍ਹ ਵਿਚ ਬੰਦ ਕਰਦੀ ਰਹੀ, ਕਿਉਂਕਿ ਉਹ ਬੇਇਨਸਾਫ਼ੀ ਅਤੇ ਆਜ਼ਾਦੀ ਦੇ ਨਾਂ ਤੇ ਮਿਥਿਆਵਾਦ ਦੇ ਵਿਰੁੱਧ ਹਮੇਸ਼ਾਂ ਸੰਘਰਸ਼ ਕਰਦੇ ਰਹੇ।

ਭੂਗੋਲਿਕ ਆਜ਼ਾਦੀ ਤਾਂ ਸਾਨੂੰ ਮਿਲ ਗਈ, ਪਰ ਦੇਸ਼ ਤੇਜ਼ ਆਰਥਿਕ ਤਰੱਕੀ ਦੇ ਛਲਾਵੇ ਕਾਰਨ ਵਿਦੇਸ਼ੀ ਮਹਾਂਸ਼ਕਤੀਆਂ ਦਾ ਵਿਵਸਾਇਕ ਅਤੇ ਆਰਥਿਕ ਉਪਨਿਵੇਸ਼ ਬਣਦਾ ਜਾ ਰਿਹਾ ਸੀ। ਬਾਬਾ ਜੀ ਦੀ ਜਵਾਨੀ ਭਾਰਤ ਦੀ ਭੂਗੋਲਿਕ ਗ਼ੁਲਾਮੀ ਦੀ ਜ਼ੰਜੀਰਾਂ ਕੱਟਣ ਵਿਚ ਲੰਘ ਗਿਆ। ਹੁਣ ਚੁਣੌਤੀ ਨਵੀਂ ਆਈ। ਉਪਭੋਗਤਾਵਾਦ ਅਤੇ ਆਰਥਿਕ ਉਪਨਿਵੇਸ਼ ਵਿਚ ਦੇਸ਼ ਦੇ ਆਮ ਆਦਮੀ ਦਾ ਲਗਾਤਾਰ ਪਤਨ ਵੱਲ ਚਲੇ ਜਾਣ ਦੀ ਯਾਤਰਾ। ਬਾਬਾ ਜੀ ਦੀ ਆਪਣੇ ਜੀਵਨ ਦੇ ਅਖ਼ੀਰਲੇ ਸਾਹ ਤੱਕ ਇਸ ਅਨਾਚਾਰ ਅਤੇ ਅਤਿਆਚਾਰ ਦੇ ਵਿਰੁੱਧ ਆਪਣੀ

ਕਲਮ ਅਤੇ ਆਪਣੀ ਸ਼ਖ਼ਸੀਅਤ ਦੇ ਵਿਦਰੋਹ ਦਾ ਝੰਡਾ ਬੁਲੰਦ ਕਰਦੇ ਰਹੇ।

ਇਸ ਵਿਦਰੋਹ ਦੀ ਸ਼ੁਰੂਆਤ ਸਨ 1947–48 ਵਿਚ ਹੋਈ, ਜਦੋਂ ਉਨ੍ਹਾਂ ਨੇ ਭਾਰਤ ਦੀ ਸੰਪਰਦਾਇਕ ਵੰਡ ਦਾ ਵਿਰੋਧ ਕੀਤਾ ਅਤੇ ਆਪਣੀ ਸਰਕਾਰ ਨੇ ਉਨ੍ਹਾਂ ਨੂੰ ਧਰਮਸ਼ਾਲਾ ਵਿਚ ਯੋਲ ਕੈਂਪ ਦੀ ਜੇਲ੍ਹ ਵਿਚ ਇਕ ਸਾਲ ਤੱਕ ਬੰਦ ਕਰ ਦਿੱਤਾ। ਫੇਰ ਕੈਰੋਂ ਸਰਕਾਰ ਨੇ ਜਦੋਂ ਧਰਤੀ ਪੁੱਤਰਾਂ ਤੇ ਖੁਸ਼ੀ ਹੈਸਿਅਤੀ ਟੈਕਸ ਠੋਕਿਆ ਤਾਂ ਬਾਬਾ ਜੀ ਨੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਅਤੇ ਸਰਕਾਰ ਨੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ।

ਇਸ ਤੋਂ ਬਾਅਦ ਸ਼ੁਰੂ ਹੋਇਆ ਨਕਸਲਵਾਦੀ ਨੌਜਵਾਨਾਂ ਦਾ ਹਥਿਆਰਬੰਦ ਵਿਦਰੋਹ। ਪੁਲਿਸ ਇਨ੍ਹਾਂ ਨੌਜਵਾਨਾਂ ਤੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਇਨ੍ਹਾਂ ਨੂੰ ਕੁਚਲਣ ਦੀ ਕੋਸ਼ਿਸ਼ ਕਰਨ ਲੱਗੀ। ਜਨਮਜਾਤ ਵਿਦਰੋਹੀ ਬਾਬਾ ਬਿਲਗਾ ਜੀ ਦਾ ਵਿਦਰੋਹ ਸਵਰ ਉੱਠਿਆ ਅਤੇ ਉਨ੍ਹਾਂ ਨੂੰ 1971 ਵਿਚ ਚਾਰ ਮਹੀਨਿਆਂ ਦੇ ਲਈ ਪਟਿਆਲਾ ਜੇਲ੍ਹ ਵਿਚ ਭੇਜ ਦਿੱਤਾ।

ਬਾਅਦ ਵਿਚ ਜਦੋਂ ਦੇਸ਼ ਵਿਚ ਐਮਰਜੈਂਸੀ ਲਾਗੂ ਹੋਈ ਉਦੋਂ ਕਈ ਸਰਕਾਰੀ ਸੰਤਾਂ ਨੇ ਇਸ ਨੂੰ ਅਨੁਸ਼ਾਸਨ ਅਨੁਸਾਰ ਮੰਨ ਲਿਆ ਸੀ, ਨਿਆਂ ਦੇ ਰਸਤੇ ਤੇ ਤੁਰਨ ਵਾਲੇ ਇਸ ਅਣਥੱਕ ਯਾਤਰੀ ਦਾ ਵਿਰੋਧ ਚੁੱਪ ਨਹੀਂ ਰਿਹਾ। ਐਮਰਜੈਂਸੀ ਵਿਚ ਉਨ੍ਹਾਂ ਦਾ ਗ੍ਰਿਫ਼ਤਾਰੀ ਵਾਰੰਟ ਵੀ ਨਿਕਲਿਆ ਸੀ।

ਬਾਬਾ ਬਿਲਗਾ ਜੀ ਸੌ ਸਾਲ ਦੇ ਹੋ ਗਏ। ਉਮਰ ਦੇ ਥਪੇੜੇ ਉਨ੍ਹਾਂ ਨੂੰ ਵੀਲਚੇਅਰ ਤੇ ਲੈ ਆਏ। ਕਿਉਂਕਿ ਸਮਾਜਿਕ ਅਨਿਆਂ ਅਤੇ ਗ਼ਲਤ ਦਾ ਸਹੀ ਤੇ ਹਾਵੀ ਹੋਣਾ ਉਸੇ ਤਰ੍ਹਾਂ ਕਾਇਮ ਸੀ। ਇਸ ਲਈ ਇਹ ਵਿਦਰੋਹੀ 6 ਅਕਤੂਬਰ 2008 ਨੂੰ ਵੀਲਚੇਅਰ ਤੇ ਨਿਕਲਿਆ। ਉਸ ਰੋਸ ਦੀ ਅਗਵਾਈ ਕੀਤੀ ਜੋ ਜਲ੍ਹਿਆਂ ਵਾਲੇ ਬਾਗ ਦਾ ਅਸਲੀ ਰੂਪ ਬਚਾਉਣ ਦੇ ਲਈ, ਕਾਮਾਗਾਟਾਮਾਰੂ ਦੇ ਯਾਤਰੀਆਂ ਅਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਿਵਾਉਣ ਲਈ ਕੱਢਿਆ ਜਾ ਰਿਹਾ ਸੀ। ਉਨ੍ਹਾਂ ਦਾ ਸਰੀਰ ਕਮਜ਼ੋਰ ਹੋ ਰਿਹਾ ਸੀ। 22 ਮਈ 2009 ਨੂੰ ਉਨ੍ਹਾਂ ਦੇ ਦੇਹਾਂਤ ਹੋ ਗਿਆ। ਲੇਕਿਨ ਆਪਣੇ ਪਿੱਛੇ ਉਹ ਵਿਦਰੋਹੀ ਚਿੰਤਨ ਦੀ ਇੱਕ ਅਜਿਹੀ ਆਤਮਾ, ਸਵੀਕਾਰ ਕਰ ਪਾਉਣ ਦੀ ਇੱਕ ਅਜਿਹੀ ਤਾਕਤ ਛੱਡ ਗਏ ਕਿ ਉਸ ਦੀ ਯਾਦ ਆਉਣ ਵਾਲੇ ਸੰਘਰਸ਼ ਦੇ ਦਿਨਾਂ ਵਿਚ ਅੱਗੇ ਆ ਰਹੇ ਨੌਜਵਾਨਾਂ ਦੇ ਲਈ ਪ੍ਰੇਰਨਾ ਦਾ ਥੰਮ੍ਹ ਬਣੀ ਰਹੇਗੀ।

ਮੇਰੀ ਖੁਸ਼ਕਿਸਮਤੀ ਰਹੀ ਹੈ ਕਿ ਦੇਸ਼ ਦੇ ਸੰਕਟਪੂਰਨ ਦਿਨਾਂ ਵਿਚ ਇੱਕ ਸਾਹਿਤਕਾਰ ਅਤੇ ਪੱਤਰਕਾਰ ਦੇ ਰੂਪ ਵਿਚ ਉਨ੍ਹਾਂ ਨਾਲ ਸੰਵਾਦ ਰਚਾਉਣ ਦਾ ਮੌਕਾ ਬਾਰ-ਬਾਰ ਮਿਲਦਾ ਰਿਹਾ। ਅੱਸੀ ਦੇ ਦਹਾਕੇ ਵਿਚ ਆਤੰਕਵਾਦ ਤੋਂ ਪੀੜ੍ਹਤ ਪੰਜਾਬ ਦੇ ਕਾਲੇ ਦਿਨ ਸਨ। ਲੋਕ ਆਪਣੀ ਖਿੜਕੀਆਂ ਤੋਂ ਬਾਹਰ ਝਾਂਕਣ ਤੋਂ ਵੀ ਡਰਦੇ ਸਨ। ਰਾਜਨੇਤਾਵਾਂ ਦੇ ਮੌਨਵਰਤ ਲੰਮੇ ਹੋ ਗਏ ਸਨ। ਇੰਟਰਵਿਊ ਦੀ ਤਾਂ ਗੱਲ ਛੱਡੋ, ਲੋਕ ਖੁੱਲ੍ਹ ਕੇ ਗੱਲ ਕਰਦਿਆਂ ਵੀ ਚੌਕਸ ਹੋ ਜਾਂਦੇ। ਉਨ੍ਹਾਂ ਦਿਨਾਂ ਵਿਚ ਇਸ ਦਮਨਕਾਰੀ ਅਤੇ ਆਤੰਕਪੂਰਨ ਮਾਹੌਲ ਦੇ ਵਿਰੁੱਧ ਮੈਂ ਕਲਮ ਚੁੱਕੀ ਹੋਈ ਸੀ। ਹਿੰਦੀ ਦੀ ਪ੍ਰਮੁੱਖ ਸਪਤਾਹਿਕ ਪਤ੍ਰਿਕਾ ਧਰਮਯੁੱਧ ਵਿਚ ਪੰਜਾਬ ਵਿਚ ਡਟ ਕੇ ਅੱਤਵਾਦ ਨਾਲ ਜੂਝਣ, ਲੜਨ ਦਾ ਹੌਸਲਾ ਰੱਖਣ ਵਾਲੀ ਸ਼ਖ਼ਸੀਅਤਾਂ ਦੇ ਲਈ ਪੂਰੇ ਪੇਜ ਦੇ ਵਿਅਕਤੀ ਚਿੱਤਰ ਲਿਖ ਰਿਹਾ ਸੀ। ਬਾਬਾ ਭਗਤ ਸਿੰਘ ਬਿਲਗਾ ਇਸ ਕੜੀ ਵਿਚ ਮੋਹਰੀ ਸਨ। ਉਨ੍ਹਾਂ ਨੇ ਇਸ ਮੁਲਾਕਾਤ ਵਿਚ ਜਿੰਨੀਆਂ ਬੇਧੜਕ ਅਤੇ ਨਿਡਰ ਗੱਲਾਂ ਕੀਤੀਆਂ ਨਿਸ਼ਚੈ ਹੀ ਉਸ ਸਮੇਂ

ਉਨ੍ਹਾਂ ਨੇ ਡਰ ਅਤੇ ਆਤੰਕ ਦੇ ਇਸ ਮਾਹੌਲ ਨੂੰ ਛਾਂਟਣ ਵਿਚ ਮੱਦਦ ਕੀਤੀ।

ਇਸ ਦੇ ਬਾਅਦ ਨੱਬੇ ਦਾ ਦਹਾਕਾਂ ਆਇਆ। ਮੈਂ ਉਸ ਵੇਲੇ ਇੰਡੀਅਨ ਐਕਸਪ੍ਰੈਸ ਵਿਚ ਲੁਕਿੰਗ ਬੈਂਕ ਸਿਰਲੇਖ ਅਧੀਨ ਕਾਲਮ ਲਿਖ ਰਿਹਾ ਸੀ। ਇਸ ਦੀ ਇਕ ਕਿਸ਼ਤ ਵਿਚ ਮੈਂ ਬਾਬਾ ਜੀ ਅਤੇ ਦੇਸ਼ ਭਗਤ ਹਾਲ ਦੇ ਅਤੀਤ, ਵਰਤਮਾਨ ਅਤੇ ਭਵਿੱਖ ਨੂੰ ਲੈ ਕੇ ਖੁੱਲ੍ਹ ਕੇ ਗੱਲਾਂ ਕੀਤੀਆਂ। ਨਿਸ਼ਚੈ ਹੀ ਉਸ ਵਿਚ ਭਵਨ ਨੂੰ ਨੌਜਵਾਨ ਪੀੜ੍ਹੀ ਦੇ ਚਿੰਨਤ ਅਤੇ ਮਨਨ ਦਾ ਖੁੱਲ੍ਹਾ ਪੀਠ ਬਣਾ ਦੇਣਾ ਚਾਹੁੰਦੇ ਸੀ। ਇਹ ਇਸ ਵਿਦਰੋਹ ਦੇ ਚਿੰਤਨ ਨੂੰ ਕਿਸੇ ਠੱਪੇ ਜਾਂ ਕੋਠੜੀ ਵਿਚ ਬੰਦ ਨਹੀਂ ਕਰਨਾ ਚਾਹੁੰਦੇ ਸਨ। ਭਾਵੀ ਸੰਘਰਸ਼ ਨੂੰ ਚਿੰਤਨ ਦੀ ਮਰਿਆਂਦਾ ਅਤੇ ਅਨੁਸਾਸ਼ਨ ਦਾ ਮੂਲ ਕਿਨਾਰਾ ਦੇਣਾ ਚਾਹੁੰਦੇ ਸਨ।

ਨਵੇਂ ਵਿਚਾਰਾਂ ਦਾ ਉਹ ਕਿੰਨੇ ਖੁੱਲ੍ਹੇ ਅਤੇ ਉਦਾਰ ਮਨ ਨਾਲ ਸਵਾਗਤ ਕਰਦੇ ਸੀ। ਇਸ ਦੀ ਪਹਿਲੀ ਜਾਣਕਾਰੀ ਮੈਨੂੰ ਉਸ ਵੇਲੇ ਮਿਲੀ ਜਦੋਂ ਮੇਰੇ ਪੁਰਾਣੇ ਮਿੱਤਰ, ਨਰਿੰਦਰ ਜੋਸ਼ੀ ਜੋ ਕਦੇ ਇਸ ਭਵਨ ਤੋਂ 'ਪੀਪਲਜ਼ ਪਥ" ਨਾਂ ਦੀ ਪਤ੍ਰਿਕਾ ਕੱਢਦੇ ਸਨ, ਆਪਣੇ ਜੀਵਨ ਦੇ ਅਖ਼ੀਰਲੇ ਦਿਨਾਂ ਵਿਚ ਉਹ ਇਸ ਭਵਨ ਵਿਚ ਖੋਜੀ ਦੇ ਰੂਪ ਵਿਚ ਪੱਕੇ ਤੌਰ 'ਤੇ ਨਿਵਾਸ ਕਰਨ ਲੱਗ ਪਏ।

ਉਨ੍ਹਾਂ ਨਾਲ ਮੈਮੋਰੀਅਲ ਹਾਲ ਦੇ ਪਿੱਛੇ ਬਣੇ ਕਮਰੇ ਵਿਚ ਮੇਰਾ ਬਹੁਤ ਬਾਰ ਜਾਣਾ ਹੁੰਦਾ। ਬਾਬਾ ਜੀ ਦਾ ਠਿਕਾਣਾ ਵੀ ਉਸ ਸਮੇਂ ਤੱਕ ਨਹੀਂ ਬਣ ਪਾਇਆ ਸੀ। ਅਸੀਂ ਦੋਵੇਂ ਉਨ੍ਹਾਂ ਕੋਲ ਬੈਠ ਕੇ ਗੁਜਰੇ ਇਨ੍ਹਾਂ ਦੇ ਗ਼ਦਰੀ ਇਤਿਹਾਸ ਨੂੰ ਦੁਬਾਰਾ ਫਰੋਲਦੇ। ਉਨ੍ਹਾਂ ਦੇ ਆਸ਼ੀਰਵਾਦ ਨਾਲ ਅਸੀਂ ਇਕ ਸੰਸਥਾ 'ਅਗੇਨ' ਜਾਂ 'ਦੁਬਾਰਾ' ਦਾ ਗਠਨ ਕੀਤਾ। ਇੱਕ ਪਤ੍ਰਿਕਾ ਕੱਢਣ ਦੀ ਯੋਜਨਾ ਬਣੀ। ਵਿਚਾਰ ਚਰਚਾ ਦੇ ਲਈ ਕੁਝ ਗੋਸ਼ਟੀਆਂ ਵੀ ਹੋਈਆਂ। ਬਾਬਾ ਜੀ ਨੌਜਵਾਨ ਚੇਤਨਾ ਦੇ ਸਰਵ ਵਿਆਪੀ ਅਤੇ ਵਿਸੰਗਤੀਆਂ ਦੇ ਉੱਭਰਦੇ ਅਸੰਤੋਖ ਅਤੇ ਗੁੱਸੇ ਨੂੰ ਸਾਫ਼ ਦੇਖ ਰਹੇ ਸੀ। ਇਨ੍ਹਾਂ ਨੂੰ ਇੱਕ ਖੁੱਲ੍ਹਾ ਮੰਚ ਪ੍ਰਦਾਨ ਕਰਨ ਦੀ ਉਨ੍ਹਾਂ ਕੋਲੋਂ ਇਜਾਜ਼ਤ ਸੀ। ਲੇਕਿਨ ਇਸ ਖੰਡਿਤ ਤਰੱਕੀ ਦੇ ਮੱਧਮ ਅਹਿਸਾਸ ਵਿਚ ਉਹ ਸੁਪਨੇ ਹੀ ਕੀ ਜੋ ਸਾਕਾਰ ਹੋ ਜਾਣ। ਪਹਿਲਾਂ ਨਰਿੰਦਰ ਜੋਸ਼ੀ ਦੀ ਇੱਕ ਦੁਰਘਟਨਾ ਵਿਚ ਮੌਤ ਹੋ ਗਈ, ਫਿਰ ਬਾਬਾ ਬਿਲਗਾ ਜੀ ਵੀ ਨਹੀਂ ਰਹੇ।

ਲੇਕਿਨ ਬਾਬਾ ਜੀ ਦਾ ਬਰੋਟੇ ਜਿਹਾ ਅਹਿਸਾਸ ਅੱਜ ਵੀ ਦੇਸ਼ਭਗਤ ਮੈਮੋਰੀਅਲ ਵਿਚ ਮੌਜੂਦ ਹੈ। ਅੱਜ ਜਦੋਂ ਲੋਕਤੰਤਰ ਕਰਵਟ ਲੈ ਰਿਹਾ ਹੈ। ਉਪਭੋਗਤਾਵਾਦ ਦੇ ਚੋਰ ਦਰਵਾਜ਼ੇ ਰਾਹੀਂ ਦਾਖ਼ਲ ਹੋਇਆ ਪੂੰਜੀਵਾਦ ਦੇਸ਼ ਦੀ ਤਰੱਕੀ ਦੇ ਨਾਂ ਤੇ ਆਮ ਲੋਕਾਂ ਦੇ ਸ਼ੋਸ਼ਣ ਦਾ ਕੌੜਾ ਸੱਚ ਵੰਡਣ ਦੀ ਤਿਆਰੀ ਕਰ ਰਿਹਾ ਹੈ। ਦੇਸ਼ ਭਗਤ ਮੈਮੋਰੀਅਲ ਦੇ ਭਵਨ ਵਿਚ ਬਾਬਾ ਜੀ ਦੀ ਮੌਜੂਦਗੀ ਦਾ ਅਹਿਸਾਸ ਨਵੀਂ ਪੀੜ੍ਹੀ ਨੂੰ ਇੱਕ ਨਵੇਂ ਸੰਘਰਸ਼ ਦੀ ਚੁਣੌਤੀ ਦਿੰਦਾ ਹੈ। ਕੀ ਅਸੀਂ ਇਸ ਚੁਣੌਤੀ ਨੂੰ ਸਵੀਕਾਰ ਕਰਾਂਗੇ?

***

# ਸਾਡਾ ਪਥ ਪ੍ਰਦਰਸ਼ਕ ਬਾਬਾ ਭਗਤ ਸਿੰਘ ਬਿਲਗਾ

-ਡਾ. ਅਨੂਪ ਸਿੰਘ

ਅਸਲ 'ਚ ਗ਼ਦਰੀ ਸੂਰਬੀਰਾਂ ਅਤੇ ਉਨ੍ਹਾ ਦੇ ਵਾਰਿਸਾਂ 'ਚ ਦੇਸ਼ ਦੀ ਆਜ਼ਾਦੀ ਲਈ ਮਰ-ਮਿਟਣ ਦਾ ਜਜ਼ਬਾ ਠਾਠਾਂ ਮਾਰਦਾ ਸੀ। ਉਨ੍ਹਾਂ ਦਾ ਹੰਢਾਇਆ ਅਨੁਭਵ ਉਨ੍ਹਾਂ 'ਚ ਅਜ਼ਾਦੀ ਦੀ ਚਿਣਗ ਜਗਾਉਣ ਲਈ ਕਾਫੀ ਸੀ। ਉਹ ਯੂਰਪੀਨ, ਅਮਰੀਕਾ ਤੇ ਕੈਨੇਡਾ ਆਦਿ ਦੇਸ਼ਾਂ ਵਿਚ ਨਸਲੀ ਭੇਦ-ਭਾਵਾਂ , ਪੱਖ-ਪਾਤਾਂ ਤੇ ਵਿਤਕਰੇ ਦੇ ਸਤਾਏ ਹੋਏ ਸਨ। ਉਹ ਪੂਰੀ ਤਰ੍ਹਾਂ ਧਰਮ-ਨਿਰਪੱਖ, ਲੋਕਤੰਤਰੀ ਤੇ ਮਾਨਵਵਾਦੀ ਸੋਚ ਨੂੰ ਪ੍ਰਣਾਏ ਹੋਏ ਸਨ ਅਤੇ ਸੰਕੀਰਨ ਜਾਤ-ਪਾਤੀ ਤੇ ਫਿਰਕੂ ਵੰਡਾਂ ਤੇ ਭੇਦ-ਭਾਵ ਤੋਂ ਉੱਪਰ ਸਨ।

ਉਨ੍ਹਾਂ ਅੰਦਰ ਅਜ਼ਾਦੀ ਦਾ ਜਜ਼ਬਾ ਠਾਠਾਂ ਮਾਰਦਾ ਸੀ। ਉਹ ਦਲੇਰ, ਨਿਰਭਉ ਅਤੇ ਲੜਨ-ਮਰਨ ਦੇ ਚਾਅ ਨਾਲ ਲਬਰੇਜ਼ ਸਨ। ਉਹ ਆਪਣੀਆਂ ਸਪੱਸ਼ਟ ਲਿਖਤਾਂ ਤੇ ਕੁਰਬਾਨੀਆਂ ਦੁਆਰਾ ਭਾਰਤੀ ਲੋਕਾਂ ਦੀ ਗ਼ੁਲਾਮ ਮਾਨਸਿਕਤਾ ਨੂੰ ਟੁੰਬਣਾ, ਜਗਾਉਣਾ ਤੇ ਬਦਲਣਾ ਚਾਹੁੰਦੇ ਸਨ, "ਹਿਦੁਸਤਾਨ ਗ਼ਦਰ" ਜਿਸ ਦਾ ਪਹਿਲਾਂ ਨਾਂ ਕੇਵਲ "ਗ਼ਦਰ" ਸੀ, ਵਿਚ ਪ੍ਰਕਾਸ਼ਿਤ ਇਸ਼ਤਿਹਾਰ ਭਾਰਤੀ ਲੋਕਾਂ ਪਾਸੋਂ ਮੰਗ ਕਰਦਾ ਹੈ-

ਲੋੜ ਹੈ- ਨਿਡਰ ਸਿਪਾਹੀਆਂ ਦੀ ਹਿੰਦੋਸਤਾਨ ਵਿਚ ਗ਼ਦਰ ਮਚਾਉਣ ਲਈ,

ਤਨਖਾਹ - ਮੌਤ<br>
ਇਨਾਮ - ਸ਼ਹੀਦੀ<br>
ਪੈਨਸ਼ਨ - ਆਜ਼ਾਦੀ<br>
ਮੁਕਾਮ - ਹਿੰਦੁਸਤਾਨ

ਗ਼ਦਰੀ ਸੂਰਬੀਰਾਂ ਤੇ ਉਨ੍ਹਾਂ ਦੇ ਵਾਰਸਾਂ ਦਾ ਉਦੇਸ਼ ਅੰਗਰੇਜ਼ ਸਾਮਰਾਜੀਆਂ ਨੂੰ ਹਰ ਹਾਲਤ ਅਤੇ ਹਰ ਢੰਗ-ਤਰੀਕਾ ਵਰਤਕੇ ਦੇਸ਼ 'ਚੋਂ ਬਾਹਰ ਕੱਢਣਾ ਸੀ। ਉਹ ਸਾਮਰਾਜੀ ਸ਼ਾਸਨ ਤੇ ਲੁੱਟ-ਖਸੁੱਟ ਨੂੰ ਖਤਮ ਕਰਨਾ ਚਾਹੁੰਦੇ ਸਨ। ਇਸ ਉਦੇਸ਼ ਦੀ ਪੂਰਤੀ ਦੇ ਨਾਲ ਨਾਲ ਹੀ ਉਹ ਦੇਸ਼ ਵਿਚ ਕੌਮੀ, ਲੋਕਤੰਤਰੀ, ਸਮਾਜਵਾਦੀ ਸਮਾਜਿਕ ਵਿਵਸਥਾ ਅਤੇ ਭਾਰਤੀ ਰਾਜ ਦੀ ਸਿਰਜਣਾ ਕਰਨੀ ਚਾਹੁੰਦੇ ਸਨ। ਗ਼ਦਰੀ ਸੂਰਬੀਰ ਨਵੇਂ ਨਿਆਂ ਪੂਰਨ ਸਮਾਜ ਦੀ ਸਿਰਜਣਾ ਕਰਨੀ ਚਾਹੁੰਦੇ ਸਨ, ਜਿਥੇ ਲੋਕ ਸਵੈ-ਮਾਣ ਭਰਪੂਰ ਜ਼ਿੰਦਗੀ ਜੀਅ ਸਕਣ। ਉਨ੍ਹਾਂ ਨੂੰ ਇਹ ਵੀ ਡੂੰਘਾ ਅਹਿਸਾਸ ਸੀ ਕਿ ਸਵੈ-ਮਾਣ ਦੀ ਰਾਖੀ ਤੇ ਮਜ਼ਬੂਤੀ ਲਈ ਸਵੈ-ਨਿਰਭਰਤਾ ਜ਼ਰੂਰੀ ਹੈ।

ਇਨ੍ਹਾਂ ਯੋਧਿਆਂ ਵੱਲੋਂ ਏਨੇ ਉੱਚੇ-ਸੁੱਚੇ ਉਦੇਸ਼ਾਂ ਦੀ ਪ੍ਰਾਪਤੀ ਲਈ ਕੀਤੀਆਂ ਘਾਲਣਾਵਾਂ

ਅਤੇ ਬੇਮਿਸਾਲ ਕੁਰਬਾਨੀਆਂ ਤੋਂ ਪ੍ਰੇਰਿਤ ਹੋ ਕੇ ਭਾਰਤ ਵਿਚ ਬੀਤੀ ਸਦੀ ਦੇ ਤੀਜੇ ਤੇ ਚੌਥੇ ਦਹਾਕੇ 'ਚ ਕਈ ਲਹਿਰਾਂ ਫੁੱਟੀਆਂ ਤੇ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ 'ਚ ਆਪਣਾ ਅਮਿੱਟ ਯੋਗਦਾਨ ਪਾਇਆ: (ੳ) ਬੱਬਰ ਅਕਾਲੀ ਲਹਿਰ (ਅ) ਮੌਤ/ਫਾਂਸੀਆਂ/ਉਮਰ ਕੈਦ ਅਤੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਤੋਂ ਬਚ ਗਏ ਜਾਂ ਸਜ਼ਾਵਾਂ ਕੱਟ ਕੇ ਪਰਤੇ ਦੇਸ਼ ਭਗਤਾਂ ਨੇ ਹੀ ਕਿਰਤੀ ਪਾਰਟੀ ਦਾ ਗਠਨ ਕੀਤਾ। (ੲ) ਸਰਵ ਭਾਰਤ ਨੌਜਵਾਨ ਸਭਾ (ਸ) ਅਜ਼ਾਦ ਹਿੰਦ ਫੌਜ (ਹ) ਸੈਨਿਕ ਬਗਾਵਤਾਂ। ਇਨ੍ਹਾਂ ਲਹਿਰਾਂ ਦਾ ਸਿੱਧੇ-ਅਸਿੱਧੇ ਜਾਂ ਪ੍ਰਤੱਖ -ਅਪ੍ਰਤੱਖ ਰੂਪ 'ਚ ਇਕ ਸਜੀਵ ਪਾਤਰ ਬਾਬਾ ਭਗਤ ਸਿੰਘ ਬਿਲਗਾ ਹਨ।

ਸਾਮਰਾਜ ਵਿਰੋਧੀ ਗ਼ਦਰ ਲਹਿਰ ਦੇ ਆਖ਼ਰੀ ਚਸ਼ਮਦੀਦ ਗਵਾਹ, ਉੱਘੇ ਦੇਸ਼ ਭਗਤ, ਮਾਰਕਸਵਾਦੀ-ਲੈਨਿਨਵਾਦੀ ਸੋਚ ਦੇ ਸੁਹਿਰਦ ਪੈਰੋਕਾਰ, ਧਰਮ-ਨਿਰਪੱਖ ਤੇ ਜਮਹੂਰੀ ਕਦਰਾਂ-ਕੀਮਤਾਂ ਦੇ ਧਾਰਨੀ, ਜਾਤ-ਪਾਤੀ ਵਲਗਣਾਂ ਤੋਂ ਕਿਤੇ ਉੱਪਰ, ਇਲਾਕਾਈ ਸੰਕੀਰਨਤਾ ਤੋਂ ਮੁਕਤ,ਵਿਸ਼ਾਲ ਮੌਲਿਕ ਅਨੁਭਵ ਦੇ ਮਾਲਕ ਅਤੇ ਅਤੀ ਸੰਵੇਦਨਸ਼ੀਲ ਕਰਮਯੋਗੀ ਬਾਬਾ ਭਗਤ ਸਿੰਘ ਬਿਲ਼ਗਾ ਸੌ ਸਾਲ ਤੋਂ ਵੱਧ ਜੀਵਤ ਰਹੇ ਅਤੇ ਇਨ੍ਹਾਂ ਵਿਚੋਂ ਲਗਭਗ 80 ਸਾਲ ਪੀੜਤ ਤੇ ਵੰਚਿਤ-ਵਿਹੂਣੀ ਧਿਰ ਦੇ ਹੱਕਾਂ ਹਿੱਤਾਂ ਨੂੰ ਸਮਰਪਿਤ ਰਹੇ। ਉਨ੍ਹਾਂ ਆਪਣੇ ਇਨ੍ਹਾਂ ਸਾਲਾਂ ਚੋਂ ਇਕ ਹਿੱਸਾ ਵੱਖ-ਵੱਖ ਦੇਸ਼ਾਂ ਵਿਚ ਕਿਰਤ-ਕਮਾਈ ਕਰਦਿਆਂ, ਗ਼ਦਰੀਆਂ ਤੇ ਉਨ੍ਹਾਂ ਦੇ ਹਮਦਰਦਾਂ-ਸਮਰਥਕਾਂ ਨੂੰ ਮਿਲਦਿਆਂ, ਦੇਸ਼ ਭਗਤਾਂ ਦੇ ਪਰਿਵਾਰ ਲਈ ਅਤੇ ਦੇਸ਼ ਭਗਤ ਯਾਦਗਾਰ ਜਲੰਧਰ ਲਈ ਫੰਡ ਇਕੱਠਾ ਕਰਦਿਆਂ ਲਾਇਆ। ਇਸ ਸਮੇਂ ਦੌਰਾਨ ਉਨ੍ਹਾਂ ਨੂੰ ਵੱਡੀਆਂ ਕਠਿਨਾਈਆਂ, ਔਕੜਾਂ ਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਪਰ ਬਾਬਾ ਬਿਲਗਾ ਜੀ ਨੇ ਵਡੇਰੇ ਅਤੇ ਜਨ-ਸਮੂਹ ਦੇ ਹਿੱਤਾਂ ਨੂੰ ਸਨਮੁੱਖ ਰੱਖਦਿਆਂ ਇਨ੍ਹਾਂ ਨੂੰ ਹੱਸ-ਹੱਸ ਕੇ ਪ੍ਰਵਾਨ ਕੀਤਾ। ਇਸੇ ਤਰ੍ਹਾਂ ਉਨ੍ਹਾਂ ਨੇ ਆਪਣੀ ਹਯਾਤੀ ਦਾ ਇਕ ਹਿੱਸਾ ਵਿਦੇਸ਼ੀ ਤੇ ਦੇਸ਼ੀ ਹਾਕਮਾਂ ਦੀਆਂ ਜੇਲ੍ਹਾਂ 'ਚ ਕੱਟਿਆ। ਇੱਥੇ ਵੀ ਆਪ ਜੀ ਨੇ ਕਦੇ ਕਮਜ਼ੋਰੀ ਨਹੀ ਵਿਖਾਈ ਅਤੇ ਪਰਿਵਾਰ, ਰਿਸ਼ਤੇਦਾਰਾਂ ਤੇ ਹੋਰ ਸਕੇ ਸੰਬੰਧੀਆਂ ਨਾਲੋਂ ਪੂਰੀ ਤਰ੍ਹਾਂ ਲਾਂਭੇ ਰਹਿ ਕੇ ਆਪ ਦੇਸ਼ ਤੇ ਲੋਕਾਂ ਦੇ ਹੱਕਾਂ ਹਿੱਤਾਂ ਲਈ ਹਰ ਜਬਰ ਨੂੰ ਸਹਿੰਦੇ ਰਹੇ।

ਗ਼ਦਰੀ ਸੂਰਬੀਰਾਂ ਦੀ ਕਹਿਣੀ ਤੇ ਕਰਨੀ ਵਿਚ ਕੋਈ ਫਰਕ ਨਹੀਂ ਸੀ, ਭਾਵ ਉਹ ਅੰਦਰੋਂ-ਬਾਹਰੋਂ ਇਕ ਸਨ। ਉਹ ਲਾਲਚ ਤੇ ਸਵਾਰਥ ਤੋਂ ਪੂਰੀ ਤਰ੍ਹਾਂ ਮੁਕਤ ਸਨ। ਇਸ ਕਥਨ ਦੀ ਪੁਸ਼ਟੀ ਹਿੱਤ ਬਾਬਾ ਭਗਤ ਸਿੰਘ ਬਿਲਗਾ ਜੀ ਸੂਫ਼ੀ ਅੰਬਾ ਪ੍ਰਸਾਦ ਬਾਰੇ ਲਿਖਦੇ ਹਨ, ਜਿਨ੍ਹਾਂ ਨੇ 1910 ਈ. ਤੱਕ ਅੰਗਰੇਜ਼ ਸਾਮਰਾਜੀਆਂ ਦੀ ਬਾਰਾਂ ਸਾਲ ਕੈਦ ਦੌਰਾਨ ਅਸਿਹ ਤੇ ਅਕਹਿ ਤਸੀਹੇ ਬਰਦਾਸ਼ਤ ਕੀਤੇ ਸਨ ਅਤੇ ਜੋ ਉਰਦੂ, ਫ਼ਾਰਸੀ ਤੇ ਅੰਗਰੇਜ਼ੀ ਵਿਚ ਮੁਹਾਰਤ ਰੱਖਦੇ ਸਨ ਅਤੇ ਚੰਗੀ ਸ਼ਾਇਰੀ ਕਰਦੇ ਸਨ, "ਚੰਗੇ ਲਿਖਾਰੀ ਤੇ ਸ਼ਾਇਰ ਹੋਣ ਦੇ ਨਾਤੇ ਆਪ ਨੂੰ ਹੈਦਰਾਬਾਦ ਭੂਪਾਲ ਰਿਆਸਤਾਂ ਵਿਚ ਇਕ ਹਜ਼ਾਰ ਰੁਪਏ ਦੀ ਤਨਖਾਹ 'ਤੇ ਆਹਲਾ ਮੁਲਾਜ਼ਮਤ ਪੇਸ਼ ਕੀਤੀ ਗਈ। ਪਰ ਸੂਫ਼ੀ ਦਰਵੇਸ਼ ਨੂੰ ਭਲਾ ਇਹ ਕਦ ਪ੍ਰਭਾਵਿਤ ਕਰ ਸਕਦੀ ਸੀ।" ਮੇਰੇ ਸੰਗਰਾਮੀ ਸਾਥੀ (ਪੰਨਾ 63), ਗ਼ਦਰ ਲਹਿਰ ਤੋਂ ਪ੍ਰਭਾਵਿਤ ਹੋ ਕੇ ਗ਼ਦਰੀ ਆਗੂ ਕਿਰਤੀ ਭਾਈ ਸੰਤੋਖ ਸਿੰਘ ਧਰਦਿਓ ਦੀ 19 ਮਈ 1927 ਨੂੰ ਮੌਤ 'ਤੇ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਨੂੰ ਸਤਿਕਾਰ ਭੇਟ ਕਰਦਿਆਂ ਲਿਖਿਆ ਸੀ; "ਕੌਮ ਦਾ ਇਕ ਲਾਲ, ਭਾਰਤ ਮਾਤਾ ਦਾ ਸੱਚਾ ਸਪੂਤ

ਤੇ ਗਰੀਬਾਂ ਦਾ ਹਮਦਰਦ ਸੰਸਾਰ 'ਚੋਂ ਘਟ ਗਿਆ ਹੈ, ਜਿਸ ਨੇ ਆਪਣਾ ਸਾਰਾ ਜੀਵਨ ਸੇਵਾ ਦੀ ਧੁਨ ਵਿਚ ਬਤੀਤ ਕੀਤਾ। ਆਪਣੀ ਕੋਈ ਗਰਜ਼ ਨਹੀਂ। ਸੱਚ ਪੁੱਛੋ ਤਾਂ ਉਨ੍ਹਾਂ ਦੀ ਮੌਤ ਦਾ ਕਾਰਨ ਉਨ੍ਹਾਂ ਦੀ ਗਰੀਬਾਂ ਲਈ ਹਮਦਰਦੀ ਬਣੀ। ਉਨ੍ਹਾਂ ਨੇ ਪਬਲਿਕ ਰੁਪਏ ਨੂੰ ਪਵਿੱਤਰ ਰੁਪਈਆ ਸਮਝਿਆ। ਆਪਣੇ ਖਾਣੇ, ਆਪਣੀ ਰਿਹਾਇਸ਼ ਤੇ ਆਰਾਮ 'ਤੇ ਉਹ ਘੱਟ ਤੋਂ ਘੱਟ ਖਰਚ ਕਰਦੇ ਸਨ। ਤੰਗ ਗਲੀ ਵਿਚ ਇਕ ਸਸਤੇ ਮਕਾਨ ਵਿਚ ਰਿਹਾਇਸ਼, ਸਸਤੀ ਖ਼ੁਰਾਕ ਤੇ ਗੁਜ਼ਾਰਾ ਤੇ ਸਖ਼ਤ ਮਿਹਨਤ। ਉਨ੍ਹਾਂ ਆਪਣੇ ਸਰੀਰ ਨੂੰ ਗਾਲ ਕੇ ਕੌਮੀ ਸੇਵਾ ਵਿਚ ਜ਼ਿੰਦਗੀ ਲਾ ਦਿੱਤੀ। ਉਹ ਸੱਚੇ ਸ਼ਹੀਦ ਪੁਰਜ਼ਾ-ਪੁਰਜ਼ਾ ਹੋ ਕੇ ਸ਼ਹੀਦ ਹੋ ਗਏ।", ਮੇਰੇ ਸੰਗਰਾਮੀ ਸਾਥੀ (ਪੰਨੇ 74-75) ਬਾਬਾ ਭਗਤ ਸਿੰਘ ਬਿਲਗਾ ਗ਼ਦਰੀ ਸੂਰਬੀਰਾਂ ਦੀ ਸਵਾਰਥ ਰਹਿਤ ਜ਼ਿੰਦਗੀ ਦੇ ਜ਼ੋਰ ਦਿੰਦੇ ਹਨ: "ਦੇਖਣ ਤੇ ਸਮਝਣ ਵਾਲੀ ਗੱਲ ਤਾਂ ਇਹ ਸੀ ਕਿ ਜਿਸ ਲਈ ਅਮਰੀਕਾ ਵਿਚ ਵੱਸਦੇ ਪੰਜਾਬੀਆਂ ਨੇ ਲੱਖਾਂ ਡਾਲਰ ਦਿੱਤੇ ਪਰ ਪੰਜਾਬ ਵਿਚ ਉਸ ਦੇ ਘਰ ਅੱਤ ਦੀ ਗ਼ਰੀਬੀ ਤੇ ਭੁੱਖ ਵਰਤ ਰਹੀ ਸੀ। ਤੇਜਾ ਸਿੰਘ ਨੇ ਆਪਣੇ ਪਰਿਵਾਰ ਲਈ ਪਾਰਟੀ ਫੰਡ ਵਿਚੋਂ ਇਕ ਪੈਸਾ ਵੀ ਪਰਿਵਾਰ ਨੂੰ ਨਾ ਭੇਜਿਆ।"

**ਸਮਾਜਵਾਦ ਤੋਂ ਬਗ਼ੈਰ ਕੋਈ ਚਾਰਾ ਨਹੀਂ:** ਬਾਬਾ ਭਗਤ ਸਿੰਘ ਬਿਲਗਾ ਜੀ ਆਪਣੀ ਪੁਸਤਕ "ਮੇਰੇ ਸੰਗਰਾਮੀ ਸਾਥੀ" ਵਿਚ ਕਾ. ਅਬਦੁਲ ਮਜੀਦ ਦਾ ਜ਼ਿਕਰ ਕਰਦੇ ਹਨ। ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਬੇਹੱਦ ਤਸ਼ੱਦਦ ਬਰਦਾਸ਼ਤ ਕੀਤਾ ਅਤੇ ਉਹ ਕਈ ਸਾਲ ਜੇਲ੍ਹ 'ਚ ਰਹੇ। ਉਨ੍ਹਾਂ ਨੇ ਆਪਣੇ ਯਤਨਾਂ ਨਾਲ ਸਮਾਜਵਾਦ ਬਾਰੇ ਪੁਖ਼ਤਾ ਗਿਆਨ ਹਾਸਿਲ ਕੀਤਾ। 20 ਮਾਰਚ 1929 ਨੂੰ ਅੰਗਰੇਜ਼ ਹਕੂਮਤ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨਾਲ ਭਗਵਤੀ ਚਰਨ ਵੋਹਰਾ ਸਮੇਤ 32 ਸਾਥੀ ਸ਼ਾਮਿਲ ਸਨ। ਪੰਡਤ ਮੋਤੀ ਲਾਲ ਨਹਿਰੂ ਸਮੇਤ ਕਈ ਮੰਨੇ-ਪ੍ਰਮੰਨੇ ਵਕੀਲਾਂ ਨੇ ਉਨ੍ਹਾਂ ਦੇ ਕੇਸ ਦੀ ਪੈਰਵਾਈ ਕੀਤੀ। ਕਾ. ਅਬਦੁਲ ਮਜ਼ੀਦ ਨੇ ਅਦਾਲਤ 'ਚ ਬਿਆਨ ਦਿੱਤਾ। "ਮੈਂ ਕਮਿਊਨਿਸਟ ਹਾਂ ਅਤੇ ਇਨ੍ਹਾਂ ਦੇ ਪ੍ਰੋਗਰਾਮ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਮੇਰਾ ਵਿਚਾਰ ਹੈ ਕਿ ਅੰਗਰੇਜ਼ੀ ਸ਼ਹਿਨਸ਼ਾਹੀਅਤ ਦੇ ਖਿਲਾਫ਼ ਸਾਰੀਆਂ ਤਾਕਤਾਂ ਨੂੰ ਇਕੱਠਾ ਕੀਤਾ ਜਾਵੇ ਅਤੇ ਹਿੰਦੁਸਤਾਨ ਨੂੰ ਆਜ਼ਾਦ ਕਰਵਾ ਕੇ ਇਥੇ ਇਕ ਜਮਹੂਰੀ ਹਕੂਮਤ ਕਾਇਮ ਕੀਤੀ ਜਾਵੇ। ਹਿੰਦੁਸਤਾਨ ਵਰਗੇ ਗ਼ਰੀਬ ਮੁਲਕ ਦਾ ਛੁਟਕਾਰਾ ਸੋਸ਼ਲਿਜ਼ਮ ਬਗ਼ੈਰ ਨਹੀਂ ਹੋ ਸਕਦਾ। ਇਸ ਲਈ ਸੋਸ਼ਲਿਜ਼ਮ ਦੀ ਪ੍ਰਾਪਤੀ ਲਈ ਲੜਾਈ ਜਾਰੀ ਰਹਿਣੀ ਚਾਹੀਦੀ ਹੈ।" (ਮੇਰੇ ਸੰਗਰਾਮੀ ਸਾਥੀ ਪੰਨਾ 148) ਅੱਜ 84-85 ਸਾਲ ਜਦੋਂ ਅਸੀਂ ਇਸ ਬਿਆਨ ਨੂੰ ਪੜ੍ਹਦੇ ਅਤੇ ਇਸ ਪਿੱਛੇ ਨਿਰਛਲ ਤੇ ਸੁਹਿਰਦ ਭਾਵਨਾ ਨੂੰ ਮਹਿਸੂਸ ਕਰਦੇ ਹਾਂ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।

ਸਾਮਰਾਜ ਤੇ ਉਸ ਦੇ ਜੁੰਡੀਦਾਰਾਂ ਵਿਰੁੱਧ ਸਾਰੀਆਂ ਸ਼ਕਤੀਆਂ ਨੂੰ ਇਕਮੁੱਠ ਕਰਨ ਦੀ ਥਾਂ ਕਮਿਊਨਿਸਟ ਵੀ ਖੱਖੜੀਆਂ-ਕਰੇਲੇ ਹੋਏ ਪਏ ਹਨ। ਬੁਰਜਵਾ ਪਾਰਲੀਮੈਂਟਰੀਵਾਦ ਏਨਾ ਭਾਰੂ ਹੋ ਗਿਆ ਕਿ ਖੱਬੇ ਪੱਖੀਆਂ ਦੇ ਇਕ ਹਿੱਸੇ ਨੇ ਸੋਸ਼ਲਿਜ਼ਮ ਦਾ ਨਾਂ ਲੈਣ ਦੀ ਥਾਂ "ਸੀਟ ਕੱਢਣ" ਨੂੰ ਅੰਤਿਮ ਟੀਚਾ ਮਿਥ ਲਿਆ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਇਨਕਲਾਬ/ਸੋਸ਼ਲਿਜਮ ਹੁਣ ਕਮਿਊਨਿਸਟਾਂ ਦੇ ਏਜੰਡੇ 'ਤੇ ਨਹੀਂ ਰਿਹਾ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ 21 ਵੀਂ ਸਦੀ 'ਚ ਭਾਰਤੀ ਕਮਿਊਨਿਸਟਾਂ ਦੀ ਭਰੋਸੇਯੋਗਤਾ ਨਿਮਨਤਮ ਸਤਰ 'ਤੇ ਹੈ ਅਤੇ ਉਨ੍ਹਾਂ ਲਈ

ਵੱਖਰੀ ਪਛਾਣ ਕਾਇਮ ਰੱਖਣ ਦਾ ਸੰਕਟ ਖੜਾ ਹੋ ਗਿਆ ਹੈ।"

ਅਜਿਹੇ ਖੱਬੇ ਪੱਖੀਆਂ ਦੀ ਥੋੜੀ- ਸੰਕੀਰਨ ਪਹੁੰਚ ਬਾਰੇ ਬਾਬਾ ਭਗਤ ਸਿੰਘ ਬਿਲਗਾ ਜੀ ਇੱਕ ਘਟਨਾ ਦਾ ਉਦਾਹਰਣ ਮਾਤਰ ਜ਼ਿਕਰ ਕਰਦੇ ਹਨ: "ਜ਼ਿਲ੍ਹਾ ਜਲੰਧਰ ਵਿੱਚ ਗੁਰਬਖ਼ਸ਼ ਸਿੰਘ ਅੱਟਾ ਉਸ ਵੇਲੇ ਦਾ ਸੀ.ਪੀ.ਐਮ. ਦਾ ਲੀਡਰ ਸੀ। ਉਸ ਨਾਲ ਬੂਝਾ ਸਿੰਘ ਦੇ ਬੜੇ ਇਖ਼ਤਲਾਫ਼ ਅਤੇ ਝਗੜੇ ਵੀ ਹੋਏ। ਜਦ ਉਸ ਨੂੰ ਪਤਾ ਲੱਗਾ ਕਿ ਗੁਰਬਖ਼ਸ਼ ਸਿੰਘ ਅੱਟਾ ਸਖ਼ਤ ਬਿਮਾਰ ਹੈ ਤਾਂ ਅੱਟੇ ਅੱਪੜ ਬੂਝਾ ਸਿੰਘ ਤੇ ਗੰਧਰਵ ਸੇਨ ਉਸ ਨੂੰ ਮਿਲਣ ਲਈ ਚੁਬਾਰੇ 'ਤੇ ਜਾ ਅੱਪੜੇ ਜਦ ਕਿ ਪੁਲਿਸ ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਹਰਲ-ਹਰਲ ਕਰਦੀ ਫਿਰਦੀ ਸੀ। ਮੰਜੇ ਤੇ' ਪਏ ਗੁਰਬਖ਼ਸ਼ ਨੇ ਹੱਥ ਜੋੜ ਕੇ ਇਨ੍ਹਾਂ ਦਾ ਸਵਾਗਤ ਕੀਤਾ ਤੇ ਅੱਖਾਂ ਵਿੱਚੋ ਪਿਆਰ ਦੇ ਹੰਝੂ ਵਗਣ ਲੱਗ ਪਏ। ਕਮਿਊਨਿਸਟ ਕਾਮਰੇਡਾਂ ਵਿੱਚ ਉਸ ਵੇਲੇ ਦੀ ਸੋਚ ਅਤੇ ਅੱਜ ਦੀ ਸੋਚ ਵਿੱਚ ਬੜ੍ਹਾ ਹੀ ਫਰਕ ਆ ਗਿਆ ਹੈ। ਅੱਜ ਇਹ ਇੱਕ ਦੂਜੇ ਨੂੰ ਦੇਖ ਕੇ ਦੂਜੇ ਪਾਸੇ ਨੂੰ ਮੂੰਹ ਮੋੜ ਲੈਂਦੇ ਹਨ। ਇੱਕ ਪਾਰਟੀ ਦੂਜੀ ਪਾਰਟੀ ਦਾ ਅਖ਼ਬਾਰ ਤੱਕ ਨਹੀਂ ਪੜ੍ਹਦੇ; ਇਹ ਸਾਡੀ ਬਦਨਸੀਬੀ ਹੈ।" (ਮੇਰੇ ਸੰਗਰਾਮੀ ਸਾਥੀ,ਪੰਨਾ 103)

**ਦੂਜਾ ਵਿਸ਼ਵ ਯੁੱਧ ਤੇ ਕਮਿਊਨਿਸਟ:** ਜਦੋਂ ਬੀਤੀ ਸਦੀ ਦੇ ਚੌਥੇ ਦਹਾਕੇ ਵਿੱਚ ਅੰਗਰੇਜ਼ਾਂ ਵਿਰੁੱਧ ਭਾਰਤ ਤੇ ਵਿਸ਼ੇਸ ਕਰਕੇ ਪੰਜਾਬ ਦੇ ਹਰ ਹਿੱਸੇ ਵਿੱਚ ਲੋਕ ਲੋਹ ਦੇ ਭਾਂਬੜ ਬਲ ਰਹੇ ਸਨ। ਆਪਣੇ-ਆਪਣੇ ਢੰਗ-ਤਰੀਕਿਆਂ ਨਾਲ ਸਮਾਜ ਦੇ ਵੱਖ ਵੱਖ ਤਬਕੇ ਅੰਗਰੇਜ਼ਾਂ ਨੂੰ ਕੱਢਣ ਅਤੇ ਆਪਣੀਆਂ ਫੌਰੀ ਮੰਗਾਂ ਲਈ ਜੂਝ ਰਹੇ ਸਨ ਤਾਂ "ਦੂਜੀ ਸੰਸਾਰ ਜੰਗ ਸ਼ੁਰੂ ਹੋ ਚੁੱਕੀ ਸੀ। ਜਰਮਨੀ, ਇਟਲੀ ਤੇ ਜਾਪਾਨ ਦੀਆਂ ਫਾਸ਼ੀਵਾਦੀ ਹਕੂਮਤਾਂ ਇੱਕ ਪਾਸੇ ਸਨ, ਫਰਾਂਸ, ਇੰਗਲੈਂਡ ਦੂਜੇ ਪਾਸੇ। ਇਸ ਜੰਗ ਨੂੰ ਹਿੰਦੋਸਤਾਨ ਦੇ ਕਮਿਉਨਿਸਟਾਂ ਤੇ ਕਿਰਤੀਆਂ ਨੇ ਸਾਮਰਾਜੀ ਜੰਗ ਕਿਹਾ ਤੇ ਹਿੰਦੋਸਤਾਨ ਦੇ ਲੋਕਾਂ ਨੂੰ ਮੁਲਕ ਦੀ ਆਜ਼ਾਦੀ ਦਾ ਘੋਲ ਤੇਜ਼ ਕਰਨ ਲਈ ਅਪੀਲਾਂ ਕੀਤੀਆਂ। ਹਿੰਦੋਸਤਾਨ ਵਿੱਚ ਅੰਗਰੇਜ਼ ਹਕੂਮਤ ਭੈਭੀਤ ਹੋ ਗਈ ਸੀ ਅਤੇ ਲੋਕਾਂ ਵਿਰੁੱਧ ਜਬਰ-ਤਸ਼ੱਦਦ 'ਤੇ ਉੱਤਰ ਆਈ ਸੀ।" (ਮੇਰੇ ਸੰਗਰਾਮੀ ਸਾਥੀ-ਪੰਨਾ ) ਜੇਕਰ ਕਮਿਊਨਿਸਟ ਤੇ ਕਿਰਤੀ ਪਾਰਟੀ ਵਾਲੇ 1942 'ਚ ਜਰਮਨੀ ਦੇ ਸੋਵੀਅਤ ਰੂਸ'ਤੇ ਹਮਲੇ ਤੋਂ ਬਾਅਦ ਭਾਰਤ' ਚ ਅੰਗਰੇਜ਼ ਸਾਮਰਾਜੀਆਂ ਵਿਰੁੱਧ ਚਰਮ ਸੀਮਾ' ਤੇ ਪਹੁੰਚੀ ਨਫ਼ਰਤ ਨੂੰ ਨਜ਼ਰ ਅੰਦਾਜ਼ ਨਾ ਕਰਦੇ ਅਤੇ ਫਾਸ਼ੀਵਾਦੀ ਤਾਕਤਾਂ ਤੇ ਸਾਮਰਾਜੀ ਸ਼ਕਤੀਆਂ ਵਿਰੁੱਧ ਇੱਕ ਸਮਨਵੈ ਬਣਾ ਕੇ ਲੜਦੇ ਤਾਂ ਸ਼ਾਇਦ ਭਾਰਤ ਦੀ ਵੰਡ ਵੀ ਨਾ ਹੁੰਦੀ ਅਤੇ ਕਾਂਗਰਸ ਤੇ ਮੁਸਲਿਮ ਪਾਰਟੀ ਕਮਿਊਨਿਸਟਾਂ ਨੂੰ ਨਜ਼ਰ ਅੰਦਾਜ਼ ਨਾ ਕਰ ਸਕਦੇ।

ਬਦਕਿਸਮਤੀ ਨੂੰ ਇਸ ਇਤਿਹਾਸਕ ਘਟਨਾ ਸਮੇਤ ਭਾਰਤੀ ਕਮਿਊਨਿਸਟ ਲਹਿਰ ਲਗਾਤਾਰ ਵੱਡੇ ਉਲਾਰਾਂ ਤੇ ਵਿਗਾੜਾਂ ਦਾ ਸ਼ਿਕਾਰ ਰਹੀ ਹੈ। ਖ਼ੈਰ!

ਬਾਬਾ ਭਗਤ ਸਿੰਘ ਬਿਲਗਾ ਦੀ ਜ਼ਿੰਦਗੀ ਦਾ ਤੀਜਾ ਪੱਖ ਦੇਸ਼ ਭਗਤ ਯਾਦਗਾਰ ਜਲੰਧਰ ਦਾ ਵਿਸਥਾਰ, ਮਜਬੂਤੀ ਅਤੇ ਇਸ ਦੀ ਸਾਂਭ-ਸੰਭਾਲ ਨਾਲ ਸਬੰਧਿਤ ਹੈ। ਆਪ ਇਸ ਸੰਸਥਾ ਦੇ ਲੰਮਾ ਸਮਾਂ ਪ੍ਰਧਾਨ ਰਹੇ। ਇਸ ਕਾਰਜਕਾਲ ਵਿਚ ਇਸ ਯਾਦਗਾਰ ਦਾ ਵਿਸਥਾਰ ਵੀ ਹੋਇਆ ਅਤੇ ਇਸ ਵਿਚ ਹੋਣ ਵਾਲੀਆਂ ਖੱਬੇ ਪੱਖੀ ਤੇ ਜਮਹੂਰੀ ਸਰਗਰਮੀਆਂ ਦਾ ਘੇਰਾ ਵੀ ਵਿਸ਼ਾਲ ਹੋਇਆ। ਚਾਰ ਦਿਨਾਂ "ਗ਼ਦਰੀ ਬਾਬਿਆਂ ਦਾ ਮੇਲਾ" ਨਵੀਆਂ ਸਿਖਰਾਂ ਛੂਹ ਰਿਹਾ ਹੈ।

ਇਨ੍ਹਾਂ ਵੱਡੇ ਕਾਰਜਾਂ ਦੇ ਨਾਲ ਨਾਲ ਆਪ ਜੀ ਨੇ ਜ਼ੁਲਮ-ਜਬਰ ਦੇ ਵਿਰੁੱਧ ਅਤੇ ਹੱਕਾਂ-ਹਿੱਤਾਂ ਲਈ ਲੜਨ ਵਾਲੀਆਂ ਧਿਰਾਂ ਦੇ ਮੋਹਰੀ ਵਜੋਂ ਸਾਥ ਦਿੱਤਾ। ਜਲ੍ਹਿਆਂਵਾਲੇ ਬਾਗ ਦੀ ਸੁੰਦਰੀਕਰਨ ਦੇ ਨਾਂ ਹੇਠ ਪ੍ਰਸ਼ਾਸਨ ਵੱਲੋਂ ਕੀਤੀ ਜਾਣ ਵਾਲੀ ਭੰਨ-ਤੋੜ ਅਤੇ ਇਤਿਹਾਸਕ ਮੁਹਾਂਦਰਾ ਵਿਗਾੜੇ ਜਾਣ ਵਿਰੁੱਧ ਚੱਲੀ ਲਹਿਰ ਦੀ ਆਪ ਜੀ ਨੇ ਸਫ਼ਲ ਅਗਵਾਈ ਕੀਤੀ।

ਬਾਬਾ ਭਗਤ ਸਿੰਘ ਬਿਲਗਾ ਨੂੰ ਯਾਦ ਕਰਦਿਆਂ ਸਾਡਾ ਪਹਿਲਾ ਕਰੱਤਵ ਹੈ ਕਿ ਅਸੀਂ ਅਮਰੀਕਨ ਸਾਮਰਾਜ ਤੇ ਉਸ ਦੇ ਜੀ-7 ਦੇ ਜੁੰਡੀਦਾਰਾਂ ਵਿਰੁੱਧ ਸਮਝੌਤਾ ਰਹਿਤ ਸੰਗਰਾਮ ਕਰਨ ਦਾ ਅਹਿਦ ਕਰੀਏ। ਕਾਰਨ? ਗ਼ਦਰੀ ਦੇਸ਼ ਭਗਤ ਯੋਧੇ ਪਹਿਲੇ ਸਿਰੜੀ ਦੇਸ਼ ਭਗਤ ਸਨ। ਜਿਹੜੇ ਸਾਮਰਾਜ ਦੀ ਪ੍ਰਕਿਰਤੀ ਤੇ ਪ੍ਰਵਿਰਤੀ ਤੋਂ ਸਭ ਤੋਂ ਪਹਿਲਾਂ ਸਪੱਸ਼ਟ ਹੋਏ ਅਤੇ ਇਸ ਵਿਰੁੱਧ ਲੜਨ-ਮਰਨ ਲਈ ਦ੍ਰਿੜ ਪ੍ਰਤੀਬੱਧ ਹੋਏ। ਉਨ੍ਹਾਂ ਨੂੰ ਆਪਣੇ ਅਨੁਭਵ ਤੇ ਅਧਿਐਨ ਤੋਂ ਪ੍ਰਤੱਖ ਹੋ ਗਿਆ ਕਿ ਸਾਮਰਾਜ ਦੁਨੀਆ ਭਰ ਦੇ ਗਰੀਬਾਂ ਦੇ ਵਿਕਾਸਸ਼ੀਲ ਦੇਸ਼ਾਂ ਦਾ ਦੁਸ਼ਮਣ ਨੰਬਰ ਇਕ ਹੈ। ਗ਼ਦਰੀ ਦੇਸ਼ ਭਗਤਾਂ ਤੇ ਬਾਬਾ ਭਗਤ ਸਿੰਘ ਬਿਲਗਾ ਜੀ ਪ੍ਰਤੀ ਸੱਚਾ ਸਤਿਕਾਰ ਇਹ ਹੀ ਹੈ ਕਿ ਸਾਮਰਾਜ ਦਾ ਹਰ ਮੰਚ ਤੋਂ ਸੰਭਵ ਵਿਰੋਧ ਕਰੀਏ।

ਬਾਬਾ ਭਗਤ ਸਿੰਘ ਬਿਲਗਾ ਨੇ ਲਿਖਿਆ ਹੈ ਕਿ "ਗ਼ਰੀਬ ਲੋਕਾਂ ਦੀ ਨਿਜ਼ਾਤ ਦਾ ਇਕੋ ਇੱਕ ਰਾਹ ਸੋਸ਼ਲਿਜ਼ਮ ਹੈ। ਇਸ ਦਾ ਬਦਲ ਹੋਰ ਕੋਈ ਨਹੀਂ।" ਇੱਕ ਥਾਂ ਹੋਰ ਉਹ ਲਿਖਦੇ ਹਨ: ਸਾਡਾ ਰਾਹ ਸੋਸ਼ਲਿਜ਼ਮ, ਸੋਸ਼ਲਿਜ਼ਮ ਤੇ ਸਿਰਫ਼ ਸੋਸ਼ਲਿਜ਼ਮ ਦੀ ਸਥਾਪਤੀ ਦਾ ਹੈ ਅੱਜ ਦੇ ਜ਼ਮਾਨੇ ਵਿੱਚ ਇਹੀ ਦੇਸ਼ ਭਗਤੀ ਹੈ। ਆਓ ਅੱਗੇ ਵਧੀਏ ਤੇ ਸੋਸ਼ਲਿਸਟ ਤੇ ਸੋਸਾਇਟੀ ਲਿਆਉਣ ਲਈ ਜੱਦੋ ਜਹਿਦ ਕਰੀਏ।ਇਸ ਜੱਦੋ ਜਹਿਦ ਦੌਰਾਨ ਜਿੱਤਾਂ ਵੀ ਹੋਣਗੀਆਂ ਤੇ ਹਾਰਾਂ ਵੀ। ਘਬਰਾਉਣ ਦੀ ਲੋੜ ਨਹੀਂ।" 1990-91 ਵਿੱਚ ਸੋਵੀਅਤ ਸਿਸਟਮ ਨੂੰ ਲੱਗੀ ਢਾਹ ਦੇ ਪ੍ਰਸੰਗ 'ਚ" ਸੋਵੀਅਤ ਰੂਸ ਵਿੱਚ ਹਾਰ ਨਾ ਸਮਝੀਏ। ਇਹ ਸਾਡੀ ਜੱਦੋ ਜਹਿਦ ਦਾ ਪਹਿਲਾਂ ਹੀ ਪੜਾਉ ਸੀ, ਇਸ ਦੇ ਵਿੱਚ ਹੋਈਆਂ ਗ਼ਲਤੀਆਂ ਨੂੰ ਅਸੀਂ ਫਿਰ ਨਹੀਂ ਦੁਹਰਾਉਣਾ ਤੇ ਅੱਗੇ ਹੀ ਅੱਗੇ ਵੱਧਦੇ ਜਾਣਾ ਹੈ। ਆਪਣੇ ਨਿਸ਼ਾਨੇ ਸੋਸ਼ਲਿਜ਼ਮ ਦੇ ਰਾਹ 'ਤੇ ਚੱਲਦਿਆਂ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹਿਣਾ ਹੈ ਅਵੱਸ਼ ਜਿੱਤ ਤੁਹਾਡੀ ਹੋਵੇਗੀ। ਇਹ ਮੇਰੀ ਪੁਖ਼ਤਾ ਸੋਚ ਹੈ।" ਪੂੰਜੀਵਾਦੀ ਜਾਂ ਸਰਮਾਏਦਾਰੀ ਵਿਵਸਥਾ ਲਗਾਤਾਰ ਸੰਕਟਾਂ 'ਚ ਰਹੀ ਹੈ। ਅੱਜ ਵੀ ਵੱਡੇ ਵਿੱਤੀ ਤੇ ਆਰਥਿਕ ਮੰਦਵਾੜੇ 'ਚੋਂ ਗੁਜ਼ਰ ਰਹੀ ਹੈ। ਵਿਸ਼ਵ ਦੀ ਮਹਾਂਸ਼ਕਤੀ-ਅਮਰੀਕਾ ਦਾ ਮਹਾਂ ਮੰਦਵਾੜਾ ਜਾਰੀ ਹੈ ਅਤੇ ਇਸ ਨੇ ਵਿਸ਼ਵ ਦੇ ਲਗਭਗ ਹਰ ਹਿੱਸੇ ਨੂੰ ਪ੍ਰਭਾਵਿਤ ਕੀਤਾ ਹੈ। ਸਮਾਜਵਾਦ ਦੀ ਉਸਾਰੀ ਦੇ ਪਹਿਲ ਪਲੇਠੇ ਯਤਨਾਂ ਵਿਚ ਘਾਟਾਂ-ਕਮਜ਼ੋਰੀਆਂ ਰਹੀਆਂ ਹਨ। ਗ਼ਲਤੀਆਂ ਵੀ ਹੋਈਆਂ ਹਨ। ਪਰ ਇਸ ਦਾ ਅਰਥ ਕਦਾਚਿਤ ਇਹ ਨਹੀਂ ਹੈ ਕਿ ਸਮਾਜਵਾਦੀ ਵਿਵਸਥਾ ਦੇ ਸੰਕਲਪ ਅਤੇ ਇਸ ਦੀ ਆਦਰਸ਼ ਉਸਾਰੀ ਬਣਤਰ ਤੇ ਬੁਣਤੀ ਅਤੇ ਮੰਤਵ ਵਿਚ ਕੋਈ ਨੁਕਸ ਹੈ।

ਇਸ ਪ੍ਰਸੰਗ ਵਿਚ ਬਾਬਾ ਬਿਲਗਾ ਜੀ ਲਿਖਦੇ ਹਨ : "ਕਿਸ ਰਾਹ 'ਤੇ ਚੱਲਣਾ ਹੈ? ਹਿੰਦੁਸਤਾਨ ਦੀ ਗ਼ਰੀਬ ਜਨਤਾ ਦੇ ਭਲੇ ਦੇ ਰਾਹ 'ਤੇ ਕਿ ਅਰਬਪਤੀਆਂ ਦੁਆਰਾ ਦੌਲਤ ਇਕੱਠੀ ਕਰਨ ਦੇ ਰਾਹ ਉੱਤੇ। ਪਹਿਲਾ ਰਾਹ ਸੋਸ਼ਲਿਜ਼ਮ ਦਾ ਰਾਹ ਹੈ। ਦੂਜਾ ਰਾਹ ਸਰਮਾਏਦਾਰੀ ਦਾ ਰਾਹ ਹੈ। ਇਨ੍ਹਾਂ ਵਿਚੋਂ ਇਕ ਦੀ ਚੋਣ ਕਰਨੀ ਹੈ। ਕੀ ਅਸੀਂ ਹਿੰਦੁਸਤਾਨ ਨੂੰ ਲੁੱਟ-ਖੱਸੁਟ ਕੇ

ਰਾਹ 'ਤੇ ਚੱਲਦੇ ਰਹਿਣ ਦੇਣਾ ਹੈ ਜਾਂ ਫਿਰ ਅਸੀਂ ਸਮਾਜ ਨੂੰ ਬਦਲਕੇ ਇਸ ਮੁਲਕ ਵਿਚ ਗ਼ਰੀਬੀ, ਬੇਕਾਰੀ, ਕੁੱਲੀ, ਗੁੱਲੀ, ਗੁੱਲੀ ਦੇ ਹੱਲ ਵੱਲ ਵਧਣਾ ਹੈ। ਹਿੰਦੁਸਤਾਨ ਦੀ ਹੁਕਮਰਾਨ ਪਾਰਟੀ ਸਰਮਾਏਦਾਰੀ ਦੇ ਰਾਹ 'ਤੇ ਚੱਲ ਰਹੀ ਹੈ ਤੇ ਲੋਕਾਂ ਦੇ ਦੁੱਖਾਂ ਦਾ ਕਾਰਨ ਬਣ ਰਹੀ ਹੈ।" ਇਸ ਲਈ ਬਾਬਾ ਭਗਤ ਸਿੰਘ ਬਿਲਗਾ ਨੂੰ ਯਾਦ ਕਰਦਿਆਂ ਰੰਗ-ਬਿਰੰਗੇ ਹਾਕਮਾਂ ਵਿੱਰੁਧ ਸਾਰੀਆਂ ਹਕੀਕੀ ਧਰਮ ਨਿਰਪੱਖ, ਜਾਤ-ਪਾਤੀ ਵਲਗਣਾਂ ਤੋਂ ਪੂਰੀ ਤਰ੍ਹਾਂ ਬਾਹਰ, ਜਮਹੂਰੀ ਤੇ ਅਗਾਂਹਵਧੂ ਸ਼ਕਤੀਆਂ ਦਾ ਸਾਂਝਾ ਮੋਰਚਾ ਉਸਾਰਨਾ ਹੋਵੇਗਾ।

ਬਾਬਾ ਭਗਤ ਸਿੰਘ ਬਿਲਗਾ ਜੀ ਲਿਖਦੇ ਹਨ : "ਗਦਰ ਪਾਰਟੀ ਦਾ ਧਰਮ ਨਿਰੱਪਖਤਾ ਵਿਚ ਪੂਰਾ ਵਿਸ਼ਵਾਸ ਸੀ। ਛੂਤ-ਛਾਤ ਵਿਚ ਵਿਸ਼ਵਾਸ ਰੱਖਣ ਵਾਲਾ ਬੰਦਾ ਗ਼ਦਰ ਪਾਰਟੀ ਦਾ ਮੈਂਬਰ ਨਹੀਂ ਬਣ ਸਕਦਾ ਸੀ। ਮਜ਼ਬੀ ਵਿਸ਼ਵਾਸ਼ ਆਪੋ-ਆਪਣਾ ਪਰ ਰਾਜਨੀਤੀ ਵਿਚ ਇਸ ਦਾ ਕੋਈ ਦਖ਼ਲ ਨਹੀਂ ਹੋਣਾ ਚਾਹੀਦਾ। ਮੁਜਬਾਂ ਨੂੰ ਮੰਨਣ ਵਾਲੇ ਤੇ ਸਗੋਂ ਨਾ ਵੀ ਮੰਨਣ ਵਾਲੇ ਗ਼ਦਰ ਪਾਰਟੀ ਦੇ ਮੈਂਬਰ ਬਣ ਸਕਦੇ ਹਨ। ਇਸ ਬਾਰੇ ਮਜ਼ਬੀ ਤੁਅਸਬੀ ਲੋਕਾਂ ਨੇ ਬੜੇ ਭਰਮ ਭੁਲੇਖੇ ਪਾ ਰੱਖੇ ਹਨ। ਉਹ ਕਹਿੰਦੇ ਹਨ ਕਿ ਸੈਕੂਲਰ ਹੋਣਾ ਨਾਸਤਕ ਹੋਣਾ ਹੈ। ਜਦ ਕਿ ਅਸਲੀਅਤ ਇਸ ਤੋਂ ਬਿਲਕੁਲ ਉਲਟ ਹੈ। ਇਹ ਮਜ਼ਬੀ ਫਸਾਦ ਕਰਾਉਣ ਵਾਲੇ ਤੇ ਮਜ਼ਬ ਦੇ ਨਾਂ 'ਤੇ ਕਤਲੇਆਮ ਕਰਾਉਣ ਵਾਲੇ ਧਾਰਮਿਕ ਜਨੂੰਨੀਆਂ ਦਾ ਪ੍ਰਚਾਰ ਹੈ।" ਬਾਬਾ ਜੀ ਆਪਣੇ ਇਸ ਕਥਨ ਦੇ ਹੱਕ 'ਚ ਗ਼ਦਰ ਪਾਰਟੀ ਦੀ ਸਮਝਦਾਰੀ ਪੇਸ਼ ਕਰਦੇ ਹਨ : "ਮਜ਼ਬ ਜੋ ਤੁਹਾਡੀ ਮਰਜ਼ੀ ਹੈ, ਰੱਖੋ। ਮੁਲਕ ਦੀ ਰਾਜਨੀਤੀ ਵਿਚ ਇਸਦਾ ਕੋਈ ਦਖ਼ਲ ਨਹੀਂ ਹੋਣਾ ਚਾਹੀਦਾ।" ਸਾਡੇ ਸਮਿਆਂ ਵਿਚ ਬੀ. ਜੇ. ਪੀ., ਸ਼ਿਵ ਸੈਨਾ ਤੇ ਮੁਸਲਿਮ ਲੀਗ ਵਰਗੀਆਂ ਪਾਰਟੀਆਂ ਸ਼ਰ੍ਹੇਆਮ ਧਰਮ ਦੀ ਵਰਤੋਂ ਰਾਜਨੀਤੀ ਲਈ ਕਰ ਰਹੀਆਂ ਹਨ। ਪੂੰਜੀਪਤੀ ਤੇ ਜਗੀਰਦਾਰਾਂ ਦੀਆਂ ਦੂਜੀਆਂ ਪਾਰਟੀਆਂ ਵੀ ਸਿੱਧੇ ਜਾਂ ਅਸਿੱਧੇ ਰੂਪ 'ਚ ਵਰਤੋਂ ਕਰ ਰਹੀਆਂ ਹਨ। ਇਸ ਵਰਤੋਂ/ ਕੁਵਰਤੋਂ ਦੇ ਤਬਾਹਕੁੰਨ ਸਿੱਟੇ ਨਿਕਲੇ ਹਨ। ਮਿਹਨਤਕਸ਼ ਲੋਕਾਂ ਦਾ ਏਕਾ ਭੰਗ ਹੁੰਦਾ ਹੈ ਅਤੇ ਉਨ੍ਹਾਂ ਦਾ ਧਿਆਨ ਬੁਨਿਆਦੀ ਮਸਲਿਆਂ-ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ ਤੇ ਰੁਜ਼ਗਾਰ ਆਦਿ ਤੋਂ ਫਜ਼ੂਲ ਕਿਸਮ ਦੇ ਹੋਰ ਮਸਲਿਆਂ 'ਤੇ ਚਲਾ ਜਾਂਦਾ ਹੈ। ਮਾਸੂਮ ਤੇ ਬੇਗੁਨਾਹ ਲੋਕਾਂ ਦਾ ਜਾਨ-ਮਾਲ ਦਾ ਨੁਕਸਾਨ ਹੁੰਦਾ ਹੈ। ਸੁਤੰਤਰ ਭਾਰਤ ਦੇ 67 ਸਾਲਾਂ ਦੌਰਾਨ ਅਨੇਕਾਂ ਵਾਰ ਫਿਰਕੂ ਦੰਗੇ ਹੋਏ ਹਨ। ਭਾਰਤੀ ਰਾਜ ਆਮ ਕਰਕੇ ਬਹੁ ਗਿਣਤੀ ਫਿਰਕੇ ਦੇ ਹੱਕ 'ਚ ਅਚੇਤ ਜਾਂ ਸੁਚੇਤ ਰੂਪ 'ਚ ਭੁਗਤਿਆ ਹੈ। ਤਿੰਨ ਘਟਨਾਵਾਂ, ਜੋ ਧਰਮ ਨਿਰਪੱਖ ਭਾਰਤੀ ਗਣਤੰਤਰ ਦੇ ਮੱਥੇ 'ਤੇ ਕਲੰਕ ਵਾਂਗ ਹਨ ਵਿਚ ਭਾਰਤੀ ਰਾਜ ਦੀ ਭੂਮਿਕਾ ਸਾਡੀ ਉਕਤ ਸਮਝਦਾਰੀ ਦੀ ਪੁਸ਼ਟੀ ਕਰਦੀ ਹੈ।1984 ਦੇ ਸਿੱਖ ਵਿਰੋਧੀ ਦੰਗੇ, 1992 ਵਿਚ ਬਾਬਰੀ ਮਸਜਿਦ ਦਾ ਢਾਉਣਾ ਅਤੇ 2002 ਵਿਚ ਗੁਜਰਾਤ ਵਿਚਲੇ ਮੁਸਲਿਮ ਵਿਰੋਧੀ ਦੰਗੇ। ਇਸ ਲਈ ਬਾਬਾ ਭਗਤ ਸਿੰਘ ਬਿਲਗਾ ਨੂੰ ਯਾਦ ਕਰਦਿਆਂ ਸਾਨੂੰ ਗਦਰ ਪਾਰਟੀ ਦੇ ਧਰਮ ਨਿਰਪੱਖਤਾ ਦੇ ਸਿਧਾਂਤ 'ਤੇ ਡਟ ਕੇ ਪਹਿਰਾ ਦੇਣਾ ਚਾਹੀਦਾ ਹੈ। ਇਸ ਸਿਧਾਂਤ ਅਨੁਸਾਰ ਧਰਮ ਹਰੇਕ ਦਾ ਨਿੱਜੀ ਮਾਮਲਾ ਹੈ। ਇਹ ਉਸ ਦੀ ਆਸਥਾ ਦਾ ਮਾਮਲਾ ਹੈ। ਪਰ ਉਸ ਨੂੰ ਨਾਲ ਹੀ ਦੂਜਿਆਂ ਦੇ ਧਰਮ/ਵਿਸ਼ਵਾਸ ਅਤੇ ਅਕੀਦੇ ਦਾ ਸਤਿਕਾਰ ਕਰਨਾ ਚਾਹੀਦਾ ਹੈ। ਰਾਜ/ਸਰਕਾਰ ਨੂੰ ਵਿਅਕਤੀ ਦੇ ਧਾਰਮਿਕ ਮਾਮਲਿਆਂ 'ਚ ਦਖ਼ਲ ਨਹੀਂ ਦੇਣਾ ਚਾਹੀਦਾ ਅਤੇ ਧਰਮ ਤੇ ਧਾਰਮਿਕ ਸੰਸਥਾਵਾਂ ਨੂੰ ਰਾਜ/ਸਰਕਾਰ ਦੇ

ਮਸਲਿਆਂ 'ਚ ਦਖ਼ਲ ਨਹੀਂ ਦੇਣਾ ਚਾਹੀਦਾ। ਸਰਕਾਰ ਆਪਣੀਆਂ ਨੀਤੀਆਂ, ਨੀਅਤ ਅਤੇ ਰੋਜ਼ਾਨਾ ਕਾਰ ਵਿਹਾਰ ਵਿਚ ਕੇਵਲ ਧਰਮ ਨਿਰਪੱਖ ਪਹੁੰਚ ਦ੍ਰਿਸ਼ਟੀ ਅਪਣਾਵੇ ਹੀ ਨਾ, ਸਗੋਂ ਉਹ ਲੋਕ ਸਮੂਹਾਂ ਨੂੰ ਧਰਮ ਨਿਰਪੱਖ ਲੱਗੇ ਵੀ।

**ਕਾਂਗਰਸ ਪਾਰਟੀ ਬਾਰੇ:** ਗ਼ਦਰੀ ਸੂਰਬੀਰ ਕਾਂਗਰਸ ਪਾਰਟੀ ਦੀ ਪ੍ਰਕ੍ਰਿਤੀ ਤੇ ਪ੍ਰਵਿਰਤੀ ਬਾਰੇ ਸ਼ੁਰੂ ਤੋਂ ਹੀ ਸੁਚੇਤ ਸਨ। ਇਹੀ ਕਥਨ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਨ੍ਹਾਂ ਦੇ ਯੁੱਧ ਸਾਥੀਆਂ ਬਾਰੇ ਦੁਹਰਾਇਆ ਜਾ ਸਕਦਾ ਹੈ। ਲਾਲਾ ਹਰਦਿਆਲ ਦੇ ਕਥਨ ਦਾ ਹਵਾਲਾ ਦਿੰਦੇ ਹਨ: "ਕਾਂਗਰਸ ਬਾਰੇ ਲਾਲਾ ਹਰਦਿਆਲ ਨੇ ਲਿਖਿਆ ਸੀ ਕਿ ਇਸ ਨੂੰ ਹਿਊਮ ਨਾਮੀ ਅੰਗਰੇਜ਼ ਨੇ ਕਾਇਮ ਕੀਤਾ ਹੈ, ਜਿਸ ਕਰ ਕੇ ਉਹ ਹਰ ਸਾਲ ਇੱਕਠੇ ਹੋ ਅੰਗਰੇਜ਼ੀ ਸਰਕਾਰ ਤੋਂ ਕੁਝ ਇਕ ਹੱਕ ਮੰਗਣ ਦੀਆਂ ਗੱਲਾਂ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਗੱਲਾਂ ਨਾਲ ਮੁਲਕ ਵਿਚੋਂ ਨਾ ਤਾਂ ਗ਼ਰੀਬੀ, ਕਾਲ ਤੇ ਪਲੇਗ ਹੀ ਦੂਰ ਹੋ ਸਕਦੇ ਹਨ ਅਤੇ ਨਾ ਹੀ ਸਨਅਤਾਂ ਲੱਗ ਸਕਦੀਆਂ ਹਨ।" (ਮੇਰੇ ਸੰਗਰਾਮੀ ਸਾਥੀ, ਪੰਨਾ 68) ਇਨ੍ਹਾਂ ਵਿਚਾਰਾਂ ਦੀ ਪੁਸ਼ਟੀ ਭਾਈ ਸੰਤੋਖ ਸਿੰਘ ਧਰਦਿਓ ਵੀ ਆਪਣੇ ਸ਼ਬਦਾਂ 'ਚ ਕਰਦੇ ਹਨ:" My frank opinion is that India need revolution political, social and industrial and India with economic & social problems unsolved does not appeal to my reason."(Home political file no. 262/11/1923).

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅੰਗਰੇਜ਼ ਹਕੂਮਤ ਨੂੰ ਅਹਿਸਾਸ ਹੋ ਗਿਆ ਕਿ "ਹਿੰਦੁਸਤਾਨ ਭਰ ਵਿਚ ਹੁਣ ਸਾਡੇ ਨਾਲ ਕੁਛ ਵੀ ਅੱਛਾ ਨਹੀਂ ਹੋਵੇਗਾ, ਜੇ ਅਸੀਂ ਕਾਂਗਰਸ ਤੇ ਮੁਸਲਿਮ ਲੀਗ ਦੇ ਲੀਡਰਾਂ ਨਾਲ ਗੱਲਬਾਤ ਕਰਕੇ ਕੁਝ ਸ਼ਰਤਾਂ ਉੱਤੇ ਇਨ੍ਹਾਂ ਨਾਲ ਸੁਲ੍ਹਾ ਕਰ ਲਈਏ ਤੇ ਆਜ਼ਾਦੀ ਦਾ ਐਲਾਨ ਕਰ ਦੇਈਏ। ਮਾਊਂਟਬੈਟਨ ਦੇ ਪਲੈਨ ਅਨੁਸਾਰ ਮੁਲਕ ਦੀ ਵੰਡ ਦਾ ਫ਼ੈਸਲਾ ਕਰਕੇ ਅੰਗਰੇਜ਼ਾਂ ਨੇ ਆਜ਼ਾਦੀ ਦਾ ਐਲਾਨ ਕਰ ਦਿੱਤਾ। ਪਰ ਇਹ ਤਾਂ ਸੌਦੇਬਾਜੀ ਸੀ। ਲੋਕਾਂ ਦੇ ਭਖਦੇ ਮਸਲਿਆਂ ਦਾ ਹੱਲ ਨਹੀਂ ਸਨ।" (ਮੇਰੇ ਸੰਗਰਾਮੀ ਸਾਥੀ, ਪੰਨੇ 117-118) ਕਾਂਗਰਸ ਪਾਰਟੀ ਦੇ ਪ੍ਰਭਾਵੀ ਆਗੂਆਂ ਦੀ ਸਮਝਦਾਰੀ ਨੂੰ ਸਪੱਸ਼ਟ ਕਰਨ ਲਈ ਬਾਬਾ ਬਿਲਗਾ ਜੀ ਕਾਂਗਰਸ ਦੇ ਇਕ ਅਜਲਾਸ 'ਚ ਸਰਦਾਰ ਪਟੇਲ (ਜੋ ਆਜ਼ਾਦ ਭਾਰਤ ਦਾ ਪਹਿਲਾ ਗ੍ਰਹਿ ਮੰਤਰੀ ਬਣਿਆ) ਦੀ ਟਿੱਪਣੀ ਨੂੰ ਪਾਠਕਾਂ ਨਾਲ ਸਾਂਝਾ ਕਰਦੇ ਹਨ:" 9 ਅਗਸਤ 1937 ਨੂੰ ਦੇਸ਼ ਭਰ ਵਿਚ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਵਜੋਂ 'ਅੰਡੇਮਾਨ ਦਿਵਸ' ਮਨਾਇਆ ਗਿਆ। ਕੈਦੀ ਛੁਡਾਉ ਮੁਹਿੰਮ ਏਨੀ ਪ੍ਰਬਲ ਗਈ ਕਿ ਹਰੀਪੁਰ (ਗੁਜਰਾਤ) ਵਿਚ ਹੋ ਰਹੇ ਕਾਂਗਰਸ ਦੇ ਅਜਲਾਸ ਵਿਚ ਇਸ ਦੀ ਧਮਕ ਪੁੱਜ ਗਈ ਸੀ। ਪੰਜਾਬ ਵਿਚੋਂ ਗਏ ਖੱਬੇ ਮੋਰਚੇ ਦੇ ਡੈਲੀਗੇਸ਼ਨ ਵੱਲੋਂ ਸਿਆਸੀ ਕੈਦੀਆਂ ਦੀ ਰਿਹਾਈ ਅਤੇ ਅੰਡੇਮਾਨ ਜੇਲ੍ਹ ਵਿਚ ਸਿਆਸੀ ਕੈਦੀ ਭੇਜਣ ਵਿਰੁੱਧ ਮਤਾ ਪੇਸ਼ ਕੀਤਾ ਗਿਆ ਸੀ। ਸੈਸ਼ਨ ਵਿਚ ਇਸ ਮਤੇ ਦੇ ਖ਼ਿਲਾਫ਼ ਰੋਹ ਵਿਚ ਆਏ ਸਰਦਾਰ ਪਟੇਲ ਨੇ ਆਪਣੀ ਤਕਰੀਰ ਵਿਚ ਕਹਿ ਦਿੱਤਾ:... 'ਕੱਲ੍ਹ ਨੂੰ ਕੋਈ ਚੋਰ, ਕਾਤਲ ਜਾਂ ਡਾਕੂ ਦੀ ਰਿਹਾਈ ਦੀ ਮੰਗ ਕਰੇਗਾ ਕਿ ਇਨ੍ਹਾਂ ਕੈਦੀਆਂ ਨੂੰ ਛੱਡੋ ਤਾਂ ਕੀ ਇਨ੍ਹਾਂ ਦੇ ਕਹਿਣ' ਤੇ ਕਾਂਗਰਸ ਵਜ਼ਾਰਤਾਂ ਛੱਡ ਦੇਵੇਗੀ।" ਪਟੇਲ ਦੇ ਮੂੰਹੋਂ ਇਹ ਸੁਣ ਕੇ ਮੁਬਾਰਕ ਸਾਗਰ (ਇੱਕ ਇਨਕਲਾਬੀ ਦੇਸ਼ ਭਗਤ) ਉੱਠ ਖੜ੍ਹੇ ਹੋਏ ਅਤੇ ਆਪਣਾ ਟੇਢਾ-ਮੇਢਾ ਡੰਡਾ ਲਹਿਰਾਉਂਦੇ ਹੋਏ ਉਨ੍ਹਾਂ ਪਟੇਲ

ਨੂੰ ਵੰਗਾਰਿਆਂ ਸੀ। 'ਤੂੰ ਡਾਕੂ, ਤੂੰ ਚੋਰ'! ਉਹ ਦੇਸ਼ ਭਗਤ ਹਨ। ਅਸੀਂ ਉਨ੍ਹਾਂ ਦੀਆਂ ਰਿਹਾਈਆਂ ਕਰਵਾ ਕੇ ਦਮ ਲਵਾਂਗੇ।" (ਮੇਰੇ ਸੰਗਰਾਮੀ ਸਾਥੀ, ਪੰਨਾ 152) ਇਹੀ ਮੁਬਾਰਕ ਸਾਗਰ 1947 'ਚ ਪਾਕਿਸਤਾਨ ਜਾਣ ਲਈ ਮਜਬੂਰ ਸੀ। ਬਾਬਾ ਬਿਲਗਾ ਜੀ ਉਸ ਬਾਰੇ ਲਿਖਦੇ ਹਨ, "1961 ਦੇ ਅਖ਼ੀਰ 'ਚ ਅੰਮ੍ਰਿਤਸਰ ਇਲਾਜ਼ ਦੌਰਾਨ ਅਖ਼ਬਾਰਾਂ ਵਿੱਚ ਉਨ੍ਹਾਂ ਦੀ ਮੁਲਾਕਾਤ ਛਪੀ, ਜਿਸ ਵਿੱਚ ਉਨ੍ਹਾਂ ਕੁਝ ਨੁਕਤਿਆਂ ਨੂੰ ਪੇਸ਼ ਕਰਦਿਆਂ ਜੋ ਕਿਹਾ ਸੀ, ਉਹ ਕਥਨ ਅਜੋਕੇ ਰਾਜਨੀਤਕਾਂ ਲਈ ਦਰਪਣ ਹੈ। ਜਿਵੇ, 'ਲੀਡਰੀ ਹਮਾਰੇ ਯਹਾਂ ਪੈਸੇ ਕੇ ਜ਼ੋਰ ਸੇ ਚਲਤੀ ਔਰ ਖ਼ੁਦਾਫਰੋਸ਼ੀ ਸੇ ਚਮਕਤੀ ਹੈ"। ਤਹੀਦਸਤੋਂ ਨੇ ਜ਼ਿੰਦਾਖਾਨੇ ਆਬਾਦ ਕੀਏ, ਦਰੋਂਰਸਨ ਤੱਕ ਭੀ ਪਹੁੰਚੇ ਤੋ ਕੌਮ ਨੇ ਤਵੱਜੋ ਕੀ ਭੀਖ ਨਾ ਦੀ, ਹੱਦ ਯਹ ਹੈ ਕਿ ਕਫ਼ਨ ਭੀ ਉਨਕੇ ਦਾਗੇ ਨਾਕਾਮੀ ਕੋ ਛੁਪਾ ਨਾ ਸਕਾ। ਪੈਸੇ ਪੱਲੇ ਬਾਂਧੇ ਬਗ਼ੈਰ ਲੀਡਰ ਕੇ ਨਿਕਲਨਾ ਝੱਕ ਮਾਰਨਾ ਹੈ। ਖ਼ਲੂਸ ਜਾਂ ਦਿਆਨਤ, ਯਹ ਹੈ ਵੋਹ ਲਫਜ਼ ਕਿ ਸ਼ਰਮਿੰਦਾ ਏ ਮਾਇਨੀ ਨਾ ਹੁਏ।" (ਉਰਦੂ ਪ੍ਰਤਾਪ, 15 ਅਗਸਤ 1961)

**ਇਤਿਹਾਸ ਤੇ ਵਿਰਾਸਤ:** ਵਿਰਸੇ ਤੇ ਇਤਿਹਾਸ ਬਾਰੇ ਸਾਡੀ ਪਹੁੰਚ ਆਲੋਚਨਾਤਮਕ ਯਥਾਰਥਵਾਦੀ ਹੋਣੀ ਚਾਹੀਦੀ ਹੈ। ਇਨ੍ਹਾਂ ਵਿਚਲਾ ਸਾਰਾ ਕੁਝ ਅਪਨਾਉਣ ਯੋਗ ਵੀ ਨਹੀਂ ਹੁੰਦਾ ਅਤੇ ਨਾ ਹੀ ਸਾਰਾ ਕੁਝ ਸੁੱਟ ਪਾਉਣ ਵਾਲਾ। ਜੀਵੰਤ ਤੱਤਾਂ ਨੂੰ ਅਪਣਾਉਣਾ ਹੁੰਦਾ ਹੈ ਅਤੇ ਵੇਲਾ ਵਿਹਾ ਚੁੱਕੇ ਨੂੰ ਛੱਡਣਾ ਹੁੰਦਾ ਹੈ। ਇਸੇ ਪ੍ਰਸੰਗ 'ਚ ਕੂਕਾ ਲਹਿਰ ਦੀ ਸਾਰਥਿਕਤਾ ਦ੍ਰਿੜਾਉਣ ਲਈ ਬਾਬਾ ਬਿਲਗਾ ਜੀ ਲਿਖਦੇ ਹਨ: "ਅੱਜ ਵੀ ਅਸੀਂ ਉਨ੍ਹਾਂ ਦੀ ਸਾਦਾ, ਸਾਫ਼-ਸੁਥਰੀ ਬੇਦਾਗ਼ ਜ਼ਿੰਦਗੀ ਤੋਂ ਫਾਇਦਾ ਨਹੀਂ ਉਠਾ ਰਹੇ। ਫੇਰ ਪੈਦਾਇਸ਼ੋਂ ਪਹਿਲਾਂ ਹੀ ਧੀਆਂ ਨੂੰ ਮਾਰ ਦੇਣ ਦੀ ਲਾਹਣਤ ਸਾਡੇ ਸਮਾਜ ਵਿੱਚ ਕੋਹੜ ਵਾਂਗੂ ਫੈਲਦੀ ਜਾ ਰਹੀ ਹੈ। ਦਾਜ ਦਹੇਜ ਤੋਂ ਬਗ਼ੈਰ ਤੇ ਸਵਾ ਰੁਪਏ ਵਿੱਚ ਸਮੂਹਿਕ ਵਿਆਹਾਂ ਦੀ ਕੂਕਿਆਂ ਵੱਲੋਂ ਦੱਸੀ ਮਰਿਆਦਾ ਦੀ ਲੋੜ ਹੈ। ਪੰਜਾਬੀ ਲਿੱਪੀ ਤੇ ਪੰਜਾਬੀ ਦੀ ਲਿਖਤ ਪੜ੍ਹਤ ਚਾਲੂ ਕਰਨ ਵਿੱਚ ਵੀ ਕੂਕਾ ਸ਼ਹੀਦਾਂ ਦਾ ਭਾਰੀ ਯੋਗਦਾਨ ਹੈ।" ( ਮੇਰੇ ਸੰਗਰਾਮੀ ਸਾਥੀ, ਪੰਨਾ 49) ਇਸੇ ਪਿਛੋਕੜ 'ਚ ਬਾਬਾ ਬਿਲਗਾ ਜੀ 1993-94 'ਚ ਲਿਖਦੇ ਹਨ: "ਅੰਨ੍ਹੀ ਅਕੀਦਤ ਖ਼ਤਰਨਾਕ ਹੈ। ਉਨ੍ਹਾਂ ਹੀ ਖ਼ਤਰਨਾਕ ਹੈ ਪਿਉ-ਦਾਦਿਆਂ ਦੀ ਕਮਾਈ ਦੇ ਬੂਹੇ ਨਵੀਆਂ ਪੀੜ੍ਹੀਆਂ ਲਈ ਬੰਦ ਕਰ ਦੇਣਾ। ਪਰ ਹੋ ਕੀ ਰਿਹਾ ਹੈ? ਅੰਨ੍ਹੀ ਅਕੀਦਤ ਦਾ ਤਕਾਜ਼ਾ ਤਾਂ ਕੀਤਾ ਜਾ ਰਿਹਾ ਹੈ, ਪਰ ਪਿਉ-ਦਾਦਿਆਂ ਦੇ ਖ਼ਜ਼ਾਨਿਆਂ ਉੱਤੇ ਨਵੀਆਂ ਪੀੜ੍ਹੀਆਂ ਦੇ ਸਨਮੁੱਖ ਵੱਡੇ ਤਾਲੇ ਲੱਗੇ ਹੋਏ ਹਨ। ਸੱਚੀ ਗੱਲ ਤਾਂ ਇਹ ਹੈ ਕਿ ਬਹੁਤ ਕੁਝ ਅਜਿਹਾ ਵੀ ਹੈ ਜੋ ਰੁਲ ਰਿਹਾ ਹੈ ਜਾਂ ਰੁਲਣ ਦਿੱਤਾ ਜਾ ਰਿਹਾ ਹੈ। ਪਰਵਾਸ ਦੀ ਪੀੜ ਹੰਢਾ ਰਹੇ ਹਿੰਦ ਵਾਸੀਆਂ ਦਾ ਸਹੀ ਤਰਜ਼ਮਾ ਹਨ ਇਹ ਦੋ ਸਤਰਾਂ:-

ਦੇਸ਼ ਪੈਣ ਧੱਕੇ ਬਾਹਰ ਮਿਲੇ ਢੋਈ ਨਾ।
ਸਾਡਾ ਪਰਦੇਸੀਆਂ ਦਾ ਦੇਸ਼ ਕੋਈ ਨਾ।

ਗ਼ਦਰੀ ਬਾਬੇ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ- ਬਦਨੀਤੀ ਤੋਂ ਪੂਰਨ ਭਾਂਤ ਜਾਣੂ ਸਨ, ਇਸੇ ਕਰਕੇ ਉਹ ਭਾਰਤ ਵਿੱਚ ਵੱਸਦੀਆਂ ਸਾਰੀਆਂ ਕੌਮਾਂ ਨੂੰ ਇੱਕ ਮੰਚ 'ਤੇ ਇਕੱਠਾ ਹੋਣ ਦਾ ਹੋਕਾ ਦਿੰਦੇ ਹਨ। ਇਹ ਸੱਦਾ ਉਨ੍ਹਾਂ ਦੇ ਸੰਗਠਨ ਦੀ ਬਣਤਰ ਤੇ ਬੁਣਤੀ ਤੋਂ ਸਪਸ਼ਟ ਦਿਖਾਈ ਦਿੰਦਾ ਹੈ ਅਤੇ ਉਨ੍ਹਾਂ ਦੀਆਂ ਲਿਖਤਾਂ 'ਚੋਂ ਵੀ। ਗ਼ਦਰੀ ਸੂਰਬੀਰ ਸ਼ਰਧਾ ਦੇ ਮੰਦਰ/ਪੂਜਾ ਸਥਾਨ ਉਸਾਰਨ ਦੀ ਥਾਂ ਉਹ ਅਜ਼ਾਦੀ ਸੰਗਰਾਮ ਵਿੱਚ ਕੁੱਦਣ ਦੀ ਅਪੀਲ ਕਰਦੇ

ਹਨ:-

ਪਾਣੀ ਪੱਤਿਆਂ ਨੂੰ ਕਿਸੇ ਕੰਮ ਨਹੀਂ।
ਵੇਲਾ ਆ ਗਿਆ ਜੜ੍ਹਾਂ ਨੂੰ ਪਾਵਣੇ ਦਾ।

**ਸਾਹਿਤ ਤੇ ਬੋਲੀ-ਸ਼ੈਲੀ ਬਾਰੇ:** "ਹਿੰਦੀ ਪੈਸੇਫਿਕ ਐਸੋਸੀਏਸ਼ਨ" ਵੱਲੋਂ ਪਹਿਲੀ ਨਵੰਬਰ 2013 ਨੂੰ "ਗ਼ਦਰ" ਅਖ਼ਬਾਰ ਜਾਰੀ ਕੀਤੀ ਗਈ। ਇਸ ਅਖ਼ਬਾਰ ਬਾਰੇ ਅਮਰ ਸ਼ਹੀਦ ਕਰਤਾਰ ਸਿੰਘ ਸਰਾਭਾ ਲਿਖਦੇ ਹਨ: "ਅੱਜ ਕਲਮ ਦੀ ਤਾਕਤ ਨਾਲ ਅੰਗਰੇਜ਼ੀ ਰਾਜ ਪਰ (ਵਿਰੁੱਧ) ਤੋਪ ਬੀੜ ਦਿੱਤੀ ਗਈ ਹੈ।" ਗ਼ਦਰੀ ਸੂਰਬੀਰਾਂ ਨੇ ਆਪਣੇ ਅਚੇਤ- ਸੁਚੇਤ ਅਨੁਭਵ ਦੀ ਸਹਾਇਤਾ ਨਾਲ ਸਾਹਿਤ ਦੀ ਭੂਮਿਕਾ ਨੂੰ ਸਵੀਕਾਰ ਕੀਤਾ। ਜਿਵੇਂ ਲਹਿਰਾਂ ਤੇ ਆਗੂਆਂ ਦਾ ਵਿਰੋਧ ਵਿਕਾਸੀ ਸੰਬੰਧ ਹੁੰਦਾ ਹੈ, ਉਸੇ ਤਰ੍ਹਾਂ ਦਾ ਸੰਬੰਧ ਲੇਖਕਾਂ/ਸ਼ਾਇਰਾਂ ਦਾ ਲਹਿਰਾਂ ਨਾਲ ਵੀ ਹੈ। ਦੋਵੇਂ ਇੱਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਪ੍ਰਭਾਵਿਤ ਕਰਦੇ ਵੀ ਹਨ। ਬਾਬਾ ਬਿਲਗਾ ਜੀ ਲਿਖਦੇ ਹਨ: 'ਗ਼ਦਰ ਅਖ਼ਬਾਰ ਨੇ ਸਾਹਿਤ ਨੂੰ ਅੱਖੋਂ ਪਰੋਖੇ ਨਹੀਂ ਸੀ ਰੱਖਿਆ। ਇਸ ਵਿੱਚ ਇਨਕਲਾਬੀ ਕਵਿਤਾਵਾਂ ਲਗਾਤਾਰ ਛਪਦੀਆਂ ਰਹੀਆਂ। ਇਸ ਨੂੰ ਬਾਅਦ ਵਿੱਚ ਕਿਤਾਬ 'ਚ ਦੀ ਸ਼ਕਲ ਵੀ ਦਿੱਤੀ ਜਾਂਦੀ ਸੀ, ਜਿਸ ਨੂੰ ਅੱਜ ਵੀ 'ਗ਼ਦਰ ਦੀ ਗੂੰਜ' ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਲੋਕ ਇਸ ਨੂੰ ਇਹਤਰਾਮ ਨਾਲ ਦੇਸ਼ ਭਗਤਾਂ ਦੀ ਬਾਣੀ ਕਿਹਾ ਕਰਦੇ ਸਨ, ਜਿਸ ਨੂੰ ਉਨ੍ਹਾਂ ਨੇ ਜ਼ੁਬਾਨੀ ਯਾਦ ਕਰ ਲਿਆ ਸੀ।" (ਮੇਰੇ ਸੰਗਰਾਮੀ ਸਾਥੀ-ਪੰਨਾ 66)ਅਤੇ ਦਰਸੀ ਚੈਨਚੱਈਆਂ ਦੇ ਬਿਆਨ ਅਨੁਸਾਰ "ਅਮਰੀਕਾ ਤੇ ਕੈਨੇਡਾ ਵੱਸਦੇ ਕੱਲ੍ਹ ਦੇ ਅਨਪੜ੍ਹ ਹੁਣ ਲਿਖਾਰੀ ਬਣਨੇ ਸ਼ੁਰੂ ਹੋ ਗਏ ਸਨ ਅਤੇ ਉਨ੍ਹਾਂ ਵਿੱਚ ਆਗੂਆਂ ਵਾਲੇ ਗੁਣ ਪੈਦਾ ਹੋ ਗਏ ਸਨ ਉਨ੍ਹਾਂ ਦਾ ਸਵੈ ਭਰੋਸਾ ਬੁਲੰਦੀਆਂ ਵੱਲ ਜਾ ਰਿਹਾ ਸੀ।" (ਮੇਰੇ ਸੰਗਰਾਮੀ ਸਾਥੀ-ਪੰਨੇ 66-67)

ਗ਼ਦਰੀ ਦੇਸ਼ ਭਗਤ ਖੇਤਰੀ/ਮਾਤ-ਭਾਸ਼ਾ ਅਤੇ ਆਪਣੇ ਸੱਭਿਆਚਾਰ ਦੀ ਜੀਵੰਤ ਭੂਮਿਕਾ ਬਾਰੇ ਬੇਹੱਦ ਜਾਗਰੂਕ ਸਨ ਉਨ੍ਹਾਂ ਦੀ ਸਮਝਦਾਰੀ ਸੀ, 'ਕਿਸੇ ਮੁਲਕ ਨੂੰ ਗ਼ੁਲਾਮ ਰੱਖਣ ਲਈ ਉਨ੍ਹਾਂ ਦੀ ਜ਼ੁਬਾਨ ਨੂੰ ਘਟੀਆ ਦਰਜਾ ਦੇਣਾ, ਉਸ ਦੇ ਸੱਭਿਆਚਾਰ ਨੂੰ ਤਬਾਹ ਕਰਨਾ, ਉਸ ਦੇ ਵਿੱਚ ਮਜ਼ਹਬੀ ਤਬਦੀਲੀ ਲਿਆਉਣਾ ਜ਼ਰੂਰੀ ਗੱਲਾਂ ਹੁੰਦੀਆਂ ਹਨ ਇਨ੍ਹਾਂ ਸਭਨਾਂ ਵਿੱਚ ਅੰਗਰੇਜ਼ ਕਾਮਯਾਬ ਹੋ ਰਹੇ ਸਨ।' (ਮੇਰੇ ਸੰਗਰਾਮੀ ਸਾਥੀ-ਪੰਨਾ 36)

ਪੁਨਰ ਜਾਗ੍ਰਿਤੀ ਲਹਿਰਾਂ ਨਾਲ ਬਦਕਿਸਮਤੀ ਨੂੰ ਭਾਰਤ ਦਾ ਪੁਰਾਣੇ ਵਿਸ਼ਾਲ ਪੰਜਾਬ ਵਿੱਚ ਤਿੰਨ ਭਾਸ਼ਾਵਾਂ ਨੂੰ ਅਚੇਤ-ਸੁਚੇਤ ਤਿੰਨ ਧਰਮਾਂ ਨਾਲ ਜੋੜ ਦਿੱਤਾ ਗਿਆ ਜਾਂ ਜੁੜ ਗਈਆਂ। ਇਸ ਵਰਤਾਰੇ ਨੇ ਪੰਜਾਬੀ ਕੌਮੀਅਤ ਨਾਲ ਵੱਡੇ ਪੱਧਰ ਤੇ ਖਿਲਵਾੜ ਕੀਤਾ ਜਿਹੜਾ ਅੱਜ ਵੀ ਜਾਰੀ ਹੈ। ਇਸ ਵਰਤਾਰੇ ਬਾਰੇ ਬਾਬਾ ਬਿਲਗਾ ਜੀ ਲਾਲਾ ਹਰਦਿਆਲ ਦਾ ਹਵਾਲਾ ਦਿੰਦੇ ਹਨ: "ਜ਼ੁਬਾਨ ਦੇ ਸੁਆਲ 'ਤੇ ਟਿੱਪਣੀ ਕਰਦਿਆਂ ਉਨ੍ਹਾਂ (ਲਾਲਾ ਹਰਦਿਆਲ) ਲਿਖਿਆ ਕਿ ਅੰਗਰੇਜ਼ੀ ਜਿਹੜੀ ਵਿਦੇਸ਼ੀ ਜ਼ੁਬਾਨ ਹੈ, ਬਾਰੇ ਕੋਈ ਨਹੀਂ ਬੋਲਦਾ, ਪਰ ਹਿੰਦੀ, ਉਰਦੂ ਦੇ ਸਵਾਲ ਖੜੇ ਕੀਤੇ ਜਾ ਰਹੇ ਹਨ।" (ਮੇਰੇ ਸੰਗਰਾਮੀ ਸਾਥੀ-ਪੰਨਾ 69) ਇਸ ਵਰਤਾਰੇ ਦੀ ਨਿਰੰਤਰਤਾ ਦਾ ਸਿੱਟਾ ਇਹ ਹੈ ਕਿ ਅੱਜ ਹਿੰਦੀ, ਉਰਦੂ ਤੇ ਪੰਜਾਬੀ ਸਮੇਤ ਸਾਰੀਆਂ ਖੇਤਰੀ ਭਾਸ਼ਾਵਾਂ ਹਾਸ਼ੀਏ 'ਤੇ ਧੱਕ ਦਿੱਤੀਆਂ ਗਈਆਂ ਹਨ ਅਤੇ ਅੰਗਰੇਜ਼ੀ ਦੀ ਚੌਧਰ ਸਥਾਪਿਤ ਹੋ ਚੁੱਕੀ ਹੈ ਪੱਛਮੀ ਸੱਭਿਆਚਾਰਕ ਹਮਲੇ ਤੇ ਭਾਰਤੀ ਸੱਭਿਆਚਾਰ ਦੇ ਜੀਵੰਤ ਤੱਤਾਂ ਨੂੰ ਵੱਡੇ ਪੱਧਰ

ਤੇ ਢਾਹ ਲਗਾ ਦਿੱਤੀ ਹੈ।

ਇਨਕਲਾਬੀ ਕਿਸੇ ਵੀ ਤਰ੍ਹਾਂ ਦੀ ਸੰਕੀਰਨਤਾ ਤੇ ਤੰਗ ਦਿਲੀ ਦੇ ਸ਼ਿਕਾਰ ਨਹੀਂ ਹੁੰਦੇ। ਬਾਬਾ ਬਿਲਗਾ ਦੀ ਜ਼ੁਬਾਨੀ ਸੁਣੋ:-

"ਉਨ੍ਹਾਂ (ਸ੍ਰ. ਅਜੀਤ ਸਿੰਘ) ਦੀ ਆਪਣੀ ਇੱਕ ਸਿਫ਼ਤ ਵੀ ਜ਼ਿੰਦਗੀ ਭਰ ਉਨ੍ਹਾਂ ਦੇ ਕੰਮ ਆਈ। ਉਹ ਕਈ ਜ਼ੁਬਾਨਾਂ ਪੜ੍ਹਾਉਣ ਦੇ ਮਾਹਿਰ ਸਨ। ਜਿੱਥੇ ਜਾਂਦੇ ਉਰਦੂ, ਫ਼ਾਰਸੀ, ਅੰਗਰੇਜ਼ੀ, ਫਰੈਂਚ, ਸਪੈਨਿਸ਼, ਜਰਮਨੀ ਸਿਖਾਉਣ ਦੇ ਸਕੂਲ ਖੋਲ੍ਹ ਲੈਂਦੇ ਤੇ ਆਪਣਾ ਗੁਜ਼ਾਰਾ ਇਸ ਦੀ ਆਮਦਨੀ 'ਤੇ ਕਰਦੇ। ਇਸ ਲਈ ਜਦ ਉਨ੍ਹਾਂ ਦੀ ਜ਼ਿੰਦਗੀ 'ਤੇ ਨਜ਼ਰ ਮਾਰੀ ਜਾਂਦੀ ਹੈ ਤਾਂ ਮਲੂਮ ਹੁੰਦਾ ਹੈ ਕਿ ਉਹ ਕਿਸੇ ਪਾਰਟੀ ਜਾਂ ਮੁਲਕ ਦੇ ਕਦੇ ਮੁਹਤਾਜ਼ ਨਹੀਂ ਰਹੇ, ਆਪਣੀ ਕਮਾਈ ਕੀਤੀ ਤੇ ਗੁਜ਼ਾਰਾ ਕੀਤਾ। ਸਗੋਂ ਇਸ ਕਮਾਈ ਵਿੱਚੋਂ ਬਚਤ ਕਰ ਦੇਸ਼ ਵਾਸੀਆਂ ਦੀ ਸੇਵਾ ਕੀਤੀ" ਪੰਨਾ 55, ਗ਼ਦਰੀ ਸੂਰਬੀਰਾਂ ਅਤੇ 'ਗ਼ਦਰ' ਅਖ਼ਬਾਰ 'ਚ ਪ੍ਰਕਾਸ਼ਿਤ ਹੋਣ ਵਾਲੀਆਂ ਰਚਨਾਵਾਂ ਦੀ ਬੋਲੀ - ਸ਼ੈਲੀ-ਸਰਲ, ਸਾਦ-ਮੁਰਾਦੀ, ਸਪੱਸ਼ਟ ਅਤੇ ਲੋਕ ਮੁਹਾਵਰੇ ਨਾਲ ਓਤ-ਪੋਤ ਸੀ। ਇਸੇ ਲਈ ਉਹ ਰਚਨਾਵਾਂ ਪੜ੍ਹਨ- ਸੁਣਨ ਵਾਲੇ ਉੱਪਰ ਡੂੰਘਾ ਪ੍ਰਭਾਵ ਪਾਉਂਦੀਆਂ ਸਨ: "ਗ਼ਦਰੀ ਗੂੰਜਾਂ 'ਚ ਸਮੋਇਆ ਅਮੀਰ ਬੀਰ ਰਸ, ਮੁਰਦਾ ਕੌਮ ਵਿੱਚ ਨਵੀਂ ਰੂਹ ਫੂਕਦਾ ਹੈ। ਗ਼ਦਰੀ ਵਾਰਾਂ, ਢਾਡੀ ਰੰਗ ਅਤੇ ਲੋਕ ਮੁਹਾਵਰਿਆਂ ਦੀ ਲੇਖਣੀ ਆਮ ਲੋਕਾਂ ਦੇ ਪੱਲੇ ਵੀ ਪੈਂਦੀ ਹੈ ਅਤੇ ਗਾਇਨ ਪੱਖੋਂ ਜ਼ੁਬਾਨ 'ਤੇ ਵੀ ਚੜ੍ਹਦੀ ਹੈ।"

ਉੱਕਤ ਵਿਚਾਰ-ਚਰਚਾ ਤੋਂ ਬਾਅਦ ਸਪੱਸ਼ਟ ਹੈ ਕਿ ਗ਼ਦਰੀ ਸੂਰਬੀਰ ਭਾਰਤੀ ਗ਼ਰੀਬਾਂ ਦੇ ਸੁੱਚੇ ਤੇ ਸੁਹਿਰਦ ਸ਼ੁਭਚਿੰਤਕ ਸਨ ਅਤੇ ਸਾਮਰਾਜ ਦੇ ਕੱਟੜ ਦੁਸ਼ਮਣ ਤੇ ਭਾਰਤੀ ਦੇਸ਼ ਭਗਤ ਸਨ। ਉਹ ਪੂਰੀ ਤਰ੍ਹਾਂ ਧਰਮ-ਨਿਰਪੱਖ, ਜਾਤ-ਪਾਤੀ ਵਲਗਣਾਂ ਤੋਂ ਕਿਤੇ ਉੱਚੇ ਮਾਨਵਵਾਦੀ ਅਤੇ ਪ੍ਰਗਤੀਵਾਦੀ ਸਨ। ਉਨ੍ਹਾਂ ਦਾ ਆਪਣੇ ਵਤਨ ਤੇ ਹਮਵਤਨਾਂ ਦੀ ਬੰਦ ਖ਼ਲਾਸੀ ਲਈ ਲੜਨ-ਮਰਨ ਦਾ ਜਜ਼ਬਾ ਬੇਮਿਸਾਲ ਹੈ। ਗ਼ਦਰੀ ਸੂਰਬੀਰਾਂ ਨੂੰ "ਹੋਸ਼ ਤੋਂ ਕੋਰੇ ਅਤੇ ਸਿਰਫ਼ ਜੋਸ਼ੀਲੇ" ਕਹਿਣਾ ਸਿਰੇ ਦੀ ਹਿਮਾਕਤ ਅਤੇ ਆਪਣੀ ਅਕਲ ਦਾ ਦੀਵਾਲਾ ਕੱਢਣ ਵਾਲੀ ਗੱਲ ਹੈ। 20 ਵੀ. ਸਦੀ ਦੇ ਦੂਜੇ ਦਹਾਕੇ ਵਿਚ ਉਹ ਜੋ ਕੁਝ ਸੰਭਵ ਰੂਪ 'ਚ ਕਰ ਸਕਦੇ ਸੀ, ਉਨ੍ਹਾਂ ਨੇ ਸੁਹਿਰਦਤਾ ਸਹਿਤ ਕਰਨ ਦੀ ਕੋਸ਼ਿਸ ਕੀਤੀ। ਆਪਣੀਆਂ ਲਿਖਤਾਂ, ਸਿਰੜੀ ਕਾਰਨਾਮਿਆਂ ਅਤੇ ਬੇਮਿਸਾਲ ਕੁਰਬਾਨੀਆਂ ਦੁਆਰਾ ਖੌਲਦੇ ਦਰਿਆ 'ਚ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਯੋਧਿਆਂ ਨੂੰ ਯੁੱਧ-ਨੀਤੀ ਤੇ ਦਾਅ-ਪੇਚ ਸਿੱਖਣ ਲਈ ਕਿਸੇ 'ਆਰਾਮ ਪ੍ਰਸਤ ਬੁੱਧੀਜੀਵੀ' ਪਾਸ ਜਾਣ ਦੀ ਲੋੜ ਨਹੀਂ ਹੁੰਦੀ।

***

# ਅਜ਼ਾਦੀ, ਸਮਾਨਤਾ ਅਤੇ ਭਾਈਚਾਰੇ ਲਈ ਤਾਅ ਉਮਰ ਜੂਝਣ ਵਾਲਾ ਇਤਿਹਾਸ-ਪੁਰਖ: ਬਾਬਾ ਭਗਤ ਸਿੰਘ ਬਿਲਗਾ

**-ਸਵਰਨ ਸਿੰਘ ਵਿਰਕ**

ਬਾਬਾ ਭਗਤ ਸਿੰਘ ਬਿਲਗਾ ਇਕ ਬਹੁਤ ਵੱਡੇ ਲੋਕ ਸੰਗਰਾਮੀਏ ਹੋਏ ਹਨ। ਉਹਨਾਂ ਨੇ 2 ਅਪਰੈਲ, 1907 ਤੋਂ 22 ਮਈ 2009 ਤੱਕ ਸਦੀ ਤੋਂ ਦੋ ਵਰ੍ਹੇ ਉੱਪਰ, ਸਾਰਥਕ ਜ਼ਿੰਦਗੀ ਜੀਵੀ। ਇਹ ਸਮਾਂ ਦੇਸ਼ ਦੁਨੀਆ ਦੀ ਤਾਰੀਖ ਵਿਚ ਬੜਾ ਉੱਥਲ ਪੁੱਥਲ ਦਾ ਸਮਾਂ ਸੀ। ਇਸ ਸਮੇਂ ਜਿੱਥੇ ਇਕ ਪਾਸੇ, ਸਾਮਰਾਜੀ ਕੜੀਆਂ ਵਿਚ ਜਕੜੀ ਲੁਕਾਈ, ਆਪਣੀ ਬੰਦਖ਼ਾਲਸੀ ਲਈ ਉਸਲਵੱਟੇ ਲੈ ਰਹੀ ਸੀ ਉਥੇ ਦੂਸਰੇ ਪਾਸੇ, ਆਧੁਨਿਕ ਗਿਆਨ ਵਿਗਿਆਨ ਤਕਨੀਕ ਦੇ ਵਿਕਸਤ ਹੋਣ, ਸੂਚਨਾ ਕ੍ਰਾਂਤੀ ਸਦਕਾ, ਸੰਸਾਰ ਇਕ ਭੂਗੋਲਿਕ ਪਿੰਡ ਬਣਨ ਵੱਲ ਵਧ ਰਿਹਾ ਸੀ। ਦੇਸ਼ਾਂ ਵਿਚਾਲੇ ਵਿੱਥਾਂ ਘਟ ਰਹੀਆਂ ਸਨ ਪਰ ਕਾਮਿਆਂ ਅਤੇ ਵਿਹਲੜਾਂ ਵਿਚਾਲੇ ਵਧ ਰਹੀਆਂ ਸਨ। ਇਤਿਹਾਸ ਪੁਰਖ ਆਪੋ ਆਪਣੀਆਂ ਹੋਣੀਆਂ ਨਾਲ ਅੱਖ ਮਟੱਕੇ ਕਰ ਰਹੇ ਸਨ। ਇਕ ਦੇਸ਼ ਦੀਆਂ ਜੁਆਨ ਪੀੜ੍ਹੀਆਂ ਇਨਕਲਾਬ ਦੀ ਕੁਠਾਲੀ ਵਿਚ ਢਲ ਰਹੀਆਂ ਸਨ। ਉੱਨਤ ਜੀਵਨ ਦੇ ਖਿੱਚੇ ਪੰਜਾਬ ਦੇ ਕਾਮੇ ਪੁੱਤ ਪਹਿਲਾਂ ਦੱਖਣ ਪੂਰਬ ਏਸ਼ੀਆ ਫਿਰ ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿਚੋਂ ਹੁੰਦੇ ਕੈਨੇਡਾ, ਅਮਰੀਕਾ ਦੀਆਂ ਨਵੀਆਂ ਅਬਾਦ ਧਰਤੀਆਂ ਤੇ ਖੁੱਲ੍ਹੀਆਂ ਪੌਣਾਂ ਵਾਲੇ ਮਾਹੌਲ ਵਿਚ ਪੁੱਜ ਰਹੇ ਸਨ। ਪਰ ਵਿੱਥਾਂ ਤੇ ਵਿਤਕਰੇ ਇੱਥੇ ਵੀ ਸਨ। ਇਸ ਲਈ ਇੱਕ ਸਦੀ ਪਹਿਲਾਂ ਅਮਰੀਕਾ ਦੇ ਪਰਸ਼ਾਂਤ ਮਹਾਂਸਾਗਰ ਦੇ ਉੱਤਰੀ ਤੱਟ ਤੇ ਵਸਣ ਵਾਲੇ ਭਾਰਤੀਆਂ ਨੇ ਜਿਹਨਾਂ ਵਿਚੋਂ ਬਹੁਗਿਣਤੀ ਪੰਜਾਬੀ ਕਿਸਾਨਾਂ ਅਤੇ ਪੂਰਵ ਸੈਨਿਕਾਂ ਦੀ ਸੀ, ਗ਼ਦਰ ਪਾਰਟੀ ਦੀ ਨੀਂਹ ਰੱਖੀ। ਇਸ ਆਸ ਵਿਚ ਕਿ ਛੇਤੀ ਹੀ ਸੰਸਾਰ ਜੰਗ ਛਿੜੇਗੀ ਸੋ ਦੁਨੀਆ ਵਿਚ ਸ਼ਕਤੀਆਂ ਦਾ ਤੋਲ ਬਦਲੇਗਾ। ਉਸ ਸਮੇਂ ਭਾਰਤ ਵਿਚ ਬ੍ਰਿਟਿਸ਼ ਸੱਤਾ ਦਾ ਆਧਾਰ ਭਾਰਤੀ ਸੈਨਾ, ਜਿਹੜੀ ਅੱਧੋਂ ਵੱਧ ਪੰਜਾਬ ਵਿਚੋਂ ਭਰਤੀ ਹੁੰਦੀ ਸੀ, ਉਸ ਨੂੰ ਪਰਵਾਸੀ ਗ਼ਦਰੀਆਂ ਦੀ ਮਾਰਫ਼ਤ, ਹਥਿਆਰਬੰਦ ਵਿਦਰੋਹ ਲਈ ਤਿਆਰ ਕੀਤਾ ਜਾ ਸਕਦਾ ਹੈ। ਜੇ ਇਹ ਵਿਦਰੋਹ ਸਿਰੇ ਚੜ੍ਹ ਗਿਆ ਤਾਂ ਫ਼ਰੰਗੀਆਂ ਦਾ ਹਿੰਦ ਵਿਚੋਂ ਬਿਸਤਰਾ ਗੋਲ ਹੋ ਸਕਦਾ ਹੈ। ਗ਼ਦਰ ਪਾਰਟੀ ਦੇ ਜੁਝਾਰ, ਤਪ ਤਿਆਗ ਦੀ ਭੱਠੀ ਵਿਚੋਂ ਸੁਰਖ ਹੋ ਕੇ ਨਿਕਲੇ ਸਨ। ਉਹਨਾਂ ਦੀ ਦ੍ਰਿਸ਼ਟੀ, ਸਮੁੱਚੀ ਦੁਨੀਆ ਦੀਆਂ ਪਸਿੱਤੀਆਂ ਕੌਮਾਂ ਦੀ ਬੰਦ ਖ਼ਲਾਸੀ ਲਈ, ਕੌਮਾਂਤਰੀ ਪੱਧਰ ਤੇ ਧਰਮ ਨਿਰਪੱਖ, ਜਮਹੂਰੀ, ਮਾਨਵਵਾਦੀ ਅਤੇ ਅੱਗੇ ਵਧੂ ਕਦਰਾਂ-ਕੀਮਤਾਂ ਨਾਲ ਇੱਕਜੁਟ ਹੋਣ ਦੀ ਸੀ। ਬੇਸ਼ੱਕ ਇਹਨਾਂ ਮੁਲਕਾਂ ਵਿਚ ਪੱਛਮੀ ਤਰਜ਼ ਦੀ ਜਮਹੂਰੀਅਤ ਸੀ ਫਿਰ ਵੀ

ਭਾਰਤੀ ਕਾਮਿਆਂ ਨਾਲ ਹੁੰਦੇ ਵਿਤਕਰੇ ਅਤੇ ਪਰਵਾਸ ਦੀਆਂ ਕਠੋਰ ਸ਼ਰਤਾਂ ਨੇ, ਉਹਨਾਂ ਨੂੰ ਗ਼ਦਰ ਲਹਿਰ ਵਿਕਸਤ ਕਰਨ ਲਈ ਪਰੇਰਿਆ ਸੀ।

ਗ਼ਦਰ ਲਹਿਰ ਦਾ ਪਹਿਲਾ ਦੌਰ ਅਥਾਹ ਜੋਸ਼, ਬੇਮਿਸਾਲ ਦ੍ਰਿੜ੍ਹਤਾ, ਇਰਾਦੇ ਦ੍ਰੀ ਗ਼ੈਰ ਮਿਸਾਲੀ ਬੁਲੰਦੀ ਅਤੇ ਹਿਮਾਲੀਆ ਦੀ ਟੀਸੀ ਜਿੱਡੀਆਂ ਉੱਚੀਆਂ ਕੁਰਬਾਨੀਆਂ ਦਾ ਦੌਰ ਹੈ। ਆਪਣੀ ਵਰ੍ਹਿਆਂ ਦੀ ਕਮਾਈ ਨੂੰ ਦੇਸ਼ ਸੇਵਾ ਲਈ ਸਮਰਪਿਤ ਕਰਕੇ ਕੋਈ ਅੱਠ ਹਜ਼ਾਰ ਪਰਵਾਸੀ ਪੰਜਾਬੀ, ਗ਼ਦਰ ਪਾਰਟੀ ਦੀ ਵੰਗਾਰ ਤੇ ਦੇਸ਼ ਨੂੰ ਮੁੜੇ ਸਨ। ਪਹਿਲੇ ਪੜਾਅ ਵਿਚ ਵਿਆਪਕ ਜੱਦੋ-ਜਹਿਦ ਹੋਈ। ਛਾਉਣੀਆਂ ਉੱਤਰ ਭਾਰਤ ਦੀਆਂ ਬੇਨੂ ਕੋਹਾਟ ਤੋਂ ਫੈਜ਼ਾਬਾਦ ਤੱਕ ਅਤੇ ਧੁਰ ਪੂਰਬ ਵਿਚ ਕਲਕੱਤੇ ਤੱਕ ਹੰਗਾਲੀਆਂ ਗਈਆਂ। ਇਕ ਤਾਂ ਵਿਸ਼ਵ ਯੁੱਧ ਆਸ ਤੋਂ ਪਹਿਲਾਂ ਸ਼ੁਰੂ ਹੋ ਗਿਆ। ਗ਼ਦਰ ਪਾਰਟੀ ਵਾਲਿਆਂ ਨੂੰ ਤਿਆਰੀ ਲਈ ਪੂਰਾ ਸਮਾਂ ਨਾ ਮਿਲਿਆ। ਦੂਜਾ ਸਾਮਰਾਜੀ ਤੰਤਰ ਦੀ ਜਕੜ ਤੇ ਕਮਜ਼ੋਰ ਨਹੀਂ ਸੀ ਹੋਈ। ਆਪਣੇ ਮਿਸ਼ਨ ਨੂੰ ਲੋਕ ਮਨਾਂ ਦਾ ਹਿੱਸਾ ਨਹੀਂ ਸੀ ਬਣਾਇਆ ਜਾ ਸਕਿਆ। ਸਰਕਾਰੀ ਸੂਹੀਏ ਗ਼ਦਰ ਦੀਆਂ ਤਰੀਕਾਂ ਦੀ ਸਰਕਾਰ ਨੂੰ, ਅਗਾਊਂ ਸੂਹ ਦੇਣ ਵਿਚ ਸਫ਼ਲ ਹੋਏ। ਦੇਸੀ ਫੌਜਾਂ ਬੇਹਥਿਆਰੀਆਂ ਕਰਕੇ, ਗੋਰਾ ਸੈਨਿਕ ਪੰਜਾਬ ਦੀਆਂ ਛਾਉਣੀਆਂ ਵਿਚ ਤਾਇਨਾਤ ਕਰ ਦਿੱਤੇ ਗਏ। ਮੁਕੱਦਮੇ ਚੱਲੇ। ਕੋਰਟ ਮਾਰਸ਼ਲ ਕਰਕੇ ਫੌਜੀਆਂ ਨੂੰ ਸਜ਼ਾਵਾਂ ਦਿੱਤੀਆਂ। ਫਾਂਸੀਆਂ, ਜਲਾਵਤਨੀਆਂ, ਜਾਇਦਾਦ ਜ਼ਬਤੀਆਂ, ਲੰਮੀਆਂ ਕੈਦਾਂ, ਜੇਲ੍ਹਾਂ ਵਿਚ ਵਰ੍ਹਿਆਂਬੱਧੀ ਨਰਕੀ ਜੀਵਨ ਦਾ ਵਾਸ, ਆਪਣੇ ਮਨੁੱਖੀ ਹੱਕਾਂ ਲਈ ਜੇਲ੍ਹਾਂ ਵਿਚ ਰੋਜ਼ ਭੁੱਖ ਹੜਤਾਲਾਂ, ਕੈਦੀਆਂ ਦਾ ਕੁੱਟ ਕੁਟਾਪਾ, ਬੈਂਤਾਂ ਖਾਣੀਆਂ, ਪਿੰਜਰਾ ਅਤੇ ਕੋਠੀ ਬੰਦੀਆਂ ਜਿਹੀਆਂ ਅਣਮਨੁੱਖੀ ਸਜ਼ਾਵਾਂ, ਜੇਲ੍ਹਾਂ ਵਿਚੋਂ ਗ਼ਦਰੀਆਂ ਦੀਆਂ ਫਰਾਰੀਆਂ, ਚੱਲਦੀਆਂ ਗੱਡੀਆਂ ਵਿਚੋਂ, ਜੇਲ੍ਹਾਂ ਬਦਲੀ ਸਮੇਂ ਛਾਲਾਂ ਮਾਰ ਜਾਣੀਆਂ ਗ਼ਦਰੀ ਯੋਧਿਆਂ ਦੀਆਂ ਉਹ ਵੱਡੀਆਂ ਕਰਨੀਆ ਹਨ ਜਿਹੜੀਆਂ ਮਨੁੱਖੀ ਮੁਕਤੀ ਸੰਗਰਾਮ ਦੇ ਇਤਿਹਾਸ ਵਿਚ ਧਰੂ ਤਾਰੇ ਜਿਉਂ ਸਦਾ ਅਟੱਲ ਰਹਿਣਗੀਆਂ।

ਬਾਬਾ ਭਗਤ ਸਿੰਘ ਬਿਲਗਾ ਪਰਿਵਾਰ ਦੀ ਆਰਥਿਕ ਸਥਿਤੀ ਸੁਧਾਰਨ ਲਈ 1926 ਵਿਚ ਘਰੋਂ ਚੱਲ ਕੇ ਕਈ ਦੇਸ਼ਾਂ ਵਿਚੋਂ ਹੁੰਦੇ ਅਰਜਨਟਾਇਨਾ ਪੁੱਜੇ ਸਨ। ਪਰ ਉਦੋਂ ਤੱਕ ਉਹ ਚੂਹੜ ਚੱਕ ਸਕੂਲ ਦੀ ਪੜ੍ਹਾਈ ਸਮੇਂ ਉੱਥੇ ਗ਼ਦਰੀਆਂ ਬਾਰੇ ਕਾਫੀ ਕੁਝ ਜਾਣ ਚੁੱਕੇ ਸਨ। ਦੂਸਰਾ ਉਹਨਾਂ ਦੇ ਆਪਣੇ ਪਿੰਡ ਬਿਲਗੇ ਦੇ ਲੋਕ ਵੀ ਇਸ ਲਹਿਰ ਵਿਚ ਸ਼ਾਮਿਲ ਸਨ। ਸੰਨ 1914-15 ਦਾ ਗ਼ਦ੍ਰਰ ਪਾਰਟੀ ਦਾ ਪਹਿਲਾ ਦੌਰ, ਅਰਜਨਟਾਇਨਾ ਵਿਚ ਨਹੀਂ ਸੀ ਪੁੱਜਾ ਬੇਸ਼ਕ ਇੱਥੇ ਗ਼ਦਰ ਸਾਹਿਤ ਹੋਰਨਾਂ ਥਾਵਾਂ ਜਿਉਂ ਪੁੱਜਦਾ ਰਿਹਾ ਸੀ। 1925 ਈ: ਤੱਕ ਇੱਥੇ ਗ਼ਦਰ ਪਾਰਟੀ ਦੀ ਬ੍ਰਾਂਚ ਸਰਗਰਮ ਹੋ ਚੁੱਕੀ ਸੀ। ਜਿਹਨਾਂ ਪੰਜਾਬੀਆਂ ਨੂੰ ਅਮਰੀਕਾ, ਕੈਨੇਡਾ ਨਹੀਂ ਉਤਰਨ ਦਿੱਤਾ ਜਾਂਦਾ ਸੀ ਉਹ ਅਰਜਨਟਾਇਨਾ ਪੁੱਜ ਜਾਂਦੇ। ਸੋ ਇੱਥੋਂ ਦੇ ਕਾਮਿਆਂ ਕਿਸਾਨਾਂ ਵਿਚ ਵੀ ਗ਼ਦਰ ਪਾਰਟੀ ਦਾ ਕੰਮ ਚੱਲ ਰਿਹਾ ਸੀ ਤੇ ਬਾਬਾ ਬਿਲਗਾ ਆਪਣੀ ਚੜ੍ਹਦੀ ਜਵਾਨੀ ਵਿਚ ਹੀ ਉਨ੍ਹਾਂ ਦੇ ਲਿਖਣ ਮੁਤਾਬਕ ਦਾੜ੍ਹੀ ਦਾ ਕੋਈ-ਕੋਈ ਵਾਲ ਉਹਨਾਂ ਨੂੰ ਸਮੁੰਦਰੀ ਜਹਾਜ਼ ਵਿਚ ਹੀ ਆਇਆ ਸੀ। ਗ਼ਦਰ ਪਾਰਟੀ ਨਾਲ ਇਸ ਕਦਰ ਜੁੜ ਗਏ ਕਿ ਉਹ ਅਰਜਨਟਾਇਨਾ ਦੀ ਗ਼ਦਰ ਪਾਰਟੀ ਬ੍ਰਾਂਚ ਦੇ ਜਨਰਲ ਸਕੱਤਰ ਬਣ ਗਏ। ਪਹਿਲੇ ਦੌਰ ਦੇ ਪ੍ਰਸਿੱਧ ਗ਼ਦਰੀ ਬਾਬਾ ਰਤਨ ਸਿੰਘ ਰਾਇਪੁਰ ਡੱਬਾ, ਇਸੇ ਸਮੇਂ ਅਰਜਨਟਾਇਨਾ ਪੁੱਜਦੇ ਹਨ

ਜਿਹਨਾ ਨਾਲ ਬਾਬਾ ਬਿਲਗਾ ਉੱਤਰੀ ਅਰਜਨਟਾਇਨਾ ਘੁੰਮਦੇ ਹਨ। ਇਸ ਤੋਂ ਪਹਿਲਾਂ ਉਹਨਾਂ 23 ਮਾਰਚ 1931 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦਿੱਤੇ ਜਾਣ ਵਿਰੁੱਧ ਮਿੱਲਾਂ, ਫੈਕਟਰੀਆਂ ਵਿਚ ਕੰਮ ਕਰਨ ਵਾਲੇ ਭਾਰਤੀਆਂ ਨੂੰ ਪਰੇਰ ਕੇ, ਹੜਤਾਲ ਵੀ ਕਰਵਾਈ। ਹੁਣ ਉਹਨਾਂ ਸ਼ਹੀਦੇ-ਆਜ਼ਮ ਦੇ ਚਾਚਾ ਸ੍. ਅਜੀਤ ਸਿੰਘ ਨੂੰ ਵੀ ਅਰਜਨਟਾਇਨਾ ਸੱਦ ਲਿਆ। ਸ. ਅਜੀਤ ਸਿੰਘ ਨੂੰ ਬਾਬਾ ਬਿਲਗਾ ਦੁਆਰਾ ਕੀਤੀ ਪੁੱਤਰਾਂ ਜਹੀ ਸੇਵਾ ਨੇ ਮੋਹ ਲਿਆ ਸੀ। ਕਾਮਰੇਡ ਤੇਜਾ ਸਿੰਘ ਸੁਤੰਤਰ ਜੋ ਅਰਜਨਟਾਇਨਾ ਆਏ ਸਨ ਉਹਨਾਂ ਦੀ ਪ੍ਰੇਰਣਾ ਤੇ ਗ਼ਦਰ ਪਾਰਟੀ ਦੇ ਵੱਖ-ਵੱਖ ਦੇਸ਼ਾਂ ਵਿਚਲੀਆਂ ਬਰਾਂਚਾਂ ਤੋਂ ਬਾਬਾ ਬਿਲਗਾ ਸਮੇਤ ਕੋਈ 100 ਗ਼ਦਰੀ ਸਿੱਖਿਆਰਥੀ ਮਾਸਕੋ ਦੀ ਪੂਰਬੀ ਯੂਨੀਵਰਸਿਟੀ ਤੋਂ ਟਰੇਨਿੰਗ ਲੈਣ ਲਈ ਗੁਪਤ ਰਸਤਿਆਂ ਦੁਆਰਾ ਉੱਥੇ ਪੁੱਜ ਗਏ ਤਾਂ ਕਿ ਇਨਕਲਾਬੀ ਸਿੱਖਿਆ ਹਾਸਲ ਕਰਕੇ ਫਿਰ ਦੇਸ਼ ਵਿਚ ਕਿਰਤੀ ਕਾਮਿਆਂ ਦੀ ਮੁਕਤੀ ਲਈ ਜੂਝਿਆ ਜਾਵੇ। ਦੋ ਕੁ ਸਾਲ ਇੱਥੇ ਬਿਤਾਉਣ ਬਾਦ ਉਹ 1934 ਵਿਚ ਦੇਸ਼ ਪਰਤੇ ਅਤੇ ਫਿਰ "ਲਾਲ ਢੰਡੋਰਾ" ਅਤੇ "ਕਿਰਤੀ" ਅਖ਼ਬਾਰਾਂ ਨੂੰ ਗੁਪਤ ਢੰਗ ਨਾਲ ਛਾਪ ਕੇ, ਸਾਥੀਆਂ ਤੱਕ ਪਹੁੰਚਾਉਂਦੇ ਰਹੇ। ਰੂਪੋਸ਼ ਹੁੰਦਿਆਂ ਹੀ ਉਹ 1936 ਦੇ ਕਾਂਗਰਸ ਦੇ ਇਤਿਹਾਸਕ ਲਖਨਊ ਸ਼ੈਸ਼ਨ ਵਿਚ ਸ਼ਾਮਲ ਹੋਏ। ਇੱਥੇ ਕੁੱਲ ਹਿੰਦ ਕਿਸਾਨ ਸਭਾ ਦਾ ਗਠਨ ਕਰਨ ਲਈ ਪਿੰਡਾਂ ਵਿਚ ਥਾਂ-ਥਾਂ ਕਿਸਾਨ ਕਮੇਟੀਆਂ ਬਣਾਉਣ ਦਾ ਫੈਸਲਾ ਹੋਇਆ ਸੀ। ਇਸੇ ਸਮੇਂ ਵਿਚ ਮਾਸਕੋ ਤੋਂ ਪਰਤੇ ਸਾਥੀ ਰਾਤ ਬਰਾਤੇ ਗੁਪਤ ਟਿਕਾਣਿਆਂ ਤੇ ਸਟੱਡੀ ਸਰਕਲ ਦਿੰਦੇ। ਇਉਂ 1934-36 ਦਾ ਇਹ ਸਮਾਂ ਪੰਜਾਬ ਵਿਚ ਕਮਿਊਨਿਸਟ ਲਹਿਰ ਦੇ ਵਧਣ ਫੁੱਲਣ ਦਾ ਸਮਾਂ ਬਣਦਾ ਹੈ। ਬਾਬਾ ਬਿਲਗਾ ਦਾ ਇਸ ਸਮੇਂ ਨੌਜਵਾਨਾਂ ਵਿਚ ਸਮਾਜਵਾਦ ਦਾ ਪ੍ਰਚਾਰ ਕਾਫ਼ੀ ਮਕਬੂਲ ਹੋਇਆ। ਪੰਜਾਬ ਦੀ ਜੁਆਨੀ ਇਹਨਾਂ ਵਿਚਾਰਾਂ ਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਰੌਸ਼ਨੀ ਵਿਚ ਗ੍ਰਹਿਣ ਕਰ ਰਹੀ ਸੀ। ਇਸੇ ਸਮੇਂ ਪੰਜਾਬ ਪੁਲਿਸ ਨੇ 1936 ਵਿਚ ਤਿੰਨ ਮਫਰੂਰ, ਕਮਿਊਨਿਸਟਾਂ, ਬਾਬਾ ਗੁਰਮੁਖ ਸਿੰਘ, ਭਗਤ ਸਿੰਘ ਬਿਲਗਾ ਅਤੇ ਅੱਛਰ ਸਿੰਘ ਛੀਨਾ, ਜੋ ਤਿੰਨੇ ਕਿਰਤੀ ਪਾਰਟੀ ਦੇ ਪ੍ਰਮੁੱਖ ਆਗੂ ਸਨ। ਵਾਰੀ-ਵਾਰੀ ਗ੍ਰਿਫ਼ਤਾਰ ਕਰ ਲਏ। ਦੋ ਮਹੀਨੇ ਬਿਲਗਾ ਜੀ ਨੇ ਹੋਰ ਸਾਥੀਆਂ ਦੇ ਨਾਲ, ਸ਼ਾਹੀ ਕਿਲ੍ਹਾ ਲਾਹੌਰ ਦੇ ਤਸੀਹਾਂ ਕੇਂਦਰ ਦਾ ਦੋਜ਼ਖ ਖਿੜੇ ਮੱਥੇ ਕੱਟਿਆ। ਇਸੇ ਸਮੇਂ ਬਿਲਗਾ ਵਿਖੇ ਹੋਏ ਇਕ ਇਜਲਾਸ ਵਿਚ ਬਿਲਗਾ ਜੀ ਨੂੰ ਕਿਰਤੀ ਕਮਿਊਨਿਸਟਾਂ ਦਾ ਸੂਬੇ ਦਾ ਸਕੱਤਰ ਬਣਾ ਕੇ ਕਾਂਗਰਸ ਜਥੇਬੰਦੀ ਵਿਚ ਸ਼ਾਮਿਲ ਹੋ ਕੇ, ਆਜ਼ਾਦੀ ਸੰਗਰਾਮ ਤੇਜ ਕਰਨ ਦਾ ਫੈਸਲਾ ਲਿਆ ਗਿਆ। ਕਾਂਗਰਸ ਨਾਲ ਰਲ ਕੇ ਕੰਮ ਕਰਦਿਆਂ, ਕਿਰਤੀ ਕਿਸਾਨ ਸੰਗਠਨਾਂ ਦੀ ਉਸਾਰੀ ਆਪਣੀ ਜਮਾਤੀ ਪਹਿਚਾਣ ਮੁਤਾਬਕ ਕਰਨ ਦੇ ਕਾਰਜ ਤੇ ਵੀ ਜ਼ੋਰ ਦਿੱਤਾ ਗਿਆ। ਕਾਂਗਰਸ ਦੀ ਜ਼ਿਲ੍ਹਾ ਜਲੰਧਰ ਦੀ ਜਥੇਬੰਦੀ ਤੇ ਕਿਰਤੀ ਪਾਰਟੀ ਦਾ ਅਸਰ ਇਸ ਕਦਰ ਸੀ ਕਿ ਕਾਂਗਰਸ ਦੇ ਜ਼ਿਲ੍ਹਾ ਜਲੰਧਰ ਦੇ 21 ਡੈਲੀਗੇਟਾਂ ਵਿਚੋਂ 18 ਡੈਲੀਗੇਟ ਕਿਰਤੀ ਪਾਰਟੀ ਵਾਲਿਆਂ ਦੇ ਚੁਣੇ ਗਏ।

1938 ਵਿਚ ਹੀ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੀ ਚੋਣ ਸਮੇਂ ਵਿਚਾਰਧਾਰਕ ਘੋਲ ਆਪਣੇ ਸਿਖ਼ਰ ਤੇ ਸੀ। ਕਿਰਤੀ ਕਮਿਊਨਿਸਟ ਅਤੇ ਸਮਾਜਵਾਦੀ ਵਿਚਾਰਾਂ ਵਾਲਿਆਂ ਸੱਜਣਾਂ ਨੇ ਕਾਂਗਰਸ ਦੇ ਮੈਂਬਰੀ ਫਾਰਮਾਂ ਦੇ ਪਿੱਛੇ ਮਜ਼ਦੂਰਾਂ ਕਿਸਾਨਾਂ ਦੀਆਂ ਮੰਗਾਂ ਕਰਜ਼ ਗ਼ੁਲਾਮੀ ਰੱਦ

ਕਰਨੀ ਆਦਿ ਛਪਵਾ ਲਈਆਂ ਸਨ। ਇਹਨਾਂ ਦਾ ਪਿੰਡ-ਪਿੰਡ ਪ੍ਰਚਾਰ ਕੀਤਾ ਜਾਂਦਾ। ਕਾਂਗਰਸ ਮੈਂਬਰਾਂ ਦੀ ਭਰਤੀ ਸਮੇਂ ਲੋਕਾਂ ਵਿਚ ਆਪਣੀਆਂ ਮੰਗਾਂ ਦੀ ਪੂਰਤੀ ਲਈ ਰੋਹ ਅਤੇ ਅੰਗਰੇਜ਼ੀ ਸਰਕਾਰ ਪ੍ਰਤੀ ਵਿਦਰੋਹ ਸਾਫ਼ ਝਲਕਾਂ ਮਾਰਦਾ ਨਜ਼ਰ ਆਉਂਦਾ। ਸੂਬਾ ਕਾਂਗਰਸ ਦੀ ਪ੍ਰਧਾਨਗੀ ਲਈ ਕਾਂਗਰਸ ਦੋ ਧੜਿਆਂ ਵਿਚ ਟੱਕਰ ਸੀ। ਇਕ ਧੜੇ ਵਿਚ ਡਾ. ਸਤਿਆਪਾਲ, ਕੇਦਾਰ ਨਾਥ ਸਹਿਗਲ (ਸਿਆਹਪੋਸ਼), ਛੰਨੋ ਦੇਵੀ, ਮੌਲਵੀ ਅਬਦੁਲ ਗਨੀ ਵਰਗੇ ਅਗਾਂਹਵਧੂ ਕਾਂਗਰਸੀ, ਸੋਸ਼ਲਿਸਟ, ਕਿਰਤੀ ਕਮਿਊਨਿਸਟ ਅਤੇ ਨੌਜਵਾਨ ਸਭਾ ਵਾਲੇ ਸਨ। ਦੂਸਰੇ ਧੜੇ ਵਿਚ ਖ਼ਾਲਸ ਗਾਂਧੀਵਾਦੀ ਡਾਕਟਰ ਗੋਪੀ ਚੰਦ, ਅਚਿੰਤ ਰਾਮ, ਲਾਲਾ ਜਗਤ ਨਰਾਇਣ ਆਦਿ ਤੇ ਅਕਾਲੀ ਕਾਂਗਰਸੀਏ ਸ਼ਾਮਿਲ ਸਨ। ਇਹਨਾਂ ਚੋਣਾਂ ਵਿਚ ਅੱਗੇ ਵਧੂ ਵਿਚਾਰਾਂ ਵਾਲਾ ਧੜਾ ਜਿੱਤਿਆ। ਡਾਕਟਰ ਸੱਤਿਆਪਾਲ ਸੂਬਾ ਕਾਂਗਰਸ ਦੇ ਪ੍ਰਧਾਨ ਬਣ ਗਏ। ਵਰਕਿੰਗ ਕਮੇਟੀ ਸੂਬੇ ਦੇ ਵਿਚ, ਡਾਕਟਰ ਭਾਗ ਸਿੰਘ, ਮੁਨਸ਼ੀ ਅਹਿਮਦਦੀਨ, ਭਗਤ ਸਿੰਘ ਬਿਲਗਾ, ਮੁਬਾਰਕ ਸਾਗਰ ਅਤੇ ਕਰਤਾਰ ਸਿੰਘ ਗਿੱਲ ਲਏ ਗਏ ਸਨ। ਇਸੇ ਸਮੇਂ ਮੁਨਸ਼ੀ ਅਹਿਮਦਦੀਨ ਅਤੇ ਮੁਬਾਰਕ ਸਾਗਰ ਜਿਹੇ ਸਾਥੀਆਂ ਸਮੇਤ ਬਾਬਾ ਬਿਲਗਾ 1938 ਦੇ ਆਲ ਇੰਡੀਆ ਕਾਂਗਰਸ ਦੇ ਹਰੀਪੁਰਾ ਸੈਸ਼ਨ ਸਮੇਂ ਡੈਲੀਗੇਟ ਚੁਣੇ ਗਏ। ਕਿਸਾਨ ਸਭਾ ਦਾ ਕੰਮ ਵੀ ਇਹਨਾਂ ਸਮਿਆਂ ਵਿਚ ਬਹੁਤ ਵਧਿਆ। "ਅੰਗਰੇਜ਼ੀ ਸਿਆਸਤਦਾਨਾਂ ਦਾ ਖ਼ਿਆਲ ਹੈ ਕਿ ਜੇ ਮੁਜ਼ਾਰਾ (ਕਿਸਾਨ) ਲਹਿਰ ਮੁਲਤਾਨ ਟੱਪ ਜਾਂਦੀ ਤਾਂ ਮੁਲਕ ਦੀ ਵੰਡ ਨਹੀਂ ਸੀ ਹੋਣੀ।" ਅਜਿਹਾ ਮੱਤ ਬਿਲਗਾ ਜੀ ਦਾ ਸੀ। ਦਰਅਸਲ ਪੱਛਮੀ ਪੰਜਾਬ ਵਿਚ ਭੋਇੰ ਦੇ ਵੱਡੇ ਮਾਲਕ ਹਿੰਦੂ ਜਾਂ ਸਿੱਖ ਸਨ ਅਤੇ ਮੁਜ਼ਾਰੇ ਮੁਸਲਮਾਨ ਸਨ। ਇਸੇ ਲਈ ਆਰੰਭ ਵਿਚ ਕਾਂਗਰਸ ਨੇ ਕਿਸਾਨ ਮੰਗਾਂ ਨੂੰ ਆਪਣੇ ਪ੍ਰੋਗਰਾਮ ਨਾਲ, ਸ਼ਾਹੂਕਾਰਾਂ ਦਬਾਅ ਥੱਲੇ ਨਾ ਜੋੜਿਆ ਅਤੇ ਮੁਸਲਮਾਨ ਮੁਜ਼ਾਰੇ ਮੁਸਲਿਮ ਲੀਗ ਵੱਲ ਮੂੰਹ ਕਰ ਗਏ। ਜੇ ਕਿਰਤੀ ਕਮਿਊਨਿਸਟਾਂ ਦੀ ਗੱਲ ਸੁਣ ਲਈ ਜਾਂਦੀ ਤਾਂ ਦੇਸ਼ ਵੀ ਇਕਜੁੱਟ ਰਹਿੰਦਾ ਅਤੇ ਸਰਹੱਦਾਂ ਦੀ ਰਾਖੀ ਤੇ ਹੋਣ ਵਾਲਾ ਬੇਹਿਸਾਬ ਖਰਚਾ ਕੌਮੀ ਤਰੱਕੀ ਦੇ ਲੇਖੇ ਲੱਗਦਾ। ਵਿਕਾਸ ਦੀ ਗਤੀ ਤੇਜ਼ ਹੁੰਦੀ। ਪਰੰਤੂ ਕੁੱਲ ਹਿੰਦ ਕਾਂਗਰਸ ਦੀ ਹਾਈਕਮਾਂਡ ਨੇ ਪੰਜਾਬ ਕਾਂਗਰਸ ਤੇ ਪੈਂਦੇ ਖੱਬੇ ਅਸਰ ਤੋਂ ਬੁਖਲਾ ਕੇ, ਇਸ ਨੂੰ ਭੰਗ ਹੀ ਕਰ ਦਿੱਤਾ ਅਤੇ ਆਪਣੇ ਵਰਗ ਚਰਿਤਰ ਨੂੰ ਕਿਰਤੀ ਕਿਸਾਨਾਂ ਦੀ ਪੁੱਠ ਚੜ੍ਹਨ ਤੋਂ ਬਚਾਅ ਲਿਆ।

ਉਦੋਂ ਕੁ ਜਹੇ ਲਾਇਲਪੁਰ ਵਿਚ ਪੰਜਾਬ ਕਿਸਾਨ ਸਭਾ ਦਾ ਸਾਲਾਨਾ ਇਜਲਾਸ ਹੋਇਆ ਜਿਸ ਵਿਚ ਪੰਜਾਬ ਭਰ ਤੋਂ ਤਿੰਨ ਸੌ ਡੈਲੀਗੇਟ ਸ਼ਾਮਲ ਹੋਏ। ਭਾਰਤੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਆਗੂ, ਸੱਜਾਦ ਜ਼ਹੀਰ ਨੇ ਇਸਦੀ ਪ੍ਰਧਾਨਗੀ ਕੀਤੀ। ਇਸ ਇਜਲਾਸ ਵਿਚ ਕਿਸਾਨੀ ਕਰਜ਼ਿਆਂ ਤੇ ਲਕੀਰ ਫੇਰਨ ਦੀ ਮੰਗ ਕੀਤੀ। ਚੌਧਰੀ ਛੋਟੂ ਰਾਮ ਦੇ ਜ਼ਰਾਇਤੀ ਬਿੱਲ, ਜਿਸ ਦਾ ਸ਼ਾਹੂਕਾਰਾ ਲਾਬੀ ਹੇਠ ਕਾਂਗਰਸ ਵਿਰੋਧ ਕਰਦੀ ਸੀ, ਦੀ ਕਿਸਾਨ ਸਭਾ ਨੇ ਹਮਾਇਤ ਕੀਤੀ। ਬਾਬਾ ਗੁਰਮੁਖ ਸਿੰਘ ਗ਼ਦਰੀ ਆਗੂ ਦੀ ਰਿਹਾਈ ਦੀ ਮੰਗ ਕੀਤੀ। ਇਸ ਵਿਚ ਬਾਬਾ ਕੇਸਰ ਸਿੰਘ ਠੱਠਗੜ੍ਹ ਨੂੰ ਪ੍ਰਧਾਨ ਅਤੇ ਭਗਤ ਸਿੰਘ ਬਿਲਗਾ ਨੂੰ ਜਨਰਲ ਸਕੱਤਰ ਚੁਣਿਆ ਗਿਆ। ਇਹਨਾਂ ਸਮਾਗਮਾਂ ਦੀ ਤਿਆਰੀ ਸਮੇਂ ਕਿਸਾਨਾਂ ਨੇ ਪਹਿਲੀ ਵਾਰ ਦੁਆਬੇ ਵਿਚ ਨਾਅਰੇ ਸੁਣੇ- ਕਿਸਾਨ ਨਾਅਰਾ : ਹੈ ਨਹੀ ਹਾਲ਼ਾ, "ਕਿਸਾਨ ਕਹਾਣੀ: ਹੈ ਨਹੀਂ ਪਾਣੀ," "ਦੁਖੀ ਪਰਜਾ : ਹੈ ਨਹੀਂ ਕਰਜਾ।"

1939 ਵਿਚ ਜਦੋਂ ਗੁਪਤ ਪਰਚਾ "ਲਾਲ ਝੰਡਾ" ਛਪ ਕੇ ਨਿਕਲਿਆ ਹੀ ਸੀ ਬਿਲਗਾ ਜੀ ਨੂੰ ਫਿਰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਸ਼ਾਹੀ ਕਿਲੇ ਵਿਚ ਭੇਜ ਦਿੱਤਾ। ਸ਼ਹੀਦ ਭਗਤ ਸਿੰਘ ਦੇ ਸਾਥੀ ਅਤੇ ਹਰਿਆਣਾ ਸੀ.ਪੀ.ਆਈ. ਦੇ ਬਾਅਦ ਵਿਚ ਬਣੇ ਪਹਿਲੇ ਸੈਕਟਰੀ ਟੀਕਾ ਰਾਮ ਸੁਖਨ ਵੀ ਇਸੇ ਕਿਲੇ ਵਿਚ ਲਿਆਂਦੇ ਗਏ। ਉਹਨਾਂ ਦੇ ਨੈਣ ਨਕਸ਼, ਰੰਗ, ਵਾਲ ਗੋਰਿਆਂ ਜਿਹੇ ਸਨ। ਬਿਲਗਾ ਜੀ ਨੂੰ ਸ਼ਰਾਰਤ ਸੁੱਝੀ। ਉਹਨਾਂ ਨੇ ਕਿਲੇ ਵਿਚ ਕੈਦੀਆਂ ਨੂੰ ਰੋਟੀ ਪਾਣੀ ਪੁਚਾਉਣ ਵਾਲੇ ਸੇਵਾਦਾਰ, ਬੂਆ ਦਿੱਤਾ ਨੂੰ ਕਿਹਾ ਕਿ ਕਿਲੇ ਦੇ ਥਾਣੇਦਾਰ ਗੁਰਦਿੱਤ ਸਿੰਘ ਦਾ ਇਹ ਤਵੀਤ ਗਲ ਵਿਚ ਪਾਉਣ ਵਾਲਾ ਬੱਚਾ ਵੀ ਬਚਣਾ ਨਹੀਂ, ਕਿਉਂਕਿ (ਉਸਦੇ ਹੋਰ ਬੱਚੇ ਗੁਜ਼ਰ ਗਏ ਸਨ) ਕਿਉਂ ਕਿ ਉਹ ਇਕ ਗੋਰੇ ਸੰਤ ਨੂੰ ਡੱਕ ਗਿਆ ਹੈ, ਕਿਲੇ ਵਿਚ। ਇਹ ਤੇ ਬੜੀ ਕਰਨੀ ਵਾਲਾ ਹੈ। ਇਹ ਗੱਲ ਉਸ ਨੇ ਗੁਰਦਿੱਤ ਸਿੰਘ ਦੀ ਸਰਦਾਰਨੀ ਨੂੰ ਜਾ ਦੱਸੀ। ਫਿਰ ਕੀ ਸੀ ਸੁਖਨ ਹੋਰਾਂ ਲਈ, ਸਰਦਾਰਨੀ ਸ਼ਰਾਫ ਤੋਂ ਬਚਣ ਲਈ ਖੀਰ, ਕੜਾਹ ਅਤੇ ਵਧੀਆ ਦਾਲ ਸਬਜ਼ੀ ਰੋਟੀਆਂ ਦਾ ਥਾਲ ਤਿਆਰ ਕਰਕੇ ਭੇਜਦੀ ਪਰ ਬਾਬੇ ਬਿਲਗੇ ਨੂੰ, ਬੂਆ ਦਿੱਤੇ ਦੀ ਡੀਕ ਲਾ ਕੇ ਪੀਤੀ ਥਾਲੀ ਵਿਚ ਬਚੀ ਜੂਠੀ ਦਾਲ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ ਸੀ। ਦੋ ਮਹੀਨਿਆਂ ਬਾਅਦ ਫਿਰ ਕੈਂਬਲਪੁਰ ਜੇਲ੍ਹ ਵਿਚ ਭੇਜ ਦਿੱਤੇ ਗਏ। ਇੱਥੇ ਆਪਣੇ ਬਣਦੇ ਹਕੂਕ ਲੈਣ ਲਈ ਭੁੱਖ ਹੜਤਾਲ ਕਰ ਦਿੱਤੀ। ਡਾਕਟਰ ਅਣਜਾਣ ਸੀ ਉਸ ਨੇ ਲੱਕੜ ਦੀਆਂ ਕਿੱਲੀਆਂ ਮੂੰਹ ਵਿਚ ਪਾ-ਪਾ ਕੇ, ਦੁੱਧ ਅੰਦਰ ਭੇਜਣਾ, ਜਬਰੀ ਖੁਰਾਕ ਦੇਣ ਲਈ। ਇਸ ਕਿਰਿਆ ਦੁਆਰਾ ਦੰਦਾਂ ਦਾ ਸਾਰਾ ਪੀਹੜ ਹਿੱਲ ਗਿਆ। ਇਸੇ ਜੇਲ੍ਹ ਵਿਚ ਕਾ. ਤੇਜਾ ਸਿੰਘ ਸੁਤੰਤਰ ਵੀ ਸਨ। ਉਹਨਾਂ ਦੇ ਹੁਕਮ ਤੇ ਭੁੱਖ ਹੜਤਾਲ ਇੱਕੀ ਦਿਨਾਂ ਬਾਅਦ ਛੱਡ ਦਿੱਤੀ। ਫਿਰ ਹਿੰਦੁਸਤਾਨ ਭਰ ਦੇ ਕਮਿਊਨਿਸਟ ਆਗੂਆਂ ਤੇ ਕਾਰਕੁੰਨ ਨੂੰ ਰਾਜਪੂਤਾਨੇ ਦੀ ਦਿਓਲੀ ਕੈਂਪ ਜੇਲ੍ਹ ਵਿਚ ਡੱਕ ਦਿੱਤਾ ਪਰ ਕਾ. ਸੁਤੰਤਰ, ਬਿਲਗਾ, ਇਕਬਾਲ ਸਿੰਘ ਹੁੰਦਲ ਨੂੰ ਕੈਂਬਲਪੁਰ ਹੀ ਰੱਖਿਆ। ਇੱਥੇ ਹੀ ਪੀਲੀਏ ਨਾਲ ਮਰਨ ਕਿਨਾਰੇ ਪਿਆ ਕਾ. ਅੱਛਰ ਸਿੰਘ ਛੀਨਾ ਲਾਹੌਰ ਕਿਲੇ ਵਿਚੋਂ ਭੇਜ ਦਿੱਤਾ। ਸਾਥੀਆਂ ਨੂੰ ਮਿਲ ਕੇ ਇਕ ਹਫ਼ਤੇ ਦੇ ਵਿਚ ਹੀ ਉਹ ਨੌਂ-ਬਰ-ਨੌਂ ਹੋ ਗਏ। ਇਸ ਤੋਂ ਪਹਿਲਾਂ ਤਿੰਨਾਂ ਕਮਿਊਨਿਸਟ ਬੰਦੀਆਂ ਨੂੰ ਕਾ. ਗੁਰਚਰਨ ਸਿੰਘ ਸਹਿੰਸਰੇ ਦਾ ਇਕ ਰੁੱਕਾ ਮਿਲਿਆ- ਬੰਗੂ ਫਾਟਕ ਪਾਰ ਕਰ ਗਿਆ ਹੈ।" ਭਾਵ ਸੁਭਾਸ਼ ਚੰਦਰ ਬੋਸ ਪਿਸ਼ਾਵਰ ਜਾ ਪੁੱਜਾ ਹੈ ਅਤੇ ਹੁਣ ਉਸਦੇ ਕਾਬਲ ਭੇਜਣ ਦੀ ਤਿਆਰੀ ਹੋ ਰਹੀ ਹੈ। ਹਿਟਲਰ ਵੱਲੋਂ ਸੋਵੀਅਤ ਸੰਘ ਤੇ ਹਮਲਾ ਕਰਨ ਨਾਲ ਯੁੱਧ ਦਾ ਸਰੂਪ ਬਦਲ ਗਿਆ। ਹੁਣ ਇਹ ਸਾਮਰਾਜੀ ਜੰਗ ਦੀ ਬਜਾਏ ਲੋਕ ਯੁੱਧ ਬਣ ਗਿਆ ਸੀ। ਦੁਨੀਆ ਭਰ ਦੇ ਅੱਗੇ ਵਧੂ ਲੋਕਾਂ ਦੇ ਨਾਲ ਹਿੰਦੁਸਤਾਨੀ ਕਮਿਊਨਿਸਟ ਵੀ ਲੈਨਿਨ ਦੇ ਸੂਹੇ ਰਾਹਾਂ ਦੀ ਖ਼ੈਰ ਮੰਗਣ ਲੱਗ ਪਏ ਸਨ। 1 ਮਈ 1942 ਨੂੰ ਕੈਂਬਲਪੁਰ ਜੇਲ੍ਹ ਵਿਚੋਂ ਚਾਰੇ ਕਿਰਤੀ ਕਮਿਊਨਿਸਟ ਰਿਹਾਅ ਕਰ ਦਿੱਤੇ ਗਏ। ਕੈਂਬਲਪੁਰ ਜੇਲ੍ਹ ਵਿਚ ਹੀ ਸਾਥੀ ਸੁਤੰਤਰ ਨੇ ਨਾਲ ਦੇ ਕਿਰਤੀ ਸਾਥੀਆਂ ਨੂੰ ਦਲੀਲਾਂ ਨਾਲ ਸਮਝਾ ਲਿਆ ਸੀ ਕਿ ਇਕ ਦੇਸ਼ ਵਿਚ ਹੀ ਕਮਿਊਨਿਸਟ ਪਾਰਟੀ ਹੁੰਦੀ ਹੈ। ਉਹਨਾਂ ਨੇ ਬਾਅਦ ਵਿਚ ਕਿਰਤੀ ਪਾਰਟੀ ਦੇ ਹੋਰ ਆਗੂਆਂ ਨੂੰ ਵੀ ਇਹ ਗੱਲ ਸਮਝਾਈ। ਦਿਓਲੀ ਕੈਂਪ ਵਿਚ ਬੰਦ ਕਮਿਊਨਿਸਟ ਆਗੂਆਂ ਦਾ ਰਵੱਈਆ ਵੀ ਏਕਤਾ ਪੱਖੀ ਸੀ। ਜੇਲ੍ਹੋਂ ਬਾਹਰ ਕੰਮ ਕਰ ਰਹੇ ਸਾਥੀ ਵੀ ਏਕਤਾ ਚਾਹੁੰਦੇ ਸਨ, ਸੋ 16 ਜੁਲਾਈ 1941 ਨੂੰ ਕਿਰਤੀ ਪਾਰਟੀ ਦੇ ਕੇਂਦਰੀ ਕਮੇਟੀ ਨੇ ਸਰਬਸੰਮਤੀ

ਨਾਲ ਸੀ.ਪੀ.ਆਈ. ਵਿਚ ਸ਼ਾਮਿਲ ਹੋਣ ਦਾ ਮਤਾ ਪਾਸ ਕਰ ਦਿੱਤਾ ਸੀ।

ਆਫੀਸ਼ੀਅਲ ਕਮਿਊਨਿਸਟ ਪਾਰਟੀ ਦੇ ਪੰਜਾਬ ਦੇ ਪ੍ਰਤੀਨਿਧ ਹਰਬੰਸ ਸਿੰਘ ਬਾਸੀ ਅਤੇ ਰਾਜਬੰਸ ਖੰਨਾ ਕਿਰਤੀ ਕਮਿਊਨਿਸਟਾਂ ਦੇ ਰਲੇਵੇਂ ਪ੍ਰਤੀ ਕੁਲ ਵਿਸਵਿਸੇ ਪਾਲੀ ਬੈਠੇ ਸਨ। ਬਾਬਾ ਭਗਤ ਸਿੰਘ ਬਿਲਗਾ ਜੀ ਦੀ ਸਵੈਜੀਵਨੀ ਅਤੇ ਆਪਣੇ ਸੰਗਰਾਮੀ ਸਾਥੀਆਂ ਦੀਆਂ ਯਾਦਾਂ ਬਾਰੇ ਕੁਝ ਲਿਖਤਾਂ, ਗ਼ਦਰ ਲਹਿਰ ਦੇ ਅਣਫੋਲੇ ਵਰਕੇ ਮੇਰਾ ਵਤਨ, ਮੇਰੀ ਸੋਚ ਮੇਰੀ ਸਮਝ ਅਤੇ ਨਿਰਭੈ ਯੋਧਾ ਬਾਬਾ ਗੁਰਮੁਖ ਸਿੰਘ ਦੀ ਜੀਵਨੀ ਆਦਿ ਭਾਰੀਆਂ ਗੌਰੀਆਂ ਰਚਨਾਵਾਂ ਚਿਰ ਸਥਾਈ ਮੁੱਲ ਸਿਰਜਣ ਵਾਲੀਆਂ ਹਨ। ਉਹ ਭਾਰਤ ਦੀ ਕੌਮੀ ਤਹਿਰੀਕ ਦਾ ਸ਼ਾਨਦਾਰ ਇਤਿਹਾਸ ਵੀ ਹੈ ਅਤੇ ਹਿੰਦੁਸਤਾਨ ਖਾਸ ਕਰਕੇ ਪੰਜਾਬ ਵਿਚਲੀ ਕਮਿਊਨਿਸਟ ਲਹਿਰ ਦੇ ਦਾਅਪੇਚਾਂ ਨੂੰ ਸਮਝਣ ਦੀ ਕੁੰਜੀ ਵੀ ਹੈ। ਤੇਜਾ ਸਿੰਘ ਸੁਤੰਤਰ ਗਰੁੱਪ ਅਤੇ ਸੋਹਣ ਸਿੰਘ ਜੋਸ਼ ਗਰੁੱਪ ਦੇ ਮੱਤਭੇਦਾਂ ਦੇ ਵਿਚਾਰਧਾਰਕ ਜਾਂ ਵਿਅਕਤੀਗਤ ਆਧਾਰਾਂ ਬਾਰੇ ਬਾਬਾ ਬਿਲਗਾ ਬੜੀ ਬੇਬਾਕੀ ਨਾਲ ਲਿਖਦੇ ਹਨ। ਉਹ ਇਕ ਮੁਲਕ ਵਿਚ ਇਕ ਕਮਿਊਨਿਸਟ ਪਾਰਟੀ ਹੋਣ ਦੀ ਤੇਜਾ ਸਿੰਘ ਸੁਤੰਤਰ ਦੀ ਦਲੀਲ ਮੁਤਾਬਿਕ ਦੂਜੇ ਸਾਥੀਆਂ ਨੂੰ ਕਾਇਲ ਕਰਦੇ ਹਨ। ਇਸੇ ਕਾਰਨ ਉਹ ਪਾਰਟੀ (ਸੀ.ਪੀ.ਆਈ.) ਵਿਚ, ਪਿਛਲੀ ਸਦੀ ਦੇ ਪਹਿਲੇ ਅੱਧ ਵਿਚ ਵੀ ਬਿਨਾਂ ਸ਼ਰਤ ਸ਼ਾਮਿਲ ਹੁੰਦੇ ਹਨ। ਫਿਰ ਕਾ. ਸੁਤੰਤਰ ਤੇ ਹੋਰ ਕਿਰਤੀ ਸਾਥੀਆਂ ਦੁਆਰਾ ਲਾਲ ਪਾਰਟੀ ਦੀ ਸਥਾਪਨਾ ਦੀਆਂ ਪ੍ਰਸਥਿਤੀਆਂ ਦਾ ਜ਼ਿਕਰ ਵੀ ਕਰਦੇ ਹਨ ਅਤੇ ਕੁਝ ਸਾਲਾਂ ਬਾਅਦ ਫਿਰ ਕਾ. ਸੁਤੰਤਰ ਦੁਆਰਾ ਲਾਲ ਪਾਰਟੀ ਤੋੜ ਕੇ ਸੀ.ਪੀ.ਆਈ. ਵਿਚ ਰਲੇਵੇਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਵੀ ਪੇਸ਼ ਕਰਦੇ ਹਨ। ਨਿਸ਼ਚੇ ਹੀ ਅਸੀਂ ਬਾਬਾ ਭਗਤ ਸਿੰਘ ਬਿਲਗੇ ਨੂੰ ਇਕ ਐਸੇ ਇਤਿਹਾਸ ਪੁਰਖ ਦੇ ਤੌਰ ਤੇ ਯਾਦ ਕਰ ਸਕਦੇ ਹਾਂ ਜਿਸ ਨੇ ਇਤਿਹਾਸ ਜੀਵਿਆ, ਇਤਿਹਾਸ ਸਿਰਜਿਆ ਅਤੇ ਫਿਰ ਇਤਿਹਾਸ ਲਿਖਿਆ ਵੀ ਅਤੇ ਦੇਸ਼ ਭਗਤ ਯਾਦਗਾਰ ਨਾਲ ਜੁੜੇ ਉਹਨਾਂ ਦੇ ਵਿਸ਼ਾਲ ਕਾਰਜਾਂ ਨੂੰ ਚੇਤੇ ਕਰੀਏ ਤਾਂ ਆਉਣ ਵਾਲੀਆਂ ਨਸਲਾਂ ਲਈ ਇਤਿਹਾਸ ਸੰਭਾਲਣ ਦਾ ਵੱਡਮੁੱਲਾ ਕਾਰਜ ਵੀ ਕੀਤਾ।

ਬਾਬਾ ਬਿਲਗਾ ਦੀਆਂ ਲਿਖਤਾਂ ਵਿਚੋਂ ਹੀ ਇਹ ਪਤਾ ਵੀ ਲੱਗਦਾ ਹੈ ਕਿ ਕਿਰਤੀ ਕਮਿਊਨਿਸਟ ਸਾਥੀ ਆਰਥਿਕ ਮੰਦਵਾੜੇ ਦੇ ਦਿਨਾਂ ਵਿਚ ਸਿਰਫ ਪੰਜ-ਪੰਜ ਰੁਪੈ ਮਾਸਿਕ ਵੇਜ਼ ਤੇ 1930-32 ਦੇ ਦੌਰ ਵਿਚ ਡੰਗ ਟਪਾਉਂਦੇ ਰਹੇ ਸਨ। ਭਾਈ ਸੰਤੋਖ ਸਿੰਘ ਧਰਦਿਓ, ਕਿਰਤੀ ਪਰਚੇ ਦਾ ਪਹਿਲਾ ਸੰਪਾਦਕ ਭੁੱਖ ਲੱਗਣ ਤੇ ਛੋਲੇ ਚੱਬ ਕੇ ਅਤੇ ਪਾਣੀ ਦਾ ਘੁੱਟ ਪੀ ਕੇ ਸਾਰਿਆ ਕਰਦਾ ਸੀ। ਘੱਟ ਖੁਰਾਕ, ਸਖ਼ਤ ਮਿਹਨਤ, ਥੋੜ੍ਹੀ ਉਮਰ ਵਿਚ ਹੀ ਉਹ ਲੋਕ ਸੇਵਕ, ਚਲਾਣਾ ਕਰ ਕੇ, ਇਤਿਹਾਸ ਸਿਰਜ ਗਿਆ ਸੀ। ਇਕ ਸਮਾਂ ਐਸਾ ਆਇਆ ਜਦੋਂ ਕਿਰਤੀ ਆਗੂਆਂ ਅਤੇ ਵਰਕਰਾਂ ਨੇ ਆਪਣੀ ਭੂਮੀ ਦੀਆਂ ਫਰਦਾਂ ਵੀ ਪਾਰਟੀ ਦੇ ਹਵਾਲੇ ਕਰ ਦਿੱਤੀਆਂ ਸਨ ਕਿ ਸਾਡੀਆਂ ਜ਼ਮੀਨਾਂ ਗਹਿਣੇ ਪਾ ਕੇ ਕਰਜ਼ਾ ਲੈ ਕੇ ਪਾਰਟੀ ਦਾ ਕੰਮ ਚਲਾਉ। ਪਰ ਕੁਝ ਥਾਵਾਂ ਤੋਂ ਇਮਦਾਦ ਪੁੱਜਣ ਕਰਕੇ ਪੈਲੀਆਂ ਗਹਿਣੇ ਪਾਉਣ ਦੀ ਨੌਬਤ ਨਾ ਆਈ। ਐਸੇ ਸਾਥੀਆਂ ਦੇ ਤਿਆਗ ਅੱਗੇ ਸਾਡਾ ਸਿਰ ਝੁਕਦਾ ਹੈ ਜਿਹੜੇ ਆਪਣੇ ਅਕੀਦੇ ਵਾਸਤੇ, ਨਿੱਜੀ ਸੰਪਤੀ ਦੀ ਆਹੂਤੀ ਵੀ ਕੌਮੀ ਮੁਕਤੀ ਯੁੱਧ ਦੇ ਹਵਨ ਕੁੰਡ ਵਿਚ ਪਾਉਣ ਤੋਂ ਗੁਰੇਜ਼ ਨਾ ਕਰਨ। ਇਹ ਨਿੱਕੇ-ਨਿੱਕੇ ਪਰ ਵੱਡੇ ਅਰਥ ਸਿਰਜਦੇ ਵੇਰਵੇ, ਬਾਬਾ ਬਿਲਗਾ ਜੀ ਦੀਆਂ ਲਿਖਤਾਂ ਦਾ

ਹਾਸਲ ਬਣ ਗਏ ਹਨ।

'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਬਾਬਾ ਜੀ ਦੁਆਰਾ ਲਿਖਤ ਨਾਂ ਸਿਰਫ਼ ਗ਼ਦਰ ਲਹਿਰ ਦੇ ਇਤਿਹਾਸ ਦਾ ਇਕ ਮਹੱਤਵਪੂਰਨ ਦਸਤਾਵੇਜ਼ ਹੈ, ਸਗੋਂ ਉਹਨਾਂ ਦੀ ਸ੍ਵੈ-ਜੀਵਨੀ ਵੀ ਗ਼ਦਰ ਲਹਿਰ ਦਾ ਹਿੱਸਾ ਬਣ ਕੇ ਨਾਲ-ਨਾਲ ਤੁਰਦੀ ਹੈ। ਬਾਬਾ ਜੀ ਨੇ ਜਜ਼ਬਾਤਾਂ ਦੀ ਥਾਂ ਤੱਥਾਂ ਅਤੇ ਹਕੀਕਤਾਂ ਨਾਲ ਜ਼ਿਆਦਾ ਸਾਂਝ ਪਾਈ ਹੈ। ਉਂਜ ਮਨੁੱਖ ਭਾਵਨਾਵਾਂ ਦਾ ਪੁਤਲਾ ਤਾਂ ਹੁੰਦਾ ਹੀ ਹੈ ਬਹੁਤ ਸਾਰੇ ਸੰਗੀਆਂ ਸਾਥੀਆਂ ਦਾ ਵਰਣਨ ਖਾਸ ਕਰਕੇ ਉਹਨਾਂ ਦਾ ਤਪ ਤਿਆਗ ਵਾਲਾ ਜੀਵਨ ਅਤੇ ਉਹਨਾਂ ਦੁਆਰਾ ਬਲੀਦਾਨ ਦੇ ਖੇਤਰ ਵਿਚ ਪਾਈਆਂ ਨਵੀਆਂ ਪੈੜਾਂ ਕਈ ਥਾਵਾਂ ਤੇ ਉਹਨਾਂ ਨੂੰ ਜਜ਼ਬਾਤੀ ਕਰ ਜਾਂਦੀਆਂ ਹਨ। ਇਹੋ ਜਹੀ ਇਕ ਵਚਿੱਤਰ ਕਥਾ ਸੀ.ਆਈ.ਡੀ. ਦੇ ਸਿਪਾਹੀ ਦੇਸ ਰਾਜ ਦੀ ਹੈ ਜਿਸ ਦੀ ਡਿਊਟੀ ਕਾ. ਅੱਛਰ ਸਿੰਘ ਛੀਨਾ ਦੀ ਚੌਵੀ ਘੰਟੇ ਨਿਗਰਾਨੀ ਰੱਖਣ ਦੀ ਸੀ। ਵਾਕਿਆ ਇਉਂ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਇਕ ਫੱਤੇਵਾਲ ਨਾਂ ਦਾ ਪਿੰਡ ਹੈ। ਇਸ ਦਾ ਸਾਲਮ ਮਾਲਕ ਮੀਰ ਮਕਬੂਲ, ਸਿਕੰਦਰ ਹਯਾਤ ਖਾਂ ਟਿਵਾਣਾ ਦੀ ਵਜ਼ਾਰਤ ਵਿਚ ਪੰਜਾਬ ਸਰਕਾਰ ਦਾ ਪਾਰਲੀਮਾਨੀ ਸਕੱਤਰ ਸੀ। ਆਜ਼ਾਦੀ ਤੋਂ ਪਹਿਲਾਂ ਦੀ ਗੱਲ ਹੈ। ਕਾਂਗਰਸ ਦੇ ਵੱਡੇ ਆਗੂ ਸਮੇਤ ਕਾ. ਸੋਹਣ ਸਿੰਘ ਜੋਸ਼ ਉੱਥੇ ਜਲਸਾ ਕਰਨ ਆਏ। ਡਾ. ਗੋਪੀ ਚੰਦ ਭਾਰਗੋ ਵੀ ਨਾਲ ਸੀ। ਮੀਰ ਮਕਬੂਲ ਦੇ ਗੁੰਡਿਆਂ ਨੇ ਕਾਂਗਰਸ ਦਾ ਝੰਡਾ ਪਾੜ ਦਿੱਤਾ ਅਤੇ ਜਲਸਾ ਉਜਾੜ ਦਿੱਤਾ। ਇਹ ਗੱਲ ਕੁਝ ਦਿਨ ਪਹਿਲਾਂ ਹੀ ਪਿੰਡ ਦੀ ਨਜ਼ਰਬੰਦੀ ਤੋਂ ਮੁਕਤ ਹੋਏ ਕਾ. ਅੱਛਰ ਸਿੰਘ ਛੀਨੇ ਨੇ ਸੁਣੀ। ਉਹ ਘੋੜੀ ਤੇ ਲਾਲ ਝੰਡਾ ਲੈ ਕੇ, ਪਿੰਡ-ਪਿੰਡ ਜਲਸੇ ਕਰ ਰਿਹਾ ਸੀ। ਉਸਨੇ ਸਾਥੀਆਂ ਸਮੇਤ ਅਗਲੇ ਦਿਨ ਫੱਤੇਵਾਲ ਪੁੱਜਣ ਦਾ ਹੋਕਾ ਦਿੱਤਾ। ਉਸੇ ਥਾਂ ਫਿਰ ਕਾਂਗਰਸ ਦਾ ਝੰਡਾ ਜਾ ਗੱਡਿਆ। ਜਲਸੇ ਦਾ ਕੰਟਰੋਲ ਨੌਜਵਾਨ ਵਿਦਿਆਰਥੀ ਆਗੂ, ਜੋਗਿੰਦਰ ਸਿੰਘ ਛੀਨਾ ਦੇ ਹੱਥ ਸੀ। ਜਲਸੇ ਵਿਚ ਕਾ. ਅੱਛਰ ਸਿੰਘ ਛੀਨਾ ਮੁੱਖ ਵਕਤਾ ਸੀ। ਉਸ ਅੰਗਰੇਜ਼ ਸਰਕਾਰ ਦਾ ਜੂਲਾ ਵਗਾਹ ਸੁੱਟਣ ਦੀ ਲੋਕਾਂ ਨੂੰ ਅਪੀਲ ਕੀਤੀ ਅਤੇ ਮੀਰ ਮਕਬੂਲ ਅਤੇ ਉਹਦੇ ਗੁੰਡਿਆਂ ਨੂੰ ਵੀ ਤਾੜਨਾ ਕੀਤੀ। ਤਕਰੀਰ ਤੋਂ ਬਾਅਦ ਅੱਛਰ ਸਿੰਘ ਛੀਨਾ ਆਪਣੇ ਨਿਗਰਾਨੀ ਕਰਨ ਵਾਲੇ ਸੀ.ਆਈ.ਡੀ. ਦੇ ਸਿਪਾਹੀ ਦੇਸ ਰਾਜ ਸਮੇਤ, ਅੰਮ੍ਰਿਤਸਰ ਪੁੱਜ ਗਿਆ। ਜਦੋਂ ਜੋਗਿੰਦਰ ਸਿੰਘ ਛੀਨਾ ਦਰੀਆਂ ਸਾਂਭ ਰਿਹਾ ਸੀ ਤਾਂ ਮੀਰ ਮਕਬੂਲ ਦੇ ਗੁੰਡਿਆਂ ਨੇ ਕੋਠਿਆਂ ਤੋਂ ਇੱਟਾਂ ਵੱਟਿਆਂ ਦੀ ਵਾਛੜ ਕਰ ਦਿੱਤੀ। ਪੰਜ ਸਾਥੀ ਫੱਟੜ ਹੋ ਗਏ। ਸ਼ੇਰਦਿਲ ਜੋਗਿੰਦਰ ਸਿੰਘ ਛੀਨਾ, ਛਾਲ ਮਾਰ ਕੇ ਕੋਠੇ ਚੜ੍ਹ ਗਿਆ ਤੇ ਇੱਟਾਂ ਵਰ੍ਹਾਉਣ ਵਾਲੇ ਦੋਹਾਂ ਮਾਹੀਗੀਰ ਭਰਾਵਾਂ ਨੂੰ, ਸਿਰ ਪਰਨੇ ਕੋਠੇ ਤੋਂ ਹੇਠਾਂ ਸੁੱਟ ਕੇ, ਪਾਰ ਬੁਲਾ ਦਿੱਤਾ। ਮੁਕੱਦਮਾ ਅੱਛਰ ਸਿੰਘ ਛੀਨਾ ਤੇ ਜੋਗਿੰਦਰ ਸਿੰਘ ਛੀਨਾ ਤੇ ਕਤਲ ਕਰਨ ਦਾ ਅਤੇ ਹੋਰਨਾਂ ਸਾਥੀਆਂ ਤੇ ਸੱਟਾਂ ਫੇਟਾਂ ਲਾਉਣ ਦਾ ਚੱਲ ਪਿਆ। ਦੇਸ ਰਾਜ ਸਿਪਾਹੀ ਨੇ ਆਪਣੀ ਉਸ ਦਿਨ ਦੀ ਰਿਪੋਰਟ ਕਿ ਤਕਰੀਰ ਤੋਂ ਬਾਅਦ ਲੜਾਈ ਤੋਂ ਪਹਿਲਾਂ, ਅੱਛਰ ਸਿੰਘ ਛੀਨਾ ਅੰਮ੍ਰਿਤਸਰ ਪੁੱਜ ਗਿਆ ਸੀ, ਪੁਲਿਸ ਕਪਤਾਨ ਨੂੰ ਦੇ ਦਿੱਤੀ ਸੀ। ਹੁਣ ਜਦੋਂ ਇਹ ਕੇਸ ਚੱਲਿਆ ਤਾਂ ਦੇਸ ਰਾਜ ਤੇ ਪੁਲੀਸ ਵਾਲੇ ਦਬਾਅ ਪਾਉਣ ਲੱਗੇ ਕਿ ਆਪਣੀ ਪਹਿਲੀ ਰਿਪੋਰਟ ਵਾਲਾ ਕਾਗਜ਼ ਪਾੜ ਕੇ ਨਵੀਂ ਲਿਖ ਕੇ ਅੱਛਰ ਸਿੰਘ ਛੀਨਾ ਲੜਾਈ ਵਿਚ ਸੀ। ਪਰ ਉਸ ਦਾ ਜੁਆਬ ਸੀ "ਸਾਲ ਦੋ ਸਾਲ ਕੈਦ ਕਰਾਉਣ ਜੋਗਾ ਝੂਠ ਤਾਂ ਬੋਲਿਆ ਜਾ ਸਕਦੈ, ਮੈਂ ਇਕ ਬੇਗੁਨਾਹ

ਇਨਸਾਨ ਨੂੰ ਫਾਂਸੀ ਦੇ ਤਖ਼ਤੇ ਲਟਕਾਉਣ ਦਾ ਗੁਨਾਹਗਾਰ ਨਹੀਂ ਬਣ ਸਕਦਾ। ਮੈਂ ਰਾਤ ਦਿਨ ਉਸ ਦੀ ਨਿਗਰਾਨੀ ਕਰਦਾ ਰਿਹਾ ਹਾਂ। ਉਹ ਇਕ ਬੜੀ ਸੱਚੀ ਸੁੱਚੀ ਸ਼ਖ਼ਸੀਅਤ ਹੈ।" ਦੇਸ ਰਾਜ ਨੂੰ ਬਹੁਤ ਤਸੀਹੇ ਦਿੱਤੇ ਗਏ। ਨਤੀਜੇ ਵਜੋਂ ਪੁਲਿਸ ਲਾਈਨ ਦੇ ਸਿਪਾਹੀਆਂ ਨੇ ਭੁੱਖ ਹੜਤਾਲ ਕਰ ਦਿੱਤੀ। ਅੱਛਰ ਸਿੰਘ ਛੀਨਾ ਤਾਂ ਬਰੀ ਹੋਣਾ ਹੀ ਸੀ ਜੋਗਿੰਦਰ ਸਿੰਘ ਵੀ ਇਕ ਵਰ੍ਹਾ ਕੈਦ ਕੱਟ ਕੇ ਬਾਹਰ ਆ ਗਿਆ। ਦੇਸ ਰਾਜ ਤੇ ਪੁਲਿਸ ਲਾਈਨ ਦੇ ਉਸ ਦੇ ਦੋ ਸਾਥੀ ਡਿਸਮਿਸ ਕਰ ਦਿੱਤੇ ਗਏ। "ਦੇਸ ਰਾਜ ਬੇਕਾਰ, ਬੇਕਾਰ , ਬੇਘਰ ਹੋ ਕੇ ਰੁਲਦਾ ਰਿਹਾ ਸੀ। ਆਜ਼ਾਦੀ ਮਿਲਣ ਤੋਂ ਬਾਅਦ ਹਕੂਮਤ ਉੱਤੇ ਜ਼ੋਰ ਪਾਇਆ ਗਿਆ ਸੀ ਕਿ ਉਸ ਨੂੰ ਬਹਾਲ ਕਰ ਦਿੱਤਾ ਜਾਵੇ ਪਰ ਅਜ਼ਾਦ ਦੇਸ਼ ਦੀ ਕਾਂਗਰਸੀ ਸਰਕਾਰ ਨੇ ਵੀ ਉਸ ਨੂੰ ਹੁਕਮ ਅਦੂਲੀ ਦਾ ਦੋਸ਼ੀ ਹੀ ਬਣਾਈ ਰੱਖਿਆ ਸੀ ਅਤੇ ਉਹ ਦਰ-ਦਰ ਦੀਆਂ ਠੋਕਰਾਂ ਖਾਂਦਾ ਰਿਹਾ।" ਪੇਸ਼ਾਵਰ ਦੇ ਕਿੱਸਾਖਾਨੀ ਬਾਜ਼ਾਰ ਵਿਚ, ਨਿਹੱਥੇ ਖੁਦਾਈ ਖ਼ਿਦਮਤਗਾਰਾਂ ਤੇ ਗੋਲੀ ਨਾ ਚਲਾਉਣ ਵਾਲੇ ਫੌਜੀ ਸਾਰਜੈਂਟ, ਚੰਦਨ ਸਿੰਘ ਗੜ੍ਹਵਾਲੀ ਦੀ ਕੋਰਟ ਮਾਰਸ਼ਲ ਹੋਣ ਤੇ, ਮਹਾਤਮਾ ਗਾਂਧੀ ਨੇ ਇਹ ਕਹਿ ਕੇ ਪੈਰਵੀ ਕਰਨੋਂ ਨਾਂਹ ਕੀਤੀ ਸੀ ਕਿ ਉਸਨੇ ਹੁਕਮ ਅਦੂਲੀ ਕੀਤੀ ਹੈ। ਗਾਂਧੀ ਜੀ ਦੀ ਹਿੰਸਾ ਅਹਿੰਸਾ ਦੀ ਨੀਤੀ ਦੀ ਸਾਧਾਰਨ ਬੁੱਧ ਬੰਦੇ ਨੂੰ ਥਾਹ ਪਾਉਣੀ ਔਖੀ ਹੈ। ਦਰਅਸਲ ਆਪਣੇ ਵਰਗ ਹਿੱਤਾਂ ਨੂੰ ਸਮਰਪਿਤ ਕਾਂਗਰਸ ਦੀ ਆਗੂ ਜੁੰਡਲੀ ਕਦੇ ਵੀ ਕਿਰਤੀ ਕਿਸਾਨਾਂ ਜਾਂ ਆਮ ਆਦਮੀ ਦੇ ਹੱਥ ਆਗੂ ਭੂਮਿਕਾ ਆਵੇ, ਇਸ ਨੂੰ ਜਰ ਨਹੀਂ ਸਕਦੀ ਸੀ। ਬਾਬਾ ਬਿਲਗਾ ਦੀਆਂ ਸਮੁੱਚੀਆਂ ਲਿਖਤਾਂ ਆਪਣੇ ਜਮਾਤੀ ਪੈਂਤੜੇ ਤੇ ਖਲੋ ਕੇ ਲਿਖੀਆਂ ਗਈਆਂ ਹਨ ਤਾਂ ਜੋ ਇਸ ਦੇਸ਼ ਦੀਆਂ ਭਾਵੀਂ ਪੀੜ੍ਹੀਆਂ ਆਪਣੇ ਮੁਕਤੀ ਸੰਗਰਾਮ ਵਿਚ, ਇਹਨਾਂ ਤੋਂ ਸੇਧ ਅਤੇ ਪ੍ਰੇਰਣਾ ਹਾਸਲ ਕਰ ਸਕਣ।

ਬਾਬਾ ਜੀ ਆਪਣੇ ਸਮੇਂ ਦੇ ਲੋਕ ਸੰਗਰਾਮਾਂ ਦੇ ਸਫ਼ਲ ਚਿਤੇਰੇ ਵੀ ਸਿੱਧ ਹੋਏ ਹਨ। ਉਹ ਬੱਬਰ ਅਕਾਲੀ ਲਹਿਰ ਦਾ ਉੱਚ ਮੁਲੰਕਣ ਕਰਦਿਆਂ ਆਪਣੇ ਇਕ ਲੇਖ ਵਿਚ, ਲਿਖਦੇ ਹਨ : "ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਤੱਕ ਜਾਂਦੀ ਸੜਕ ਦੇ ਕਿਨਾਰਿਆਂ ਤੇ ਅੰਬਾਂ ਦੇ ਦਰੱਖਤਾਂ ਦੀ ਭਰਮਾਰ ਸੀ। ਡੀ.ਸੀ. ਹੁਸ਼ਿਆਰਪੁਰ ਨੇ ਇਨ੍ਹਾਂ ਅੰਬਾਂ ਦੇ ਦਰਖਤਾਂ ਦੀ ਨਿਲਾਮੀ ਦੇ ਇਸ਼ਤਿਹਾਰ ਲਗਾ ਦਿੱਤੇ ਪਰ ਬੱਬਰਾਂ ਨੇ ਆਪਣੇ ਇਸ਼ਤਿਹਾਰ ਲਗਾ ਦਿੱਤੇ। ਜਿਨ੍ਹਾਂ ਉੱਪਰ ਲਿਖਿਆ ਹੋਇਆ ਸੀ ਕਿ "ਇਹ ਮੁਲਕ ਸਾਡਾ ਹੈ ਤੇ ਅੰਬ ਚੂਪਣ ਦਾ ਅਧਿਕਾਰ ਵੀ ਹਿੰਦੁਸਤਾਨੀਆਂ ਦਾ ਹੈ। ਕੋਈ ਬੋਲੀ ਨਾ ਦੇਵੇ, ਜੋ ਬੋਲੀ ਦੇਵੇਗਾ ਉਸਨੂੰ ਇਸਦੀ ਕੀਮਤ ਅਦਾ ਕਰਨੀ ਪਵੇਗੀ।" ਕਿਸੇ ਬੋਲੀ ਨਾ ਦਿੱਤੀ ਤੇ ਲੋਕਾਂ ਨੇ ਰੱਜ-ਰੱਜ ਕੇ ਇਹ ਅੰਬ ਚੂਪੇ। ਮਾਸਕੋ ਯੂਨੀਵਰਸਿਟੀ ਵਿਚ ਕੌਮਾਂਤਰੀ ਇਨਕਲਾਬੀ ਵਿਦਵਾਨਾਂ ਦਾ ਇਕੱਠ ਹੋਇਆ ਤਾਂ ਬੱਬਰ ਅਕਾਲੀ ਲਹਿਰ 'ਤੇ ਵੀ ਤਬਸਰਾ ਹੋਣ ਲੱਗਾ। ਹਿੰਦੁਸਤਾਨੀ ਆਲਮ ਆਪਣੀ ਸੋਚ ਮੂਜਬ ਇਸ ਲਹਿਰ ਨੂੰ ਇਕ ਟੈਰੋਰਿਸਟ (Terrorist) ਲਹਿਰ ਕਹਿ ਕੇ ਵਿਆਖਿਆ ਕਰਨ ਲੱਗੇ ਤਾਂ ਸੋਵੀਅਤ ਵਿਦਵਾਨ, ਡਾ. ਦਿਆਕੋਫ ਉੱਠ ਕੇ ਪੁੱਛਣ ਲੱਗਾ, "ਅਜੀਬ ਗੱਲ ਹੈ ਹਿੰਦੁਸਤਾਨੀ ਤਾਰੀਖਦਾਨਾਂ ਦੀ, ਇਹ ਹਰ ਹਥਿਆਰਬੰਦ ਲਹਿਰ ਨੂੰ ਹੀ 'ਟੈਰੋਰਿਸਟ' ਆਖਦੇ ਹਨ। ਭਲਾ ਦੱਸੋ ਜ਼ਿਲ੍ਹੇ ਦੇ ਅੰਗਰੇਜ਼ ਹੈੱਡ ਨੇ ਹੁਕਮ ਜਾਰੀ ਕੀਤਾ ਤੇ ਬੱਬਰ ਅਕਾਲੀਆਂ ਨੇ ਉਸਨੂੰ ਮੋੜਵਾਂ ਜੁਆਬ ਦਿੱਤਾ। ਅੰਗਰੇਜ਼ੀ ਹਾਕਮਾਂ ਦੇ ਹੁਕਮ ਦੀ ਪੰਜਾਬੀਆਂ ਨੇ ਪਰਵਾਹ ਨਾ ਕੀਤੀ ਤੇ ਬੱਬਰ ਅਕਾਲੀਆਂ ਦੇ ਹੁਕਮ ਨੂੰ,

ਸਿਰ ਮੱਥੇ ਪਰਵਾਨ ਕੀਤਾ। ਭੋਲਿਓ! ਇਸਨੂੰ ਹੀ ਤਾਂ ਹਕੂਮਤ ਕਿਹਾ ਜਾਂਦਾ ਹੈ। ਤੁਸੀਂ ਇਸ ਨੂੰ "ਟੈਰੋਰਿਸਟ" ਕਹਿੰਦੇ ਹੋ।

ਬਾਬਾ ਬਿਲਗਾ ਦਰਅਸਲ ਬੱਬਰ ਅਕਾਲੀ ਲਹਿਰ ਨੂੰ, ਗ਼ਦਰ ਪਾਰਟੀ ਲਹਿਰ ਦਾ ਇਕ ਅਣਟੁੱਟਵਾਂ ਹਿੱਸਾ ਹੀ ਮੰਨਦੇ ਸਨ। ਬਾਬਾ ਜੀ ਦੇ ਲਿਖਣ ਮੁਜਬ ਜਦੋਂ ਬੰਬੇਲੀ ਪਿੰਡ ਵਿਚ ਬੱਬਰ ਕਰਮ ਸਿੰਘ ਦੌਲਤਪੁਰੀ ਦੇ ਕੁਝ ਸਿੰਘਾਂ ਦੇ ਜਥੇ ਨੂੰ ਜਲੰਧਰ ਛਾਉਣੀ ਦੇ 1200 ਘੋੜਸਵਾਰਾਂ ਨਾਲ, ਪੁਲਿਸ ਕਪਤਾਨ ਸਮਿੱਥ ਨੇ ਘੇਰਾ ਪਾ ਲਿਆ ਤਾਂ ਭਾਈ ਕਰਮ ਸਿੰਘ ਨੇ ਤੁਰੰਤ ਅਰਦਾਸਾ ਸੋਧ ਕੇ ਆਪਣੇ ਅਕੀਦੇ ਅਨੁਸਾਰ ਮੰਗ ਕੀਤੀ "ਹੇ ਵਾਹਿਗੁਰੂ! ਹੁਣ ਸਾਨੂੰ ਸ਼ਹੀਦ ਹੋਣ ਦਾ ਬਲ ਬਖਸ਼ ਪਿੱਠ ਨਾ ਦਿਖਾਈਏ।" ਵਗ ਰਹੀ ਵੇਈਂ ਦੇ ਇਕ ਕਿਨਾਰੇ ਬੱਬਰ ਅਕਾਲੀ ਪੁਜੀਸ਼ਨਾਂ ਲਈ ਖੜੇ ਸਨ, ਦੂਜੇ ਪਾਸੇ ਸਮਿੱਥ ਭਾਈ ਕਰਮ ਸਿੰਘ ਨੂੰ ਕਹਿ ਰਿਹਾ ਸੀ, "ਭਾਈ ਕਰਮ ਸਿੰਘ! ਤੂੰ ਪੁਰਾਣਾ ਫੌਜੀ ਏਂ, ਤੁਹਾਡੇ ਦੁਆਲੇ ਫੌਜ ਦਾ ਘੇਰਾ ਪੈ ਚੁੱਕਾ ਐ, ਤੁਸੀਂ ਹੁਣ ਬਚ ਕੇ ਨਿਕਲ ਨਹੀਂ ਸਕਦੇ। ਇਸ ਲਈ ਫੌਜੀ ਰਵਾਇਤਾਂ ਅਨੁਸਾਰ, ਤੁਸੀਂ ਹਥਿਆਰ ਸੁੱਟ ਕੇ ਸਾਡੇ ਹਵਾਲੇ ਹੋ ਜਾਓ। ਮੈਂ ਵਾਅਦਾ ਕਰਦਾ ਹਾਂ ਕਿ ਮੈਂ ਤੁਹਾਡੇ ਵਿਚੋਂ ਕਿਸੇ ਨੂੰ ਵੀ ਸ਼ੂਟ ਨਹੀਂ ਹੋਣ ਦਿਆਂਗਾ। ਗ੍ਰਿਫ਼ਤਾਰ ਕਰ ਜਲੰਧਰ ਜੇਲ੍ਹ ਲੈ ਜਾਵਾਂਗਾ। ਅੱਗੇ ਕਚਹਿਰੀ ਵਿਚ ਜੋ ਹੋਊ ਤੁਸੀਂ ਜਾਣੋ।" ਕਰਮ ਸਿੰਘ ਨੇ ਅੱਗੋਂ ਲਲਕਾਰ ਕੇ ਕਿਹਾ ਕਿ "ਅਸੀਂ ਤਾਂ ਹੁਣ ਸ਼ਹੀਦ ਹੋਣ ਲਈ ਅਰਦਾਸ ਕਰ ਚੁੱਕੇ ਹਾਂ ਪਿੱਛੇ ਨਹੀਂ ਹਟ ਸਕਦੇ" ਅਤੇ ਫੌਜ ਤੇ ਗੋਲੀ ਚਲਾ ਦਿੱਤੀ। ਪਰ ਅਨੂਪ ਸਿੰਘ ਮੁਖਬਰ ਨੇ ਕਹਿਰ ਕਮਾ ਛੱਡਿਆ ਸੀ। ਉਸ ਨੇ ਮੈਗਜ਼ੀਨ ਅਤੇ ਸਾਰਾ ਅਸਲਾ ਚੁੱਕ ਲਿਆ ਸੀ, ਕਰਮ ਸਿੰਘ ਦੀ ਰਾਇਫਲ 'ਚ ਕੇਵਲ ਇੱਕੋ ਕਾਰਤੂਸ ਬਾਕੀ ਸੀ। ਵਾਰੀ-ਵਾਰੀ ਨਦੀਓਂ ਪਾਰ ਦੇ ਘੋੜਸਵਾਰ ਫੌਜੀਆਂ ਨੇ ਹੱਲਾ ਬੋਲ ਦਿੱਤਾ। ਅੱਗੇ ਬੱਬਰਾਂ ਨੇ ਵੀ ਕਿਰਪਾਨਾਂ ਧੂਹ ਕੇ ਇਨ੍ਹਾਂ ਦਾ ਮੁਕਾਬਲਾ ਕੀਤਾ। ਇਕ ਬੱਬਰ ਨੇ ਤਾਂ ਆਪਣੀ ਕਿਰਪਾਨ ਦੁਆਰਾ ਇਕ ਘੋੜ ਸਵਾਰ ਦੀ ਲੱਤ ਗੋਡੇ ਕੋਲੋਂ ਕੱਟ ਕੇ ਅਲਹਿਦਾ ਕਰ ਦਿੱਤੀ। ਚੌਂਤਾ ਸਾਹਿਬ ਦਾ ਇਹ ਸਾਕਾ ਬੱਬਰ ਅਕਾਲੀ ਲਹਿਰ ਵਿਚ ਬੜਾ ਮਸ਼ਹੂਰ ਹੈ। ਪਿੰਡ ਵਾਲਿਆਂ ਨੇ ਬੱਬਰਾਂ ਦੀਆਂ ਲਾਸ਼ਾਂ ਚੁੱਕ ਕੇ ਪੂਰੇ ਸਨਮਾਨ ਨਾਲ ਸਸਕਾਰ ਕੀਤਾ। ਇਨ੍ਹਾਂ ਦੀ ਯਾਦ ਵਿਚ ਪਿੰਡ ਬੰਬੇਲੀ ਵਿਖੇ ਚੌਂਤਾ ਸਾਹਿਬ ਗੁਰਦੁਆਰੇ ਦੇ ਨਾਲ ਇਕ ਹਾਲ ਤੇ ਇਕ ਗੇਟ ਤਾਮੀਰ ਕੀਤਾ ਗਿਆ। ਉੱਥੇ ਹਰ ਸਾਲ ਬੱਬਰਾਂ ਦਾ ਮੇਲਾ ਲੱਗਦਾ ਹੈ।"

'ਗ਼ਦਰ ਪਾਰਟੀ ਦਾ ਲੋਹ ਪੁਰਸ਼-ਬਾਬਾ ਭਗਤ ਸਿੰਘ ਬਿਲਗਾ', ਗ਼ਦਰੀ ਸ਼ਹੀਦ ਬੰਤਾ ਸਿੰਘ ਸੰਘਵਾਲ ਦੀ ਪੋਤਰੀ, ਡਾ. ਜਸਬੀਰ ਕੌਰ ਗਿੱਲ ਦੁਆਰਾ ਸੰਪਾਦਿਤ ਬਾਬਾ ਜੀ ਦੀ ਸਵੈ-ਜੀਵਨੀ ਹੈ ਜਿਸ ਵਿਚ ਉਹਨਾਂ ਦੀਆਂ ਕੁਝ ਮੁੱਲਵਾਨ ਲਿਖਤਾਂ ਅਤੇ ਉਹਨਾਂ ਦੇ ਕਾ. ਗੰਧਰਵ ਸੈਨ ਜਿਹੇ ਸਮਕਾਲੀਆਂ ਅਤੇ ਹੋਰ ਵਿਦਵਾਨਾਂ ਦੇ ਉਹਨਾਂ ਬਾਰੇ ਕੁਝ ਲੇਖ ਹਨ। ਵੱਡੇ ਇਤਿਹਾਸਕ ਮਹੱਤਵ ਦੀ ਇਸ ਪੁਸਤਕ ਵਿਚ, ਵਿਦਵਾਨ ਸੰਪਾਦਕ ਸਾਹਿਬ ਨੇ, ਬਾਬਾ ਜੀ ਦੇ ਬਹੁਪਰਤੀ ਸ਼ਖ਼ਸੀਅਤ ਦੇ ਅਕਸ, ਕੁਝ ਇਸ ਤਰ੍ਹਾਂ ਉਘੇੜੇ ਹਨ ਕਿ ਹੱਕ ਸੱਚ ਅਤੇ ਨਿਆਂ ਲਈ ਜੂਝਣ ਵਾਲਿਆਂ ਲਈ ਬਾਬਾ ਜੀ ਰਾਹ ਵਿਖਾਵੇ ਬਣ ਗਏ ਹਨ। ਉਹ ਨਿਰੰਤਰ ਸੰਘਰਸ਼ ਦੇ ਪ੍ਰਤੀਕ ਹਨ। ਮਨੁੱਖੀ ਮੁਕਤੀ ਦੇ ICON ਹਨ। ਸੌੜੀਆਂ ਵਲਗਣਾਂ ਤੋਂ ਉਪਰ ਉੱਠ ਕੇ ਉਹ ਕਾਣੀ ਵੰਡ ਰਹਿਤ, ਸਮਾਜਿਕ-ਆਰਥਿਕ ਢਾਂਚੇ ਦੀ ਸਥਾਪਨਾ ਲਈ ਵਚਨਬੱਧ ਹਨ। ਉਹਨਾਂ ਦੀ ਜੀਵਨੀ

ਵਿਚ ਕਿਸੇ ਪ੍ਰਤੀ ਵੀ ਸਾੜਾ ਨਜ਼ਰ ਨਹੀਂ ਆਉਂਦਾ। ਉਹ ਮਨੁੱਖ ਨੂੰ ਆਪਣੀਆਂ ਗਲਤੀਆਂ ਤੋਂ ਸਿੱਖਣ, ਸੁਧਰਨ ਤੇ ਅੱਗੇ ਵਧਦਾ ਵੇਖਣਾ ਚਾਹੁੰਦੇ ਹਨ।

ਬਾਬਾ ਜੀ ਦਾ ਜਨਮ ਬੇਸ਼ਕ ਦੁਆਬੇ ਦੇ ਮਸ਼ਹੂਰ ਪਿੰਡ ਬਿਲਗੇ ਵਿਚ ਹੋਇਆ ਪਰ ਛੋਟੀ ਉਮਰ ਵਿਚ ਹੀ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ, ਜਿਸ ਕਾਰਨ ਉਹਨਾਂ ਦਾ ਬਚਪਨ ਅਜੀਤਵਾਲ (ਮੋਗਾ) ਵਿਖੇ ਚੂਹੜਚੱਕ ਦੇ ਪ੍ਰਾਇਮਰੀ ਸਕੂਲ ਵਿਚ ਮੁੱਢਲੀ ਪੜ੍ਹਾਈ ਕਰਦਿਆਂ ਬਤੀਤ ਹੋਇਆ। ਉਦੋਂ ਪਲੇਗ ਆਮ ਫੈਲਦੀ ਸੀ। ਬਿਲਗੇ ਪਲੇਗ ਦੇ ਡਰੋਂ ਆਪ ਨੂੰ ਮਾਤਾ ਮਾਸੀ ਪਾਸ ਛੱਡ ਗਈ। ਪਰ ਪਲੇਗ ਨਾਲ ਮਾਸੀ ਮਰ ਗਈ। ਪਲੇਗ ਦੀ ਗਿਲਟੀ ਬਾਬਾ ਬਿਲਗਾ ਜੀ ਨੂੰ ਵੀ ਬਚਪਨ ਵਿਚ ਨਿਕਲੀ ਪਰ ਅਗਲੇ ਦਿਨ ਹੀ ਫਿੱਸ ਗਈ। ਸਾਰੇ ਲੋਕ ਹੈਰਾਨ ਹੋਏ। ਦਰਅਸਲ ਉਹਨਾਂ ਦਾ ਬਚਣਾ ਉਨ੍ਹਾਂ ਵੱਡੇ ਕਾਰਜਾਂ ਦੀ ਪੂਰਤੀ ਨਾਲ ਜੁੜਿਆ ਸੀ ਜੋ ਉਮਰ ਭਰ ਉਹਨਾਂ ਨੇ ਨਿਭਾਏ। ਬਾਬਾ ਜੀ ਦੇ ਜਨਮ ਸਥਾਨ ਅਤੇ ਉਸ ਨਾਲ ਜੁੜੀਆਂ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਇਤਿਹਾਸਕ ਯਾਦਾਂ ਦੇ ਦਰਸ਼ਨ ਉਹਨਾਂ ਦੀ ਜੀਵਨੀ ਮੂਲਕ ਲਿਖਤ ਵਿਚੋਂ ਹੁੰਦੇ ਹਨ। ਜੰਮਦੀਆਂ ਕੁੜੀਆਂ ਦਾ ਮਾਰਨਾ, ਛੂਆਛਾਤ, ਬਾਲ ਵਿਆਹ, ਆਰੀਆ ਸਮਾਜ ਅਤੇਂ ਸਨਾਤਨ ਧਰਮੀ ਵਿਚਾਰਾਂ ਦੀ ਟੱਕਰ, ਸਿੰਘ ਸਭਾ ਦੇ ਸ਼ੁੱਧੀ ਆਦਿਕ ਸੁਧਾਰਕ ਵਿਚਾਰ ਅਤੇ ਉਹਨਾਂ ਦੇ ਮੁਕਾਬਲੇ ਪਰੰਪਰਾਵਾਦੀ ਪੇਂਡੂ ਭਾਈਚਾਰਾ, ਪੇਂਡੂ ਭਾਈਚਾਰੇ ਵਿਚ ਹਿੰਦੂ ਮੁਸਲਿਮ ਧਰਮਾਂ ਦੀ ਆਪਸੀ ਸਹਿਚਾਰ ਬਿਲਗੇ ਪਿੰਡ ਦੇ ਲੋਕਾਂ ਨੂੰ ਦੇਸ਼ ਭਗਤੀ ਦੀ ਭਾਵਨਾ ਕਾਰਨ ਅੰਗਰੇਜ਼ ਸਰਕਾਰ ਵੱਲੋਂ ਬਲੈਕ ਲਿਸਟ ਕਰਨਾ ਆਦਿਕ ਵੇਰਵੇ, ਉਸ ਵੱਡੇ ਮਨੁੱਖ ਦੇ ਜੀਵਨ ਦੀਆਂ ਬੇਜੋੜ ਘਟਨਾਵਾਂ ਦੇ ਨਾਲ-ਨਾਲ, ਉਨ੍ਹਾਂ ਦੀ ਜੀਵਨੀ ਨੂੰ ਇਕ ਵਿਲੱਖਣ ਅੰਦਾਜ਼ ਵਿਚ ਪੇਸ਼ ਕਰਨ ਦਾ ਸਬੱਬ ਬਣਦੇ ਹਨ। ਵੀਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ, ਖਾਸ ਕਰਕੇ ਲੋਕ ਲਹਿਰਾਂ ਦੇ ਇਤਿਹਾਸ ਨੂੰ ਸਮਝਣ ਲਈ ਡਾ. ਜਸਬੀਰ ਕੌਰ ਗਿੱਲ ਦੀ ਸੰਪਾਦਿਤ, ਬਾਬਾ ਜੀ ਦੀ ਜੀਵਨੀ ਇਕ ਸਹਾਇਕ ਪੁਸਤਕ ਬਣ ਗਈ ਹੈ।

ਹਰ ਵਿਅਕਤੀ ਦਾ ਆਪਣਾ ਚੌਗਿਰਦਾ, ਇਤਿਹਾਸ, ਭੂਗੋਲ ਵੀ ਹੁੰਦਾ ਹੈ, ਜਿਸ ਵਿਚ ਉਸ ਦੀ ਸ਼ਖ਼ਸੀਅਤ ਨੂੰ ਤਰਬੀਅਤ ਦਿੱਤੀ ਜਾਂਦੀ ਹੈ। ਬਾਬਾ ਜੀ ਨੇ ਆਪਣੇ ਪਿੰਡ, ਪੁਰਖਿਆਂ ਅਤੇ ਆਲੇ ਦਆਲੇ ਵੀ ਭਰਪੂਰ ਜਾਣਕਾਰੀ ਕਲਮਬੰਦ ਕਰ ਦਿੱਤੀ ਸੀ, ਜਿਹੜੀ "ਇਤਿਹਾਸਕ ਪਿੰਡ ਬਿਲਗਾ" ਨਾਮੀ ਪੁਸਤਕ ਵਿਚ ਦਰਜ ਹੈ, ਜਿਸ ਨੂੰ ਬਾਬਾ ਜੀ ਨਾਲ ਪਰਿਵਾਰਕ ਸਾਂਝ ਦੀਆਂ ਤੰਦਾਂ ਵਿਚ ਬੱਝੇ, ਪੰਜਾਬੀ ਅਧਿਆਪਨ ਕਾਰਜ ਨਾਲ ਜੁੜੇ ਖੋਜਕਾਰ, ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਸੰਪਾਦਿਤ ਕੀਤਾ ਹੈ। ਬਾਬਾ ਜੀ ਦੀ ਜੀਵਨੀ ਜਿਉਂ, ਉਹਨਾਂ ਦੇ ਪਿੰਡ ਬਾਰੇ ਲਿਖੀ ਇਹ ਕਿਤਾਬ ਵੀ, ਆਪਣੇ ਢੰਗ ਦੀ ਇਕ ਨਿਵੇਕਲੀ ਰਚਨਾ ਸਿੱਧ ਹੋਈ ਹੈ। ਆਪਣੀ ਇਤਿਹਾਸਕ ਮਹੱਤਤਾ ਸਦਕਾ ਪਿੰਡ ਬਿਲਗਾ ਪੰਜਾਬ ਦੇ ਪੋਟਿਆਂ 'ਤੇ ਗਿਣੇ ਜਾਣ ਵਾਲੇ ਪਿੰਡਾਂ ਵਿਚੋਂ ਇਕ ਹੈ। ਇਹੋ ਜਿਹੇ ਪਿੰਡ ਬਾਰੇ, ਬਾਬਾ ਬਿਲਗਾ ਤੋਂ ਛੋਟੇ ਕੱਦ ਦਾ ਕੋਈ ਵਿਅਕਤੀ, ਏਨੀ ਬਹੁਮੁੱਲੀ ਜਾਣਕਾਰੀ ਨਹੀਂ ਸੀ ਦੇ ਸਕਦਾ। ਇਸ ਨੂੰ ਪਾਠਕਾਂ ਦੇ ਸਾਹਵੇਂ ਪੂਰੇ ਸੁਹਜ ਸੁਆਦ ਨਾਲ ਪਰੋਸਣ ਦਾ ਕਾਰਜ ਪ੍ਰੋ. ਬੁੱਟਰ ਨੇ, ਬਾਖ਼ੂਬੀ ਨਿਭਾਇਆ ਹੈ। ਉਹ ਬਿਲਗੇ ਦੇ ਮਹੱਤਵ ਨੂੰ ਰੇਖਾਂਕਿਤ ਕਰਨ ਲਈ ਆਪਣੇ ਮਿੱਤਰ, ਐਡਵੋਕੇਟ ਗੁਰਮਿੰਦਰ ਸਿੰਘ ਦੀ ਬੜੀ ਸਟੀਕ ਟਿੱਪਣੀ ਪੇਸ਼ ਕਰਕੇ, ਲਿਖਦੇ ਹਨ, "ਜਿੰਨੇ ਹਿੰਦੁਸਤਾਨ ਵਿਚ ਧਰਮ ਪ੍ਰਚਲਿਤ ਹਨ, ਉਹ ਸਾਰੇ ਹੀ

ਬਿਲਗੇ ਵਿਚ ਮੰਨੇ ਜਾਂਦੇ ਹਨ ਅਤੇ ਜਿੰਨੀਆਂ ਦੇਸ਼ ਵਿਚ ਰਾਜਸੀ ਪਾਰਟੀਆਂ ਹਨ, ਉਹਨਾਂ ਸਭਨਾਂ ਦੇ ਕਾਰਕੁੰਨ ਬਿਲਗੇ ਵਿਚ ਮੌਜੂਦ ਹਨ, ਜੇ ਵਧਾ ਚੜ੍ਹਾਅ ਕੇ ਕੀਤੀ ਗੱਲ ਵੀ ਹੋਵੇ ਤਾਂ ਵੀ ਇਹ ਅੱਧ ਪਚੱਧੀ ਸੱਚ ਜ਼ਰੂਰ ਹੈ।"

ਪੰਜਾਬ ਦੇ ਜ਼ਿਆਦਾ ਜੱਟ ਗੋਤ, ਰਾਜਪੂਤਾਂ ਵਿਚੋਂ ਹੀ ਨਿਕਲੇ ਹਨ। ਬਾਬਾ ਜੀ ਦੀ ਗੋਤ ਦੇ ਸੰਘੇੜੇ ਜੱਟ ਵੀ ਜੈਸਲਮੇਰ ਵਿਚੋਂ, ਕਾਲ ਦੇ ਮਾਰੇ ਪੰਜਾਬ ਨੂੰ ਆਏ। ਇਹ ਕੋਈ ਪੁਰਸ਼ਾਰਥੀ ਸੂਰਬੀਰ ਸੀ, ਜਿਸ ਨੂੰ ਉਸ ਦੇ ਨਾਂ ਪਿਛਲੇ ਸਿੰਘ ਪਦ ਤੋਂ, ਸੰਘੇੜਾ ਕਿਹਾ ਜਾਣ ਲੱਗਾ ਭਾਵ ਕਿ ਸ਼ੇਰ ਸਮਾਨ ਬਲੀ ਤੇ ਜੂਝਣ ਵਾਲਾ। ਬਰਨਾਲੇ ਪਾਸ ਦੇ ਸੰਘੇੜੇ ਪਿੰਡ ਵਾਲਿਆਂ ਦਾ ਪਿਛੋਕੜ ਵੀ ਇਹਨਾਂ ਨਾਲ ਰਲਦਾ ਹੈ। ਪੰਜਾਬ ਦੇ ਵੱਡੇ, ਪੁਰਾਣੇ ਪਿੰਡਾਂ ਜਿਉਂ, ਬਿਲਗਾ ਪਿੰਡ ਦੀ ਵੀ ਕਿਲੇਬੰਦੀ ਕੀਤੀ ਗਈ ਸੀ ਤਾਂ ਕਿ ਆਏ ਦਿਨ ਪੈਣ ਵਾਲੇ ਧਾੜਵੀਆਂ ਦੇ ਹੱਲਿਆ ਦਾ ਡਟ ਕੇ ਮੁਕਾਬਲਾ ਕੀਤਾ ਜਾਏ। ਅੱਠ ਪੱਤੀਆਂ ਅਤੇ ਸੱਤ ਦਰਵਾਜ਼ਿਆਂ ਵਾਲੇ ਪਿੰਡ ਵਿਚ, ਖੇਤੀ ਕਿੱਤੇ ਨਾਲ ਜੁੜੇ ਜੱਟ ਭਾਈਚਾਰੇ ਤੋਂ ਇਲਾਵਾ ਦਰੀਆਂ, ਖੇਸ ਬੁਣਨ ਵਾਲੇ ਮੁਸਲਮਾਨ ਜੁਲਾਹੇ, ਖੇਤੀ ਦੇ ਸੰਦ ਬਣਾਉਣ ਵਾਲੇ ਲੁਹਾਰ, ਤਰਖਾਣ, ਹੋਰਨਾਂ ਧੰਦਿਆਂ ਦੇ ਹੁਨਰਮੰਦ ਲੋਕ ਜਿਹਾ ਕਿ ਮਿੱਟੀ ਦੇ ਬਰਤਨ ਬਣਾਉਣ ਵਾਲੇ ਘੁਮਾਰ, ਛੁਰੀਆਂ, ਕੈਂਚੀਆਂ ਬਣਾਉਣ ਵਾਲੇ ਕਰਦਗਰ, ਚੂੜੀਆਂ ਵੰਗਾਂ ਵੇਚਣ ਵਾਲੇ ਵਣਜਾਰੇ, ਕੱਪੜੇ ਸਿਊਣ ਵਾਲੇ ਦਰਜੀ, ਨਾਈਂ, ਛੀਂਬੇ, ਤੇਲੀ, ਪੇਂਜੇ ਆਦਿ ਸਭ ਵੱਸ ਗਏ। ਸ਼ਾਹੂਕਾਰਾਂ ਦੇ ਸਿਆਲ, ਨਈਅਰ ਆਦਿ ਗੋਤ ਵੀ ਦੂਰੋਂ-ਦੂਰੋਂ ਆ ਕੇ ਵੱਸ ਗਏ, ਜਿਸ ਨਾਲ ਵਣਜ ਵਿਉਪਾਰ ਵੀ ਪ੍ਰਫੁਲਿਤ ਹੋਇਆ ਅਤੇ ਲੋਕਾਂ ਦੀਆਂ ਵੇਲੇ ਕੁਵੇਲੇ ਪੈਸੇ ਟਕੇ ਦੀਆਂ ਲੋੜਾਂ ਦੀ ਪੂਰਤੀ ਵੀ ਹੋਣ ਲੱਗੀ। ਖੰਡੇਸਰੀ ਦਾ ਕਾਰੋਬਾਰ ਬਹੁਤ ਵਧਿਆ। ਬਿਲਗਾ ਸਤਲੁਜ ਪਾਰ ਦੇ ਲੋਕਾਂ ਦੀਆਂ ਬਾਜ਼ਾਰ ਲੋੜਾਂ ਦੀ ਪੂਰਤੀ ਕਰਦਾ। ਬਿਲਗੇ ਦੇ ਘੁਮਿਆਰ ਪਰਜਾਪਤ ਆਪਣੇ ਘੋੜਿਆਂ, ਖੱਚਰਾਂ ਤੇ ਇੱਥੋਂ ਦਾ ਮਾਲ, ਤਿੱਬਤ ਤੱਕ ਪਹੁੰਚਾਉਂਦੇ ਅਤੇ ਉਧਰੋਂ ਤਿੱਬਤੀ ਊਨੀ ਗਲੀਚੇ ਆਦਿ ਲੈ ਆਉਂਦੇ। ਇੱਥੇ ਘੋੜੇ ਪਾਲਕ ਸਰਦਾਰਾਂ ਨੇ ਵੀ ਆ ਡੇਰੇ ਲਾਏ।

ਬਾਬਾ ਜੀ ਦੇ ਲਿਖਣ ਮੁਜਬ ਬਿਲਗਾ "ਇਕ ਗੋਲ ਦਾਇਰੇ ਵਿਚ ਵਸਿਆ ਮੂਧੇ ਟੋਕਰੇ ਦੀ ਸ਼ਕਲ ਦਾ ਪਿੰਡ ਹੈ ਤੇ ਇਸਦੀ ਵਿਚਕਾਰਲੀ ਉੱਚੀ ਚੋਟੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਹੈ। ਗੁਰਦੁਆਰੇ ਤੋਂ ਢਾਲਵੀਆਂ ਗਲੀਆਂ ਹੇਠਾਂ ਨੂੰ ਉੱਤਰਦੀਆਂ ਹਨ ਤੇ ਅੰਦਰੂਨੀ ਫਿਰਨੀ ਨਾਲ ਆ ਮਿਲਦੀਆਂ ਹਨ।" ਪਿੰਡ ਦੀ ਛੋਟੀ ਤੋਂ ਵੱਡੀ ਹਰ ਸ਼ੈਅ, ਨਿੱਕੇ ਤੋਂ ਵੱਡੇ ਹਰ ਅਦਾਰੇ, ਸਾਧਾਰਨ ਤੋਂ ਲੈ ਕੇ ਇਤਿਹਾਸਕ ਪਾਤਰਾਂ ਤੱਕ ਦੇ ਹਵਾਲੇ, ਧਾਰਮਿਕ ਉਤਸਵਾਂ ਤੋਂ ਲੈ ਕੇ ਮੌਜ ਮੇਲੇ ਦੇ ਸਾਧਨਾਂ ਦੇ ਇਕ ਸਦੀ ਤੇ ਫੈਲੇ ਤੇ ਵਟਦੇ ਰੰਗ ਰੂਪ, ਇਕ ਸੁਚੱਜੇ ਲੇਖਕ ਜਿਉਂ, ਜਿਹੜਾ ਬਾਰੀਕ ਤੇ ਸਟੀਕ ਵੇਰਵੇ ਦੇਣ ਵਿਚ ਮਾਹਿਰ ਹੋਵੇ, ਬਾਬਾ ਜੀ ਦੀ ਪਿੰਡ ਦੇ ਮੋਹਮਾਣ ਨਾਲ ਭਿੱਜੀ ਕਲਮ ਦਾ ਵਿਸ਼ਾ ਬਣਦੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਬਾਣੀ ਦੇ ਬੋਹਿਥ ਅਤੇ ਸ਼ਹੀਦਾਂ ਦੇ ਸਿਰਤਾਜ ਤੇ ਮਾਤਾ ਗੰਗਾ ਜੀ ਨਾਲ ਵਿਆਹ ਸੰਸਕਾਰ ਸਮੇਂ ਇੱਥੇ ਪਧਾਰਣ ਦਾ ਵੱਡੇ ਮਾਣ ਨਾਲ ਵਰਣਨ ਕਰਦਿਆਂ, ਆਪਣੀ ਮਿੱਟੀ ਦੀ ਸਾਂਝ "ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰ ਉਪਕਾਰੀ" ਮੀਰੀ ਪੀਰੀ ਦੇ ਧਾਰਕ, ਛੇਵੇਂ ਨਾਨਕ, ਗੁਰੂ ਹਰਿਗੋਬਿੰਦ ਸਾਹਿਬ ਦੀ ਜਨਨੀ, ਮਾਤਾ ਗੰਗਾ ਜੀ ਜਨਮ ਭੂਮੀ ਨਾਲ ਜੋੜ ਕੇ ਗੌਰਵੰਤ ਮਹਿਸੂਸ ਕਰਦੇ

ਹਨ। ਸਿੱਖ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਬਾਬਰ ਨੂੰ ਭੰਗ ਦੀਆਂ ਸੱਤ ਮੁੱਠਾਂ ਬਦਲੇ ਸੱਤ ਪਾਤਸ਼ਾਹੀਆਂ ਦੇਣ, ਗੁਰੂ ਅਰਜਨ ਦੇਵ ਜੀ ਨੂੰ ਚੰਦੂ ਦੀਵਾਨ ਨਾਲ ਉਸਦੀ ਲੜਕੀ ਦਾ ਰਿਸ਼ਤਾ ਛੱਡਣ ਕਰਕੇ ਸ਼ਹੀਦ ਕਰਨ, ਗੁਰੂ ਤੇਗ ਬਹਾਦਰ ਨੂੰ ਦਿੱਲੀ ਦੇ ਕੈਦਖਾਨੇ ਵਿਚ ਲਹਿੰਦੇ ਵੱਲੋਂ ਆਪਣੇ ਟੋਪੀ ਵਾਲੇ ਸਿੱਖ (ਭਾਵ ਅੰਗਰੇਜ਼) ਆਉਣ ਦੀ ਉਡੀਕ ਕਰਦਿਆਂ ਵਿਖਾਉਣ ਜਿਹਾ, ਕਾਫੀ ਕੂੜਾ ਕਬਾੜਾ ਫੈਲਿਆ ਹੋਇਆ ਹੈ। ਇਸੇ ਤਰ੍ਹਾਂ ਮਾਤਾ ਗੰਗਾ ਜੀ ਦੇ ਜਨਮ ਸਥਾਨ ਬਾਰੇ ਪ੍ਰਚਲਿਤ ਟਿੱਪਣੀ "ਮੌਅ ਮਾਰੀ ਕਰਤਾਰ" ਤੋਂ ਪੀੜਤ ਹੋ ਕੇ ਬਾਬਾ ਬਿਲਗਾ ਜੀ ਕਥਿਤ ਇਤਿਹਾਸਕਾਰਾਂ ਦੀ ਟੇਢ ਨੂੰ ਇਉਂ ਦਰੁਸਤ ਕਰਦੇ ਹਨ "ਜਿਸ ਧਰਤੀ 'ਤੇ ਮਾਤਾ ਗੰਗਾ ਜੀ ਦਾ ਜਨਮ ਹੋਇਆ ਤੇ ਜਿਸਦੀ ਕੁੱਖੋਂ ਮੀਰੀ ਪੀਰੀ ਦੇ ਮਾਲਕ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜਨਮ ਲਿਆ ਉਸ ਧਰਤੀ ਨੂੰ ਛੁਟਿਆਉਣ ਦਾ ਕੰਮ ਕਿਉਂ ਕੀਤਾ? ਦਰਅਸਲ ਇਹ ਅੰਗਰੇਜ਼ੀ ਵੇਲੇ ਦੇ ਲਿਖਾਰੀ ਸਨ ਤੇ ਅੰਗਰੇਜ਼ਾਂ ਨੇ ਦੁਆਬੇ ਦੀ ਧਰਤੀ ਨੂੰ ਅੰਗਰੇਜ਼ੀ ਰਾਜ ਦੇ ਮੁਖਾਲਿਫ਼ ਬਾਗੀਆਂ ਦੀ ਧਰਤੀ ਕਿਹਾ ਹੈ ਤੇ ਇਹ ਲਿਖਾਰੀ ਦਰਅਸਲ ਅੰਗਰੇਜ਼ੀ ਹਕੂਮਤ ਦੇ ਚਾਟੜੇ ਸਨ। ਆਪਣੇ ਮਾਲਕ ਨੂੰ ਖੁਸ਼ ਕਰਨ ਲਈ ਇਨ੍ਹਾਂ ਨੇ ਦੁਆਬੇ ਨੂੰ ਕਾਇਰ ਆਦਿ ਲਿਖ ਕੇ ਬ੍ਰਿਟਿਸ਼ ਗੌਰਮਿੰਟ ਨੂੰ ਖੁਸ਼ ਕਰਕੇ ਜਾਇਦਾਦਾਂ ਤੇ ਇਨਾਮ ਹਾਸਲ ਕੀਤੇ ਸਨ। ਅਸੀਂ ਐਲਾਨੀਆਂ ਕਹਿੰਦੇ ਹਾਂ ਕਿ ਅਸੀਂ ਅੰਗਰੇਜ਼ੀ ਹਕੂਮਤ ਦੇ ਜਾਨੀ ਦੁਸ਼ਮਨ ਸਾਂ, ਇਸ ਹਕੂਮਤ ਨੂੰ ਦੇਸੋਂ ਕੱਢਣ ਲਈ ਅਤੇ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਲੱਖਾਂ ਕੁਰਬਾਨੀਆਂ ਕੀਤੀਆਂ, ਕਦੇ ਪਿੱਠ ਨੀ ਵਿਖਾਈ। ਸਤਲੁਜ ਦੀਆਂ ਸਿੱਖ ਲੜਾਈਆਂ ਵਿਚ ਇਹ ਹੀ ਇਕ ਅਸਥਾਨ ਸੀ ਜਿਸਦੇ ਬਹਾਦਰਾਂ ਨੇ ਬੱਦੋਵਾਲ ਆਦਿ ਦੀਆਂ ਅੰਗਰੇਜ਼ੀ ਛਾਉਣੀਆਂ 'ਤੇ ਕਬਜ਼ੇ ਕੀਤੇ ਤੇ ਅੰਗਰੇਜ਼ਾਂ ਵਿਰੁੱਧ ਜਿੱਤ ਪ੍ਰਾਪਤ ਕੀਤੀ। ਜਦਕਿ ਲਾਹੌਰ ਸਿੱਖ ਦਰਬਾਰੀਆਂ ਨੇ ਮਹਾਨ ਯੋਧੇ ਸ਼ਾਮ ਸਿੰਘ ਅਟਾਰੀ ਵਾਲੇ ਨਾਲ ਗ਼ੱਦਾਰੀ ਕੀਤੀ ਅਤੇ ਕਸੂਰ ਤੋਂ ਅੰਗਰੇਜ਼ੀ ਫੌਜ ਨੂੰ ਬਾਹੋਂ ਫੜ ਕੇ ਲੈ ਗਏ ਤੇ ਲਾਹੌਰ ਦੇ ਤਖ਼ਤ ਤੇ ਜਾ ਬੈਠਾਇਆ। ਅਸੀਂ ਫ਼ਖ਼ਰ ਨਾਲ ਇਹ ਕਹਿੰਦੇ ਹਾਂ ਕਿ ਅਸੀਂ ਮਾਤਾ ਗੰਗਾ ਜੀ ਦੀ ਪੈਦਾਇਸ਼ ਦੀ ਪਵਿੱਤਰ ਧਰਤੀ ਦੇ ਜਾਏ ਹਾਂ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਰਗਾਂ ਵਿਚ ਬਹਾਦਰੀ ਦੀ ਰੂਹ ਪੈਦਾ ਕਰਨ ਵਾਲੇ, ਖ਼ੂਨ ਦੇ ਅਗਲੇਰੇ ਵਾਰਿਸ ਹਾਂ। ਅਖ਼ੀਰ ਵਿਚ ਅਸੀਂ ਸਵੀਕਾਰ ਕਰਦੇ ਹਾਂ ਕਿ ਬਿਲਗਾ ਨਗਰ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਥਾਪਨਾ ਨਾਲ ਬੱਝਿਆ ਤੇ ਵਧਿਆ ਫੁੱਲਿਆ।"

ਆਪਣੇ ਬਚਪਨ ਵਿਚ ਕੂਕਾ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ, ਭੈਣੀ ਰਾਈਆਂ ਤੋਂ ਬਿਲਗੇ ਆ ਕੇ ਇਕ ਉਦਾਸੀ ਸਾਧੂ ਤੋਂ ਗੁਰਬਾਣੀ ਗਿਆਨ ਹਾਸਿਲ ਕਰਦੇ ਰਹੇ ਸਨ ਜਿਸ ਬਾਰੇ ਆਪ ਜੀ ਦੇ ਹੁਕਮਨਾਮੇ ਵਿਚ ਜ਼ਿਕਰ ਮਿਲਦਾ ਹੈ "ਪੈਲੇ ਉਦਾਸੀ ਕਾ ਚੇਲਾ ਭੀ ਰਹਾ।" ਇਹ ਉਦਾਸੀ ਬਿਲਗੇ ਦਾ ਸੀ, ਹਵਾਲਾ ਭਾਈ ਸੰਤੋਖ ਸਿੰਘ ਬਾਹੋਵਾਲ ਦੇ ਸਤਿਗੁਰੂ ਬਿਲਾਸ ਭਾਗ ਪਹਿਲਾ ਵਿਚ ਦਰਜ ਹੈ। ਭੈਣੀ ਸਾਹਿਬ ਕੂਕਾ ਲਹਿਰ ਸਮੇਂ, ਕੂਕਿਆਂ ਦਾ ਇਕ ਸਰਗਰਮ ਕੇਂਦਰ ਸੀ। ਬਾਬਾ ਜੀ ਦੇਸ਼ ਭਗਤਾਂ ਦੀਆਂ ਮੁਹਿੰਮਾਂ ਵਿਚ, ਵੱਡੇ ਚਾਉ ਨਾਲ ਖੱਦਰ ਦੇ ਸਾਫ਼ ਬਸਤਰ ਪਹਿਨ ਕੇ ਸੂਰਜ ਜਿਉਂ ਲਿਸ਼ਕਦਾ ਸਰਬਲੋਹ ਦਾ ਗੜਵਾ ਗੋਕੇ ਦੁੱਧ ਨਾਲ ਭਰ ਕੇ ਦੇਸ਼ ਭਗਤਾਂ ਦੀ ਟਹਿਲ ਕਰਨ ਵਾਲੇ ਅਤੇ ਉਨ੍ਹਾਂ ਦੇ ਅੱਗੇ-ਅੱਗੇ ਮੋਰਾਂ ਜਿਉਂ ਪੈਲਾਂ ਪਾ ਕੇ ਪਿੰਡੋਂ ਪਿੰਡ ਜਾਣ ਵਾਲੇ, ਉਮਰ ਭਰ ਅਵਿਵਾਹਿਤ ਰਹੇ ਪਿੰਡ ਬਿਲਗੇ ਦੀ ਪੱਤੀ ਮਨਸੂਰ ਦੇ ਕੂਕੇ ਜੰਗ

ਸਿੰਘ ਮੌਲਾ ਦਾ ਜ਼ਿਕਰ ਵੀ ਬੜੀ ਅਪਣੱਤ ਨਾਲ ਕਰਦੇ ਹਨ। ਉਹ ਦੇਸ਼ ਭਗਤਾਂ ਨੂੰ ਮੁਠੱਡੇ, ਮੋਰੋਂ ਆਦਿ ਹੋਰ ਕੂਕਿਆਂ ਦੇ ਪ੍ਰਸਿੱਧ ਪਿੰਡਾਂ ਵਿਚ, ਨਾਮਧਾਰੀਆਂ ਦੀ ਮਹਿਮਾਨ ਨਿਵਾਜੀ ਦਾ ਮੌਕਾ ਦਿਆ ਕਰਦਾ ਸੀ। ਇਸੇ ਤਰ੍ਹਾਂ ਬਾਬਾ ਬਿਲਗਾ, ਪੱਤੀ ਨੀਨੋਵਾਲ ਦੇ ਘਨਈਆ ਸਿੰਘ ਕੂਕੇ ਦੇ ਟੱਬਰ ਦਾ ਜ਼ਿਕਰ ਵੀ ਕਰਦੇ ਹਨ। ਦਰਅਸਲ ਇਹ ਭਾਈ ਘਨੱਈਆ ਸਿੰਘ ਉਸ ਦੇ ਦੋ ਹੋਰ ਭਰਾਵਾਂ ਸੁਹੇਲ ਸਿੰਘ ਅਤੇ ਅਰਵੇਲ ਸਿੰਘ ਅਤੇ ਭਤੀਜੇ ਬਿਸ਼ਨ ਸਿੰਘ ਰਪਟੀਏ ਸਣੇ ਕੂਕਿਆਂ ਤੇ ਸਖਤੀਆਂ ਦੇ ਦੌਰ, ਗੁਰੂ ਹਰੀ ਸਿੰਘ ਕਾਲ (1872-1906) ਵਿਖੇ ਗੁਰਦੁਆਰਾ ਭੈਣੀ ਸਾਹਿਬ ਦੇ ਪੱਕੇ ਬਾਸ਼ਿੰਦੇ ਬਣ ਕੇ ਕੂਕਾ ਲਹਿਰ ਵਿਚ ਆਪਣਾ ਇਤਿਹਾਸਕ ਯੋਗਦਾਨ ਪਾਉਂਦੇ ਰਹੇ ਸਨ। ਇਹਨਾਂ ਵਿਚੋਂ ਭਾਈ ਸੁਹੇਲ ਸਿੰਘ ਆਦਿ ਗੁਰੂ ਗ੍ਰੰਥ ਸਾਹਿਬ ਦੇ ਬੜੇ ਸ਼ੁੱਧ ਪਾਠੀ ਅਤੇ ਗੁਰਬਾਣੀ ਦੇ ਗਿਆਤਾ ਸਨ। ਘੋੜਿਆਂ ਦੀ ਸੇਵਾ ਦੇ ਮਾਹਿਰ ਹੋਣ ਕਾਰਨ, ਗੁਰੂ ਹਰੀ ਸਿੰਘ ਨੇ ਉਹਨਾਂ ਨੂੰ ਘੋੜਿਆਂ ਦਾ ਦਰੋਗਾ ਥਾਪਿਆ ਸੀ। ਗੁਰੂ ਸਾਹਿਬ ਨਾਲ ਸਰਕਾਰ ਵੱਲੋਂ ਛੁੱਟੀ ਮਿਲਣ ਤੇ ਪੰਜਾਬ ਭਰ ਦੇ ਦੌਰਿਆਂ ਸਮੇਂ ਹਾਜ਼ਰ ਰਹਿੰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਦੇ ਪਾਠ ਦੀ ਸੰਥਾ ਬਚਪਨ ਵਿਚ ਦਰੋਗਾ ਜੀ ਤੋਂ ਹੀ ਲਈ ਸੀ। ਉਹਨਾਂ ਦਿਨਾਂ ਵਿਚ ਲੇਖਕ ਦਾ ਦਾਦਾ, ਸੰਤ ਜਿਊਣ ਸਿੰਘ ਝੱਬਰ ਵੀ ਕੂਕਾ ਕੇਂਦਰ ਵਿਖੇ ਹੀ ਰਹਿੰਦਾ ਸੀ। ਸੋ ਮੈਂ ਆਪਣੇ ਪਿਤਾ, ਜਥੇਦਾਰ ਗੁਰਮੁਖ ਸਿੰਘ ਝੱਬਰ ਪਾਸੋਂ, ਜੋ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਲੰਮਾਂ ਸਮਾਂ ਡੇਰਾ ਪ੍ਰਬੰਧਕ ਰਹੇ ਸਨ, ਬਿਲਗੇ ਦੇ ਭਾਈ ਸੁਹੇਲ ਸਿੰਘ ਅਤੇ ਉਹਨਾਂ ਦੇ ਪਰਿਵਾਰ ਦੀਆਂ ਕੂਕਾ ਲਹਿਰ ਵਿਚ ਕੀਤੀਆਂ ਕੁਰਬਾਨੀਆਂ ਦੀ ਗਾਥਾ ਸੁਣਦਾ ਰਿਹਾ ਹਾਂ। ਮੇਰੇ ਪਿਤਾ ਜੀ ਦਰੋਗਾ ਜੀ ਨੂੰ ਉਹਨਾਂ ਦੇ ਪਿਤਾ ਜੀ ਦੇ ਮਿੱਤਰ ਹੋਣ ਕਾਰਨ, ਚਾਚਾ ਜੀ ਹੀ ਕਿਹਾ ਕਰਦੇ ਸਨ। ਬਾਬਾ ਬਿਲਗਾ ਜੀ ਦੇ ਬਹਾਨੇ ਉਹਨਾਂ ਦੇ ਪਿੰਡ ਦੇ ਨਾਮਾਵਲੀ ਕੂਕਿਆਂ ਨਾਲ, ਆਪਣੇ ਵਡੱਕਿਆਂ ਦੇ ਸਬੰਧਾਂ ਦੇ ਜ਼ਿਕਰ ਦੇ ਲੋਭ ਤੋਂ ਬਚਿਆ ਨਹੀਂ ਜਾ ਸਕਿਆ। ਬਾਬਾ ਬਿਲਗਾ ਦਾ ਆਖ਼ਰੀ ਮੋਰਚਾ, ਕੂਕਿਆਂ ਅਤੇ ਗ਼ਦਰੀਆਂ ਨੂੰ ਸੁਤੰਤਰਤਾ ਸੰਗਰਾਮੀ ਘੋਸ਼ਿਤ ਕਰਵਾਉਣਾ ਸੀ।

ਬਾਬਾ ਬਿਲਗਾ ਜੀ ਦੀ ਧਰਮ ਪਤਨੀ, ਮਾਤਾ ਚੰਨਣ ਕੌਰ ਨੇ ਵੀ ਬਾਬਾ ਜੀ ਦੇ ਲੰਮੇ ਕੁਰਬਾਨੀਆਂ ਭਰੇ ਜੀਵਨ ਵਿਚ ਕਦੇ ਮੱਥੇ ਵੱਟ ਨਹੀਂ ਪਾਇਆ। ਉਹਨਾਂ ਘਰ ਗ੍ਰਹਿਸਤੀ ਵੀ ਚਲਾਈ ਅਤੇ ਜੇ ਕਦੇ ਕਿਰਤੀ ਪਾਰਟੀ ਦੇ ਕੰਮ ਵਿਚ ਘਰੋਂ ਨਿਕਲ ਕੇ ਪੰਜਾਬ ਦੇ ਅੰਮ੍ਰਿਤਸਰ ਆਦਿ ਇਲਾਕਿਆਂ ਵਿਚ ਰਹਿਣਾ ਪਿਆ ਤਾਂ ਉੱਥੇ ਵੀ ਪੁੱਜ ਜਾਂਦੇ। ਉਹਨਾਂ ਦਾ ਵਿਸ਼ੇਸ਼ ਗੁਣ ਸੀ, 1947 ਦੇ ਫਿਰਕੂ ਫਸਾਦਾਂ ਸਮੇਂ ਮੁਸਲਮਾਨ ਤੇਲੀਆਂ ਦੀਆਂ ਲੜਕੀਆਂ ਦੀ ਗੁੰਡਿਆਂ ਤੋਂ ਆਬਰੂ ਬਚਾਉਣੀ। ਉਹਨਾਂ ਨੇ ਘਰ ਦੇ ਬੂਹੇ ਅੱਗੇ ਪਟਾਕੇ ਚਲਾਉਂਦੀ ਧਾੜ ਨੂੰ ਬੰਦੂਕ ਲੈ ਕੇ ਲਲਕਾਰਿਆ ਸੀ, "ਇਨ੍ਹਾਂ ਪਟਾਕਿਆਂ ਤੋਂ ਅਸੀਂ ਡਰਨ ਵਾਲੇ ਨਹੀਂ ਪਹਿਲਾ ਬੰਬ ਬਣਾਉਣੇ ਸਾਥੋਂ ਸਿੱਖ ਲਵੋ। ਚਲੇ ਜਾਵੋ ਇਥੋਂ ਨਹੀਂ ਤਾਂ ਗੋਲੀਆਂ ਨਾਲ ਭੁੰਨ ਦੇਵਾਂਗੀ।" ਸ਼ੀਹਣੀ ਦਾ ਰੂਪ ਧਾਰੀ ਖੜੀ, ਚਾਚੀ ਵਾਕਿਆ ਗੋਲੀ ਮਾਰ ਸਕਦੀ ਹੈ, ਇਹ ਘੁਸਰ ਮੁਸਰ ਕਰਦੇ ਸਾਰੇ ਹਰਨ ਹੋ ਗਏ।

ਆਜ਼ਾਦੀ ਆਉਂਦਿਆਂ ਹੀ ਅੰਗਰੇਜ਼ ਦੇ ਟੋਡੀ ਬੱਚੇ, ਖੱਦਰ ਦੇ ਕੱਪੜੇ ਪਾ ਕੇ ਰਾਤੋਂ ਰਾਤ ਦੇਸ਼ ਭਗਤ ਬਣ ਗਏ। ਬਾਬਾ ਬਿਲਗਾ ਲਿਖਦੇ ਹਨ ਕਿ ਮੋਰੋਂ ਦੇ ਸਰਦਾਰ ਨੇ ਵੀ ਇਉਂ ਹੀ

ਕੀਤਾ ਤਾਂ ਮੈਂ ਖੱਦਰ ਤੋਂ ਕਿਨਾਰਾ ਕਰ ਲਿਆ। ਉਹ ਮੈਨੂੰ ਪੁੱਛਣ ਲੱਗਾ ਕਿ ਤੁਸੀਂ ਕਿਉਂ ਲਾਹ ਦਿੱਤੇ ਹਨ? ਮੈਂ ਕਿਹਾ, "ਤੁਸੀਂ ਜੋ ਪਾ ਲਏ।" ਪੁਰਾਣੇ ਅੰਗਰੇਜ਼ ਪੱਖੀਆਂ ਨਾਲ ਬਾਬਾ ਜੀ ਦਾ ਘੱਟ ਹੀ ਮੇਲ ਗੇਲ ਸੀ।

ਜ਼ਿੰਦਗੀ ਦੇ ਗੁੱਝੇ ਭੇਤ ਬਿਆਨਣ ਵਾਲੀਆਂ ਅਤੇ ਲੋਕ ਮਾਨਸਿਕਤਾ ਦੇ ਨੇੜਿਉਂ ਦਰਸ਼ਨ ਕਰਾਉਣ ਵਾਲੀਆਂ ਬੇਅੰਤ ਘਟਨਾਵਾਂ ਬਾਬਾ ਜੀ ਦੀ ਬਿਲਗੇ ਵਾਲੀ ਕਿਤਾਬ ਵਿਚ ਦਰਜ ਹਨ। ਦੌਲਤੀ ਮਰਾਸੀ ਬੈਂਡ ਮਾਸਟਰ ਸੀ। ਡੋਡਿਆਂ ਦਾ ਅਮਲੀ ਹੋ ਗਿਆ। ਘਰ ਘਾਟ ਵੇਚ ਕੇ ਜਜਮਾਨਾਂ ਦੀ ਹਵੇਲੀ ਦੀ ਇਕਗੁੱਠ ਮੱਲ ਲਈ। ਲੜਕੀ ਵਰ ਪਰਾਪਤ ਹੋਈ ਤਾਂ ਉਸ ਦਾ ਰਿਸ਼ਤਾ ਕਿਸੇ ਪਿੰਡ ਕਰ ਆਇਆ ਅਤੇ ਨਿਕਾਹ ਦਾ ਦਿਨ ਵੀ ਤਹਿ ਕਰ ਆਇਆ। ਪਰ ਪਿੰਡ ਜਾਂ ਘਰ ਵਿਚ ਕਿਸੇ ਨੂੰ ਕੁਝ ਨਾ ਦੱਸਿਆ। ਮਿੱਥੇ ਦਿਨ ਤੇ ਬਰਾਤ ਆਈ। ਮਰਾਸੀ ਗੋਡਿਆਂ ਵਿਚ ਸਿਰ ਦੇ ਕੇ ਪਿਆ ਸੀ। ਮਰਾਸਣ ਨੇ ਆ ਝਾੜ ਝੰਬ ਕੀਤੀ ਤਾਂ ਬੋਲਿਆ "ਭੜੀਏ ਫ਼ਿਕਰ ਹੋਊ ਜਜ਼ਮਾਨਾਂ ਨੂੰ ਜਿਨ੍ਹਾਂ ਦੀ ਇੱਜ਼ਤ ਦਾ ਸਵਾਲ ਹੈ ਤੂੰ ਚੁੱਪ ਕਰਕੇ ਬਹਿ ਜਾ।" ਆਸ ਪਾਸ ਦੇ ਮਾਈ ਭਾਈ ਇਕੱਠੇ ਹੋਏ ਖਾਧ ਸਮੱਗਰੀ ਤੇ ਹੋਰ ਸ਼ੈਆਂ ਜੁੜ ਗਈਆਂ। ਲੜਕੀ ਨਿਕਾਹ ਕਰਕੇ ਸ਼ਾਨ ਨਾਲ ਵਿਦਿਆ ਕੀਤੀ। ਜਜ਼ਮਾਨਾਂ ਨੇ ਆਪਣੀ ਵੀ ਤੇ ਪਿੰਡ ਦੀ ਵੀ ਇੱਜ਼ਤ ਤੇ ਕੋਈ ਆਂਚ ਨਾ ਆਉਣ ਦਿੱਤੀ।

ਕੌਮੀ ਤਹਿਰੀਕ ਵਿਚ ਹਿਸਾ ਲੈਣ ਸਦਕਾ ਪਿੰਡ ਵਿਚ ਪੁਲੀਸ ਦੀ ਚੌਂਕੀ ਬਿਠਾ ਦਿੱਤੀ ਗਈ ਕਿ ਇਹ ਬਾਗੀਆਂ ਦਾ ਪਿੰਡ ਹੈ। ਪਿੰਡ ਦੇ ਲੋਕਾਂ ਨੇ ਪੁਲੀਸ ਦਾ ਬਾਈਕਾਟ ਕਰ ਦਿੱਤਾ। ਦੁਕਾਨਦਾਰ ਉਹਨਾਂ ਨੂੰ ਸੌਦਾ ਨਾ ਦੇਣ। ਸੌਦਾ ਬਾਹਰੋਂ ਮੰਗਵਾਉਣ। ਵਜ਼ੀਰ ਸਿੰਘ ਦਾ ਖੂਹ ਵਗ ਰਿਹਾ ਸੀ। ਪੁਲੀਸ ਵਾਲੇ ਸਵੇਰੇ-ਸਵੇਰੇ ਜੰਗਲ ਪਾਣੀ ਹੋ ਕੇ, ਨਹਾਉਣ ਧੋਣ ਲਈ ਖੂਹ ਵੱਲ ਤੁਰ ਪਏ। ਵਜ਼ੀਰ ਸਿੰਘ ਨੇ ਝੱਟਪੱਟ ਬਲਦ ਛੱਡੇ, ਮਾਹਲ ਦੀ ਰੇੜੀ ਕੱਢੀ, ਟਿੰਡਾਂ ਖੂਹ ਵਿਚ ਸੁੱਟ ਦਿੱਤੀਆਂ। ਪੈੜ ਵਿਚੋਂ ਗੋਹਾ ਚੁੱਕ ਕੇ ਚੁਬੱਚੇ ਵਿਚ ਘੋਲ ਦਿੱਤਾ। ਆਪਣਾ ਆਰਥਿਕ ਨੁਕਸਾਨ ਕਰਵਾ ਕੇ ਵਜ਼ੀਰ ਸਿੰਘ ਬਾਈਕਾਟ ਤੇ ਪੂਰਾ ਉਤਰਿਆ। ਪਿੰਡ ਦੇ ਮੋਹਤਬਰਾਂ ਤੇ ਮੁਕੱਦਮੇ ਚਲਾਏ ਅਤੇ ਮੋਰੋਂ ਦੇ ਇਕ ਆਨਰੇਰੀ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕਰਨ। ਉਹ ਸਾਰਾ ਦਿਨ ਬਹਾ ਛੱਡੇ, ਸ਼ਾਮ ਨੂੰ ਤਾਰੀਖ ਦੇ ਕੇ ਤੋਰ ਦੇਵੇ, ਤੰਗ ਕਰੇ। ਤੰਗ ਹੋਇਆ ਜੱਥਾ ਇਕ ਦਿਨ ਪੇਸ਼ੀ ਸਮੇਂ ਜਾਂਦਿਆਂ ਹੀ ਕਚਹਿਰੀ ਵਿਚ ਬਿਨਾਂ ਅਵਾਜ਼ ਪੈਣ ਤੋਂ ਜਾ ਘੁਸਿਆ। ਵਲੈਤੀ ਰਾਮ ਮੁੰਢਾ ਲੰਗੋਟ ਕੱਸ ਕੇ ਡੰਡ ਕੱਢਣ ਲੱਗ ਪਿਆ। ਮੈਜਿਸਟਰੇਟ ਦੇ ਟੋਕਣ ਤੇ ਬੋਲਿਆ : 'ਸੁਣ ਉਇ ਅਨਪੜ੍ਹ ਮੈਜਿਸਟਰੇਟਾਂ! ਸਾਨੂੰ ਕੈਦ ਕਰ ਨਹੀਂ ਤਾਂ ਅਸੀਂ ਨਹੀਂ ਜਾਣਾ। ਇਥੇ ਹੀ ਬੈਠਕਾਂ ਕੱਢਾਂਗੇ।" ਸਭ ਨੂੰ ਤਿੰਨ-ਤਿੰਨ ਮਹੀਨੇ ਦੀ ਸਜ਼ਾ ਹੋ ਗਈ।

ਬਾਬਾ ਬਿਲਗਾ ਨੇ ਮਹਾਰਾਜਾ ਨਾਭਾ ਬਾਰੇ ਦੱਸਿਆ ਹੈ ਕਿ ਬੇਸ਼ਕ ਪਟਿਆਲਾ ਰਾਜੇ ਨੇ ਸਿੱਖਾਂ ਵਿਰੁੱਧ ਜੰਗਾਂ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ ਪਰ ਨਾਭਾ ਵਾਲੇ ਨੇ ਇੰਜ ਨਹੀਂ ਕੀਤਾ। ਜਦੋਂ ਭਾਰਤ ਦੀ ਆਰਜ਼ੀ ਹਕੂਮਤ ਦੇ ਪ੍ਰਧਾਨ ਰਾਜਾ ਮਹਿੰਦਰ ਪਰਤਾਪ ਨੇ, ਗ਼ਦਰ ਲਹਿਰ ਸਮੇਂ, ਭਾਰਤ ਦੇ ਰਾਜਿਆਂ ਨੂੰ ਗ਼ਦਰ ਵਿਚ ਸ਼ਾਮਿਲ ਹੋਣ ਲਈ ਕਾਬਲ ਤੋਂ ਪੱਤਰ ਲਿਖੇ ਤਾਂ ਹੋਰ ਰਿਆਸਤਾਂ ਦੇ ਰਾਜਿਆਂ ਨਵਾਬਾਂ ਨੇ, ਇਹ ਖ਼ਤ ਅੰਗਰੇਜ਼ ਰੈਜੀਡੈਂਟਾਂ ਦੇ ਹਵਾਲੇ ਕਰਕੇ ਨੇਕਨਾਮੀ ਖੱਟੀ। ਸਿਰਫ਼ ਨਾਭਾ ਦੇ ਰਾਜੇ ਰਿਪੁਦਮਨ ਸਿੰਘ ਨੇ ਇਹ ਖ਼ਤ ਰੈਜੀਡੈਂਟ ਨੂੰ ਨਾ ਦਿੱਤਾ।

ਉਹ ਮਹਾਰਾਜ ਹੀਰਾ ਸਿੰਘ ਦਾ ਪੁੱਤਰ ਸੀ ਜਿਸਨੇ ਇਕ ਸਮੇਂ ਸਤਿਗੁਰੂ ਰਾਮ ਸਿੰਘ ਦੀ ਕੂਕਾ ਲਹਿਰ ਵਿਚ ਵੀ ਦਾਖਲਾ ਲੈ ਲਿਆ ਸੀ। ਰਾਜਾ ਨਾਭਾ ਦੇ ਸ਼ੱਕੀ ਕਿਰਦਾਰ ਕਾਰਨ, ਉਸਨੂੰ ਅੰਗਰੇਜ਼ਾਂ ਨੇ ਗੱਦੀਉਂ ਲਾਹ ਦਿੱਤਾ ਸੀ। ਇਸ ਤੋਂ ਬਾਅਦ ਜੈਤੋ ਦਾ ਮੋਰਚਾ ਬਹੁਤ ਭਖਿਆ ਸੀ।

ਬਾਬਾ ਬਿਲਗਾ ਜੀ ਵਾਲੀ ਪਿੰਡ ਬਿਲਗੇ ਦੀ ਪੁਸਤਕ ਵਿਚ ਪ੍ਰੋ. ਬੁੱਟਰ ਨੇ ਗ਼ਦਰ ਪਾਰਟੀ, ਕਾਂਗਰਸ, ਕਿਰਤੀ ਕਮਿਊਨਿਸਟ, ਅਕਾਲੀ ਦਲ ਆਦਿ ਮੋਰਚਿਆਂ ਵਿਚ ਹਿੱਸਾ ਲੈਣ ਵਾਲੇ 87 ਯੋਧਿਆਂ ਦੇ ਨਾਮ ਲਿਖੇ ਹਨ ਜਿਨ੍ਹਾਂ ਵਿਚੋਂ 1914-15 ਵਾਲੀ ਪਹਿਲੀ ਗ਼ਦਰ ਲਹਿਰ ਵਿਚ ਭਾਗ ਲੈਣ ਵਾਲੇ 10 ਸੱਜਣ ਅਤੇ 1925 ਤੋਂ ਬਾਅਦ ਵਾਲੀ ਦੂਜੀ ਗ਼ਦਰ ਲਹਿਰ ਵਿਚ ਬਾਬਾ ਜੀ ਸਮੇਤ ਤਿੰਨ ਵਿਅਕਤੀ ਸਨ। ਇਹ ਪੁਸਤਕ ਆਜ਼ਾਦੀ ਸੰਗਰਾਮ ਦਾ ਅਹਿਮ ਦਸਤਾਵੇਜ਼ ਹੈ।

"ਮੇਰੇ ਸੰਗਰਾਮੀ ਸਾਥੀ" ਪੁਸਤਕ ਬਾਬਾ ਜੀ ਦੇ ਦੇਹਾਂਤ ਤੋਂ ਬਾਅਦ ਛਪੀ ਜਿਸ ਦੇ ਸੰਪਾਦਕ ਪ੍ਰੋ. ਗੋਪਾਲ ਸਿੰਘ ਬੁੱਟਰ ਲਿਖਦੇ ਹਨ, "ਮੈਨੂੰ ਬਾਬਾ ਜੀ ਦੇ ਨਜ਼ਦੀਕ ਰਹਿਣ ਦਾ 1984 ਤੋਂ ਲੈ ਕੇ ਉਨ੍ਹਾਂ ਦੇ ਆਖ਼ਰੀ ਸਮੇਂ ਤੱਕ ਦਾ ਅਵਸਰ ਮਿਲਿਆ ਹੈ, ਮੈਂ ਨੇੜਿਉਂ ਦੇਖਿਆ, ਉਨ੍ਹਾਂ ਦੇ ਮਨ ਵਿਚ ਖੁਦਗਰਜ਼ੀਆਂ ਵਿਚੋਂ ਉਪਜੀਆਂ ਕਮੀਨਗੀਆਂ ਦੇ ਖਿਲਾਫ਼ ਸ਼ਦੀਦ ਰੋਹ ਸੀ। ਉਨ੍ਹਾਂ ਦੀ ਸਾਰੀ ਜ਼ਿੰਦਗੀ ਗ਼ੁਲਾਮੀ, ਨਾਬਰਾਬਰੀ, ਬੇਗਾਨਗੀ ਤੇ ਸ਼ੋਸ਼ਣ ਦੇ ਖਿਲਾਫ਼ ਵਿਦਰੋਹ ਦਾ ਝੰਡਾ ਬੁਲੰਦ ਰੱਖਦਿਆਂ ਹੀ ਗੁਜ਼ਰੀ ਹੈ। ਉਨ੍ਹਾਂ ਦੇ ਮਨ ਵਿਚ ਨਿਮਾਣਿਆਂ, ਨਿਤਾਣਿਆਂ, ਹਰ ਲਿਹਾਜ਼ ਨਾਲ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਮਾਸੂਮ ਕਿਰਤੀਆਂ, ਨੇਕ ਇਨਸਾਨਾਂ, ਅਗਾਂਹਵਧੂ ਜੁਝਾਰੂਆਂ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਅਥਾਹ ਮੋਹ ਸੀ।

"ਬਾਬਾ ਬਿਲਗਾ ਜੀ ਨੇ ਜਿੱਥੇ ਆਜ਼ਾਦੀ ਸੰਗਰਾਮ ਦੇ ਇਨਕਲਾਬੀ ਸੰਘਰਸ਼ ਵਿਚ ਇਕ ਨਾਇਕ ਵਜੋਂ ਭੂਮਿਕਾ ਨਿਭਾ ਕੇ ਰੌਂਗਟੇ ਖੜੇ ਕਰਨ ਵਾਲਾ ਇਨਕਲਾਬੀ ਇਤਿਹਾਸ ਸਿਰਜਿਆ ਹੈ, ਉੱਥੇ ਉਨ੍ਹਾਂ ਨੇ ਆਪਣੇ ਮੁੱਲਵਾਨ ਇਤਿਹਾਸ ਅਤੇ ਆਪਣੇ ਸਾਥੀਆਂ ਦੇ ਮਹਾਨ ਕਾਰਨਾਮਿਆਂ ਨੂੰ ਲਿਖਤੀ ਰੂਪ ਵਿਚ ਸੰਭਾਲਣ ਦੇ ਮਨੋਰਥ ਨਾਲ, ਅੱਖੀਂ ਡਿੱਠੇ ਤੇ ਹੱਡੀਂ ਹੰਢਾਏ ਇਤਿਹਾਸ ਨੂੰ ਲਿਖਣ ਦਾ ਮਹਾਨ ਕਾਰਜ ਵੀ ਆਪਣੇ ਹੱਥਾਂ ਵਿਚ ਲਿਆ ਸੀ।"

ਇਸ ਪੁਸਤਕ ਵਿਚ ਬਾਬਾ ਜੀ ਨੇ ਆਪਣੇ ਤੋਂ ਪਹਿਲੇ ਮੁਕਤੀ ਯੋਧਿਆਂ ਭਾਈ ਮਹਾਰਾਜ ਸਿੰਘ, 1857 ਦੀ ਵੀਰਾਂਗਣਾ ਰਾਣੀ ਝਾਂਸੀ, ਤਾਂਤੀਆ ਤੋਪੇ, ਬੇਗ਼ਮ ਹਜ਼ਰਤ ਮਹੱਲ ਪਹਿਲੇ ਵਿਦਰੋਹ ਦਾ ਹੀ ਜਨਰਲ ਬਖ਼ਤ ਖਾਂ, ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੀ ਨਾਮਧਾਰੀ ਲਹਿਰ ਬਾਰੇ ਅਤੇ ਆਪਣੇ ਸਮਕਾਲੀ ਇਨਕਲਾਬੀਆਂ ਸਰਦਾਰ ਅਜੀਤ ਸਿੰਘ, ਸੂਫੀ ਅੰਬਾ ਪਰਸਾਦ, ਗ਼ਦਰ ਲਹਿਰ ਤੇ ਲਾਲਾ ਹਰਦਿਆਲ, ਭਾਈ ਸੰਤੋਖ ਸਿੰਘ ਧਰਦਿਓ, ਗ਼ਦਰੀ ਬਾਬਾ ਸੰਤਾ ਸਿੰਘ ਗੰਡੀਵਿੰਡ, ਜਥੇਦਾਰ ਬਾਬਾ ਇੰਦਰ ਸਿੰਘ ਵੇਰਕਾ, 'ਮੇਰਾ ਭਾਈ' ਸ਼ਹੀਦ ਬਾਬਾ ਬੂਝਾ ਸਿੰਘ, ਤੇਜਾ ਸਿੰਘ ਸੁਤੰਤਰ, ਕਾ. ਜਸਵੰਤ ਸਿੰਘ ਕੈਰੋਂ, ਸ਼ਹੀਦ ਊਧਮ ਸਿੰਘ, ਸ਼ਹੀਦ ਮੇਵਾ ਸਿੰਘ ਲੋਪੋਕੇ, ਚੌਧਰੀ ਅਫਜ਼ਲ ਹੱਕ, ਕਾ. ਮੀਰ ਅਬਦੁੱਲ ਮਜੀਦ "ਲਾਹੌਰੀ" ਆਦਿ ਬਾਰੇ ਸੰਖੇਪ ਪਰ ਸਟੀਕ ਜਾਣਕਾਰੀ ਅਤੇ ਉਹਨਾਂ ਦੇ ਵਿਅਕਤਤਿਵ ਨਾਲ ਨਿਆਂ ਕਰਦੀਆਂ ਰਚਨਾਵਾਂ ਸ਼ਾਮਿਲ ਕੀਤੀਆਂ। ਆਪਣੀ ਕਿਤਾਬ "ਮੇਰਾ ਵਤਨ" ਉਹਨਾਂ ਨੇ ਜਦੋਂ ਪਾਕਿਸਤਾਨ ਟੁਰ ਗਏ ਸਾਥੀ ਮੁਬਾਰਕ ਸਾਗਰ ਨੂੰ ਸਮਰਪਿਤ ਕੀਤੀ ਸੀ ਤਾਂ ਕਈਆਂ ਨੇ ਸੁਆਲ ਉਠਾਏ ਕਿ

ਤੁਹਾਡੇ ਪਰਿਵਾਰ ਦੀਆਂ ਬਹੁਤ ਕੁਰਬਾਨੀਆਂ ਹਨ, ਪੁਸਤਕ ਉਹਨਾਂ ਨੂੰ ਸਮਰਪਣ ਕਿਉਂ ਨਹੀਂ ਕੀਤੀ ਤਾਂ ਬਾਬਾ ਜੀ ਨੇ ਦੱਸਿਆ ਕਿ ਉਹ ਸਾਰੀ ਉਮਰ ਦੇਸ਼ ਦੀ ਆਜ਼ਾਦੀ ਅਤੇ ਮਿਹਨਤਕਸ਼ ਗ਼ਰੀਬ ਲੋਕਾਂ ਦੀ ਸੇਵਾ ਵਿਚ ਡਟਿਆ ਰਿਹਾ ਸੀ। 1947 ਵਿਚ ਉਹ ਇਕ ਮੋਰਚੇ ਸਦਕਾ ਜਲੰਧਰ ਜੇਲ੍ਹ ਵਿਚ ਸੀ। ਜੇਲ੍ਹ ਵਿਚੋਂ ਪਾਕਿਸਤਾਨ ਭੇਜ ਦਿੱਤਾ।

ਬਾਬਾ ਬਿਲਗਾ ਸਾਰੀਆਂ ਖੱਬੀਆਂ ਧਿਰਾਂ ਦੀ ਵਿਸ਼ਾਲ ਏਕਤਾ ਦੇ ਮੁਦਈ ਸਨ। ਅੱਜ ਦੇ ਕਾਰਪੋਰੇਟ ਸੈਕਟਰ ਨੂੰ ਉਤਸ਼ਾਹਿਤ ਕਰਨ ਵਾਲੀਆਂ ਲੋਕ ਦੋਖੀ ਆਰਥਿਕ ਨੀਤੀਆਂ ਵਿਰੁੱਧ ਜੂਝਣ ਲਈ, ਪੂੰਜੀ ਦੀ ਸਰਦਾਰੀ ਦਾ ਜੂਲਾ ਉਖਾੜ ਸੁੱਟਣ ਲਈ, ਉਹ ਦੇਸ਼ ਦੀ ਜੁਆਨੀ ਨੂੰ ਗ਼ਦਰ ਲਹਿਰ ਦੀ ਇਕ ਹੋਰ ਐਡੀਸ਼ਨ ਕੱਢਣ ਦੀ ਸਲਾਹ ਦਿੰਦੇ ਸਨ। ਉਹ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀ ਰਾਖੀ ਲਈ ਤਾਅ ਉਮਰ ਸਰਗਰਮ ਰਹੇ। ਉਹਨਾਂ ਦਾ ਮਿਸਾਲੀ ਜੀਵਨ ਸਾਡੀ ਧਰੋਹਰ ਹੈ ਅਤੇ ਉਹਨਾਂ ਦੀਆਂ ਲਿਖਤਾਂ ਪ੍ਰੇਰਣਾ ਦੇ ਸੋਮੇ ਹਨ।

### ਸਹਾਇਕ ਪੁਸਤਕ ਸੂਚੀ


1. ਗ਼ਦਰ ਲਹਿਰ ਦੇ ਅਣਫੋਲੇ ਵਰਕੇ- ਬਾਬਾ ਭਗਤ ਸਿੰਘ ਬਿਲਗਾ
2. ਮੇਰਾ ਵਤਨ- ਬਾਬਾ ਬਿਲਗਾ
3. ਮੇਰੀ ਸੋਚ ਮੇਰੀ ਸਮਝ- ਬਾਬਾ ਬਿਲਗਾ
4. ਨਿਰਭੈ ਯੋਧੇ ਬਾਬਾ ਗੁਰਮੁਖ ਸਿੰਘ ਦੀ ਜੀਵਨੀ- ਬਾਬਾ ਬਿਲਗਾ
5. ਇਤਿਹਾਸਕ ਪਿੰਡ ਬਿਲਗਾ (ਸੰਪਾ. ਗੋਪਾਲ ਸਿੰਘ ਬੁੱਟਰ)
6. ਮੇਰੇ ਸੰਗਰਾਮੀ ਸਾਥੀ-ਭਗਤ ਸਿੰਘ ਬਿਲਗਾ (ਸੰਪਾ. ਗੋਪਾਲ ਸਿੰਘ ਬੁੱਟਰ)
7. ਜੀਵਨੀ ਬਾਬਾ ਭਗਤ ਸਿੰਘ ਬਿਲਗਾ (ਸੰਪਾ. ਜਸਬੀਰ ਕੌਰ ਗਿੱਲ)


***

# ਬਾਬਾ ਭਗਤ ਸਿੰਘ ਬਿਲਗਾ : ਸੰਗਤ ਅਤੇ ਸਬਕ

- ਸਤਨਾਮ ਚਾਨਾ

ਬਾਬਾ ਭਗਤ ਸਿੰਘ ਬਿਲਗਾ ਨੂੰ ਸਭ ਤੋਂ ਪਹਿਲਾਂ ਓਦੋਂ ਦੇਖਿਆ ਸੀ ਜਦੋਂ ਉਹ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਵਿਧਾਨ ਸਭਾ ਲਈ ਚੋਣ ਮੁਹਿੰਮ ਦੌਰਾਨ, ਨੂਰਮਹਿਲ ਦੀ ਇੱਕ ਸਟੇਜ ਤੇ ਬੋਲ ਰਹੇ ਸਨ। ਓਦੋਂ ਅਜੇ ਮੈਂ ਹਾਈ ਸਕੂਲ ਹੀ ਪਾਸ ਕੀਤਾ ਸੀ ਅਤੇ ਸੂਝ ਅੱਖਾਂ ਖੋਲ੍ਹ ਰਹੀ ਸੀ। ਪਰ ਉਨ੍ਹਾਂ ਨੂੰ ਨੇੜੇ ਤੋਂ ਓਦੋਂ ਜਾਣਿਆ ਜਦੋਂ ਉਨ੍ਹਾਂ ਨੇ ਆਪਣੀ ਪਹਿਲੀ ਪੁਸਤਕ "ਗ਼ਦਰ ਲਹਿਰ ਦੇ ਅਣਫੋਲੇ ਵਰਕੇ" ਲਿਖੀ ਸੀ। ਨੂਰਮਹਿਲ ਵਿਚ ਉਨ੍ਹਾਂ ਦਾ ਲੱਛੇਦਾਰ ਭਾਸ਼ਣ ਸੁਣਕੇ ਮੈਂ ਬੇਹੱਦ ਪ੍ਰਭਾਵਿਤ ਹੋਇਆ ਸਾਂ ਜਿਸਦੇ ਕੁਝ ਫਿਕਰੇ ਮੈਨੂੰ ਅੱਜ ਵੀ ਯਾਦ ਹਨ। ਭਾਸ਼ਣ 'ਚ ਵਰਤੇ ਗਏ ਅਲੰਕਾਰਾਂ ਤੇ ਵਿਚਾਰਾਂ ਦੀ ਡੱਬੀਦਾਰ ਬੁਣਤੀ ਭਾਵਕ ਕਰਨ ਵਾਲੀ ਸੀ ਅਤੇ ਭਾਸ਼ਾ ਉਪਰ ਮਿਕਨਾਤੀਸੀ ਪਕੜ ਸੀ।

ਭਗਤ ਸਿੰਘ ਬਿਲਗਾ ਬਾਰੇ ਪਹਿਲੇ ਪ੍ਰਭਾਵ ਗ੍ਰਹਿਣ ਕਰਨ ਤੋਂ ਤਕਰੀਬਨ 32 ਸਾਲਾਂ ਬਾਅਦ, ਬਾਬਾ ਬਿਲਗਾ ਨੇ ਜਦੋਂ ਆਪਣੀ ਪਹਿਲੀ ਪੁਸਤਕ ਦੇ ਖਰੜੇ ਦੀ ਮੁੜ "ਲਿਖਾਈ, ਸੁਧਾਈ ਅਤੇ ਜ਼ੁਬਾਨਦਾਨੀ" ਕਰਨ ਲਈ ਮੈਨੂੰ ਕਿਹਾ ਤਾਂ ਮੈਂ ਹੱਕਾ ਬੱਕਾ ਹੀ ਰਹਿ ਗਿਆ ਸਾਂ ਕਿਉਂਕਿ, ਇਕ ਤਾਂ ਮੈਂ ਇਤਿਹਾਸਕਾਰੀ ਦੀ ਰਮਜ਼ ਤੋਂ ਅਣਜਾਣ ਸਾਂ ਦੂਜਾ ਮੇਰੇ ਧੁਰ ਅੰਦਰ ਬਾਬਾ ਬਿਲਗਾ ਦੀ ਸੂਝ ਦਾ ਗਹਿਰਾ ਪ੍ਰਭਾਵ ਸੀ ਜਿਸ ਕਾਰਨ, ਇਸ ਕਾਰਜ ਲਈ ਮੈਨੂੰ ਆਪਣਾ ਆਪ ਸਤਈ ਲੱਗਾ ਸੀ। ਆਪਣੀ ਹੀਣ ਭਾਵਨਾ ਲੁਕਾਉਣ ਦੇ ਯਤਨ ਵਿਚ ਮੈਂ ਕਹਿ ਬੈਠਾ, "ਬਾਬਾ ਜੀ ਇਹ ਮੇਰੀ ਔਕਾਤ ਤੋਂ ਬਹੁਤਾ ਵੱਡਾ ਕੰਮ ਹੈ"। ਅਗਲੀ ਗ਼ਲਤੀ ਮੈਂ ਇਹ ਕਰ ਦਿੱਤੀ ਕਿ ਇਸ ਕਾਰਜ ਲਈ ਦੋ ਵੱਡੇ ਨਾਮ ਵੀ ਤਜਵੀਜ਼ ਕਰ ਦਿੱਤੇ ਜਿਨ੍ਹਾਂ ਵਿਚ ਇੱਕ ਉੱਚ ਕੋਟੀ ਦਾ ਕਮਿਊਨਿਸਟ ਆਗੂ ਅਤੇ ਇੱਕ ਨਾਮੀਂ ਕਮਿਊਨਿਸਟ ਪੱਤਰਕਾਰ ਸਨ। ਸੁਣਦਿਆਂ ਹੀ ਬਾਬਾ ਬਿਲਗਾ ਦਾ ਸੁਭਾਵਕ ਠਰ੍ਹੰਮਾ ਅਲੋਪ ਹੋ ਗਿਆ। ਉਹ ਗੁੱਸੇ 'ਚ ਬੋਲੇ, "ਮੈਂ ਇਨ੍ਹਾਂ ਸਾਰਿਆਂ ਨੂੰ ਜਾਣਦਾਂ। ਤੂੰ ਮੇਰਾ ਕੰਮ ਕਰਨਾ ਕਿ ਨਹੀਂ?" ਬੱਸ ਇਹ ਘੁਰਕੀ ਹੀ ਮੇਰੇ ਲਈ ਯਾਦਗਾਰੀ ਪਲ ਹੋ ਨਿਬੜੇ 'ਤੇ ਇਸ ਤੋਂ ਅਗੇ ਅਰੰਭ ਹੋਇਆ ਸਬਕਾਂ ਦਾ ਸਫ਼ਰ। ਇਹ ਖ਼ੂਬਸੂਰਤ 'ਹਾਦਸਾ 1988 ਦੇ ਮਗਰਲੇ ਦਿਨੀ ਜਾਂ ਸ਼ਾਇਦ 1989 ਦੇ ਮੁੱਢਲੇ ਦਿਨੀ ਵਾਪਰਿਆ ਸੀ। ਫੇਰ, ਜਿਉਂ ਜਿਉਂ ਖਰੜੇ ਤੇ ਕੰਮ ਅੱਗੇ ਵਧਦਾ ਗਿਆ ਮੈਨੂੰ ਬਾਬਾ ਬਿਲਗਾ ਦੇ ਗੁੱਸੇ ਦਾ ਕਾਰਨ ਸਮਝ ਆਉਂਦਾ ਗਿਆ। ਅਸਲ ਵਿਚ ਇਸ ਛੋਟੀ ਜਹੀ ਘੁਰਕੀ ਦੇ ਪਿੱਛੇ ਵੱਡਾ ਇਤਿਹਾਸ ਛੁਪਿਆ ਹੋਇਆ ਸੀ।

ਖਰੜਾ ਬੋਲ ਰਿਹਾ ਸੀ ਕਿ ਭਗਤ ਸਿੰਘ ਬਿਲਗਾ ਨੇ ਰਾਜਨੀਤਕ ਜੰਗ ਲੜਦਿਆਂ, ਗ਼ਦਰ ਲਹਿਰ ਉੱਤੇ ਹੋਏ ਸੱਤਾ ਦੇ ਅਤਿਆਚਾਰ ਦਾ ਬਣਦਾ ਹਿੱਸਾ ਤਾਂ ਸਹਾਰਿਆ ਹੀ ਸੀ ਪਰ ਅੰਤਰ-ਲਹਿਰ ਵਿਚਾਰਧਾਰਕ ਕਸ਼ਮਕਸ਼ ਵਿੱਚ ਆਪਣੇ ਹੀ ਸਾਥੀਆਂ ਵੱਲੋਂ ਦਿੱਤੀ ਡੂੰਘੀ ਮਾਨਸਿਕ ਪੀੜਾ ਵੀ ਹੰਢਾਈ ਸੀ। ਉਨ੍ਹਾਂ ਨੇ ਰਾਜਨੀਤੀ ਵਿਚ ਪਹਿਲਾ ਪੈਰ ਧਰਨ ਤੋਂ ਵੀ ਪਹਿਲਾਂ, ਅਲ੍ਹੜ ਉਮਰ ਵਿੱਚ "ਵਾਇਸਰਾਏ ਹਾਏ ਹਾਏ" ਕਹਿ ਕੇ ਹੈੱਡ ਮਾਸਟਰ ਦੇ ਡੰਡੇ ਖਾਧੇ ਸਨ ਅਤੇ ਰਾਜਨੀਤੀ ਦੀ ਘਮਾਸਾਨ ਜੰਗ ਦੌਰਾਨ ਸੂਝ ਦੇ ਸਿਖ਼ਰ ਤੇ ਪਹੁੰਚ ਕੇ ਜਦੋਂ ਉਨ੍ਹਾਂ "ਪੀਪਲਜ਼ ਵਾਰ" ਦੀ ਨੀਤੀ ਤੇ ਸਵਾਲ ਉਠਾਉਂਦਿਆਂ ਕਿਹਾ ਕਿ "ਲੋਕਾਂ ਨੇ ਪਾਰਟੀ ਨੀਤੀ ਪਸੰਦ ਨਹੀਂ ਕੀਤੀ" ਤਾਂ ਫੀਤੀਆਂ ਉਤਾਰ ਲਈਆਂ ਗਈਆਂ ਤੇ "ਬਿਲਗੇ ਜਾ ਕੇ ਖੇਤੀ ਕਰਨ" ਦਾ ਹੁਕਮ ਲਾ ਦਿੱਤਾ ਗਿਆ। ਇਹ ਕਾਰਵਾਈ ਓਦੋਂ ਹੋਈ ਜਦੋਂ "ਪੀਪਲਜ਼ ਵਾਰ" ਦੀ ਨੀਤੀ ਦੇ ਮਾਰੂ ਨਤੀਜੇ ਵੀ ਸਾਹਮਣੇ ਆ ਚੁੱਕੇ ਸਨ। ਇਤਿਹਾਸ ਨੇ ਕਈ ਮਸਲਿਆਂ ਤੇ ਬਾਬਾ ਬਿਲਗਾ ਨੂੰ ਤੇ ਉਨ੍ਹਾਂ ਦੇ ਹਮਸਮਝ ਸਾਥੀਆਂ ਨੂੰ ਸਹੀ ਸਾਬਤ ਕੀਤਾ ਸੀ ਪਰ ਹਰਜਾਨੇ ਦੀ ਭਰਪਾਈ ਕਦੇ ਨਾ ਹੋਈ। ਫੇਰ ਵੀ, ਭਗਤ ਸਿੰਘ ਬਿਲਗਾ ਨੇ ਅਨੁਸ਼ਾਸਨ ਵਿਚ ਰਹਿੰਦਿਆਂ ਆਪਣੀ ਅਜ਼ਾਦ ਸਮਝ ਕਦੇ ਨਾ ਤਿਆਗੀ ਭਾਵੇਂ ਉਨ੍ਹਾਂ ਨੂੰ ਕਿਸੇ ਵੀ ਸਥਿਤੀ ਦਾ ਸਾਹਮਣਾ ਕਰਨਾ ਪਿਆ। ਏਥੋਂ ਤੱਕ ਕਿ ਉਹ ਸਮੇਂ ਸਮੇਂ ਤੇਜਾ ਸਿੰਘ ਸੁਤੰਤਰ ਦੀ ਵੀ ਆਲੋਚਨਾ ਕਰਨ ਤੋਂ ਨਾ ਝਿਜਕੇ ਜਿਸ ਦੇ ਕਿ ਉਹ ਸ਼ਰਧਾਲੂਆਂ ਵਰਗੇ ਪੈਰੋਕਾਰ ਸਨ। ਇਸ ਦਾ ਪ੍ਰਗਟਾਵਾ ਬਾਬਾ ਬਿਲਗਾ ਦੀ ਲਿਖਤ ਵਿਚ ਵੀ ਹੁੰਦਾ ਹੈ ਜਦੋਂ ਉਹ ਕਹਿੰਦੇ ਹਨ, "ਉਸੇ ਤੇਜਾ ਸਿੰਘ ਨੂੰ ਲਾਲ ਪਾਰਟੀ ਬਣਾਉਣੀ ਪਈ ਜੋ ਕੈਂਬਲਪੁਰ ਜੇਲ੍ਹ ਵਿਚੋਂ ਏਕਤਾ ਦੀਆਂ ਅਪੀਲਾਂ ਕਰਦਾ ਸੀ" ਆਦਿ। ਭਗਤ ਸਿੰਘ ਬਿਲਗਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਇਹ ਦੁਵੱਲੀ ਜੱਦੋ ਜਹਿਦ ਸਾਮਰਾਜੀ ਗੁਲਾਮੀਂ ਖਤਮ ਹੋਣ ਨਾਲ ਖਤਮ ਨਹੀਂ ਹੋ ਗਈ ਸੀ ਸਗੋਂ ਨਿਰੰਤਰ ਜਾਰੀ ਰਹੀ ਸੀ। ਇੰਝ ਪ੍ਰਤੀਤ ਹੁੰਦਾ ਹੈ ਕਿ ਇੱਕ ਸਮੇਂ ਸਥਾਪਤ ਹੋਏ ਜਥੇਬੰਦਕ ਸਲੀਕੇ ਦਾ ਵਿਰਸਾ ਅੱਗੇ ਤੋਂ ਅਗੇ ਚਲਦਾ ਰਿਹਾ। ਇਹ ਸਲੀਕਾ ਬੇਤਰਸ ਗੁਟਬੰਦੀ ਦਾ ਸਲੀਕਾ ਸੀ ਜੋ ਵਿਚਾਰਾਂ ਦੇ ਅਦਾਨਪ੍ਰਦਾਨ ਦੀ ਵਿਧੀ ਉੱਪਰ ਭਾਰੂ ਹੋ ਗਿਆ ਸੀ। ਦ੍ਰਿਸ਼ਟੀਕੋਣ ਅਪਨਾਉਣ ਦੇ ਕੋਣ ਵਖਰੇ ਸਥਾਪਤ ਹੋ ਗਏ ਸਨ ਜਿਸ ਕਾਰਨ ਬਾਬਾ ਬਿਲਗਾ ਦੇ ਚਿੰਤਨ ਵਿਚ ਇਸ ਧਾਰਨਾ ਨੇ ਪੱਕੀ ਥਾਂ ਬਣਾਈ ਹੋਈ ਸੀ ਕਿ "ਮੈਂ ਇਨ੍ਹਾਂ ਸਾਰਿਆਂ ਨੂੰ ਜਾਣਦਾਂ"। ਉਨ੍ਹਾਂ ਨੇ "ਗਦਰ ਲਹਿਰ ਦੇ ਅਣਫੋਲੇ ਵਰਕੇ" ਵਿਚ, ਹੰਢਾਈ ਹੋਈ ਜ਼ਿੰਦਗੀ 'ਚੋਂ ਸਥਾਪਤ ਹੋਈਆਂ ਧਾਰਨਾਵਾਂ, ਸੰਕਲਪ ਅਤੇ ਘਟਨਾਵਾਂ ਦਾ, ਵਿਸਰਦਾ ਜਾ ਰਿਹਾ ਰਿਕਾਰਡ ਰਜਿਸਟਰ ਕਰਨੇ ਸਨ । ਲੱਗਦਾ ਹੈ ਕਿ ਇਤਿਹਾਸ ਅਜੇ ਥੋੜਾ ਹੋਰ ਠਹਿਰਕੇ ਫੈਸਲਾ ਕਰੇਗਾ ਕਿ ਇਨ੍ਹਾਂ ਕ੍ਰਾਂਤੀਕਾਰੀਆਂ ਦੀ, ਸਾਮਰਾਜ ਵਿਰੁੱਧ ਅਤੇ ਬਾਅਦ ਵਿਚ ਸਮਾਜਵਾਦ ਲਈ ਲੜਾਈ ਵਧੇਰੇ ਕਠਨ ਸੀ ਜਾਂ ਆਪਣੇ ਹੀ ਸਾਥੀਆਂ ਅੰਦਰਲੀ ਵਿਚਾਰਧਾਰਕ ਕਸ਼ਮਕਸ਼ ਤੇ ਜਥੇਬੰਦਕ ਲੜਾਈ ਵਧੇਰੇ ਕਠਨ ਸੀ।

ਇਸ ਤਰ੍ਹਾਂ,"ਗ਼ਦਰ ਲਹਿਰ ਦੇ ਅਣਫੋਲੇ ਵਰਕੇ" ਦੇ ਖਰੜੇ ਤੇ ਕੰਮ ਕਰਦਿਆਂ ਮੇਰੇ ਚਿੰਤਨ ਵਿਚ ਬਹੁਤ ਸਾਰੇ ਪ੍ਰਸ਼ਨ ਉਤਪੰਨ ਹੋਏ ਸਨ ਜੋ ਅਜੇ ਵੀ ਅਣਸੁਲਝੇ ਪਏ ਹਨ। ਅਜ਼ਾਦੀ ਦੀ ਜੰਗ ਵਿਚ ਗ਼ਦਰੀਆਂ ਉੱਪਰ ਹੋਇਆ ਬੇਮੇਚ ਅਤਿਆਚਾਰ, ਜਿੱਥੇ ਅਧਿਅਨ ਦਾ ਅਤਿਅੰਤ ਮਹੱਤਵਪੂਰਨ ਵਿਸ਼ਾ ਹੈ ਉੱਥੇ ਵੱਖ ਵੱਖ ਪੜਾਵਾਂ ਦੀ ਸਮਕਾਲੀ ਲੀਡਰਸ਼ਿਪ ਦੇ ਵਿਚਾਰਧਾਰਕ

ਪਸਾਰ ਉਸ ਤੋਂ ਵੀ ਵੱਧ ਮਹੱਤਵਪੂਰਨ ਮੁੱਦਾ ਪ੍ਰਤੀਤ ਹੁੰਦਾ ਹੈ। ਕ੍ਰਾਂਤੀਕਾਰੀ ਲਹਿਰ ਦੀਆਂ ਸਫ਼ਲਤਾਵਾਂ ਤੇ ਅਸਫ਼ਲਤਾਵਾਂ ਦੇ ਪ੍ਰਸੰਗ ਵਿਚ ਵਿਚਾਰਧਾਰਕ ਅਤੇ ਰਾਜਨੀਤਕ ਪੈਂਤੜੇਬਾਜ਼ੀ ਦੀ ਭੂਮਿਕਾ ਵਿਸ਼ਲੇਸ਼ਣ ਦਾ ਵਿਸ਼ਾ ਹੈ। ਹਰ ਪੜਾ ਦੀ ਭਾਰੂ ਲੀਡਰਸ਼ਿਪ ਦੀ ਦਾਰਸ਼ਨਿਕ ਅਤੇ ਰਾਜਨੀਤਕ ਸਮਝ, ਸਮੇਂ ਸਮੇਂ ਪੈਦਾ ਕੀਤੇ ਹਾਂ ਪੱਖੀ ਜਾਂ ਨਾਂਹ ਪੱਖੀ ਨਤੀਜਿਆਂ ਦਾ ਕਾਰਨ ਹੈ। ਕ੍ਰਾਂਤੀਕਾਰੀ ਲਹਿਰ ਦੀ ਉੱਚੀ ਉਡਾਰੀ ਅਤੇ ਡੂੰਘੇ ਗੋਤੇ ਦੇਖੇ ਜਾ ਸਕਦੇ ਹਨ। ਇਨ੍ਹਾਂ ਉਤਰਾਵਾਂ-ਚੜ੍ਹਾਂਵਾਂ ਦੇ ਸਬੱਬ ਅਤੇ ਆਧਾਰ, ਬਦਲਦੇ ਹੋਏ ਰਾਜਨੀਤਕ ਪੈਂਤੜੇ ਪ੍ਰਤੀਤ ਹੁੰਦੇ ਹਨ।

ਸੰਕੇਤ ਮਾਤਰ ਚੰਦ ਕੁ ਨੁਕਤਿਆਂ ਤੇ ਨਜ਼ਰ ਵੀ ਮਾਰੀ ਜਾ ਸਕਦੀ ਹੈ। ਪੁਸਤਕ ਵਿਚ ਬਾਬਾ ਬਿਲਗਾ ਨੇ ਅੰਕਤ ਕੀਤਾ ਹੈ ਕਿ ਜਦੋਂ ਉਨ੍ਹਾਂ ਵਲੋਂ ਇਹ ਕਿਹਾ ਗਿਆ, "ਅੰਗਰੇਜ਼ ਨੂੰ ਰਹਿਣ ਨਹੀਂ ਦੇਣਾ, ਜਪਾਨ ਜਰਮਨ ਆਉਣ ਨਹੀ ਦੇਣਾ" ਤਾਂ ਸੂਬਾ ਕਮੇਟੀ ਵਲੋਂ ਆਲੋਚਨਾ ਕੀਤੀ ਗਈ। "ਕਾਮਰੇਡ ਸੋਹਣ ਸਿੰਘ ਜੋਸ਼ ਨੇ ਕਿਹਾ, ਹਕੂਮਤ ਤੇਰੀਆਂ ਤਕਰੀਰਾਂ ਬਰਦਾਸ਼ਤ ਨਹੀਂ ਕਰੇਗੀ"। ਇਸੇ ਤਰ੍ਹਾਂ ਵੱਖ ਵੱਖ ਪੜਾਵਾਂ ਤੇ ਵਾਪਰੀਆਂ ਰਾਜਨੀਤਕ ਘਟਨਾਵਾਂ ਦੇ ਪ੍ਰਸੰਗ ਵਿਚ ਕਿਰਤੀਆਂ ਅਤੇ ਕਮਿਊਨਿਸਟਾਂ, ਜਿਨ੍ਹਾਂ ਨੂੰ ਬਾਬਾ ਬਿਲਗਾ ਆਫੀਸ਼ਲ ਕਮਿਊਨਿਸਟ ਕਹਿੰਦੇ ਹਨ, ਵਿਚਕਾਰ ਵਿਚਾਰਾਂ ਦੀ ਭਿੰਨਤਾ ਉਭਰਦੀ ਰਹੀ ਸੀ ਜਿਸ ਨੂੰ, ਸ਼ਾਇਦ ਗੁੱਟਬੰਦੀ ਦੇ ਪ੍ਰਿਜ਼ਮ ਵਿਚੋਂ ਦੇਖਣ ਦੀ ਰਵਾਇਤ ਬਣ ਗਈ ਸੀ ਜਿਸ ਦਾ ਨਤੀਜਾ ਇੱਕ ਜਾਂ ਦੂਜੇ ਕ੍ਰਾਂਤੀਕਾਰੀ ਲਈ ਮਾਨਸਿਕ ਪੀੜਾ ਦਾ ਕਾਰਨ ਵੀ ਬਣਦਾ ਰਿਹਾ। ਇਥੇ ਕਮਿਊਨਿਸਟ ਆਗੂਆਂ ਅਤੇ ਕਿਰਤੀ ਆਗੂਆਂ ਦੇ ਵਿਚਾਰਧਾਰਕ ਭੇੜ ਦੀਆਂ ਪਰਤਾਂ ਉਲੱਦਣ ਦੀ ਲੋੜ ਹੈ ਕਿਉਂਕਿ ਅਨੇਕਾਂ ਹੀ ਸੰਕੇਤ ਅਜਿਹੇ ਪ੍ਰਾਪਤ ਹਨ ਜੋ ਇਸ ਦੇ ਪ੍ਰਭਾਵਾਂ ਦੀ ਗਹਿਰਾਈ ਮਾਪਣ ਵਿਚ ਸਹਾਇਤਾ ਕਰ ਸਕਦੇ ਹਨ। ਮਸਲਨ, ਬਾਬਾ ਬਿਲਗਾ ਦੱਸਦੇ ਹਨ: "ਕਿਰਤੀ ਪਾਰਟੀ ਦੇ ਖਿਲਾਫ਼ ਬਿਆਨ ਦੇਣ ਵਾਲੇ ਨੂੰ ਇਹ ਪਾਰਟੀ ਲਾਇਲਟੀ ਦਾ ਖ਼ਿਤਾਬ ਦਿੰਦੇ ਸਨ ਅਤੇ ਦੂਜਿਆਂ ਨੂੰ ਗੁਟਬੰਦਕ ਗਰਦਾਨਿਆ ਜਾਂਦਾ ਸੀ" "ਲਿਖਤੀ ਤੌਰ 'ਤੇ ਸੁਤੰਤਰ ਨੂੰ ਗ਼ਦਾਰ ਕਹੋ। ਭਗਤ ਸਿੰਘ ਬਿਲਗਾ ਵਲੋਂ ਇਨਕਾਰ ਕਰ ਦੇਣ ਤੇ ਇਕਬਾਲ ਨੇ ਮੌਕੇ ਤੇ ਹੀ ਉਸਨੂੰ ਪਾਰਟੀ 'ਚੋਂ ਖਾਰਜ ਕਰ ਦਿੱਤਾ"। ਪੰਜਾਬ ਦੇ ਆਫੀਸ਼ਲ ਕਮਿਊਨਿਸਟ ਭਾਵੇਂ ਪਹਿਲੇ ਹੱਲੇ ਹੀ ਹੁੰਝੇ ਗਏ ਸਨ ਪਰ ਉਨ੍ਹਾਂ ਵਿਚ 'ਪਾਰਟੀ ਹਮ ਹੈਂ ਦੀ ਹਉਮੈਂ ਭਾਰੂ ਸੀ"। ਜਦੋਂਕਿ "ਕਿਰਤੀ ਪਾਰਟੀ ਜੰਗ ਵਿਚ ਬਹੁਤ ਵਧ ਗਈ"ਸੀ ਅਦਿ।

ਬਾਬਾ ਭਗਤ ਸਿੰਘ ਬਿਲਗਾ ਨੇ ਗਦਰੀਆਂ ਦੀ ਸਿਆਸੀ ਸੂਝ ਅਤੇ ਔਕਸਫੋਰਡੀਅਨ ਵਿਦਵਤਾ ਵਿਚਲੇ ਅੰਤਰ ਵੱਲ ਵੀ ਜ਼ੋਰਦਾਰ ਸੰਕੇਤ ਕੀਤੇ ਹਨ। ਉਹ ਕਹਿੰਦੇ ਹਨ ਕਿ "ਵਹਿਮ ਪਾਇਆ ਹੋਇਆ ਸੀ ਕਿ ਗ਼ਦਰੀ ਅਤੇ ਕਿਰਤੀ ਅਨਪੜ੍ਹ ਹਨ"। ਕਾਮਰੇਡ ਵਧਾਵਾ ਰਾਮ ਦੇ ਹਵਾਲੇ ਨਾਲ ਬਾਬਾ ਬਿਲਗਾ ਦੱਸਦੇ ਹਨ ਕਿ, "ਇਨ੍ਹਾਂ ਨੂੰ ਸਿਆਸਤ ਨਹੀਂ ਸੀ ਆਉਂਦੀ ਤੇ ਸਾਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ"। ਓਦੋਂ ਇਹ ਮੰਨਿਆਂ ਜਾਂਦਾ ਸੀ ਕਿ, "ਅੰਗਰੇਜ਼ੀ ਯੂਨੀਵਰਸਟੀਆਂ ਦਾ ਗਰੈਜੂਏਟ ਹੀ ਕਮਿਊਨਿਸਟ ਲੀਡਰ ਹੋ ਸਕਦਾ"। ਭਗਤ ਸਿੰਘ ਬਿਲਗਾ ਨੇ ਗਦਰੀ ਕਮਿਊਨਿਸਟ ਨੇਤਾਵਾਂ ਵਲੋਂ ਆਪਣੇ ਤੌਰ 'ਤੇ ਅਪਣਾਈਆਂ ਨੀਤੀਆਂ ਦੇ ਨਤੀਜਿਆਂ ਵਜੋਂ ਪੈਦਾ ਹੋਏ ਜੰਤਕ ਉਭਾਰਾਂ ਦੀ ਤਫ਼ਸੀਲ ਦਿੱਤੀ ਹੈ ਅਤੇ "ਆਫੀਸ਼ਲ" ਕਮਿਊਨਿਸਟ ਨੇਤਾਵਾਂ ਦੀਆਂ ਨੀਤੀਆਂ ਕਾਰਨ ਲਹਿਰ ਨੂੰ ਆਏ ਗੋਤਿਆਂ ਦਾ ਵੀ ਖੁਲਾਸਾ

ਕੀਤਾ ਹੈ। ਇਸ ਪ੍ਰਸੰਗ ਵਿਚ ਇਤਿਹਾਸ ਦੇ ਸਾਰੇ ਤਿੱਖੇ ਮੋੜ ਵਿਸ਼ਲੇਸ਼ਣ ਦਾ ਵਿਸ਼ਾ ਹਨ ਜੋ ਕਿ "ਗ਼ਦਰ ਲਹਿਰ ਦੇ ਅਣਫੋਲੇ ਵਰਕੇ" ਦਾ ਨਿਚੋੜ ਪ੍ਰਤੀਤ ਹੁੰਦਾ ਹੈ। ਇਸ ਪੁਸਤਕ ਨੂੰ ਛਪਿਆਂ 25 ਸਾਲ ਹੋ ਗਏ ਹਨ ਅਤੇ ਦੋ ਐਡੀਸ਼ਨ ਆ ਚੁਕੇ ਹਨ।

ਇਸੇ ਤਰ੍ਹਾਂ ਹੀ ਜੇਕਰ ਗ਼ਦਰ ਲਹਿਰ ਦੇ ਮੁੱਢਲੇ ਸਮਿਆਂ ਤੋਂ ਲਏ ਜਾਂਦੇ ਰਹੇ ਫੈਸਲਿਆਂ ਤੇ ਨਜ਼ਰਸਾਨੀ ਕਰੀਏ ਤਾਂ ਪਤਾ ਲਗੇਗਾ ਕਿ ਫੈਸਲੇ ਲੈਣ ਸਮੇਂ ਪ੍ਰਮੁੱਖ ਆਗੂ ਆਪਣੀ ਆਪਣੀ ਰਾਏ ਪ੍ਰਗਟਾਉਂਦੇ ਰਹੇ ਸਨ। ਜਿਨ੍ਹਾਂ ਫੈਸਲਿਆਂ ਦੇ ਬਾਅਦ ਵਿਚ ਭਿਆਨਕ ਨਤੀਜੇ ਨਿਕਲੇ ਜਾਂ ਸਾਰਥਕ ਨਤੀਜੇ ਨਿਕਲੇ, ਉਨ੍ਹਾਂ ਵਿਰੁੱਧ ਵੀ ਰਾਏ ਪ੍ਰਗਟ ਕੀਤੀ ਜਾਂਦੀ ਰਹੀ ਸੀ। ਇਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਮੁੱਦੇ ਬਾਬਾ ਬਿਲਗਾ ਨੇ ਯਾਦ ਵੀ ਕੀਤੇ ਹਨ ਅਤੇ ਬਾਕੀਆਂ ਨੂੰ ਫਰੋਲਣ ਦੀ ਲੋੜ ਹੈ। ਜਿਵੇਂ ਕਿ ਭਗਤ ਸਿੰਘ ਬਿਲਗਾ ਦੱਸਦੇ ਹਨ, "ਪੰਜਾਬ ਦੇ ਗ਼ਦਰੀਆਂ ਨੂੰ ਉਨ੍ਹਾਂ ਦੀ ਤੰਗਦਸਤੀ ਨੇ ਬੰਗਾਲੀਆਂ ਦੀ ਰਾਏ 'ਤੇ ਚਲਣ ਲਈ ਮਜ਼ਬੂਰ ਕਰ ਦਿੱਤਾ ਸੀ। ਗ਼ਦਰੀ ਹਾਈ ਕਮਾਂਡ ਦੀ ਮੀਟਿੰਗ ਲੁਧਿਆਣਾ ਜ਼ਿਲ੍ਹੇ ਵਿਚ ਕਿਤੇ ਹੋਈ ਜਿਥੇ ਪੁਲਿਟੀਕਲ ਡਾਕੇ ਮਾਰਨ ਦਾ ਮਸਲਾ ਵਿਚਾਰ ਅਧੀਨ ਆਇਆ ਬਾਬਾ ਨਧਾਨ ਸਿੰਘ ਚੁਘਾ ਨੇ ਇਸ ਦੀ ਮੁਖਾਲਫ਼ਤ ਕੀਤੀ ਸੀ ਪਰ ਬਹੁਮੱਤ ਇਸ ਦੇ ਹੱਕ ਵਿਚ ਸੀ"। ਇਸੇ ਤਰ੍ਹਾਂ , "ਤੇਜਾ ਸਿੰਘ ਚਾਹੁੰਦਾ ਸੀ ਕਿ ਗ਼ਦਰੀ ਜਥਿਆਂ ਨੂੰ ਗੁਰੀਲਾ ਲੜਾਈ ਦੀ ਟਰੇਨਿੰਗ ਦੇ ਕੇ ਸਿੱਧਾ ਮੁਲਕ ਭੇਜਿਆ ਜਾਵੇ। ਰਤਨ ਸਿੰਘ ਦਾ ਵਿਚਾਰ ਸੀ ਕਿ ਫੌਜੀ ਟਰੇਨਿੰਗ ਦੇ ਨਾਲ ਨਾਲ ਰਾਜਸੀ ਸੂਝ ਦੀ ਵੀ ਲੋੜ ਹੈ। ਇਸ ਬਾਰੇ ਫੈਸਲਾ ਅੱਗੇ ਪਾ ਦਿੱਤਾ ਗਿਆ ਅਤੇ ਸਾਰੇ ਆਪਣੀਆਂ ਆਪਣੀਆਂ ਡਿਊਟੀਆਂ ਤੇ ਚਲੇ ਗਏ"। ਪਰ ਲੱਗਦਾ ਹੈ, ਇਕ ਵਿਸ਼ੇਸ਼ ਪੜਾਅ ਤੇ ਪਹੁੰਚਕੇ ਅਜ਼ਾਦ ਰਾਏ ਪ੍ਰਗਟ ਕਰਨਾ ਬੁਰਾ ਸਮਝਿਆ ਜਾਣ ਲੱਗਾ ਸੀ। ਇਸ ਤਰ੍ਹਾਂ ਦੇ ਸੰਕੇਤ ਜੋ ਬਾਬਾ ਬਿਲਗਾ ਨੇ ਅੰਕਤ ਕੀਤੇ ਹਨ ਉਹ ਇੱਕ ਧਾਰਨਾ ਪੈਦਾ ਕਰਦੇ ਹਨ ਕਿ ਅਜ਼ਾਦੀ ਦੀ ਲੜਾਈ ਅਤੇ ਬਾਅਦ ਵਿਚ ਲੜੀ ਗਈ ਸਮਾਜਵਾਦ ਦੀ ਲੜਾਈ ਦੇ ਤਿੱਖੇ ਮੋੜਾਂ ਸਮੇਂ ਪ੍ਰਮੁੱਖ ਰਹਿਨੁਮਾਵਾਂ ਦੀ ਨਿੱਜੀ ਰਾਏ ਅਤੇ ਵੱਖ ਵੱਖ ਗਰੁੱਪਾਂ ਦੀ ਆਪਣੀ ਆਪਣੀ ਰਾਏ ਦਾ ਵੀ ਤਫ਼ਸੀਲੀ ਅਧਿਅਨ ਕਰਨ ਦੀ ਲੋੜ ਹੈ ਅਤੇ ਅਸਿਹਮਤੀ ਦੀ ਸੂਰਤ ਵਿਚ ਅਪਣਾਈ ਜਾਂਦੀ ਰਹੀ ਪਹੁੰਚ ਦੀਆਂ ਉਦਾਹਰਣਾਂ ਇਕੱਤਰ ਕਰਨ ਦੀ ਵੀ ਲੋੜ ਹੈ।

ਸਾਨੂੰ ਦੋ ਬਰਤਾਨਵੀ ਹਾਕਮਾਂ ਦੇ ਕਥਨਾਂ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਗਵਰਨਰ ਉਡਵਾਇਰ ਕਹਿੰਦਾ ਹੈ, "ਅਸੀਂ ਜਿਨ੍ਹਾਂ (ਗਦਰੀਆਂ) ਨੂੰ ਸਧਾਰਨ ਬੰਦੇ ਸਮਝਕੇ ਛੱਡ ਦਿੱਤਾ ਸੀ ਉਹ ਬਹੁਤ ਹੀ ਖਤਰਨਾਕ ਨਿਕਲੇ। ਜੇਕਰ ਅਸੀਂ ਅਵੇਸਲੇ ਹੁੰਦੇ ਤਾਂ ਉਨ੍ਹਾਂ ਨੇ ਸਾਡਾ ਰਾਜ ਉਲਟਾ ਦੇਣਾ ਸੀ"। ਇਹ ਕਥਨ ਕਮਿਊਨਿਸਟ ਪਾਰਟੀ ਦੀ ਸਥਾਪਨਾ ਹੋਣ ਤੋਂ ਇੱਕ ਦਹਾਕਾ ਪਹਿਲਾਂ ਵਾਲੇ ਗਦਰੀ ਕ੍ਰਾਂਤੀਕਾਰੀਆਂ ਬਾਰੇ ਹੈ। ਦੂਜੇ ਪਾਸੇ ਬਰਤਾਨਵੀ ਸੂਹੀਆ ਏਜੰਸੀ ਦਾ ਡਾਇਰੈਕਟਰ ਸਰ ਡੇਵਿਡ ਪੈਟਰੀ ਕਹਿੰਦਾ ਹੈ, "ਗ਼ਦਰ ਲਹਿਰ ਇੱਕ ਨਿਰੰਤਰ ਇਨਕਲਾਬੀ ਸਾਜ਼ਿਸ਼ ਹੈ"। ਇਹ ਦੋਵੇਂ ਦ੍ਰਿਸ਼ਟੀਕੋਣ ਲਹਿਰ ਦਾ ਅਧਿਅਨ ਕਰਨ ਲਈ ਵਿਧੀ ਸੁਝਾਉਂਦੇ ਹਨ। ਰਾਜ ਉਲਟਾਉਣ ਦੀ ਸਮੱਰਥਾ ਰੱਖਣ ਵਾਲੀ ਨਿਰੰਤਰ ਵਿਚਾਰਧਾਰਾ ਉਹ ਹੀ ਹੋ ਸਕਦੀ ਹੈ ਜਿਸ ਦਾ ਦਾਰਸ਼ਨਿਕ ਅਧਾਰ ਵਿਗਿਆਨਕ ਹੋਵੇ।

ਇਸ ਤਰ੍ਹਾਂ ਬਾਬਾ ਭਗਤ ਸਿੰਘ ਬਿਲਗਾ ਵਲੋਂ ਮਿਲੀ ਘੂਰਕੀ ਨੂੰ ਮੈਂ ਕ੍ਰਾਂਤੀਕਾਰੀ ਲਹਿਰ

ਦੀਆਂ ਸਿਲਸਿਲੇਵਾਰ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਪਰਖਣ ਦਾ ਯਤਨ ਕਰਦਾ ਆ ਰਿਹਾ ਹਾਂ ਕਿਉਂਕਿ ਬਾਬਾ ਬਿਲਗਾ ਕ੍ਰਾਂਤੀਕਾਰੀ ਲਹਿਰ ਦੀ ਲੀਡਰਸ਼ਿਪ ਦੇ ਉਸ ਹਿੱਸੇ ਦਾ ਮਹੱਤਵਪੂਰਨ ਹਿੱਸਾ ਰਹੇ ਸਨ ਜਿਸ ਦੀ ਸਮੇਂ ਸਮੇਂ ਦਿੱਤੀ ਅਗਵਾਈ ਨੇ ਲਹਿਰ ਨੂੰ ਉਭਾਰਨ ਵਾਲੇ ਨਤੀਜੇ ਪੈਦਾ ਕੀਤੇ ਸਨ।

***

# ਇੰਗਲੈਂਡ 'ਚ ਵੀ ਇਤਿਹਾਸ ਰਚਿਆ

-ਸਰਵਣ ਜ਼ਫ਼ਰ

ਬਾਬਾ ਜੀ ਦਾ ਮੁੱਖ ਤੌਰ 'ਤੇ 1976 ਤੋਂ ਇੰਗਲੈਂਡ ਆਉਣਾ-ਜਾਣਾ ਸ਼ੁਰੂ ਹੋਇਆ। ਉਨ੍ਹਾਂ ਦੇ ਦੋ ਬੇਟੇ ਕਾਮਰੇਡ ਕੁਲਬੀਰ ਸਿੰਘ ਸੰਘੇੜਾ ਅਤੇ ਪ੍ਰੇਮ ਸਿੰਘ ਪਾਸ ਉਨ੍ਹਾਂ ਦਾ ਬਸੇਰਾ ਹੁੰਦਾ ਸੀ ਅਤੇ ਸਾਊਥਾਲ ਵਿੱਚ ਕਾਮਰੇਡ ਵਿਸ਼ਨੂੰ ਦੱਤ ਸ਼ਰਮਾ ਜੀ ਦਾ ਘਰ (43 ਲੇਡੀ ਮਾਰਗਰੇਟ ਰੋਡ) ਵੀ ਉਨ੍ਹਾਂ ਦਾ ਟਿਕਾਣਾ ਹੁੰਦਾ ਸੀ, ਕਿਉਂਕਿ ਉਹ ਕਮਿਊਨਿਸਟ ਤੇ ਕਿਰਤੀ ਪਾਰਟੀਆਂ ਵਿੱਚ ਉਨ੍ਹਾਂ ਦੇ ਸਾਥੀ ਰਹੇ ਸਨ। ਜੇਲ੍ਹਾਂ ਕੱਟਣ ਤੇ ਅੰਡਰਗਰਾਊਂਡ ਸਰਗਰਮੀਆਂ ਵਿੱਚ ਵੀ ਉਹ ਮਿਲ ਕੇ ਚੱਲੇ।

ਇੰਗਲੈਂਡ 'ਚ ਉਨ੍ਹਾਂ ਦੇ ਦੋ ਮੁੱਖ ਕੇਂਦਰ ਸਨ, ਬਰਮਿੰਘਮ ਅਤੇ ਸਾਊਥਾਲ। ਜਿੱਥੋਂ ਉਹ ਦੇਸ਼ ਭਗਤੀ ਅਤੇ ਖੱਬੀ ਸਿਆਸੀ ਸੋਚ ਦੇ ਅਮਲ ਨੂੰ ਸਾਥੀਆਂ ਦੇ ਭਰਪੂਰ ਇਕੱਠਾਂ ਵਿਚ ਸਰਗਰਮ ਰੱਖਦੇ ਸਨ। ਇੰਗਲੈਂਡ ਵਿੱਚ ਉਨ੍ਹਾਂ ਆਪਣੇ ਵੱਖ-ਵੱਖ ਸਮਿਆਂ ਦੇ ਦੌਰਿਆਂ ਵਿਚ ਇੱਥੋਂ ਦੇ ਖੱਬੇ ਭਾਰਤੀ ਗਰੁੱਪਾਂ ਦੇ ਮਿਲ ਕੇ ਚੱਲਣ ਦੇ ਉਪਰਾਲੇ ਕੀਤੇ ਅਤੇ ਫਿਰ ਇੱਕ ਪਲੇਟਫਾਰਮ ਉੱਤੇ ਇਕੱਠੇ ਹੋਣ ਦੇ ਸਫ਼ਲ ਯਤਨ ਕੀਤੇ। ਪਹਿਲਾਂ-ਪਹਿਲਾਂ ਦੇਸ਼ ਭਗਤ ਯਾਦਗਾਰ ਦੀ ਉਸਾਰੀ ਨੂੰ ਮੁਕੰਮਲ ਕਰਨ ਲਈ ਇੱਥੇ ਵੱਸਦੇ ਭਾਰਤੀਆਂ ਨੂੰ ਉਤਸ਼ਾਹਤ ਕੀਤਾ। ਭਾਰਤੀ ਮਜ਼ਦੂਰ ਸਭਾ (ਜੀ ਬੀ) ਅਤੇ ਸਾਊਥਾਲ ਦੇ ਸਰਗਰਮ ਸਾਥੀਆਂ ਤੇ ਜਥੇਬੰਦੀਆਂ ਰਾਹੀਂ ਵੱਡੇ-ਵੱਡੇ ਫੰਡ ਇਕੱਠੇ ਕਰਵਾਏ। ਦੇਸ਼ ਭਗਤ ਯਾਦਗਾਰ ਦੇ ਆਡੀਟੋਰੀਅਮ ਹਾਲ ਦੀ ਉਸਾਰੀ ਨੂੰ ਮੁਕੰਮਲ ਕਰਨ ਲਈ ਇੱਥੋਂ ਦੇ ਭਾਰਤੀਆਂ ਤੋਂ ਵੱਡਾ ਹਿੱਸਾ ਪਵਾਇਆ। ਲੰਗਰ ਹਾਲ ਦੀ ਉਸਾਰੀ ਵਿੱਚ ਵੀ ਅਹਿਮ ਹਿੱਸਾ ਪਾਇਆ।

ਪੰਜਾਬ ਵਿਚ ਫਿਰਕੂ ਜਨੂੰਨ ਦੀ ਹਨੇਰੀ ਝੁੱਲਣ ਸਮੇਂ ਇੰਗਲੈਂਡ ਵਿੱਚ ਵੀ ਇਸ ਦੇ ਵਾ-ਵਰੋਲੇ ਆਏ। ਯੂਰਪ ਦੇ ਕਈ ਸ਼ਹਿਰਾਂ ਵਿੱਚ ਖ਼ਾਲਿਸਤਾਨ ਨਾਂਅ ਦੇ ਗਰੁੱਪਾਂ ਨੇ ਗੁਰਦੁਆਰਿਆਂ ਨੂੰ ਅੱਡੇ ਬਣਾ ਕੇ ਖ਼ੂਬ ਵਰਤਿਆ। ਸਿੱਖਾਂ ਦੇ ਹੱਕਾਂ ਦੀ ਰਾਖੀ ਦੇ ਪਰਦੇ ਉਹਲੇ ਉਨ੍ਹਾਂ ਫਿਰਕੂ ਨਫ਼ਰਤ ਅਤੇ ਹਿੰਸਕ ਵਾਰਦਾਤਾਂ ਦਾ ਰਸਤਾ ਧਾਰਨ ਕੀਤਾ ਅਤੇ ਭਾਰਤ ਅੰਦਰ ਹਿੰਸਕ ਤੇ ਨਫ਼ਰਤ ਫੈਲਾਉਣ ਦੀਆਂ ਸਰਗਰਮੀਆਂ ਲਈ ਮਦਦ ਵੀ ਭੇਜੀ। ਇਹ ਇੰਗਲੈਂਡ ਵਿਚ ਵਸਦੇ ਭਾਰਤੀਆਂ ਦੇ ਸੈਕੂਲਰ ਤੇ ਖੱਬੇ ਗਰੁੱਪ ਹੀ ਸਨ, ਜਿਨ੍ਹਾਂ ਨੇ ਮਿਲ ਕੇ ਫਿਰਕੂ ਜਨੂੰਨ ਵਿਰੁੱਧ ਮੁਹਿੰਮ ਖੜ੍ਹੀ ਕੀਤੀ ਤੇ ਉਨ੍ਹਾਂ ਦਾ ਰਾਹ ਰੋਕਿਆ। ਬਾਬਾ ਭਗਤ ਸਿੰਘ ਬਿਲਗਾ ਨੇ ਇਨ੍ਹਾਂ ਗਰੁੱਪਾਂ ਦੀ ਅਗਵਾਈ ਕੀਤੀ। ਬਰਮਿੰਘਮ ਤੇ ਸਾਊਥਾਲ 'ਚ ਭਾਰੀ ਇਕੱਠਾਂ ਵਿਚ ਭਾਰਤੀਆਂ ਨੂੰ ਅਮਨ-

ਚੈਨ ਨਾਲ ਮਿਲ ਕੇ ਰਹਿਣ ਅਤੇ ਫ਼ਿਰਕੂ ਜਨੂੰਨੀਆਂ ਦਾ ਸਾਥ ਨਾ ਦੇਣ ਦੀਆਂ ਅਸਰ ਭਰਪੂਰ ਅਪੀਲਾਂ ਕੀਤੀਆਂ। ਕਾਵੈਂਟਰੀ, ਲੈਸਟਰ, ਡਰਬੀ, ਲਮਿੰਗਟਨ, ਵੁਲਵਰਹੈਂਪਟਨ, ਬਰੈਡਫੋਰਡ ਤੇ ਨਿਊਕੈਸਲ ਆਦਿ ਸ਼ਹਿਰਾਂ ਵਿੱਚ ਵੱਡੀਆਂ ਮੀਟਿੰਗਾਂ ਤੇ ਜਲਸਿਆਂ ਵਿੱਚ ਹਿੱਸਾ ਲਿਆ। ਖ਼ਾਲਿਸਤਾਨੀ ਪ੍ਰਚਾਰ ਤੇ ਝੂਠ ਦਾ ਜਵਾਬ ਦਿੱਤਾ। ਸਿੱਖ ਭਾਈਚਾਰੇ ਨੂੰ ਸਿੱਖੀ ਰਵਾਇਤਾਂ ਉੱਤੇ ਪਹਿਰਾ ਦੇਣ ਲਈ ਤਿਆਰ ਕੀਤਾ। ਬਿਲਗਾ ਜੀ ਸਿੱਖੀ ਰਵਾਇਤਾਂ ਤੇ ਗੁਰਬਾਣੀ ਦੇ ਹਵਾਲੇ ਦੇ ਕੇ ਬੜੀ ਤਿੱਖੀ ਆਵਾਜ਼ ਵਿੱਚ ਕਹਿੰਦੇ ਰਹੇ, "ਦਰਸ਼ਨ ਸਿੰਘ ਕੈਨੇਡੀਅਨ ਅਤੇ ਚੰਨਣ ਸਿੰਘ ਧੂਤ ਵਰਗੇ ਸੱਚੇ-ਸੁੱਚੇ ਮਨੁੱਖਾਂ ਨੂੰ ਮਾਰ ਕੇ ਗੁੰਮਰਾਹ ਹੋਏ ਮੁੰਡੇ ਸਿੱਖੀ ਦੀ ਸੇਵਾ ਨਹੀਂ ਕਰ ਰਹੇ, ਸਗੋਂ ਇਨ੍ਹਾਂ ਨੇ ਸਿੱਖੀ ਅਸੂਲਾਂ ਦਾ ਘਾਣ ਕੀਤਾ ਹੈ।"

ਇੱਥੇ ਇਸ ਸਮੇਂ ਦੀ ਇੱਕ ਅਹਿਮ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ। 1987 ਵਿਚ ਖੱਬੇ ਗਰੁੱਪਾਂ ਨੇ ਭਾਰਤੀਆਂ ਦੀ ਏਕਤਾ ਲਈ ਬਰਮਿੰਘਮ ਵਿੱਚ ਇੱਕ ਕਾਨਫ਼ਰੰਸ ਕੀਤੀ ਸੀ, ਜਿਸ ਨੂੰ ਭੰਗ ਕਰਨ ਲਈ ਖ਼ਾਲਿਸਤਾਨੀ ਗਰੁੱਪਾਂ ਨੇ ਹਮਲਾ ਕਰ ਦਿੱਤਾ, ਪਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਅਤੇ ਖੱਬੀ ਸੋਚ ਵਾਲੇ ਸਾਥੀਆਂ ਅਤੇ ਕਾਨਫ਼ਰੰਸ ਸੁਣ ਰਹੇ ਲੋਕਾਂ ਹੱਥੋਂ ਮਾਰ ਖਾ ਕੇ ਉਹ ਭੱਜ ਗਏ ਸਨ। ਕੁਝ ਲੋਕ ਜ਼ਖ਼ਮੀ ਹੋਏ ਤੇ 6 ਕਮਿਊਨਿਸਟ ਸਾਥੀਆਂ ਨੂੰ ਪੁਲਸ ਨੇ ਗ੍ਰਿਫ਼ਤਾਰ ਕੀਤਾ, ਪਰ ਫਿਰਕੂ ਨਫ਼ਰਤ ਫੈਲਾਉਣ ਵਾਲਿਆਂ ਨੂੰ ਇਸ ਕੇਸ ਵਿੱਚ ਵੀ ਹਾਰ ਹੋਈ ਸੀ।

ਇਸ ਕਾਨਫ਼ਰੰਸ ਤੋਂ ਦੋ ਹਫ਼ਤੇ ਬਾਅਦ ਲੋਕਾਂ ਦੇ ਸਹਿਯੋਗ ਨਾਲ ਖੱਬੇ ਗਰੁੱਪਾਂ ਨੇ ਫਿਰ ਕਾਨਫ਼ਰੰਸ ਕੀਤੀ ਤੇ ਭਾਰਤੀਆਂ ਨੂੰ ਫ਼ਿਰਕੂ ਨਫ਼ਰਤ ਤੋਂ ਬਚਣ ਦੀਆਂ ਅਪੀਲਾਂ ਕੀਤੀਆਂ। ਬਾਬਾ ਬਿਲਗਾ ਜੀ ਇਸ ਕਾਨਫ਼ਰੰਸ ਦੇ ਮੁੱਖ ਬੁਲਾਰੇ ਸਨ। ਲੋਕਾਂ ਨੇ ਉਨ੍ਹਾਂ ਦਾ ਸੰਦੇਸ਼ ਘਰ-ਘਰ ਪਹੁੰਚਾਇਆ ਸੀ।

ਬਾਬਾ ਜੀ ਦਾ ਦੂਸਰਾ ਵੱਡਾ ਕੇਂਦਰ ਸਾਊਥਾਲ ਹੁੰਦਾ ਸੀ, ਜਿੱਥੇ ਖ਼ਾਲਿਸਤਾਨੀਆਂ ਦੇ ਫ਼ਿਰਕੂ ਜਾਨੂੰਨ ਤੇ ਨਫ਼ਰਤ ਵਿਰੁੱਧ ਭਾਰੀ ਇਕੱਠ ਹੁੰਦੇ ਰਹੇ। ਖੱਬੀ ਤੇ ਸੈਕੂਲਰ ਸੋਚ ਵਾਲੇ ਗਰੁੱਪਾਂ ਤੇ ਸੰਸਥਾਵਾਂ ਜਿਵੇਂ ਫਰੈਂਡਜ਼ ਆਫ਼ ਸੀ.ਪੀ.ਆਈ., ਭਾਰਤੀ ਮਜ਼ਦੂਰ ਸਭਾ (ਜੀ ਬੀ), ਭਾਰਤੀ ਮਜ਼ਦੂਰ ਸਭਾ ਸਾਊਥਾਲ ਆਦਿ ਵੱਲੋਂ ਵੱਡੇ-ਵੱਡੇ ਚਾਰ ਇਕੱਠ ਕੀਤੇ ਗਏ, ਜਿੱਥੇ ਬਾਬਾ ਜੀ ਨੇ ਖ਼ਾਲਿਸਤਾਨੀ ਪ੍ਰਚਾਰ ਦਾ ਸਿੱਖੀ ਸਿਧਾਂਤਾਂ ਅਨੁਸਾਰ ਜਵਾਬ ਦਿੱਤਾ। ਇਸ ਤਰ੍ਹਾਂ ਬਾਬਾ ਜੀ ਲਗਭਗ ਇਕ ਦਹਾਕੇ ਦਾ ਸਮਾਂ ਇੰਗਲੈਂਡ ਵਿੱਚ ਇਸ ਕਾਲੀ ਹਨੇਰੀ ਵਿਰੁੱਧ ਸਰਗਰਮ ਰਹੇ। ਸਾਊਥਾਲ ਵਿੱਚ ਬਾਬਾ ਜੀ ਫਰੈਂਡਜ਼ ਆਫ਼ ਸੀ.ਪੀ.ਆਈ. ਦੇ ਸਾਥੀਆਂ ਦੇ ਪਰਿਵਾਰਾਂ ਨਾਲ ਪੂਰੀ ਤਰ੍ਹਾਂ ਘੁਲਮਿਲ ਕੇ ਵਿਚਰਦੇ ਰਹੇ ਅਤੇ ਘਰ-ਘਰ ਜਾ ਕੇ ਪਰਿਵਾਰਾਂ ਨੂੰ ਬੱਚਿਆਂ ਵਾਲਾ ਪਿਆਰ ਤੇ ਸਤਿਕਾਰ ਦਿੰਦੇ ਰਹੇ। ਕਾਮਰੇਡ ਵਿਸ਼ਨੂੰ ਦੱਤ ਸ਼ਰਮਾ ਜੀ ਦੇ ਵਿਛੜ ਜਾਣ ਬਾਅਦ ਬਾਬਾ ਜੀ ਦਾ ਬਸੇਰਾ ਹਰਦੀਪ ਦੂਹੜਾ ਦੇ ਘਰ ਹੁੰਦਾ ਸੀ। ਸਮੇਂ-ਸਮੇਂ ਬਾਬਾ ਜੀ ਭਾਰਤ ਤੋਂ ਆ ਕੇ ਇੱਥੇ ਸਾਥੀਆਂ ਦਾ ਸਕੂਲ ਲਾਉਂਦੇ ਅਤੇ ਵਿਚਾਰ-ਵਟਾਂਦਰਾ ਕਰਦੇ।

ਇੰਗਲੈਂਡ ਵਿੱਚ ਸਰਗਰਮ ਸਾਥੀਆਂ ਨੂੰ ਲੋਕਲ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਣ ਦੀ ਪ੍ਰੇਰਨਾ ਦੇਣਾ ਵੀ ਬਾਬਾ ਜੀ ਦਾ ਨੇਮ ਸੀ। ਲੇਬਰ ਪਾਰਟੀ ਦੀ ਹਮਾਇਤ ਕਰਨਾ ਜਾਂ ਲੋਕਲ ਕਮਿਊਨਿਸਟ ਪਾਰਟੀਆਂ ਵਿੱਚ ਸਰਗਰਮ ਹੋਣਾ ਭਾਰਤੀ ਰਾਜਨੀਤੀ ਦੇ ਅਧਾਰ ਉੱਤੇ

ਇੰਗਲੈਂਡ ਵਿੱਚ ਬਣੇ ਵੱਖ-ਵੱਖ ਖੱਬੇ ਗਰੁੱਪਾਂ ਨੂੰ ਮਿਲ ਕੇ ਚੱਲਣ ਅਤੇ ਕਿਸੇ ਸਟੇਜ ਉੱਤੇ ਪਹੁੰਚ ਕੇ ਇੱਕ ਪਲੇਟਫਾਰਮ ਉੱਤੇ ਮਿਲ ਬੈਠਣ ਜਿਹੇ ਅਹਿਮ ਸਵਾਲਾਂ ਬਾਰੇ ਉਹ ਸਾਊਥਾਲ ਤੇ ਬਰਮਿੰਘਮ ਦੇ ਕੇਂਦਰਾਂ ਵਿਚ ਸੀਨੀਅਰ ਸਾਥੀਆਂ ਨਾਲ ਸਦਾ ਹੀ ਖੁੱਲ੍ਹੇ ਵਿਚਾਰ-ਵਟਾਂਦਰੇ ਕਰਦੇ ਰਹੇ। ਇਸ ਮਾਮਲੇ ਵਿੱਚ ਦੋ ਸੀਨੀਅਰ ਸਾਥੀ ਕਾਮਰੇਡ ਵਿਸ਼ਨੂੰ ਦੱਤ ਸ਼ਰਮਾ ਅਤੇ ਬਰਮਿੰਘਮ ਤੋਂ ਕਾਮਰੇਡ ਅਵਤਾਰ ਸਿੰਘ ਜੌਹਲ ਉਨ੍ਹਾਂ ਦੀਆਂ ਇਨ੍ਹਾਂ ਮੀਟਿੰਗਾਂ ਦੇ ਭਾਈਵਾਲ ਹੁੰਦੇ ਸਨ।

ਭਾਰਤੀ ਮਜ਼ਦੂਰ ਸਭਾ (ਜੀ ਬੀ) ਦੇ ਦੋ ਗਰੁੱਪਾਂ ਨੂੰ ਇਕ ਕਰਨ ਵਿੱਚ ਵੀ ਬਾਬਾ ਜੀ ਦਾ ਅਹਿਮ ਰੋਲ ਸੀ। 1991 ਵਿੱਚ ਬਰਮਿੰਘਮ ਵਿਖੇ ਹੋਈ ਕਾਨਫ਼ਰੰਸ ਮੌਕੇ ਬਾਬਾ ਬਿਲਗਾ ਜੀ ਅਤੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵੀ ਉਚੇਚੇ ਤੌਰ 'ਤੇ ਮੌਜੂਦ ਸਨ। ਇਸ ਸਮੇਂ ਦੋਵਾਂ ਸਭਾਵਾਂ ਦੀ ਕੁਆਰਡੀਨੇਸ਼ਨ ਕਮੇਟੀ ਬਣਾ ਦਿੱਤੀ ਗਈ ਸੀ ਅਤੇ ਵੱਖ-ਵੱਖ ਬ੍ਰਾਂਚਾਂ ਭੰਗ ਕਰਕੇ ਸਾਂਝੀਆਂ ਕਮੇਟੀਆਂ ਬਣਾਈਆਂ ਗਈਆਂ ਸਨ।

ਕਾਮਰੇਡ ਅਵਤਾਰ ਸਿੰਘ ਜੌਹਲ ਅਨੁਸਾਰ 1936-37 ਵਿੱਚ ਅਮਰੀਕਾ 'ਚ ਗ਼ਦਰ ਪਾਰਟੀ ਉੱਤੇ ਪਾਬੰਦੀ ਲੱਗਣ ਤੋਂ ਬਾਅਦ ਬਾਬਾ ਬਿਲਗਾ ਜੀ ਪਾਰਟੀ ਦੇ ਅਗਲੇ ਪ੍ਰੋਗਰਾਮ ਸੰਬੰਧੀ ਪੈਰਿਸ ਪਹੁੰਚੇ ਸਨ, ਪਰ ਉਨ੍ਹਾਂ ਦਿਨਾਂ ਵਿੱਚ ਹੀ ਗ਼ਦਰੀਆਂ ਦੀ ਭਾਰਤ ਵਿਚ ਅਹਿਮ ਮੀਟਿੰਗ ਹੋਈ, ਜਿੱਥੋਂ ਬਾਬਾ ਕਰਮ ਸਿੰਘ ਚੀਮਾ ਬਾਬਾ ਬਿਲਗਾ ਜੀ ਦਾ ਸੁਨੇਹਾ ਲੈ ਕੇ ਇੰਗਲੈਂਡ ਪਹੁੰਚੇ ਸਨ ਤੇ 23 ਦਸੰਬਰ 1938 ਨੂੰ ਕਾਵੈਂਟਰੀ 'ਚ ਭਾਰਤੀ ਮਜ਼ਦੂਰ ਸਭਾ ਬਣਾਈ ਗਈ ਸੀ।

✲✲✲

# ਪ੍ਰੇਰਨਾ ਸਰੋਤ ਬਾਬਾ ਬਿਲਗਾ

-ਬਲਬੀਰ ਪਰਵਾਨਾ

ਇਹ ਜੁਲਾਈ 1981 ਦੀ ਗੱਲ ਹੈ। ਕਾਮਰੇਡ ਸੁਹੇਲ ਸਿੰਘ ਦੇ ਕਹਿਣ 'ਤੇ ਮੈਂ ਰੋਜ਼ਾਨਾ 'ਲੋਕ ਲਹਿਰ' 'ਚ ਉਪ ਸੰਪਾਦਕ ਵਜੋਂ ਆਣ ਜ਼ਿੰਮੇਵਾਰੀ ਸੰਭਾਲੀ। ਰਹਿਣ ਲਈ ਟਿਕਾਣਾ ਬਣਿਆ ਦੇਸ਼ ਭਗਤ ਯਾਦਗਾਰ ਹਾਲ ਦੀ ਪਿਛਲੀ ਗਲੀ 'ਚ ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਦਾ ਉੱਪਰਲਾ ਚੁਬਾਰਾ। ਇਹ ਉਦੋਂ ਸੀ.ਪੀ.ਆਈ. (ਐਮ.) ਦਾ ਸੂਬਾਈ ਦਫ਼ਤਰ ਹੁੰਦਾ ਸੀ। ਦਿਨ 'ਲੋਕ ਲਹਿਰ' ਦੇ ਦਫ਼ਤਰ 'ਚ ਨਿਕਲ ਜਾਂਦਾ। ਸ਼ਾਮ ਨੂੰ ਉਥੋਂ ਪੰਜ ਕੁ ਵਜੇ ਮੁੜਦਾ, ਕਦੀ ਤਾਂ ਮੈਂ ਆਪਣੇ ਕਮਰੇ 'ਚ ਆ ਕੇ ਪੜ੍ਹਨ ਲੱਗ ਪੈਂਦਾ ਤੇ ਕਦੀ ਨਾਲ ਦੇਸ਼ ਭਗਤ ਯਾਦਗਾਰ ਹਾਲ 'ਚ ਚਲਿਆ ਜਾਂਦਾ। ਇਸਦੀ ਲਾਇਬਰੇਰੀ ਉਦੋਂ ਮੁੱਖ ਹਾਲ 'ਚ ਹੇਠਾਂ ਸਾਹਮਣੇ ਗੇਟ ਦੇ ਨਾਲ ਹੀ ਹੁੰਦੀ ਸੀ। ਪਹਿਲਾਂ ਦਫ਼ਤਰ ਵਾਲਾ ਪਾਰਟੀਸ਼ਨ ਤੇ ਅੱਗੇ ਲਾਇਬਰੇਰੀ। ਦਫ਼ਤਰ ਸਕੱਤਰ ਗੁਰਮਿੰਦਰ ਬਿਲਗਾ ਨਾਲ ਛੇਤੀ ਹੀ ਮੇਰੀ ਬਣਨ ਲੱਗ ਪਈ। ਉਸ ਕੋਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਰੀਜ਼ਨਲ ਲਾਇਬਰੇਰੀ ਵਾਲਾ ਨਿਰਮਲ, ਆਰਕੀਟੈਕਟ ਸੁਖਦੇਵ ਬੁੱਟਰ ਤੇ ਇਕ ਦੋ ਜਣੇ ਅਕਸਰ ਹੀ ਆਏ ਹੁੰਦੇ। ਗੱਲਾਂ ਮਾਰਨ ਦਾ ਅੱਡਾ ਹੁੰਦਾ ਹਾਲ ਦੇ ਨਾਲ ਹੀ ਉੱਤਰ ਵੱਲ ਦੀ ਪੀਲੀ ਪੁਰਾਣੀ ਕੋਠੀ, ਜਿਸ 'ਚ ਗੁਰਮਿੰਦਰ ਦੀ ਰਿਹਾਇਸ਼ ਸੀ।

ਉਥੇ ਕਦੀ-ਕਦੀ ਬਾਬਾ ਬਿਲਗਾ ਜੀ ਵੀ ਆ ਜਾਂਦੇ ਤੇ ਦੇਸ਼ ਭਗਤ ਯਾਦਗਾਰ ਹਾਲ ਦੇ ਵਿਸਥਾਰ ਸੰਬੰਧੀ ਕਿਸੇ ਨਵੀਂ ਯੋਜਨਾ, ਫੁੱਲ-ਬੂਟੇ ਜਾਂ ਫੁੱਲਦਾਰ ਰੁੱਖ ਲਾਉਣ ਜਾਂ ਫਿਰ ਕਿਸੇ ਗ਼ਦਰੀ ਬਾਬੇ ਬਾਰੇ ਕੋਈ ਨਾ ਕੋਈ ਯਾਦ ਸੁਣਾਉਣ ਲੱਗ ਪੈਂਦੇ। ਇਹ ਸੀ ਸ਼ੁਰੂਆਤ ਬਾਬਾ ਜੀ ਦੀ ਸਖ਼ਸ਼ੀਅਤ ਨਾਲ ਪਹਿਲੀ ਜਾਣ ਪਛਾਣ ਤੇ ਮੁਲਾਕਾਤਾਂ ਦੀ।

ਅਗਸਤ 1983 ਤੱਕ ਮੈਂ ਜਲੰਧਰ, ਲੋਕ ਲਹਿਰ 'ਚ ਰਿਹਾ। ਇਸ ਸਮੇਂ ਦੌਰਾਨ ਅਨੇਕਾਂ ਵਾਰ ਬਾਬਾ ਜੀ ਨੂੰ ਮਿਲਿਆ ਤੇ ਬਹੁਤ ਸਾਰੀਆਂ ਗੱਲਾਂ ਸੁਣਨ/ਕਰਨ ਦਾ ਮੌਕਾ ਮਿਲਿਆ। ਮੇਰੀ ਗ਼ਦਰ ਲਹਿਰ, ਇਸਦੇ ਸ਼ਹੀਦਾਂ, ਮਹੱਤਵਪੂਰਨ ਘਟਨਾਵਾਂ ਨਾਲ ਪਹਿਲੀ ਪਛਾਣ ਬਾਬਾ ਜੀ ਰਾਹੀਂ ਹੀ ਹੋਈ। ਉਦੋਂ ਤੱਕ ਮੈਂ ਗ਼ਦਰ ਲਹਿਰ ਬਾਰੇ ਨਾ ਤਾਂ ਕੁਝ ਪੜ੍ਹਿਆ ਸੀ ਤੇ ਨਾ ਹੀ ਕਿਸੇ ਹੋਰ ਸਰੋਤ ਤੋਂ ਕੋਈ ਬਹੁਤੀ ਜਾਣਕਾਰੀ ਇਸ ਲਹਿਰ ਬਾਰੇ ਸੀ। ਬਾਬਾ ਜੀ ਤੋਂ ਮਿਲੀ ਮੁਢਲੀ ਜਾਣਕਾਰੀ ਤੇ ਬਣੀ ਜਗਿਆਸਾ ਪੂਰਤੀ ਹਿੱਤ ਫਿਰ ਮੈਂ ਲਾਇਬਰੇਰੀ 'ਚੋਂ ਲਹਿਰ ਬਾਰੇ ਕਿਤਾਬਾਂ ਕਢਾ ਕੇ ਵੀ ਪੜ੍ਹਨ ਲੱਗਾ ਤੇ ਕੁਝ ਗ਼ਦਰੀ ਬਾਬਿਆਂ ਦੀਆਂ ਹਾਲ 'ਚ ਪਈਆਂ ਹੱਥ ਲਿਖਤਾਂ/ਡਾਇਰੀਆਂ ਬਾਰੇ ਵੀ ਜਾਣਿਆਂ।

ਅਗਸਤ 1983 'ਚ ਮੈਂ ਲੋਕ ਲਹਿਰ ਛੱਡ ਕੇ ਭਾਵੇਂ ਪਿੰਡ ਚਲਿਆ ਗਿਆ, ਪਰ ਜਲੰਧਰ ਨਾਲ ਜੁੜਿਆ ਰਿਹਾ। ਮਹੀਨੇ, ਦੋ ਮਹੀਨੇ ਬਾਅਦ ਜਦੋਂ ਵੀ ਜਲੰਧਰ ਗੇੜਾ ਲੱਗਦਾ, ਰਾਤ ਅਕਸਰ ਦੇਸ਼ ਭਗਤ ਯਾਦਗਾਰ ਹਾਲ 'ਚ ਗੁਰਮਿੰਦਰ ਕੋਲ ਰੁਕਦਾ ਅਤੇ ਉਥੇ ਬਾਬਾ ਜੀ ਨੂੰ ਮਿਲਣ ਦਾ ਸਬੱਬ ਵੀ ਬਣ ਜਾਂਦਾ। ਬਾਬਾ ਜੀ ਗ਼ਦਰ ਲਹਿਰ ਬਾਰੇ, ਕਿਸੇ ਨਾ ਕਿਸੇ ਕਿਤਾਬ ਬਾਰੇ ਅਕਸਰ ਚਰਚਾ ਕਰਦੇ ਤੇ ਜੇ ਉਹ ਲਾਇਬਰੇਰੀ 'ਚ ਹੁੰਦੀ ਤਾਂ ਮੈਨੂੰ ਪੜ੍ਹਨ ਲਈ ਵੀ ਦੇ ਦੇਂਦੇ। ਇਹ ਕਦੇ ਨਾ ਹੋਇਆ ਕਿ ਮੈਂ ਕੋਈ ਕਿਤਾਬ ਮੰਗੀ ਹੋਵੇ ਤਾਂ ਬਾਬਾ ਜੀ ਨੇ ਦੇਣ ਤੋਂ ਟਾਲਾ ਵੱਟਿਆ ਹੋਵੇ। ਸਗੋਂ ਉਲਟਾ ਹੁੰਦਾ ਕਿ ਕੋਈ ਕਿਤਾਬ ਚਾਹੀ ਤਾਂ ਉਨ੍ਹਾਂ ਨਾਲ ਕੋਈ ਹੋਰ ਕਿਤਾਬ ਸੁਝਾਣੀ "ਇਹ ਵੀ ਪੜ੍ਹ... ਇਹ ਪਹਿਲੀ ਨਾਲ ਜੁੜ ਕੇ ਹੀ ਸਪੱਸ਼ਟ ਹੁੰਦੀ ਹੈ।"

ਮਈ 1989 'ਚ ਮੈਂ ਮੁੜ ਜਲੰਧਰ ਆ ਗਿਆ। ਇਸ ਵਾਰ 'ਨਵਾਂ ਜ਼ਮਾਨਾ' 'ਚ ਉਪ ਸੰਪਾਦਕ ਵਜੋਂ ਆਇਆ ਸਾਂ। ਉਦੋਂ ਮੇਰੀ ਡਿਊਟੀ ਸ਼ਾਮ ਨੂੰ ਖ਼ਬਰਾਂ ਵਾਲੇ ਪਾਸੇ, ਇਕ ਤੋਂ ਅੱਠ ਵਜੇ ਤੱਕ ਹੁੰਦੀ ਸੀ। ਜਲੰਧਰ ਦੋਸਤੀ ਦਾ ਘੇਰਾ ਅਜੇ ਕੋਈ ਬਹੁਤਾ ਬਣਿਆ ਨਹੀਂ ਸੀ ਤੇ ਬਹੁਤਾ ਉੱਠਣ ਬੈਠਣ ਦਾ ਅੱਡਾ ਦੇਸ਼ ਭਗਤ ਯਾਦਗਾਰ ਹੀ ਬਣਿਆ। ਉਥੇ ਕੋਈ ਨਾ ਕੋਈ ਕਾਮਰੇਡ-ਲੇਖਕ ਆਇਆ-ਗਿਆ ਮਿਲ ਜਾਂਦਾ। ਬਾਬਾ ਜੀ ਵੀ ਗ਼ਦਰ ਲਹਿਰ ਨਾਲ ਜੁੜੀ ਕੋਈ ਨਾ ਕੋਈ ਯਾਦ, ਪ੍ਰਸੰਗ ਸੁਣਾ ਦੇਂਦੇ। ਉਹਨਾਂ ਦੀਆਂ ਬਹੁਤੀਆਂ ਗੱਲਾਂ ਲਹਿਰ ਬਾਰੇ, ਇਸਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਤੇ ਕਮਿਊਨਿਸਟ ਲਹਿਰ 'ਤੇ ਕੇਂਦਰਿਤ ਹੁੰਦੀਆਂ।

1992 'ਚ ਜਦੋਂ 'ਮੇਲਾ ਗ਼ਦਰੀ ਬਾਬਿਆਂ ਦਾ' ਸ਼ੁਰੂ ਹੋਇਆ, ਇਹ ਬਾਬਾ ਜੀ ਦੇ ਸੁਪਨਿਆਂ ਦੀ ਉਪਜ ਸੀ ਜਿਸਨੂੰ ਗੁਰਮੀਤ, ਹਰਮੀਤ ਔਜਲਾ, ਪੰਨਾ, ਬਲਬੀਰ ਬਾਸੀ, ਮਹਿੰਦਰ, ਬਾਬਾ ਬਨੂੰਆਣਾ, ਹਰਦਿਆਲ ਨੇਤਾ ਜੀ, ਕਾਮਰੇਡ ਨੌਨਿਹਾਲ ਸਿੰਘ ਤੇ ਹੋਰ ਬਹੁਤ ਸਾਰਿਆਂ ਨੇ ਪ੍ਰਵਾਨ ਚੜ੍ਹਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ। ਮੇਲਾ ਸ਼ੁਰੂ ਹੋਣ ਨਾਲ ਦੇਸ਼ ਭਗਤ ਹਾਲ 'ਚ ਹੋਰ ਸਰਗਰਮੀਆਂ ਵੀ ਵਧਣ ਲੱਗੀਆਂ। ਸ਼ਹਿਰ ਦੇ ਖੱਬੇਪੱਖੀ ਲਹਿਰ ਦੇ ਆਗੂਆਂ, ਕਾਰਕੁੰਨਾਂ ਦੇ ਨਾਲ-ਨਾਲ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਦਾ ਘੇਰਾ ਵੀ ਇਸ ਦੁਆਲੇ ਜੁੜਨ ਲੱਗਾ। ਇਹ ਉਹ ਦੌਰ ਸੀ, ਜਦੋਂ ਹਫ਼ਤੇ 'ਚ ਦੋ ਕੁ ਦਿਨ ਤਾਂ ਮੈਂ ਇਥੇ ਜ਼ਰੂਰ ਹੀ ਜਾਂਦਾ ਸਾਂ।

ਇਹ 1995 ਦੇ ਸ਼ੁਰੂ ਦੀ ਗੱਲ ਹੈ। ਉਦੋਂ ਤੱਕ ਤਿੰਨ ਮੇਲੇ ਹੋ ਚੁੱਕੇ ਸਨ। ਇਕ ਦਿਨ ਮੈਂ ਗਿਆ ਤਾਂ ਬਾਬਾ ਬਿਲਗਾ ਜੀ, ਬਾਬਾ ਜਵਾਲਾ ਸਿੰਘ ਠੱਠੀਆਂ ਦੀ ਹੱਥ ਲਿਖਤ ਪੜ੍ਹ ਰਹੇ ਸਨ। ਉਹ ਫਿਰ ਮੈਨੂੰ ਬਾਬਾ ਜਵਾਲਾ ਸਿੰਘ ਬਾਰੇ ਦੱਸਣ ਲੱਗ ਪਏ ਕਿ ਕਿਵੇਂ ਉਹਨਾਂ ਨੇ ਗ਼ਦਰ ਲਹਿਰ ਤੋਂ ਤੁਰ ਕੇ ਪੰਜਾਬ 'ਚ ਕਿਸਾਨ ਲਹਿਰ ਜਥੇਬੰਦ ਕਰਨ ਤੱਕ ਦਾ ਸਫ਼ਰ ਕੀਤਾ। ਮੇਰੀ ਉਤਸੁਕਤਾ ਜਾਗੀ ਤੇ ਇਹ ਡਾਇਰੀ ਪੜ੍ਹਨ ਦੀ ਇੱਛਾ ਜ਼ਾਹਿਰ ਕੀਤੀ। ਬਾਬਾ ਜੀ ਨੇ ਇਹ ਡਾਇਰੀ ਮੈਨੂੰ ਦੇਂਦਿਆਂ ਕਿਹਾ, "ਇਹ ਗ਼ਦਰ ਲਹਿਰ ਦਾ ਸਰਮਾਇਆ ਹੈ, ਇਸਨੂੰ ਨੁਕਸਾਨ ਨਾ ਪਹੁੰਚੇ।" ਘਰ ਆ ਕੇ ਲਿਖਤ ਪੜ੍ਹਨੀ ਸ਼ੁਰੂ ਕੀਤੀ ਤਾਂ ਇਕ-ਇਕ ਲਫ਼ਜ਼ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲਾ ਸੀ। ਕੁਝ ਸ਼ਬਦ-ਜੋੜਾਂ ਦੀਆਂ ਸਮੱਸਿਆਵਾਂ ਤੇ ਕੁਝ ਲਫ਼ਜ਼ਾਂ ਦੀ ਬਨਾਵਟ... ਮੈਨੂੰ ਪੜ੍ਹਨ 'ਚ ਦੇਰ ਤਾਂ ਲੱਗੀ ਪਰ ਮੈਂ ਤੜਕਸਾਰ ਆ ਕੇ ਉਦੋਂ ਹੀ ਸੁੱਤਾ, ਜਦੋਂ ਪੂਰੀ ਲਿਖਤ ਪੜ੍ਹੀ ਗਈ।

ਇਸਨੇ ਮੈਨੂੰ ਏਨਾ ਟੁੰਬਿਆਂ ਕਿ ਕਈ ਦਿਨ ਜ਼ਿਹਨ 'ਚ ਇਹ ਦ੍ਰਿਸ਼ ਘੁੰਮਦੇ ਰਹੇ ਕਿ ਦੇਸ਼ ਦੀ ਆਜ਼ਾਦੀ ਦੀ ਖ਼ਾਤਰ ਸਾਡੇ ਵਡੇਰਿਆਂ ਨੇ ਕਿੰਨਾ ਕੁਝ ਜਰਿਆ ਹੈ। ਤੇ ਸਾਡੀ ਅੱਜ ਦੀ ਪੀੜ੍ਹੀ... ਉਨ੍ਹਾਂ ਕੋਲ ਇਹ ਲਿਖਤਾਂ ਪਹੁੰਚਣੀਆਂ ਚਾਹੀਦੀਆਂ ਹਨ। ਇਹ ਸੋਚ ਕੇ ਮੈਂ ਅਸਲ ਲਿਖਤ ਬਾਬਾ ਜੀ ਨੂੰ ਮੋੜ ਦਿੱਤੀ ਪਰ ਇਸਦੀ ਫੋਟੋ ਕਾਪੀ ਕਰਵਾ ਕੇ ਇਸਨੂੰ ਸੋਧਣ/ਸੰਪਾਦਿਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਤੇ ਇਹ 28 ਮਈ ਤੋਂ 9 ਜੁਲਾਈ 1995 ਤੱਕ ਸੱਤ ਕਿਸ਼ਤਾਂ 'ਚ 'ਐਤਵਾਰਤਾ' 'ਚ ਲੜੀਵਾਰ ਛਪੀ। ਉਹਨਾਂ ਦਿਨਾਂ 'ਚ ਜਦੋਂ ਇਹ ਲਿਖਤ ਲੜੀਵਾਰ ਛਪ ਰਹੀ ਸੀ ਤਾਂ ਬਾਬਾ ਬਚਨ ਸਿੰਘ ਮਹਿਤਪੁਰ ਹੋਰਾਂ ਨੇ ਬਾਬਾ ਬਿਲਗਾ ਜੀ ਨੂੰ ਦੱਸਿਆ ਕਿ ਬਾਬਾ ਜੁਆਲਾ ਸਿੰਘ ਹੋਰਾਂ ਦੀਆਂ ਤਿੰਨ ਹੱਥ-ਲਿਖਤਾਂ ਹੋਰ ਵੀ ਹਨ। ਉਹਨਾਂ ਅਨੁਸਾਰ, "ਬਾਬਾ ਜੀ ਦੀਆਂ ਹੱਥ ਲਿਖਤਾਂ ਦੀਆਂ ਚਾਰ ਡਾਇਰੀਆਂ ਕੁਝ ਦੇਰ ਮੇਰੇ ਕੋਲ ਸਾਂਭੀਆਂ ਰਹੀਆਂ। ਫਿਰ ਲਾਇਬਰੇਰੀ 'ਚ ਦੇ ਦਿੱਤੀਆਂ ਸਨ।" ਬਾਬਾ ਬਿਲਗਾ ਜੀ ਨੇ ਹੱਥ ਲਿਖਤ ਖਰੜਿਆਂ ਦੀ ਛਾਣਬੀਣ ਕਰਵਾਈ ਤਾਂ ਇਹ ਚਾਰੇ ਡਾਇਰੀਆਂ ਮਿਲ ਗਈਆਂ।

ਫਿਰ ਮੈਂ ਦੂਜੀ ਹੱਥ ਲਿਖਤ 'ਗ਼ਦਰ ਦੀਆਂ ਕਰੂੰਬਲਾਂ' ਨੂੰ ਸੋਧਣ/ਸੰਪਾਦਿਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ। ਇਹ ਵੀ 'ਐਤਵਾਰਤਾ' 29 ਅਕਤੂਬਰ 1995 ਤੋਂ ਲੈ ਕੇ 3 ਦਸੰਬਰ 1995 ਤੱਕ ਦੇ ਅੰਕਾਂ 'ਚ, ਛੇ ਕਿਸ਼ਤਾਂ 'ਚ ਛਪੀ। ਪਿੱਛੋਂ ਇਹ ਦੋਵੇਂ ਲਿਖਤਾਂ ਲੰਮੀ ਭੂਮਿਕਾ ਸਮੇਤ 'ਲਿਖਤਾਂ: ਗ਼ਦਰੀ ਬਾਬਾ ਜਵਾਲਾ ਸਿੰਘ' ਦੇ ਨਾਂ ਹੇਠ ਪੁਸਤਕ 'ਚ ਛਪੀਆਂ। ਇਉਂ ਇਹ ਪੁਸਤਕ ਇਕ ਤਰ੍ਹਾਂ ਬਾਬਾ ਜੀ ਦੀ ਪ੍ਰੇਰਣਾ ਤੇ ਰਹਿਨੁਮਾਈ ਨਾਲ ਹੀ ਹੋਂਦ 'ਚ ਆ ਸਕੀ।

ਪਿੱਛੋਂ ਆ ਕੇ ਅਖ਼ਬਾਰ ਦੇ ਵਧੇ ਰੁਝੇਵਿਆਂ ਨੇ, ਕੁਝ ਸਾਹਿਤ ਦੇ ਖੇਤਰ 'ਚ ਵਧੇਰੇ ਰੁਝ ਜਾਣ ਕਰਕੇ, ਮੈਂ ਦੇਸ਼ ਭਗਤ ਹਾਲ ਜਾਣਾ ਘੱਟ ਕਰ ਦਿੱਤਾ ਪਰ ਬਾਬਾ ਜੀ ਨਾਲ ਮੇਲ ਜੋਲ ਬਣਿਆ ਰਿਹਾ। ਦਸੀਂ-ਪੰਦਰੀਂ ਦਿਨੀਂ ਲੰਘਦਾ ਉਹਨਾਂ ਨੂੰ ਮਿਲਣ ਚਲਿਆ ਜਾਂਦਾ। ਉਸ ਹਾਲਤ 'ਚ ਜਾ ਕੇ ਵੀ ਜਦੋਂ ਉਹਨਾਂ ਨੂੰ ਦਿਸਣਾ ਬਿਲਕੁਲ ਬੰਦ ਹੋ ਚੁੱਕਾ ਸੀ, ਦੇਸ਼ ਭਗਤ ਹਾਲ ਗਿਆਂ ਉਹਨਾਂ ਦਾ ਹਾਲਚਾਲ ਪੁੱਛਿਆ ਤਾਂ ਕਦੀ ਆਪਣਾ ਨਾਂ ਦੱਸਣ ਦੀ ਲੋੜ ਨਾ ਪਈ। ਅਵਾਜ਼ ਪਛਾਣ ਕੇ ਉਹਨਾਂ ਪੁੱਛਣਾ, "ਪਰਵਾਨਾ, ਫਿਰ ਕੀ ਕਰ ਰਿਹਾ ਹੈਂ ਅਜਕਲ?" ਤੇ ਇਥੋਂ ਸ਼ੁਰੂ ਹੋ ਕੇ ਉਹ ਗ਼ਦਰ ਲਹਿਰ ਦੇ ਇਤਿਹਾਸ, ਫਲਸਫ਼ੇ, ਸਰਗਰਮੀਆਂ ਬਾਰੇ, ਕਰਨ ਵਾਲੇ ਕੰਮ/ਖੋਜ ਬਾਰੇ ਆਪਣੇ ਮਨ ਦੇ ਸੁਪਨੇ ਸਾਂਝੇ ਕਰਦੇ ਰਹਿੰਦੇ।

ਤੇ ਉਹਨਾਂ ਨਾਲ ਇਹ ਮੇਲਜੋਲ ਉਹਨਾਂ ਦੇ ਅੰਤ ਤੱਕ ਬਣਿਆ ਰਿਹਾ।

✲✲✲

# ਗ਼ਦਰ ਦਾ ਇਨਸਾਈਕਲੋਪੀਡੀਆ : ਬਾਬਾ ਬਿਲਗਾ

-ਦਵਿੰਦਰਪਾਲ

ਬ੍ਰਿਟਿਸ਼ ਹਕੂਮਤ ਦੌਰਾਨ ਬਾਗੀ ਪਿੰਡ ਵਜੋਂ ਜਾਣੇ ਜਾਂਦੇ ਜਲੰਧਰ ਜ਼ਿਲ੍ਹੇ ਦੇ ਪਿੰਡ ਬਿਲਗਾ ਦੇ ਜੰਮਪਲ ਬਾਬਾ ਭਗਤ ਸਿੰਘ ਬਿਲਗਾ ਦੇਸ਼ ਭਗਤੀ ਦੇ ਜਿਉਂਦੀ ਜਾਗਦੀ ਉਹ ਮੂਰਤ ਹਨ ਜਿਨ੍ਹਾਂ ਆਪਣੀ ਜ਼ਿੰਦਗੀ ਦੇ ਤਿੰਨ ਹਿੱਸੇ ਦੇਸ ਕੌਮ ਦੇ ਲੇਖੇ ਲਾ ਦਿੱਤੇ। ਉਹ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਹਾਣੀਆਂ 'ਚੋਂ ਹਨ ਕਿਉਂਕਿ ਸ਼ਹੀਦੇ ਆਜ਼ਮ ਦਾ ਜਨਮ 1907 ਵਿਚ ਹੋਇਆ ਅਤੇ ਬਾਬਾ ਬਿਲਗਾ ਦਾ ਜਨਮ ਵੀ 2 ਅਪਰੈਲ 1907 ਨੂੰ ਹੋਇਆ। ਦੇਸ਼ ਨਾਲ ਅੰਤਾਂ ਦਾ ਪਿਆਰ ਕਰਨ ਵਾਲੇ ਇਸ ਦੇਸ਼ ਭਗਤ ਨੂੰ ਬਾਪ ਦਾ ਲਾਡ ਅਤੇ ਗੋਦ ਦਾ ਨਿੱਘ ਨਾ ਮਿਲਿਆ ਜਦੋਂ ਬਾਬਾ ਬਿਲਗਾ ਅਜੇ ਡੇਢ ਕੁ ਸਾਲ ਦੇ ਹੀ ਸਨ ਤਾਂ ਪਿਤਾ ਹੀਰਾ ਸਿੰਘ ਦੀ ਮੌਤ ਹੋ ਗਈ, ਪਿਤਾ ਦੀ ਮੌਤ ਕੀ ਹੋਈ ਘਰ 'ਤੇ ਜਾਣੋ ਇੱਕ ਤਰ੍ਹਾਂ ਨਾਲ ਪਹਾੜ ਹੀ ਟੁੱਟ ਪਿਆ। ਹੀਰਾ ਸਿੰਘ ਪਿੰਡ ਦੇ ਨੰਬਰਦਾਰ ਸਨ ਅਤੇ ਇਹ ਪਰਿਵਾਰ ਪਿੰਡ ਦੇ ਰੱਜੇ ਪੁੱਜੇ ਪਰਿਵਾਰਾਂ 'ਚੋਂ ਸੀ, ਪਰ ਸਮੇਂ ਨੂੰ ਕੁਝ ਹੋਰ ਹੀ ਮਨਜੂਰ ਸੀ ਘਰ ਦੇ ਇੱਕੋ ਇਕ ਕਮਾਊ ਜੀਅ ਦੇ ਇਸ ਜਹਾਨ ਤੋਂ ਤੁਰ ਜਾਣੇ ਨਾਲ ਆਮਦਨ ਦੇ ਹੀਲੇ ਵਸੀਲੇ ਹੀ ਬੰਦ ਹੋ ਗਏ।

ਇੱਥੋਂ ਤੱਕ ਕਿ ਪਿੰਡ ਦੀ ਸੱਥ 'ਚ ਵੀ ਚਰਚਾ ਹੋਣ ਲੱਗੀ ਕਿ ਹੀਰਾ ਸਿਉਂ ਦੇ ਤੁਰ ਜਾਣ ਤੋਂ ਬਾਅਦ ਨਿੱਕੇ-ਨਿੱਕੇ ਬਾਲਾਂ ਦਾ ਕੀ ਬਣੂ ਸਗੋਂ ਪਿੰਡ ਦੇ ਇੱਕ ਸ਼ਾਹੂਕਾਰ ਨੇ ਬਾਬਾ ਬਿਲਗਾ ਦੀ ਮਾਤਾ ਨੂੰ ਬੱਚਿਆਂ ਸਮੇਤ ਘਰੋਂ ਬੇਘਰ ਕਰਨ ਦੀਆਂ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ। ਕਿਉਂਕਿ ਬਾਬਾ ਬਿਲਗਾ ਦੇ ਪਿਤਾ ਨੇ ਪਿੰਡ ਦੇ ਸ਼ਾਹੂਕਾਰ ਤੋਂ ਤਿੰਨ ਸੌ ਰੁਪਏ ਦਾ ਕਰਜ਼ਾ ਲਿਆ ਸੀ। ਇਹ ਉਹ ਵੇਲਾ ਸੀ ਜਦੋਂ ਘਰ ਕਈ-ਕਈ ਲਵੇਰੀਆਂ ਕਿੱਲੇ ਬੱਝੀਆਂ ਹੁੰਦੀਆਂ ਸਨ ਅਤੇ ਆਂਢੀ ਗੁਆਂਢੀ ਹੀ ਦਹੀਂ ਲੱਸੀ ਲਈ ਇਸੇ ਘਰੇ ਆਉਂਦੇ। ਪਰੰਤੂ ਹੀਰਾ ਸਿੰਘ ਦੀ ਮੌਤ ਨੇ ਇਸ ਵਸਦੇ ਰਸਦੇ ਘਰ 'ਚ ਇਕਦਮ ਹਨੇਰ ਕਰ ਦਿੱਤਾ।

ਬਾਬਾ ਬਿਲਗਾ ਦੇ ਪਿਤਾ ਨੇ ਉਨ੍ਹਾਂ ਵੇਲਿਆਂ 'ਚ ਪਿੰਡ ਅੰਦਰ ਇੱਕ ਕੋਠੀ ਨੁਮਾ ਘਰ ਉਸਾਰਿਆ ਹੋਇਆ ਸੀ ਅਤੇ ਪਿੰਡ 'ਚ ਬੰਨੇ ਕੇ ਖੱਤਰੀ ਵਜੋਂ ਪ੍ਰਸਿੱਧ ਸ਼ਾਹੂਕਾਰ ਦੀ ਨੀਅਤ ਫਿਟ ਗਈ। ਉਸ ਨੇ ਇਸ ਘਰ ਨੂੰ ਹਥਿਆਉਣ ਲਈ ਅਦਾਲਤ ਵਿਚ ਕੇਸ ਹੀ ਨਹੀਂ ਕੀਤਾ ਸਗੋਂ ਫੈਸਲਾ ਇਕ ਤਰਫਾ ਕਰਵਾ ਕੇ ਆਪਣੇ ਨਾਮ ਡਿਗਰੀ ਕਰਵਾ ਲਈ, ਪਰ ਇਸ ਸ਼ਾਹੂਕਾਰ ਦੀ ਇਹ ਚਾਲ ਕਾਮਯਾਬ ਨਾ ਹੋਈ ਅਤੇ ਬਾਬਾ ਬਿਲਗਾ ਦੇ ਪਿਤਾ ਦੇ ਇੱਕ ਜਾਣੂ ਵਕੀਲ ਨੇ ਉਨ੍ਹਾਂ ਦੀ ਮਾਤਾ ਅਤੇ ਬੱਚਿਆਂ ਨੂੰ ਜਲੰਧਰ ਕਮਿਸ਼ਨਰ ਦੀ ਕਚਹਿਰੀ 'ਚ ਜਦੋਂ ਪੇਸ਼ ਕੀਤਾ ਤਾਂ

ਬੱਚਿਆਂ ਦੇ ਨਾਬਾਲਿਗ ਹੋਣ ਕਰਕੇ ਕਮਿਸ਼ਨਰ ਨੇ ਹੁਕਮ ਸੁਣਾਇਆ ਕਿ ਜਿੰਨੀ ਦੇਰ ਇਹ ਬੱਚੇ ਬਾਲਗ ਨਹੀਂ ਹੋ ਜਾਂਦੇ ਓਨੀ ਦੇਰ ਕਰਜ਼ੇ ਦੀ ਵਸੂਲੀ ਨਹੀਂ ਹੋਵੇਗੀ ਅਤੇ ਨਾ ਹੀ ਘਰ ਦੀ ਡਿਗਰੀ। ਕਮਿਸ਼ਨਰ ਦਾ ਇਹ ਹੁਕਮ ਸੁਣ ਕੇ ਸ਼ਾਹੂਕਾਰ ਦੇ ਤਾਂ ਜਿਵੇਂ ਸੌ ਘੜਾ ਪਾਣੀ ਦਾ ਸਿਰ 'ਤੇ ਪੈ ਗਿਆ ਹੋਵੇ ਅਤੇ ਉਸ ਨੇ ਇਸ ਪਰਿਵਾਰ ਨਾਲ ਰਾਜੀਨਾਮਾ ਕਰਕੇ ਆਪਣੇ ਕਰਜ਼ੇ ਦੀ ਵਸੂਲੀ ਕਰ ਲਈ। ਬਾਬਾ ਬਿਲਗਾ ਦੀ ਇਹ ਬਾਲ ਉਮਰ ਹੀ ਸੀ ਜਦੋਂ ਸ਼ਾਹੂਕਾਰਾਂ ਦੇ ਪੰਜੇ ਉਨ੍ਹਾਂ ਨੂੰ ਬਿਪਤਾ ਦੇ ਦਿਨਾਂ ਵਿਚ ਹੀ ਸੜਕ 'ਤੇ ਲਿਆ ਖੜ੍ਹਾ ਕਰ ਦਿੱਤਾ ਸੀ। ਸ਼ਾਇਦ ਇਹੀ ਕਾਰਨ ਹੈ ਕਿ ਬਾਬਾ ਬਿਲਗਾ ਵੱਲੋਂ ਬਚਪਨ ਵਿਚ ਹੀ ਦੇ ਗਿਆ ਇਹ ਸਭ ਕੁਝ ਉਨ੍ਹਾਂ ਨੂੰ ਦੇਸ਼ ਭਗਤੀ ਵੱਲ ਨੂੰ ਲੈ ਗਿਆ। ਬਾਬਾ ਬਿਲਗਾ ਇਹ ਵੀ ਦੱਸਦੇ ਹਨ ਕਿ ਦੂਜੇ ਵਿਸ਼ਵ ਯੁੱਧ ਤੱਕ ਉਨ੍ਹਾਂ ਦਾ ਘਰ ਨਿਲਾਮ ਹੀ ਹੁੰਦਾ ਰਿਹਾ ਹੈ।

ਘਰੇਲੂ ਤੰਗੀਆਂ ਤੁਰਸ਼ੀਆਂ ਕਾਰਨ ਫੈਸਲਾ ਹੋਇਆ ਕਿ ਭਗਤ ਸਿੰਘ ਨੂੰ ਮੋਗਾ ਜ਼ਿਲ੍ਹੇ ਵਿਚਲੇ ਪਿੰਡ ਅਜੀਤਵਾਲ ਵਿਚ ਉਨ੍ਹਾਂ ਦੀ ਮਾਸੀ ਹਰਨਾਮ ਕੌਰ ਪਾਸ ਪੜ੍ਹਨ ਲਈ ਭੇਜਿਆ ਜਾਵੇ ਪਰੰਤੂ ਇੱਥੇ ਵੀ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਸ ਵੇਲੇ ਫੈਲੀ ਪਲੇਗ ਦੀ ਬਿਮਾਰੀ ਨੇ ਬਾਬੇ ਦੀ ਮਾਸੀ ਨੂੰ ਆਪਣੀ ਲਪੇਟ 'ਚ ਲੈ ਲਿਆ ਅਤੇ ਉਹ ਮੌਤ ਦੇ ਮੂੰਹ ਜਾ ਪਈ। ਘਰੇਲੂ ਮੁਸ਼ਕਲਾਂ ਵਿਚ ਹੋਰ ਵੀ ਵਾਧਾ ਹੋ ਗਿਆ ਕਿਉਂਕਿ ਮਾਸੀ ਦਾ ਇਕ ਤਿੰਨ ਵਰ੍ਹਿਆਂ ਦਾ ਬੱਚਾ ਸੀ ਜਿਸ ਦੇ ਪਾਲਣ ਪੋਸ਼ਣ ਨੂੰ ਲੈ ਕੇ ਚੁਣੌਤੀ ਖੜ੍ਹੀ ਹੋ ਗਈ। ਅਖ਼ੀਰ ਫੈਸਲਾ ਹੋਇਆ ਕਿ ਭਗਤ ਸਿੰਘ ਅਜੀਤਵਾਲ ਛੱਡਿਆ ਜਾਵੇ ਜਿੱਥੇ ਉਨ੍ਹਾਂ ਦੀ ਨਾਨੀ ਮਾਸੜ ਕੋਲ ਰਹਿ ਕੇ ਭਗਤ ਸਿੰਘ ਨੂੰ ਪਾਲੇਗੀ। ਇਸੇ ਵਟਾਂਦਰੇ ਤਹਿਤ ਬਾਬੇ ਨੂੰ ਅਜੀਤਵਾਲ ਭੇਜ ਦਿੱਤਾ ਗਿਆ ਤੇ ਮਾਸੀ ਦੇ ਮੁੰਡੇ ਗੁਰਦਿਆਲ ਸਿੰਘ ਨੂੰ ਬਾਬੇ ਦੀ ਮਾਤਾ ਮਾਲਣ ਕੌਰ ਆਪਣੇ ਪਾਸ ਪਿੰਡ ਬਿਲਗੇ ਲੈ ਆਈ। ਪਿੰਡਾਂ ਵਿਚ ਉਨ੍ਹੀਂ ਦਿਨੀ ਬੱਚਿਆਂ ਨੂੰ ਪੜ੍ਹਨ ਪੜ੍ਹਾਉਣ ਦੀ ਲਗਨ ਨਹੀਂ ਸੀ ਹੁੰਦੀ ਪਰ ਭਲਾ ਹੋਵੇ ਪਿੰਡ ਦੇ ਪ੍ਰਾਇਮਰੀ ਸਕੂਲ ਦੇ ਅਧਿਆਪਕ ਸਈਅਦ ਹੁਸੈਨ ਦਾ ਜਿਸ ਨੇ ਬਾਬੇ ਨੂੰ ਪੜ੍ਹਾਈ ਵੱਲ ਪ੍ਰੇਰਿਆ ਅਤੇ ਜਦੋਂ ਅਗਲੇ ਹੀ ਦਿਨ ਬਾਬਾ ਬਿਲਗਾ ਨੂੰ ਘਰਦਿਆਂ ਨੇ ਪਸ਼ੂ ਚਾਰਨ ਭੇਜਿਆ ਉਹ ਕੰਮ ਕਰਨ ਦੀ ਬਜਾਏ ਸਿੱਧੇ ਸਕੂਲ ਆ ਗਏ। ਘਰਦੇ ਬਾਬਾ ਬਿਲਗਾ ਤੋਂ ਖੇਤੀ ਪੱਠੀ ਦਾ ਕੰਮ ਹੀ ਕਰਾਉਣਾ ਚਾਹੁੰਦੇ ਸਨ।

ਬਾਬਾ ਬਿਲਗਾ ਜਦੋਂ ਅਜੀਤਵਾਲ ਪਿੰਡ ਦੇ ਸਕੂਲ 'ਚ ਪ੍ਰਾਇਮਰੀ ਦੀਆਂ ਕਲਾਸਾਂ 'ਚ ਹੀ ਪੜ੍ਹਦੇ ਸਨ ਤਾਂ ਉਹ ਛੁੱਟੀਆਂ ਕੱਟਣ ਆਪਣੇ ਜੱਦੀ ਪਿੰਡ ਬਿਲਗਾ ਆਉਂਦੇ। ਇਸ ਪਿੰਡ ਦਾ ਮਾਹੌਲ ਕਿਉਂਕਿ ਪੂਰੀ ਤਰ੍ਹਾਂ ਬ੍ਰਿਟਿਸ਼ ਹਕੂਮਤ ਵਿਰੋਧੀ ਸੀ ਤਾਂ ਜਦੋਂ ਵੀ ਬਾਬਾ ਬਿਲਗਾ ਆਉਂਦੇ ਤਾਂ ਪਿੰਡ ਵਿਚ ਕਾਂਗਰਸੀਆਂ ਜਾਂ ਅਕਾਲੀਆਂ ਦੇ ਜਲਸੇ ਹੁੰਦੇ ਰਹਿੰਦੇ। ਬਾਬਾ ਬਿਲਗਾ ਦੀ ਇਨ੍ਹਾਂ ਜਲਸਿਆਂ ਵਿਚ ਦਿਲਚਸਪੀ ਹੋਣੀ ਆਮ ਜਿਹੀ ਗੱਲ ਸੀ। ਬਾਬਾ ਬਿਲਗਾ ਅਜੇ 13 ਵਰ੍ਹਿਆਂ ਦੇ ਹੀ ਸਨ ਜਦੋਂ ਉਨ੍ਹਾਂ ਆਪਣੇ ਪਿੰਡ ਦੀ ਇੱਕ ਸਟੇਜ ਤੋਂ ਉੱਘੇ ਸੁਤੰਤਰਤਾ ਸੰਗਰਾਮੀਏ ਤੇਜਾ ਸਿੰਘ ਸੁਤੰਤਰ ਨੂੰ ਬੋਲਦਿਆਂ ਸੁਣਿਆ ਉਸ ਵੇਲੇ ਕਾਮਰੇਡ ਸੁਤੰਤਰ ਮੁੱਛ ਫੁੱਟ ਗੱਭਰੂ ਸੀ ਤੇ ਆਪਣੇ ਭਾਸ਼ਨ ਵਿਚ ਸੁਤੰਤਰ ਨੇ ਬਿਲਗਾ ਪਿੰਡ ਦੇ ਵਾਸੀਆਂ ਨੂੰ ਵਿਦੇਸ਼ੀ ਕੱਪੜੇ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ। ਦੇਖਦਿਆਂ ਹੀ ਦੇਖਦਿਆਂ ਲੋਕਾਂ ਨੇ ਆਪਣੇ ਘਰਾਂ 'ਚ ਪਏ ਵਿਦੇਸ਼ੀ ਕੱਪੜਿਆਂ ਨੂੰ ਸਟੇਜ ਦੇ ਨੇੜੇ ਹੀ ਢੇਰ ਕਰ ਦਿੱਤਾ ਅਤੇ ਅੱਗ ਲਾ ਦਿੱਤੀ

ਬਾਲ ਅਵਸਥਾ ਵਿਚ ਹੀ ਬਾਬਾ ਬਿਲਗਾ ਦੀਆਂ ਅੱਖਾਂ ਸਾਹਮਣੇ ਵਾਪਰੀਆਂ ਇਹ ਕੁਝ ਘਟਨਾਵਾਂ ਸਨ ਜੋ ਬਾਬੇ ਅੰਦਰ ਫੁੱਟ ਰਹੇ ਦੇਸ਼ ਭਗਤੀ ਦੇ ਜ਼ਜ਼ਬਾਤ ਹੋਰ ਵੀ ਪੱਕਾ ਕਰਦੀਆਂ ਜਾ ਰਹੀਆਂ ਸਨ।

ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਜਦੋਂ ਚਾਰ ਜਮਾਤਾਂ ਪਾਸ ਕਰ ਲਈਆਂ ਤਾਂ ਉਨ੍ਹਾਂ ਨੂੰ ਚੂਹੜ ਚੱਕ ਦੇ ਮਿਡਲ ਸਕੂਲ ਵਿਚ ਦਾਖਲ ਕਰਵਾ ਦਿੱਤਾ ਗਿਆ। ਇਹ ਪਿੰਡ ਅਜੀਤਵਾਲ ਤੋਂ ਥੋੜੀ ਵਿੱਥ 'ਤੇ ਹੋਣ ਕਾਰਨ ਬਾਬਾ ਸਵੇਰੇ ਘਰੋਂ ਚੂਰੀ ਬੰਨ੍ਹ ਕੇ ਲੈ ਜਾਂਦਾ ਤੇ ਸ਼ਾਮ ਨੂੰ ਘਰ ਮੁੜਦਾ। ਚੂਹੜ ਚੱਕ ਪੜ੍ਹਦਿਆਂ ਹੀ ਉਨ੍ਹਾਂ ਨੂੰ ਗ਼ਦਰੀ ਦੇਸ਼ ਭਗਤ ਬਾਬਾ ਅਰੂੜ ਸਿੰਘ ਬਾਰੇ ਜਾਣਕਾਰੀ ਮਿਲੀ ਬੇਸ਼ਕ ਅਰੂੜ ਸਿੰਘ ਦਾ ਪੁੱਤਰ ਰਤਨ ਸਿੰਘ ਅਤੇ ਉਨ੍ਹਾਂ ਦੀ ਧੀ ਵੀ ਬਾਬੇ ਦੇ ਨਾਲ ਪੜ੍ਹਦੀ ਸੀ ਪਰ ਕਾਫੀ ਦੇਰ ਬਾਅਦ ਪਤਾ ਲੱਗਾ ਕਿ ਬਾਬਾ ਅਰੂੜ ਸਿੰਘ ਦੀਆਂ ਅੰਗਰੇਜ਼ੀ ਹਕੂਮਤ ਵਿਰੋਧੀ ਸਰਗਰਮੀਆਂ ਕਾਰਨ ਉਨ੍ਹਾਂ ਨੂੰ ਕਾਲੇ ਪਾਣੀ ਦੀ ਜੇਲ੍ਹ 'ਚ ਡੱਕਿਆ ਹੋਇਆ ਹੈ। ਬਾਬਾ ਅਰੂੜ ਸਿੰਘ ਦੇ ਜੀਵਨ ਨੇ ਬਾਬਾ ਬਿਲਗਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਹੀ ਦਿਨਾਂ ਵਿਚ ਪਹਿਲੇ ਵਿਸ਼ਵ ਯੁੱਧ ਦਾ ਬਿਗਲ ਵੱਜ ਚੁੱਕਾ ਸੀ ਅਤੇ ਅੰਗਰੇਜ਼ ਸਰਕਾਰ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਫ਼ੌਜ ਵਿਚ ਜ਼ਬਰਦਸਤੀ ਭਰਤੀ ਕਰਨਾ ਸ਼ੁਰੂ ਕੀਤਾ ਹੋਇਆ ਸੀ। ਬਾਬਾ ਬਿਲਗਾ ਅਤੇ ਉਨ੍ਹਾਂ ਦੇ ਸਾਥੀ ਜਦੋਂ ਸਕੂਲ ਜਾਂਦੇ ਸਨ ਤਾਂ ਚੂਹੜ ਚੱਕ, ਕੋਕਰੀ ਕਲਾਂ, ਗਾਲਿਬ ਆਦਿ ਪਿੰਡਾਂ ਦੇ ਨੌਜਵਾਨ ਇਸ ਇਲਾਕੇ ਵਿਚਲੇ ਉਜਾੜ ਜੰਗਲ ਵਿਚ ਆ ਲੁਕਦੇ ਕਿ ਕਿਤੇ ਫ਼ਰੰਗੀਆਂ ਦੀ ਫੌਜ ਵਿਚ ਭਰਤੀ ਨਾ ਹੋਣਾ ਪੈ ਜਾਵੇ।

ਇਹੀ ਸਮਾਂ ਸੀ ਜਦੋਂ ਅੰਗਰੇਜ਼ਾਂ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਜ਼ਬਰਦਸਤੀ ਫੌਜ 'ਚ ਭਰਤੀ ਕਰਨ ਅਤੇ ਬਾਬਾ ਅਰੂੜ ਸਿੰਘ ਵਰਗਿਆਂ ਨੂੰ ਕਾਲੇ ਪਾਣੀ ਡੱਕਣ ਦੀਆਂ ਘਟਨਾਵਾਂ ਨੇ ਬਾਬਾ ਬਿਲਗਾ ਅਤੇ ਉਨ੍ਹਾਂ ਦੇ ਹਾਣੀਆਂ 'ਚ ਅੰਗਰੇਜ਼ਾਂ ਪ੍ਰਤੀ ਨਫ਼ਰਤ ਦੇ ਪਲਦੇ ਜਾ ਰਹੇ ਬੂਟੇ ਨੂੰ ਹੋਰ ਵੀ ਪ੍ਰਫੁੱਲਤ ਕਰ ਦਿੱਤਾ। ਇਸੇ ਲਈ ਤਾਂ ਜਦੋਂ ਪਹਿਲੇ ਵਿਸ਼ਵ ਯੁੱਧ ਦੌਰਾਨ ਜਦੋਂ ਕਦੇ ਜਰਮਨੀ ਦੇ ਜਿੱਤਣ ਦੀਆਂ ਖ਼ਬਰਾਂ ਆਉਣੀਆਂ ਤਾਂ ਉਹ ਖੁਸ਼ੀ ਮਨਾਉਂਦੇ। ਇੱਥੋਂ ਤੱਕ ਕਿ ਪਿੰਡ ਵਿਚ ਅੰਗਰੇਜ਼ਾਂ ਅਤੇ ਜਰਮਨ ਦੀਆ ਫੌਜਾਂ ਦੀ ਤਰਜ਼ 'ਤੇ ਨਕਲੀ ਲੜਾਈਆਂ ਵੀ ਲੜਦੇ। ਬਾਬਾ ਬਿਲਗਾ ਲੁਧਿਆਣਾ ਦੇ ਖ਼ਾਲਸਾ ਸਕੂਲ ਵਿਚ ਪੜ੍ਹ ਰਹੇ ਸਨ ਤਾਂ ਵਾਇਸਰਾਏ ਨੇ ਲੁਧਿਆਣਾ ਆਉਣਾ ਸੀ ਇਸ ਸਕੂਲ ਦੇ ਸਾਰੇ ਬੱਚਿਆਂ ਨੂੰ ਵਾਇਸਰਾਏ ਦੇ ਸਵਾਗਤ ਲਈ ਸੜਕ ਦੇ ਦੋਵੇਂ ਪਾਸੇ ਖੜ੍ਹਾ ਦਿੱਤਾ ਅਤੇ ਇਹ ਕਿਹਾ ਗਿਆ ਕਿ ਜਦੋਂ ਵਾਇਸਰਾਏ ਲੰਘੇ ਤਾਂ ਉਸ ਦੀ ਜੈ ਜੈ ਕਾਰ 'ਚ ਹੀ ਨਾਹਰੇ ਲਾਉਣੇ ਹਨ ਪਰੰਤੂ ਦੇਸ਼ ਭਗਤੀ ਦੇ ਰੰਗ 'ਚ ਰੰਗੇ ਬਾਬਾ ਬਿਲਗਾ ਹੁਰਾਂ ਨੂੰ ਵਾਇਸਰਾਏ ਦੀ ਕੀ ਪਰਵਾਹ ਸੀ ਉਨ੍ਹਾਂ ਉਸ ਦੀ ਉਸਤਤ ਕਰਨ ਦੀ ਥਾਂ ਵਿਰੋਧ ਕੀਤਾ।

ਇੱਥੋਂ ਹੀ ਇੱਕ ਤਰ੍ਹਾਂ ਨਾਲ ਬਾਬਾ ਬਿਲਗਾ ਦਾ ਬਾਗੀ ਸਫ਼ਰ ਸ਼ੁਰੂ ਹੋ ਗਿਆ ਸੀ। ਸਕੂਲ ਦੇ ਇੱਕ ਅਧਿਆਪਕ ਇਕਬਾਲ ਸਿੰਘ ਬੋਪਾਰਾਏ ਨੇ ਬਾਬਾ ਬਿਲਗਾ ਅਤੇ ਉਨ੍ਹਾਂ ਸਾਥੀਆਂ ਦੀ ਇਸ ਹਰਕਤ 'ਤੇ ਵਿਦਿਆਰਥੀਆਂ ਨੂੰ ਬੁਰਾ ਭਲਾ ਹੀ ਨਹੀਂ ਕਿਹਾ ਸਗੋਂ ਕਈ ਵਿਦਿਆਰਥੀ ਇਸ ਅਧਿਆਪਕ ਦੀ ਕੁੱਟ ਦਾ ਸ਼ਿਕਾਰ ਵੀ ਹੋਏ। ਸੰਨ 1925 ਵਿਚ ਬਾਬਾ ਬਿਲਗਾ ਨੇ ਇਸ ਸਕੂਲ ਤੋਂ ਦਸਵੀਂ ਜਮਾਤ ਪਾਸ ਕਰ ਲਈ। ਦਸ ਜਮਾਤਾਂ ਪੜ੍ਹਨ ਤੋਂ ਬਾਅਦ ਬਾਬਾ ਬਿਲਗਾ ਨੇ

ਕੁਝ ਕੰਮ ਧੰਦਾ ਕਰਨ ਦੀ ਸੋਚੀ ਪਰ ਦੇਸ਼ ਭਗਤ ਖਿਆਲਾਂ ਦਾ ਹੋਣ ਕਰਕੇ ਉਹ ਅੰਗਰੇਜ਼ਾਂ ਦੇ ਅਧੀਨ ਕਿਸੇ ਵੀ ਸਰਕਾਰੀ ਵਿਭਾਗ ਵਿਚ ਨੌਕਰੀ ਕਰ ਨਹੀਂ ਸੀ ਸਕਦਾ ਇਸ ਲਈ ਉਸ ਨੇ ਦੋਆਬਾ ਦੀ ਸਾਧਾਰਨ ਪ੍ਰਵਿਰਤੀ ਵਾਂਗ ਵਿਦੇਸ਼ ਜਾ ਕੇ ਕੰਮ ਕਰਨ ਦਾ ਫੈਸਲਾ ਕੀਤਾ। ਬਾਬਾ ਬਿਲਗਾ ਨੇ ਪਾਸਪੋਰਟ ਲਈ ਅਪਲਾਈ ਕੀਤਾ ਤਾਂ ਸਰਕਾਰ ਨੇ ਇਹ ਕਹਿ ਕੇ ਪਾਸਪੋਰਟ ਬਣਾਉਣ ਤੋਂ ਨਾਂਹ ਕਰ ਦਿੱਤੀ ਕਿ ਭਗਤ ਸਿੰਘ ਉਸ ਪਿੰਡ ਦਾ ਰਹਿਣ ਵਾਲਾ ਹੈ ਜਿਥੋਂ ਦੇ ਵਾਸੀ ਹਕੂਮਤ ਪ੍ਰਤੀ ਬਾਗੀ ਸੁਰ ਵਾਲੇ ਹਨ। ਇਹ ਉਹ ਵੇਲਾ ਸੀ ਜਦੋਂ ਜੇਲ੍ਹਾਂ 'ਚ ਬੰਦ ਗ਼ਦਰੀਆਂ ਦੀ ਰਿਹਾਈ ਵੀ ਸ਼ੁਰੂ ਹੋ ਗਈ ਸੀ। ਇੱਕ ਦਿਨ ਬਾਬਾ ਬਿਲਗਾ ਆਪਣੇ ਪਿੰਡ ਦੇ ਰੇਲਵੇ ਸਟੇਸ਼ਨ 'ਤੇ ਖੜ੍ਹੇ ਹੀ ਸਨ ਕਿ ਇਸੇ ਦੌਰਾਨ ਭਾਈ ਸੰਤੋਖ ਸਿੰਘ ਨੇ ਕਿਰਤੀ ਅਖ਼ਬਾਰ ਸ਼ੁਰੂ ਕੀਤਾ ਹੋਇਆ ਸੀ ਰੇਲਵੇ ਸਟੇਸ਼ਨ 'ਤੇ ਹੀ ਬਾਬਾ ਭਾਗ ਸਿੰਘ ਆ ਗਏ ਜਿਨ੍ਹਾਂ ਬਾਬਾ ਬਿਲਗਾ ਦੇ ਹੱਥ ਕਿਰਤੀ ਅਖ਼ਬਾਰ ਦੀ ਕਾਪੀ ਫੜਾ ਦਿੱਤੀ। ਕਿਰਤੀ ਅਖ਼ਬਾਰ ਨੇ ਨੌਜਵਾਨ ਅਵਸਥਾ 'ਚ ਪਹੁੰਚੇ ਬਾਬਾ ਬਿਲਗਾ ਦੇ ਮਨ ਅੰਦਰਲੇ ਦੇਸ਼ ਭਗਤੀ ਦੇ ਜਜ਼ਬੇ ਨੂੰ ਇਕ ਹੋਰ ਹੁਲਾਰਾ ਦਿੱਤਾ।

ਇਹ ਉਹ ਸਮਾਂ ਵੀ ਸੀ ਜਦੋਂ ਇੱਕ ਪਾਸੇ ਕਾਂਗਰਸ ਦੇ ਜਲਸਿਆਂ ਦਾ ਮਾਹੌਲ ਗਰਮ ਸੀ ਤੇ ਜੈਤੋ ਦੇ ਮੋਰਚੇ 'ਚ ਵੀ ਪਿੰਡਾਂ 'ਚੋਂ ਜੱਥਿਆਂ ਦੇ ਜਾਣ ਦਾ ਦੌਰ ਜਾਰੀ ਸੀ ਇਕ ਰਾਤ ਜਦੋਂ ਜੈਤੋ ਦੇ ਮੋਰਚੇ ਨੂੰ ਜਾਣ ਵਾਲਾ ਇੱਕ ਜੱਥਾ ਪਿੰਡ ਬਿਲਗਾ ਆ ਕੇ ਰੁਕਿਆ ਤਾਂ ਸਾਰੇ ਪਿੰਡ ਨੇ ਇਸ ਜੱਥੇ ਦਾ ਭਰਵਾਂ ਸਵਾਗਤ ਕੀਤਾ ਪਰ ਪਿੱਛੇ ਹੀ ਆਈ ਪੁਲਿਸ ਦੀ ਟੋਲੀ ਨੇ ਇਸ ਜੱਥੇ ਦੇ ਮੈਂਬਰਾਂ 'ਤੇ ਤਸ਼ੱਦਦ ਕੀਤਾ ਅਤੇ ਉਨ੍ਹਾਂ ਦਾ ਰਾਸ਼ਨ ਪਾਣੀ ਤੱਕ ਮਿੱਟੀ 'ਚ ਮਿਲਾ ਦਿੱਤਾ। ਇਸ ਤੋਂ ਪਿੰਡ ਦੇ ਸਮੂਹ ਲੋਕਾਂ ਨੇ ਆਪਣੇ ਘਰਾਂ 'ਚ ਪਿਆ ਰਾਸ਼ਨ ਇਸ ਜਥੇ ਨੂੰ ਦਿੱਤਾ ਗੁਰੂ ਕੇ ਬਾਗ ਦੇ ਮੋਰਚੇ ਦਾ ਸੰਘਰਸ਼ ਵੀ ਉਨ੍ਹੀ ਦਿਨੀ ਚਰਮ ਸੀਮਾ 'ਤੇ ਸੀ। ਇਸੇ ਦੌਰਾਨ ਬਾਬਾ ਬਿਲਗਾ ਦੇ ਮਨ ਵਿਚ ਵਿਦੇਸ਼ ਜਾਣ ਦੀ ਚਾਹ ਵੀ ਸੀ ਤੇ ਉਹ ਆਪਣੇ ਦੋ ਸਾਥੀਆਂ ਗੁਰਬਚਨ ਅਤੇ ਕਾਮਰੇਡ ਜੁਆਲਾ ਸਿੰਘ ਦੇ ਨਾਲ ਕਲਕੱਤੇ ਨੂੰ ਤੁਰ ਪਿਆ। ਕਲਕੱਤੇ ਜਾ ਕੇ ਉਨ੍ਹਾਂ ਨੇ ਪਾਸਪੋਰਟ ਦਾ ਬੰਦੋਬਸਤ ਕਰਕੇ ਦੇਣ ਵਾਲੇ ਇੱਕ ਦਲਾਲ ਨੂੰ ਲੱਭਿਆ ਅਤੇ ਜਾਨ ਮੁਹੰਮਦ ਨਾਮੀ ਇੱਕ ਦਲਾਲ ਨੇ ਇਨ੍ਹਾਂ ਤਿੰਨਾਂ ਦੇ ਫਰਜੀ ਕਾਗਜ਼ਾਤ ਤਿਆਰ ਕਰਵਾ ਕੇ ਮੈਜਿਸਟਰੇਟ ਦੇ ਪੇਸ਼ ਕੀਤਾ ਅਤੇ ਇਹ ਸਾਬਤ ਕਰ ਦਿੱਤਾ ਕਿ ਇਹ ਤਿੰਨੋਂ ਕਲਕੱਤਾ ਦੇ ਹੀ ਰਹਿਣ ਵਾਲੇ ਹਨ। ਇਸ ਤੋਂ ਬਾਅਦ ਪਾਸਪੋਰਟ ਜਾਰੀ ਹੋ ਗਏ। ਇਸ ਕੰਮ ਬਦਲੇ ਜਾਨ ਮੁਹੰਮਦ ਨੇ 100 ਰੁਪਏ ਪ੍ਰਤੀ ਵਿਅਕਤੀ ਲਏ।

ਪਾਸਪੋਰਟ ਹਾਸਲ ਕਰਨ ਤੋਂ ਬਾਅਦ ਬਾਬਾ ਬਿਲਗਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਅਰਜਨਟਾਇਨਾ ਦਾ ਸਫ਼ਰ ਸ਼ੁਰੂ ਹੋਇਆ ਮੋਕੰਦੀ ਕੰਪਨੀ ਜੋ ਅੰਗਰੇਜ਼ਾਂ ਦਾ ਸਮਾਨ ਢੋਂਹਦੀ ਸੀ ਦੇ ਸਮੁੰਦਰੀ ਬੇੜੇ ਰਾਹੀਂ ਉਨ੍ਹਾਂ ਸਫ਼ਰ ਸ਼ੁਰੂ ਕੀਤਾ ਰੰਗੂਨ ਸਿੰਘਾਪੁਰ ਹੁੰਦਿਆਂ ਇਹ ਬੇੜਾ ਇੱਕ ਮਹੀਨੇ ਵਿਚ ਹਾਂਗਕਾਂਗ ਪਹੁੰਚਿਆ। ਰਸਤੇ ਵਿਚ ਬੜੇ ਸਮੁੰਦਰੀ ਤੂਫ਼ਾਨ ਆਏ ਬੇੜੇ ਵਿਚਲੀਆਂ ਸਾਰੀਆਂ ਸਵਾਰੀਆਂ ਬਿਮਾਰ ਪੈ ਗਈਆਂ ਪਰ ਬਾਬਾ ਕਾਇਮ ਰਿਹਾ। ਭਾਰਤ 'ਤੇ ਝੁਲਦੇ ਬ੍ਰਿਟਿਸ਼ ਝੰਡੇ ਨੂੰ ਲਾਹੁਣ ਲਈ ਉਸ ਸਮੇਂ ਬਾਬਾ ਬਿਲਗਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਵਿਦੇਸ਼ਾਂ ਵਿਚਲੇ ਪੰਜਾਬੀਆਂ ਵਿਚ ਵੀ ਤੜਫ਼ ਦੇਖੀ। ਸਿੰਘਾਪੁਰ ਦੇ ਹੀ ਗੁਰਦੁਆਰਿਆਂ ਵਿਚ ਗ਼ਦਰ ਅਖ਼ਬਾਰ ਆਮ ਆਉਂਦਾ ਸੀ ਅਤੇ ਗੁਰਦੁਆਰਿਆਂ ਦੇ ਗ੍ਰੰਥੀ ਇਹ ਅਖ਼ਬਾਰ ਆਮ ਪੰਜਾਬੀਆਂ ਨੂੰ ਪੜ੍ਹ

ਕੇ ਸੁਣਾਉਂਦੇ ਹੁੰਦੇ ਸਨ। ਬਾਬਾ ਬਿਲਗਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਤਮੰਨਾ ਕਿਸੇ ਨਾ ਕਿਸੇ ਤਰੀਕੇ ਅਮਰੀਕਾ ਪਹੁੰਚਣ ਦੀ ਸੀ ਪਰ ਉਹ ਆਪਣੇ ਇਸ ਮਕਸਦ ਵਿਚ ਕਾਮਯਾਬ ਨਹੀਂ ਹੋ ਸਕੇ ਕਿਉਂਕਿ ਪੁਲੀਸ ਦੇ ਸਖ਼ਤ ਪਹਿਰੇ ਨੇ ਉਨ੍ਹਾਂ ਨੂੰ ਭੱਜਣ ਨਾ ਦਿੱਤਾ। ਜਦੋਂ ਇਹ ਬੇੜਾ ਸਾਂਨਫ੍ਰਾਂਸਿਸਕੋ ਪਹੁੰਚਿਆ ਤਾਂ ਉਥੇ ਵੀ ਉਨ੍ਹਾਂ ਅਮਰੀਕਾ ਉਤਰਨ ਬਾਰੇ ਸੋਚਿਆ ਪਰੰਤੂ ਇੱਥੇ ਵੀ ਉਨ੍ਹਾਂ ਦਾ ਦਾਅ ਨਹੀਂ ਲੱਗ ਸਕਿਆ। ਅਖ਼ੀਰ ਤਿੰਨ ਕੁ ਮਹੀਨਿਆਂ ਦੇ ਸਫ਼ਰ ਤੋਂ ਬਾਅਦ ਉਹ ਲਾਸ ਏਂਜਲਸ, ਮੈਕਸੀਕੋ, ਪੈਨਾਮੇ ਹੁੰਦੇ ਹੋਏ ਉਹ ਚਿੱਲੀ ਉੱਤਰੇ ਤੇ ਉਥੋਂ ਅਰਜਨਟਾਇਨਾ ਚਲੇ ਗਏ।

ਅਰਜਨਟਾਇਨਾ ਦੇ ਸ਼ਹਿਰ ਸਨਪੇਧਰੋ ਦੀ ਇੱਕ ਖੰਡ ਮਿੱਲ 'ਚ ਵੱਡੀ ਗਿਣਤੀ ਵਿਚ ਪੰਜਾਬੀ ਕੰਮ ਕਰਦੇ ਸਨ ਅਤੇ ਇਸ ਖੰਡ ਮਿੱਲ 'ਚ ਹੀ ਬਾਬਾ ਬਿਲਗਾ ਨੂੰ ਸਟੋਰ ਕੀਪਰ ਦੀ ਨੌਕਰੀ ਮਿਲ ਗਈ ਉਹ ਵੀ ਸਿਰਫ਼ 100 ਪੈਸੇ ਪ੍ਰਤੀ ਮਹੀਨਾ। ਛੇ ਮਹੀਨਿਆਂ ਵਿਚ ਹੀ ਬਾਬਾ ਬਿਲਗਾ ਨੇ ਸਪੈਨਿਸ਼ ਭਾਸ਼ਾ ਚੰਗੀ ਤਰ੍ਹਾਂ ਬੋਲਣੀ, ਲਿਖਣੀ ਅਤੇ ਪੜ੍ਹਨੀ ਸਿੱਖ ਲਈ ਫਿਰ ਤਾਂ ਕੋਈ ਬਾਬਾ ਬਿਲਗਾ ਬਾਰੇ ਅੰਦਾਜ਼ਾ ਹੀ ਨਹੀਂ ਲਾ ਸਕਿਆ ਕਿ ਉਹ ਹਿੰਦੋਸਤਾਨੀ ਹੈ ਜਾਂ ਸਪੇਨੀ। ਛੇ ਮਹੀਨੇ ਇਸ ਖੰਡ ਮਿੱਲ 'ਚ ਨੌਕਰੀ ਕਰਨ ਤੋਂ ਬਾਅਦ ਉਹ ਅਰਜਨਟਾਇਨਾ ਦੇ ਦੂਜੇ ਸ਼ਹਿਰ ਰੋਸਾਰੀਓ ਚਲੇ ਗਏ। 23 ਮਾਰਚ 1931 ਨੂੰ ਜਦੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦਿੱਤੀ ਗਈ ਤਾਂ ਉਸ ਵੇਲੇ ਬਾਬਾ ਬਿਲਗਾ ਅਰਜਨਟਾਇਨਾ ਵਿਚ ਹੀ ਸਨ ਉਸ ਵੇਲੇ ਉੱਥੋਂ ਦੀਆਂ ਅਖ਼ਬਾਰਾਂ ਨੇ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਲਾਉਣ ਦੀਆਂ ਖ਼ਬਰਾਂ ਨੂੰ ਬੜੀ ਹੀ ਪ੍ਰਮੁੱਖਤਾ ਨਾਲ ਛਾਪਿਆ। ਬਾਬਾ ਬਿਲਗਾ ਅਤੇ ਉੱਥੇ ਰਹਿੰਦੇ ਭਾਰਤੀਆਂ ਨੇ ਇਕੱਠੇ ਹੋ ਕੇ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਦੇਣ ਵਿਰੁੱਧ ਬ੍ਰਿਟਿਸ਼ ਹਕੂਮਤ ਵਿਰੁੱਧ ਜਲਸਾ ਕੀਤਾ ਅਤੇ ਉੱਥੇ ਮਾਤਮੀ ਜਲੂਸ ਵੀ ਕੱਢਿਆ। ਭਗਤ ਸਿੰਘ ਅਤੇ ਸਾਥੀਆਂ ਦੀ ਸ਼ਹੀਦੀ ਨੇ ਵਿਦੇਸ਼ਾਂ 'ਚ ਕੰਮ ਕਰਦੇ ਭਾਰਤੀਆਂ ਦੇ ਮਨ ਵਿਚ ਦੇਸ਼ ਭਗਤੀ ਦੀ ਅਜਿਹੀ ਚਿਣਗ ਜਗਾਈ ਕਿ ਉਨ੍ਹਾਂ ਅੰਗਰੇਜ਼ ਹਕੂਮਤ ਨੂੰ ਚੱਲਦਾ ਕਰਨ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਦੀ ਠਾਣ ਲਈ।

ਬਾਬਾ ਬਿਲਗਾ ਦੇ ਦੇਸ਼ ਭਗਤੀ ਦੇ ਸਫ਼ਰ ਨੇ ਵੀ ਇਸ ਵੱਡੀ ਘਟਨਾ ਤੋਂ ਬਾਅਦ ਅਜਿਹਾ ਮੋੜਾ ਖਾਦਾ ਕਿ ਉਹ ਇੱਕ ਦਮ ਗ਼ਦਰੀ ਬਾਬਿਆਂ ਦੇ ਸੰਪਰਕ 'ਚ ਆ ਗਏ। ਦੇਸ਼ ਭਗਤਾਂ ਮੁਤਾਬਕ ਇਹ ਉਹ ਸਮਾਂ ਸੀ ਜਦੋਂ ਦੇਸ਼ ਦੇ ਲੋਕ ਪੂਰੀ ਤਰ੍ਹਾਂ ਜਾਗ ਚੁੱਕੇ ਸਨ ਅਤੇ ਗ਼ਦਰ ਪਾਰਟੀ ਨੇ ਵੀ ਮੁੜ ਤੋਂ ਸੰਗਠਤ ਹੋਣਾ ਸ਼ੁਰੂ ਕਰ ਦਿੱਤਾ ਸੀ। ਇਸੇ ਲਈ ਗ਼ਦਰ ਪਾਰਟੀ ਨੇ ਅਰਜਨਟਾਇਨਾ ਦੇ ਭਾਰਤੀਆਂ ਨੂੰ ਆਜ਼ਾਦੀ ਸੰਗਰਾਮ ਦੀ ਲੜਾਈ ਲਈ ਸਰਗਰਮ ਕਰਨ ਖ਼ਾਤਰ ਬਾਬਾ ਰਤਨ ਸਿੰਘ ਰਾਏਪੁਰ ਡੱਬਾ ਨੂੰ ਉੱਥੇ ਭੇਜਿਆ। ਬਾਬਾ ਰਤਨ ਸਿੰਘ ਰਾਏਪੁਰ ਡੱਬਾ ਦਾ ਇੱਕੋ ਇਕ ਕੰਮ ਸੀ ਕਿ ਉਹ ਵਿਦੇਸ਼ਾਂ ਵਿਚ ਗ਼ਦਰੀ ਪਾਰਟੀ ਦੀਆਂ ਬਰਾਂਚਾਂ ਕਾਇਮ ਕਰਨ। ਅਰਜਨਟਾਇਨਾ ਵਿਚਲੇ ਭਾਰਤੀਆਂ ਨੂੰ ਇੱਕ ਝੰਡੇ ਹੇਠ ਇਕੱਠੇ ਕਰਨ ਤੋਂ ਬਾਅਦ ਬਾਬਾ ਰਤਨ ਸਿੰਘ ਜਾਅਲੀ ਬਣਾਏ ਪਾਸਪੋਰਟ ਰਾਹੀਂ ਬ੍ਰਾਜੀਲ ਦੇ ਸ਼ਹਿਰ ਰੀਓਡੀ ਜਨੇਰੀਓ ਪਹੁੰਚੇ ਜਿੱਥੇ ਸ਼ਹੀਦੇ ਆਜਮ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਭਾਰਤੀਆਂ ਨੂੰ ਵਿਦੇਸ਼ੀ ਭਾਸ਼ਾਵਾਂ ਦੀ ਜਾਣਕਾਰੀ ਦੇਣ ਲਈ ਇੱਕ ਸਕੂਲ ਚਲਾ ਰਹੇ ਸਨ। ਬਾਬਾ ਰਤਨ ਸਿੰਘ ਨੇ

ਸੰਗਰਾਮ ਲਈ ਕੁਝ ਪੈਸੇ ਵੀ ਇਕੱਠੇ ਕੀਤੇ ਅਤੇ ਅੰਮ੍ਰਿਤਸਰ ਕਿਰਤੀ ਅਖ਼ਬਾਰ ਲਈ ਭੇਜ ਦਿੱਤੇ। ਇਸੇ ਦੌਰਾਨ ਤੇਜਾ ਸਿੰਘ ਸੁਤੰਤਰ ਵੀ ਅਰਜਨਟਾਇਨਾ ਪਹੁੰਚ ਗਏ।

ਅਜੀਤ ਸਿੰਘ ਤਪਦਿਕ ਦੀ ਬਿਮਾਰੀ ਤੋਂ ਪੀੜ੍ਹਤ ਹੋ ਗਏ ਤਾਂ ਉਨ੍ਹਾਂ ਨੂੰ ਡਾਕਟਰਾਂ ਨੇ ਬ੍ਰਾਜੀਲ ਛੱਡਣ ਦੀ ਸਲਾਹ ਦਿੱਤੀ। ਡਾਕਟਰਾਂ ਦੀ ਸਲਾਹ 'ਤੇ ਅਜੀਤ ਸਿੰਘ ਨੂੰ ਅਰਜਨਟਾਇਨਾ ਲਿਆਂਦਾ ਗਿਆ। ਇੱਥੇ ਅਜੀਤ ਸਿੰਘ ਨੂੰ ਅਰਜਨਟਾਇਨਾ ਦੇ ਇੱਕ ਠੰਡੇ ਸ਼ਹਿਰ ਕੁਰਦਬਾ 'ਚ ਰੱਖਿਆ ਗਿਆ ਅਤੇ ਥੋੜੇ ਹੀ ਸਮੇਂ 'ਚ ਉਨ੍ਹਾਂ ਦੀ ਸਿਹਤ 'ਚ ਸੁਧਾਰ ਹੋ ਗਿਆ। ਤੇਜਾ ਸਿੰਘ ਸੁਤੰਤਰ, ਅਜੀਤ ਸਿੰਘ, ਬਾਬਾ ਰਤਨ ਸਿੰਘ ਅਤੇ ਹੋਰਨਾਂ ਦੇਸ਼ ਭਗਤਾਂ ਦਰਮਿਆਨ ਹੋਈ ਮੀਟਿੰਗ ਦੌਰਾਨ ਤੇਜਾ ਸਿੰਘ ਸੁਤੰਤਰ ਨੇ ਸੁਝਾਅ ਦਿੱਤਾ ਕਿ ਵਿਦੇਸ਼ਾਂ 'ਚ ਆਏ ਭਾਰਤੀਆਂ ਨੂੰ ਗੁਰੀਲਾ ਯੁੱਧ ਦੀ ਟਰੇਨਿੰਗ ਦੇ ਕੇ ਭਾਰਤ ਭੇਜਿਆ ਜਾਵੇ। ਸੁਤੰਤਰ ਦੀ ਦਲੀਲ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਹੋਰਨਾਂ ਦੇਸ਼ ਭਗਤਾਂ ਨੇ ਕਿਹਾ ਕਿ ਵਿਦਿਆਰਥੀਆਂ, ਕਿਸਾਨਾਂ, ਮਜ਼ਦੂਰਾਂ, ਟਰੇਡ ਵਰਕਰਾਂ ਦੀਆਂ ਜਥੇਬੰਦੀਆਂ ਦਾ ਗਠਨ ਕਰਕੇ ਇਨਕਲਾਬੀ ਤਾਕਤ ਜਥੇਬੰਦ ਕੀਤੀ ਜਾਵੇ। ਇਸ ਦੇ ਨਾਲ ਹੀ ਇਹ ਵੀ ਫੈਸਲਾ ਕੀਤਾ ਕਿ ਦੇਸ਼ ਨੂੰ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਾਉਣ ਲਈ ਗੁਰੀਲੇ ਭੇਜਣ ਦਾ ਕੰਮ ਵੀ ਜਾਰੀ ਰੱਖਿਆ ਗਿਆ। ਇਸ ਕੰਮ ਨੂੰ ਸਰਅੰਜਾਮ ਦੇਣ ਲਈ ਅਜੀਤ ਸਿੰਘ ਨੇ ਬਰਾਜ਼ੀਲ ਦੇ ਇਕ ਮੰਤਰੀ ਰਾਹੀਂ ਮਿਡਲ ਈਸਟ ਵਿਚ ਕੌਫੀ ਸਪਲਾਈ ਕਰਨ ਦੇ ਬਹਾਨੇ ਗ਼ਦਰੀ ਭੇਜਣ ਦਾ ਕੰਮ ਸ਼ੁਰੂ ਕੀਤਾ।

1932 ਵਿਚ ਬਾਬਾ ਬਿਲਗਾ ਨੂੰ ਗ਼ਦਰ ਪਾਰਟੀ ਦੇ ਅਰਜਨਟਾਇਨਾ ਯੂਨਿਟ ਦਾ ਜਨਰਲ ਸਕੱਤਰ ਬਣਾਇਆ ਗਿਆ। ਉਸੇ ਵੇਲੇ ਗ਼ਦਰ ਪਾਰਟੀ ਦੇ ਲਾਈਫ ਮੈਂਬਰਾਂ ਨੂੰ ਹੁਕਮ ਹੋਇਆ ਕਿ ਉਹ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਬਰ ਤਿਆਰ ਰਹਿਣ ਕਿਸੇ ਵੇਲੇ ਵੀ ਕੋਈ ਆਦੇਸ਼ ਹੋ ਸਕਦੇ ਹਨ। ਉਸ ਤੋਂ ਬਾਅਦ ਬਾਬਾ ਬਿਲਗਾ ਸਮੇਤ 1932 ਵਿਚ 60 ਦੇ ਕਰੀਬ ਪੰਜਾਬੀਆਂ ਨੂੰ ਟ੍ਰੇਨਿੰਗ ਲਈ ਮਾਸਕੋ ਭੇਜਿਆ ਗਿਆ। ਬਾਬਾ ਬਿਲਗਾ ਅਰਜਨਟਾਇਨਾ ਤੋਂ ਬਰਲਿਨ ਚਲੇ ਗਏ ਉੱਥੋਂ ਉੱਤਰੀ ਜਰਮਨੀ ਫਿਰ ਲੈਨਿਨ ਗਾਰਡ ਅਤੇ ਉੱਥੋਂ ਸਿੱਧੇ ਮਾਸਕੋ। ਇੱਥੇ ਯੂਨੀਵਰਸਿਟੀ ਵਿਚ ਦਾਖਲਾ ਲੈਣਾ ਖਾਲਾ ਜੀ ਦਾ ਵਾੜਾ ਨਹੀਂ ਸੀ ਪੂਰੀ ਤਰ੍ਹਾਂ ਪੁਲਸੀਆ ਰੂਪ ਵਿਚ ਤਫ਼ਤੀਸ਼ ਹੁੰਦੀ ਸੀ ਜ਼ਿਆਦਾਤਰ ਦਾਖਲਾ ਮਿਲਣ ਦੀ ਸੰਭਾਵਨਾ ਉਨ੍ਹਾਂ ਨੂੰ ਹੀ ਹੁੰਦੀ ਸੀ ਜੋ ਮਜ਼ਦੂਰ ਅਤੇ ਕਿਸਾਨ ਵਰਗ ਨਾਲ ਸਬੰਧ ਰੱਖਦੇ ਸਨ। ਖਾਂਦੇ-ਪੀਂਦੇ ਘਰਾਂ ਦੇ ਮੁੰਡਿਆਂ ਨੂੰ ਇਸ ਯੂਨੀਵਰਸਿਟੀ ਵਿਚ ਦਾਖਲਾ ਨਹੀਂ ਸੀ ਦਿੱਤਾ ਜਾਂਦਾ। ਬਾਬਾ ਬਿਲਗਾ, ਅੱਛਰ ਸਿੰਘ ਛੀਨਾ, ਤੇਜਾ ਸਿੰਘ ਸੁਤੰਤਰ ਅਤੇ ਚੰਨਣ ਸਿੰਘ ਉਸ ਵੇਲੇ ਮਾਸਕੋ ਵਿਚ ਹੀ ਸਨ।

ਪੰਜਾਬ 'ਚੋਂ ਗਏ ਜ਼ਿਆਦਾਤਰ ਮੁੰਡੇ ਉੱਥੇ ਰੂਸੀ ਸਾਹਿਤ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦਾ ਕੰਮ ਵੀ ਕਰਦੇ ਸਨ। ਤੇਜਾ ਸਿੰਘ ਸੁਤੰਤਰ ਨੇ ਉਸ ਵੇਲੇ ਕਈ ਚੰਗੀਆਂ ਕਿਤਾਬਾਂ ਦਾ ਅਨੁਵਾਦ ਕੀਤਾ ਪਰ ਬਾਬਾ ਬਿਲਗਾ ਇਕ ਗੱਲੋਂ ਬੜੇ ਦੁਖੀ ਹਨ ਕਿ ਲੈਨਿਨ ਦੀ ਇੱਕ ਕਿਤਾਬ 'ਗ਼ਰੀਬ ਕਿਸਾਨ ਨੂੰ' ਦਾ ਉਨ੍ਹਾਂ ਦੇ ਇਕ ਸਾਥੀ ਨੇ ਅਨੁਵਾਦ ਕੀਤਾ ਪਰ ਇਸ ਉੱਤੇ ਠੱਪਾ ਸੀ.ਪੀ.ਆਈ. ਦੇ ਇਕ ਲੀਡਰ ਨੇ ਲਵਾ ਲਿਆ ਕਿਉਂਕਿ ਉਸ ਵੇਲੇ ਪ੍ਰਤੀ ਪੇਜ਼ ਅਨੁਵਾਦ ਕਰਨ 'ਤੇ ਚੋਖੇ ਪੈਸੇ ਮਿਲਦੇ ਸਨ। ਬਾਬਾ ਬਿਲਗਾ ਨੇ 1932 ਤੋਂ ਲੈ ਕੇ 1934 ਤੱਕ ਮਾਸਕੋ 'ਚ ਟ੍ਰੇਨਿੰਗ ਲਈ, ਇਸ ਤੋਂ ਬਾਅਦ ਬਾਬਾ ਬਿਲਗਾ ਨੂੰ ਹਰਬੰਸ ਸਿੰਘ ਕੁਲਾਣੇ ਦੇ ਭਰਾ ਮਿਲਖੀ ਦੇ

ਪਾਸਪੋਰਟ 'ਤੇ ਫੋਟੋ ਬਦਲ ਕੇ ਉਸ ਨੂੰ ਮਿਲਖੀ ਬਣਾ ਕੇ ਮਾਸਕੋ ਤੋਂ ਫਰਾਂਸ ਅਤੇ ਫਰਾਂਸ ਤੋਂ ਸ੍ਰੀਲੰਕਾ ਦੇ ਰਾਹੀਂ ਭਾਰਤ ਭੇਜਿਆ ਗਿਆ। ਸ੍ਰੀਲੰਕਾ 'ਚ ਉਸ ਵੇਲੇ ਬਰਤਾਨੀਆ ਦੀ ਹੀ ਹਕੂਮਤ ਸੀ। ਕੋਲੰਬੋ ਉਤਰਨ ਵੇਲੇ ਬਾਬਾ ਬਿਲਗਾ ਨੂੰ ਇਮੀਗਰੇਸ਼ਨ ਵਾਲਿਆਂ ਨੇ ਘੇਰਿਆ ਪਰ ਉਹ ਸੂਝ-ਬੂਝ ਅਤੇ ਆਪਣੀ ਤੀਖਣ ਬੁੱਧੀ ਸਦਕਾ ਉਨ੍ਹਾਂ ਦੇ ਚੱਕਰ 'ਚ ਨਾ ਫਸਿਆ। ਉਥੋਂ ਇਕ ਪੱਗ ਅਤੇ ਕੁੜਤਾ-ਪਜਾਮਾ ਪਹਿਨ ਕੇ ਉਹ ਭਾਰਤ ਦਾਖਲ ਹੋ ਗਿਆ।

ਜਿਵੇਂ ਹੀ ਬਾਬਾ ਬਿਲਗਾ ਮਦਰਾਸ ਤੋਂ ਗੱਡੀ ਬੈਠਿਆ ਤਾਂ ਸੀ.ਆਈ.ਡੀ. ਵਾਲਿਆਂ ਨੇ ਉਸ ਦੀ ਪੈੜ ਨੱਪ ਲਈ ਅਤੇ ਇਕ ਸਿਪਾਹੀ ਉਸ 'ਤੇ ਨਿਗਰਾਨੀ ਰੱਖਣ ਲੱਗ ਪਿਆ। ਇਕ ਵਾਰੀ ਤਾਂ ਸੀ.ਆਈ.ਡੀ. ਵਾਲਿਆਂ ਨੇ ਪੁੱਛ ਹੀ ਲਿਆ ਕਿ ਉਹ ਕਿੱਥੋਂ ਆਇਆ ਹੈ ਅਤੇ ਕਿੱਥੇ ਚੱਲਿਆ ਹੈ ਤਾਂ ਬਾਬਾ ਬਿਲਗਾ ਨੇ ਕਿਹਾ ਕਿ ਮੇਰੀ ਮਾਂ ਨੇ ਕਿਹਾ ਸੀ ਕਿ ਤੂੰ ਮੂੰਹ-ਸਿਰ ਮੁਨਾ ਕੇ ਪਤਿਤ ਹੋ ਗਿਆ ਹੈਂ, ਪਹਿਲਾਂ ਹਜ਼ੂਰ ਸਾਹਿਬ ਮੱਥਾ ਟੇਕੀਂ ਅਤੇ ਫਿਰ ਅੰਮ੍ਰਿਤ ਛਕ ਕੇ ਘਰ ਆਈਂ। ਸੀ.ਆਈ.ਡੀ. ਦੇ ਇਸ ਸਿਪਾਹੀ ਨੇ ਬਾਬੇ ਦੀਆਂ ਗੱਲਾਂ 'ਤੇ ਯਕੀਨ ਤਾਂ ਕਰ ਲਿਆ ਪਰ ਉਸ ਦਾ ਪਿੱਛਾ ਨਾ ਛੱਡਿਆ। ਉਥੋਂ ਤੱਕ ਕਿ ਜਿਥੋਂ ਕਿਤੇ ਸਿਪਾਹੀ ਬਦਲਣਾ ਹੁੰਦਾ ਉਥੋਂ ਗਾਰਡ ਦੀ ਪੱਕੀ ਡਿਊਟੀ ਹੁੰਦੀ ਕਿ ਉਹ ਬਾਬਾ ਬਿਲਗਾ ਦਾ ਟਿਕਟ ਨੰਬਰ ਸੀ.ਆਈ.ਡੀ. ਵਾਲਿਆਂ ਨੂੰ ਦੱਸੇ ਅਤੇ ਅੱਗੋਂ ਸੀ.ਆਈ.ਡੀ. ਵਾਲੇ ਉਸ ਦੀ ਪੈੜ ਨੱਪੀ ਰੱਖਣ। ਗੱਡੀ ਨਾਗਪੁਰ ਅਜੇ ਪਹੁੰਚੀ ਸੀ ਕਿ ਇਕ ਛੋਟੇ ਸਟੇਸ਼ਨ 'ਤੇ ਰੁਕ ਗਈ। ਬਾਬਾ ਬਿਲਗਾ ਨੂੰ ਪੂਰਾ ਯਕੀਨ ਹੋ ਗਿਆ ਕਿ ਅੱਜ ਉਹ ਪੁਲੀਸ ਦੀ ਮਾਰ ਤੋਂ ਨਹੀਂ ਬਚ ਸਕੇਗਾ।

ਬਾਬਾ ਬਿਲਗਾ ਨੇ ਸਭ ਤੋਂ ਪਹਿਲਾਂ ਮਿਲਖੀ ਦੇ ਨਾਂ 'ਤੇ ਬਣਿਆ ਪਾਸਪੋਰਟ ਪਾੜ ਕੇ ਟਾਇਲਟ ਵਿਚ ਸੁੱਟਿਆ ਅਤੇ ਫਿਰ ਉਨ੍ਹਾਂ ਕੁਝ ਪੰਜਾਬੀਆਂ ਵਿਚ ਬੈਠ ਕੇ ਤਾਸ਼ ਖੇਡਣ ਲੱਗ ਪਿਆ ਜੋ ਮਦਰਾਸ ਤੋਂ ਹੀ ਬਾਬੇ ਦੇ ਨਾਲ ਗੱਡੀ ਚੜ੍ਹੇ ਸਨ ਅਤੇ ਤਾਸ਼ ਖੇਡਦੇ-ਖੇਡਦੇ ਨੇ ਹੀ ਇਕ ਪੰਜਾਬੀ ਨਾਲ ਆਪਣਾ ਟਿਕਟ ਬਦਲਾ ਲਿਆ। ਅਗਲੇ ਸਟੇਸ਼ਨ 'ਤੇ ਜਦੋਂ ਗੱਡੀ ਚੈਕ ਹੋਈ ਤਾਂ ਦੂਸਰਾ ਪੰਜਾਬੀ ਫੜਿਆ ਗਿਆ ਪਰ ਡੱਬੇ ਵਿਚ ਹੀ ਬੈਠੇ ਇਕ ਮਦਰਾਸੀ ਨੇ ਬਾਬੇ ਵੱਲ ਉਂਗਲ ਕਰਕੇ ਕਿਹਾ ਕਿ "ਕਿਤੇ ਇਹ ਓਹੀ ਮੁੰਡਾ ਤਾਂ ਨਹੀਂ ਜਿਸ ਨੂੰ ਪੁਲੀਸ ਲੱਭਦੀ ਫਿਰਦੀ ਹੈ?" ਤਾਂ ਬਾਬਾ ਬਿਲਗਾ ਅਗਲੇ ਸਟੇਸ਼ਨ 'ਤੇ ਉਤਰ ਗਿਆ। ਉਸ ਨੂੰ ਕੁਝ ਵੀ ਨਹੀਂ ਸੀ ਸੁੱਝ ਰਿਹਾ ਕਿ ਉਹ ਕਿਥੇ ਜਾਵੇ। ਬੱਸ ਫੜਨ ਦੀ ਕੋਸ਼ਿਸ਼ ਕੀਤੀ ਪਰ ਕੁਝ ਬੱਸਾਂ ਲੰਘ ਗਈਆਂ। ਏਨੇ ਨੂੰ ਇਕ ਹੋਰ ਬੱਸ ਆਈ ਤਾਂ ਉਸ ਵਿਚ ਸਵਾਰ ਹੋ ਕੇ ਇਕ ਪਿੰਡ ਵਿਚ ਜਾ ਉਤਰਿਆ ਜਿਥੇ ਸਮਾਨ ਵੇਚਣ ਦੀ ਇਕ ਮੰਡੀ ਲੱਗੀ ਹੋਈ ਸੀ ਜਿਥੇ ਬਾਬਾ ਬਿਲਗਾ ਨੇ ਉਥੋਂ ਦੇ ਹੀ ਪਹਿਰਾਵੇ ਵਾਂਗ ਕਾਲੀ ਟੋਪੀ ਅਤੇ ਕੁੜਤਾ-ਪਜਾਮਾ ਪਹਿਨ ਲਿਆ। ਇਸ ਤੋਂ ਬਾਅਦ ਆਪਣਾ ਸਮਾਨ ਮਹਿਣਾ ਸਟੇਸ਼ਨ ਲਈ ਬਿਲਟੀ ਕਰਵਾ ਦਿੱਤਾ।

ਸਮਾਨ ਭੇਜ ਕੇ ਵਿਹਲਾ ਹੋਣ ਤੋਂ ਬਾਅਦ ਬਾਬਾ ਬਿਲਗਾ ਦਿੱਲੀ ਪਹੁੰਚੇ ਅਤੇ ਉੱਥੇ ਇਕ ਹੋਟਲ ਵਿਚ ਰਹਿਣ ਦੀ ਕੋਸ਼ਿਸ਼ ਕੀਤੀ ਪਰ ਹੋਟਲ ਵਾਲਿਆਂ ਨੇ ਬਾਬਾ ਬਿਲਗਾ ਦੇ ਹੱਥ ਇਕ ਫਾਰਮ ਫੜਾ ਦਿੱਤਾ ਜਿਸ ਵਿਚਲੀ ਜਾਣਕਾਰੀ ਭਰਨ ਨਾਲ ਬਾਬਾ ਸਹਿਜੇ ਹੀ ਪੁਲੀਸ ਦੇ ਅੜਿੱਕੇ ਆ ਸਕਦਾ ਸੀ ਪਰ ਉਹ ਫਾਰਮ ਵਿਚੇ ਛੱਡ ਅਤੇ ਹੋਟਲ ਵਾਲਿਆਂ ਨੂੰ ਇਹ ਕਹਿ ਕੇ ਉਹ ਰੋਟੀ-ਟੁੱਕ ਖਾਣ ਤੋਂ ਵਾਪਸ ਆ ਕੇ ਰਹੇਗਾ, ਦਿੱਲੀ ਰੇਲਵੇ ਸਟੇਸ਼ਨ 'ਤੇ ਪਹੁੰਚ ਗਿਆ

ਇਥੇ ਆ ਕੇ ਉਹ ਸਿੱਧਾ ਲੁਧਿਆਣੇ ਤੋਂ ਬਾਅਦ ਪਿੰਡ ਚੀਮਾ (ਜ਼ਿਲ੍ਹਾ ਜਲੰਧਰ) ਪਹੁੰਚ ਗਿਆ। ਇਥੇ ਆ ਕੇ ਉਹ ਬਾਬਾ ਕਰਮ ਸਿੰਘ ਚੀਮਾ ਨੂੰ ਮਿਲਿਆ। ਇਹ ਉਹ ਸਮਾਂ ਸੀ ਜਦੋਂ ਬਾਬਾ ਬਿਲਗਾ ਰੂਪੋਸ਼ ਰਿਹਾ ਅਤੇ ਇਹ ਸਥਿਤੀ ਦੋ ਸਾਲ ਉਦੋਂ ਤੱਕ ਚੱਲਦੀ ਰਹੀ ਜਦੋਂ ਤੱਕ ਬ੍ਰਿਟਿਸ਼ ਸਿਪਾਹੀਆਂ ਨੇ ਬਾਬੇ ਨੂੰ ਗ੍ਰਿਫ਼ਤਾਰ ਨਾ ਕੀਤਾ। ਬਾਬਾ ਬਿਲਗਾ ਨੇ ਬਾਬਾ ਕਰਮ ਸਿੰਘ ਚੀਮਾ ਨੂੰ ਆਪਣਾ ਨਾਂ ਸੰਤਾ ਸਿੰਘ ਦੱਸਿਆ। ਬਾਬਾ ਚੀਮਾ ਨੇ ਬਾਬਾ ਬਿਲਗਾ ਨੂੰ ਬਾਬਾ ਭਾਗ ਸਿੰਘ ਕੋਲ ਭੇਜ ਦਿੱਤਾ ਅਤੇ ਉਥੇ ਰੋਟੀ-ਟੁੱਕ ਖਾਣ ਤੋਂ ਬਾਅਦ ਲੰਬਾ ਸਮਾਂ ਆਰਾਮ ਕੀਤਾ।

ਆਰਾਮ ਕਰਨ ਤੋਂ ਬਾਅਦ ਬਾਬਾ ਬਿਲਗਾ ਨੇ ਬਾਬਾ ਭਾਗ ਸਿੰਘ ਨੂੰ ਕਿਹਾ ਕਿ ਉਹ ਆਪਣੀ ਅਗਲੀ ਮੰਜ਼ਿਲ ਵੱਲ ਨੂੰ ਵਧਣਾ ਚਾਹੁੰਦਾ ਹੈ ਤਾਂ ਬਾਬਾ ਭਾਗ ਸਿੰਘ ਨੇ ਬਾਬਾ ਬਿਲਗਾ ਨੂੰ ਨੇੜਲੇ ਹੀ ਪਿੰਡ ਬਿਲਗਾ ਜੋ ਬਾਬੇ ਦਾ ਜੱਦੀ ਪਿੰਡ ਸੀ, ਦੇ ਰੇਲਵੇ ਸਟੇਸ਼ਨ ਤੋਂ ਗੱਡੀ ਫੜਨ ਲਈ ਕਿਹਾ। ਉਸ ਵੇਲੇ ਤੱਕ ਬਾਬਾ ਭਾਗ ਸਿੰਘ ਅਤੇ ਬਾਬਾ ਕਰਮ ਸਿੰਘ ਚੀਮਾ ਨੂੰ ਬਾਬਾ ਬਿਲਗਾ ਬਾਰੇ ਕੋਈ ਜਾਣਕਾਰੀ ਨਹੀਂ ਸੀ। ਬਾਬਾ ਭਾਗ ਸਿੰਘ ਨੂੰ ਉਨ੍ਹਾਂ ਸਿਰਫ਼ ਇਹੀ ਕਿਹਾ ਕਿ ਮਾਸਕੋ ਤੋਂ ਹੁਕਮ ਹੋਇਆ ਹੈ ਕਿ ਕਲਕੱਤੇ ਜਾ ਕੇ ਕੰਮ ਕਰੋ। ਬਾਬਾ ਬਿਲਗਾ ਨੇ ਪੁਰਾਣੇ ਵਾਲਾ ਭੇਜਿਆ ਸਮਾਨ ਆਪਣੇ ਕਬਜ਼ੇ ਵਿਚ ਲਿਆ ਅਤੇ ਬੰਬੇ ਨੂੰ ਚਾਲੇ ਪਾ ਦਿੱਤੇ। ਇਹ ਸਫ਼ਰ, ਸੰਸਾਰ ਭਰ ਦਾ ਸਫ਼ਰ ਹੈ। ਸਿਰਫ਼ ਦੋ ਮੁਲਕਾਂ ਨੂੰ ਛੱਡ ਕੇ ਉਹ ਕਿਹੜਾ ਟੁਕੜਾ ਹੈ ਧਰਤੀ ਦਾ ਜਿੱਥੇ ਬਾਬਾ ਜੀ ਦੀਆਂ ਪੈੜਾਂ ਦੇ ਨਿਸ਼ਾਨ ਨਹੀਂ। ਰਾਜਨੀਤਕ ਸਰਗਰਮੀਆਂ, ਫੰਡ ਇਕੱਤਰ ਕਰਨਾ ਗ਼ਦਰੀਆਂ ਦਾ ਤਾਲਮੇਲ ਬਿਠਾਉਣਾ ਅਤੇ ਜਲੰਧਰ ਸਥਿਤ ਦੇਸ਼ ਭਗਤ ਯਾਦਗਾਰ ਹਾਲ ਲਈ ਮਿਸਾਲੀ ਫੰਡ ਉਗਰਾਹੀ ਕਰਨਾ ਅਜੇਹੇ ਕਾਰਜ ਹਨ ਜਿਨ੍ਹਾਂ 'ਚ ਉਹ ਸਦਾ ਹੀ ਭਰ ਜੁਆਨੀ ਦੀ ਉਮਰ ਵਾਂਗ ਹੀ ਸਰਗਰਮ ਰਹੇ ਹਨ।

ਉਨ੍ਹਾਂ ਨਾਲ ਘੰਟਿਆਂ ਬੱਧੀ ਨਹੀਂ ਸਗੋਂ ਲੜੀਵਾਰ ਕਈ-ਕਈ ਦਿਨਾਂ ਤੱਕ ਸਾਡੇ ਵੱਲੋਂ ਲੰਮੇ ਗੇੜ ਦੀ ਮੁਲਾਕਾਤ ਦਾ ਰਿਕਾਰਡ ਇਕ ਆਪਣੇ ਆਪ 'ਚ ਪ੍ਰਮਾਣਿਕ ਜਿਉਂਦਾ ਜਾਗਦਾ ਇਤਿਹਾਸ ਹੈ।

ਆਜ਼ਾਦੀ ਸੰਗਰਾਮ, ਇਸ ਦੇ ਨਿਸ਼ਾਨੇ, ਇਨ੍ਹਾਂ ਦੀ ਪੂਰਤੀ ਲਈ ਅੱਜ 100 ਵਰ੍ਹਿਆਂ ਦੇ ਜੀਵਨ ਸਫ਼ਰ ਨੂੰ ਪਾਰ ਕਰਨ ਉਪਰੰਤ ਵੀ ਉਹ ਦ੍ਰਿੜ੍ਹ ਨਿਸ਼ਚਾਵਾਨ ਅਤੇ ਆਸ਼ਾਮਈ ਅੰਦਾਜ਼ 'ਚ ਵੰਗਾਰਦੇ ਹਨ। ਫ਼ਿਲਾਸਫ਼ੀ, ਸਭਿਆਚਾਰ ਅਤੇ ਮਨੋਵਿਗਿਆਨ ਗੱਲ ਕੀ ਜ਼ਿੰਦਗੀਆਂ ਦੀਆਂ ਬਹੁਪਰਤਾਂ ਬਾਰੇ ਉਹ ਅਜੇ ਵੀ ਵਗਦੇ ਦਰਿਆ ਵਰਗੀ ਰਵਾਨਗੀ ਨਾਲ ਗੱਲਾਂ ਕਰਦੇ ਹਨ। ਚੜ੍ਹਦੀ ਜਵਾਨੀ ਨੂੰ ਸਮਾਜਕ ਤਬਦੀਲੀ ਲਈ ਹੋਕਰਾ ਮਾਰਦੇ ਹਨ। ਉਹ ਠੋਕ ਵਜਾ ਕੇ ਕਹਿੰਦੇ ਹਨ ਕਿ ਗ਼ਦਰੀ ਅਮਰ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਆਈ, ਸ਼ਹੀਦ ਭਗਤ ਸਿੰਘ ਹੋਰਾਂ ਦੇ ਸੁਪਨਿਆਂ ਦੇ ਸਮਾਜ ਦੀ ਸਿਰਜਣਾ ਲਈ ਲੋਕ ਸੰਗਰਾਮ ਜਾਰੀ ਹੈ ਅਤੇ ਜਾਰੀ ਰਹੇਗਾ। ਇਸ ਲਈ ਉਹ ਸਰਗਰਮੀ ਨਾਲ ਅੱਗੇ ਆਉਣ ਵਾਲਿਆਂ ਨੂੰ ਥਾਪੀ ਦਿੰਦੇ ਹਨ। ਅਜਿਹੇ ਅਨੇਕਾਂ ਪਹਿਲੂਆਂ 'ਤੇ ਰੌਸ਼ਨੀ ਪਾਏਗੀ ਉਨ੍ਹਾਂ ਦੀ ਸੰਗਰਾਮੀ ਜੀਵਨ ਗਾਥਾ ਤੇ ਇਸ ਕਲਮ ਤੋਂ ਲਿਖੀ ਜਾ ਰਹੀ ਕਿਤਾਬ।

✲✲✲

# ਮੇਰੇ ਅੰਗ-ਸੰਗ ਬਾਬਾ ਬਿਲਗਾ ਜੀ

-ਨਿੰਦਰ ਘੁਗਿਆਣਵੀ

ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਵਿਚ ਆਥਣੇ ਤੇ ਸਵੇਰੇ ਸੁਣੀ ਬਾਬਾ ਬਿਲਗਾ ਜੀ ਦੀ ਖੂੰਡੀ ਦੀ ਠਿੱਪ-ਠਿੱਪ ਅੱਜ ਵੀ ਚੇਤੇ ਆਉਂਦੀ ਹੈ। ਉਨ੍ਹਾਂ ਦੇ ਮੋਹ ਤੇ ਅਪਣੱਤ ਵਿਚ ਗੜੂੰਦ ਬੋਲ.... ਜਿਨ੍ਹਾਂ ਵਿਚ ਗੜ੍ਹਕਾ ਵੀ ਹੁੰਦਾ ਸੀ... ਅੱਜ ਵੀ ਕੰਨਾਂ ਵਿਚ ਗੂੰਜਦੇ ਨੇ। ਉਨ੍ਹਾਂ ਦੀ ਆਖੀ ਹਰ ਗੱਲ ਦਲੀਲ ਭਰੀ, ਉਤਸ਼ਾਹ ਦੇਣ ਵਾਲੀ ਤੇ ਮਨ ਦੇ ਚਿਤਰ-ਪਟ ਉੱਤੇ ਸਦਾ-ਸਦਾ ਲਈ ਉੱਕਰੇ ਜਾਣ ਵਾਲੀ ਹੁੰਦੀ ਸੀ। ਆਪਣੇ ਪਿੰਡ ਬਿਲਗੇ ਪ੍ਰਤੀ ਉਹ ਭਾਵੁਕ ਸਨ, ਇਕ ਦਿਨ ਆਖਣ ਲੱਗੇ, "ਮੈਂ ਅੱਜ ਜੋ ਵੀ ਆਂ... ਆਪਣੇ ਪਿੰਡ ਬਿਲਗੇ ਦੀ ਦੇਣ ਆਂ ਮੈਂ।" ਕਦੇ-ਕਦੇ ਬਾਬਾ ਜੀ ਖਿਝ ਵੀ ਜਾਂਦੇ ਸੀ.... ਜਦ ਕੋਈ ਦੁਖਦਾਈ ਜਿਹਾ ਸਮਾਚਾਰ ਉਨ੍ਹਾਂ ਦੇ ਕੰਨੀਂ ਪੈਂਦਾ... ਉਹ ਆਖਦੇ, "ਕੀ ਬਣੂੰ ਮੁਲਕ ਦਾ... ਮਾਰੇ ਗਏ ਆਂ... ਥੁਆਡਾ ਬੇੜਾ ਬਹਿਜੇ ਪਾਪੀਓ....।" ਫਿਰ ਸਹਿਜੇ-ਸਹਿਜੇ ਸਹਿਜ ਹੋ ਜਾਂਦੇ ਤੇ ਕਿਸੇ ਹੋਰ ਗੱਲ ਦੀ ਕੰਨੀ ਫੜ ਲੈਂਦੇ।

ਮੈਂ ਬਾਬਾ ਬਿਲਗਾ ਜੀ ਨੂੰ ਬਹੁਤ ਨੇੜੇ ਤੋਂ ਦੇਖਿਆ। ਹੱਸਦੇ ਵੀ... ਉਦਾਸ ਵੀ। ਹਸਾਉਂਦੇ ਵੀ ਤੇ ਗੁਣਗੁਣਾਉਂਦੇ ਵੀ। ਜੋਸ਼ ਵਿਚ ਤੇ ਗੁੱਸੇ ਵਿਚ ਵੀ। ਬੀਅਰ ਦੇ ਘੁੱਟ ਭਰਦਿਆਂ ਵੀ ਤੇ ਕੜਾਹ ਖਾਂਦਿਆ ਵੀ। ਗਾਣਾ ਤੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਸੁਣਦਿਆਂ ਵੀ। ਆਪਣਾ ਮਜ਼ਮੂਨ ਲਿਖਵਾਉਂਦੇ ਵੀ ਦੇਖਿਆ ਤੇ ਲੋਕਾਂ ਦੇ ਲਿਖੇ ਪੜ੍ਹਦਿਆਂ-ਸੁਣਦਿਆਂ ਵੀ।

ਬਾਬਾ ਬਿਲਗਾ ਜੀ ਦੀ ਸੰਗਤ ਵਿਚ ਆਪਣੇ ਆਪ ਨੂੰ ਮੈਂ ਸੁਖੀ ਮਹਿਸੂਸ ਕਰਦਾ ਸਾਂ। ਭਾਵੇਂ ਕਿ ਜਲੰਧਰ ਵਿਚ ਬਿਤਾਏ ਉਨ੍ਹਾਂ ਵਰ੍ਹਿਆਂ ਦੇ ਦਿਨ ਮੇਰੇ ਲਈ ਨੀਰਸ ਤੇ ਉਦਾਸੀ ਭਰੇ ਸਨ। ਬਾਬਾ ਜੀ ਮੇਰੀਆਂ ਜਲੰਧਰ ਦੀਆਂ ਸਾਰੀਆਂ ਸਾਹਿਤਕ, ਸਭਿਆਚਾਰਕ, ਰੇਡੀਓ, ਟੀ.ਵੀ. ਆਦਿ ਦੀਆਂ ਗਤੀਵਿਧੀਆਂ ਅਤੇ ਕੰਮਾਂ ਤੋਂ ਬਾਰੀਕੀ ਨਾਲ ਜਾਣੂੰ ਸਨ ਤੇ ਦਿਨ ਭਰ ਦੀ ਸਾਰੀ ਵਾਰਤਾ ਮੈਂ ਸ਼ਾਮੀਂ ਉਨ੍ਹਾਂ ਨੂੰ ਜਾ ਕੇ ਸੁਣਾ ਦਿੰਦਾ ਸਾਂ.... ਉਹ ਹਰ ਗੱਲ ਬੜੀ ਦਿਲਚਸਪੀ ਨਾਲ ਸੁਣਦੇ... ਹਾਸੇ ਵਾਲੀ ਗੱਲ 'ਤੇ ਹੱਸਦੇ ਵੀ ਤੇ ਝੂਰਨ ਵਾਲੀ 'ਤੇ ਝੂਰਦੇ ਵੀ। ਉਹ ਮੈਨੂੰ ਬਹੁਤ ਵਾਰੀ ਟੋਕਦੇ ਸਨ, "ਉਏ ਤੂੰ ਹਟ ਜਾ... ਉਹਦੇ ਘਰ ਨਾ ਜਾਇਆ ਕਰ... ਉਨ੍ਹਾਂ ਤੈਨੂੰ ਕੱਖ ਨ੍ਹੀਂ ਦੇਣਾ... ਮੈਨੂੰ ਏਨ੍ਹਾਂ ਦੇ ਪੋਤੜਿਆਂ ਤੱਕ ਦਾ ਪਤਾ ਆ... ਏਹ ਤੈਨੂੰ ਮਿਸ-ਯੂਜ਼ ਕਰਨਗੇ..."

ਉਨ੍ਹਾਂ ਦਾ ਇਸ਼ਾਰਾ ਇਕ ਮਸ਼ਹੂਰ ਗਾਇਕ ਵੱਲ ਸੀ... ਜਿਸ ਨੂੰ ਉਦੋਂ ਕੁ ਜਿਹੇ ਅਮਰੀਕਾ ਦੀ ਇਕ ਯੂਨੀਵਰਸਿਟੀ ਨੇ ਫੈਲੋਸ਼ਿਪ ਦਿੱਤੀ ਸੀ ਤੇ ਉਹ ਮੈਨੂੰ ਕਹਿ ਰਿਹਾ ਸੀ ਕਿ ਉਹਦੇ ਬਾਰੇ

ਵੱਖ-ਵੱਖ ਲੋਕਾਂ ਵੱਲੋਂ ਲਿਖੇ ਗਏ ਲੇਖਾਂ ਨੂੰ ਇਕੱਠਿਆਂ ਕਰਕੇ ਇਕ ਵੱਡ-ਅਕਾਰੀ ਕਿਤਾਬ ਸੰਪਾਦਿਤ ਕਰ ਦੇਵਾਂ। ਪਰ ਬਾਬਾ ਜੀ ਮੈਨੂੰ ਝਿੜਕ ਰਹੇ ਸੀ, "ਓ... ਹੋ... ਹੋ...ਹੋ.. ਉਏ ਕੰਜਰਾ! ਉਹ ਤੈਨੂੰ ਦੇਏਗਾ ਕੀ? ਪਹਿਲਾਂ ਕੁਛ ਲੈ-ਲੈ ਉਹਤੋਂ... ਭੁੱਖਾ ਮਰਦਾ ਫਿਰਦਾ ਐਂ... ਤੇਰੇ ਘਰ ਦੇ ਤੇਰੇ ਜੁੱਤੀਆਂ ਮਾਰਨਗੇ... ਪਹਿਲਾਂ ਉਹਤੋਂ ਕੁਛ (ਨਕਦ) ਲੈ.... ਉਹ ਆਪਣੇ ਮਾਂ-ਪੇ ਨੂੰ ਦੇਹ ਜਾ ਕੇ... ਆਪ ਤੂੰ ਅਵਾਰਾ ਹੋਇਆ ਤੁਰਿਆ ਫਿਰਦਾ ਐਂ... ਮਾਂ ਰੋ-ਰੋ ਕੇ ਘਰ ਵਿਚ ਅੰਨ੍ਹੀ ਹੋਜੂ... ਆਪਣੀ ਮਾਂ ਨੂੰ ਤੈਂ ਹੁਣ ਤੀਕ ਦੁੱਖਾਂ ਤੋਂ ਸਿਵਾਏ ਦਿੱਤਾ ਕੀ ਐ ਉਏ?"

ਬਾਬਾ ਜੀ ਦੀਆਂ ਲਾਹਨਤਾਂ ਸੱਚੀਆਂ ਸਨ ਤੇ ਅਪਣੱਤ ਪੂਰਨ ਸਨ। ਸਭ ਕੁਝ ਸੁਣ ਕੇ ਮੇਰੀਆਂ ਅੱਖਾਂ 'ਚੋਂ ਹੰਝੂ ਆ ਗਏ।

ਜਲੰਧਰੋਂ ਕੁਝ ਦਿਨਾਂ ਲਈ ਜਦ ਆਪਣੇ ਪਿੰਡ ਜਾਂਦਾ ਸਾਂ ਤਾਂ ਆਥਣ ਉਨ੍ਹਾਂ ਬਾਬਾ ਚੂਹੜ ਸਿੰਘ ਬੱਜੋਂ (ਜੋ ਉਨ੍ਹਾਂ ਦਾ ਮੁੱਢਲਾ ਸਹਾਇਕ ਸੀ)... ਨੂੰ ਕਹਿਣਾ, "ਓ ਚੂੜ੍ਹ ਸਿੰਘਾਂ... ਉਸ ਭਗਤ ਦਾ ਵੀ ਪੁੱਛ ਲੈ ਅਤਾ-ਪਤਾ... ਘਰ ਪਹੁੰਚ ਗਿਐ ਕਿ ਹਾਲੇ ਰਾਹ ਵਿਚ ਹੀ ਧੱਕੇ ਖਾਂਦਾ ਫਿਰਦਾ ਆ.... ਕਿਤੇ ਗੁਆਚ ਈ ਨਾ ਗਿਆ ਹੋਵੇ ਸੌਹਰੀ ਦਾ.... ਫੂਨ ਕਰ ਉਨ੍ਹਾਂ ਦੇ ਘਰ।" ਤੇ ਚੂਹੜ ਸਿੰਘ ਫੋਨ ਕਰਦਾ, ਬਾਬਾ ਜੀ ਦੇ ਸੁਨੇਹੇ ਦੇ ਕੇ ਫੋਨ ਬਾਬਾ ਜੀ ਨੂੰ ਫੜਾ ਦਿੰਦਾ। ਬਾਬਾ ਜੀ ਮੇਰੇ ਮਾਂ-ਬਾਪ ਦਾ ਹਾਲ-ਚਾਲ ਪੁੱਛਦੇ ਤੇ ਨਾਲ ਈ ਕਹਿੰਦੇ, "ਓ ਹੈਥੇ ਈ ਨੀ ਬੈਠਾ ਰਹਵੀਂ... ਛੇਤੀ ਨਾਲ ਆਜੀਂ ਮੁੜ ਕੇ...।"

ਬਾਬਾ ਜੀ ਦੇ ਬੇਟੇ ਪ੍ਰੇਮ ਤੇ ਕੁਲਬੀਰ ਜਦ ਵਲੈਤੋਂ ਆਉਂਦੇ ਤਾਂ ਉਹ ਮੈਨੂੰ ਉਨ੍ਹਾਂ ਨਾਲ ਮਿਲਾਉਂਦੇ। ਇਕ ਵਾਰ ਉਨ੍ਹਾਂ ਨੂੰ ਆਖਣ ਲੱਗੇ, "ਆਹ ਵੀ ਮੇਰਾ ਲਾਡਲਾ ਮੁੰਡਾ ਆ.... ਕਿਤੇ ਧੱਕੇ-ਠੇਡੇ ਖਾਂਦਾ ਵਲੈਤ ਪਹੁੰਚ ਗਿਆ ਤਾਂ ਏਹਨੂੰ ਸਾਂਭ ਲਿਓ।"

ਸਾਰੇ ਹੱਸਣ ਲੱਗ ਪਏ।

ਜਦ ਮੈਂ ਪਹਿਲੀ ਵਾਰੀ 2005 ਵਿਚ ਵਲੈਤ ਗਿਆ ਤਾਂ ਬਾਬਾ ਜੀ ਦਾ ਆਦੇਸ਼ ਸੀ ਕਿ ਮੇਰੇ ਮੁੰਡਿਆਂ ਦੇ ਘਰ ਜਾਵੀਂ ਜ਼ਰੂਰ। ਉਨ੍ਹਾਂ ਫੋਨ ਨੰਬਰ ਵੀ ਦੇ ਕੇ ਤੋਰਿਆ ਸੀ ਪਰ ਮੈਂ ਚਾਹੁੰਦਾ ਹੋਇਆ ਵੀ ਸਾਊਥਾਲ ਤੋਂ ਬਰਮਿੰਘਮ ਨਾ ਜਾ ਸਕਿਆ ਤੇ ਵਾਪਸ ਆ ਗਿਆ.... ਬਾਬਾ ਜੀ ਨੇ ਦੇਸ਼ ਭਗਤ ਯਾਦਗਾਰ ਹਾਲ ਆਉਣ 'ਤੇ ਮੈਨੂੰ ਖਾਸੀਆਂ ਝਾੜਾਂ ਪਾਈਆਂ ਸਨ। ਇਵੇਂ ਹੀ ਜਦ ਮੈਂ ਦੂਰਦਰਸ਼ਨ ਦੀ ਰਿਕਾਰਡਿੰਗ ਤੋਂ ਮੁੜਨਾ ਤਾਂ ਬਾਬਾ ਜੀ ਨੇ ਦੂਰਦਰਸ਼ਨ ਦੀ ਪ੍ਰੋਡਿਊਸਰ ਆਪਣੀ ਪੋਤੀ ਕੁਲਵਿੰਦਰ ਬੁੱਟਰ ਬਾਰੇ ਪੁੱਛਣਾ, "ਸਾਡੀ ਕੁੜੀ ਮਿਲੀ ਸੀ?" ਜਦ ਜਾਣ ਲੱਗਣਾ ਤਾਂ ਤਾਕੀਦ ਕਰਨੀ, "ਮਿਲ ਕੇ ਆਵੀਂ ਮੇਰੀ ਧੀ ਬਿੰਦੇ (ਕੁਲਵਿੰਦਰ) ਨੂੰ... ਆਖੀਂ ਬਾਬਾ ਗੁੱਸੇ ਆ.... ਕਿੰਨੇ ਦਿਨਾਂ ਦੀ ਮਿਲਣ ਨਹੀਂ ਆਈ।"

ਮੇਰੀ ਸਹਾਇਤਾ ਵੀ ਉਹ ਆਪਣੇ ਲਿਖਣ-ਪੜ੍ਹਨ ਦੇ ਕੰਮਾਂ ਵਿਚ ਲੈਂਦੇ ਸਨ। ਉਨ੍ਹਾਂ ਦੀਆਂ ਕਈ ਕਿਤਾਬਾਂ ਦੇ ਕੁਝ ਚੈਪਟਰ ਉਨ੍ਹਾਂ ਬੋਲ-ਬੋਲ ਕੇ ਮੈਨੂੰ ਡਿਕਟੇਟ ਕਰਵਾਏ। ਲਿਖਵਾਉਣ ਮਗਰੋਂ ਸੁਣਦੇ ਤੇ ਫੇਰ ਸੋਧ ਕਰਵਾਉਂਦੇ। ਦੇਸ ਰਾਜ ਕਾਲੀ ਵੀ ਇਸ ਕਾਰਜ ਲਈ ਲੰਮਾ ਸਮਾਂ ਉਨ੍ਹਾਂ ਦੀ ਸਹਾਇਤਾ ਕਰਦਾ ਰਿਹਾ। ਪ੍ਰਬੰਧਕੀ ਕਮੇਟੀ ਦੇ ਕਾਲੀ ਨਾਲ ਕੁਝ ਮਤਭੇਦ ਹੋ ਗਏ ਤਾਂ ਉਹ ਦੇਸ਼ ਭਗਤ ਹਾਲ ਛੱਡ ਗਿਆ। ਬਾਬਾ ਜੀ ਬੜੇ ਉਦਾਸ ਹੋਏ। ਉਹ ਸਾਰੇ ਹੀ ਨਿੱਕੇ-ਵੱਡੇ ਵਰਕਰਾਂ ਨੂੰ ਆਪਣੇ ਧੀਆਂ-ਪੁੱਤ ਸਮਝਦੇ ਸਨ।

ਦੇਸ਼ ਭਗਤ ਹਾਲ ਦੇ ਪਿਛਲੇ ਪਾਸੇ ਇੱਕ ਖੂੰਜੇ ਵਿਚ ਇੱਕ ਅਧਖੜ ਜੋੜਾ ਰਹਿੰਦਾ ਸੀ। ਮਰਦ ਲਾਇਬ੍ਰੇਰੀ ਵਿਚ ਚਪੜਾਸੀ ਸੀ ਤੇ ਔਰਤ ਵਿਹਲੀ ਸੀ। ਬੱਚਾ ਕੋਈ ਹੈ ਨਹੀਂ ਸੀ ਉਨ੍ਹਾਂ ਦੇ। ਬਾਬਾ ਜੀ ਇਸ ਜੋੜੇ ਨੂੰ ਆਪਣੇ ਧੀ-ਪੁੱਤ ਸਮਝਣ ਲੱਗੇ ਤੇ ਇਹ ਜੋੜਾ ਕੁਝ ਬਹੁਤਾ ਹੀ ਲਾਚੜ ਗਿਆ... ਕਿਸੇ ਨੂੰ ਸਿੱਧੇ ਮੂੰਹ ਨਾ ਬੋਲਣ ਕਿਉਂਕਿ ਬਾਬਾ ਜੀ ਨਾਲ ਸਿੱਧੀ ਜੁ ਬਣਦੀ ਸੀ। ਲੋਕੀਂ ਬਾਬਾ ਜੀ ਨੂੰ ਸ਼ਿਕਾਇਤਾ ਕਰਿਆ ਕਰਨ ਪਰ ਬਾਬਾ ਜੀ ਸਭ ਨੂੰ ਅਣਗੌਲਿਆਂ ਕਰ ਦਿਆ ਕਰਨ। ਆਖ਼ਰ... ਜਦ ਇਹ ਜੋੜਾ ਨਾ ਹਟਿਆ ਲੋਕਾਂ ਨਾਲ ਪੁੱਠਾ-ਸਿੱਧਾ ਬੋਲਣੋ ਤਾਂ ਮੈਂ ਬਾਬਾ ਜੀ ਨੂੰ ਆਖਿਆ, "ਤੁਸੀਂ ਆਪਦਾ ਨਾਉਂ ਬਦਨਾਮ ਕਰੌਣ ਦਾ ਠੇਕਾ ਲੈ ਰੱਖਿਆ ਲੱਗਦਾ ਬਾਬਾ ਜੀ? ਸਾਰੇ ਕਹਿੰਦੇ ਐ ਕਿ ਬਾਬਾ ਜੀ ਨੇ ਏਹੋ ਭੂਹੇ ਚਾੜ੍ਹ ਰੱਖੇ ਆ... ਜਿੰਨਾ ਚਿਰ ਤੁਸੀਂ ਇਨ੍ਹਾਂ ਨੂੰ ਟੋਕਦੇ ਨਹੀਂ... ਇਨ੍ਹਾਂ ਲੋਕਾਂ ਨਾਲ ਲੜਨੋਂ ਨਹੀਂ ਹਟਣਾ।" ਮੇਰੀ ਗੱਲ ਸੁਣਨ ਮਗਰੋਂ ਬਾਬਾ ਜੀ ਨੇ ਉਨ੍ਹਾਂ ਦੋਵਾਂ ਨੂੰ ਬਿਠਾ ਕੇ ਉਨ੍ਹਾਂ ਦੀ ਖਾਸਾ ਝਾੜ-ਝੰਬ ਕੀਤੀ... ਤਾਂ ਕਿਤੇ ਜਾ ਕੇ ਉਹ ਬਾਜ ਆਏ। ਉਹ ਤਾਂ ਆਪਣੇ ਆਪ ਨੂੰ ਦੇਸ਼ ਭਗਤ ਹਾਲ ਦੇ ਮਾਲਕ ਹੀ ਸਮਝਣ ਲੱਗ ਪਏ ਸਨ। ਬਾਬਾ ਜੀ ਨੇ ਆਖਿਆ, "ਮੈਨੂੰ ਬਥੇਰੇ ਲੋਕਾਂ ਤੁਹਾਡੇ ਬਾਬਤ ਕਿਹੈ.... ਮੈਂ ਕਿਸੇ ਦਾ ਯਕੀਨ ਨਾ ਕੀਤਾ.... ਆਹ ਤੂੰਬੀ ਵਾਲਾ ਝੂਠ ਨਹੀਂ ਮਾਰਦਾ.... ਮੈਨੂੰ ਪਤੈ।" ਜਦੋਂ ਇਹ ਜੋੜਾ ਬੱਚੀ ਗੋਦ ਲੈਣ ਲੱਗਦਾ ਤਾਂ ਬਾਬਾ ਜੀ ਕਹਿੰਦੇ, "ਮੈਂ ਏਸ ਬੱਚੀ ਦਾ ਨਾਂ ਰੱਖਣਾ ਆਂ।"... ਤੇ ਉਨ੍ਹਾਂ ਬੱਚੀ ਦਾ ਨਾਂ 'ਕਰਾਂਤੀ' ਰੱਖਿਆ। ਜਦ ਉਹ ਜੋੜਾ ਆਖਣ ਲੱਗਾ ਕਿ ਸਾਨੂੰ ਏਹ ਨਾਉਂ ਪਸੰਦ ਨਹੀਂ ਤਾਂ ਬਾਬਾ ਜੀ ਦੋ ਦਿਨ ਉਦਾਸ ਰਹੇ। ਜਦ ਵਲੈਤੋਂ ਬਾਬਾ ਜੀ ਦੇ ਪੋਤੇ ਜਾਂ ਪੋਤ-ਨੂੰਹਾਂ ਆਉਂਦੀਆਂ ਤਾਂ ਉਹ ਬੜੇ ਖੁਸ਼ ਹੁੰਦੇ... ਸਭ ਨਾਲ ਮਿਲਵਾਉਂਦੇ... ਉਨ੍ਹਾਂ ਵਿਚੋਂ ਵੀ ਅਪਣੱਤ ਝਲਕਦੀ ਨਾ ਕਿ ਵਲੈਤੀ ਜੀਵਨ ਦਾ ਰੰਗ-ਢੰਗ। ਬਾਬਾ ਜੀ ਕਹਿੰਦੇ, "ਮੇਰੇ ਬੱਚੇ ਮੇਰਾ ਬੜਾ ਆਦਰ ਕਰਦੇ ਆ... ਜੇ ਘਰ ਵਿਚ ਆਦਰ ਆ... ਤਦੇ ਈ ਬਾਹਰੋਂ ਮਿਲਦਾ ਆਦਰ ਸ਼ੋਭਾ ਦਿੰਦਾ...।"

ਬਾਬਾ ਬਿਲਗਾ ਜੀ ਦਾ ਦਰਬਾਰ ਦੇਸ਼ ਭਗਤ ਹਾਲ ਵਿਚ ਹਰ ਵੇਲੇ ਲੱਗਿਆ ਰਹਿੰਦਾ ਸੀ। ਬਾਬੇ ਨੂੰ ਨਵੀਂ ਪੀੜ੍ਹੀ ਵੀ ਪੁਰਾਣੀ ਪੀੜ੍ਹੀ ਜਿੰਨਾ ਆਦਰ ਦਿੰਦੀ ਤੇ ਉਸਦੀ ਸੰਗਤ ਮਾਣਦੀ ਸੀ। ਬਾਬਾ ਜੀ ਕੋਲ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਅਖ਼ਬਾਰਾਂ ਦੇ ਰਿਪੋਟਰ ਮੁੰਡੇ ਕੁੜੀਆਂ (ਜਿੰਨ੍ਹਾਂ 'ਚੋਂ ਬਹੁਤੇ ਸਿਖਾਂਦਰੂ ਹੁੰਦੇ) ਆਮ ਹੀ ਆਉਂਦੇ ਰਹਿੰਦੇ ਤੇ ਬਾਬਾ ਜੀ ਉਨ੍ਹਾਂ ਨੂੰ ਲਿਖਣ ਲਈ ਨਵੇਂ-ਨਵੇਂ ਵਿਸ਼ੇ ਸੁਝਾਉਂਦੇ ਰਹਿੰਦੇ... ਉਨ੍ਹਾਂ ਨਵੇਂ ਰਿਪੋਰਟਰਾਂ ਲਈ ਬਾਬਾ ਜੀ ਵੱਡਾ ਆਸਰਾ ਬਣ ਗਏ ਹੋਏ ਸਨ। ਜਦ ਵੀ ਕੋਈ ਆਣ ਕੇ ਉਨ੍ਹਾਂ ਦੇ ਲਾਗੇ ਬਹਿੰਦਾ ਤਾਂ ਉਹ ਪੰਜਾਬ ਤੋਂ ਗੱਲ ਆਰੰਭ ਕਰਦੇ ਤੇ ਭਾਰਤ ਉੱਤੇ ਲੈ ਆਉਂਦੇ... ਫਿਰ ਗੱਲ ਦੀ ਤੰਦੀ ਰਾਸ਼ਟਰੀ ਪੱਧਰ ਉੱਤੇ ਹੁੰਦੀ ਹੋਈ ਅੰਤਰਰਾਸ਼ਟਰੀ ਪੱਧਰ ਤੀਕ ਜਾਂ ਪਹੁੰਚਦੀ... ਬਾਬਾ ਜੀ ਦੇਸ਼ ਵਿਦੇਸ਼ ਦੇ ਅਜਿਹੇ ਨਿੱਕੇ-ਵੱਡੇ ਮਸਲੇ ਰਿਪੋਰਟਰ ਮੁੰਡੇ ਕੁੜੀਆਂ ਦੇ ਸਾਹਮਣੇ ਲਿਆ ਖੜ੍ਹੇ ਕਰਦੇ ਕਿ ਉਨ੍ਹਾਂ ਨੂੰ ਔਖਾ ਹੋ ਜਾਂਦਾ ਸੀ ਕਿ ਉਹ ਕਿਹੜੀ ਕਵਰ-ਸਟੋਰੀ ਕਰਨ ਤੇ ਕਿਹੜੀ ਛੱਡਣ। ਮੈਂ ਉਨ੍ਹਾਂ ਦੇ ਲਾਗੇ-ਚਾਗੇ ਤੁਰਿਆ ਫਿਰਦਾ ਜਾਂ ਬੈਠ ਕੇ ਜੋ 'ਆਪਣੇ ਕੰਮ ਦੀ ਗੱਲ' ਗ੍ਰਹਿਣ ਕਰ ਲੈਂਦਾ ਸਾਂ। ਜਿਸ ਦਿਨ ਹਾਲ ਵਿਚ ਕੋਈ ਰਿਪੋਰਟਰ ਮੁੰਡਾ-ਕੁੜੀ ਨਾ ਬਹੁੜਦਾ ਤਾਂ ਬਾਬਾ ਜੀ ਹਾਲ ਵਿਚ ਕੰਮ ਕਰਦੇ ਮਾਲੀਆਂ ਤੇ ਸੇਵਾਦਾਰਾਂ ਨੂੰ ਆਪਣੇ ਲਾਗੇ ਬਿਠਾ ਕੇ ਉਨ੍ਹਾਂ ਨਾਲ ਦਿਲਲਗੀਆਂ ਕਰਦੇ

ਰਹਿੰਦੇ। ਬਾਬਾ ਜੀ ਦੇ ਮਨ ਵਿਚੋਂ ਉਚ-ਨੀਚ ਦਾ ਭੇੜ ਤਾਂ ਨਿੱਕੀ ਉਮਰੇ ਹੀ ਕਿਧਰੇ ਦੂਰ ਉੱਡ-ਪੁੱਡ ਗਿਆ ਸੀ... ਉਸ ਲਈ ਸੱਭੇ ਇਕ ਸਨ ਤੇ ਉਨ੍ਹਾਂ ਦੇ ਧੀਆਂ ਪੁੱਤ ਸਨ ਸੱਭੇ।

ਮੇਰਾ ਦੇਸ਼ ਭਗਤ ਹਾਲ ਵਿਚ ਬੜਾ ਦਿਲ ਲੱਗ ਗਿਆ ਸੀ ਮੇਰਾ ਕਿਧਰੇ ਜਾਣ ਲਈ ਦਿਲ ਨਾ ਕਰਦਾ। ਮੈਂ ਰੇਡੀਓ ਸਟੇਸ਼ਨ ਜਾਂਦਾ... ਉੱਥੇ ਆਪਣਾ ਕੰਮ ਨਿਬੇੜ ਕੇ 'ਨਵਾਂ ਜ਼ਮਾਨਾ' ਦੇ ਦਫ਼ਤਰ ਨੂੰ ਸਾਈਕਲ ਭਜਾਉਂਦਾ...। ਅਨੰਦ ਸਾਹਿਬ, ਉਰਮਿਲਾ ਜੀ ਤੇ ਪੰਨੂ ਸਾਹਿਬ ਨੂੰ ਵਿਖਾਲੀ ਦੇ ਕੇ ਟੀ.ਵੀ. ਸੈਂਟਰ ਚਲਿਆ ਜਾਂਦਾ...। ਏਨੇ ਨੂੰ ਆਥਣ ਹੋ ਜਾਂਦੀ ਤੇ ਬਾਬਾ ਜੀ ਉਡੀਕ ਰਹੇ ਹੁੰਦੇ। ਮੈਨੂੰ ਦੇਸ਼ ਭਗਤ ਹਾਲ ਵਿਚ ਬਾਬਾ ਜੀ ਦੇ ਆਦੇਸ਼ਾਂ ਕਾਰਨ ਹੀ ਇਕ ਕਮਰਾ ਮਿਲ ਗਿਆ ਹੋਇਆ ਸੀ, ਇਸ ਤੋਂ ਪਹਿਲਾਂ ਮੈਂ ਆਪਣੇ ਮਿੱਤਰ ਜਸਵੰਤ ਵਿਰਲੀ ਦੇ ਸਰਕਾਰੀ ਕਵਾਟਰ ਵਿਚ ਰਹਿੰਦਾ ਰਿਹਾ ਸੀ ਤੇ ਦੋ ਮਹੀਨੇ ਹੰਸ ਰਾਜ ਹੰਸ ਦੇ ਦਫ਼ਤਰ ਵਿਚ ਰਹਿ ਲਿਆ ਸੀ... ਹੰਸ ਦੇ ਦਫ਼ਤਰੀ ਮੇਰੇ ਨਾਲ ਰੁੱਖਾ ਵਿਵਹਾਰ ਕਰਨ ਲੱਗੇ... ਬਾਅਦ ਵਿਚ ਮੈਨੂੰ ਦਫ਼ਤਰੀਆਂ ਵਿਚੋਂ ਹੀ ਕਿਸੇ ਨੇ ਦੱਸਿਆ ਕਿ ਹੰਸ ਭਾਜੀ ਨੇ ਕਿਹੈ... ਇਹਨੂੰ ਤੰਗ ਕਰੋ... ਆਪਣੇ ਆਪ ਈ ਦਫ਼ਤਰੋਂ ਨਿਕਲ ਜਾਏਗਾ... ਸੋ ਇਵੇਂ ਹੀ ਹੋਇਆ ਸੀ।

ਸੂਰਜ ਅਸਤ ਹੋਣ 'ਤੇ ਆ ਗਿਆ ਸੀ। ਰਤਾ ਕੁ ਲਾਲੀ ਬਾਕੀ ਸੀ... ਜੋ ਹੌਲੀ-ਹੌਲੀ ਫਿੱਕੀ ਪੈਣ ਲੱਗੀ ਸੀ, ਬਾਬਾ ਬਿਲਗਾ ਜੀ ਦੇ ਕੋਲ ਬੈਠੇ ਬੰਦੇ ਉੱਠ ਕੇ ਜਾਣੇ ਸ਼ੁਰੂ ਹੋ ਗਏ ਸਨ... ਤੇ ਬਾਬਾ ਜੀ ਵੀ ਨਹਾਣ ਲਈ ਆਪਣੇ ਕਮਰੇ ਵਿਚ ਚਲੇ ਗਏ। ਜਿਵੇਂ-ਜਿਵੇਂ ਸੂਰਜ ਧਰਤੀ ਦੇ ਇਕ ਪਾਸਿਓਂ ਓਹਲੇ ਨੂੰ ਜਾ ਰਿਹਾ ਸੀ, ਉਹਦਾ ਆਕਾਰ ਹੋਰ-ਹੋਰ ਬੜਾ ਹੋ ਰਿਹਾ ਸੀ ਤੇ ਫਿਰ ਅਲੋਪ ਹੋ ਗਿਆ। ਦਿਨ ਭਰ ਦੇ ਟੁੱਟੇ-ਥੱਕੇ ਪਸ਼ੂ-ਪੰਛੀ ਆਪਣਿਆਂ ਟਿਕਾਣਿਆਂ ਨੂੰ ਮੁੜ ਰਹੇ ਸਨ। ਕਿੰਨੀਆਂ ਚੰਗੀਆਂ ਲੱਗ ਰਹੀਆਂ ਸਨ ਆਕਾਸ਼ ਵਿਚ ਪੰਛੀਆਂ ਦੀਆਂ ਡਾਰਾਂ... ਰੁੱਤ ਭਾਵੇਂ ਹੁੰਮਸ ਭਰੀ ਸੀ, ਪਰ ਦਰੱਖਤਾਂ ਵਿਚ ਵੜ ਰਹੇ ਪੰਛੀ-ਪਰਿੰਦਿਆਂ ਦੀ ਚਹਿਚਹਾਟ ਨਾਲ ਜਿਵੇਂ ਦੇਸ਼ ਭਗਤ ਹਾਲ ਵਿਚ ਸੰਗੀਤਮਈ ਵਾਤਾਵਰਣ ਸਿਰਜਿਆ ਗਿਆ ਸੀ! ਹਵਾ ਰੁਮਕੀ ਤਾਂ ਕੁਝ ਸਾਹ ਸੌਖਾ ਜਿਹਾ ਆਇਆ ਜਾਪਿਆ। ਬਾਬਾ ਬਿਲਗਾ ਜੀ ਇਸ ਸ਼ਾਮ ਦਾ ਨਜ਼ਾਰਾ ਮਾਨਣ ਲਈ ਨਹਾ ਕੇ ਤਾਜ਼ਾ-ਦਮ ਹੋ ਕੇ ਕਮਰੇ ਵਿਚੋਂ ਬਾਹਰ ਆ ਗਏ ਸਨ। ਗੱਲਾਂ ਤੁਰ ਪਈਆਂ ਕੁਦਰਤ ਤੇ ਕਾਇਨਾਤ ਦੀਆਂ, ਕਿਵੇਂ ਮਨੁੱਖ ਕੁਦਰਤ ਨਾਲ ਖਿਲਵਾੜ ਕਰ ਰਿਹਾ ਸੀ, ਸ਼ਾਮਾਂ ਦੇ ਸੰਗੀਤ ਦੀਆਂ ਤਾਰਾਂ ਟੁੱਟ ਰਹੀਆਂ ਹਨ।

ਉਧਰ ਰਸੋਈ ਵਿਚ ਕੂਕਰ ਸੀਟ੍ਹੀਆਂ ਮਾਰ ਰਿਹਾ ਸੀ, ਮੂੰਗੀ ਦੀ ਦਾਲ ਰਿੱਝ ਰਹੀ ਸੀ। ਬਾਬਾ ਜੀ ਕੁਰਸੀ ਉੱਤੋਂ ਉੱਠ ਪਏ, ਉਨ੍ਹਾਂ ਦੀ ਖੂੰਡੀ ਦੀ ਠੱਕ-ਠੱਕ ਸੁਣ ਕੇ ਤਿਵਾੜੀ ਨੇ ਤਵਾ ਧਰ ਲਿਆ ਤੇ ਫੁਲਕੇ ਸੇਕਣ ਲੱਗਿਆ, ਬਾਬਾ ਜੀ ਬੋਲੇ, "ਓ ਚੂਹੜ ਸਿਆਂ, ਓਹ ਮੁੰਡੇ ਨੂੰ ਵੀ 'ਵਾਜ ਮਾਰ ਲੈ... ਕਿਤੇ ਭੁੱਖਾ ਈ ਨਾ ਮਰਜੇ ਵਿਚਾਰਾ... ਆਪਾਂ ਇਕੱਠੇ ਰੋਟੀ ਖਾਵਾਂਗੇ।" ਮੈਂ ਲਾਗੇ ਹੀ ਆਪਣੇ ਕਮਰੇ 'ਚ ਬੈਠਾ ਸੀ। ਇਉਂ ਅਸੀਂ ਆਥਣੇ ਇਕੱਠੇ ਰੋਟੀ ਖਾਂਦੇ ਤੇ ਗੱਲਾਂ ਕਰਦੇ। ਇਕ ਦਿਨ ਬਾਬਾ ਜੀ ਕਹਿੰਦੇ, "ਓ ਭਗਤਾ, ਆਪਣੀ ਰਾਮ-ਕਹਾਣੀ ਈ ਸੁਣਾ ਛੱਡ ਅੱਜ।" ਮੈਂ ਜਿਉਂ ਸ਼ੁਰੂ ਹੋਇਆ... ਪਤਾ ਹੀ ਨਾ ਲੱਗਿਆ, ਕਦੋਂ ਗੂੜੀ ਰਾਤ ਉੱਤਰ ਆਈ। ਬਾਬਾ ਜੀ ਬੋਲੇ, "ਹੈ ਤਾਂ ਤੂੰ ਨਿਆਣਾ ਜਿਹਾ... ਪਰ ਵੇਲਣ ਬੜੇ-ਬੜੇ ਵੇਲੇ ਓ ਆ।" ਇਕ ਦਿਨ ਮੈਂ ਖਾਣੇ ਵਾਲੀ ਮੇਜ਼ ਉੱਤੇ ਹੀ ਹੱਥ ਮਾਰ-ਮਾਰ ਕੇ ਗਾਉਣ ਲੱਗਿਆ ਸਾਂ :

*ਜਵਾਨੋ ਜ਼ਿੰਦਗੀ ਵਾਰੋ*
*ਆਜ਼ਾਦੀ ਮੁੱਲ ਮੰਗਦੀ ਹੈ*
*ਵਤਨ ਲਈ ਕੀਮਤਾਂ ਤਾਰੋ*
*ਆਜ਼ਾਦੀ ਮੁੱਲ ਮੰਗਦੀ ਏ...*

ਬਾਬਾ ਜੀ ਤੋਂ ਤਾਰੀਫ਼ ਕਰੇ ਬਿਨਾਂ ਰਿਹਾ ਨਾ ਗਿਆ, ਆਖਣ ਲੱਗੇ, "ਪੁੱਤਰਾ, ਤੂੰ ਇਕ ਦਿਨ ਬਹੁਤ ਤਰੱਕੀ ਕਰੇਂਗਾ... ਤੇਰੀ 'ਵਾਜ 'ਚ ਰਸ ਹੈਗਾ ਐ... ਜੀਂਦਾ ਰਹਿ ਮੇਰਾ ਸ਼ੇਰ... ਖ਼ੁਸ਼ ਕਰਤਾ ਪੁੱਤਰਾ...।"

ਅਜੇ ਹੱਥ ਮੇਜ਼ 'ਤੇ ਵੱਜ ਹੀ ਰਹੇ ਸਨ ਕਿ ਮੈਂ ਹੋਰ ਵਜਦ ਵਿਚ ਆ ਗਿਆ ਸਾਂ, ਗਾਉਣ ਲੱਗਿਆ,

'ਰੱਬ ਮੰਨੇ ਨਾ ਮੰਨੇ... ਉਹਦੀ ਮਰਜ਼ੀ ਆ

ਸਾਥੋਂ ਯਾਰ ਰੁਸਾਇਆ ਨਹੀਂ ਜਾਂਦਾ... ਰਾਤਾਂ ਛੋਟੀਆਂ ਸਨ। ਝਟ ਦਿਨ ਚੜ੍ਹ ਗਿਆ। ਤਿਵਾੜੀ ਬਾਬਾ ਜੀ ਨੂੰ ਚਾਹ ਦੇਣ ਗਿਆ ਤਾਂ ਬਾਬਾ ਜੀ ਨੇ ਪੁੱਛ ਲਿਆ, "ਭਾਈ ਉਹ ਗਵੰਤਰੀ ਮੁੰਡੂ ਨੂੰ ਚਾਹ ਦਿੱਤੀ ਐ ਕਿ ਨਹੀਂ... ਚਾਹ ਦੇ ਆ ਉਹਨੂੰ... ਨਾਲੇ ਉਹਨੂੰ ਕਹਿ ਕਿ ਮੈਨੂੰ ਅਖ਼ਬਾਰਾਂ ਪੜ੍ਹ ਕੇ ਸੁਣਾਵੇ...।"

ਤਿਵਾੜੀ ਦਾ ਸੁਨੇਹਾ ਸੁਣ ਕੇ ਮੈਂ ਆਪਣਾ ਚਾਹ ਦਾ ਕੱਪ ਚੁੱਕ ਬਾਬਾ ਜੀ ਕੋਲ ਆ ਬੈਠਿਆ, "ਦੱਸੋ ਬਾਬਾ ਜੀ, ਕਿਹੜੀਆਂ ਅਖ਼ਬਾਰਾਂ ਸੁਣਨੀਆਂ ਨੇ?"

"ਓ ਪੁੱਤ ਤੂੰ ਮੈਨੂੰ ਸਭ ਤੋਂ ਪਹਿਲਾਂ 'ਨਵਾਂ ਜ਼ਮਾਨਾ' ਈ ਸੁਣਾ...।" ਮੈਂ ਅਖ਼ਬਾਰ ਚੁੱਕਿਆ ਤੇ ਚਾਹ ਦੀਆਂ ਚੁਸਕੀਆਂ ਨਾਲ ਸ਼ੁਰੂ ਕੀਤੀਆਂ ਸੁਰਖ਼ੀਆਂ ਪੜ੍ਹਨੀਆਂ, ਪੈਟਰੋਲੀਅਮ ਕੀਮਤਾਂ ਵਿਚ ਭਾਰੀ ਵਾਧਾ, ਨਿੱਜੀਕਰਨ ਵਿਰੁੱਧ ਰੋਸ ਧਰਨਾ, ਮੱਝ ਨੇ ਦੋ ਮੂੰਹਾਂ ਵਾਲਾ ਕੱਟਾ ਜੰਮਿਆ, ਆਸ਼ਕ ਨੇ ਮਸ਼ੂਕਾ 'ਤੇ ਤੇਜ਼ਾਬ ਸੁੱਟਿਆ, ਜਠੇਰਿਆਂ ਦਾ ਮੇਲਾ ਲੱਗਾ।"

ਬਾਬਾ ਜੀ ਬੋਲੇ, "ਓ ਬਸ ਕਰ... ਬਸ ਕਰ... ਮੈਤੋਂ ਨ੍ਹੀ ਸੁਣ ਹੁੰਦਾ ਇਹ ਊਲ-ਜਲੂਲ।"

ਮੈਂ ਖ਼ਬਰਾਂ ਇਵੇਂ ਪੜ੍ਹਦਾ ਸਾਂ ਜਿਵੇਂ ਰੇਡੀਓ ਸਟੇਸ਼ਨ ਵਿਚ ਅਨਾਊਂਸਰ ਖ਼ਬਰਾਂ ਪੜ੍ਹਦੇ ਹਨ। ਮੈਂ ਦਿਨ ਵਿਚ ਰੇਡੀਓ ਸਟੇਸ਼ਨ ਵੀ ਜਾਂਦਾ ਸੀ। ਦੇਸ਼ ਭਗਤ ਹਾਲ ਦੇ ਲਾਗੇ ਹੀ ਰੇਡੀਓ ਸਟੇਸ਼ਨ ਹੋਣ ਕਾਰਨ ਉਥੇ ਤੁਰ ਕੇ ਚਲੇ ਜਾਂਦਾ ਸਾਂ। ਉਥੇ ਸਾਰਾ ਦਿਨ ਕਲਾਕਾਰਾਂ ਨੂੰ ਮਿਲਦਾ ਤੇ ਉਨ੍ਹਾਂ ਨਾਲ ਗੱਲਾਂ ਬਾਤਾਂ ਕਰਦਾ ਅਤੇ ਲਿਖਦਾ ਰਹਿੰਦਾ। ਰੇਡੀਓ ਸਟੇਸ਼ਨ ਦੇ ਸਾਰੇ ਉੱਚ ਅਧਿਕਾਰੀ ਤੇ ਕਰਮਚਾਰੀ ਮੈਨੂੰ ਆਪਣਾ ਸਮਝਦੇ ਤੇ ਕੰਮ ਸਿਖਾਂਦੇ। ਬਾਬਾ ਜੀ ਕਹਿੰਦੇ ਕਿ ਤੈਨੂੰ ਤਾਂ ਬਈ ਏਥੇ ਦੇ ਰੇਡੀਓ ਵਿਚ ਈ ਭਰਤੀ ਕਰਾ ਦਿੰਨੇ ਆਂ।

ਬਾਬਾ ਜੀ ਮੈਨੂੰ ਅਖ਼ਬਾਰ ਦਾ ਅਗਲਾ ਵਰਕਾ ਫੋਲਣ ਲਈ ਕਹਿੰਦੇ, ਤਾਂ ਮੈਂ ਬੜਾ ਚਟਖ਼ਾਰਾ ਲਾ ਕੇ ਖ਼ਬਰ ਪੜ੍ਹਦਾ, "ਅਗਲੀ ਸਰਕਾਰ ਕਾਂਗਰਸੀਆਂ ਦੀ ਹੋਵੇਗੀ- ਕਿਹਾ ਸੋਨੀਆ ਗਾਂਧੀ ਨੇ, ਪਾਕਿਸਤਾਨੀ ਸਰਹੱਦ 'ਤੇ ਦੋ ਘੁਸਪੈਠੀਏ ਮਰੇ, ਇਕ ਹੋਰ ਸੁਣੋ ਬਾਬਾ ਜੀ, ਚੋਰਾਂ ਨੇ ਕਈ ਘਰ ਲੁੱਟੇ-ਲੱਖਾਂ ਦਾ ਨੁਕਸਾਨ, ਪੰਜ ਕਰੋੜ ਦੀ ਹੈਰੋਇਨ ਪਕੜੀ।"

ਬਾਬਾ ਜੀ ਆਖਦੇ, "ਚੱਲ ਛੱਡ ਯਾਰ... ਕੋਈ ਲੇਖ-ਲੂਖ ਪੜ੍ਹ ਹੁਣ... ਸਾਲਾ ਕਿਆ

ਬਣੂੰ... ਪਤਾ ਨਹੀਂ... ਸਾਡੇ ਦੇਸ਼ ਦਾ?"

ਮੈਂ ਲੇਖ ਦਾ ਸਿਰਲੇਖ ਪੜ੍ਹਿਆ, "ਧਰਤੀ ਹੇਠਲੇ ਪਾਣੀ ਦਾ ਪੱਧਰ ਹੋਰ ਨੀਵਾਂ", ਬਾਬਾ ਜੀ ਕਹਿਣ ਲੱਗੇ, " ਭਾਈ, ਮੈਂ ਤਾਂ ਇਸ ਟੌਪਕ 'ਤੇ ਪੂਰਾ ਦਾ ਪੂਰਾ ਲੇਖ ਲਿਖਿਆ ਸੀ ਪਈ ਸਤਲੁਜ ਦਰਿਆ 'ਤੇ ਥਾਂ-ਥਾਂ ਠੋਕਰਾਂ ਲਾ-ਲਾ ਕੇ ਬੰਨ੍ਹ ਬੰਨ੍ਹੇ ਜਾਣ, ਪਰ ਸੁਣਦਾ ਕੋਈ ਨਹੀਂ?" ਬਾਬਾ ਜੀ ਨੇ ਟਿੱਪਣੀ ਕੀਤੀ। ਏਨੇ ਨੂੰ ਦੋ ਪੱਤਰਕਾਰ ਆ ਗਏ ਤੇ ਬਾਬਾ ਜੀ ਤੋਂ ਕੁਝ ਸਵਾਲ ਪੁੱਛ ਕੇ ਸਟੋਰੀ ਬਣਾਉਣ ਲੱਗੇ। ਕੋਲ ਚੁੱਪ ਬੈਠੇ ਨੇ ਮੈਂ ਗ਼ਨੀਮਤ ਸਮਝੀ, ਉੱਠ ਕੇ ਕਮਰੇ ਵਿਚ ਗਿਆ, ਤੌਲੀਆ ਚੁੱਕ ਗੁਸਲਖ਼ਾਨੇ ਵਿਚ ਵੜ ਗਿਆ। ਕਾਹਲੀ-ਕਾਹਲੀ ਦੋ ਕੱਪ ਪਾਣੀ ਦੇ ਸੁੱਟੇ ਤੇ ਝੱਟ ਬਾਹਰ ਆ ਗਿਆ। ਫਟਾ-ਫਟ ਕੱਪੜੇ ਪਾਏ ਤੇ ਤਿਆਰ ਹੋ ਗਿਆ। ਪਹਿਨ-ਪੱਚਰਕੇ, ਆਪਣਾ ਬੈਗ ਮੋਢੇ ਟੰਗ ਲਿਆ, ਸ਼ੀਸ਼ੇ ਮੂਹਰੇ ਖੜ੍ਹ ਕੇ ਦੰਦ-ਮੂੰਹ ਦੇਖਿਆ, ਸਿਰ ਦੇ ਵਾਲ ਦੇਖੇ ਫੁਰਤੀ ਨਾਲ ਹਾਲ 'ਚੋਂ ਬਾਹਰ ਨਿਕਲ ਗਿਆ, "ਚੰਗਾ ਜੀ ਬਾਬਾ ਜੀ... ਆਥਣੇ ਮਿਲਾਂਗੇ।"

ਆਥਣ ਨੂੰ ਧੂੜਾਂ ਫੱਕਦਾ ਮੈਂ ਆ ਧਮਕਿਆ, ਉੱਚੀ ਸਾਰੀ ਆਖਿਆ, ਓ ਮੈਂ ਨਿੰਦਰ ਘੁਗਿਆਣਵੀ ਆਂ...।" ਸੁਣਦੇ ਸਾਰ ਚੂਹੜ ਸਿੰਘ ਬੋਲਿਆ ਕਿ ਲਓ ਬਾਬਾ ਜੀ ਇਹ ਬਿਪਤਾ ਫੇਰ ਆ ਗਈ ਐ! ਪਾਣੀ ਦਾ ਗਲਾਸ ਪੀ ਕੇ ਸਾਰੇ ਦਿਨ ਦੀ ਧੂੜ-ਫਕਾਈ ਦੀ ਵਾਰਤਾ ਸੁਣਾਈ। ਫਿਰ ਮੇਜ਼ 'ਤੇ ਪੋਲੇ-ਪੋਲੇ ਹੱਥੀਂ ਤਾਲ ਦੇਣ ਲੱਗਿਆ, ਖੰਘਾਰਾ ਜਿਹਾ ਮਾਰ ਕੇ ਗਲਾ ਸਾਫ਼ ਕੀਤਾ, ਨੱਕ ਚੋਂ ਹੂ-ਹੂ.. ਊ-ਊ 'ਵਾਜ਼ ਕੱਢੀ, ਜਿਹਨੂੰ ਅਲਾਪ ਲੈਣਾ ਕਹਿੰਦੇ ਹਨ ਤੇ ਉਸਨੂੰ ਗੀਤ ਦੇ ਬੋਲਾਂ ਵਿਚ ਬਦਲ ਦਿੱਤਾ। ਬਾਬਾ ਜੀ ਕਹਿੰਦੇ, "ਬਈ ਚੂਹੜ ਸਿਆਂ... ਆਹ ਤਾਂ ਰੌਣਕ ਈ ਆ ਗਈ ਆ ਆਪਣੇ ਕੋਲ...।"

ਮੈਂ ਗਾਉਣ ਲੱਗਿਆ:

*"ਪੂਰਨ ਜੈਸੇ ਸਾਧੂ ਨੀ ਲੱਭਣੇ,*
*ਲੂਣਾਂ ਔਰਤਾਂ ਲੱਖ ਕਰੋੜ...।"*
*ਜੇ ਮੈਂ ਪੂਰਨ ਨੂੰ ਮਰਵਾਵਣਾ*
*ਬੰਨ੍ਹ ਕੇ ਅੱਗੇ ਦੇਈ ਮੇਰੇ ਤੋਰ...*

ਕਿਸੇ ਨੂੰ ਨੀਂਦ ਨਹੀਂ ਆ ਰਹੀ ਸੀ... ਰਾਤ ਬਹੁਤ ਬੀਤ ਚੁੱਕੀ ਸੀ। ਮੈਂ ਆਪਣੀ ਭੁੱਖ-ਨੰਗ ਤੇ ਕੰਗਾਲੀ ਦੀ ਕਥਾ ਰੇੜ ਲਈ ਸੀ... "ਬਾਬਾ ਜੀ, ਇਹ ਅਮੀਰ ਲੋਕ ਨਿਰਦਈ ਹੁੰਦੇ ਨੇ... ਇਹ ਕਿਸੇ ਦਾ ਦਰਦ ਕੀ ਜਾਨਣ ਭਲਾ? ਬਾਬਾ ਜੀ ਮੈਂ ਅਹੁ... ਗਾਇਕ 'ਤੇ ਦੋ ਕਿਤਾਬਾਂ ਲਿਖੀਆਂ, ਇਕ ਉਹਦੇ ਗੁਰੂ 'ਤੇ ਵੀ ਲਿਖੀ.... ਰੁਪਈਆ ਇਕ ਨਾ ਮਿਲਿਆ, ਮੇਰੇ ਨਾਲੋਂ ਤਾਂ ਕਚਹਿਰੀਆਂ ਦੇ ਅਰਜ਼ੀ-ਨਵੀਸ ਈ ਚੰਗੇ ਆ ਬਾਬਾ ਜੀ... ਲੇਖਕ ਨੂੰ ਕੀ ਮਿਲਦਾ? ਆਖ਼ਿਰ ਬਾਬਾ ਜੀ... ਉਸ ਗਾਇਕ ਨੇ ਘਰ ਸੱਦ ਕੇ ਸੱਤ ਹਜ਼ਾਰ ਰੁਪਈਆ ਦੇ ਦਿੱਤਾ... ਬਾਬਾ ਜੀ, ਕੀ ਮੇਰਾ ਮੁੱਲ ਸਿਰਫ਼ ਸੱਤ ਹਜ਼ਾਰ ਈ ਆ? ਉਹਦੀ ਕਿਤਾਬ ਲਿਖਣ ਵੇਲੇ ਵੀਹ ਹਜ਼ਾਰ ਤਾਂ ਮੇਰਾ ਖਰਚ ਪੱਲਿਓਂ ਈ ਹੋਇਆ... ਮੈਂ ਆਪਦੇ ਦੋਸਤਾਂ ਤੋਂ ਉਧਾਰ ਪੈਸੇ ਫੜੇ ਸੀ...।"

ਬਾਬਾ ਜੀ ਕਹਿਣ ਲੱਗੇ, "ਤੂੰ ਵੀ ਝੱਲਾ ਈ ਐਂ... ਤੂੰ ਕਿਉਂ ਇਹ ਕੰਮ ਕੀਤਾ... ਜਦ ਮੈਂ ਤੈਨੂੰ ਪਹਿਲਾਂ ਕਿਹਾ ਸੀ ਕਿ ਪੈਸੇ ਪਹਿਲਾਂ ਲੈ-ਲੈ।"

ਗਰਮੀ ਦੇ ਦਿਨ ਸਨ। ਹੁਣ ਅਸੀਂ ਕਮਰਿਆਂ ਵਿਚ ਨੀਂ ਸੀ ਸੌਂਦੇ... ਸਗੋਂ ਦੇਸ਼ ਭਗਤ ਹਾਲ ਦੇ ਖੁੱਲ੍ਹੇ ਵਿਹੜੇ ਵਿਚ ਭੁੰਜੇ ਹੀ ਗੱਦੇ ਸੁੱਟ ਕੇ ਉੱਤੇ ਚਾਦਰਾਂ ਤਾਣ ਲੈਂਦੇ। ਨਾਲ ਲੱਗਦੀ ਕੋਠੀ ਵਾਲਿਆਂ ਦੀ ਨਿੱਜੀ ਜਿਹੀ ਕੁੱਤੀ ਬੜਾ ਤਿੱਖਾ ਭੌਂਕਦੀ... 'ਟਊਂ... ਟਊਂ... ਟਊਂ...' ਕਰਦੀ ਤਾਂ ਮੈਂ ਆਪਣੇ ਸਿਰਹਾਣੇ ਹੇਠ ਰੱਖਿਆ ਛੋਟਾ ਜਿਹਾ ਡੰਡਾ ਕੱਢ ਕੇ ਫਰਸ਼ 'ਤੇ ਖੜਕਾਉਂਦਾ ਤੇ ਦੋ ਚਾਰ ਗਾਲ੍ਹਾਂ ਕੱਢਦਾ... ਕੁੱਤੀ ਕੁਝ ਪਲ ਚੁੱਪ ਕਰਦੀ ਤੇ ਫਿਰ ਸਾਰੀ ਰਾਤ ਭੌਂਕਦੀ ਹੀ ਰਹਿੰਦੀ... ਅਸੀਂ ਹੁਣ ਉਸਦੀ ਟਊਂ-ਟਊਂ ਸੁਣਨ ਦੇ ਆਦੀ ਹੋ ਚੁੱਕੇ ਸਾਂ।

ਰਾਤ ਵਿਚ ਮੈਂ ਦੋ ਕੁ ਵਾਰੀ ਉੱਠਦਾ ਤੇ ਸਾਰੇ ਹਾਲ ਦੇ ਉਤੋਂ ਦੀ ਗੇੜਾ ਕੱਢਦਾ। ਡੰਡਾ ਫਰਸ਼ 'ਤੇ ਖੜਕਾਂਦਾ ਤੇ ਹੋਕਾ ਲਾਉਂਦਾ, 'ਜਾਗਦੇ ਰਹੋ... ਸਭ ਅੱਛਾ ਹੈ... ਜਾਗਦੇ ਰਹੋ... ਸਭ ਅੱਛਾ ਹੈ।"

ਇਕ ਦਿਨ ਚੂੜ ਸਿੰਘ ਨੇ ਖਿਝ ਕੇ ਕਿਹਾ ਕਿ ਤੂੰ ਮੇਰੀ ਨੀਂਦਰ ਭੰਗ ਕਰਦਾ ਹੈ; ਤਾਂ ਮੈਂ ਕਿਹਾ, "ਚੂੜ ਸਿਆਂ... ਤੈਨੂੰ ਮੁਫ਼ਤ ਦਾ ਚੌਂਕੀਦਾਰ ਲੱਭਾ ਐ... ਤੇਰੇ ਵਾਲੀ ਡਿਊਟੀ ਮੈਂ ਕਰਦਾ... ਤੇ ਅੱਗੋਂ ਤੂੰ ਟੋਕਦਾ ਐਂ ਮੈਨੂੰ?"

ਇਸ ਪਿੱਛੋਂ ਉਸਨੇ ਕਦੀ ਨਾ ਟੋਕਿਆ। ਮੈਂ ਸਾਰੀਆਂ ਗਰਮੀਆਂ ਆਪਣੀ ਡਿਊਟੀ ਨਿਭਾਉਂਦਾ ਰਿਹਾ।

ਵਿਚੋਂ ਦੀ ਮੈਂ ਫਿਰ ਪਿੰਡ ਚਲਾ ਗਿਆ ਤੇ ਪਿੰਡੋਂ ਆਣ ਕੇ ਮਿੱਤਰ ਵਿਰਲੀ ਦੇ ਕਮਰੇ ਵਿਚ ਰਹਿਣ ਲੱਗ ਪਿਆ। ਕਿਉਂਕਿ ਇਕ ਦਿਨ ਮੈਨੂੰ ਮਾਸਟਰ ਵਰਮਾ ਜੀ ਨੇ ਬੋਲੀ ਮਾਰ ਦਿੱਤੀ ਸੀ, "ਕੱਢੇ ਵੱਢੇ ਏਥੇ ਆ ਆਸਾਰਾ ਭਾਲਦੇ ਆ।" ਮੈਂ ਉਸ ਦਿਨ ਬਹੁਤ ਰੋਇਆ ਸੀ ਤੇ ਸਵੇਰ ਨੂੰ ਪਿੰਡ ਵਾਲੀ ਬੱਸੇ ਬੈਠ ਗਿਆ ਸੀ, ਜਦ ਪਿੰਡ ਦਿਲ ਨਾ ਲੱਗਿਆ ਬਾਬਾ ਬਿਲਗਾ ਤੇ ਚੂਹੜ ਸਿੰਘ ਹੁਰੀਂ ਯਾਦ ਆਉਂਦੇ ਰਹੇ ਤਾਂ ਮੈਂ ਜਲੰਧਰ ਵਿਰਲੀ ਕੋਲ ਆ ਗਿਆ। ਫਿਰ ਇਕ ਦਿਨ ਮੈਂ ਸਾਈਕਲ ਉੱਤੇ ਹਾਲ ਅੱਗੋਂ ਦੀ ਲੰਘਿਆ ਤਾਂ ਦਿਲ ਨੂੰ ਧੂਹ ਜਿਹੀ ਪਈ। ਆਪ-ਮੁਹਾਰੇ ਸਾਈਕਲ ਹਾਲ ਵੱਲ ਨੂੰ ਮੁੜ ਗਿਆ। ਬਾਬਾ ਜੀ ਨੇ ਬਹੁਤ ਝਾੜਾਂ ਪਾਈਆਂ ਕਿ ਤੂੰ ਆਉਣੋਂ ਕਾਹਤੋਂ ਹਟਿਆਂ? ਮੈਂ ਵਰਮਾ ਵਾਲੀ ਗੱਲ ਨਾ ਦੱਸੀ। ਬਾਬਾ ਜੀ ਦੇ ਹੁਕਮ 'ਤੇ ਮੈਂ ਫਿਰ ਹਾਲ ਵਿਚ ਰਹਿਣ ਲੱਗ ਪਿਆ। ਬਾਬਾ ਜੀ ਨਾਲ ਕਈ ਦਿਨ ਫੇਰ ਮੇਲ ਨਾ ਹੋਇਆ। ਇਕ ਦਿਨ ਮੈਂ ਤੇ ਚੂਹੜ ਸਿੰਘ ਅਰਬਨ ਅਸਟੇਟ ਵੱਲ ਗਏ। ਬਾਬਾ ਭਗਤ ਸਿੰਘ ਬਿਲਗਾ ਦੀ ਇਕ ਕੋਠੀ ਉਨ੍ਹਾਂ ਦੇ ਬੇਟੇ ਪ੍ਰੇਮ ਸਿੰਘ ਨੇ ਅਰਬਨ ਅਸਟੇਟ ਬਣਵਾਈ। ਇਕ ਦਿਨ ਅਸੀਂ ਉੱਥੇ ਪੁੱਜੇ ਤਾਂ ਬਾਬਾ ਬਿਲਗਾ ਜੀ ਆਪਣੀ ਖੂੰਡੀ ਦੀ ਟੋਹ ਨਾਲ ਕਮਰਿਆਂ ਦਾ ਸਰਵੇ ਕਰ ਰਹੇ ਸਨ। ਬਾਲਕੋਨੀ ਦੇ ਗੱਭੇ ਕੁਰਸੀਆਂ ਡਾਹ ਕੇ ਬੈਠ ਗਏ, ਤਾਂ ਬਾਬਾ ਜੀ ਬੋਲੇ, "ਉਏ ਘੁਗਿਆਣਵੀ, ਉਏ ਤੂੰ ਕਿੱਥੇ ਮਰ ਗਿਆ ਸੀ...? ਮੈਂ ਤਾਂ ਕਦ ਦਾ ਤੈਨੂੰ ਉਡੀਕੀ ਜਾਨਾਂ... ਬੜਾ ਚਿਰ ਹੋ ਗਿਆ ਕੁਝ ਸੁਣੇ ਨੂੰ.... ਸੁਣਾ ਉਏ ਕੁਝ ਪੁੱਤਰਾ।" ਤਾਂ ਮੈਂ ਮੇਜ਼ ਉੱਪਰ ਹੀ ਹੱਥ ਮਾਰਨ ਲੱਗਿਆ ਤੇ ਮੂੰਹ ਨਾਲ ਤੂੰਬੀ ਵਜਾਈ:

*ਨੀਂ ਬਾਗਾਂ ਵਿਚ ਅੰਬ ਪੱਕ ਗਏ,*
*ਅਜੇ ਤੀਕ ਨਾ ਵਪਾਰੀ ਆਏ...*

ਫਿਰ ਮੈਂ ਗਾਇਆ :

*ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ,*
*ਮੈਨੂੰ ਲੈ ਚੱਲੇ ਬਾਬਲਾ ਲੈ ਚੱਲੇ*
*ਮੈਨੂੰ ਰੱਖ ਲੈ ਬਾਬਲਾ ਹੀਰ ਆਖੇ*
*ਵੇ ਡੋਲੀ ਘੱਤ ਕੁਹਾਰ ਨੇ ਲੈ ਚੱਲੇ...*

ਬਾਬਾ ਜੀ ਪ੍ਰਸੰਨ ਹੋ ਕੇ ਅਸੀਸਾਂ ਦੇਈ ਜਾਣ, "ਉਹ ਵਾਹ ਪੁੱਤਰਾ... ਜੀਓ... ਜੀ...।" ਜਦ ਨੂੰ ਬਾਬਾ ਜੀ ਦਾ ਡਰਾਈਵਰ ਲਖਨਪਾਲ ਆ ਗਿਆ ਤਾਂ ਬਾਬਾ ਜੀ ਕਹਿੰਦੇ, "ਚੱਲੀਏ ਬਈ?" ਤਾਂ ਅਸੀਂ ਬਾਬਾ ਜੀ ਨਾਲ ਕਾਰ ਵਿਚ ਬੈਠ ਦੇਸ਼ ਭਗਤ ਯਾਦਗਾਰ ਹਾਲ ਵਿਚ ਆ ਗਏ।

ਜਦ ਬਾਬਾ ਜੀ ਦੀ ਦੇਹ ਵਲੈਤ ਤੋਂ ਭਾਰਤ ਲਿਆਂਦੀ ਜਾ ਰਹੀ ਸੀ ਤਾਂ ਮੈਂ ਪ੍ਰਦੇਸਾਂ ਵਿਚ ਫਿਰਦਾ ਸਾਂ। ਅਖ਼ਬਾਰ ਵਿਚੋਂ ਖ਼ਬਰ ਪੜ੍ਹ ਕੇ ਮੈਂ ਉਦਾਸ ਹੋ ਗਿਆ ਤੇ ਤੁਰਦਾ-ਤੁਰਦਾ ਦੂਰ ਇਕ ਪਾਰਕ ਵਿਚ ਜਾ ਬੈਠਾ। ਗੋਰੇ-ਗੋਰੀਆਂ ਹੱਸਦੇ ਖੇਡਦੇ ਸੈਰਾਂ ਕਰ ਰਹੇ ਸਨ। ਮੈਂ ਘਾਹ ਦੀ ਮੈਦਾਨ ਵਿਚ ਬੈਠਾ ਬਾਬਾ ਬਿਲਗਾ ਜੀ ਨੂੰ ਯਾਦ ਕਰ-ਕਰ ਰੋ ਰਿਹਾ ਸਾਂ।

ਪਿੱਛੇ ਜਿਹੇ ਮੈਂ ਬੰਗਿਆਂ ਲਾਗੇ ਮੁੱਕਦਪੁਰ ਗਿਆ ਤਾਂ ਪ੍ਰਿੰਸੀਪਲ ਸਰਵਣ ਸਿੰਘ ਤੇ ਗੁਰਚਰਨ ਸਿੰਘ ਸ਼ੇਰਗਿੱਲ ਆਖਣ ਲੱਗੇ ਅਸੀਂ ਬਿਲਗੇ ਪਿੰਡ ਜਾਣਾ ਹੈ... ਤੂੰ ਵੀ ਸਾਡੇ ਨਾਲ ਚੱਲ। ਮੈਨੂੰ ਖੁਸ਼ੀ ਹੋਈ ਕਿ ਚਲੋ ਇਸੇ ਬਹਾਨੇ ਬਾਬਾ ਬਿਲਗਾ ਜੀ ਦਾ ਪਿੰਡ ਹੀ ਵੇਖ ਲਵਾਂਗਾ। ਜਿਸ ਪਿੰਡ ਨੂੰ ਉਹ ਸਾਰਾ ਦਿਨ... ਹਰ ਗੱਲ 'ਤੇ... ਪਲ ਪਲ... ਹਰ ਸਾਹ ਯਾਦ ਕਰਦੇ ਸੀ। ਅਸੀਂ ਗਿਆਨੀ ਅਰਜਨ ਸਿੰਘ ਦੇ ਪ੍ਰਵਾਸੀ ਭਰਾ ਦਰਸ਼ਨ ਸਿੰਘ ਸੰਘੇੜਾ ਦੇ ਘਰ ਪੁੱਜੇ। ਜਿਨ੍ਹਾਂ ਦੇ ਪੁੱਤਰ ਡਾ. ਜਗਜੀਤ ਸਿੰਘ ਸੰਘੇੜਾ (ਯੂ.ਕੇ.) ਨੇ ਬਿਲਗੇ ਕਾਮਰੇਡ ਕਰਤਾਰ ਸਿੰਘ ਦੀ ਜ਼ਮੀਨ ਵਿਚ ਹਸਪਤਾਲ ਬਣਾਉਣ ਦੇ ਬਾਬਾ ਬਿਲਗਾ ਜੀ ਦੇ ਸੁਪਨੇ ਨੂੰ ਪੂਰਾ ਕਰਨ ਵਿਚ ਵੱਡਾ ਯੋਗਦਾਨ ਪਾਇਆ। ਆਪ ਡਾ. ਜਗਜੀਤ ਬਰਮਿੰਘਮ ਰਹਿੰਦਾ ਹੈ। ਇਥੇ ਹੀ ਬਾਬਾ ਜੀ ਦੇ ਦੋਵੇਂ ਸਪੁੱਤਰ ਵੀ ਰਹਿੰਦੇ ਹਨ। ਮੈਨੂੰ ਚੇਤਾ ਆਇਆ ਕਿ ਜਦ ਹਸਪਤਾਲ ਬਣ ਰਿਹਾ ਸੀ ਤਾਂ ਬਾਬਾ ਜੀ ਬੜੇ ਫਿਕਰਮੰਦ ਸਨ ਕਿ ਕਦੋਂ ਤੇ ਕਿਵੇਂ ਇਹ ਸਾਰਾ ਕੁਝ ਨੇਪਰੇ ਚੜ੍ਹੇਗਾ? ਬਾਬਾ ਜੀ ਹਸਪਤਾਲ ਦੀ ਇਕ ਇਕ ਇੱਟ ਜਿਵੇਂ ਆਪਣੇ ਹੱਥੀਂ ਲਾਉਣਾ ਚਾਹੁੰਦੇ ਸਨ। ਉਹ ਡਾ. ਸੰਘੇੜਾ ਤੇ ਉਨ੍ਹਾਂ ਦੇ ਪ੍ਰਵਾਸੀ ਸਾਥੀਆਂ ਦੀਆਂ ਤਾਰੀਫ਼ਾਂ ਕਰਦੇ ਕਹਿੰਦੇ ਕਿ ਸਾਡੇ ਬਰਖੁਰਦਾਰ ਮੁੰਡੇ ਨੇ ਜਿੰਨ੍ਹਾਂ ਨੇ ਇਹ ਬੀੜਾ ਚੁੱਕਿਐ। ਸੰਘੇੜਾ ਪਰਿਵਾਰ ਨੂੰ ਮਿਲ ਕੇ ਅਸੀਂ ਗਲੀਆਂ ਬਾਜ਼ਾਰਾਂ ਵਿਚੋਂ ਦੀ ਲੰਘਦੇ ਹੋਏ ਬਾਬਾ ਜੀ ਦੇ ਜੱਦੀ ਘਰ ਕੋਲ ਆ ਗਏ ਤਾਂ ਮੇਰੀਆਂ ਅੱਖਾਂ ਮੱਲੋ ਮੱਲੀ ਭਰ ਆਈਆਂ... ਅੱਜ ਬਾਬਾ ਜੀ ਘਰ ਵਿਚ ਹੁੰਦੇ... ਮੈਂ ਉਨ੍ਹਾਂ ਦੇ ਕੋਲ ਬਹਿੰਦਾ... ਕਿੰਨੀ ਰੌਣਕ ਲੱਗਣੀ ਸੀ। ਮੇਰੀਆਂ ਅੱਖਾਂ ਆਲੇ ਦੁਆਲੇ ਬਾਜ਼ਾਰ 'ਚੋਂ ਬਾਬਾ ਜੀ ਨੂੰ ਲੱਭਣ ਲੱਗੀਆਂ ਪਰ ਉਨ੍ਹਾਂ ਹੁਣ ਕਿੱਥੋਂ ਆਉਣਾ ਸੀ? ਖ਼ੈਰ!...

ਅਸੀਂ ਹਸਪਤਾਲ ਪਹੁੰਚ ਗਏ। ਮੇਰੀ ਰੂਹ ਖਿੜ ਗਈ ਸਾਰਾ ਦ੍ਰਿਸ਼ ਦੇਖਦੇ ਸਾਰ। ਬੜਾ ਖ਼ੂਬਸੂਰਤ ਹਸਪਤਾਲ ਬਿਲਗਾ ਅਤੇ ਇਲਾਕਾ ਨਿਵਾਸੀਆਂ ਲਈ ਭੇਟ ਕੀਤਾ ਗਿਆ। ਹਸਪਤਾਲ ਵਿਚ ਲੋਕਾਂ ਦੀ ਕਾਫੀ ਭੀੜ ਸੀ। ਡਾਕਟਰ ਮੋਹ ਤੇ ਅਪਣੱਤ ਸਹਿਤ ਮਰੀਜ਼ਾਂ ਨਾਲ ਪੇਸ਼ ਆ ਰਹੇ ਸਨ ਜਿਵੇਂ ਉਹ ਗ਼ਰੀਬ ਮਰੀਜਾਂ ਦੀ ਲਗਨ ਨਾਲ ਸੇਵਾ ਕਰਕੇ ਬਾਬਾ ਜੀ ਨੂੰ ਖੁਸ਼

ਕਰਨ ਦਾ ਯਤਨ ਕਰ ਰਹੇ ਹੋਣ। ਸਹਿਜ ਤੇ ਸ਼ਾਂਤੀ ਭਰਿਆ ਵਾਤਾਵਰਣ ਸੀ। ਪ੍ਰਿੰਸੀਪਲ ਸਰਵਣ ਸਿੰਘ ਤੇ ਸ਼ੇਰਗਿੱਲ ਜੀ ਨੇ ਡਾਕਟਰ ਕੋਲ ਬੈਠ ਕੇ ਆਪੋ ਆਪਣੇ ਬਲੱਡ ਪ੍ਰੈਸ਼ਰ ਚੈੱਕ ਕਰਵਾਏ। ਹਸਪਤਾਲ ਦੀ ਅੰਦਰੋਂ ਰੂਪ ਰੇਖਾ ਦੇਖੀ ਤਾਂ ਮੇਰਾ ਬਾਬਾ ਜੀ ਤੇ ਉਨ੍ਹਾਂ ਦੇ ਸਹਿਯੋਗੀਆਂ ਪ੍ਰਤੀ ਸਿਜਦਾ ਕਰਨ ਨੂੰ ਦਿਲ ਕਰ ਆਇਆ। ਬਿਲਗੇ ਪਿੰਡ ਦੀਆਂ ਗਲੀਆਂ ਗਾਹ ਕੇ ਮੈਨੂੰ ਚੰਗਾ-ਚੰਗਾ ਅਹਿਸਾਸ ਹੋਇਆ।

***

# ਚੇਤੇ ਦੀ ਚੰਗੇਰ 'ਚੋਂ

-ਚੂਹੜ ਸਿੰਘ ਬੱਜੋਂ

ਸਾਡੇ ਚੇਤਿਆਂ 'ਚ ਉਕਰਿਆ ਰਹਿਣਾ ਹੈ ਬਾਬਾ ਭਗਤ ਸਿੰਘ ਬਿਲਗਾ। ਬਾਬਾ ਜੀ ਰੂਪੋਸ਼ੀ ਦੇ ਸਮੇਂ ਲੋਕਾਂ ਦੀ ਲਾਮਬੰਦੀ ਕਰਦੇ ਵੱਖਰੇ-ਵੱਖਰੇ ਇਲਾਕਿਆਂ 'ਚ ਘੁੰਮ ਰਹੇ ਸਨ। ਪੁਲੀਸ ਵੀ ਮਗਰ-ਮਗਰ ਪੈੜ ਨੱਪਦੀ ਫਿਰਦੀ ਸੀ। ਪੁਲੀਸ ਨੂੰ ਸ਼ੱਕ ਹੋ ਗਿਆ ਕਿ ਕਾਮਰੇਡ ਬਿਲਗਾ ਆਪਣੇ ਸਹੁਰੇ ਘਰ ਆਇਆ ਹੋਇਆ ਹੈ। ਥਾਣਾ ਬੰਗਾ ਦੀ ਪੁਲੀਸ ਤੇ ਹੋਰ ਕਈ ਥਾਣਿਆਂ ਦੀ ਪੁਲੀਸ ਇਕੱਠੀ ਕਰ ਪਿੰਡ ਖਾਨਖਾਨਾ (ਉਸ ਵੇਲੇ ਜ਼ਿਲ੍ਹਾ ਜਲੰਧਰ, ਹੁਣ ਸ਼ਹੀਦ ਭਗਤ ਸਿੰਘ ਨਗਰ) 'ਤੇ ਜਾ ਛਾਪਾ ਮਾਰਿਆ, ਬੜੀ ਤਲਾਸ਼ੀ ਹੋਈ, ਕੁਝ ਹੱਥ ਪੱਲੇ ਨਾ ਪਿਆ, ਕਾਮਰੇਡ ਉਥੋਂ ਪਹਿਲਾਂ ਹੀ ਜਾ ਚੁੱਕਾ ਸੀ।

ਜਦੋਂ ਕਿਤੇ ਫੇਰ ਕਾਮਰੇਡ ਭਗਤ ਸਿੰਘ ਬਿਲਗਾ ਉੱਥੇ ਗਏ ਤਾਂ ਆਪਣੇ ਸਹੁਰਾ ਸਾਹਿਬ ਨੂੰ ਆਖਣ ਲੱਗੇ, ਭਾਈਆ ਜੀ ਉਦੋਂ ਮੇਰੇ ਕਰਕੇ ਇੱਥੇ ਪੁਲੀਸ ਦਾ ਛਾਪਾ ਪਿਆ, ਉਸਦਾ ਅਫ਼ਸੋਸ ਹੈ।

ਅੱਗੋਂ ਸਹੁਰਾ ਸਾਹਿਬ ਹੱਸ ਕੇ ਕਹਿਣ ਲੱਗੇ, ਉਹ ਭੋਲਿਆ ਸਾਨੂੰ ਕੌਣ ਜਾਣਦਾ ਸੀ। ਉਸ ਦਿਨ ਤੋਂ ਆਲੇ-ਦੁਆਲੇ ਦੇ ਲੋਕ ਜਾਣਨ ਲੱਗੇ ਹਨ ਕਿ ਖਾਨਖਾਨਾ 'ਚ ਵੀ ਕੋਈ ਦੇਸ਼ ਹਿਤੂ ਲੋਕ ਹਨ। ਤੂੰ ਫਿਕਰ ਨਾ ਕਰ ਜਿੰਨਾ ਚਿਰ ਤੂੰ ਬਾਹਰ ਦੌੜਾ ਭੱਜਾ ਰਹੇਂਗਾ ਜਾਂ ਸੀਖਾਂ ਪਿੱਛੇ ਅਸੀਂ ਤੇਰੇ ਘਰ ਦਾ ਸਾਰਾ ਪ੍ਰਬੰਧ ਚਲਾਵਾਂਗੇ, ਜਦੋਂ ਘਰ ਹੋਵੇਂਗਾ ਤੂੰ ਆਪ ਸੰਭਾਲੀਂ।

ਕਾਮਰੇਡ ਭਗਤ ਸਿੰਘ ਬਿਲਗਾ ਜੀ ਦੀ ਜੀਵਨ-ਸਾਥਣ ਚੰਨਣ ਕੌਰ, ਕਾਮਰੇਡ ਦੇ ਕ੍ਰਾਂਤੀਕਾਰੀ ਕੰਮਾਂ 'ਚ ਹਰ ਵੇਲੇ ਸਾਥ ਦੇਂਦੇ ਸਨ। ਇੱਕ ਵਾਰੀ ਕਿਸੇ ਗੱਲ ਨੂੰ ਲੈ ਕੇ ਨੋਕ-ਝੋਕ ਹੋ ਗਈ, ਉਹ ਆਖਣ ਲੱਗੀ ਦੇਖ ਸਰਦਾਰਾ ਬਿਲਗੇ ਦਾ ਬਹੁਤਾ ਮਾਣ ਨਾ ਕਰੀਂ, ਮੈਂ ਵੀ ਖਾਨਖਾਨਾ ਦੀ ਜੰਮਪਲ੍ਹ ਆਂ।

ਇੱਕ ਦਿਨ ਬਾਬਾ ਜੀ ਦੇ ਕਮਰੇ ਵਿਚ ਇੱਕ ਠੱਗ ਆ ਗਿਆ। ਉਹ ਆਖਣ ਲੱਗਾ ਬਾਬਾ ਜੀ ਮੈਂ ਤੁਹਾਡੇ ਸਹੁਰਾ ਪਿੰਡ ਖਾਨਖਾਨਾ ਤੋਂ ਆਇਆਂ। ਮੇਰੀ ਗੱਡੀ ਖ਼ਰਾਬ ਹੋ ਗਈ, ਉਸਦਾ ਸਮਾਨ ਲੈਣ ਆਇਆ ਸੀ। ਮੇਰੀ ਜੇਬ ਕੱਟੀ ਗਈ, ਮੈਂ ਹੁਣ ਪਿੰਡ ਜਾਣਾ ਇਸ ਲਈ ਤੁਹਾਡੇ ਕੋਲ੍ਹ ਆਇਆਂ। ਬਾਬਾ ਜੀ ਨੇ ਪਹਿਲਾਂ ਆਪਣੇ ਰਿਸ਼ਤੇਦਾਰਾਂ ਦੀ ਸੁੱਖਸਾਂਦ ਪੁੱਛੀ ਤਾਂ ਉਸਨੇ ਇੱਕ ਵੱਡੇ ਤੋਂ ਸ਼ੁਰੂ ਕਰਕੇ ਸਾਰੇ ਪਿੰਡ ਦਾ ਤੇ ਹੋਰ ਉਨਾਂ ਦੇ ਸਾਕ-ਸਬੰਧੀਆਂ ਬਾਰੇ ਵੀ ਦੱਸ ਦਿੱਤਾ। ਬਾਬਾ ਜੀ ਨੇ ਖੁਸ਼ ਹੋ ਕੇ ਆਪਣੇ ਬੋਝੇ 'ਚੋਂ ਸੌ ਦਾ ਨੋਟ ਕੱਢਿਆ ਤੇ ਠੱਗ ਦੇ ਹੱਥ 'ਤੇ ਰੱਖ

ਦਿੱਤਾ। ਠੱਗ ਸੌ ਦਾ ਨੋਟ ਲੈ ਕੇ ਰਫੂਚੱਕਰ ਹੋ ਗਿਆ। ਕਿਤੇ ਬਾਦ ਵਿਚ ਜਦੋਂ ਬਾਬਾ ਜੀ ਨੇ ਉਸ ਬਾਰੇ ਸਹੁਰੇ ਘਰ ਗੱਲ ਕੀਤੀ ਤਾਂ ਖੁਲਾਸਾ ਹੋਇਆ ਕਿ ਉਸ ਠੱਗ ਨੇ ਤਾਂ ਅੱਗੇ ਵੀ ਕਈਆਂ ਨਾਲ ਠੱਗੀ ਕੀਤੀ ਆ।

ਇੱਕ ਵਾਰੀ ਮੌਕਾ ਤਾੜ ਕੇ ਉਹੀ ਠੱਗ ਬਾਬਾ ਜੀ ਕੋਲ ਫਿਰ ਆ ਗਿਆ। ਬਾਬਾ ਜੀ ਨੇ ਉਸ ਦੀਆਂ ਗੱਲਾਂ ਸੁਣਕੇ ਆਖਿਆ ਦੇਖ ਬਈ ਤੂੰ ਹੈ ਤਾਂ ਠੱਗ ਪਰ ਤੈਂ ਬੜੀ ਮਿਹਨਤ ਕਰਕੇ ਮੇਰੇ ਸਹੁਰੇ ਘਰ ਦਾ ਕੁਰਸੀਨਾਮਾ ਇਕੱਠਾ ਕੀਤਾ, ਆਹ ਲੈ ਵੀਹ ਰੁਪਏ ਇਨਾਮ ਤੇ ਮੁੜ ਕੇ ਨਾ ਆਈਂ।

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਲਾਇਬਰੇਰੀ 'ਚ ਕਾ. ਚਰੰਜੀ ਲਾਲ ਕੰਗਣੀਵਾਲ ਕੁਝ ਬੱਬਰ ਅਕਾਲੀਆਂ ਬਾਰੇ ਲਿਖ ਰਹੇ ਸਨ। ਲਿਖਦਿਆਂ-ਲਿਖਦਿਆਂ ਨੂੰ ਇੱਕ ਮਸ਼ਹੂਰ ਬੱਬਰ ਦਾ ਨਾਂ ਭੁੱਲ ਗਿਆ, ਉਹ ਸੋਚੀਂ ਪੈ ਗਿਆ ਪਰ ਯਾਦ ਨਾ ਆਇਆ। ਇਸ ਬਾਰੇ ਜਦੋਂ ਬਾਬਾ ਜੀ ਤੋਂ ਪੁੱਛਿਆ ਕਿ ਕੋਟਫਤੂਹੀ ਦੇ ਬੱਬਰਾਂ ਬਾਰੇ ਕੁੱਝ ਦੱਸੋ। ਉਹ ਦੱਸਣ ਲੱਗੇ ਬੱਬਰ ਸੇਵਾ ਸਿੰਘ ਉੱਥੇ ਉਸਦਾ ਗੇਟ ਬਣਿਆ ਹੋਇਆ ਹੈ। ਉਹ ਹਾਲੇ ਹੋਰ ਦੱਸ ਹੀ ਰਹੇ ਸਨ ਪਰ ਮਸਲਾ ਤਾਂ ਹੱਲ ਹੋ ਚੁੱਕਾ ਸੀ।

ਦਿੱਲੀ ਰਾਜਧਾਨੀ ਵੱਲੋਂ ਭਾਰਤ ਦੇ ਇਤਿਹਾਸਕ ਵਿਭਾਗ ਦੀਆਂ ਕੁਝ ਬੀਬੀਆਂ ਨੇ ਭਾਰਤ ਦੇ ਇਤਿਹਾਸ ਵਿਚ ਗ਼ਦਰ ਪਾਰਟੀ ਦੇ ਰੋਲ ਬਾਰੇ ਕੁਝ ਲਿਖਣ ਲਈ ਇੰਟਰਵਿਊ ਕਰਨ ਲਈ ਬਾਬਾ ਜੀ ਨੂੰ ਬੇਨਤੀ ਕੀਤੀ ਤਾਂ ਬਾਬਾ ਜੀ ਆਖਣ ਲੱਗੇ ਹੋਰ ਕਾਹਦੇ ਲਈ ਬੈਠੇ ਆਂ।

ਬਾਬਾ ਜੀ ਨੇ ਇਤਿਹਾਸ ਪੜ੍ਹਿਆ ਹੀ ਨਹੀਂ ਸੀ ਸਗੋਂ ਸਿਰਜਿਆ ਵੀ ਸੀ। ਉਨ੍ਹਾਂ ਨੂੰ ਇੱਕ-ਇੱਕ ਘਟਨਾ ਯਾਦ ਸੀ। ਇਸਦੇ ਨਾਲ-ਨਾਲ ਉਨ੍ਹਾਂ ਨੇ ਹੋਰ ਇਤਿਹਾਸ ਵੀ ਡੂੰਘਾਈ ਨਾਲ ਪੜ੍ਹੇ। ਉਨ੍ਹਾਂ ਨੂੰ ਵਾਚਿਆ ਤੇ ਭਰਪੂਰ ਜਾਣਕਾਰੀ ਇਕੱਠੀ ਕੀਤੀ ਹੋਈ ਸੀ।

ਹੁਣ ਮਿੱਥੇ ਸਮੇਂ ਮੁਤਾਬਕ ਦਿੱਲੀ ਵਾਲੀ ਟੀਮ ਆਪਣਾ ਸਾਜੋ-ਸਮਾਨ ਲੈ ਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਅੱਪੜ ਗਈ। ਉੱਧਰ ਬਾਬਾ ਜੀ ਵੀ ਸਵੇਰ ਵੇਲੇ ਸਿਰ ਹੀ ਨਹਾ-ਧੋ ਕੇ ਕੱਪੜੇ ਪਾ ਪੱਗ ਬੰਨ੍ਹੀ ਤੇ ਹੱਥ-ਖੂੰਡੀ ਲੈ ਤਿਆਰ ਹੋ ਕੇ ਬੈਠ ਗਏ।

ਟੀਮ ਨੇ ਵੀ ਕਾਗਜ਼ ਕਲਮਾਂ ਲੈ ਕੇ ਟੇਪ ਰਿਕਾਰਡਰ ਤੇ ਕੈਮਰੇ ਦੀਆਂ ਫਲੈਸ਼ਾਂ ਠੀਕ ਕਰ ਕੇ ਸਵਾਲਾਂ-ਜਵਾਬਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਸਵਾਲ ਸੀ ਵਿਦੇਸ਼ਾਂ 'ਚ ਗ਼ਦਰ ਪਾਰਟੀ ਬਣਨ ਲਈ ਕਿਹੜੇ ਕਿਹੜੇ ਹਾਲਾਤ ਪੈਦਾ ਹੋ ਗਏ ਸੀ।

ਕੁਝ ਕੰਮ ਦੇ ਹਾਲਾਤ ਖਾਸ ਕਰ ਭਾਰਤੀਆਂ ਨਾਲ ਵਿਤਕਰਾ, ਦੂਜਿਆਂ ਨਾਲੋਂ ਕੰਮ ਦੇ ਪੈਸੇ ਘਟ ਦਿੱਤੇ ਜਾਂਦੇ, ਕੰਮ ਜਿਆਦਾ ਲਿਆ ਜਾਂਦਾ। ਹਿੰਦੋਸਤਾਨੀਆਂ ਨਾਲ ਘ੍ਰਿਣਾ ਵਾਲਾ ਵਰਤਾਓ ਕੀਤਾ ਜਾਂਦਾ। ਹੋਟਲਾਂ, ਪਬਲਿਕ ਥਾਵਾਂ 'ਤੇ ਜਾਣ 'ਤੇ ਪਾਬੰਦੀ, ਨਸਲੀ ਹਮਲੇ, ਗੰਦੀਆਂ ਥਾਵਾਂ 'ਤੇ ਰਿਹਾਇਸ਼ ਲਈ ਮਜ਼ਬੂਰ ਕਰਨਾ ਤੇਤੀ ਕਰੋੜ ਭਾਰਤੀਆਂ ਨੂੰ ਜਾਨਵਰਾਂ ਨਾਲ ਤੁਲਣਾ ਕਰਨੀ। ਇਸ ਸਾਰੇ ਵਰਤਾਰੇ ਲਈ ਦੇਸ਼ ਦੀ ਗ਼ੁਲਾਮੀ ਨੂੰ ਜ਼ਿੰਮੇਵਾਰ ਸਮਝਿਆ ਗਿਆ, ਕਿਉਂਕਿ ਆਜ਼ਾਦ ਮੁਲਕਾਂ ਦੇ ਲੋਕਾਂ ਨਾਲ ਐਸਾ ਵਰਤਾਓ ਨਹੀਂ ਸੀ ਹੋ ਰਿਹਾ।

ਬਾਬਾ ਭਗਤ ਸਿੰਘ ਬਿਲਗਾ ਜੀ ਨੇ ਗ਼ਦਰ ਪਾਰਟੀ ਵੱਲੋਂ ਦੇਸ਼ ਦੀ ਮੁਕੰਮਲ ਆਜ਼ਾਦੀ ਦੇ ਸੰਕਲਪ ਤੇ ਖ਼ੂਬ ਚਾਨਣਾ ਪਾਇਆ। ਗ਼ਦਰ ਪਾਰਟੀ ਦੀ ਧਰਮ-ਨਿਰਪੱਖਤਾ ਦੀ ਜ਼ੋਰ ਨਾਲ

ਚਰਚਾ ਕੀਤੀ, ਜਾਤ-ਪਾਤ, ਛੂਆ-ਛਾਤ ਬਾਰੇ ਗ਼ਦਰ ਪਾਰਟੀ ਦੀ ਦਰੁੱਸਤ ਪਹੁੰਚ ਬਾਰੇ ਬੜੇ ਵਿਸਥਾਰ ਨਾਲ ਦੱਸਿਆ। ਖਾਸ ਕਰ ਅਮਰੀਕਾ, ਕਨੇਡਾ ਵਿਚ ਚੇਤਨ ਹੋਏ ਭਾਰਤੀਆਂ ਨੇ ਦੂਸਰੇ ਮੁਲਕਾਂ ਵਿਚ ਰਹਿ ਰਹੇ ਭਾਰਤੀਆਂ ਨੂੰ ਚੇਤਨ ਕਰਨ ਖਾਤਰ ਇੱਕ ਗ਼ਦਰ ਨਾਂ ਦਾ ਅਖ਼ਬਾਰ ਪ੍ਰਕਾਸ਼ਿਤ ਕੀਤਾ। ਸਾਹਿਤਕ ਪੱਖ ਤੋਂ ਗ਼ਦਰ ਗੂੰਜਾਂ ਦੀ ਰਚਨਾ ਕੀਤੀ, ਬਾਬਾ ਜੀ ਨੇ ਉਨ੍ਹਾਂ ਦੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਦਿੱਤੇ, ਪਰ ਉਹ ਮੋੜ-ਘੇੜ ਕੇ ਸਵਾਲ ਕਾਂਗਰਸ ਦੀ ਗਾਂਧੀ ਜੀ ਦੀ ਪਾਲਸੀ ਬਾਰੇ ਪੁੱਛ ਲਿਆ ਕਰਨ। ਬਾਬਾ ਜੀ ਆਖਣ ਲੱਗੇ ਬੀਬਾ ਜੀ ਦੇਸ਼ ਦੀ ਆਜ਼ਾਦੀ ਕਿਸੇ ਨੇ ਥਾਲੀ 'ਚ ਪਰੋਸ ਕੇ ਤਾਂ ਦਿੱਤੀ ਨਹੀਂ, ਇਸ ਵਿਚ ਲੱਖਾਂ ਲੋਕਾਂ ਨੇ ਜਾਨਾਂ ਦਿੱਤੀਆਂ, ਜਾਇਦਾਦਾਂ-ਜ਼ਮੀਨਾਂ ਕੁਰਕ ਕਰਵਾਈਆਂ, ਜੇਲ੍ਹਾਂ ਵਿਚ ਤਸੀਹੇ ਝੱਲੇ, ਲੋਹੇ ਦੇ ਪਿੰਜਰਿਆਂ ਵਿਚ ਬੰਦ ਰਹੇ। ਗਾਂਧੀ ਜੀ ਤਾਂ ਸ਼ਾਂਤੀ ਦੇ ਦੂਤ ਬਣਕੇ ਡੁਮੇਨੀਅਨ ਸਟੇਟ 'ਤੇ ਅਟਕੇ ਰਹੇ, ਜਿਸਦਾ ਅਰਥ ਸਮਝੌਤਾ ਹੋਇਆ।

ਗ਼ਦਰ ਪਾਰਟੀ ਨੇ ਤਾਂ 1914 ਵਿਚ ਹੀ ਮੁਕੰਮਲ ਆਜ਼ਾਦੀ ਦਾ ਅਹਿਦ ਲੈ ਲਿਆ ਸੀ। ਇਹ ਚਾਰ ਘੰਟੇ ਦੀ ਇੰਟਰਵਿਊ ਸੀ। ਏਨੀ ਵਡੇਰੀ ਉਮਰ ਵਿਚ ਵੀ ਹੈਰਾਨ ਕਰਨ ਵਾਲੀ ਯਾਦਸ਼ਕਤੀ ਸੀ ਉਹਨਾਂ ਦੀ।

ਜਦੋਂ ਕਿਤੇ ਬਾਬਾ ਭਗਤ ਸਿੰਘ ਬਿਲਗਾ ਜੀ ਨੇ ਕੁਝ ਅਕੇਵਾਂ ਜਿਹਾ ਮਹਿਸੂਸ ਕਰਨਾ ਤਾਂ ਆਖਣਾ ਲਾ ਬਈ ਫੋਨ ਦਲਿੱਦਰ ਦੂਰ ਕਰੀਏ ਤੇ ਮੈਂ ਫੋਨ ਲਾ ਕੇ ਆਖਣਾ ਬਾਬਾ ਜੀ ਬਿੰਦੇ ਬੋਲਦੀ ਆ। ਬਾਬਾ ਜੀ ਨੇ ਰਿਸੀਵਰ ਕੰਨਾਂ ਨੂੰ ਲਾ ਕੇ ਆਖਣਾ ਹਾਂ ਪੁੱਤ ਸਾਡਾ ਪ੍ਰਹੁਣਾ ਕਿੱਥੇ ਆ, ਬਿੰਦੇ ਨੇ ਆਖਣਾ ਬਾਬਾ ਜੀ ਇੱਥੇ ਈ ਆ, ਬੱਸ ਫੇਰ ਗੱਲਾਂ ਦੀ ਲੜੀ ਚੱਲ ਪੈਣੀ। ਕਦੇ ਐਡਵੋਕੇਟ ਗੁਰਬਿੰਦਰ ਬਾਰੇ, ਕਦੇ ਕਾ. ਮੇਲ ਬਾਰੇ, ਮਾ. ਪ੍ਰਸ਼ੋਤਮ ਬਾਰੇ, ਕਾ. ਪ੍ਰੇਮ ਬਾਰੇ ਤੇ ਕਦੇ ਡਾ. ਜਸਵਿੰਦਰ ਬਾਰੇ। ਲੜੀ ਜੋੜ-ਜੋੜ ਕੇ ਹਾਸਾ-ਠੱਠਾ ਚੱਲ ਪੈਣਾ। ਪ੍ਰੋਫੈਸਰ ਗੋਪਾਲ ਬੁੱਟਰ ਵੱਲੋਂ ਰਾਤ ਦੇ ਖਾਣੇ ਦੀ ਦਾਅਵਤ ਬਾਬਾ ਜੀ ਨੇ ਪ੍ਰਵਾਨ ਕਰ ਲੈਣੀ। ਬਿੰਦੇ ਨੇ ਬਾਬਾ ਜੀ ਦੀ ਪਸੰਦ ਦਾ ਖਾਣਾ ਤਿਆਰ ਕਰਨਾ, ਨਾਲ-ਨਾਲ ਬਾਬਾ ਜੀ ਨਾਲ ਗੱਲਾਂ ਵੀ ਖੂਬ ਕਰਨੀਆਂ। ਦਾਨਸ਼ ਤੇ ਬੀਕੂ ਨੇ ਖੇਲਦੇ-ਖੇਲਦੇ ਨੇ ਬਾਬਾ ਜੀ ਕੋਲ ਜਾ ਬੈਠਣਾ, ਬਾਬਾ ਜੀ ਨੂੰ ਬੱਚਿਆਂ ਨਾਲ ਵੀ ਬੜਾ ਪਿਆਰ ਸੀ। ਬਿੰਦੇ (ਕੁਲਵਿੰਦਰ ਕੌਰ ਬੁੱਟਰ) ਬਾਬਾ ਜੀ ਦੀ ਪੋਤਰੀ ਅਤੇ ਕਾ. ਮੇਲ ਬਿਲਗੇ ਦੀ ਭੈਣ ਆ।

ਗਰਮੀਆਂ ਦੇ ਦਿਨੀਂ ਸ਼ਾਮਾਂ ਵੇਲੇ ਸੂਰਜ ਛਿਪਦੇ ਕਰਦੇ ਨੂੰ ਦੇਸ਼ ਭਗਤ ਯਾਦਗਾਰ ਹਾਲ ਦੇ ਪਿਛਲੇ ਪਾਸੇ ਲਹਿੰਦੇ ਵਾਲੀ ਬਾਹੀ ਦੇ ਖੁੱਲ੍ਹੇ ਥਾਂ 'ਚ ਕੁਰਸੀ ਡਾਹ ਕੇ ਬੈਠ ਜਾਣਾ। ਕੋਈ ਮਿਲਣ-ਗਿਲਣ ਵਾਲਾ ਆ ਗਿਆ ਤਾਂ ਵਿਚਾਰ-ਚਰਚਾ ਸ਼ੁਰੂ ਹੋ ਜਾਣੀ, ਜੇ ਕਦੇ ਇਕੱਲੇ ਬੈਠੇ ਹੋਣਾ ਤਾਂ ਹੱਥ ਵਾਲੀ ਖੂੰਡੀ 'ਤੇ ਦੋਨੋ ਹੱਥ ਰੱਖ ਉੱਤੇ ਮੱਥਾ ਟਿਕਾ ਕੇ ਡੂੰਘੇ ਸੋਚੀਂ ਪੈ ਗਏ ਪ੍ਰਤੀਤ ਹੋਣਾ। ਰੋਟੀ ਦੀ ਤਲਬ ਹੋਣੀ ਕਿਤੇ-ਕਿਤੇ ਖੂੰਡੀ ਨੂੰ ਜ਼ਮੀਨ ਤੇ ਮਾਰੀ ਜਾਣਾ। ਇੰਝ ਕਰਨ ਨਾਲ ਨੇਪਾਲੀ ਮੁਲਾਜ਼ਮ ਸੰਤ ਰਾਮ ਤਿਵਾੜੀ ਨੂੰ ਸੰਕੇਤ ਹੋ ਜਾਣਾ ਕਿ ਬਾਬਾ ਜੀ ਖਾਣਾ ਮੰਗਦੇ ਹਨ। ਤਿਵਾੜੀ ਨੇ ਜਲਦੀ ਨਾਲ ਬਾਬਾ ਭਗਤ ਸਿੰਘ ਬਿਲਗਾ ਜੀ ਦੀ ਪਸੰਦ ਦੀ ਦਾਲ-ਸਬਜ਼ੀ ਗਰਮ ਕਰਕੇ ਤਵੇ ਤੋਂ ਲਹਿੰਦਾ-ਲਹਿੰਦਾ ਫੁਲਕਾ ਪਰੋਸ ਦੇਣਾ। ਤਿਵਾੜੀ ਹੋਰੀਂ ਦੋ-ਤਿੰਨ ਭਰਾ ਦੇਸ਼ ਭਗਤ ਯਾਦਗਾਰ ਹਾਲ ਵਿਚ ਵਰਕਰਾਂ ਦੇ ਤੌਰ ਤੇ ਕੰਮ ਕਰਦੇ ਸਨ। ਬੜੇ ਹੀ ਇਮਾਨਦਾਰ

ਸਨ।

ਬਾਬਾ ਜੀ ਦੇ ਰੋਟੀ ਖਾਣ ਵੇਲੇ ਸਾਰੇ ਦੇਸ਼ ਭਗਤ ਹਾਲ ਦੇ ਪਰਿਵਾਰਕ ਮੈਂਬਰਾਂ ਨੇ ਬਾਬਾ ਜੀ ਦੇ ਆਲੇ-ਦੁਆਲੇ ਬੈਠਕੇ ਉਨ੍ਹਾਂ ਤੋਂ ਸਿੱਖਿਆਦਾਇਕ ਗੱਲਾਂ ਸੁਣਨੀਆਂ ਤੇ ਨਾਲ ਉਨ੍ਹਾਂ ਨੂੰ ਚੀਜ਼ਾਂ ਫੜਾਉਣੀਆਂ। ਰਮੇਸ਼ ਪਹਾੜੀਏ ਨੇ ਆ ਬੈਠਣਾ, ਪਰ ਉਸਦੀ ਘਰ ਵਾਲੀ ਸੰਤੋਸ਼ ਤੋਂ ਬਿਨਾਂ ਤਾਂ ਇਹ ਮਹਿਫ਼ਲ ਅਧੂਰੀ ਹੀ ਜਾਪਣੀ। ਸੰਤੋਸ਼ ਦੀ ਹਾਜ਼ਰੀ ਲੱਗਦਿਆਂ ਉਨ੍ਹਾਂ ਦੀ ਬੇਟੀ ਕਿਸਮਤ ਨੇ ਬਾਬਾ ਜੀ ਦੀ ਖੂੰਡੀ ਜਾ ਫੜਨੀ। ਬਾਬਾ ਜੀ ਨੇ ਆਖਣਾ ਲੈ ਆ ਗਈ ਤੂੰ, ਬਾਬਾ ਜੀ ਨੇ ਲਾਡ ਨਾਲ ਕਹਿਣਾ ਵੱਡੀ ਹੋ ਕੇ ਮੈਨੂੰ ਕਮਰੇ ਤੱਕ ਛੱਡਕੇ ਆਇਆ ਕਰੇਂਗੀ। ਉੱਧਰ ਬੀਬੀ ਸੰਤੋਸ਼ ਨੇ ਬਾਬਾ ਜੀ ਨੂੰ ਸਾਰੇ ਆਲੇ-ਦੁਆਲੇ ਦੀਆਂ ਖ਼ਬਰਾਂ ਸੁਣਾ ਦੇਣੀਆਂ। ਬਾਬਾ ਜੀ ਨੇ ਹੂੰ-ਹਾਂ ਕਰੀ ਜਾਣਾ। ਸੰਤੋਸ਼ ਨੇ ਬਾਬਾ ਜੀ ਦੇ ਖਾਣੇ ਦਾ ਤੇ ਕੱਪੜਿਆਂ ਦੀ ਸਾਫ਼-ਸਫ਼ਾਈ ਦਾ ਖਾਸ ਧਿਆਨ ਰੱਖਣਾ। ਰਮੇਸ਼ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਲਾਇਬਰੇਰੀ ਦੀ ਜਲੰਧਰ ਬਰਾਂਚ (ਜੋ ਦੇਸ਼ ਭਗਤ ਯਾਦਗ਼ਾਰ ਹਾਲ ਵਿਚ ਖੁੱਲੀ ਹੋਈ ਸੀ) ਵਿਚ ਮੁਲਾਜ਼ਮਤ ਕਰਦਾ ਸੀ।

ਬਾਬਾ ਭਗਤ ਸਿੰਘ ਬਿਲਗਾ ਜੀ ਦੇ ਸੌਣ ਵਾਲੇ ਕਮਰੇ ਵਿਚ ਗੋਦਰੇਜ ਦੀ ਅਲਮਾਰੀ ਵਿਚ ਬਾਬਾ ਜੀ ਦੀਆਂ ਹੱਥ-ਲਿਖਤਾਂ ਤੇ ਹੋਰ ਕਿਤਾਬਾਂ ਪਈਆਂ ਸਨ। ਜੋ ਉਨ੍ਹਾਂ ਦਾ ਵਡਮੁੱਲਾ ਖਜ਼ਾਨਾ ਸੀ। ਉਸਦੀ ਚਾਬੀ ਉਹ ਆਪਣੇ ਕੋਲ ਰੱਖਦੇ ਸਨ। ਜਿਸ ਵਿਚ ਰੱਖਿਆ ਸਮਾਨ ਬੜੀ ਤਰਤੀਬ ਨਾਲ ਰੱਖਿਆ ਹੋਇਆ ਸੀ। ਨਿਗ੍ਹਾ ਘੱਟ ਹੋਣ ਕਰਕੇ ਆਪਣੇ ਚੇਤਿਆਂ ਮੁਤਾਬਿਕ ਲੋੜ ਵੇਲੇ ਚੁੱਕ ਲੈਂਦੇ। ਮਿਲਣ ਗਿਲਣ ਆਏ ਪਾੜ੍ਹੂਆਂ ਕੋਲੋਂ ਕਿਤਾਬ 'ਚੋਂ ਸੁਣ ਲੜੀ ਜੋੜ ਲੈਣੀ। ਮੈਨੂੰ ਆਖਣਾ ਲਿਆ ਬਈ ਕਾਗਜ਼ ਕਲਮ ਆਪਾਂ ਬਾਬੇ ਗੁਰਮੁਖ ਸਿੰਘ ਜੀ ਦੀ ਜੀਵਨੀ ਲਿਖ ਲਈਏ। ਉਨ੍ਹਾਂ ਬੋਲੀ ਜਾਣਾ ਤੇ ਮੈਂ ਲਿਖੀ ਜਾਣਾ। ਇਸ ਲਿਖੇ ਹੋਏ ਨੂੰ ਮਰਹੂਮ ਮਾ. ਪ੍ਰਕਾਸ਼ ਰਾਮ ਲਾਂਬੜਾ ਨੇ ਬੜੇ ਹੀ ਖੁਸ਼ਖਤ ਅੱਖਰਾਂ ਵਿਚ ਸੋਧ ਕੇ ਉਤਾਰ ਦੇਣਾ। ਪ੍ਰਕਾਸ਼ ਰਾਮ ਲਾਂਬੜਾ ਉਦੋਂ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਦਾ ਸਕੱਤਰ ਸੀ। ਬਹੁਤ ਮਿਹਨਤੀ ਇਨਸਾਨ ਸੀ। ਇਸ ਤਰ੍ਹਾਂ ਬਾਬਾ ਜੀ ਨੇ *ਮੇਰੀ ਸਮਝ, ਮੇਰੀ ਸੋਚ, ਪਿੰਡ ਬਿਲਗਾ ਦਾ ਇਤਿਹਾਸ, ਮੇਰਾ ਵਤਨ, ਅਣਫੋਲੇ ਵਰਕੇ,* ਕਿਤਾਬਾਂ ਦੀ ਰਚਨਾ ਕੀਤੀ।

ਬਾਬਾ ਭਗਤ ਸਿੰਘ ਬਿਲਗਾ ਜੀ ਦੇ ਵਡੇਰੇ ਪਰਿਵਾਰ ਨੇ ਉਨ੍ਹਾਂ ਦਾ ਜਨਮ ਦਿਨ ਦੇਸ਼ ਭਗਤ ਯਾਦਗਾਰ ਹਾਲ ਵਿਚ ਇਸ ਭਾਵਨਾ ਨਾਲ ਮਨਾਉਣਾ ਸ਼ੁਰੂ ਕੀਤਾ ਕਿ ਬਾਬਾ ਜੀ ਘੱਟੋ-ਘੱਟ ਸੈਂਚਰੀ ਤਾਂ ਪੂਰੀ ਕਰਨ। ਉਦੋਂ ਬਾਬਾ ਜੀ ਨੇ 90ਵੇਂ ਸਾਲ ਦੀ ਸ਼ੁਰੂਆਤ ਕਰਨੀ ਸੀ। ਉਸ ਵੇਲੇ ਬਾਬਾ ਜੀ ਦੀ ਸਿਹਤ ਭਾਵੇਂ ਕਮਜ਼ੋਰ ਹੋ ਰਹੀ ਸੀ ਪਰ ਹੌਸਲੇ ਬੁਲੰਦ ਸਨ। ਸਾਰੇ ਦੇਸ਼ ਭਗਤ ਯਾਦਗਾਰ ਹਾਲ ਨਾਲ ਜੁੜੇ ਪਰਿਵਾਰਾਂ ਨੂੰ ਇਹ ਖੁਸ਼ੀ ਭਰੀ ਖ਼ਬਰ ਪੁਚਾ ਦਿੱਤੀ ਗਈ। ਸੁਰਿੰਦਰ ਕੁਮਾਰੀ ਕੋਛੜ ਨੇ ਖੁਸ਼ੀ-ਖੁਸ਼ੀ ਕੇਕ ਬਣਵਾ, ਭੇਟ ਕਰਨ ਲਈ ਗੁਲਦਸਤੇ ਮੰਗਵਾਏ, ਚਾਹ ਕੌਫੀ, ਪਕੌੜੇ ਤੇ ਹੋਰ ਵੀ ਕਈ ਤਰ੍ਹਾਂ ਦੀਆਂ ਖਾਣ ਵਾਲੀਆਂ ਵੰਨਗੀਆਂ ਦਾ ਇੰਤਜ਼ਾਮ ਕੀਤਾ ਹੋਇਆ ਸੀ।

2 ਅਪ੍ਰੈਲ ਵਾਲੇ ਦਿਨ ਦੇਸ਼ ਭਗਤ ਯਾਦਗਾਰ ਹਾਲ ਵਿਚ ਰੌਣਕਾਂ ਲੱਗ ਗਈਆਂ। ਬਾਬਾ ਜੀ ਨੂੰ ਸ਼ੁਭ ਇੱਛਾਵਾਂ ਦੇਣ ਲਈ ਦੇਸ਼ ਭਗਤ ਪਰਿਵਾਰ, ਪੱਤਰਕਾਰਾਂ ਤੇ ਦੇਸਾਂ-ਪ੍ਰਦੇਸ਼ਾਂ ਤੋਂ

ਵੀ ਟੈਲੀਫੋਨ ਤੇ ਬਾਬਾ ਜੀ ਨੂੰ ਵਧਾਈ ਦੇ ਸੰਦੇਸ਼ ਆਏ। ਇੰਝ ਹੋਈ ਸੀ ਇਹ ਸ਼ੁਰੂਆਤ। ਜੋ ਬਾਦ ਵਿਚ ਵੀ ਜਾਰੀ ਰਹੀ ਤੇ ਉਨ੍ਹਾਂ ਦਾ ਵਡੇਰਾ ਪਰਿਵਾਰ ਬੜੀ ਧੂਮ-ਧਾਮ ਨਾਲ ਮਨਾਉਂਦਾ ਰਿਹਾ। ਬਾਬਾ ਜੀ ਦੇ ਸਨੇਹੀਆਂ ਦੀ ਕਾਮਨਾ ਮੁਤਾਬਿਕ ਬਾਬਾ ਜੀ 102 ਸਾਲ ਦੀ ਵਿਸ਼ਾਲ ਜ਼ਿੰਦਗੀ ਜੀਵ ਕੇ ਇਸ ਸੰਸਾਰ ਤੋਂ ਗਏ। ਸੁਰਿੰਦਰ ਕੁਮਾਰੀ ਕੋਛੜ ਨੂਰਮਹਿਲ ਵਾਲੇ ਕਾਮਰੇਡ ਗੰਧਰਵ ਸੇਨ ਕੋਛੜ ਦੀ ਲੜਕੀ ਆ, ਬਾਬਾ ਭਗਤ ਸਿੰਘ ਬਿਲਗਾ ਤੇ ਕਾਮਰੇਡ ਗੰਧਰਵ ਸੇਨ ਕੋਛੜ ਜਿੱਥੇ ਸਿਆਸੀ ਤੌਰ ਤੇ ਸਨੇਹ ਰੱਖਦੇ ਸਨ, ਉੱਥੇ ਭਰਾਵਾਂ ਵਾਲਾ ਨਿੱਘ ਵੀ ਰੱਖਦੇ ਸਨ।

ਕਾਮਰੇਡ ਕਰਤਾਰ ਸਿੰਘ ਟਰੱਸਟ ਦੀ ਜ਼ਮੀਨ ਵਿਚ ਹਸਪਤਾਲ ਬਣਾਉਣ ਲਈ ਬਾਬਾ ਭਗਤ ਸਿੰਘ ਬਿਲਗਾ ਜੀ ਨੇ ਪੰਜਾਬ ਵਿਚ ਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਪਰੇਰ ਕੇ ਬਿਲਗੇ ਵਿਚ ਇੱਕ ਬਹੁਤ ਹੀ ਵਿਸ਼ਾਲ ਬਿਲਡਿੰਗ ਸ਼ੁਰੂ ਕੀਤੀ, ਜੋ ਹੁਣ ਬਣ ਕੇ ਤਿਆਰ ਹੋ ਚੁੱਕੀ ਹੈ। ਲੋਕਾਂ ਨੂੰ ਵੱਡੇ ਹਸਪਤਾਲਾਂ ਵਾਲੀਆਂ ਸਹੂਲਤਾਂ ਮਿਲਣ ਦੀ ਸੰਭਾਵਨਾ ਹੈ। ਜਦੋਂ ਬਾਬਾ ਜੀ ਨੇ ਇਸ ਪ੍ਰਜੈਕਟ ਨੂੰ ਹੱਥਾਂ ਵਿਚ ਲਿਆ ਤਾਂ ਉਹ ਇਕੱਲੇ-ਇਕੱਲੇ ਟਰੱਸਟੀ ਤੋਂ ਹਰ ਰੋਜ਼ ਰਿਪੋਰਟ ਮੰਗਦੇ ਤੇ ਨਾਲ-ਨਾਲ ਸਲਾਹਾਂ ਵੀ ਦਿੰਦੇ। ਜਿਸ ਤਰ੍ਹਾਂ ਇਸ ਕੰਮ ਨੂੰ ਬਾਬਾ ਜੀ ਸਿਰੇ ਚਾੜ੍ਹ ਰਹੇ ਸਨ, ਉਮਰ ਉਸ ਵਿਚ ਅੜਿਕਾ ਨਹੀਂ ਸੀ ਬਣਦੀ ਜਾਪਦੀ।

ਦੇਸ਼ ਦੀ ਆਜ਼ਾਦੀ ਦੇ ਲੇਖੇ ਲੱਗੇ ਸ਼ਹੀਦਾਂ ਨੂੰ ਦੇਸ਼ ਦੀਆਂ ਹਾਕਮ ਸਰਕਾਰਾਂ ਨੇ ਭੁਲਾਉਣ ਦੀ ਕੋਸ਼ਿਸ਼ ਕੀਤੀ। ਕੂਕਾ (ਨਾਮਧਾਰੀ) ਲਹਿਰ, ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੇ ਸ਼ਹੀਦ, ਬੱਬਰ ਅਕਾਲੀ ਲਹਿਰ, ਨੇਵੀ ਦੀ ਬਗ਼ਾਵਤ ਇਹ ਆਦਿ ਲਹਿਰਾਂ ਨੂੰ ਹਾਕਮ ਧਿਰਾਂ ਦੇਸ਼ ਭਗਤ ਮੰਨਣ ਨੂੰ ਤਿਆਰ ਨਹੀਂ ਸੀ। ਇਸਦੀ ਹੱਦ ਤਾਂ ਉਦੋਂ ਹੋ ਗਈ ਜਦੋਂ ਜਲ੍ਹਿਆਂ ਵਾਲੇ ਬਾਗ਼ ਨੂੰ ਐਸ਼ ਪ੍ਰਸਤੀ ਦੀ ਸੈਰਗਾਹ ਬਣਾਉਣ ਲਈ ਆਰਕੈਸਟਰਾ ਦੀ ਸਟੇਜ ਸਥਾਪਤ ਕਰ ਦਿੱਤੀ। ਬਾਬਾ ਬਿਲਗਾ ਜੀ ਇਸ ਘਟਨਾ ਤੋਂ ਬੜੇ ਦੁਖੀ ਹੋਏ। ਬਾਬਾ ਜੀ ਦੀ ਇਸ ਮਨੋਦਿਸ਼ਾ ਨੂੰ ਦੇਖਕੇ ਪੰਜਾਬ ਦੇ ਵਿਦਿਆਰਥੀਆਂ ਤੇ ਨੌਜਵਾਨਾਂ ਨੇ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦੀ ਅਗਵਾਈ ਵਿਚ ਉਸ ਸਟੇਜ ਨੂੰ ਤਹਿਸ-ਨਹਿਸ ਕਰ ਦਿੱਤਾ ਤਾਂ ਬਾਬਾ ਜੀ ਨੇ ਗ਼ਦਰੀ ਬਾਬਿਆਂ ਦੇ ਮੇਲੇ ਦੀ ਸਟੇਜ ਤੋਂ ਹਾਕਮਾਂ ਨੂੰ ਲਲਕਾਰ ਕੇ ਕਿਹਾ -

*ਬਲਤਾ ਹੁਆ ਚਰਾਗ ਹੂੰ, ਬੁਝਾ ਚਾਹਤਾ ਹੂੰ*
*ਪਤਾ ਨਹੀਂ ਕਿਸ ਮੋੜ ਪੇ ਇੰਤਕਾਲ ਹੋ ਜਾਏ।*

ਮੇਰੇ ਦੇਸ਼ ਦੀ ਆਜ਼ਾਦੀ ਲਈ ਜਿਨ੍ਹਾਂ-ਜਿਨ੍ਹਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ, ਉਨ੍ਹਾਂ ਨੂੰ ਭੁੱਲ ਜਾਈਏ ਹਰਗਿਜ਼ ਬਰਦਾਸ਼ਤ ਨਹੀਂ ਹੋਏਗਾ। ਇਸ ਲਈ ਜੋ ਵੀ ਕੀਮਤ ਤਾਰਨੀ ਪਵੇ ਪਿੱਛੇ ਨਹੀਂ ਹਟਾਂਗੇ।

***

ਬਾਬਾ ਭਗਤ ਸਿੰਘ ਬਿਲਗਾ ਜੀ ਦਾ ਜਨਮ ਪਹਿਲੀ ਅਤੇ ਦੋ ਅਪ੍ਰੈਲ ਦੀ ਵਿਚਕਾਰਲੀ ਰਾਤ ਨੂੰ ਨੰਬਰਦਾਰ ਹੀਰਾ ਸਿੰਘ ਦੇ ਘਰ ਮਾਤਾ ਮਾਲਣ ਦੀ ਕੁੱਖੋਂ 1907 ਨੂੰ ਹੋਇਆ। ਇਸ ਲਈ ਬਾਬਾ ਜੀ ਆਪਣੀ ਜਨਮ ਤਾਰੀਖ 2 ਅਪ੍ਰੈਲ ਹੀ ਮੰਨਦੇ ਸਨ। ਭਗਤ ਸਿੰਘ ਹਾਲੇ ਦੋ ਕੁ ਸਾਲ ਦੇ ਹੀ ਹੋਏ ਸਨ ਕਿ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਬਾਬਾ ਜੀ ਦੱਸਦੇ ਹੁੰਦੇ ਸਨ ਕਿ ਅਸੀਂ ਚਾਰ ਭੈਣ-ਭਾਈ ਸਾਂ। ਦੋ ਭੈਣਾਂ ਉਨ੍ਹਾਂ ਤੋਂ ਵੱਡੀਆਂ, ਭਗਤ ਸਿੰਘ ਤੋਂ ਵੱਡਾ

ਰਾਮਬਖਸ਼। ਮਾਂ ਨੇ ਛੋਟੇ ਛੋਟੇ ਬੱਚਿਆਂ ਵਾਲੇ ਪਰਿਵਾਰ ਨੂੰ ਪਾਲਣ ਲਈ ਬੜੇ ਕਸ਼ਟ ਝੱਲੇ। ਪਿਤਾ ਦੀ ਮੌਤ ਤੋਂ ਬਾਅਦ ਆਂਢੀਆਂ-ਗੁਆਂਢੀਆਂ ਨੇ ਹੀ ਮਾਂ ਨੂੰ ਬੜਾ ਹੌਸਲਾ ਦਿੱਤਾ, ਪਰਿਵਾਰ ਦੇ ਛੋਟੇ-ਛੋਟੇ ਬਾਲਾਂ ਨੂੰ ਸੰਭਾਲਿਆ ਤੇ ਮਾਂ ਨੂੰ ਵੀ ਸਦਮੇ 'ਚੋਂ ਕੱਢ ਲਿਆ।

ਬਿਪਤਾ ਹੋਰ ਆਣ ਬਣੀ। ਇੱਕ ਸੂਦਖੋਰ ਬਾਣੀਏ ਨੇ ਉਨ੍ਹਾਂ ਉੱਤੇ ਮੁਕੱਦਮਾ ਕਰ ਦਿੱਤਾ। ਉਸ ਵੇਲੇ ਸੂਦਖੋਰ ਬਾਣੀਏ ਆਪੇ ਈ ਆਪਣੀਆਂ ਬਹੀਆਂ ਵਿਚ ਜੋ ਲਿਖ ਲੈਂਦੇ, ਸਰਕਾਰ ਤੇ ਅਦਾਲਤ ਉਸੇ ਨੂੰ ਹੀ ਸੱਚ ਮੰਨ ਲੈਂਦੀਆਂ ਸਨ। ਤਾਰੀਖਾਂ ਜਲੰਧਰ ਪੈਣ ਲੱਗੀਆਂ। ਮਾਤਾ ਮਾਲਣ ਨੇ ਕੁੜੀਆਂ ਨੂੰ ਗੁਆਂਢਣਾਂ ਦੇ ਛੱਡ ਭਗਤ ਸਿੰਘ ਤੇ ਉਸਤੋਂ ਵੱਡੇ ਰਾਮਬਖਸ਼ ਨੂੰ ਸਵੇਰੇ ਸੁਵੱਖਤੇ ਉਂਗਲ ਲਾ ਬਾਬਲਕਿਆਂ ਦੇ ਰੇਲਵੇ ਸਟੇਸ਼ਨ ਤੋਂ ਗੱਡੀ ਫੜਨੀ ਤੇ ਜਲੰਧਰ ਅੱਪੜ ਜਾਣਾ। ਭਗਤ ਸਿੰਘ ਨੂੰ ਕੁੱਛੜ ਚੁੱਕ ਤੇ ਰਾਮਬਖਸ਼ ਨੂੰ ਉਂਗਲ ਲਾ ਕਚਹਿਰੀਆਂ ਜਾ ਤਾਰੀਖ ਭੁਗਤਣੀ। ਕੁਝ ਇੱਕ ਤਾਰੀਖਾਂ ਇੰਦਾਂ ਪਈਆਂ ਤਾਂ ਇੱਕ ਤਾਰੀਖ 'ਤੇ ਅੰਗਰੇਜ਼ ਜੱਜ ਆਖਣ ਲੱਗਾ ਕਿ ਬੀਬੀ ਟੁਮ ਨੀਕੇ-ਨੀਕੇ ਬੱਚੋਂ ਕੋ ਕੈਸੇ ਲੇ ਕੇ ਆਈ ਹੋ। ਤਾਂ ਮਾਂ ਨੇ ਕਿਹਾ ਜਨਾਬ ਸਾਡੇ ਕਿਸੇ ਨੇ ਕਰਜ਼ਾ ਲਿਆ ਜਾ ਨਹੀਂ, ਮੈਨੂੰ ਤਾਂ ਪਤਾ ਨਹੀਂ, ਪਰ ਇਸ ਭਾਈ ਨੇ ਸਾਡੇ 'ਤੇ ਮੁਕੱਦਮਾ ਕਰ ਦਿੱਤਾ, ਇਨ੍ਹਾਂ ਬੱਚਿਆਂ ਦੇ ਬਾਪ ਦੀ ਮੌਤ ਹੋ ਚੁੱਕੀ ਆ। ਇਹ ਸੁਣ ਜੱਜ ਨੇ ਮੁਕੱਦਮਾ ਖਾਰਜ ਕਰ ਦਿੱਤਾ।

ਇਹ ਹਾਲੇ ਮੁੱਕਿਆ ਹੀ ਸੀ ਕਿ ਇਲਾਕੇ ਵਿਚ ਪਲੇਗ ਫੈਲ ਗਈ। ਪਿੰਡ ਬਿਲਗੇ ਵੀ ਇਸਨੇ ਕਹਿਰ ਮਚਾਉਣਾ ਸ਼ੁਰੂ ਕਰ ਦਿੱਤਾ। ਬਿਮਾਰੀ ਬੜੀ ਖਤਰਨਾਕ ਸੀ। ਇਹ ਜਿਸ ਨੂੰ ਵੀ ਹੁੰਦੀ ਬੱਸ ਦੋ ਚਾਰ ਦਿਨਾਂ 'ਚ ਹੀ ਬੰਦਾ ਤੁਰਦਾ ਲੱਗਦਾ। ਹਰ ਰੋਜ਼ ਮੌਤਾਂ ਹੁੰਦੀਆਂ। ਆਲੇ-ਦੁਆਲੇ ਦੇ ਰਿਸ਼ਤੇਦਾਰ ਆਪਣੇ-ਆਪਣੇ ਰਿਸ਼ਤੇਦਾਰਾਂ ਦੇ ਬੱਚਿਆਂ ਨੂੰ ਇਸ ਬਿਮਾਰੀ ਤੋਂ ਬਚਾਉਣ ਲਈ ਦੂਰ-ਦੂਰ ਆਪਣੇ-ਆਪਣੇ ਪਿੰਡਾਂ ਨੂੰ ਲਿਜਾ ਰਹੇ ਸਨ। ਭਗਤ ਸਿੰਘ ਦੀਆਂ ਭੈਣਾਂ ਨੂੰ ਇੱਕ ਰਿਸ਼ਤੇਦਾਰ ਲੈ ਗਿਆ, ਰਾਮਬਖਸ਼ ਨੂੰ ਇੱਕ ਹੋਰ ਰਿਸ਼ਤੇਦਾਰ, ਭਗਤ ਸਿੰਘ ਨੂੰ ਉਸਦਾ ਮਾਸੜ ਅਜੀਤਵਾਲ (ਮੋਗਾ) ਲੈ ਗਿਆ। ਜਿਹੜੀ ਮਾਂ ਆਪਣੇ ਬੱਚਿਆਂ ਦਾ ਇੱਕ ਪਲ ਵੀ ਵਸਾਹ ਨਹੀਂ ਸੀ ਕਰਦੀ, ਫੇਰ ਇਕੱਲੀ ਰਹਿ ਗਈ। ਕੁਦਰਤ ਦਾ ਵੀ ਅਜੀਬ ਤਕਾਜ਼ਾ, ਜਿਸ ਬਿਮਾਰੀ ਤੋਂ ਬਚਾਅ ਲਈ ਭਗਤ ਸਿੰਘ ਨੂੰ ਮਾਸੀ ਕੋਲ ਭੇਜਿਆ, ਉਹੀ ਮਾਸੀ ਇਸ ਬਿਮਾਰੀ ਦੀ ਲਪੇਟ ਵਿਚ ਆ ਗਈ ਤੇ ਕੁਝ ਦਿਨਾਂ ਵਿਚ ਹੀ ਚੱਲ ਵਸੀ। ਹੁਣ ਭਗਤ ਸਿੰਘ ਵੀ ਇਸ ਬਿਮਾਰੀ ਦੀ ਲਪੇਟ ਵਿਚ ਆ ਚੁੱਕਾ ਸੀ। ਓਹੋ ਜਿਹਾ ਫੋੜਾ ਨਿਕਲ ਆਇਆ, ਪਿੰਡ ਵਿਚ ਹਫੜਾ-ਦਫੜੀ ਮੱਚ ਗਈ, ਪਰ ਫੋੜਾ ਫਿਸ ਗਿਆ, ਕੁਝ ਸਾਫ਼-ਸਫਾਈ ਦੇ ਖਿਆਲ ਨਾਲ, ਬਿਮਾਰੀ ਅੱਗੇ ਫੈਲਣ ਤੋਂ ਰੁਕ ਗਈ ਤੇ ਭਗਤ ਸਿੰਘ ਬਿਲਗਾ ਵੀ ਬਚ ਗਿਆ।

ਪਿੰਡ ਬਿਲਗੇ ਦੇ ਹਾਲਾਤ ਕੁਝ ਠੀਕ ਹੋਣ ਨਾਲ, ਦੋਨੋ ਭੈਣਾਂ ਨੇ ਆ ਕੇ ਮਾਂ ਦਾ ਕੰਮਕਾਰ ਵਿਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ। ਰਾਮਬਖਸ਼ ਸਕੂਲ ਜਾਣ ਲੱਗ ਪਿਆ। ਜਦੋਂ ਮਾਂ ਭਗਤ ਸਿੰਘ ਨੂੰ ਲੈਣ ਗਈ ਤਾਂ ਉਸਦੇ ਮਾਸੜ ਨੇ ਉਸਨੂੰ ਨਾ ਆਉਣ ਦਿੱਤਾ ਸਗੋਂ ਆਪਣੇ ਲੜਕੇ ਨੂੰ ਉਸ ਨਾਲ ਤੋਰ ਦਿੱਤਾ। ਹੁਣ ਭਗਤ ਸਿੰਘ ਇਕੱਲਾ ਰਹਿ ਗਿਆ, ਘਰ ਵਿਚ ਤਿੰਨ ਹੀ ਜੀਅ ਸਨ। ਨਾਨੀ, ਭਗਤ ਸਿੰਘ ਤੇ ਮਾਸੜ। ਨਾਨੇ ਦੀ ਮੌਤ ਮਗਰੋਂ ਨਾਨੀ ਆਪਣੀ ਧੀ ਕੋਲ ਅਜੀਤਵਾਲ ਆ ਕੇ ਰਹਿਣ ਲੱਗ ਪਈ ਸੀ। ਭਗਤ ਸਿੰਘ ਜਿੰਦਾਂ-ਜਿੰਦਾਂ ਵੱਡਾ ਹੋ ਰਿਹਾ

ਸੀ, ਓਦਾਂ-ਓਦਾਂ ਮਾਸੜ ਦੇ ਕੰਮਾਂ ਵਿਚ ਹੱਥ ਵਟਾ ਰਿਹਾ ਸੀ। ਜਦੋਂ ਭਗਤ ਸਿੰਘ 5-6 ਸਾਲਾਂ ਤੱਕ ਅੱਪੜਿਆ ਤਾਂ ਮਾਸੜ ਨੇ ਉਸਨੂੰ ਮੱਝਾਂ ਦਾ ਪਾਲੀ ਬਣਾ ਦਿੱਤਾ। ਭਗਤ ਸਿੰਘ ਮੱਝਾਂ ਚਾਰਦਾ-ਚਾਰਦਾ ਪਿੰਡ ਦੇ ਬਾਹਰਵਾਰ ਛੱਪੜ ਕੰਢੇ ਬਣੇ ਗੁਰਦੁਆਰੇ 'ਚ, ਭਾਈ ਵੱਲੋਂ ਪਿੰਡ ਦੇ ਕੁਝ ਜੁਆਕਾਂ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਤੇ ਪੜ੍ਹਾਈ ਕਰਾਈ ਜਾਂਦੀ ਨੂੰ ਦੂਰੋਂ ਬੜੀ ਨੀਝ ਨਾਲ ਦੇਖਦਾ। ਉਸਦਾ ਆਪਣਾ ਜੀਅ ਕਰੇ ਕਿ ਮੈਂ ਵੀ ਉਨ੍ਹਾਂ ਵਿਚ ਜਾ ਰਲ੍ਹਾਂ। ਇੱਕ ਦਿਨ ਭਾਈ ਜੀ ਦੀ ਨਿਗ੍ਹਾ ਪੈ ਗਿਆ। ਉਸਨੇ ਭਗਤ ਸਿੰਘ ਨੂੰ ਬੜੇ ਪਿਆਰ ਨਾਲ ਆਪਣੇ ਕੋਲ ਬੁਲਾਇਆ ਤੇ ਪੁੱਛਿਆ ਤੂੰ ਗੁਰਮੁਖੀ ਸਿੱਖੇਂਗਾ ਤਾਂ ਭਗਤ ਸਿੰਘ ਨੇ ਹਾਂ ਵਿਚ ਸਿਰ ਹਿਲਾਇਆ। ਭਾਈ ਜੀ ਨੇ ਉਸੇ ਵੇਲੇ ਧਰਤੀ 'ਤੇ ੳ ਅ ੲਕਰ ਦਿੱਤਾ ਤੇ ਭਗਤ ਸਿੰਘ ਨੂੰ ਉਸੇ ਤਰ੍ਹਾਂ ਧਰਤੀ ਤੇ ਲਿਖਣ ਲਈ ਕਿਹਾ। ਭਗਤ ਸਿੰਘ ਨੇ ਉਸਨੂੰ ਦੇਖਕੇ ਉਸੇ ਤਰ੍ਹਾਂ ਧਰਤੀ 'ਤੇ ਉਤਾਰ ਦਿੱਤਾ। ਹੁਣ ਭਗਤ ਸਿੰਘ ਗੁਰਮੁਖੀ ਦਾ ਵਿਦਿਆਰਥੀ ਬਣ ਗਿਆ। ਭਗਤ ਸਿੰਘ ਦੀ ਲਗਨ ਤੇ ਉਸ ਵੱਲੋਂ ਗੁਰਮੁਖੀ ਦੇ ਬਾਲ-ਵਰੇਸ ਦੇ ਪਾਠ ਜਲਦੀ ਲਿਖਣ ਤੇ ਪੜ੍ਹਨ ਦੀ ਮੁਹਾਰਤ ਕਰਕੇ ਭਾਈ ਜੀ ਨੇ ਭਗਤ ਸਿੰਘ ਦੀ ਨਾਨੀ ਨੂੰ ਕਿਹਾ ਬੀਬੀ ਤੁਹਾਡਾ ਜੁਆਕੜਾ ਬੜਾ ਚੁਸਤ ਹੈ, ਇਸਨੂੰ ਕਿਸੇ ਮਦਰੱਸੇ ਪੜ੍ਹਨੇ ਪਾ ਦਿਓ ਤਾਂ ਚੰਗਾ। ਇਸ ਤਰ੍ਹਾਂ ਭਗਤ ਸਿੰਘ ਸਕੂਲੀ ਪੜ੍ਹਾਈ ਹਾਸਲ ਕਰਨ ਤੱਕ ਅੱਪੜ ਗਿਆ, ਚੌਥੀ ਜਮਾਤ ਤੱਕ ਉੱਥੇ ਪੜ੍ਹਾਈ ਕਰਕੇ, ਅਗਲੇਰੀ ਪੜ੍ਹਾਈ ਲਈ ਅੱਠਵੀਂ ਤੱਕ ਚੂਹੜ ਚੱਕ ਤੋਂ ਅੱਗੇ ਲੁਧਿਆਣੇ ਜਾ ਦਾਖਲਾ ਲਿਆ।

ਪਿੰਡਾਂ ਅਤੇ ਸ਼ਹਿਰਾਂ ਦੇ ਸਕੂਲਾਂ ਦੇ ਵਾਤਾਵਰਣ ਦਾ ਕਾਫੀ ਅੰਤਰ ਹੁੰਦਾ ਹੈ। ਉੱਥੇ ਪਿੰਡਾਂ ਤੇ ਸ਼ਹਿਰਾਂ ਤੋਂ ਅਮੀਰਾਂ ਤੇ ਦਰਮਿਆਨੇ ਤਬਕੇ 'ਚੋਂ ਵਿਦਿਆਰਥੀ ਆਉਂਦੇ ਸਨ। ਉਨ੍ਹਾਂ ਦੇ ਸਮਝ ਗਿਆਨ ਦਾ ਅੰਤਰ ਵੀ ਹੁੰਦਾ ਹੈ। ਰਹਿਣ-ਸਹਿਣ ਵਿਚ ਵੀ, ਖਾਣ-ਪੀਣ ਦੀ ਵਿਧਾ, ਵੱਖਰੀ ਬੋਲਚਾਲ ਦਾ ਵਖਰੇਵਾਂ ਹੁੰਦਾ ਹੈ ਪਰ ਇਕੱਠਿਆਂ ਵਿਚਰਣ ਨਾਲ ਇਹ ਦੂਰੀਆਂ ਘਟ ਜਾਂਦੀਆਂ ਹਨ। ਅਦਾਨ-ਪ੍ਰਦਾਨ ਹੁੰਦਾ ਹੈ, ਗਿਆਨ 'ਚ ਵਾਧਾ ਹੁੰਦਾ ਹੈ, ਸੋਚ ਬਦਲਦੀ ਹੈ। ਭਗਤ ਸਿੰਘ ਬਿਲਗਾ ਵੀ ਹੁਣ ਇਸ ਪੜਾਅ ਵਿਚੋਂ ਗੁਜ਼ਰ ਰਿਹਾ ਸੀ। ਦਸਵੀਂ ਦੀ ਪੜ੍ਹਾਈ ਤਾਈਂ ਅੱਪੜਦਿਆਂ ਭਗਤ ਸਿੰਘ ਨੂੰ ਘਰ ਦੀ ਹਾਲਤ ਬਿਹਤਰ ਬਣਾਉਣ ਦੀ ਚੇਟਕ ਲੱਗ ਚੁੱਕੀ ਸੀ। ਇਸਦਾ ਹੱਲ ਉਹ ਵਿਦੇਸ਼ ਵਿਚ ਜਾ ਕੇ ਮਿਹਨਤ-ਮਜ਼ਦੂਰੀ ਕਰਨ ਨੂੰ ਸਮਝਦਾ ਸੀ। ਭਗਤ ਸਿੰਘ ਗਭਰੇਟ ਹੋ ਚੁੱਕਿਆ ਸੀ ਤੇ ਆਪਣੇ ਫੈਸਲੇ ਆਪ ਲੈਣ ਦੇ ਸਮਰੱਥ ਹੋ ਚੁੱਕਿਆ ਸੀ। ਉਨ੍ਹਾਂ ਨੂੰ ਸਾਕਾਰ ਕਰਨ ਲਈ ਘਰ-ਪਰਿਵਾਰ ਦੇ ਸਹਿਯੋਗ ਦੀ ਲੋੜ ਸੀ। ਮਾਂ ਅੱਗੇ ਸਵਾਲ ਪਾਇਆ ਤਾਂ ਮਾਂ ਨੇ ਭਗਤ ਸਿੰਘ ਦੇ ਵੱਡੇ ਭਾਈ ਤੇ ਹੋਰ ਰਿਸ਼ਤੇਦਾਰਾਂ ਨਾਲ ਸਲਾਹ ਮਸ਼ਵਰਾ ਕਰ, ਭਗਤ ਸਿੰਘ ਨੂੰ ਪ੍ਰਦੇਸ ਜਾਣ ਦੀ ਆਗਿਆ ਦੇ ਦਿੱਤੀ। ਭਗਤ ਸਿੰਘ ਨੇ ਲੋੜ ਅਨੁਸਾਰ ਕੱਪੜਾ-ਲੱਤਾ ਲੈ, ਕੁਝ ਖਾਣ-ਪੀਣ ਦੀਆਂ ਵਸਤਾਂ ਪਾ, ਖਰਚ-ਪੱਠਾ ਪੱਲੇ ਬੰਨ੍ਹ ਸਫ਼ਰ ਦੀ ਤਿਆਰੀ ਕਰ ਲਈ। ਰਿਸ਼ਤੇਦਾਰਾਂ, ਮਿੱਤਰਾਂ-ਬੇਲੀਆਂ ਨੂੰ ਅਲਵਿਦਾ ਆਖ, ਆਪਣੇ ਪਿੰਡ ਦੇ ਸਾਥੀ ਜਵਾਲਾ ਸਿੰਘ ਨੂੰ ਨਾਲ ਲੈ ਚਾਲੇ ਪਾ ਦਿੱਤੇ। ਰਸਤੇ ਦੀਆਂ ਕਠਨਾਈਆਂ ਨੂੰ ਸਰ ਕਰਦੇ-ਕਰਦੇ ਨੇਪਾਲ, ਚੀਨ ਤੋਂ ਰੂਸ ਅੱਪੜ ਗਏ। ਉਥੇ ਕੁਝ ਸਮੇਂ ਦੇ ਠਹਿਰਾਓ ਮਗਰੋਂ ਸਮੁੰਦਰੀ ਜਹਾਜ਼ ਰਾਹੀਂ ਮਹੀਨੇ ਭਰ 'ਚ ਅਰਜਨਟਾਇਨਾ ਪਹੁੰਚ ਗਏ। ਭਗਤ ਸਿੰਘ ਬਿਲਗਾ ਜੀ ਦੱਸਦੇ ਹੁੰਦੇ ਸਨ ਕਿ ਜਦੋਂ ਸਮੁੰਦਰੀ ਜਹਾਜ ਹਾਲੇ ਸਮੁੰਦਰ ਵਿਚ ਕਾਫੀ ਦੂਰ ਸੀ ਤਾਂ ਉਨ੍ਹਾਂ

ਨੂੰ ਮਿੱਠੇ ਦੀ ਖ਼ੁਸ਼ਬੂ ਆਉਣ ਲੱਗ ਪਈ ਸੀ, ਉਸ ਮੁਲਕ ਵਿਚ ਉਸ ਜਮਾਨੇ 'ਚ ਖੰਡ ਦੀਆਂ ਵੱਡੀਆਂ-ਵੱਡੀਆਂ ਮਿੱਲਾਂ ਲੱਗੀਆਂ ਹੋਈਆਂ ਸਨ।

ਇਸ ਸਫ਼ਰ ਦੌਰਾਨ ਇੱਕ ਹੋਰ ਭਗਤ ਸਿੰਘ ਜਿਸਦਾ ਪਿਛਲਾ ਪਿੰਡ ਖਟਕੜ ਕਲਾਂ (ਉਦੋਂ ਜਿਲਾ ਜਲੰਧਰ, ਹੁਣ ਸ਼ਹੀਦ ਭਗਤ ਸਿੰਘ ਨਗਰ) ਜਿਸਦਾ ਜਨਮ ਵੀ 1907 'ਚ ਹੋਇਆ ਸੀ, ਭਗਤ ਸਿੰਘ ਬਿਲਗੇ ਤੋਂ 5-6 ਮਹੀਨੇ ਛੋਟਾ ਸੀ, ਦੇ ਚਾਚਾ ਜੀ ਸ. ਅਜੀਤ ਸਿੰਘ ਜੋ ਦੇਸ਼ਭਗਤੀ ਦੇ ਰੰਗ ਵਿਚ ਰੰਗੇ ਹੋਏ ਸਨ, ਵੀ ਸਬੱਬੀਂ ਇਸੇ ਜਹਾਜ਼ 'ਚ ਸਫ਼ਰ ਕਰ ਰਹੇ ਸਨ।

ਉਨ੍ਹਾਂ ਦਿਨਾਂ ਵਿਚ ਹੀ ਪਹਿਲੇ ਦੌਰ ਦੇ ਗ਼ਦਰੀਆਂ ਦੀਆਂ ਕੁਰਬਾਨੀਆਂ ਦਾ ਸਮਾਂ ਹਾਲੇ ਤਾਜ਼ਾ ਤਾਜ਼ਾ ਹੋ ਕੇ ਹਟਿਆ ਹੀ ਸੀ। 1919 ਦਾ ਸਾਕਾ ਵਾਪਰ ਗਿਆ ਸੀ। ਬੱਬਰ ਅਕਾਲੀ ਕੁਰਬਾਨੀਆਂ ਕਰ ਚੁੱਕੇ ਸਨ। ਰੂਸ ਵਿਚ ਕ੍ਰਾਂਤੀ ਆ ਗਈ ਸੀ। ਲੋਕ ਅੰਗਰੇਜ਼ ਸਾਮਰਾਜ ਦੇ ਖਿਲਾਫ਼ ਹੋ ਰਹੇ ਸਨ। ਭਗਤ ਸਿੰਘ ਬਿਲਗਾ ਜੀ ਦੱਸਦੇ ਹੁੰਦੇ ਸਨ ਕਿ ਅਸੀਂ ਉਦੋਂ ਹਾਲੇ ਅਰਜਨਟਾਇਨਾ ਵਿਚ ਹੀ ਸਾਂ ਜਦੋਂ ਸਰਦਾਰ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ। ਉਦੋਂ ਵਿਦੇਸ਼ਾਂ ਵਿਚ ਜਿੱਥੇ-ਜਿੱਥੇ ਵੀ ਭਾਰਤੀ ਜਾਂ ਖਾਸ ਕਰਕੇ ਪੰਜਾਬੀ ਗਏ ਹੋਏ ਸਨ, ਉਨ੍ਹਾਂ ਨੇ ਥਾਂ ਪੁਰ ਥਾਂ ਇਸਦੇ ਖਿਲਾਫ਼ ਵਿਰੋਧ ਪ੍ਰਗਟ ਕੀਤਾ। ਇਨ੍ਹਾਂ ਘਟਨਾਵਾਂ ਦਾ ਨੌਜਵਾਨ ਭਗਤ ਸਿੰਘ ਬਿਲਗਾ ਦੇ ਸੰਵੇਦਨਸ਼ੀਲ ਮਨ ਤੇ ਬੜਾ ਅਸਰ ਹੋ ਰਿਹਾ ਸੀ। ਇੱਕ ਦਿਨ ਅਚਾਨਕ ਹੀ ਭਾਈ ਰਤਨ ਸਿੰਘ ਰਾਏਪੁਰ ਡੱਬਾ, ਜੋ ਗ਼ਦਰੀਆਂ ਦੀ ਪਹਿਲੀ ਕਤਾਰ ਦੇ ਆਗੂਆਂ ਵਿਚੋਂ ਇੱਕ ਸਨ, ਨਾਲ ਮੁਲਾਕਾਤ ਹੋਈ। ਉਨ੍ਹਾਂ ਨੇ ਸਮਝਾਇਆ ਕਿ ਨਰਕਾਂ ਭਰੀ ਜ਼ਿੰਦਗੀ ਸੌ ਸਾਲ ਜੀਣ ਨਾਲੋਂ ਮਾਣ-ਸਨਮਾਨ ਦਾ ਇੱਕ ਪਲ ਜੀਣਾ ਸੌ ਦਰਜੇ ਚੰਗਾ ਹੈ। ਇਸ ਨਿਸ਼ਾਨੇ ਨੂੰ ਪੂਰਾ ਕਰਨ ਲਈ ਦੇਸ਼ ਵਿਚੋਂ ਵਿਦੇਸ਼ੀ ਜਰਵਾਨਿਆਂ ਨੂੰ ਕੱਢਣ ਦੀ ਲੋੜ ਹੈ। ਇਸ ਲਈ ਸਿਪਾਹੀਆਂ ਦੀ ਲੋੜ ਹੈ। ਮੈਂ ਤੁਹਾਨੂੰ ਸੱਦਾ ਦਿੰਦਾ ਹਾਂ, ਆਓ ਦੇਸ਼ ਦੀ ਆਜ਼ਾਦੀ ਲਈ ਮੈਦਾਨ ਵਿਚ ਨਿੱਤਰੋ, ਦੇਸ਼ ਕੁਰਬਾਨੀਆਂ ਮੰਗਦਾ ਹੈ। ਇਸ ਸੱਦੇ 'ਤੇ ਜਿੱਥੇ ਹੋਰ ਵੀ ਕਈਆਂ ਨੇ ਆਪਣੇ-ਆਪ ਨੂੰ ਪੇਸ਼ ਕੀਤਾ, ਉੱਥੇ ਭਗਤ ਸਿੰਘ ਬਿਲਗੇ ਨੇ ਵੀ ਆਪਣੇ-ਆਪ ਨੂੰ ਪੇਸ਼ ਕਰ ਦਿੱਤਾ।

ਭਾਈ ਰਤਨ ਸਿੰਘ ਰਾਏਪੁਰ ਡੱਬਾ ਨੇ ਰੂਸੀ ਕ੍ਰਾਂਤੀਕਾਰੀਆਂ ਨਾਲ ਸਬੰਧ ਸਥਾਪਿਤ ਕੀਤੇ ਹੋਏ ਸਨ। ਇਨ੍ਹਾਂ ਦੇਸ਼-ਪ੍ਰੇਮੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਸਿਆਣੇ ਕਰਨ ਲਈ ਸੋਵੀਅਤ ਸੰਘ ਭੇਜ ਦਿੱਤਾ ਜਿੱਥੇ ਇਨ੍ਹਾਂ ਨੂੰ ਵਿਗਿਆਨਕ ਸੋਚ, ਜੱਥੇਬੰਦਕ ਪਹੁੰਚ ਆਦਿ ਵਿਸ਼ਿਆਂ ਤੋਂ ਜਾਣੂ ਕਰਵਾਇਆ। ਟਰੇਨਿੰਗ ਪੂਰੀ ਹੋਣ 'ਤੇ, ਦੇਸ਼ ਹਿੱਤੂ, ਮਾਂ ਭਾਰਤ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਕੱਟਣ ਲਈ ਵਹੀਰਾਂ ਘੱਤ ਦੇਸ਼ ਵੱਲ ਆ ਗਏ, ਰਸਤੇ ਵਿਚ ਇਨਾਂ ਨੂੰ ਫੜਨ ਲਈ ਥਾਂ ਪੁਰ ਥਾਂ ਸੀ.ਆਈ.ਡੀ. ਨੇ ਜਾਲ ਵਿਛਾਏ ਹੋਏ ਸਨ। ਪਿੰਡਾਂ, ਘਰਾਂ 'ਤੇ ਨਜ਼ਰ ਰੱਖੀ ਜਾ ਰਹੀ ਸੀ। ਇਸ ਸਾਰੇ ਸਰਕਾਰੀ ਤੰਤਰ ਨੂੰ ਟਿੱਚ ਜਾਣ ਕੇ ਅੱਗੇ ਵਧਣਾ ਸੀ।

ਸਫ਼ਰ ਕਰਦੇ-ਕਰਦੇ, ਜਦੋਂ ਇੱਕ ਥਾਂ ਭਗਤ ਸਿੰਘ ਬਿਲਗੇ ਦੀ ਸ਼ਨਾਖ਼ਤ ਕਰਨ ਲਈ ਗੱਡੀ ਦੀ ਟਿਕਟ ਚੈੱਕ ਕੀਤੀ ਤਾਂ ਭਗਤ ਸਿੰਘ ਬਿਲਗੇ ਨੇ ਅਛੋਪਲੇ ਜਿਹੇ ਕਿਸੇ ਯਾਤਰੀ ਨਾਲ ਉਸਨੂੰ ਮਾਲੂਮ ਹੋਣ ਤੋਂ ਬਿਨਾਂ ਟਿਕਟ ਵਟਾ ਲਈ। ਇਸ ਤਰ੍ਹਾਂ ਬਚਾਅ ਤਾਂ ਹੋ ਗਿਆ ਤੇ ਅਗਲੇ ਸਟੇਸ਼ਨ ਤੇ ਉੱਤਰ ਕੇ ਕਿਸੇ ਹੋਰ ਗੱਡੀ ਰਾਹੀਂ ਆਪਣੀ ਮੰਜ਼ਿਲ ਤੈਅ ਕਰ ਭਗਤ ਸਿੰਘ

ਇੱਕ ਟਿਕਾਣੇ ’ਤੇ ਅੱਪੜ ਗਿਆ। ਇੱਥੇ ਉਹ ਭਗਤ ਸਿੰਘ ਤੋਂ ਸੰਤਾ ਸਿੰਘ ਬਣ ਗਿਆ। ਕੁਝ ਦਿਨਾਂ ਦੇ ਆਰਾਮ ਮਗਰੋਂ ਅਗਲੇ ਪੜਾਅ ਦੀ ਤਿਆਰੀ ਕਰ ਲਈ। ਬਹਾਨਾ ਕਲਕੱਤੇ ਜਾਣਾ ਘੜ ਲਿਆ। ਪ੍ਰਬੰਧਕਾਂ ਨੇ ਉਸਨੂੰ ਅੱਗੋਂ ਚੜ੍ਹਾਉਣ ਲਈ ਜਿਸ ਰੇਲਵੇ ਸਟੇਸ਼ਨ ’ਤੇ ਲਿਆਂਦਾ, ਉਥੋਂ ਭਗਤ ਸਿੰਘ ਦੇ ਘਰ ਦੀ ਦੂਰੀ ਮਸਾਂ ਦੋ ਕੁ ਫਰਲਾਂਗ ਸੀ। ਭਗਤ ਸਿੰਘ ਅਜਨਬੀਆਂ ਦੀ ਤਰ੍ਹਾਂ ਆਪਣੇ ਘਰ ਦੀਆਂ ਬਰੂਹਾਂ ’ਤੇ ਵਰ੍ਹਿਆਂ ਬਾਅਦ ਸਟੇਸ਼ਨ ਦੇ ਇੱਕ ਢੋਅ ਵਾਲੇ ਫੱਟੇ ’ਤੇ ਬੈਠ ਗਿਆ।

ਮਾਂ ਨੇ ਤਾਂ ਭਗਤ ਸਿੰਘ ਨੂੰ ਕਿਰਾਇਆ ਲਾ ਕੇ ਭੇਜਿਆ ਸੀ ਕਿ ਪੁੱਤ ਬਾਹਰੋਂ ਪੈਸਾ ਕਮਾ ਕੇ ਲਿਆਊਗਾ, ਘਰ ਦੀ ਗ਼ਰੀਬੀ ਦੂਰ ਹੋਊਗੀ, ਸੁੱਖ ਦਾ ਸਾਹ ਆਊਗਾ.... ਤੇ ਪੁੱਤ ਇਨਕਲਾਬ ਦੀ ਗੁੜ੍ਹਤੀ ਲੈ ਕੇ ਆ ਗਿਆ।

ਸਟੇਸ਼ਨ ’ਤੇ ਬੈਠਿਆਂ ਗੱਡੀ ਦੀ ਉਡੀਕ ਕਰਦਿਆਂ-ਕਰਦਿਆਂ, ਮਾਂ ਦੇ ਐਸੇ ਨਕਸ਼ ਉੱਭਰੇ, ਉਹ ਸੋਚ ਰਹੀ ਹੋਵੇਗੀ, ਮੇਰਾ ਪੁੱਤ ਪਤਾ ਨੀ ਕਿੱਦਾਂ ਔਖਾ ਹੋ-ਹੋ ਕੇ ਕੰਮ ਕਰਦਾ ਹੋਊਗਾ, ਰੋਟੀ ਕਦੋਂ ਖਾਂਦਾ ਹੋਊਗਾ, ਪ੍ਰਦੇਸਾਂ ਵਿਚ ਕੌਣ ਹੈ ਆਪਣਾ, ਦੁੱਖ ਸੁੱਖ ਵੇਲੇ ਉਹਨੂੰ ਮਾਂ ਦੀ ਕਿੱਦਾਂ ਯਾਦ ਆਉਂਦੀ ਹੋਊ, ਉਹ ਕਿਤੇ ਸਰੀਰਕ ਪੱਖੋਂ ਮਾੜਾ ਤਾਂ ਨਹੀਂ ਹੋ ਗਿਆ। ਤਰ੍ਹਾਂ-ਤਰ੍ਹਾਂ ਦੇ ਖਿਆਲਾਂ ਦੀ ਦਿਮਾਗ ਵਿਚ ਇੱਕ ਲੜੀ ਚੱਲਣ ਲੱਗੀ, ਗੱਡੀ ਦੀ ਉਡੀਕ ਹੋ ਰਹੀ ਸੀ। ਸੋਚਾਂ ਦੀ ਲੜੀ ਲੰਬੀ ਹੋ ਰਹੀ ਸੀ। ਇਸ ਅਵਸਥਾ ਵਿਚ ਆਪਣਾ ਆਪ ਭੁਲਾ ਮਨੁੱਖ ਦਾ ਡੂੰਘੀਆਂ ਸੋਚਾਂ ਵਿਚ ਲੀਨ ਹੋ ਜਾਣਾ ਸੁਭਾਵਿਕ ਹੈ। ਗੱਡੀ ਆਈ, ਚੜ੍ਹਾਉਣ ਆਏ ਸਾਥੀ ਨੇ ਜ਼ੋਰ ਨਾਲ ਹਿਲਾਇਆ, ਭਗਤ ਸਿੰਘ ਜਦੋਂ ਉਠ ਕੇ ਤੁਰਿਆ, ਜਿੱਥੇ ਉਹ ਵਿਦੇਸ਼ਾਂ ਤੋਂ ਹਜ਼ਾਰਾਂ-ਮੀਲਾਂ ਦਾ ਸਫ਼ਰ ਸੌਖਿਆਂ ਹੀ ਤੈਅ ਕਰ ਗਿਆ, ਉੱਥੇ ਫੱਟੇ ਤੋਂ ਉੱਠ ਕੇ ਗੱਡੀ ਤੱਕ ਦਾ ਸਫ਼ਰ ਹਜ਼ਾਰਾਂ ਮੀਲਾਂ ਤੋਂ ਵੀ ਕਠਿਨ ਸੀ। ਉਦੇਸ਼ਾਂ ਦੀ ਪੂਰਤੀ ਲਈ ਜਾਣਾ ਪਿਆ, ਇਸ ਮੋਹ ਦੇ ਭੂਤ ਨੇ ਕਈ ਦਿਨ ਪਿੱਛਾ ਕੀਤਾ, ਫੇਰ ਜਦੋਂ ਫੜੇ ਗਏ, ਉਦੋਂ ਵੀ ਲਾਹੌਰ ਦੇ ਕਿਲ੍ਹੇ ’ਚ ਮਾਂ ਦੀ ਮਮਤਾ ਅੰਦਰੋਂ ਹੌਸਲਾ ਦੇ ਰਹੀ ਸੀ।

***

# ਬਿਲਗਾ ਤੇ ਮੈਂ

–ਸਵਰਨ ਸਿੰਘ ਸਨੇਹੀ, ਐਮ. ਏ.

ਕਰੀਬ ਚਾਰ ਦਹਾਕਿਆਂ ਤੋਂ ਬਿਲਗਾ ਸ਼ਬਦ ਮੇਰੇ ਲਈ ਤਿੰਨ ਅਰਥਾ ਬਣ ਚੁੱਕਾ ਹੈ। ਜ਼ਿਲ੍ਹਾ ਜਲੰਧਰ ਦੀ ਫਿਲੌਰ ਤਹਿਸੀਲ ਦੇ ਵਡ-ਆਕਾਰੀ ਕਸਬਿਆਂ ਵਿੱਚੋਂ ਇਕ ਹੈ ਬਿਲਗਾ। ਇਹ ਪਿੰਡ ਕਿਸੇ ਸਮੇਂ ਬੜਾ ਉੱਨਤ ਤੇ ਵਪਾਰਕ ਕੇਂਦਰ ਰਿਹਾ ਸੀ। ਕੰਬਲ ਤੇ ਨਮਦਿਆਂ ਦੀ ਉਣਾਈ ਲਈ ਇਥੋਂ ਦੇ ਜੁਲਾਹੇ ਪ੍ਰਸਿੱਧ ਸਨ। ਮੁੰਜ ਦੇ ਰੱਸੇ ਵੀ ਇਥੇ ਵਟੇ ਜਾਂਦੇ ਸਨ। ਸਮੇਂ ਸਸਤੇ ਸਨ ਪਰ ਲੋਕ ਥੋੜ੍ਹੇ ਵਿਚ ਵੀ ਗੁਜ਼ਾਰਾ ਕਰ ਲੈਂਦੇ ਸਨ। ਡਿਸਟ੍ਰਿਕਟ ਗਜ਼ਟੀਅਰ ਅਨੁਸਾਰ ਇਨ੍ਹਾਂ ਬੁਣਕਰਾਂ ਦੀ ਅਨੁਮਾਨਤ ਆਮਦਨ 30 ਰੁਪਏ ਵਾਰਸ਼ਕ ਹੁੰਦੀ ਸੀ।[1] ਬਿਲਗਾ ਜੀ ਦੱਸਿਆ ਕਰਦੇ ਕਿ ਬਿਲਗੇ ਦੇ ਘੁਮਿਆਰ ਇਧਰੋਂ ਆਪਣੇ ਖੋਤਿਆਂ ਅਤੇ ਖੱਚਰਾਂ ਉੱਪਰ ਮਾਲ ਲੱਦ ਕੇ ਤਿਬਤ ਚੀਨ ਤਕ ਲੈ ਜਾਂਦੇ ਤੇ ਉਧਰੋਂ ਲੋੜੀਂਦੀਆਂ ਵਸਤਾਂ ਇਧਰ ਲੈ ਆਉਂਦੇ। ਇਸ ਤਰ੍ਹਾਂ ਦੁਵੱਲਾ ਵਪਾਰ ਚਲਦਾ ਰਹਿੰਦਾ ਸੀ।

ਬਿਲਗਾ ਦਾ ਸਿੱਖ ਇਤਿਹਾਸ ਵਿਚ ਵੀ ਸਥਾਨ ਤਾਂ ਬਹੁਤ ਵੱਡਾ ਹੈ ਤੇ ਜਿਸ ਨੂੰ ਰਵਾਇਤ ਨੇ ਮਾਨਤਾ ਦੇ ਕੇ ਸੰਭਾਲਿਆ ਵੀ ਹੋਇਆ ਹੈ ਪਰ ਇਤਿਹਾਸਕਾਰਾਂ, ਵਿਸ਼ੇਸ਼ ਕਰ ਕੇ ਸਿੱਖ ਇਤਿਹਾਸਕਾਰਾਂ, ਵੱਲੋਂ ਪਤਾ ਨਹੀਂ ਕਿਉਂ ਇਹ ਅਣਗੌਲਿਆ ਹੀ ਰਹਿ ਗਿਆ। ਰਵਾਇਤ ਹੈ ਕਿ ਬਿਲਗਾ ਦੇ ਨਾਲ ਲਗਦੇ ਪਿੰਡ ਮੌ ਸਾਹਿਬ ਵਿਚ ਮਾਤਾ ਗੰਗਾ ਜੀ ਨੂੰ ਵਿਆਹੁਣ ਜਾਣ ਸਮੇਂ ਗੁਰੂ ਅਰਜਨ ਦੇਵ ਜੀ ਦੀ ਬਰਾਤ ਨੇ ਪਿੰਡ ਬਿਲਗਾ ਵਿਚ ਇਕ ਰਾਤ ਵਿਸ਼ਰਾਮ ਕਰ ਕੇ ਅਗਲੇ ਦਿਨ ਅੰਮ੍ਰਿਤ ਵੇਲੇ ਇਥੇ ਹੀ ਖੂਹੀ ਤੇ ਇਸ਼ਨਾਨ ਕਰਨ ਪਿਛੋਂ ਗੁਰੂ ਸਾਹਿਬ ਨੇ ਵਿਆਹ ਵਾਲੇ ਬਸਤਰ ਪਹਿਨੇ ਸਨ, ਜਿਸ ਯਾਦ ਵਿਚ ਇਥੇ ਗੁਰਦੁਆਰਾ 'ਪੰਜਵੀਂ ਪਾਤਸ਼ਾਹੀ' ਬਣਿਆ ਹੋਇਆ ਹੈ। ਮਹਾਨ ਕੋਸ਼ ਅਨੁਸਾਰ, ਮਹਾਰਾਜਾ ਰਣਜੀਤ ਸਿੰਘ ਵੱਲੋਂ ਦੋ ਖੂਹਾਂ ਦੀ 30 ਘੁਮਾਉਂ ਜ਼ਮੀਨ ਗੁਰਦੁਆਰੇ ਦੇ ਨਾਂ ਮਾਫੀ ਹੈ।[2]

ਇਤਿਹਾਸ ਤਿੰਨ ਤਰ੍ਹਾਂ ਦਾ ਹੁੰਦਾ ਹੈ। ਰਵਾਇਤੀ, ਮੌਖਿਕ ਤੇ ਦਸਤਾਵੇਜ਼ਾਂ ਤੇ ਅਧਾਰਿਤ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਮੌ ਸਾਹਿਬ ਤੇ ਬਿਲਗਾ ਬਾਰੇ ਹੈਰਾਨੀਜਨਕ ਤੇ ਅਫ਼ਸੋਸਨਾਕ ਕੁਝ ਗੱਲਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾਣ ਯੋਗ ਹਨ ਜਿਨ੍ਹਾਂ ਵਿਚੋਂ ਪਹਿਲੀ, ਜਿਸ ਦਾ ਜਨਸਾਧਾਰਨ ਨਾਲ ਭਾਵੇਂ ਕੋਈ ਸਬੰਧ ਨਹੀਂ ਪਰ ਇਤਿਹਾਸ ਤੇ ਵਿਸ਼ੇਸ਼ ਕਰ ਕੇ ਸਿੱਖ ਇਤਿਹਾਸ ਪ੍ਰੇਮੀਆਂ ਨਾਲ ਜ਼ਰੂਰ ਹੈ। ਸਿੱਖ ਇਤਿਹਾਸ ਦੇ ਪ੍ਰਾਚੀਨ ਤੇ ਪ੍ਰਮਾਣਿਕ ਮੰਨੇ ਜਾਂਦੇ ਸ੍ਰੋਤਾਂ-ਭਾਈ ਸੰਤੋਖ ਸਿੰਘ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਤੇ ਗਿਆਨੀ ਗਿਆਨ

ਸਿੰਘ ਦੀ ਰਚਨਾ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਬਿਲਗਾ ਤਾਂ ਕੀ, ਗੁਰੂ ਅਰਜਨ ਦੇਵ ਦੇ ਵਿਆਹ ਦਾ ਪ੍ਰਸੰਗ ਹੀ ਦਰਜ ਨਹੀਂ ਭਾਵੇਂ ਕਈ ਨਿੱਕੀਆਂ ਘਟਨਾਵਾਂ ਦੇ ਵਿਸਤਰਿਤ ਵਰਣਨ ਵੀ ਮਿਲਦੇ ਹਨ।

ਪੰਚਮ ਗੁਰੂ ਸਾਹਿਬ ਦੇ ਮਹਿਲ, ਮਾਤਾ ਗੰਗਾ ਜੀ ਵਲੋਂ ਪੁੱਤਰ ਪ੍ਰਾਪਤੀ ਲਈ ਗੁਰ ਚਰਨਾਂ ਵਿਚ ਅਰਜ਼ ਕੀਤੇ ਜਾਣ ਤੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਦਾ, ਤੇ ਫਿਰ ਬਾਬਾ ਜੀ ਵਲੋਂ ਗੰਢਾ ਭੰਨਣ ਸਮੇਂ ਪੈਦਾ ਹੋਣ ਵਾਲੇ ਬੱਚੇ ਦੇ ਬਹਾਦਰੀ ਵਾਲੇ ਕਿਰਦਾਰ ਦਾ ਤਾਂ ਸਿੱਖ ਰਾਗੀ ਢਾਡੀ ਪ੍ਰਸੰਗ ਅਕਸਰ ਸੁਣਾਉਂਦੇ ਹਨ ਪਰ ਹੈਰਾਨੀ ਵਾਲੀ ਗੱਲ ਹੈ ਕਿ 'ਦਲ ਭੰਜਨ ਗੁਰ ਸੂਰਮਾ ਬਡ ਜੋਧਾ ਬਹੁ ਪਰਉਪਕਾਰੀ' ਦੇ ਨਾਨਕਿਆਂ ਦੀ ਕੋਈ ਗੱਲ ਹੀ ਨਹੀਂ ਕਰਦਾ। ਮਾਤਾ ਜੀ ਦੇ ਪੇਕੇ ਪਿੰਡ ਤੇ ਪਿਤਾ ਸ੍ਰੀ ਕ੍ਰਿਸ਼ਨਚੰਦ ਖੱਤਰੀ ਤੇ ਮਾਤਾ ਧਨਵੰਤੀ ਜਾਂ ਜਨਮ ਮਿਤੀ 23 ਹਾੜ੍ਹ 1636 ਬਿ:[3] ਦਾ ਸਿੱਖ ਇਤਿਹਾਸਾਂ ਵਿਚ ਨਾਂ ਭੋਗ ਹੀ ਨਹੀਂ।

ਸਿੱਖਾਂ ਵਿਚ ਬਹੁਤ ਚਰਚਿਤ ਮੈਕਾਲਿਫ ਨੇ ਉਪਰੋਕਤ ਦੋਹਾਂ ਸ੍ਰੋਤਾਂ ਦੀ ਰਚਨਾ ਤੋਂ ਬਹੁਤ ਚਿਰ ਪਿਛੋਂ, ਤਦ ਵਕਤੀ ਸਿੰਘ ਸਭਾ ਦੇ ਵਿਦਵਾਨ ਆਗੂਆਂ ਤੇ ਵਿਦਵਾਨਾਂ ਦੀ ਸਹਾਇਤਾ ਨਾਲ ਤਿਆਰ ਕੀਤਾ ਆਪਣਾ ਸਿੱਖ ਇਤਿਹਾਸ 1909 ਵਿਚ ਛਪਵਾਇਆ ਜਿਸ ਵਿਚ ਵਿਚਾਰਾਧੀਨ ਘਟਨਾ ਸਬੰਧੀ ਕੇਵਲ ਇਕ ਵਾਕ ਹੀ ਦਰਜ ਹੈ ਕਿ ਗੁਰੂ ਸਾਹਿਬ ਦਾ ਵਿਆਹ ਪਿੰਡ ਮੌਅ ਦੇ ਕਿਸ਼ਨਚੰਦ ਦੀ ਧੀ ਗੰਗਾ ਨਾਲ ਹੋਇਆ। ਇਸ ਤੋਂ ਵਧ ਜਾਣਕਾਰੀ ਉਸ ਵਿਚੋਂ ਵੀ ਉਪਲਬਧ ਨਹੀਂ।[4]

1925 ਵਿਚ ਗੁਰਦੁਆਰਾ ਐਕਟ ਬਣਿਆ ਜਿਸ ਦੀ ਧਾਰਾ 7 ਅਨੁਸਾਰ ਸਿੱਖ ਇਤਿਹਾਸਕ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਲਿਆਂਦੇ ਜਾਣ ਦਾ ਪ੍ਰਾਵਧਾਨ ਹੈ। ਪਰ ਕਮੇਟੀ ਵਲੋਂ ਇਨ੍ਹਾਂ ਦੋਹਾਂ ਸਥਾਨਾਂ ਦੇ ਇਤਿਹਾਸਕ ਗੁਰਦੁਆਰਿਆਂ ਵੱਲ ਪਤਾ ਨਹੀਂ ਕਿਉਂ ਧਿਆਨ ਨਹੀਂ ਦਿੱਤਾ ਗਿਆ? ਇਕ ਕਾਰਨ ਇਥੇ ਆਲੀਸ਼ਾਨ ਇਮਾਰਤਾਂ ਤੇ ਆਮਦਨ ਦਾ ਨਾ ਹੋਣਾ ਵੀ ਹੋ ਸਕਦਾ ਹੈ। ਕਾਮਰੇਡ ਭਗਤ ਸਿੰਘ ਬਿਲਗਾ ਜੀ ਦੇ ਦੱਸਣ ਅਨੁਸਾਰ "ਅਕਾਲੀ ਲਹਿਰ ਦੌਰਾਨ ਪਿੰਡ ਦੇ ਅਕਾਲੀਆਂ ਨੂੰ ਵੀ ਉਤਸ਼ਾਹ ਹੋਇਆ ਕਿ ਸਾਡਾ ਗੁਰਦੁਆਰਾ ਵੀ ਸ਼੍ਰੋਮਣੀ ਕਮੇਟੀ ਦੀ ਟੇਕ 'ਚ ਆ ਜਾਣਾ ਚਾਹੀਦਾ ਹੈ। ਇਹ ਗੁਰਦੁਆਰਾ ਉਸ ਵੇਲੇ ਇਕ ਛੋਟੇ ਜਿਹੇ ਮੱਠ ਨੁਮਾ ਕਮਰੇ ਵਿਚ ਸਥਾਪਿਤ ਸੀ। ਇਸ ਦੇ ਆਪਣੇ ਨਾਂ ਕੋਈ ਜਾਇਦਾਦ ਨਹੀਂ ਸੀ ਤੇ ਚੜ੍ਹਾਵਾ ਵੀ ਬਹੁਤ ਘੱਟ ਸੀ। ਇਸ ਨੂੰ ਇਤਿਹਾਸਕ ਗੁਰਦੁਆਰੇ ਦੀ ਲਿਸਟ ਵਿਚ ਲਿਆਉਣ ਲਈ ਤਾਂ ਮੁਕੱਦਮਾ ਹੀ ਕਰਨਾ ਪੈਣਾ ਸੀ। ਸੋ ਗੁਰਦੁਆਰਾ ਬੋਰਡ ਵਿਚ ਮੁਕੱਦਮਾ ਕਰ ਦਿੱਤਾ ਗਿਆ। ਲਾਹੌਰ ਜਾ ਕੇ ਤਾਰੀਕਾਂ ਭੁਗਤਣੀਆਂ ਪੈਂਦੀਆਂ ਸਨ, ਸਬੂਤ ਪੇਸ਼ ਕਰਨੇ ਪੈਂਦੇ ਸਨ ਤੇ ਉਦਾਸੀਨ ਮਹਾਂਮੰਡਲ ਇਸ ਦੀ ਮੁਖ਼ਾਲਫ਼ਤ ਕਰ ਰਿਹਾ ਸੀ। ਬਾਬਾ ਮੋਤਾ ਸਿੰਘ ਪੱਤੀ ਮਨਸੂਰ ਦੂਨੀਆ, ਨਾਰਾਇਣ ਸਿੰਘ ਪੱਤੀ ਮਹਿਣਾ, ਗੰਡਾ ਸਿੰਘ ਪੱਤੀ ਭਲਾਈ, ਅਤੇ ਧੰਨਾ ਸਿੰਘ ਪੱਤੀ ਭੋਜਾ ਨੇ ਉਦਮ ਕਰ ਕੇ ਇਹ ਸਾਰਾ ਖਰਚ ਆਪਣੇ ਜ਼ਿੰਮੇ ਲੈ ਲਿਆ ਜਿਸ ਲਈ ਉਨ੍ਹਾਂ ਨੂੰ ਕਰਜ਼ੇ ਵੀ ਚੁੱਕਣੇ ਪਏ। ਆਖ਼ਰ ਉਹ ਮੁਕੱਦਮਾ ਜਿੱਤ ਗਏ ਤੇ ਗੁਰਦੁਆਰੇ ਦੇ ਸੁਧਾਰ ਵੱਲ ਲਗ ਗਏ। ਅੱਜ ਦੀ ਆਲੀਸ਼ਾਨ ਬਿਲਡਿੰਗ ਉਨ੍ਹਾਂ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ ਤੇ ਮੁਰੱਬੇਬੰਦੀ ਦੌਰਾਨ 'ਲੋਹ' ਨੂੰ ਲੱਗੀ ਜ਼ਮੀਨ ਗੁਰਦੁਆਰੇ ਦੀ ਮਾਲਕੀ ਬਣਾ

ਦੇਣਾ, ਮੁਰੱਬੇਬੰਦੀ ਕਮੇਟੀ ਦੀ ਦੇਣ ਹੈ।'[5]

ਮੌ ਸਾਹਿਬ ਤੇ ਬਿਲਗਾ ਵਿਚਲੇ ਦੋਵੇਂ ਗੁਰਦੁਆਰੇ ਇਤਿਹਾਸਕ ਹਨ। ਕਬਜ਼ਾ ਤੇ ਪ੍ਰਬੰਧ ਭਾਵੇਂ ਕਿਸੇ ਦਾ ਵੀ ਹੋਵੇ, ਉਹ ਇਤਿਹਾਸ ਨਾਲੋਂ ਤਾਂ ਟੁੱਟ ਨਹੀਂ ਸਕਦੇ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਸਿੱਖ ਇਤਿਹਾਸ (ਕਰਤਾ ਪ੍ਰੋ: ਕਰਤਾਰ ਸਿੰਘ) ਨੇ ਵੀ ਮੈਕਾਲਿਫ਼ ਦੀ ਹੀ ਨਕਲ ਕੀਤੀ ਜਾਪਦੀ ਹੈ।[6] ਪਿੰਡ ਬਿਲਗਾ ਦਾ ਨਾਂ ਭੋਗ ਵੀ ਨਹੀਂ ਪਾਇਆ ਜਦ ਕਿ ਗੁਰੂ ਸਾਹਿਬ ਨੇ ਉਸ ਪਿੰਡ ਨੂੰ ਏਨਾ ਮਾਣ ਬਖਸ਼ਿਆ ਕਿ ਗਲੋਂ ਉਤਾਰੇ ਹੋਏ ਬਸਤਰ ਬਿਲਗੇ ਬਦਲੇ ਤੇ 'ਏਥੇ ਗੁਰੂ ਸਾਹਿਬ ਦੀ ਉਹ ਪੌਸ਼ਾਕ ਸੁਰੱਖਿਅਤ ਰੱਖੀ ਹੋਈ ਹੈ ਜੋ ਉਹਨਾਂ ਲਾਹ ਕੇ ਨਵੀਂ ਪਾਈ ਸੀ।'[7] ਰਤਨ ਸਿੰਘ ਭੰਗੂ ਰਚਿਤ ਪ੍ਰਾਚੀਨ ਪੰਥ ਪ੍ਰਕਾਸ਼'[8] ਤੇ ਹੈਡਮਾਸਟਰ ਮਹਿਤਾਬ ਸਿੰਘ ਰਚਿਤ ਨਾਵਾਂ ਥਾਵਾਂ ਦਾ ਕੋਸ਼[9] ਵੀ ਸਾਡੀ ਸਹਾਇਤਾ ਨਹੀਂ ਕਰਦੇ ਜੋ ਅਫ਼ਸੋਸਨਾਕ ਹੈ।

ਇਥੇ ਆ ਕੇ ਸਾਨੂੰ ਰਵਾਇਤੀ ਇਤਿਹਾਸ ਦੇ ਮਹੱਤਵ ਦਾ ਪਤਾ ਲੱਗਦਾ ਹੈ। ਰਵਾਇਤ ਨੇ ਬਿਲਗੇ ਵਿਚ ਜਨਮ ਲਿਆ ਤੇ ਅਜਿਹੀ ਘਟਨਾ ਗੁਝੀ ਨਾ ਰਹਿੰਦੀ ਹੋਣ ਕਾਰਨ ਇਲਾਕੇ ਨੇ ਉਸ ਨੂੰ ਮਾਨਤਾ ਦਿੱਤੀ ਤੇ ਹੌਲੀ ਹੌਲੀ ਇਥੇ ਮੇਲਾ ਲੱਗਣਾ ਸ਼ੁਰੂ ਹੋ ਗਿਆ। ਮੌ ਸਾਹਿਬ ਤੇ ਬਿਲਗੇ ਦੇ ਮੇਲੇ ਤਹਿਸੀਲ ਫਿਲੌਰ ਦੇ ਪ੍ਰਸਿੱਧ ਮੇਲਿਆਂ ਵਿਚ ਗਿਣੇ ਜਾਂਦੇ ਹਨ। ਬਹੁਤ ਹੈਰਾਨੀ ਤੇ ਸਮਝੋਂ ਬਾਹਰੀ ਗੱਲ ਇਹੋ ਹੈ ਕਿ ਇੰਨੇ ਵਡੇ ਸਿੱਖ ਇਤਿਹਾਸ ਵਿਚੋਂ ਇੰਨੀ ਮਹੱਤਵਪੂਰਨ ਘਟਨਾ ਤੇ ਸਥਾਨ ਦੇ ਬਿਆਨ ਨੂੰ ਕੋਈ ਇਕ ਲਿਖਾਰੀ ਤਾਂ ਛੱਡ ਜਾਣ ਦੀ ਭੁੱਲ ਕਰ ਸਕਦਾ ਹੈ ਪਰ ਸਾਰੇ ਇਤਿਹਾਸਕਾਰਾਂ ਤੋਂ ਹੀ ਇਹ ਉਕਾਈ ਹੋਣੀ ਇਤਿਹਾਸ ਦੇ ਵਿਦਿਆਰਥੀਆਂ ਲਈ ਚਿੰਤਾਜਨਕ ਗੱਲ ਵੀ ਹੈ ਭਾਵੇਂ ਉਹ ਵੀ ਕਰਨ ਜੋਗੇ ਕੁਛ ਨਹੀਂ। ਜੇ ਅੱਜ ਕੋਈ ਲਿਖਣਾ ਵੀ ਚਾਹੇ ਤਦ ਉਹ ਵੀ ਰਵਾਇਤੀ ਇਤਿਹਾਸ ਹੀ ਹੋਵੇਗਾ।

ਇਕ ਹੋਰ ਗੱਲ। ਵਿਵਾਹਿਕ ਰਸਮਾਂ ਨਾਲ ਸਬੰਧਿਤ ਪੰਜਾਬ ਵਿਚ ਇਕ ਬੜਾ ਪੁਰਾਣਾ ਰਿਵਾਜ ਸੀ ਜਿਹੜਾ ਵੀਹਵੀਂ ਸਦੀ ਦੀ ਲਗਪਗ ਤੀਜੀ ਚੌਥਾਈ ਪਿਛੋਂ ਬਦੇਸ਼ੀ ਪ੍ਰਭਾਵ ਤੇ ਧਨ ਦੀ ਵਿਆਪਕਤਾ ਦੇ ਭਾਰ ਹੇਠ ਦੱਬਿਆ ਗਿਆ ਹੈ। ਇਸ ਅਨੁਸਾਰ, ਬਰਾਤ ਨੂੰ ਵਿਦਿਆ ਕੀਤੇ ਜਾਣ ਸਮੇਂ ਲਾੜੇ ਨੂੰ ਘਰ ਬੁਲਾਇਆ ਜਾਂਦਾ ਤਾਂ ਕਿ ਉਹ ਨਵ-ਵਿਆਹੁਤਾ ਲੜਕੀ ਨੂੰ ਲੈ ਕੇ ਜਾਵੇ। ਇਸ ਮੌਕੇ ਲਾੜੀ ਦੀਆਂ ਭੈਣਾਂ, ਵਿਆਹ ਤੇ ਆਏ ਰਿਸ਼ਤੇਦਾਰਾਂ ਦੀਆਂ ਤੇ ਪਿੰਡ ਦੀਆਂ ਕੁੜੀਆਂ ਇੱਕਠੀਆਂ ਹੋ ਕੇ ਨਵੇਂ ਜੀਜੇ ਨੂੰ ਵਿਚਕਾਰ ਘੇਰ ਕੇ ਬਿਠਾ ਲੈਂਦੀਆਂ ਤੇ ਫਿਰ ਉਸ ਨਾਲ ਮਖੌਲ ਠੱਠਾ ਕਰਦੀਆਂ। ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ' ਦੀਆਂ ਪੰਕਤੀਆਂ ਇਸੇ ਰਿਵਾਜ ਵੱਲ ਸੰਕੇਤ ਕਰਦੀਆਂ ਹਨ।

ਹੂਰਾਂ ਸ੍ਰਣਵਤ ਬੀਜ ਨੂੰ ਘਤਿ ਘੇਰ ਖਲੋਈਆਂ।<br>
ਲਾੜਾ ਦੇਖਨ ਲਾੜੀਆਂ ਚਉਗਿਰਦੈ ਹੋਈਆਂ।[10]

ਇਸ ਮਖ਼ੌਲ ਠੱਠੇ ਵਿਚ ਕੁੜੀਆਂ ਛੰਦ-ਬੁਝਾਰਤਾਂ ਪਾ ਕੇ ਜੀਜੇ ਕੋਲੋਂ ਉਸ ਦਾ ਜੁਆਬ ਮੰਗਦੀਆਂ। ਇਹ ਇਕ ਤਰ੍ਹਾਂ ਨਾਲ ਜਿੱਤ ਹਾਰ ਦੀ ਬਾਜ਼ੀ ਹੁੰਦੀ ਸੀ। ਹਰ ਧਿਰ ਦਾ ਜਿੱਤਣ ਦਾ ਟੀਚਾ ਹੁੰਦਾ ਸੀ। ਗੁਰੂ ਅਰਜਨ ਦੇਵ ਜੀ ਨਾਲ ਵੀ ਇਹ ਕੁਝ ਹੋਇਆ। ਮਾਤਾ ਗੰਗਾ ਜੀ ਦੇ ਕਿਸੇ ਭਰਾ ਦੇ ਹੋਣ ਦਾ ਕੋਈ ਸੰਕੇਤ ਉਪਲੱਬਧ ਨਹੀਂ ਪਰ ਇਕ ਭੈਣ 'ਹਰਿਹਾਂ' ਦਾ ਨਾਂ ਬੜਾ ਪ੍ਰਸਿੱਧ ਹੈ। ਗੁਰੂ ਸਾਹਿਬ ਨੂੰ ਘੇਰਨ ਵਾਲੀਆਂ ਕੁੜੀਆਂ ਦੀ ਅਗਵਾਈ ਹਰਿਹਾਂ ਨੇ ਕੀਤੀ

ਜਾਪਦੀ ਹੈ ਕਿਉਂਕਿ ਗੁਰੂ ਅਰਜਨ ਦੇਵ ਵੱਲੋਂ ਉਚਾਰੇ ਗਏ ਛੰਦ ਉਸੇ ਨੂੰ ਸੰਬੋਧਤ ਹਨ ਜਿਹੜੇ ਆਦਿ ਬਾਣੀ ਵਿਚ 'ਫੁਨਹੇ' ਦੇ ਸਿਰਲੇਖ ਹੇਠ ਦਰਜ ਹਨ :

ਹਰਿਹਾਂ ਮਸਤਕਿ ਹੋਵੈ ਭਾਗੁ ਤ ਸਾਜਨ ਪਾਈਐ।......[11]

ਇਨ੍ਹਾਂ ਵਿਚ ਹਰਿਹਾਂ ਦਾ ਕੋਈ ਛੰਦ ਨਹੀਂ। ਨਿਸ਼ਚੇ ਹੀ ਇਹ ਬਾਣੀ ਰਚੇ ਜਾਣ ਦਾ ਸਥਾਨ ਮੌ ਸਾਹਿਬ ਹੈ ਪਰ ਮੌ ਸਾਹਿਬ ਫਿਰ ਵੀ ਅਣਗੌਲਿਆ ਰਿਹਾ ਹੈ।

ਡਿਸਟ੍ਰਿਕਟ ਗਜ਼ਟੀਅਰ ਨੇ ਇਨ੍ਹਾਂ ਦੋਹਾਂ ਸਥਾਨਾਂ ਦੇ ਮਹੱਤਵ ਦਾ ਜ਼ਿਕਰ ਕਰਦਿਆਂ ਪਾਠਕ ਨੂੰ ਹੋਰ ਗੋਰਖ ਧੰਦੇ ਵਿਚ ਪਾਇਆ ਹੈ। ਉਸ ਅਨੁਸਾਰ ਮੌ ਸਾਹਿਬ ਦਾ ਮੇਲਾ ਜੂਨ ਦੇ ਮਹੀਨੇ ਲੱਗਦਾ ਹੈ ਤੇ ਬਿਲਗੇ ਦਾ ਜੁਲਾਈ ਵਿਚ[12] ਜਦ ਕਿ ਗੁਰੂ ਸਾਹਿਬ ਬਿਲਗੇ ਪਹਿਲਾਂ ਪੁੱਜੇ ਸਨ। ਕਾਮਰੇਡ ਭਗਤ ਸਿੰਘ ਬਿਲਗਾ ਜੀ ਨੇ ਗੁਰੂ ਸਾਹਿਬ ਦੇ ਬਿਲਗੇ ਚਰਨ ਪਾਉਣ ਦੀ ਤਾਰੀਖ 22 ਹਾੜ੍ਹ ਸੰਮਤ 1646 ਲਿਖੀ ਹੈ। ਬਿਲਗਾ ਜੀ ਬਿਲਗੇ ਦੇ ਮੇਲੇ ਦਾ ਦੀਵਾਨ ਤਿੰਨ ਦਿਨ ਸੱਜਣ ਦੀ ਗੱਲ ਕਰਦੇ ਹਨ।[13] ਭਾਈ ਨਾਭਾ ਅਨੁਸਾਰ ਇਹ ਤਿੰਨ ਦਿਨ 18, 19, 20 ਹਾੜ੍ਹ ਹਨ ਤੇ ਮੌ ਸਾਹਿਬ ਦੇ ਮੇਲੇ ਜੇ ਅਗਲੇ ਤਿੰਨ ਦਿਨ।[14] ਪਰ ਨਾਭਾ ਜੀ ਇਕ ਉਕਾਈ ਪਤਾ ਨਹੀਂ ਕਿਵੇਂ ਖਾ ਗਏ। ਉਨ੍ਹਾਂ ਬਿਲਗਾ, ਫਿਲੌਰ ਦੀ ਥਾਂ ਤਹਿਸੀਲ ਨਵਾਂ ਸ਼ਹਿਰ ਵਿਚ ਲਿਖਿਆ ਹੈ।[15] ਬਿਲਗੇ ਬਾਰੇ ਮੇਰਾ ਗਿਆਨ ਮੇਰੇ ਵਿਦਿਆਰਥੀ ਜੀਵਨ ਨਾਲ ਜਾ ਜੁੜਦਾ ਹੈ। ਮੇਰੇ ਪਿਤਾ ਜੀ ਆਯੁਰਵੈਦਿਕ ਤੇ ਯੂਨਾਨੀ ਚਕਿਤਸਕ ਹੋਣ ਕਾਰਨ ਦੂਰ ਦੂਰ ਤਕ ਪ੍ਰਸਿੱਧ ਸਨ। ਆਵਾਜਾਈ ਦੇ ਸਾਧਨਾਂ ਦੀ ਘਾਟ ਕਾਰਨ ਬਿਲਗਾ ਸਾਥੋਂ ਦੂਰ ਹੀ ਗਿਣਿਆ ਜਾਂਦਾ ਸੀ ਪਰ ਉਥੋਂ ਦੇ ਕਾਫੀ ਮਰੀਜ਼ ਅਕਸਰ ਪੈਦਲ ਤੁਰਕੇ ਹੀ ਆ ਜਾਇਆ ਕਰਦੇ ਸਨ। ਪਿਤਾ ਜੀ ਵੀ ਬਿਲਗੇ ਤਕ ਮਰੀਜ਼ ਦੇਖਣ ਪੈਦਲ ਹੀ ਜਾਂਦੇ ਸਨ। ਬਿਲਗੇ ਦੀਆਂ ਸੱਤ ਪੱਤੀਆਂ ਸੁਣਦੇ ਹੁੰਦੇ ਸਾਂ। ਹੁਣ ਪਤਾ ਲਗਾ ਹੈ ਕਿ ਪਤੀਆਂ ਅੱਠ ਹਨ ਪਰ ਦਰਵਾਜ਼ੇ ਸੱਤ ਸਨ। ਪੱਤੀ ਮਨਸੂਰ ਕੀ, ਨੀਲੋਵਾਲ ਕੀ, ਬਗੇ ਕੀ, ਭੋਜੇ ਕੀ, ਆਦਿ। ਪਿਤਾ ਪੁਰਖੀ ਕਿੱਤਾ ਅਪਣਾ ਲੈਣ ਪਿਛੋਂ ਮੈਂ ਵੀ ਬਿਲਗੇ ਜਾਂਦਾ ਰਿਹਾ ਹਾਂ।

1959 ਵਿਚ ਮੈਟ੍ਰਿਕ ਪਾਸ ਕਰਨ ਵਾਲੇ ਸਾਲ ਤੋਂ ਅਗਲੇ ਸਮੇਂ ਨੂੰ ਅਸਲ ਵਿਚ ਮੈਂ ਹੁਣ ਵਿਕਾਸ ਪੱਖੋਂ ਕੀਮਤੀ ਸਮਾਂ ਸਮਝਦਾ ਹਾਂ ਕਿਉਂਕਿ ਇਸੇ ਸਮੇਂ ਹੀ ਮੇਰਾ ਜਲੰਧਰ ਦੇਸ਼ ਭਗਤ ਯਾਦਗਾਰ ਅਹਾਤੇ ਵਿਚ ਜਾਣ ਆਉਣ ਸ਼ੁਰੂ ਹੋਇਆ ਸੀ। ਉਸੇ ਦੌਰਾਨ ਹੀ ਦੁਆਬੇ ਦੇ ਦੇਸ਼ ਭਗਤ ਤੇ ਗ਼ਦਰੀ ਇਤਿਹਾਸ ਦੇ ਚੰਨ, ਸਵਰਗੀ ਮੁਨਸ਼ਾ ਸਿੰਘ 'ਦੁੱਖੀ' ਜੀ ਨਾਲ ਵੀ ਮੇਰਾ ਮੇਲ ਹੋਇਆ ਸੀ ਤੇ ਥੋੜ੍ਹਾ ਚਿਰ ਪਹਿਲਾਂ ਗਿਆਨੀ ਹੀਰਾ ਸਿੰਘ ਦੀ 'ਦਰਦ' ਨਾਲ ਮੇਰਾ ਪੱਤਰ ਵਿਵਹਾਰ ਸਕੂਲੋਂ ਹੀ ਸ਼ੁਰੂ ਹੋ ਚੁੱਕਾ ਸੀ। ਮੇਰਾ ਉਪਨਾਮ 'ਸਨੇਹੀ' ਉਨ੍ਹਾਂ ਦੀ ਹੀ ਦੇਣ ਹੈ।

ਮੈਟ੍ਰਿਕ ਦੀ ਪੜ੍ਹਾਈ ਦੌਰਾਨ ਮੈਨੂੰ ਪਾਠ ਪੁਸਤਕ ਵਿਚੋਂ ਪੁਰਾਤਨ ਪੰਜਾਬੀ ਸਾਹਿਤ ਦੀਆਂ ਵੰਨਗੀਆਂ ਪੜ੍ਹਨ ਨੂੰ ਮਿਲੀਆਂ ਸਨ ਜਿਥੋਂ ਮੇਰੀ ਰੁਚੀ ਪੰਜਾਬੀ ਸਾਹਿਤ ਤੇ ਫਿਰ ਇਤਿਹਾਸ ਦੇ ਅਧਿਐਨ ਵੱਲ ਹੋਈ ਜਿਸ ਨੇ ਹੌਲੀ ਹੌਲੀ ਸਾਹਿਤਕ ਤੇ ਇਤਿਹਾਸਕ ਖੋਜ ਦਾ 'ਰੋਗ' ਲਾਇਆ। ਮੇਰੇ ਵਿਦਿਆਰਥੀ ਜੀਵਨ ਦੇ ਦੌਰਾਨ ਹੀ ਸਾਡਾ ਪਰਿਵਾਰ ਨਾਮਧਾਰੀ ਸੱਜਿਆ ਜਿਸ ਕਰ ਕੇ ਫਿਰ ਝੁਕਾਉ ਨਾਮਧਾਰੀ ਸਾਹਿਤ ਤੇ ਇਤਿਹਾਸ ਦੇ ਅਧਿਐਨ ਵੱਲ ਨੂੰ ਮੋੜਾ ਖਾ ਗਿਆ। ਇਸ ਅਧਿਐਨ ਦੌਰਾਨ ਮੈਨੂੰ ਬਿਲਗੇ ਵਿਚ ਇਕ ਨਾਮਧਾਰੀ ਸਾਹਿਤਕਾਰ ਤੇ

ਬਿਦਰਨੀਤੀ ਆਦਿ ਕਈ ਗ੍ਰੰਥਾਂ ਦੇ ਕਰਤਾ ਗੋਪਾਲ ਸਿੰਘ ਦੇ ਹੋਏ ਹੋਣ ਦਾ ਪਤਾ ਲੱਗਾ। ਫਿਰ ਇਤਿਹਾਸਕ ਪੱਖੋਂ ਨਾਮਧਾਰੀਆਂ ਦੇ ਬਿਲਗੇ ਨਾਲ ਸਬੰਧਾਂ ਦੀ ਭਿਣਕ ਪਈ ਕਿਉਂਕਿ ਛੋਟੀ ਉਮਰੇ, ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਬਿਲਗੇ ਪੜ੍ਹਨ ਜਾਂਦੇ ਰਹੇ ਸਨ।

ਬਿਲਗੇ ਬਾਰੇ ਰੋਜ਼ਾਨਾ 'ਨਵਾਂ ਜ਼ਮਾਨਾ' (ਜਲੰਧਰ) ਵਿਚ 2001 ਵਿਚ ਇਕ ਲੇਖ ਛਪਿਆ ਸੀ। ਉਸ ਤੇ ਪ੍ਰਤੀਕਰਮ ਵਜੋਂ ਮੈਂ ਬਿਲਗੇ ਦੇ ਨਾਮਧਾਰੀਆਂ ਨਾਲ ਸਬੰਧਾਂ ਦੇ ਸਬੰਧ ਵਿਚ ਉਕਤ ਤੱਥ ਦਾ ਵਰਣਨ ਕੀਤਾ ਸੀ ਜਿਸ ਨੂੰ ਪੜ੍ਹਨ ਪਿਛੋਂ ਸਾਡੇ ਨਾਮਧਾਰੀ ਇਤਿਹਾਸਕਾਰ ਸੁਰਜੀਤ ਸਿੰਘ ਜੀਤ ਨੇ ਮੇਰੀ ਗੱਲ ਨੂੰ 'ਬੇਥਵੀ' ਗਰਦਾਨਦਿਆਂ ਮੈਨੂੰ ਕੋਸਿਆ ਸੀ। ਜਿਸ ਦੇ ਉੱਤਰ ਵਿਚ ਮੈਨੂੰ ਫਿਰ 'ਮੇਰੀਆਂ ਬੇਥਵੀਆਂ ਗੱਲਾਂ' ਦੇ ਸਿਰਲੇਖ ਅਧੀਨ ਇਕ ਲਿਖਤ ਲਿਖਣੀ ਪਈ ਸੀ।[16] ਇਤਿਹਾਸ ਪੜ੍ਹਦਿਆਂ ਹੀ ਮੈਨੂੰ ਬਿਲਗੇ ਦੀ ਹੀ ਜੰਗ ਸਿੰਘ ਨਾਮਧਾਰੀ ਦੀ ਸੂਹ ਲਗੀ ਤੇ ਮੇਰੀ ਬਿਲਗੇ ਨਾਲ ਅਪਣੱਤ ਕੁਛ ਹੋਰ ਵਧ ਗਈ।

ਮੇਰੇ ਲਈ ਦੂਜਾ 'ਬਿਲਗਾ' ਉਜਾਗਰ ਸਿੰਘ ਬਿਲਗਾ ਸਨ ਜਿਨ੍ਹਾਂ ਦੀ ਰਿਹਾਇਸ਼ ਫਿਲੌਰ ਸੀ ਤੇ ਜੇ ਮੈਂ ਗਲਤੀ ਨਹੀਂ ਕਰਦਾ ਤਦ ਉਹ ਫਿਲੌਰ ਸਥਿਤ ਖੱਦਰ ਭੰਡਾਰ ਦੇ ਪ੍ਰਬੰਧਕ ਸਨ। ਉਨ੍ਹਾਂ ਨਾਲ ਮੇਰਾ ਮੇਲ ਅਕਸਰ ਇਸ ਭੰਡਾਰ ਵਿਚ ਹੀ ਹੁੰਦਾ। ਉਹ ਗਾਂਧੀਵਾਦੀ, ਖੱਦਰਪੋਸ਼ ਤੇ ਵਿਨੋਭਾ ਭਾਵੇ ਦੇ ਨਿਕਟਵਰਤੀ ਸਨ। ਉਹ ਫਿਲੌਰ ਤੋਂ 'ਸਰਵੋਦੇ ਸੰਸਾਰ', ਜਿਹੜਾ ਪਹਿਲਾਂ ਮਾਸਿਕ ਪੱਤਰ ਸੀ ਫਿਰ ਰੋਜ਼ਾਨਾ ਵੀ ਕੀਤਾ ਗਿਆ ਸੀ, ਕੱਢਿਆ ਕਰਦੇ ਜਿਸ ਦੀ ਸੰਪਾਦਨਾ ਅਸਲ ਵਿਚ ਉਨ੍ਹਾਂ ਦਾ ਛੋਟਾ ਲੜਕਾ ਮਨਜੀਤ ਕਰਦਾ ਹੁੰਦਾ ਸੀ। ਫਿਲੌਰ ਸਾਡਾ ਸ਼ਹਿਰ ਹੈ। ਮੇਰੇ ਕੋਲ ਜਦੋਂ ਵਿਹਲਾ ਵਕਤ ਹੁੰਦਾ ਜਾਂ ਮੈਂ ਫਿਲੌਰ ਜਾਂਦਾ ਤਦ ਮੈਂ ਇਸ ਬਿਲਗੇ ਹੋਰਾਂ ਨੂੰ ਵੀ ਜ਼ਰੂਰ ਮਿਲਦਾ। ਮੇਰੇ ਕਈ ਲੇਖ 'ਸਰਵੋਦੇ ਸੰਸਾਰ ਵਿਚ ਛਪਦੇ ਰਹੇ। ਇਕ ਸਮੇਂ ਮੈਨੂੰ ਸੰਪਾਦਕੀ ਸੇਵਾ ਸੌਂਪੇ ਜਾਣ ਦੀ ਪੇਸ਼ਕਸ਼ ਵੀ ਆਈ ਪਰ ਮੈਂ ਆਪਣੇ ਆਪ ਨੂੰ ਇਸ ਯੋਗ ਨਾ ਜਾਣ ਕੇ ਧੰਨਵਾਦ ਕਰ ਕੇ ਹੀ ਸਾਰ ਲਿਆ ਸੀ।

ਮੇਰੇ ਲਈ ਤੀਜਾ ਬਿਲਗਾ ਸੀ-ਕਾਮਰੇਡ ਭਗਤ ਸਿੰਘ ਬਿਲਗਾ, ਜਿਹੜੇ ਬਿਲਗਾ ਦੇ ਜੰਮਪਲ ਤੇ ਉਮਰੋਂ ਸਿਆਣੇ ਹੋ ਜਾਣ ਕਾਰਨ ਆਮ ਰਾਜਸੀ ਲੋਕਾਂ ਵਾਂਗ 'ਬਾਬਾ ਬਿਲਗਾ' ਉਨ੍ਹਾਂ ਦਾ ਉਪਨਾਮ ਹੀ ਬਣ ਗਿਆ ਸੀ। ਮੈਨੂੰ ਕਾਮਰੇਡ ਬਿਲਗਾ ਹੋਰਾਂ ਨਾਲ ਜੋੜਨ ਵਾਲੀ ਕੜੀ ਜਲੰਧਰ ਵਾਲਾ ਦੇਸ਼ ਭਗਤ ਯਾਦਗਾਰ ਹਾਲ ਹੀ ਹੈ।

ਦੇਸ਼ ਭਗਤ ਯਾਦਗਾਰ ਜਲੰਧਰ ਵਿਚ ਮੇਰਾ ਆਉਣਾ ਜਾਣਾ ਉਦੋਂ ਤੋਂ ਬਣਿਆ ਹੋਇਆ ਹੈ ਜਦੋਂ ਮੈਂ ਮੈਟ੍ਰਿਕ ਦੀ ਪੜ੍ਹਾਈ ਤੋਂ ਵਿਹਲਾ ਹੋਇਆ ਸਾਂ ਪਰ ਉਦੋਂ ਇਥੇ ਦੋ ਕੁ ਖਸਤਾ ਹਾਲਤ ਦੇ ਕਮਰੇ, ਜਿਨ੍ਹਾਂ ਵਿਚ ਸ਼ਾਇਦ ਇਤਿਹਾਸਕ ਦਸਤਾਵੇਜ਼ ਸੰਭਾਲੇ ਪਏ ਸਨ ਤੇ ਇਕ ਹਾਲ ਹੁੰਦਾ ਸੀ। ਉਦੋਂ ਇਸ ਨੂੰ ਅਹਾਤਾ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਕਿਹਾ ਜਾਂਦਾ ਸੀ ਤੇ 'ਦਰਦ' ਜੀ ਨਾਲ ਮੇਰਾ ਪੱਤਰ ਵਿਵਹਾਰ ਇਸੇ ਪਤੇ ਤੇ ਹੀ ਹੁੰਦਾ ਸੀ। ਕਾਮਰੇਡ ਅਰਜਨ ਸਿੰਘ ਗੜਗਜ ਤੇ ਜਗਜੀਤ ਸਿੰਘ ਆਨੰਦ ਨੂੰ ਵੀ ਮੈਂ ਪਹਿਲਾਂ ਪਹਿਲ ਇਥੇ ਹੀ ਦੇਖਦਾ ਰਿਹਾ ਸੀ। ਇਸ ਵੇਲੇ ਸਾਲ ਤਾਂ ਯਾਦ ਨਹੀਂ ਪਰ ਕਾਮਰੇਡ ਭਗਤ ਸਿੰਘ ਬਿਲਗਾ ਜੀ ਨਾਲ ਮੇਰਾ ਸੰਪਰਕ ਵਰਤਮਾਨ ਰੂਪ ਵਿਚ ਯਾਦਗਾਰ ਤਿਆਰ ਹੋ ਜਾਣ ਤੇ ਉਨ੍ਹਾਂ ਵਲੋਂ ਇਥੇ ਆਪਣੀ ਰਿਹਾਇਸ਼ ਕਰ ਲੈਣ ਪਿਛੋਂ ਹੀ ਹੋਇਆ।

ਮੇਰੀ ਉਤਸੁਕਤਾ ਉਨ੍ਹਾਂ ਕੋਲੋਂ ਬਿਲਗੇ ਦੇ ਉਸ ਡੇਰੇ ਦਾ ਪਤਾ ਲਾਉਣ ਵਿਚ ਬਹੁਤੀ ਸੀ ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ ਪੜ੍ਹਦੇ ਰਹੇ ਸਨ। ਉਨ੍ਹਾਂ ਦਾ ਕਿਆਸ ਸੀ ਕਿ ਇਹ ਡੇਰਾ ਹਰਿਦਾਸ ਹੀ ਹੋ ਸਕਦਾ ਸੀ ਜਿਹੜਾ ਸਭ ਤੋਂ ਪੁਰਾਣਾ ਮੰਨਿਆ ਜਾਂਦਾ ਹੈ। ਇਸ ਤੋਂ ਬਿਨਾਂ ਬਿਲਗਾ ਦੇ ਨਾਮਧਾਰੀਆਂ -ਗੋਪਾਲ ਸਿੰਘ ਕਵੀ ਤੇ ਜੰਗ ਸਿੰਘ -ਬਾਰੇ ਵੀ ਜਾਣਨ ਵਿਚ ਮੇਰੀ ਉਤਸੁਕਤਾ ਹੁੰਦੀ। ਪਿੰਡ ਵੱਡਾ ਹੋਣ ਕਾਰਨ ਸਾਰੀਆਂ ਪੱਤੀਆਂ ਦੇ ਵਸਨੀਕਾਂ ਦਾ ਹਰ ਕਿਸੇ ਨੂੰ ਪਤਾ ਹੋਣਾ ਸੰਭਵ ਨਹੀਂ ਵੀ ਹੋ ਸਕਦਾ। ਗੋਪਾਲ ਸਿੰਘ ਬਾਰੇ ਬਿਲਗਾ ਜੀ ਨੂੰ ਕੋਈ ਪਤਾ ਨਹੀਂ ਸੀ ਪਰ ਜੰਗ ਸਿੰਘ ਉਨ੍ਹਾਂ ਦਾ ਸਾਥੀ ਰਿਹਾ ਸੀ। ਉਹ ਉਸ ਨੂੰ ਜੰਗਾ ਸਿੰਘ ਕਹਿੰਦੇ ਸਨ ਜਿਹੜਾ ਆਪਣਾ ਨਾਮਧਾਰੀ ਕਿਰਦਾਰ ਕਾਇਮ ਰੱਖਦਿਆਂ ਉਨ੍ਹਾਂ ਦੀਆਂ ਮੁਹਿੰਮਾਂ ਵਿਚ ਜਾਂਦਾ। ਬਿਲਗਾ ਜੀ ਦੱਸਿਆ ਕਰਦੇ ਕਿ ਉਹ ਸਾਰੀ ਉਮਰ ਬਿਹੰਗਮ ਹੀ ਰਿਹਾ। "ਇਕ ਗਊ ਰੱਖਦਾ, ਖ਼ੁਦ ਉਸ ਦੀ ਸੇਵਾ ਕਰਦਾ ਤੇ ਗਊ ਦਾ ਪਵਿੱਤਰ ਦੁੱਧ ਘੀ ਇਸਤੇਮਾਲ ਕਰਦਾ। 1936 ਵਿਚ ਜਦ ਪੰਜਾਬ ਦੀਆਂ ਸਭ ਪੁਲੀਟੀਕਲ ਪਾਰਟੀਆਂ ਕਾਂਗਰਸ ਵਿਚ ਸ਼ਾਮਿਲ ਹੋ ਗਈਆਂ ਤਾਂ ਪਹਿਲਾ ਸਵਾਲ ਸਾਡੇ ਸਾਹਮਣੇ ਆਇਆ ਕਿ ਕਾਂਗਰਸ ਨੂੰ ਪਿੰਡਾਂ ਤਕ ਲਿਜਾਇਆ ਜਾਵੇ। ਸਿਆਸੀ ਵਰਕਰਾਂ ਦੀ ਮਾਲੀ ਹਾਲਤ ਖਸਤਾ ਸੀ। ਜੰਗਾ ਸਿੰਘ ਜੀ ਨੇ ਬਿਲਗੇ ਦੇ ਵਰਕਰਾਂ ਨੂੰ ਐਲਾਨ ਕਰ ਦਿੱਤਾ ਸੀ ਕਿ ਮੈਨੂੰ ਦੋ ਦਿਨ ਪਹਿਲਾਂ ਦਸ ਦਿਆ ਕਰੋ। ਮੈਂ ਕਾਂਗਰਸ ਦੀ ਭਰਤੀ ਲਈ ਤੁਹਾਡੇ ਨਾਲ ਜਾਇਆ ਕਰਾਂਗਾ ਤੇ ਕਦੇ ਵੀ ਭੁੱਖਿਆਂ ਨਹੀਂ ਰਹਿਣ ਦਿਆਂਗਾ। ਇਨ੍ਹਾਂ ਦੋ ਦਿਨਾਂ ਵਿਚ ਉਸ ਨੇ ਖੱਦਰ ਦੀ ਆਪਣੀ ਕੂਕਾ ਵਰਦੀ ਧੋ ਧੋ ਚਿੱਟੇ ਦੁੱਧ ਵਰਗੀ ਕਰ ਲੈਣੀ ਤੇ ਸਰਵ ਲੋਹ ਦਾ ਗੜਵਾ ਮਾਂਜ ਮਾਂਜ ਕੇ ਸੂਰਜ ਵਾਂਗੂ ਲਿਸ਼ਕਾ ਲੈਣਾ। ਗਊ ਦੇ ਪੱਠੇ ਦੱਥੇ ਦਾ ਇੰਤਜ਼ਾਮ ਕਰ ਜੰਗਾ ਸਿੰਘ ਕੂਕਿਆਂ ਦੇ ਫੌਜੀ ਅਫਸਰਾਂ ਵਾਂਗ ਅੱਗੇ ਅੱਗੇ ਛਾਲਾਂ ਮਾਰਦੇ ਪੈਲਾਂ ਪਾਉਂਦਿਆਂ ਤੁਰਨਾ। ਇਕ ਪਿੰਡੋਂ ਦੂਜੇ ਪਿੰਡ ਪ੍ਰਚਾਰ ਕਰ ਕੇ ਭਰਤੀ ਕਰਦਿਆਂ ਜਦ ਦੁਪਹਿਰ ਹੋ ਜਾਣੀ ਤਾਂ ਜੰਗਾ ਸਿੰਘ ਨੇ ਕਦੇ ਮੁਠੱਡੇ ਕਲਾਂ ਭਾਈ ਮੀਹਾਂ ਸਿੰਘ ਵੱਲ ਜਾਂ ਮੋਰੋਂ ਦੇ ਕੂਕਿਆਂ ਦੇ ਘਰਾਂ ਵਲ ਤੋਰ ਲੈਣਾ। ਕੂਕਿਆਂ ਦੀ ਮਹਿਮਾਨ ਨਵਾਜ਼ੀ ਕਮਾਲ ਦੀ ਸੀ। ਉਹਨਾਂ ਨੂੰ ਦੇਸ਼ ਭਗਤਾਂ ਦੇ ਆਉਣ ਤੇ ਚਾਅ ਚੜ੍ਹ ਜਾਣਾ। ਸ਼ੁੱਧ ਦੇਸੀ ਘਿਉ ਨਾਲ ਤਿਆਰ ਕੀਤੇ ਪ੍ਰਸ਼ਾਦੇ ਤੇ ਗਲਾਸ ਗਲਾਸ ਗਊ ਦਾ ਦੁੱਧ ਪੀ ਕੇ ਕੌਮੀ ਵਰਕਰਾਂ ਦੇ ਥਕੇਵੇਂ ਲਹਿ ਜਾਣੇ।" ਇਨ੍ਹਾਂ ਸ਼ਬਦਾਂ ਨਾਲ ਹੀ ਪਿਛੋਂ ਜਾ ਕੇ ਉਨ੍ਹਾਂ ਆਪਣੀ ਲਿਖਤ ਰਾਹੀਂ ਵੀ ਜੰਗ ਸਿੰਘ ਨੂੰ ਯਾਦ ਕੀਤਾ ਸੀ।[17]

ਅਸਲ ਵਿਚ ਸਤਿਗੁਰੂ ਰਾਮ ਸਿੰਘ ਵੱਲੋਂ ਕੀਤੇ ਗਏ ਸੁਦੇਸ਼ੀ ਦੇ ਪ੍ਰਚਾਰ ਦੇ ਪ੍ਰਭਾਵ ਅਧੀਨ ਨਾਮਧਾਰੀ ਸ਼ੁੱਧ ਤੇ ਘਰ ਤਿਆਰ ਕੀਤੀ ਭੋਜਨ ਸਮੱਗਰੀ ਹੀ ਪ੍ਰਯੋਗ ਕਰਦੇ ਸਨ। ਬਿਲਗਾ ਜੀ ਤਾਂ ਕਿਹਾ ਕਰਦੇ ਸਨ ਕਿ ਜਦੋਂ ਉਹ ਤੇ ਉਨ੍ਹਾਂ ਦੇ ਸਾਥੀ ਆਮ ਪਿੰਡਾਂ ਵਿਚ ਪ੍ਰਚਾਰ ਕਰਦੇ ਸੁੱਕੀਆਂ ਰੋਟੀਆਂ ਖਾ ਖਾ ਕੇ ਅੱਕ ਜਾਂਦੇ ਤਦ ਉਹ ਨਾਮਧਾਰੀ ਪਿੰਡਾਂ ਵਲ ਮੁਹਾਰਾਂ ਮੋੜਦੇ ਸਨ ਤੇ ਸਰੀਰ ਦੀ ਖੁਸ਼ਕੀ ਕੱਢਦੇ ਸਨ। ਤਹਿਸੀਲ ਫਿਲੌਰ ਵਿਚਲੇ ਸਤਿਗੁਰੂ ਰਾਮ ਸਿੰਘ ਜੀ ਦੀ ਡਿਉੜ੍ਹੀ ਵਜੋਂ ਪ੍ਰਸਿੱਧ ਪਿੰਡ ਮੁਠੱਡਾ ਕਲਾਂ ਵਿਚ ਆਮ ਕਿਆਮ ਕਰਨ ਦੀ ਗੱਲ ਵੀ ਉਹ ਕਰਿਆ ਕਰਦੇ।

ਮਜ਼ਬੂਰੀ ਅਧੀਨ ਬਣੇ ਕਿਸੇ ਇਕ ਅੱਧ ਮੌਕੇ ਨੂੰ ਛੱਡ ਕੇ ਮੇਰਾ ਇਹ ਨੇਮ ਅੱਜ ਤਕ ਨਿਭਦਾ ਆ ਰਿਹਾ ਹੈ ਕਿ ਜਲੰਧਰ ਜਾਵਾਂ ਤਾਂ ਦੇਸ਼ ਭਗਤ ਯਾਦਗਾਰ ਹਾਲ ਵੱਲ ਚੱਕਰ ਜ਼ਰੂਰ

ਮਾਰਦਾ ਹਾਂ। ਅਜੇਹੇ ਚੱਕਰਾਂ ਦੌਰਾਨ ਬਿਲਗਾ ਜੀ ਨਾਲ ਦੇਸ਼ ਭਗਤ ਵਿਅਕਤੀਆਂ ਤੇ ਘਟਨਾਵਾਂ ਸਬੰਧੀ ਮੇਰੀ ਵਿਚਾਰ ਚਰਚਾ ਹੁੰਦੀ ਕਿਉਂਕਿ ਉਦੋਂ ਅਜੇ ਮੇਰਾ ਇਤਿਹਾਸ ਗਿਆਨ ਗ਼ਦਰ ਪਾਰਟੀ ਬਾਰੇ ਇੰਨਾਂ ਨਹੀਂ ਸੀ। ਮਨ ਨੂੰ ਧੱਕਾ ਜਿਹਾ ਵੱਜਦਾ ਕਿ 'ਦੁੱਖੀ' ਜੀ ਨਾਲ ਇੰਨੇ ਸਾਲ ਬਿਤਾਉਣ ਤੇ ਵੀ ਮੈਂ ਗ਼ਦਰ ਪਾਰਟੀ ਦੇ ਇਤਿਹਾਸ ਸ੍ਰੋਤ ਵੱਲ ਧਿਆਨ ਕਿਉਂ ਨਾ ਦਿੱਤਾ?

ਛੇਤੀ ਹੀ ਮੈਂ ਬਿਲਗਾ ਜੀ ਦੇ ਪਿਆਰ ਦਾ ਪਾਤਰ ਬਣ ਗਿਆ। ਮੇਰੇ ਜਾਣ ਜਾਂ ਚਰਚਾ ਸਮੇਂ ਉਨ੍ਹਾਂ ਮੱਥੇ ਵਟ ਕੀ ਪਾਉਣੀ ਸੀ? ਸੱਜਰੀ ਇਤਿਹਾਸ ਸਿਰਜਣ ਪ੍ਰਕਿਰਿਆ ਵਿਚ ਹੁੰਦੇ ਹੋਏ ਹੋਣ ਕਾਰਨ ਤੇ ਯਾਦਗਾਰ ਹਾਲ ਵਿਚ ਜ਼ਿੰਮੇਵਾਰੀ ਵਾਲੇ ਪਦ ਤੇ ਹੋਣ ਕਾਰਨ ਉਹ ਹਰ ਆਏ ਗਏ ਨੂੰ ਖਿੜੇ ਮੱਥੇ ਮਿਲਦੇ ਤੇ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਦੇ। ਜੇ ਕਦੇ ਕਿਸੇ ਦੀ ਗ਼ਦਰੀਆਂ ਬਾਰੇ ਜਗਿਆਸਾ ਭੁੱਖ ਹੋਰ ਕਿਸੇ ਕੋਲੋਂ ਪੂਰੀ ਨਾ ਹੁੰਦੀ ਤਦ ਬਿਲਗਾ ਜੀ ਤਸੱਲੀ ਕਰਵਾ ਦਿੰਦੇ। ਇਸੇ ਕਰ ਕੇ ਉਹ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਦੇ ਅੰਦਰ ਜੰਮ੍ਹਾ ਪਿਆ ਇਤਿਹਾਸ ਗਿਆਨ ਦਾ ਭੰਡਾਰ ਕਿਸੇ ਹੋਰ ਦੇਸ਼ ਸੇਵਕ ਦੇ ਦਿਮਾਗ ਦਾ ਸ਼ਿੰਗਾਰ ਬਣਨਾ ਚਾਹੀਦਾ ਹੈ ਨਹੀਂ ਤਾਂ ਫਿਰ ਪਛਤਾਵਾ ਰਹਿ ਜਾਇਗਾ 'ਜਦ ਚਿੜੀਆਂ ਚੁਗ ਲਿਆ ਖੇਤ।' ਮੇਰੇ ਪ੍ਰਤੀ ਉਨ੍ਹਾਂ ਦੇ ਵਾਤਸਲੀ ਪਿਆਰ ਪਿਛੇ ਕਾਰਨਾਂ ਸਬੰਧੀ ਭਾਵੇਂ ਕਦੇ ਚਰਚਾ ਨਹੀਂ ਸੀ ਹੋਈ ਪਰ ਮੇਰਾ ਕਿਆਸ ਹੈ ਕਿ ਸਾਡੇ ਪਿੰਡਾਂ ਦਾ ਨੇੜ ਗੁਆਂਢ ਹੋਣਾ, ਮੇਰਾ ਨਾਮਧਾਰੀ ਹੋਣਾ, ਖੋਜ ਬਿਰਤੀ ਵਾਲਾ ਇਤਿਹਾਸ ਦਾ ਵਿਦਿਆਰਥੀ ਹੋਣਾ ਤੇ ਸ਼ਾਇਦ 'ਦੁੱਖੀ' ਜੀ ਦਾ ਸ਼ਗਿਰਦ ਹੋਣਾ ਤੇ ਜਾਂ ਫਿਰ ਉਨ੍ਹਾਂ ਬਾਰੇ ਪਹਿਲੀ ਲਿਖੀ ਗਈ ਪੁਸਤਕ ਦਾ ਲੇਖਕ ਹੋਣਾ ਆਦਿ ਕਈ ਕਾਰਨ ਹੋ ਸਕਦੇ ਸਨ।

ਪੰਜਾਬੀ ਦੇ ਉਸਤਾਦ ਮੰਨੇ ਜਾਂਦੇ ਕਵੀ, ਸਵਰਗੀ ਸਰਦਾਰ ਮੁਨਸ਼ਾ ਸਿੰਘ ਜੀ 'ਦੁੱਖੀ' ਅਮਰੀਕਾ ਕੈਨੇਡਾ ਵਿਚ ਗ਼ਦਰੀ ਪਾਰਟੀ ਦੇ ਬਹੁਤ ਸਰਗਰਮ ਕਾਰਕੁੰਨ ਰਹੇ ਸਨ, ਜਿਨ੍ਹਾਂ ਦੀ ਸੇਵਾ ਤੋਂ ਬਿਲਗਾ ਜੀ ਵੀ ਪ੍ਰਭਾਵਿਤ ਸਨ। ਹਿੰਦ ਵਿਚ ਆਉਣ ਤੇ ਗ੍ਰਿਫ਼ਤਾਰ ਕਰ ਲਏ ਜਾਣ ਪਿਛੋਂ ਲਾਹੌਰ ਸਾਜ਼ਿਸ਼ ਕੇਸ ਨਾਂ ਦੇ ਪ੍ਰਸਿੱਧ ਮੁਕੱਦਮੇ ਵਿਚ ਦਿੱਤੀ ਗਈ ਸਜ਼ਾ ਵਜੋਂ ਵੱਡੇ ਸਵਰਾਜ ਮੰਦਰਾਂ ਦੀਆਂ ਯਾਤਰਾਵਾਂ ਕਰਨ ਪਿਛੋਂ ਫਾਂਸੀ ਦੇ ਫੰਧੇ ਤੋਂ ਬਚ ਜਾਣ ਤੇ ਪਿੰਡ ਹੀ ਰਹਿੰਦੇ ਸਨ। ਮੈਨੂੰ ਉਨ੍ਹਾਂ ਦੀ ਦਸ-ਗਿਆਰਾਂ ਸਾਲ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋ ਸਕਿਆ ਜਿਸ ਪਿਛੋਂ ਉਨ੍ਹਾਂ ਬਾਰੇ ਲਿਖੀ ਮੋਨੋਗ੍ਰਾਫ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਸੀ।[18] ਇਸ ਗੱਲ ਦਾ ਪ੍ਰਭਾਵ ਵੀ ਬਿਲਗਾ ਜੀ ਉੱਪਰ ਪ੍ਰਤੱਖ ਸੀ ਅਤੇ ਉਨ੍ਹਾਂ ਦੀ ਇੱਛਾ ਅਨੁਸਾਰ ਇਹ ਪੁਸਤਕ ਦੇਸ਼ ਭਗਤ ਯਾਦਗਾਰ ਲਾਇਬਰੇਰੀ ਨੂੰ ਵੀ ਭੇਂਟ ਕੀਤੀ ਗਈ ਸੀ।

ਗੱਲ ਕਾਫੀ ਪੁਰਾਣੀ ਹੈ। ਉਨ੍ਹਾਂ ਦੇ ਮਨ ਵਿਚ ਆਇਆ ਕਿ ਸ਼ਹੀਦ ਰਾਮ ਪ੍ਰਸਾਦ ਬਿਸਮਲ ਦੇ ਮਾਸਿਕ ਕਿਰਤੀ (ਉਰਦੂ) ਅੰਮ੍ਰਿਤਸਰ ਵਿਚ ਛਪ ਚੁੱਕੇ 'ਜਜ਼ਬਾਤ-ਇ-ਬਿਸਮਲ' ਦਾ ਪੰਜਾਬੀ ਵਿਚ ਉਲਥਾ ਕਰਵਾ ਕੇ ਮੋਟੇ ਅੱਖਰਾਂ ਵਿਚ ਛਪਵਾ ਕੇ, ਦੇਸ਼ ਭਗਤ ਯਾਦਗਾਰ ਹਾਲ ਦੇ ਮਿਊਜ਼ੀਅਮ ਵਿਚ ਲੱਗੀ ਬਿਸਮਲ ਦੀ ਤਸਵੀਰ ਦੇ ਹੇਠਾਂ ਲਟਕਾਇਆ ਜਾਵੇ ਤਾਂ ਕਿ ਮਿਊਜ਼ੀਅਮ ਵਿਚ ਆਉਣ ਵਾਲਾ ਹਰ ਦਰਸ਼ਕ ਉਸ ਨੂੰ ਪੜ੍ਹ ਸਕੇ। ਮੈਂ ਇਸ ਨੂੰ ਕਵਿਤਾ ਵਿਚ ਉਲਥਾਏ ਜਾਣ ਦਾ ਸੁਝਾਉ ਦਿੱਤਾ ਜਿਹੜਾ ਪਰਵਾਨ ਹੋ ਗਿਆ ਤੇ ਉਨ੍ਹਾਂ ਦੀ ਭਾਵਨਾ ਨੂੰ ਧਿਆਨ ਵਿਚ ਰੱਖਦਿਆਂ ਇਹ ਕੰਮ ਮੈਂ ਆਪਣੇ ਜ਼ਿੰਮੇ ਲੈ ਲਿਆ। ਇਹ ਕੰਮ ਦੇਖਣ ਲਈ ਜਿੰਨਾਂ ਸੌਖਾ ਸੀ ਕਰਨ ਲਈ ਉਨ੍ਹਾਂ ਹੀ ਔਖਾ ਨਿਕਲਿਆ।

ਉੱਤਰ ਪ੍ਰਦੇਸ਼ ਦਾ ਜੰਮਪਲ ਬਿਸਮਲ ਕਾਵਿ ਗਿਆਨ ਦਾ ਕਾਫ਼ੀ ਜਾਣੂ ਦੇਸ਼ ਭਗਤ ਸੀ। ਕਵਿਤਾ ਉਰਦੂ ਵਿਚ ਸੀ ਜਿਸ ਕਰ ਕੇ ਕੁਝ ਸ਼ਬਦ ਮੇਰੀ ਸਮਝ ਤੋਂ ਬਾਹਰ ਸਨ। ਮੈਂ ਜਦੋਂ ਵੀ ਜਲੰਧਰ ਜਾਂਦਾ ਤਦ ਅਸੀਂ ਦੋਵੇਂ ਜਣੇ ਬੈਠ ਕੇ ਸ਼ਬਦ-ਅਰਥ ਸਮੱਸਿਆ ਸੁਲਝਾਉਣ ਦਾ ਜਤਨ ਕਰਦੇ। ਇਸ ਰਚਨਾ ਵਿਚ ਬਿਸਮਲ ਨੇ ਇਕ ਮੁਹਾਵਰੇ-ਮੂੰਹ ਵਿਚ ਛਾਲੇ ਪਾਣੀ ਦਾ ਪ੍ਰਯੋਗ ਕੀਤਾ ਹੋਇਆ ਹੈ। ਇਹ ਮੁਹਾਵਰਾ ਸਾਡੇ ਦੋਹਾਂ ਲਈ ਸਮੱਸਿਆ ਸੀ। ਸਾਨੂੰ ਜਿਹੜਾ ਕੋਈ ਉਰਦੂ ਵਿਦਵਾਨ ਟੱਕਰਦਾ ਅਸੀਂ ਉਸ ਨਾਲ ਆਪਣੀ ਸਮੱਸਿਆ ਸਾਂਝੀ ਕਰਦੇ। ਅੰਤ ਇਕ ਵਿਅਕਤੀ ਨੇ ਘੁੰਢੀ ਖੋਲ੍ਹ ਦਿੱਤੀ। ਇਸ ਲਈ ਅਨੁਵਾਦ ਸਿਰੇ ਚੜ੍ਹਨ ਨੂੰ ਕਈ ਮਹੀਨੇ ਲੱਗ ਗਏ। ਅਣਜਾਣੇ ਕਾਰਨਾਂ ਕਰ ਕੇ ਕਾਮਰੇਡ ਬਿਲਗਾ ਜੀ ਦੀ ਇਸ ਅਨੁਵਾਦ ਨੂੰ ਤਸਵੀਰ ਹੇਠਾਂ ਲਟਕਾਉਣ ਵਾਲੀ ਰੀਝ ਪੂਰੀ ਨਾ ਹੁੰਦੀ ਦੇਖ ਕੇ ਅੰਤ ਇਹ ਮਾਸਿਕ ਪੰਜਾਬੀ 'ਜਾਗ੍ਰਿਤੀ' ਵਿਚ ਛਪਵਾਇਆ ਗਿਆ।[19] ਫਿਰ ਇਕ ਵਾਰ ਯਾਦਗਾਰ ਹਾਲ ਵੱਲੋਂ ਬਿਸਮਲ ਹੋਰਾਂ ਦਾ ਸ਼ਹੀਦੀ ਦਿਨ ਮਨਾਇਆ ਗਿਆ ਤਦ ਬਿਲਗਾ ਜੀ ਨੇ ਉਚੇਚੇ ਤੌਰ ਤੇ ਇਹ ਅਨੁਵਾਦ ਸ੍ਰੋਤਿਆਂ ਨਾਲ ਸਾਂਝਾ ਕਰਵਾਇਆ।

ਨਾਮਧਾਰੀਆਂ ਤੇ ਕਮਿਊਨਿਸਟ ਜਾਂ ਸਾਮਵਾਦੀ ਲਹਿਰ ਨਾਲ ਜੁੜੇ ਹੋਏ ਪੰਜਾਬੀਆਂ ਦੀ ਬਹੁ-ਸੰਮਤੀ ਦੀ ਪ੍ਰਸਪਰ ਰਾਜਸੀ ਵਿਚਾਰਧਾਰਕ ਸਾਂਝ ਕਾਫੀ ਹੈ। ਉਸ ਦਾ ਇਕ ਕਾਰਨ ਤਾਂ ਦੋਹਾਂ ਦਾ ਅੰਗਰੇਜ਼ੀ ਰਾਜ ਦਾ ਵਿਰੋਧ ਤੇ ਦੂਜਾ ਸ਼ਾਇਦ ਸੋਵੀਅਤ ਯੂਨੀਅਨ ਵੱਲ ਮਿਤ੍ਰਾਨਾ ਝੁਕਾਉ ਹੋਵੇ। ਹਿੰਦ ਤੋਂ ਰੂਸ ਨੂੰ ਜਾਣ ਲਈ ਨਾਮਧਾਰੀ ਉਨ੍ਹੀਂਵੀਂ ਸਦੀ ਵਿਚ ਹੀ ਪਗਡੰਡੀਆਂ ਪਾ ਚੁੱਕੇ ਸਨ। ਉਹ ਸਮਝਦੇ ਸਨ ਕਿ ਬਰਤਾਨਵੀ ਸਾਮਰਾਜੀਆਂ ਤੋਂ ਭਾਰਤੀਆਂ ਦਾ ਛੁਟਕਾਰਾ ਕਰਵਾਉਣ ਵਿਚ ਰੂਸ ਹੀ ਸਹਾਇਕ ਹੋ ਸਕਦਾ ਹੈ। ਪਹਿਲੇ ਨਾਮਧਾਰੀ ਕਵੀ, ਭਾਈ ਚੰਦਾ ਸਿੰਘ ਦੇ ਬਾਰਾਂਮਾਹੇ ਦਾ ਇਕ ਬੰਦ ਹੈ:

ਜਦੋਂ ਰੂਸ ਕਚਹਿਰੀ ਆਇਆ।
ਪਾਸ ਸੱਦ ਵਜ਼ੀਰ ਬਹਾਇਆ।
ਰਾਤੀਂ ਨਜ਼ਰ ਖ਼ਾਲਸਾ ਆਇਆ।
ਉਸ ਨੇ ਭਵਜਲ ਬੁਰਾ ਦਿਖਾਇਆ।
ਮੁਖ ਥੀਂ ਕਰੜਾ ਬਚਨ ਸੁਣਾਇਆ। ਚੜ੍ਹੋ ਲਾਹੌਰ ਤੇ।'

ਇਸੇ ਦਾ ਇਕ ਬੰਦ ਤਾਂ ਸ਼ਾਹਮੁਹੰਮਦ ਦੇ 'ਜੰਗ ਸਿੰਘਾਂ ਤੇ ਫ਼ਰੰਗੀਆਂ ਦੀ' ਇਕ ਪੰਕਤੀ- ਲੰਡਨ ਟਾਪੂਆਂ ਵਿਚ ਕੁਰਲਾਟ ਪਿਆ, ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ-ਦਾ ਹੀ ਦੂਜਾ ਰੂਪ ਜਾਪਦਾ ਹੈ। ਭਾਈ ਜੀ ਨੇ ਲਿਖਿਆ ਸੀ:

ਬੈਠੇ ਖੌਫ ਖਾਂਵਦੇ ਗੋਰੇ।
ਪੈ ਗਏ ਨੰਦਨ ਦੇ ਵਿਚ ਝੋਰੇ।
ਸੂਬੇ ਫੜ ਦੇਸਾਂ ਵਲ ਤੋਰੇ।....[20]

ਸੋਵੀਨਤ ਯੂਨੀਅਨ ਦੇ ਵਿਕਾਸ ਦੀਆਂ ਲੀਹਾਂ ਦਾ ਅਧਿਐਨ ਕਰਨ ਤੇ ਰਾਜਸੀ ਗਿਆਨ ਦੀ ਪ੍ਰਾਪਤੀ ਲਈ ਬਹੁਤ ਸਾਰੇ ਕਾਮਰੇਡ ਤੇ ਗ਼ਦਰੀ ਵੀਹਵੀਂ ਸਦੀ ਦੇ ਆਰੰਭਕ ਸਾਲਾਂ ਵਿਚ ਮਾਸਕੋ ਗਏ। ਕਾਮਰੇਡ ਸੋਹਣ ਸਿੰਘ ਜੋਸ਼ ਜੀ ਨੇ ਅਜਿਹੇ 50 ਵਿਅਕਤੀਆਂ ਦੀ

ਇਕ ਸੂਚੀ ਛਾਪੀ ਹੈ ਜਿਨ੍ਹਾਂ ਵਿਚ ਕਾਮਰੇਡ ਭਗਤ ਸਿੰਘ ਬਿਲਗਾ ਹੋਰੀਂ ਵੀ ਸਨ।[21]

ਸਕੂਲੋਂ ਨਿਕਲਣ ਪਿੱਛੋਂ ਦੇ ਸਾਲਾਂ ਵਿਚ ਮੇਰਾ ਧਿਆਨ ਵੀ ਸੋਵੀਅਤ ਯੂਨੀਅਨ ਨੇ ਕਾਫੀ ਆਕਰਸ਼ਿਤ ਕੀਤਾ ਸੀ। ਮੈਂ ਸੋਵੀਅਤ ਦੂਤਾਵਾਸ ਵਿਚ ਕਰਮਚਾਰੀ ਨਤਾਸ਼ਾ ਗੋਸੇਵਾ ਪੋਤਾਬੈਂਕੋ ਤੋਂ ਰੂਸੀ ਭਾਸ਼ਾ ਦਾ ਕੁਝ ਅਧਿਐਨ ਵੀ ਕੀਤਾ ਸੀ ਕਿਉਂਕਿ ਸੋਵੀਅਤ ਇਤਿਹਾਸਕਾਰਾਂ ਨੇ ਨਾਮਧਾਰੀ ਅੰਦੋਲਨ ਬਾਰੇ ਕਾਫੀ ਕੁਝ ਨਵਾਂ ਲਿਖਿਆ ਸੀ। ਮੈਂ ਅਰਧ ਮਾਸਿਕ 'ਸੋਵੀਅਤ ਦੇਸ਼' (ਦਿੱਲੀ) ਵੱਲੋਂ ਕਰਵਾਏ ਮੁਕਾਬਲਿਆਂ ਵਿਚ ਹਿੱਸਾ ਲੈਣ ਵਿਚ ਰੁਚਿਤ ਹੀ ਰਿਹਾ ਜਿਸ ਦੇ ਫਲਸਰੂਪ 1965 ਵਿਚ ਇਕ 'ਵਿਪੰਲ' ਨਾਂ ਦੀ ਗੁਟ-ਘੜੀ ਇਨਾਮ ਵਿਚ ਜਿੱਤੀ ਸੀ। ਪਿਛੋਂ ਜਾ ਕੇ ਵੀਅਤਨਾਮ ਯੁੱਧ ਬਾਰੇ ਲਿਖੀ ਤੇ ਰੋਜ਼ਾਨਾ ਨਵਾਂ ਜ਼ਮਾਨਾ ਵਿਚ ਕਿਸ਼ਤਵਾਰ ਪ੍ਰਕਾਸ਼ਿਤ ਹੋ ਚੁੱਕੀ ਮੇਰੀ ਲੇਖ ਲੜੀ ਦੇ ਪੁਸਤਕ ਰੂਪ ਨੂੰ ਵੀ ਸੋਵੀਅਤ ਦੇਸ਼ ਵੱਲੋਂ ਕਰਵਾਏ ਜਾਂਦੇ ਨਹਿਰੂ ਪੁਰਸਕਾਰੀ ਮੁਕਾਬਲੇ ਵਿਚ 1969 ਵਿਚ ਇਕ ਪੁਰਸਕਾਰ ਵੀ ਪ੍ਰਾਪਤ ਹੋਇਆ ਸੀ[22] ਤੇ ਫਿਰ 1973 ਵਿਚ ਮਾਸਕੋ ਸਥਿਤ ਔਰੀਐਂਟਲ ਇੰਸਟੀਚਿਊਟ ਵਿਚ ਜਾਣ ਦਾ ਮੌਕਾ ਵੀ ਬਣਿਆ ਸੀ।

ਕਾਮਰੇਡ ਭਗਤ ਸਿੰਘ ਬਿਲਗਾ ਗ਼ਦਰੀ ਸੁਤੰਤਰਤਾ ਸੰਗਰਾਮੀ ਵੀ ਸਨ ਤੇ ਇਤਿਹਾਸਕਾਰ ਵੀ। ਇਤਿਹਾਸ ਦਾ ਵਿਦਿਆਰਥੀ ਹੋਣ ਦੇ ਨਾਤੇ ਮੈਂ ਭਾਰਤੀ ਸੁਤੰਤਰਤਾ ਸੰਗਰਾਮ ਦੇ ਇਤਿਹਾਸਕਾਰਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਦਾ ਹਾਂ। ਇਕ ਉਹ, ਜਿਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਸਰਕਾਰੀ ਮਾਨਤਾ ਪ੍ਰਾਪਤ ਹੈ, ਜਿਹੜੇ ਬਰਤਾਨਵੀ ਅਫ਼ਸਰਾਂ ਜਾਂ ਇਤਿਹਾਸਕਾਰਾਂ ਦੀਆਂ ਸਵਾਰਥੀ ਰਾਜਸੀ ਦ੍ਰਿਸ਼ਟੀਕੋਣ ਤੋਂ ਰਚੀਆਂ ਲਿਖਤਾਂ ਨੂੰ ਸਹੀ ਤੇ ਪ੍ਰਮਾਣਿਕ ਇਤਿਹਾਸ- ਆਧਾਰ ਮੰਨ ਕੇ ਇਤਿਹਾਸਕਾਰੀ ਕਰਦੇ ਹਨ ਜਿਸ ਦਾ ਛਾਪ ਅਗਲੀ ਪੀੜ੍ਹੀ ਦੇ ਵਿਦਿਆਰਥੀਆਂ ਉੱਪਰ ਸਾਫ਼ ਨਜ਼ਰੀਂ ਪੈਂਦੀ ਹੈ। ਭਗਤ ਸਿੰਘ ਸ਼ਹੀਦ ਨੇ ਅਜਿਹੇ ਇਤਿਹਾਸਕਾਰਾਂ ਨੂੰ ਤ੍ਰਿਸਕਾਰਿਆ ਸੀ।[23]

ਦੂਜੇ ਕੌਮੀ ਭਾਵਨਾ ਅਧੀਨ ਇਤਿਹਾਸਕਾਰੀ ਕਰਨ ਵਾਲੇ ਜਿਹੜੇ ਬਰਤਾਨਵੀ ਲਿਖਤਾਂ ਨੂੰ ਉਕਤ ਕਿਸਮ ਦੇ ਇਤਿਹਾਸਕਾਰਾਂ ਵੱਲੋਂ ਦਿੱਤੀ ਜਾਂਦੀ ਉੱਚ ਦਰਜੇ ਦੀ ਪ੍ਰਮਾਣਿਕਤਾ ਦਾ ਦਰਜਾ ਨਹੀਂ ਦਿੰਦੇ। ਸੱਚ ਦੀ ਖੋਜ ਅੱਗੋਂ ਵੀ ਕਰਦੇ ਨੇ ਆਪਣੀਆਂ ਲਿਖਤਾਂ ਵਿਚ ਪੇਸ਼ ਕਰਦੇ ਹਨ। ਤੀਜੇ ਉਹ ਜਿਹੜੇ ਆਪ ਸੁਤੰਤਰਤਾ ਸੰਗਰਾਮ ਵਿਚ ਕਿਸੇ ਨਾ ਕਿਸੇ ਰੂਪ ਵਿਚ ਸਰਗਰਮ ਰਹੇ ਤੇ ਜਿਨ੍ਹਾਂ ਵਿਚੋਂ ਬਹੁਤਿਆਂ ਨੇ ਸਜ਼ਾਵਾਂ ਵੀ ਭੁਗਤੀਆਂ। ਇਉਂ ਇਤਿਹਾਸ ਨੂੰ ਕੇਵਲ ਸਿਰਜਿਆ ਹੀ ਨਹੀਂ ਸਗੋਂ ਹੰਢਾਇਆ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਇਤਿਹਾਸਕਾਰ[24] ਵਜੋਂ ਪਰਖਣ ਸਮੇਂ ਮੇਰੀ ਇਹ ਧਾਰਨਾ ਬਣੀ ਸੀ ਕਿ ਕਿਸੇ ਸੰਗਰਾਮ ਵਿਚ ਸਰਗਰਮ ਰਹੇ ਵਿਅਕਤੀ ਦਾ ਇਤਿਹਾਸ-ਵਰਣਨ ਤੇ ਸੰਗਰਾਮੀਆਂ ਪ੍ਰਤੀ ਉਸ ਦੀ ਪਹੁੰਚ ਵਿਚ ਉਕਤ ਪਹਿਲੀ ਕਿਸਮ ਦੇ ਇਤਿਹਾਸਕਾਰਾਂ ਨਾਲੋਂ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਪੰਜਾਬ ਦੇ ਉਤਸ਼ਾਹੀ ਤੇ ਨਿਸ਼ਕਾਮ ਇਤਿਹਾਸਕਾਰ ਸਰਦਾਰ ਕਰਮ ਸਿੰਘ ਹਿਸਟੋਰੀਅਨ ਦਾ ਮੱਤ ਤਾਂ ਇਹ ਹੈ ਕਿ ਕਿਸੇ ਕੌਮ ਦਾ ਸਹੀ ਇਤਿਹਾਸ ਲਿਖ ਹੀ ਉਸੇ ਕੌਮ ਦਾ ਵਿਅਕਤੀ ਸਕਦਾ ਹੈ। ਕਿਉਂਕਿ ਉਹ ਕੌਮ ਦੇ ਅੰਦਰਲੇ ਆਦਰਸ਼ ਨੂੰ ਪੂਰੀ ਤਰ੍ਹਾਂ ਨਾਲ ਸਮਝਦਾ ਹੁੰਦਾ ਹੈ।[25] ਗੁਰੂ ਗੋਬਿੰਦ ਸਿੰਘ ਤੇ ਹੋਰਨਾਂ ਜੁਝਾਰੂਆਂ ਦਾ ਲਿਖਿਆ ਇਤਿਹਾਸ ਅਨੁਭਵੀ ਇਤਿਹਾਸ ਹੁੰਦਾ ਹੈ।

ਇਸ ਕਿਸਮ ਦੇ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਉਹ ਬਾਰੀਕਬੀਨੀਆਂ ਵੀ ਹੁੰਦੀਆਂ ਹਨ ਜਿਹੜੀਆਂ ਸਰਕਾਰੀ ਲਿਖਤਾਂ ਵਿਚੋਂ ਲੱਭਣ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ।

ਕਾਮਰੇਡ ਭਗਤ ਸਿੰਘ ਬਿਲਗਾ ਨੂੰ ਮੈਂ ਤੀਜੀ ਕਿਸਮ ਦੇ ਪੰਜਾਬੀ ਇਤਿਹਾਸਕਾਰਾਂ ਵਿਚੋਂ ਗਿਣਦਾ ਹਾਂ। ਉਨ੍ਹਾਂ ਦੀਆਂ ਚਾਰ ਰਚਨਾਵਾਂ ਮੇਰੀ ਨਜ਼ਰੇ ਪਈਆਂ ਹਨ: ਅਣਫੋਲੇ ਵਰਕੇ, ਮੇਰੀ ਸਮਝ ਮੇਰੀ ਸੋਚ, ਮੇਰਾ ਵਤਨ ਤੇ ਇਤਿਹਾਸਕ ਪਿੰਡ ਬਿਲਗਾ ਜਿਨ੍ਹਾਂ ਵਿਚੋਂ ਉਨ੍ਹਾਂ ਦੀ ਉਸਾਰੂ, ਅਨੁਭਵੀ ਤੇ ਸਹੀ ਇਤਿਹਾਸਕਾਰੀ ਦਾ ਗਿਆਨ ਹੁੰਦਾ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਤੇ ਸੁਤੰਤਰਤਾ ਸੰਗਰਾਮ, ਵਿਸ਼ੇਸ਼ ਕਰ ਕੇ ਗ਼ਦਰ ਪਾਰਟੀ ਦੀ ਕਾਰਗੁਜ਼ਾਰੀ ਸੰਬੰਧੀ, ਇਤਿਹਾਸ ਦੇ ਵਿਦਿਆਰਥੀ ਨੂੰ ਬਹੁਤ ਕੁਝ ਨਵੀਂ ਤੇ ਪ੍ਰਮਾਣਿਕ ਜਾਣਕਾਰੀ ਮਿਲਦੀ ਹੈ। ਇਨ੍ਹਾਂ ਸ੍ਰੋਤਾਂ ਦੇ ਹਵਾਲੇ ਮੈਂ ਆਪਣੀਆਂ ਕਈ ਇਤਿਹਾਸਕ ਲਿਖਤਾਂ ਵਿੱਚ ਦਿੱਤੇ ਹਨ।

ਗ਼ਦਰ ਪਾਰਟੀ ਦੇ ਕਾਰਕੁੰਨ, ਉਨ੍ਹੀਂਵੀਂ ਸਦੀ ਵਿਚਲੀਆਂ ਨਾਮਧਾਰੀ ਕੁਰਬਾਨੀਆਂ ਤੋਂ ਪ੍ਰਭਾਵਿਤ ਵੀ ਸਨ, ਇਸ ਤੋਂ ਸੇਧ ਵੀ ਲੈਂਦੇ ਸਨ ਤੇ ਇਸ ਨੂੰ ਆਦਰਸ਼ ਵੀ ਮੰਨਦੇ ਸਨ। ਇਸ ਸਬੰਧ ਵਿਚ ਇਕ ਗੱਲ ਦਾ ਮੈਨੂੰ ਵਿਸ਼ੇਸ਼ ਤੌਰ ਤੇ ਧਿਆਨ ਹੈ ਕਿ ਮੇਰੇ ਗੁਆਂਢੀ ਪਿੰਡ ਦੇ ਕਵੀ ਤੇ ਨਾਟਕਕਾਰ ਕਾਮਰੇਡ ਲੱਖਾ ਸਿੰਘ ਜੌਹਰ, ਜਿਨ੍ਹਾਂ ਦੀਆਂ ਦੇਸ਼ ਭਗਤੀ ਦੀਆਂ ਕਵਿਤਾਵਾਂ ਮਾਸਿਕ 'ਕਵੀ' ਕਲਕੱਤਾ ਤੇ ਮਾਸਿਕ 'ਕਿਰਤੀ' ਅੰਮ੍ਰਿਤਸਰ ਵਿਚ ਅਕਸਰ ਛਪਦੀਆਂ ਰਹਿੰਦੀਆਂ ਸਨ, ਨੇ ਘਰ ਦੀ ਨਵ-ਉਸਾਰੀ ਕੀਤੀ ਤਾਂ ਆਪਣੇ ਕਮਰੇ ਵਿਚ ਆਪਣੇ ਪ੍ਰੇਰਨਾ ਸ੍ਰੋਤ ਗੁਰੂ ਗੋਬਿੰਦ ਸਿੰਘ ਜੀ ਤੇ ਲੈਨਿਨ ਦੀ ਤਸਵੀਰ ਉਦੋਂ ਤਕ ਨਹੀਂ ਸੀ ਲਟਕਾਈ ਜਦੋਂ ਤਕ ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਪ੍ਰਾਪਤ ਨਹੀਂ ਸੀ ਹੋਈ। ਉਨ੍ਹਾਂ ਦੀ ਇਹ ਰੀਝ ਮੈਂ ਪੂਰੀ ਕੀਤੀ ਸੀ।

ਬਰਤਾਨਵੀ ਐਨਕਾਂ ਵਿਚੋਂ ਦੀ ਦੇਖ ਕੇ ਨਾਮਧਾਰੀ ਅੰਦੋਲਨ ਤੇ ਅੰਦੋਲਨਕਾਰੀਆਂ ਨੂੰ ਭੰਡਣ ਵਾਲੇ ਲੋਕਾਂ ਦੇ ਮੁਕਾਬਲੇ ਸ਼ਚਿੰਦਰਨਾਥ ਸਾਨਿਆਲ ਤੇ ਭਗਤ ਸਿੰਘ ਸ਼ਹੀਦ ਵਰਗੇ ਉਸ ਅੰਦੋਲਨ ਨੂੰ ਅਸਫ਼ਲ ਕਹਿਣ ਦੀ ਥਾਂ 'ਦਾਉ ਪੇਚਾਂ' ਦੀ ਗੱਲ ਕਰ ਕੇ ਉਸ ਤੋਂ ਪ੍ਰੇਰਨਾ ਲੈਂਦੇ ਰਹੇ। ਉਨ੍ਹਾਂ ਦੀ ਪਹੁੰਚ ਨਾਕਾਰਾਤਮਕ ਨਹੀਂ ਸਗੋਂ ਆਦਰਸ਼ਕ ਤੇ ਪ੍ਰੇਣਾਤਮਕ ਹੈ। "ਮੁਲਕ ਦੀ ਆਜ਼ਾਦੀ ਤੇ ਦੇਸ਼ ਭਗਤੀ ਕੂਕਿਆਂ ਦੇ ਖ਼ੂਨ ਵਿਚ ਰਚੀ ਹੋਈ ਸੀ। ਸ਼ਹੀਦ ਭਗਤ ਸਿੰਘ ਨੇ 'ਕਿਰਤੀ' ਰਸਾਲੇ ਵਿਚ ਜਦ ਆਪ ਉਹ ਕਿਰਤੀ ਰਸਾਲੇ ਦੇ ਸਬ ਐਡੀਟਰ ਸਨ, ਕੂਕਾ ਲਹਿਰ ਦੀ ਮੁਲਕ ਨੂੰ ਦੇਣ ਬਾਰੇ ਮਜ਼ਮੂਨ ਲਿਖੇ।"[26] ਗ਼ਦਰ ਗੂੰਜਾਂ ਵਿਚ ਵੀ ਨਾਮਧਾਰੀ ਕੁਰਬਾਨੀਆਂ ਨੂੰ ਪ੍ਰੇਰਣਾਤਮਕ ਰੂਪ ਵਿਚ ਲਏ ਜਾਣ ਪਿੱਛੇ ਵੀ ਇਹੋ ਕਾਰਨ ਜਾਪਦਾ ਹੈ।

ਨਾਮਧਾਰੀ ਅੰਦੋਲਨ ਬਾਰੇ ਕਾਮਰੇਡ ਭਗਤ ਸਿੰਘ ਬਿਲਗਾ ਨੇ ਵੀ ਲਿਖਿਆ ਹੈ। ਉਨ੍ਹਾਂ ਦਾ ਇਕ ਲੇਖ, 'ਨਾਮਧਾਰੀ (ਕੂਕਾ) ਲਹਿਰ ਦੀ ਦਾਸਤਾਨ ਬੋਲਦੇ ਪੰਨੇ' ਲੋਕ ਮੋਰਚਾ ਪੰਜਾਬ ਦੇ ਮਾਸਿਕ ਪੱਤਰ 'ਮੁਕਤੀ ਮਾਰਗ' ਵਿਚ ਵੀ ਪ੍ਰਕਾਸ਼ਿਤ ਹੋਇਆ ਸੀ। ਕਾਮਰੇਡ ਲੱਖਾ ਸਿੰਘ ਜੌਹਰ ਦੀ, ਇਕ ਕਵੀ ਦਰਬਾਰ ਵਿਚ ਪਹਿਲਾ ਇਨਾਮ ਪ੍ਰਾਪਤ ਕਵਿਤਾ 'ਨਾਮਧਾਰੀ ਸ਼ਹੀਦੀ ਜੰਞ' ਦੇ ਪਹਿਲੇ ਬੰਦ ਨਾਲ ਆਰੰਭ ਹੋਣ ਵਾਲੇ ਇਸ ਲੇਖ ਵਿਚ ਬਿਲਗਾ ਜੀ ਦੀ ਭਾਵਨਾ ਤਾਂ ਸਹੀ ਸੀ ਪਰ ਲਿਖਤ ਵਿਚਲੀ ਜਾਣਕਾਰੀ ਨਿਰਸੰਦੇਹ ਉਨ੍ਹਾਂ ਦੇ ਪੁਰਾਣੇ ਅਧਿਐਨ ਤੇ ਆਧਾਰਿਤ ਹੋਣ ਕਾਰਨ ਕੁਝ ਸ਼ੱਕੀ ਸੀ ਕਿਉਂਕਿ ਉਨ੍ਹਾਂ ਦੀ ਜੁਆਨੀ ਸਮੇਂ ਅਜੇ ਨਾਮਧਾਰੀ ਇਤਿਹਾਸ ਦੀ

ਖੋਜ ਦਾ ਕੰਮ ਜਾਰੀ ਹੀ ਨਹੀਂ ਸੀ ਹੋਇਆ।

ਸ਼ੱਕੀ ਨੁਕਤੇ ਕਈ ਸਨ ਜਿਵੇਂ ਸਤਿਗੁਰੂ ਰਾਮ ਸਿੰਘ ਦੀ ਪੈਦਾਇਸ਼ 1816 ਦੀ ਥਾਂ 1815 ਵਿਚ, ਮਲੇਰਕੋਟਲਾ ਦੀ ਬਗ਼ਾਵਤ ਵਿਚ ਆਤਮ ਸਮਰਪਣ ਕਰਨ ਵਾਲੇ ਬਾਗੀ ਕੂਕਿਆਂ ਦੀ ਗਿਣਤੀ 68 ਦੀ ਥਾਂ 168, ਕੂਕਿਆਂ ਨੂੰ ਉਡਾਉਣ ਲਈ ਫੂਲਕੀਆ ਰਿਆਸਤ ਤੋਂ ਮੰਗਵਾਈਆਂ ਗਈਆਂ ਤੋਪਾਂ ਦੀ ਗਿਣਤੀ 9 ਦੀ ਥਾਂ 7, 17 ਜਨਵਰੀ 1872 ਨੂੰ ਉਡਾਉਣ ਪਿਛੋਂ ਬਚੇ 16 ਬਾਗੀਆਂ ਨੂੰ 18 ਜਨਵਰੀ ਦੇ ਦਿਨ ਮਲੇਰ ਕੋਟਲੇ ਹੀ ਸ਼ਹੀਦ ਕੀਤੇ ਜਾਣ ਦੀ ਥਾਂ 19 ਨੂੰ ਲੁਧਿਆਣਾ ਜੇਲ੍ਹ ਦੇ ਫਾਟਕ ਅੱਗੇ ਫਾਂਸੀ ਲਟਕਾਏ ਜਾਣਾ ਲਿਖਿਆ ਜਾਣਾ ਆਦਿ।[27] ਉਨ੍ਹਾਂ ਦੀ ਇੱਛਾ ਸੀ ਕਿ ਪੁਸਤਕ ਰੂਪ ਵਿਚ ਜਾਣ ਤੋਂ ਪਹਿਲਾਂ ਇਹ ਲਿਖਤ ਪੂਰੀ ਤਰ੍ਹਾਂ ਊਣਤਾਈਆਂ ਰਹਿਤ ਸ੍ਰੋਤ ਬਣ ਜਾਵੇ। ਇਹ ਉਨ੍ਹਾਂ ਦੀ ਉਦਾਰਤਾ ਜਾਂ ਵਡਿਆਈ ਦੀ ਗੱਲ ਹੀ ਸੀ ਕਿ ਉਨ੍ਹਾਂ ਨੇ ਇਸ ਕਾਰਜ ਲਈ ਮੈਨੂੰ ਯੋਗ ਸਮਝਿਆ। ਮੈਂ ਲੋੜੀਂਦੀਆਂ ਸੁਧਾਈਆਂ ਕਰ ਵੀ ਦਿੱਤੀਆਂ, ਪਰ ਪਤਾ ਨਹੀਂ ਕਿਉਂ, ਉਹ ਲਿਖਤ ਛਪ ਜਿਉਂ ਦੀ ਤਿਉਂ ਹੀ ਗਈ।

ਕਾਮਰੇਡ ਭਗਤ ਸਿੰਘ ਬਿਲਗਾ ਨਾਲ ਮੇਰੇ ਬਹੁਤ ਨਿਕਟੀ ਸਬੰਧ ਬਣ ਗਏ ਸਨ। ਮੈਂ ਜਦੋਂ ਵੀ ਜਲੰਧਰ ਜਾਂਦਾ ਤਦ ਉਹ ਉਚੇਚ ਨਾਲ ਮੇਰੇ ਬੱਚਿਆਂ, ਉਨ੍ਹਾਂ ਦੀ ਸਿਹਤ ਤੇ ਪੜ੍ਹਾਈ ਬਾਰੇ ਜਾਣਕਾਰੀ ਨਵੀਂ ਕਰਦੇ। ਮੈਂ ਆਪਣੇ ਤਿੰਨੇ ਬੱਚਿਆਂ ਨੂੰ ਹੋਰ ਲੋਕ ਮੇਲੇ ਦਿਖਾਉਣ ਦੀ ਥਾਂ ਗ਼ਦਰੀ ਬਾਬਿਆਂ ਦੇ ਮੇਲੇ ਤੇ ਜਲੰਧਰ ਹੀ ਲਿਆਉਂਦਾ ਜਿਸ ਨਾਲ ਇਕ ਤਾਂ ਉਨ੍ਹਾਂ ਦੀ ਬਾਬਾ ਜੀ ਨਾਲ ਨੇੜਤਾ ਵੀ ਹੋਈ ਦੂਜੇ ਉਨ੍ਹਾਂ ਵਿਚ ਲੱਚਰਪੁਣਾ ਪੈਦਾ ਹੋਣ ਦੀ ਥਾਂ ਦੇਸ਼ ਭਗਤੀ ਦੀਆਂ ਭਾਵਨਾਵਾਂ ਪ੍ਰਫੁਲਿਤ ਹੋਣ ਵਿਚ ਸਹਾਇਤਾ ਮਿਲੀ। ਜਦੋਂ ਮੈਂ ਇਕ ਗਾਂਧੀਵਾਦੀ ਇਤਿਹਾਸਕਾਰ ਪੰਡਿਤ ਸੁੰਦਰ ਲਾਲ ਦੁਆਰਾ ਰਚਿਤ ਤੇ ਕੇਂਦਰੀ ਸਰਕਾਰ ਵੱਲੋਂ ਪ੍ਰਕਾਸ਼ਿਤ ਸੁੰਦਰ ਪੁਸਤਕ 'ਭਾਰਤ ਮੇਂ ਅੰਗਰੇਜ਼ੀ ਰਾਜ' ਦਾ ਪੰਜਾਬੀ ਅਨੁਵਾਦ[2] ਟਾਈਪ ਕਰ ਰਿਹਾ ਸਾਂ, ਤਦ ਮੇਰਾ ਛੋਟਾ ਲੜਕਾ ਮਨਪ੍ਰੀਤ ਸਿੰਘ, ਜਿਹੜਾ ਹੁਣ ਇੰਜਨੀਅਰ ਪ੍ਰੋਫੈਸਰ ਹੈ, ਲਿਖਤ ਪੜ੍ਹੀ ਜਾਂਦਾ ਤੇ ਮੈਂ ਟਾਈਪ ਕਰਦਾ। ਇਸ ਕਿਰਿਆ ਨੇ ਹੀ ਉਸ ਅੰਦਰ ਅੰਗਰੇਜ਼ਾਂ ਪ੍ਰਤੀ ਵਿਦਰੋਹੀ ਭਾਵਨਾ ਪ੍ਰਫੁਲਿਤ ਕਰ ਦਿੱਤੀ ਸੀ।

ਬਿਲਗਾ ਜੀ ਇਕ ਵਾਰ ਮੇਰੇ ਗ਼ਰੀਬਖਾਨੇ ਪਧਾਰੇ ਤੇ ਮੇਰੀ ਲਾਇਬਰੇਰੀ ਦੇਖ ਕੇ ਬੜੇ ਪ੍ਰਭਾਵਿਤ ਹੋਏ ਕਿਉਂਕਿ ਇਸ ਵਿਚ ਬਹੁਭਾਸ਼ਾਈ ਇਤਿਹਾਸਕ ਪੁਸਤਕਾਂ ਸੰਭਾਲੀਆਂ ਹੋਈਆਂ ਹਨ। ਉਨ੍ਹਾਂ ਦੀ ਸੁਖਾਵੇਂ ਵਿਹਲ ਵਿਚ ਦੁਬਾਰਾ ਆਉਣ ਦੀ ਇੱਛਾ ਵੀ ਸੀ ਪਰ ਸ਼ਾਇਦ ਇਹ ਵੀ ਜ਼ਿੰਮੇਵਾਰੀਆਂ ਦੇ ਬੋਝ ਹੇਠ ਹੀ ਦੱਬੀ ਰਹਿ ਗਈ। ਉਹ ਇਤਿਹਾਸ ਦੀ ਖੋਜ ਵਿਚ ਮੇਰੀ ਲਗਨ ਤੋਂ ਪ੍ਰਭਾਵਿਤ ਸਨ ਜਿਸ ਕਰ ਕੇ ਅਕਸਰ ਕਿਹਾ ਕਰਦੇ ਸਨ ਕਿ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ ਵਿਕਸਤ ਹੋਣ ਪਿੱਛੋਂ ਉਸ ਵਿਚ ਨਾਮਧਾਰੀਆਂ ਨਾਲ ਸੰਬੰਧਿਤ ਇਤਿਹਾਸਕ ਦਸਤਾਵੇਜ਼ਾਂ ਲਈ ਇਕ ਢੁਕਵਾਂ ਸਥਾਨ ਰਾਖਵਾਂ ਰੱਖਿਆ ਜਾਵੇਗਾ ਜਿਸ ਦੀ ਦੇਖ ਰੇਖ ਮੈਨੂੰ ਸੌਂਪੇ ਜਾਣ ਦੀ ਉਹ ਇੱਛਾ ਪ੍ਰਗਟਾਉਂਦੇ।

ਸਾਡੀ ਵਿਚਾਰ ਚਰਚਾ ਦਾ ਇਕ ਵਿਸ਼ਾ ਨੈਸ਼ਨਲ ਆਰਕਾਈਵਜ਼ ਦਿੱਲੀ ਵਿਚ ਪਈਆਂ ਮਿਸਲਾਂ ਦੀ ਪ੍ਰਾਪਤੀ ਦੀ ਸਮੱਸਿਆ ਵੀ ਹੁੰਦੀ। ਮੇਰੇ ਕੋਲ ਅਜਿਹੀਆਂ ਅਣਗਿਣਤ ਮਿਸਲਾਂ ਦੀ ਸੂਚੀ ਪਈ ਹੈ। ਜਿਹੜੀਆਂ ਮੁਹਾਫਜ਼ਖਾਨੇ ਦੇ ਤਤਕਰੇ ਵਿਚ ਤਾਂ ਦਰਜ ਹਨ ਪਰ ਉਹ

ਖੋਜਾਰਥ ਮੈਨੂੰ ਉਪਲੱਬਧ ਨਹੀਂ ਕਰਵਾਈਆਂ ਗਈਆਂ। ਮੰਤਰਾਲੇ ਪੱਧਰਾਂ ਤੱਕ ਕੀਤੇ ਪੱਤਰ ਵਿਵਹਾਰ ਦਾ ਵੀ ਕੋਈ ਸਿੱਟਾ ਨਹੀਂ ਨਿਕਲਿਆ ਤੇ ਭਾਰਤ ਸਰਕਾਰ ਦਾ ਸੂਚਨਾ ਅਧਿਕਾਰ ਕਾਨੂੰਨ ਵੀ ਇਸ ਮਾਮਲੇ ਵਿਚ ਕਿਸੇ ਕੰਮ ਨਹੀਂ ਆ ਸਕਿਆ। ਦੇਵਨੇਤ ਇਕ ਅੰਗਰੇਜ਼ ਨੌਜਵਾਨ ਆਪਣੀ ਖੋਜ ਦੇ ਸੰਬੰਧ ਵਿਚ ਦੇਸ਼ ਭਗਤ ਯਾਦਗਾਰ ਹਾਲ ਵਿਚ ਆਇਆ। ਬਿਲਗਾ ਜੀ ਨੇ ਉਸ ਦਾ ਪਤਾ ਲੈ ਲਿਆ ਤੇ ਮੇਰੀ ਦਿੱਕਤ ਦੀ ਗੱਲ ਉਸ ਨਾਲ ਸਾਂਝੀ ਕੀਤੀ। ਮੇਰੇ ਅਗਲੇ ਚੱਕਰ ਦੌਰਾਨ ਉਨ੍ਹਾਂ ਮੈਨੂੰ ਉਸ ਵਿਅਕਤੀ ਨਾਲ ਸੰਪਰਕ ਕਰਨ ਲਈ ਕਿਹਾ ਜਿਸ ਦੇ ਉੱਤਰ ਵਿਚ ਮੈਨੂੰ ਉਸ ਅੰਗਰੇਜ਼ ਨੇ ਲੰਡਨ ਤੋਂ ਉਸ ਵੇਲੇ ਲੋੜੀਂਦੀ ਮਿਸਲ ਦੀ ਨਕਲ ਕਰਵਾ ਕੇ ਭੇਜ ਦਿੱਤੀ।

ਫਿਲੌਰ ਦਾ ਕਿਲ੍ਹਾ ਸਾਡੇ ਗੁਆਂਢ ਵਿਚ ਹੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਜਨਮ ਸ਼ਤਾਬਦੀ ਦੌਰਾਨ ਮੈਂ ਕਿਲ੍ਹੇ ਬਾਰੇ ਇਕ ਲੇਖ ਦੀ ਤਿਆਰੀ ਦੇ ਸਬੰਧ ਵਿਚ ਕਿਲ੍ਹੇ ਵਿਚ ਬਹੁਤ ਵਾਰ ਜਾਂਦਾ ਰਿਹਾ ਸਾਂ ਪਰ ਮੈਂ ਉਥੇ ਹੋਰ ਕੁਛ ਨਾ ਦੇਖਿਆ ਤੇ ਨਾ ਹੀ ਕਿਸੇ ਨੇ ਦੱਸਿਆ। ਪਰ ਬਿਲਗਾ ਜੀ ਦੱਸਿਆ ਕਰਦੇ ਸਨ ਕਿ ਉਨ੍ਹਾਂ ਦੇ ਪੂਰਵਜਾਂ ਬਾਰੇ ਇਕ ਪੱਥਰ ਕਿਲ੍ਹੇ ਦੀ ਕਿਸੇ ਦੀਵਾਰ ਵਿਚ ਲੱਗਾ ਹੋਇਆ ਹੈ। ਕਿਲ੍ਹੇ ਦਾ ਗੁਆਂਢੀ ਹੋਣ ਕਰ ਕੇ ਉਹ ਮੈਨੂੰ ਨਾਲ ਲੈ ਜਾ ਕੇ ਕਿਲ੍ਹੇ ਦੇ ਪ੍ਰਬੰਧਕਾਂ ਨਾਲ ਉਸ ਦੀ ਤਸਵੀਰ ਲੈਣ ਲਈ ਵੀ ਉਤਾਵਲੇ ਸਨ ਪਰ ਇਹ ਸੱਧਰ ਵੀ ਉਹ ਨਾਲ ਹੀ ਲੈ ਗਏ।

ਮੇਰਾ ਇਕ ਗੂੜ੍ਹਾ ਮਿੱਤਰ ਇੰਗਲੈਂਡ ਰਹਿੰਦਾ ਹੈ। ਇਕ ਵਾਰ ਬਿਲਗਾ ਜੀ ਆਪਣੇ ਪਰਿਵਾਰ ਕੋਲ ਉਥੇ ਗਏ ਹੋਏ ਸਨ ਤਦ ਇੰਗਲੈਂਡ ਪਏ ਰਿਕਾਰਡ ਵਿਚੋਂ ਕੁਝ ਦਸਤਾਵੇਜ਼ਾਂ ਦੀਆਂ ਨਕਲਾਂ ਮੰਗਵਾਉਣ ਦੇ ਮਨੋਰਥ ਨਾਲ ਮੈਂ ਉਸ ਮਿੱਤਰ ਨੂੰ ਬਿਲਗਾ ਜੀ ਕੋਲ ਭੇਜਿਆ। ਮਿੱਤਰ ਦਾ ਰੰਗ ਤਾਂ ਵਲਾਇਤੀਆ ਹੋਣ ਕਾਰਨ ਭਾਵੇਂ ਮੇਰੇ ਰੰਗ ਨਾਲੋਂ ਗੋਰਾ ਹੀ ਸੀ ਪਰ ਸ਼ਕਲ ਮੇਰੇ ਨਾਲ ਪੂਰੀ ਤਰ੍ਹਾਂ ਮਿਲਦੀ ਸੀ। ਦੇਖ ਕੇ ਭੁਲੇਖਾ ਖਾ ਗਏ ਤੇ ਪੁੱਛਣ ਲਗੇ, "ਤੂੰ ਕਦੋਂ ਆਇਆ ਹੈਂ?" ਉਸ ਨੇ ਕਿਹਾ ਮੈਂ ਉਹ ਨਹੀਂ ਜਿਸ ਦਾ ਭੁਲੇਖਾ ਪਿਆ ਹੈ, ਉਸ ਦਾ ਮਿੱਤਰ ਹਾਂ।

ਉਹ ਲੋਕ ਹਿਤਾਂ ਨੂੰ ਸਮਰਪਿਤ ਸਨ ਤੇ ਲੋਕ ਹਿੱਤਾਂ ਦੀ ਗੱਲ ਕਰਨ ਸਮੇਂ ਕਿਸੇ ਦਾ ਲਿਹਾਜ਼ ਨਹੀਂ ਸਨ ਕਰਦੇ। ਮੈਨੂੰ ਯਾਦ ਹੈ ਜਦੋਂ ਰੋਜ਼ਾਨਾ ਨਵਾਂ ਜ਼ਮਾਨਾ (ਜਲੰਧਰ) ਨੇ ਆਪਣੀ ਅਰਧ ਸ਼ਤਾਬਦੀ ਦੇ ਸਬੰਧ ਵਿਚ ਦੇਸ਼ ਭਗਤ ਯਾਦਗਾਰ ਹਾਲ ਵਿਚ ਇਕੱਠ ਦਾ ਆਯੋਜਨ ਕੀਤਾ ਤਦ ਉਦਘਾਟਨ ਪੰਜਾਬ ਦੇ ਤਦਵਕਤੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਵੇਰੇ ਦਸ ਵਜੇ ਕਰਨਾ ਸੀ। ਹਾਲ ਸ੍ਰੋਤਿਆਂ ਨਾਲ ਖਚਾਖਚ ਭਰ ਗਿਆ ਪਰ ਕੈਪਟਨ ਸਾਹਿਬ ਦੀ ਉੱਘ ਸੁਘ ਨਹੀਂ ਸੀ ਮਿਲ ਰਹੀ। ਲੋਕੀ ਕਹਿਣ ਲੱਗ ਪਏ ਕਿ ਮਹਾਰਾਜਾ ਸਾਹਿਬ ਤਾਂ ਇਸ ਵੇਲੇ ਸ਼ਾਇਦ ਸੁੱਤੇ ਹੀ ਨਾ ਉਠੇ ਹੋਣ! ਪਟਿਆਲਿਉਂ ਜਲੰਧਰ ਆ ਕੇ ਉਦਘਾਟਨ ਕਿਸ ਤਰ੍ਹਾਂ ਕਰ ਸਕਣਗੇ? ਹਾਰ ਹੰਭ ਕੇ ਆਯੋਜਕਾਂ ਨੇ ਬਿਲਗਾ ਜੀ ਨੂੰ ਉਦਘਾਟਨੀ ਤਕਰੀਰ ਲਈ ਖੜ੍ਹਾ ਕਰ ਦਿੱਤਾ। ਇਨ੍ਹਾਂ ਕਿਹਾ ਸੀ ਕਿ ਗੱਲ ਤਾਂ ਮੈਂ ਸੁਣਾਉਣੀ ਸੀ ਮੁੱਖ ਮੰਤਰੀ ਨੂੰ ਕਿ ਪੰਜਾਬ ਦੇ ਪਾਣੀ ਦੀ ਪੱਧਰ ਹੇਠਾਂ ਜਾ ਰਹੀ ਹੈ। ਇਸ ਦੇ ਪ੍ਰਬੰਧ ਦੀ ਸੋਚਣ। ਹੋਰ ਨਹੀਂ ਤਾਂ ਦਰਿਆ ਸਤਲੁਜ ਉੱਪਰ ਤਲਵਣ ਦੇ ਨੇੜੇ ਤੇੜੇ ਬੰਨ੍ਹ ਹੀ ਮਾਰ ਦੇਣ ਜਿਸ ਨਾਲ ਧਰਤੀ ਦਾ ਪਾਣੀ ਕੁਝ ਉੱਪਰ ਆ ਸਕੇ ਪਰ ਉਹ ਆਏ ਹੀ ਨਹੀਂ।

ਪੰਜਾਬ ਤ੍ਰਾਸਦੀ ਦੇ ਦਿਨ ਸਨ। ਜਲੰਧਰ ਵਿਚ ਇਕ ਇਕੱਠ ਕੀਤਾ ਗਿਆ। ਬਾਬਾ ਜੀ ਨੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਕੜਕਵੀਂ ਆਵਾਜ਼ ਵਿਚ ਕਿਹਾ ਸੀ, "ਐ ਸਿੱਖ ਭਰਾਵੋ! ਕੋਈ ਸਮਾਂ ਸੀ ਕਿ ਜਿਸ ਬੱਸ ਵਿਚ ਇਕ ਵੀ ਸਿੱਖ ਬੈਠਾ ਹੁੰਦਾ ਸੀ ਸਾਡੀ ਬੀਬੀ ਭੈਣ ਆਪਣੀ ਇੱਜ਼ਤ ਦੀ ਸੁਰੱਖਿਆ ਸਮਝ ਕੇ ਬੇਖਟਕੀ ਉਸ ਵਿਚ ਸਵਾਰ ਹੋ ਜਾਇਆ ਕਰਦੀ ਸੀ ਪਰ ਹੁਣ ਜਦ ਬੱਸਾਂ ਵਿਚ ਸਵਾਰੀਆਂ ਕੱਢ ਕੱਢ ਕੇ ਮਾਰਨ ਦਾ ਅਮਲ ਸ਼ੁਰੂ ਹੋ ਗਿਆ ਹੈ ਤਾਂ ਉਸ ਨੂੰ ਸਵਾਰ ਹੋਣ ਤੋਂ ਪਹਿਲਾਂ ਸੌ ਵਾਰ ਸੋਚਣਾ ਪੈਂਦਾ ਹੈ। ਅਸੀਂ ਕਿੱਥੇ ਜਾ ਪਹੁੰਚੇ ਹਾਂ?"

ਬਾਬਾ ਜੀ ਸੰਗਰਾਮੀਏ ਹੋਣ ਕਾਰਨ ਮੌਤ ਤੋਂ ਡਰਦੇ ਨਹੀਂ ਸਨ। ਮਰਨ ਤਕ ਵੀ ਉਨ੍ਹਾਂ ਦੀ ਆਵਾਜ਼ ਵਿਚ ਗੜ੍ਹਕਾ ਜੁਆਨੀ ਵਾਲਾ ਹੀ ਕਾਇਮ ਸੀ। ਵਿਸ਼ੇਸ਼ ਕਰ ਕੇ ਸੁਤੰਤਰਤਾ ਸੰਗਰਾਮ ਸੰਬੰਧੀ ਜਾਂ ਸਰਕਾਰ ਨੂੰ ਗ਼ਲਤ ਨੀਤੀਆਂ ਲਈ ਕੋਸਣ ਵੇਲੇ ਉਨ੍ਹਾਂ ਦੀ ਆਵਾਜ਼ ਬੁੱਢਿਆਂ ਵਾਲੀ ਨਹੀਂ ਸੀ ਹੁੰਦੀ। ਮੈਂ ਕਈ ਵਾਰ ਹਿੱਤ ਨਾਲ ਉਨ੍ਹਾਂ ਨੂੰ ਆਪਣੀ ਸਿਹਤ ਦਾ ਖ਼ਿਆਲ ਰੱਖਣ ਲਈ ਬੇਨਤੀ ਕਰਨੀ। ਇਕ ਵਾਰ ਮੈਨੂੰ ਜਾਪਿਆ ਕਿ ਉਨ੍ਹਾਂ ਦਾ ਜਿਗਰ ਕੰਮ ਕਰਨੋਂ ਹੱਟਦਾ ਜਾਂਦਾ ਹੈ। ਮੈਂ ਸਾਵਧਾਨ ਕੀਤਾ ਤਾਂ ਕਹਿਣ ਲੱਗੇ, "ਐਨਾਂ ਚਿਰ ਜਨਮ ਲਏ ਨੂੰ ਹੋ ਗਿਆ ਹੁਣ ਮਰਨਾ ਹੀ ਨਹੀਂ?"

ਗੁਰਬਾਣੀ ਵਿਚ ਇਕ ਪੰਕਤੀ ਹੈ: 'ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ।'[28] ਜਾਪਦਾ ਸੀ ਕਿ ਬਿਲਗਾ ਜੀ ਜੀਵਨ ਜਿਉ ਕੇ ਰੱਜ ਗਏ ਸਨ।

ਅੱਜ ਬਿਲਗਾ ਜੀ ਸਾਡੇ ਵਿਚ ਨਹੀਂ। ਬੜਾ ਚਿਰ ਪਹਿਲਾਂ ਆਲਮ ਕਵੀ ਹੋਇਆ ਹੈ ਜਿਸ ਦਾ ਇਕ ਸਵੈਯਾ ਹੈ :

ਜਾਂ ਥਲ ਕੀਏ ਬਿਹਾਰ ਅਨੇਕਨ ਤਾਂ ਥਲ ਬੈਠ ਅਬ ਕੰਕਰੀ ਚੁਨਿਓ ਕਰੈਂ।
ਜਾ ਰਸਨਾ ਸਿਉਂ ਕਰੀ ਬਹੁ ਬਾਤੇਂ ਸਾ ਰਸਨਾ ਸਿਉਂ ਅਬ ਚਰਿਤਰ ਗੁਨਿਓਂ ਕਰੈਂ।
'ਆਲਮ' ਜੌਨ ਸੋਂ ਕੁੰਜਨ ਮੈਂ ਕਰੇ ਕੇਲ ਤਹਾਂ ਅਬ ਸੀਸ ਧੁਨਿਓ ਕਰੈਂ।
ਨੈਨਨ ਮੈਂ ਜੋ ਸਦਾ ਰਹਿਤੇ ਤਿਨ ਕੀ ਅਬ ਕਾਨ ਕਹਾਨੀ ਸੁਨਿਓ ਕਰੈਂ।

### ਹਵਾਲੇ ਤੇ ਟਿੱਪਣੀਆਂ


1. Distt. Gazetteer, Jullundur, Chandigarh, 1980, Bilga.
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼
3. ਉਹੀ।
4. Macauliff, MA, Sikh Religion, Oxford, 1909, p-iii, 1
5. ਭਗਤ ਸਿੰਘ ਬਿਲਗਾ, ਇਤਿਹਾਸਕ ਪਿੰਡ ਬਿਲਗਾ, ਜਲੰਧਰ, 2010, ਪੰਨਾ-57
36. ਕਰਤਾਰ ਸਿੰਘ, ਸਿੱਖ ਇਤਿਹਾਸ, ਭਾਗ ਪਹਿਲਾ, ਅੰਮ੍ਰਿਤਸਰ, 1960, ਪੰਨਾ-186
7. ਕਰਤਾਰ ਸਿੰਘ ਅਰਸ਼, ਬੁੰਡਾਲਾ ਮੰਜਕੀ ਦਾ ਇਤਿਹਾਸ, ਬੰਡਾਲਾ, 1991, ਪੰਨਾ-25
8. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਅੰਮ੍ਰਿਤਸਰ, 1962
9. ਮਹਿਤਾਬ ਸਿੰਘ, ਨਾਵਾਂ ਥਾਵਾਂ ਦਾ ਕੋਸ਼, ਅੰਮ੍ਰਿਤਸਰ, 1959, ਪੰਨਾ-72
10. ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਦਸਮ ਗ੍ਰੰਥ ਸਾਹਿਬ, ਚੰਡੀ ਦੀ ਵਾਰ, ਪ: 42

11. ਸ੍ਰੀ ਆਦਿ ਗ੍ਰੰਥ ਸਾਹਿਬ, ਪੰਨਾ-1361
12. Distt. Gazetteer, Jullundur, Chandigarh, 1980, Bilga.
13. ਭਗਤ ਸਿੰਘ ਬਿਲਗਾ, ਇਤਿਹਾਸਕ ਪਿੰਡ ਬਿਲਗਾ, ਜਲੰਧਰ, 2010, ਪੰਨਾ-40
14. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼
15. ਉਹੀ
16. ਸਵਰਨ ਸਿੰਘ ਸਨੇਹੀ, ਮੇਰੀਆਂ ਬੇਥਵੀਆਂ, ਰੋਜ਼ਾਨਾ ਨਵਾਂ ਜ਼ਮਾਨਾ, ਜਲੰਧਰ, 30-9-2001
17. ਭਗਤ ਸਿੰਘ ਬਿਲਗਾ, ਮਾਸਿਕ ਮੁਕਤੀ ਮਾਰਗ, ਫਰਵਰੀ 1997
18. ਸਵਰਨ ਸਿੰਘ ਸਨੇਹੀ, ਮੁਨਸ਼ਾ ਸਿੰਘ ਦੁਖੀ, ਪਟਿਆਲਾ, 1990
19. ਮਾਸਿਕ ਪੰਜਾਬੀ ਜਾਗ੍ਰਤੀ, ਚੰਡੀਗੜ੍ਹ, ਜੁਲਾਈ-ਅਗਸਤ-1998
20. ਤਿੰਨ ਬਾਰਾਂਮਾਹੇ, ਸ੍ਰੀ ਜੀਵਨ ਨਗਰ, (ਸਰਸਾ) ਪੋਹ 2025
21. Josh, Sohan Singh, Hindustan Gadar Party, New Delhi, 1977
22. ਸਵਰਨ ਸਿੰਘ ਸਨੇਹੀ, ਰੱਤੇ ਵਹਿਣ, ਸ੍ਰੀ ਜੀਵਨ ਨਗਰ, 1969
23. ਭਗਤ ਸਿੰਘ, ਮਾਸਿਕ ਕਿਰਤੀ, ਅੰਮ੍ਰਿਤਸਰ, ਅਕਤੂਬਰ 1928
24. Sanehi, S.S. Guru Gobind Singh As An Historian, Pb. History Conference, Proceedings, Session-xxvi
25. ਗਿ: ਹੀਰਾ ਸਿੰਘ ਦਰਦ, ਸੰਪਾ: ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਅੰਮ੍ਰਿਤਸਰ, 1964, ਪੰਨਾ-18
26. ਭਗਤ ਸਿੰਘ ਬਿਲਗਾ, ਮੁਕਤੀ ਮਾਰਗ, ਫਰਵਰੀ 1997, ਪੰਨਾ-41
27. ਭਗਤ ਸਿੰਘ ਬਿਲਗਾ, ਮੁਕਤੀ ਮਾਰਗ, ਫਰਵਰੀ 1997, ਪੰਨਾ-41
28. ਸ੍ਰੀ ਆਦਿ ਗ੍ਰੰਥ ਸਾਹਿਬ, ਪੰਨਾ-1412

# ਬਾਬਾ ਬਿਲਗਾ ਜੀ

-ਸੁਰਿੰਦਰ ਕੌਰ ਮੀਸ਼ਾ

ਗੱਲ ਦਸੰਬਰ 1978 ਦੀ ਹੈ, ਮੇਰੀ ਚੋਣ ਬਤੌਰ ਪ੍ਰਿੰਸੀਪਲ ਗੁਰੂ ਨਾਨਕ ਖ਼ਾਲਸਾ ਕਾਲਜ ਸੰਗ ਢੇਸੀਆਂ ਵਿਖੇ ਹੋਈ ਸੀ। ਮੈਂ ਉਦੋਂ ਖ਼ਾਲਸਾ ਕਾਲਜ ਜਲੰਧਰ ਵਿਖੇ ਬਤੌਰ ਲੈਕਚਰਾਰ ਪੜ੍ਹਾ ਰਹੀ ਸਾਂ। ਮੈਂ ਜਲੰਧਰੋਂ ਨੌਕਰੀ ਛੱਡ ਕੇ ਸੰਗ ਢੇਸੀਆਂ ਜਾਣ ਬਾਰੇ ਦੁਚਿੱਤੀ ਵਿਚ ਸਾਂ। ਸ਼ਾਮੀਂ ਮੈਂ ਤੇ ਮੀਸ਼ਾ ਜੀ (ਲੇਖਿਕਾ ਦੇ ਪਤੀ, ਆਲ ਇੰਡੀਆ ਰੇਡੀਓ ਦੇ ਅਧਿਕਾਰੀ ਅਤੇ ਪੰਜਾਬੀ ਦੇ ਸਿਰਮੌਰ ਕਵੀ) ਦੋਵੇਂ ਬਾਬਾ ਜੀ (ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ) ਕੋਲ ਚਲੇ ਗਏ। ਮੀਸ਼ਾ ਜੀ ਨੇ ਮੇਰੀ ਨਵੀਂ ਨੌਕਰੀ ਬਾਰੇ ਜਦ ਉਨ੍ਹਾਂ ਨੂੰ ਦੱਸਿਆ ਤਾਂ ਉਹ ਬਹੁਤ ਖ਼ੁਸ਼ ਹੋਏ ਅਤੇ ਉਨ੍ਹਾਂ ਸਾਨੂੰ ਵਧਾਈ ਦਿੱਤੀ। ਪਰ ਨਾਲ ਹੀ ਮੀਸ਼ਾ ਜੀ ਨੇ ਉਨ੍ਹਾਂ ਨੂੰ ਮੇਰੀ ਦੁਚਿੱਤੀ ਬਾਰੇ ਦੱਸਿਆ ਤਾਂ ਬਾਬਾ ਜੀ ਮੈਨੂੰ ਕਹਿਣ ਲੱਗੇ- "ਤੁਹਾਡੀ ਚੋਣ 'ਤੇ ਮੈਨੂੰ ਤਾਂ ਖ਼ੁਸ਼ੀ ਹੀ ਹੱਦੋਂ ਬਾਹਰੀ ਹੋਈ ਹੈ। ਤੁਸੀਂ ਕਿਉਂ ਸੋਚਾਂ ਵਿਚ ਪਏ ਹੋ, ਬੀਬਾ! ਮੰਨਿਆ ਕਾਲਜ ਪਿੰਡ ਵਿਚ ਹੈ, ਪਰ ਐਸੀ ਕੋਈ ਗੱਲ ਨਹੀਂ। ਕਾਲਜ ਵਿਚ ਪੜ੍ਹਦੀਆਂ ਜ਼ਿਆਦਾ ਬੱਚੀਆਂ ਦੇ ਪਿਤਾ ਜਾਂ ਭਰਾ ਕੈਨੇਡਾ, ਅਮਰੀਕਾ, ਇੰਗਲੈਂਡ ਵਰਗੇ ਮੁਲਕਾਂ ਨੂੰ ਬਾਹਰ ਗਏ ਹੋਏ ਹਨ ਤੇ ਬੱਚੀਆਂ ਨੂੰ ਪੜ੍ਹਨ ਦਾ ਸ਼ੌਕ ਹੀ ਬਹੁਤ ਹੈ। ਤੁਸੀਂ ਜਾ ਕੇ ਉਨ੍ਹਾਂ ਨੂੰ ਹੋਰ ਵੀ ਪ੍ਰੇਰਨਾ ਦੇਣੀ ਹੈ ਤੇ ਤੁਸੀਂ ਦੇਖਿਓ ਕਿੰਨਾ ਕੁਝ ਬਦਲ ਜਾਵੇਗਾ। ਤੁਹਾਨੂੰ ਬਤੌਰ ਪ੍ਰਿੰਸੀਪਲ ਕੰਮ ਕਰਕੇ ਬਹੁਤ ਚੰਗਾ ਲੱਗੇਗਾ। ਸਾਡੇ ਪਿੰਡਾਂ ਵਿਚ ਕੋਈ ਘਾਟ ਨਹੀਂ। ਤੁਹਾਨੂੰ ਭਰਪੂਰ ਸਹਿਯੋਗ ਮਿਲੇਗਾ, ਤੁਸੀਂ ਨਾਂਹ ਨਹੀਂ ਕਰਨੀ।"

ਬਾਬਾ ਜੀ ਨੇ ਜਦ ਇਸ ਤਰ੍ਹਾਂ ਮੈਨੂੰ ਹੱਲਾਸ਼ੇਰੀ ਦਿੱਤੀ ਤਾਂ ਮੈਂ ਉਥੇ ਜਾਣ ਦਾ ਮਨ ਬਣਾ ਲਿਆ ਅਤੇ ਕਾਲਜ ਦੀ ਜ਼ਿੰਮੇਵਾਰੀ ਸੰਭਾਲ ਲਈ। ਮੀਸ਼ਾ ਜੀ ਉਨ੍ਹਾਂ ਕੋਲ ਅਕਸਰ ਹੀ ਜਾਇਆ ਕਰਦੇ ਹੁੰਦੇ ਸਨ, ਉਨ੍ਹਾਂ ਹਮੇਸ਼ਾ ਕਾਲਜ ਬਾਰੇ ਅਤੇ ਮੇਰੇ ਬਾਰੇ ਮੀਸ਼ਾ ਜੀ ਨੂੰ ਪੁੱਛਣਾ। ਵਾਕਈ ਕਾਲਜ ਦੀਆਂ ਬੱਚੀਆਂ ਵਿਚ ਪੜ੍ਹਨ ਦੀ ਅਤੇ ਅੱਗੇ ਵਧਣ ਦੀ ਲਗਨ ਸੀ। ਜਿਥੇ ਕਾਲਜ ਦੀਆਂ ਵਿਦਿਆਰਥਣਾਂ ਦਾ ਨੰਬਰ ਵੱਧ ਕੇ ਦੁੱਗਣਾ, ਤਿੱਗਣਾ ਤੇ ਚੌਗੁਣਾ ਹੋ ਗਿਆ ਉਥੇ ਕਾਲਜ ਵਿਚ ਪੋਸਟ-ਗ੍ਰੈਜੂਏਟ ਕਲਾਸਾਂ ਵੀ ਆਰੰਭ ਕੀਤੀਆਂ ਗਈਆਂ। ਬਾਬਾ ਜੀ ਨੂੰ ਬਿਲਗੇ ਤੇ ਲਾਗਲੇ ਪਿੰਡਾਂ ਦੀਆਂ ਵਿਦਿਆਰਥਣਾਂ ਜਦ ਵੀ ਮਿਲਦੀਆਂ ਤੇ ਕਾਲਜ ਦੀ ਹੋ ਰਹੀ ਤਰੱਕੀ ਬਾਰੇ ਦੱਸਦੀਆਂ ਤਾਂ ਉਹ ਬਹੁਤ ਖ਼ੁਸ਼ ਹੁੰਦੇ।

ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਸਮਰਪਿਤ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੂੰ ਬਣਾਉਣ ਲਈ ਬਾਬਾ ਜੀ ਪੂਰੇ ਸਮਰਪਣ ਨਾਲ ਲੱਗੇ ਹੋਏ ਸਨ। ਉਹ ਉਥੇ ਹੀ ਰਹਿੰਦੇ ਹੁੰਦੇ

ਸਨ। ਕਈ ਵਾਰ ਮੈਂ ਵੀ ਮੀਸ਼ਾ ਜੀ ਨਾਲ ਉਨ੍ਹਾਂ ਨੂੰ ਮਿਲਣ ਚਲੀ ਜਾਂਦੀ ਸਾਂ। ਉਹ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕਰਦੇ। ਉਨ੍ਹਾਂ ਨਾਲ ਔਪਚਾਰਿਕਤਾ ਵਾਲੀ ਕੋਈ ਗੱਲ ਨਹੀਂ ਸੀ ਹੁੰਦੀ। ਸੁਖ-ਸਾਂਦ ਤੋਂ ਬਾਅਦ ਜਿਸ ਵੀ ਵਿਸ਼ੇ 'ਤੇ ਗੱਲਬਾਤ ਕਰਨੀ ਹੁੰਦੀ ਸੀ ਤਾਂ ਉਸ ਵਿਸ਼ੇ 'ਤੇ ਸਿੱਧੀ ਹੀ ਚਰਚਾ ਆਰੰਭ ਹੋ ਜਾਂਦੀ। ਰਾਜਨੀਤੀ ਬਾਰੇ, ਪੰਜਾਬ ਦੇ ਹਾਲਾਤ ਬਾਰੇ, ਸਮਾਜ ਵਿਚ ਆਉਂਦੀ ਬਦਲਾਹਟ ਬਾਰੇ, ਨੌਜਵਾਨਾਂ ਦੀ ਸੋਚ ਬਾਰੇ, ਉਨ੍ਹਾਂ ਵਿਚ ਸੇਧ ਬੜੀ ਸਪੱਸ਼ਟ ਹੁੰਦੀ ਸੀ। ਉਹ ਮਸਲੇ ਦੇ ਹੱਲ ਬਾਰੇ ਵੀ ਆਪਣੇ ਵਿਚਾਰ ਖੁੱਲ੍ਹ ਕੇ ਸਾਂਝੇ ਕਰਦੇ ਸਨ ਅਤੇ ਗ਼ਲਤ ਨੂੰ ਗ਼ਲਤ ਕਹਿਣ ਵਿਚ ਕੋਈ ਸੰਕੋਚ ਨਹੀਂ ਸਨ ਕਰਦੇ।

ਦੇਸ਼ ਭਗਤ ਯਾਦਗਾਰ ਹਾਲ ਦੀ ਪਹਿਲੀ ਮੰਜ਼ਿਲ ਉਸਰ ਜਾਣ 'ਤੇ ਹੀ ਉਸ ਵਿਚ ਸਮਾਗਮ ਹੋਣੇ ਆਰੰਭ ਹੋ ਗਏ ਸਨ, ਸਮਾਗਮਾਂ ਵੇਲੇ ਬਾਬਾ ਜੀ ਦੀ ਖੁਸ਼ੀ ਅਤੇ ਉਤਸ਼ਾਹ ਦੇਖਣ ਵਾਲੇ ਹੁੰਦੇ ਸਨ, ਇੰਜ ਲੱਗਦਾ ਜਿਵੇਂ ਆਪਣੇ ਵਿਹੜੇ ਹੋ ਰਹੇ ਕਾਜ ਦਾ ਮਾਣ ਮਹਿਸੂਸ ਕਰ ਰਹੇ ਹੋਣ। ਸਮਾਗਮਾਂ ਵੇਲੇ ਦੇਸ਼ ਭਗਤ ਸ਼ਹੀਦਾਂ ਨੂੰ ਦਿੱਤੀਆਂ ਜਾਂਦੀਆਂ ਸ਼ਰਧਾਂਜਲੀਆਂ ਬਾਬਾ ਜੀ ਨੂੰ ਬਹੁਤ ਸਕੂਨ ਦਿੰਦੀਆਂ ਲੱਗਦੀਆਂ।

ਉਹ ਗ਼ਦਰ ਪਾਰਟੀ ਦੇ ਮਹਾਨ ਥੰਮ ਸਨ। ਉਹ ਜੀਵਨ ਭਰ ਸੰਘਰਸ਼ਸ਼ੀਲ ਰਹੇ। ਦੇਸ਼ ਦੀ ਆਜ਼ਾਦੀ ਅਤੇ ਤਰੱਕੀ ਲਈ ਹਰ ਸੰਘਰਸ਼ ਵਿਚ ਅੱਗੇ ਰਹੇ। ਉਨ੍ਹਾਂ ਦੀ ਸਾਦ-ਮੁਰਾਦੀ ਪਰ ਅਤਿ ਉੱਚੇ ਆਦਰਸ਼ਾਂ ਪ੍ਰਤੀ ਸੇਧੀ ਅਤੇ ਸਮਰਪਿਤ ਜੀਵਨੀ ਵਿਚ ਬੜਾ ਕੁਝ ਸਿੱਖਣ ਅਤੇ ਅਪਨਾਉਣ ਲਈ ਹੈ। ਜਿੱਥੇ ਉਨ੍ਹਾਂ ਸਾਦਗੀ ਨੂੰ ਹਮੇਸ਼ਾ ਜੀਵਿਆ ਉਥੇ ਦਿਖਾਵੇ ਤੋਂ ਹਮੇਸ਼ਾ ਨਫ਼ਰਤ ਕੀਤੀ। ਦੇਸ਼ ਵਿਚ ਵੱਧ ਰਹੇ ਭ੍ਰਿਸ਼ਟਾਚਾਰ, ਲੁੱਟ-ਖਸੁੱਟ ਤੋਂ ਉਹ ਬਹੁਤ ਦੁਖੀ ਸਨ ਕਿਉਂਕਿ ਉਨ੍ਹਾਂ ਨੇ ਆਜ਼ਾਦੀ ਤੋਂ ਪਹਿਲਾਂ ਅਰੰਭੇ ਸੰਘਰਸ਼ ਦੌਰਾਨ ਜਿਸ ਤਰ੍ਹਾਂ ਦੇ ਸਮਾਜ ਦਾ ਸੁਪਨਾ ਸਿਰਜਿਆ ਸੀ ਉਸ ਵਿਚ ਜਾਤ-ਪਾਤ, ਊਚ-ਨੀਚ, ਫਿਰਕਾਪ੍ਰਸਤੀ, ਵਿਤਕਰੇਬਾਜ਼ੀ ਜਾਂ ਸ਼ੋਸ਼ਣ ਲਈ ਕੋਈ ਥਾਂ ਨਹੀਂ ਸੀ। ਉਨ੍ਹਾਂ ਛੋਟੇ ਹੁੰਦਿਆਂ ਤੋਂ ਹੀ ਇਨ੍ਹਾਂ ਬੁਰਾਈਆਂ ਦਾ ਡੱਟ ਕੇ ਵਿਰੋਧ ਕੀਤਾ। ਉਹ ਦੇਸ਼ ਨੂੰ ਸਵੈ-ਮਾਣ ਨਾਲ ਤਰੱਕੀ ਦੀ ਰਾਹ 'ਤੇ ਦੇਖਣਾ ਚਾਹੁੰਦੇ ਸਨ ਜਿਥੇ ਸਾਰੇ ਦੇਸ਼-ਵਾਸੀ ਖੁਸ਼ਹਾਲ ਅਤੇ ਬਰਾਬਰੀ ਦਾ ਜੀਵਨ ਜਿਊ ਸਕਣ। ਇਨ੍ਹਾਂ ਆਦਰਸ਼ਾਂ ਦੀ ਪ੍ਰਾਪਤੀ ਲਈ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਦੇਸ਼ ਭਗਤਾਂ ਨੇ ਅਨੇਕਾਂ ਕੁਰਬਾਨੀਆਂ ਦਿੱਤੀਆਂ ਹਨ। ਦੇਸ਼ ਭਗਤ ਸ਼ਹੀਦਾਂ ਨੂੰ ਅੰਗਰੇਜ਼ ਸਰਕਾਰ ਨੇ ਤਾਂ ਤਸੀਹੇ ਦਿੱਤੇ ਅਤੇ ਜ਼ੁਲਮ ਕੀਤੇ ਹੀ ਪਰ ਆਜ਼ਾਦੀ ਤੋਂ ਬਾਅਦ ਦੀਆਂ ਸਰਕਾਰਾਂ ਨੇ ਵੀ ਘੱਟ ਨਹੀਂ ਕੀਤੀ। ਉਨ੍ਹਾਂ ਦੇਸ਼ ਭਗਤਾਂ ਨੂੰ ਭਰਪੂਰ ਸਤਿਕਾਰ ਦਿੱਤਾ ਜਾਵੇ, ਉਨ੍ਹਾਂ ਦਾ ਸਹੀ ਮੁੱਲ ਪਾਇਆ ਜਾਵੇ, ਤਦ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਹੀ ਸੇਧ ਮਿਲੇਗੀ- ਇਹ ਬਾਬਾ ਜੀ ਦੇ ਵਿਚਾਰ ਸਨ।

ਦੇਸ਼ ਭਗਤ ਯਾਦਗਾਰ ਹਾਲ ਦੀ ਵਿਸ਼ਾਲ ਲਾਇਬ੍ਰੇਰੀ ਬਣਾਉਣ ਦਾ ਸਿਹਰਾ ਵੀ ਬਾਬਾ ਜੀ ਨੂੰ ਹੀ ਜਾਂਦਾ ਹੈ। ਉਨ੍ਹਾਂ ਬੜੀ ਮਿਹਨਤ ਤੇ ਲਗਨ ਨਾਲ ਇਥੇ ਇੰਨੀਆਂ ਕਿਤਾਬਾਂ ਦਾ ਸੰਗ੍ਰਹਿ ਕਰਵਾਇਆ, ਜਿਸ ਤੋਂ ਅਨੇਕਾਂ ਰਿਸਰਚ ਸਕਾਲਰ ਫਾਇਦਾ ਉਠਾ ਰਹੇ ਹਨ।

ਨੌਜਵਾਨਾਂ ਨੂੰ ਪ੍ਰੇਰਨਾ ਦੇਣੀ ਅਤੇ ਉਤਸ਼ਾਹਿਤ ਕਰਨਾ ਉਨ੍ਹਾਂ ਦਾ ਵਿਸ਼ੇਸ਼ ਗੁਣ ਸੀ, ਜਿਸ ਸਦਕਾ ਉਹ ਨੌਜਵਾਨਾਂ ਤੋਂ ਬਹੁਤ ਕੁਝ ਚੰਗਾ ਕਰਵਾ ਲੈਂਦੇ ਸਨ। ਸਮਾਜ ਦੀਆਂ ਬੁਰਾਈਆਂ

ਦੂਰ ਕਰਨ ਲਈ ਹਰ ਉੱਦਮੀ ਕੰਮ ਵਿਚ ਉਨ੍ਹਾਂ ਨੇ ਨੌਜਵਾਨਾਂ ਨੂੰ ਹਮੇਸ਼ਾਂ ਆਪਣੇ ਨਾਲ ਰੱਖਿਆ। ਨੌਜਵਾਨ ਵੀ ਹਮੇਸ਼ਾ ਉਨ੍ਹਾਂ ਦੇ ਆਦੇਸ਼ਾਂ ਦੀ ਪਾਲਣਾ ਲਈ ਤਤਪਰ ਰਹਿੰਦੇ ਸਨ ਅਤੇ ਖੁਸ਼ੀ ਮਹਿਸੂਸਦੇ ਸਨ। ਨੌਜਵਾਨਾਂ ਨੂੰ ਦਿੱਤੀ ਸੇਧ ਵਿਚ ਜਾਂ ਉਸ ਦੇ ਅਮਲ ਵਿਚ ਪੀੜ੍ਹੀ-ਪਾੜੇ ਵਾਲੀ ਘਾਟ ਨਜ਼ਰ ਨਹੀਂ ਆਈ ਕਿਉਂਕਿ ਉਹ ਨੌਜਵਾਨਾਂ ਨਾਲ ਆਪ ਵੀ ਨੌਜਵਾਨ ਸੋਚ ਵਾਲੇ ਬਣ ਜਾਂਦੇ ਸਨ। ਉਹ ਕਦੇ ਵੀ ਪਦ-ਅਧਿਕਾਰੀ ਵਾਲੇ ਰੋਹਬ ਵਾਲਾ ਵਤੀਰਾ ਨਹੀਂ ਸੀ ਰੱਖਦੇ, ਇਸ ਕਰਕੇ ਹੀ ਉਨ੍ਹਾਂ ਨੂੰ ਸਭ ਦਾ ਸਾਥ ਮਿਲ ਜਾਂਦਾ ਸੀ।

ਬਾਬਾ ਜੀ ਨੂੰ ਆਪਣੇ ਪਿੰਡ ਬਿਲਗੇ ਤੇ ਹਮੇਸ਼ਾ ਬਹੁਤ ਮਾਣ ਰਿਹਾ, ਉਨ੍ਹਾਂ ਦਾ ਉਸ ਦੀ ਤਰੱਕੀ ਵਿਚ ਬਹੁਤ ਯੋਗਦਾਨ ਰਿਹਾ। ਜਿਹੜਾ ਵਿਅਕਤੀ ਆਪਣੀ ਜਨਮ-ਭੂਮੀ ਨੂੰ ਪਿਆਰ ਕਰ ਸਕਦਾ ਹੈ ਉਹੀ ਆਪਣੇ ਦੇਸ਼ ਅਤੇ ਦੇਸ਼ ਵਾਸੀਆ ਨੂੰ ਪਿਆਰ ਕਰ ਸਕਦਾ ਹੈ। ਦੇਸ਼ ਦੇ ਸੁਨਹਿਰੇ ਭਵਿੱਖ ਲਈ ਹਰ ਦੇਸ਼ ਵਾਸੀ ਨੂੰ ਯਤਨ ਕਰਨੇ ਚਾਹੀਦੇ ਹਨ, ਬਾਬਾ ਜੀ ਇਸ ਗੱਲ 'ਤੇ ਹਮੇਸ਼ਾ ਜ਼ੋਰ ਦਿੰਦੇ ਰਹੇ। ਜਾਤ-ਪਾਤ ਅਤੇ ਧਰਮ ਤੋਂ ਉੱਪਰ ਉੱਠ ਕੇ, ਗ਼ਦਰੀ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਰੱਖਦਿਆਂ ਅਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਜਿਨ੍ਹਾਂ ਖਾਤਰ ਉਹ ਸ਼ਹੀਦ ਹੋ ਗਏ ਉਨ੍ਹਾਂ ਨੂੰ ਹਾਸਿਲ ਕਰਨ ਦੀ, ਸਾਕਾਰ ਕਰਨ ਦੀ ਲੋੜ ਹੈ। ਏਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ- ਬਾਬਾ ਬਿਲਗਾ ਜੀ ਏਹੋ ਚਾਹੁੰਦੇ ਸਨ।

***

# ਗ਼ਦਰ ਪਾਰਟੀ ਦਾ ਲੋਹ-ਪੁਰਸ਼: ਬਾਬਾ ਭਗਤ ਸਿੰਘ ਬਿਲਗਾ

-ਡਾ. ਜਸਬੀਰ ਕੌਰ ਗਿੱਲ

*ਇਕ ਸਦੀ ਮੇਰੀ ਧੂੰਆਂ ਧੂੰਆਂ, ਲਾਟ ਨਾ ਨਜ਼ਰੀਂ ਆਏ।*
*ਹਰ ਥਾਂ ਗੋਲੀ ਹਰ ਥਾਂ ਸੂਲੀ, ਵਾਟ ਨਾ ਨਜ਼ਰੀਂ ਆਏ।*
*ਮੈਂ ਕੁਰਬਾਨ ਉਨ੍ਹਾਂ ਤੋਂ ਜਿਨ੍ਹਾਂ ਜਿੰਦ ਦੇ ਬਾਲਣ ਪਾਏ।*
*ਮੈਂ ਕੁਰਬਾਨ ਉਨ੍ਹਾਂ ਤੋਂ ਜਿਨ੍ਹਾਂ ਅੱਗ ਦੇ ਕਾਜ ਰਚਾਏ।*

ਭਾਰਤ ਦੇ ਆਜ਼ਾਦੀ ਸੰਗਰਾਮ ਦਾ ਇਤਿਹਾਸ ਬੜਾ ਵਚਿੱਤਰ ਅਤੇ ਲੂੰ ਕੰਡੇ ਖੜ੍ਹੇ ਕਰਨ ਵਾਲਾ ਇਤਿਹਾਸ ਹੈ। ਇਸ ਵਿਚ ਬਹੁਤ ਕੁਝ ਵਾਪਰਿਆ ਹੈ। ਪ੍ਰੰਤੂ ਸਮੁੱਚੀ ਕ੍ਰਾਂਤੀਕਾਰੀ ਪਰੰਪਰਾ ਵਿਚ ਸਾਨੂੰ ਗ਼ਦਰ ਪਾਰਟੀ ਦੀ ਸਥਾਪਨਾ ਕਰਨ ਵਾਲੇ ਬਾਬਿਆਂ ਜਿਹੇ ਨੇਤਾ ਕਿਤੇ ਨਹੀਂ ਮਿਲਦੇ। ਅੱਧੀ ਸਦੀ ਲੰਮੇ ਜਾਨ ਹੂਲਵੇਂ ਸੰਘਰਸ਼ ਦੀ ਪਰੰਪਰਾ ਦੌਰਾਨ ਗ਼ਦਰ ਪਾਰਟੀ ਦੇ ਨਾਇਕਾਨਾ ਇਤਿਹਾਸ ਦੀ ਕੈਨਵਸ ਉੱਤੇ ਕਦੇ ਵੀ ਲੀਡਰਸ਼ਿਪ ਲਈ ਮੁਕਾਬਲੇ ਦਾ ਪਰਛਾਵਾਂ ਤੱਕ ਨਹੀਂ ਸੀ ਪਿਆ। ਇਸ ਵਿਲੱਖਣ ਪਾਰਟੀ 'ਚ ਚੋਟੀ ਦੀ ਲੀਡਰਸ਼ਿਪ ਨੂੰ ਕਦੇ ਕਿਸੇ ਦੁਆਰਾ ਪਾਰਟੀ ਛੱਡ ਜਾਣ ਦੀ ਸਮੱਸਿਆ ਦਾ ਸਾਹਮਣਾ ਨਹੀਂ ਸੀ ਕਰਨਾ ਪਿਆ। ਗ਼ਦਰ ਲਹਿਰ ਨਰੋਈ ਦੇਸ਼ ਭਗਤੀ, ਵੀਰਤਾ ਅਤੇ ਮਹਾਨ ਕੁਰਬਾਨੀਆਂ ਦੀ ਗਾਥਾ ਹੈ। ਮਹਾਨ ਗ਼ਦਰ ਪਾਰਟੀ ਦੀ ਸਥਾਪਨਾ ਪੂਰਬ ਅਤੇ ਪੱਛਮ ਦੇ ਮਿਹਨਤਕਸ਼ ਲੋਕਾਂ ਦਰਮਿਆਨ ਵਿਸ਼ਵ ਏਕਤਾ ਵੱਲ ਪਹਿਲਕਦਮੀ ਸੀ। ਇਸ ਪਾਰਟੀ ਦੀ ਸਥਾਪਨਾ ਅਮਰੀਕਾ ਵਿਚਲੇ ਭਾਰਤੀ ਦੇਸ਼ ਭਗਤਾਂ ਨੇ ਰੂਸ ਦੇ ਅਕਤੂਬਰ ਇਨਕਲਾਬ ਤੋਂ ਵੀ ਅੱਧਾ ਦਹਾਕਾ ਪਹਿਲਾਂ ਕਰ ਲਈ ਸੀ। ਗ਼ਦਰ ਪਾਰਟੀ ਨੇ 1913 ਵਿਚ ਵਿਦਰੋਹ ਦੀ ਉਸ ਧਰਤੀ ਵਿਚ ਆਪਣੀਆਂ ਜੜ੍ਹਾਂ ਮਜ਼ਬੂਤੀ ਨਾਲ ਲਾਈਆਂ ਜਿਸ ਨੇ ਉੱਤਰੀ ਅਮਰੀਕਾ ਵਿਚੋਂ ਅੰਗਰੇਜ਼ੀ ਗ਼ੁਲਾਮੀ ਨੂੰ ਸਾੜ ਕੇ ਸਵਾਹ ਕਰ ਦਿੱਤਾ ਸੀ। ਜਦੋਂ ਅਮਰੀਕਾ ਵਿਚ ਗ਼ਦਰ ਪਾਰਟੀ ਨੇ ਤਨ, ਮਨ, ਧਨ, ਵਾਰਨ ਦਾ ਸੱਦਾ ਦਿੱਤਾ ਤਾਂ ਕਾਫੀ ਮਾਤਰਾ ਵਿਚ ਤੇ ਲਗਾਤਾਰ ਧਨ ਅਤੇ ਵਲੰਟੀਅਰ ਆਉਣੇ ਸ਼ੁਰੂ ਹੋ ਗਏ। ਗ਼ਦਰ ਪਾਰਟੀ ਦੇ ਸੱਦੇ ਦੇ ਇਸ਼ਤਿਹਾਰ ਦੀ ਝਲਕ ਇਸ ਤਰ੍ਹਾਂ ਹੈ :

**ਜ਼ਰੂਰਤ ਹੈ**
ਨਿਡਰ ਬਹਾਦਰ ਸਿਪਾਹੀਆਂ ਦੀ
ਹਿੰਦੋਸਤਾਨ ਵਿਚ ਗ਼ਦਰ ਮਚਾਉਣ ਦੇ ਲਈ

ਤਨਖਾਹ — ਮੌਤ
ਇਨਾਮ — ਸ਼ਹੀਦੀ
ਪੈਨਸ਼ਨ — ਆਜ਼ਾਦੀ
ਮੁਕਾਮ — ਮੈਦਾਨ-ਏ-ਹਿੰਦੁਸਤਾਨ

ਦੇਸ਼ ਦੇ ਇਸ ਸੁਤੰਤਰਤਾ ਸੰਗਰਾਮ ਵਿਚ ਪਿੰਡ ਬਿਲਗਾ ਦੇ ਬੇਸ਼ੁਮਾਰ ਯੋਧੇ ਤਕਰੀਬਨ ਅੱਸੀ ਤੋਂ ਵੀ ਜ਼ਿਆਦਾ ਕਰੀਬ ਦੇਸ਼ਭਗਤ ਸ਼ਾਮਲ ਹੋਏ। ਇਕ ਸਮਾਂ ਤਾਂ ਅਜਿਹਾ ਆਇਆ ਜਦੋਂ ਸਾਰੇ ਪਿੰਡ ਨੇ ਹੀ ਅੰਗਰੇਜ਼ਾਂ ਵਿਰੁੱਧ ਬਗਾਵਤ ਕਰ ਦਿੱਤੀ। ਬਿਲਗੇ ਪਿੰਡ ਨੂੰ ਸ਼੍ਰੀ ਗੁਰੂ ਅਰਜਨ ਦੇਵ ਜੀ ਤੇ ਸੂਫੀ ਫ਼ਕੀਰ ਰਹਿਮਤ ਸ਼ਾਹ ਦੀ ਛੋਹ ਪ੍ਰਾਪਤ ਹੈ। ਬਿਲਗਾ ਪਿੰਡ ਦਾ ਇਤਿਹਾਸਕ, ਸਮਾਜਕ, ਰਾਜਨੀਤਿਕ, ਉਦਯੋਗਿਕ ਕਲਾਤਮਕ, ਸਾਹਿਤਕ, ਧਾਰਮਕ ਅਤੇ ਸਭਿਆਚਾਰਕ ਆਦਿਕ ਭਿੰਨ-ਭਿੰਨ ਖੇਤਰਾਂ ਵਿਚ ਬਹੁਤ ਯੋਗਦਾਨ ਹੈ। ਲੋਕਾਂ ਦੀ ਆਜ਼ਾਦੀ ਤੇ ਖੁਸ਼ਹਾਲੀ ਲਿਆਉਣ ਲਈ ਪਿੰਡ ਦਾ ਬਹੁਤ ਭਾਰੀ ਯੋਗਦਾਨ ਹੈ। ਅੱਜ ਵੀ ਅੰਤਰਰਾਸ਼ਟਰੀ ਪੱਧਰ ਉੱਪਰ ਬਿਲਗਾ ਵਾਸੀ ਹਰ ਖੇਤਰ ਵਿਚ ਆਪਣੇ ਪਿੰਡ ਬਿਲਗਾ ਦਾ ਨਾਮ ਰੋਸ਼ਨ ਕਰ ਰਹੇ ਹਨ। ਗ਼ਦਰ ਪਾਰਟੀ ਦੇ ਲੋਹ-ਪੁਰਸ਼ ਬਾਬਾ ਭਗਤ ਸਿੰਘ ਬਿਲਗਾ ਵਿਚ ਵੀ ਇਸੇ ਪਿੰਡ ਦੀ ਹੀ ਦਲੇਰੀ ਤੇ ਜੁਝਾਰੂ ਵਿਰਾਸਤ ਨੇ ਹੀ ਆਪਣੇ ਦੇਸ਼ ਅਤੇ ਲੋਕਾਂ ਖਾਤਰ ਮਰ ਮਿਟਣ ਲਈ ਜੋਸ਼ ਭਰ ਦਿੱਤਾ।

ਏਸੇ ਤਰ੍ਹਾਂ ਹੀ ਆਜ਼ਾਦੀ ਦੇ ਸੰਗਰਾਮ ਵਿਚ ਪਿੰਡ ਸੰਘਵਾਲ ਦੇ ਵੀ ਸੂਰਬੀਰ ਯੋਧੇ ਸ਼ਾਮਲ ਹੋਏ। ਪਿੰਡ ਸੰਘਵਾਲ ਗ਼ਦਰੀ ਸੂਰਬੀਰਾਂ ਦਾ ਪਿੰਡ ਹੈ। ਇਸ ਪਿੰਡ ਦੇ ਸ਼ਹੀਦ ਬੰਤਾ ਸਿੰਘ ਅਤੇ ਸ਼ਹੀਦ ਅਰੂੜ ਸਿੰਘ ਨੇ ਹੱਸ-ਹੱਸ ਕੇ ਫਾਂਸੀ ਦੇ ਰੱਸੇ ਚੁੰਮੇ। ਸ. ਸੰਤਾ ਸਿੰਘ ਨੇ ਦੇਸ਼ ਲਈ ਉਮਰ ਕੈਦ ਕੱਟੀ ਅਤੇ ਭਾਈ ਗੁਪਾਲ ਸਿੰਘ, ਭਾਈ ਬਿਸ਼ਨ ਸਿੰਘ, ਭਾਈ ਦੀਵਾਨ ਸਿੰਘ ਅਤੇ ਭਾਈ ਲੱਭੂ ਨੇ ਕਈ-ਕਈ ਸਾਲ ਜੇਲ੍ਹਾਂ ਕੱਟੀਆਂ। ਸੰਘਵਾਲ ਪਿੰਡ ਦੁਆਬੇ ਵਿਚ ਗ਼ਦਰੀ ਬਾਬਿਆਂ ਦਾ ਮੁੱਖ ਕੇਂਦਰ ਸੀ। ਸੋ ਸ਼ਹੀਦ ਬੰਤਾ ਸਿੰਘ ਦੀ ਪੋਤਰੀ ਦਾ ਸੁਭਾਗ ਪ੍ਰਾਪਤ ਹੋਣ ਕਰਕੇ ਦੇਸ਼ ਭਗਤੀ ਦੀ ਗੁੜ੍ਹਤੀ ਬਚਪਨ ਤੋਂ ਹੀ ਮਿਲੀ ਹੋਈ ਹੈ।

ਘਰ ਵਿਚ ਵੀ ਉਨ੍ਹਾਂ ਦੇਸ਼ ਭਗਤਾਂ ਦੀ ਆਮ ਚਰਚਾ ਹੁੰਦੀ ਰਹਿੰਦੀ ਸੀ। ਕਿਉਂਕਿ ਸਾਡੇ ਦਾਦੀ ਜੀ ਬੀਬੀ ਧੰਤ ਕੌਰ ਤੇ ਉਨ੍ਹਾਂ ਦਾ ਭਰਾ ਭਾਈ ਬੰਤਾ ਸਿੰਘ ਤਨੂਲੀ ਅਤੇ ਤਾਇਆ ਜੀ ਸ. ਬਖ਼ਸ਼ੀਸ਼ ਸਿੰਘ; ਪਿਤਾ ਜੀ ਸ. ਅਜੀਤ ਸਿੰਘ, ਮਾਤਾ ਜੀ ਚੰਨਣ ਕੌਰ ਅਤੇ ਗ਼ਦਰੀ ਬਾਬਾ ਸੰਤਾ ਸਿੰਘ (ਉਮਰ ਕੈਦ) ਪਾਸੋਂ ਇਨ੍ਹਾਂ ਦੇਸ਼ ਭਗਤਾਂ ਦੀਆਂ ਆਮ ਗੱਲਾਂ ਸੁਣਨ ਨੂੰ ਮਿਲਦੀਆਂ ਸਨ।

ਇਹੀ ਕਾਰਨ ਸੀ ਕਿ ਮੇਰੇ ਦਿਲ ਵਿਚ ਬਚਪਨ ਤੋਂ ਹੀ ਤੜਫ਼ ਸੀ, ਖਾਹਿਸ਼ ਸੀ ਕਿ ਕਿਹੜੇ-ਕਿਹੜੇ ਤਰੀਕਿਆਂ ਨਾਲ ਅਸੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਸਕਦੇ ਹਾਂ। ਮੇਰੇ ਭੈਣ ਭਰਾ ਅਤੇ ਮੇਰੇ ਜੀਵਨ ਸਾਥੀ ਡਾ. ਜੀ.ਐਸ. ਗਿੱਲ ਐਮ.ਐਸ. ਜਨਤਾ ਹਸਪਤਾਲ ਨੇ ਮੇਰੀਆਂ ਸ਼ਹੀਦਾਂ ਪ੍ਰਤੀ ਖਾਹਿਸ਼ਾਂ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਬਹੁਤ ਮੱਦਦ ਕੀਤੀ। ਪਰ ਅਸਲੀ ਇਨ੍ਹਾਂ ਉਦੇਸ਼ਾਂ ਨੂੰ ਪੂਰਾ ਕਰਨ ਦਾ ਬਹੁਤ ਤੇਜ਼ ਹੁਲਾਰਾ ਉਦੋਂ ਮਿਲਿਆ ਜਦੋਂ ਮਹਾਨ ਹਸਤੀ ਬਾਬਾ ਭਗਤ ਸਿੰਘ ਬਿਲਗਾ ਜੀ ਦੇ 1991 ਵਿਚ ਦਰਸ਼ਨ ਹੋਏ। ਸੱਚਮੁਚ ਹੀ ਮੈਨੂੰ ਇਸ ਤਰ੍ਹਾਂ ਜਾਪਿਆ ਕਿ ਸਾਰੇ ਗ਼ਦਰੀ ਬਾਬੇ ਮਿਲ ਗਏ ਹਨ ਕਿਉਂਕਿ ਇਨ੍ਹਾਂ ਵਿਚ ਬਾਬਾ ਸੋਹਣ ਸਿੰਘ

ਭਕਨੇ ਵਰਗਾ ਜੋਸ਼ ਤੇ ਸਬਰ, ਸ਼ਹੀਦ ਕਰਤਾਰ ਸਿੰਘ ਸਰਾਭਾ ਜਿਹੀ ਤੀਖਣ ਬੁੱਧੀ ਤੇ ਨਿਡਰਤਾ, ਸ਼ਹੀਦ ਊਧਮ ਸਿੰਘ ਜਿਹਾ ਦ੍ਰਿੜ ਤੇ ਪਰਪੱਕ ਇਰਾਦਾ, ਸ਼ਹੀਦ ਭਗਤ ਸਿੰਘ ਜਿਹੀ ਦਲੇਰੀ ਤੇ ਇਨਕਲਾਬੀ ਸੋਚ, ਸ਼ਹੀਦ ਬੰਤਾ ਸਿੰਘ ਸੰਘਵਾਲ ਜਿਹਾ ਹੌਸਲਾ ਤੇ ਤਿਆਗ। ਸੋ ਇਸ ਤਰ੍ਹਾਂ ਲੱਗਿਆ ਕਿ ਇਨ੍ਹਾਂ ਵਿਚੋਂ ਸਾਰੇ ਦੇਸ਼ ਭਗਤਾਂ ਦੇ ਪਿਆਰ ਤੇ ਉਤਸ਼ਾਹ ਦਾ ਨਿੱਘ ਮਾਣ ਰਹੇ ਹਾਂ।

ਮਹਾਨ ਸੁਤੰਤਰਤਾ ਸੰਗਰਾਮੀ ਬਾਬਾ ਭਗਤ ਸਿੰਘ ਬਿਲਗਾ ਬਾਰੇ ਬੋਲਦਿਆਂ, ਸੁਣਦਿਆਂ, ਵਿਚਾਰਦਿਆਂ, ਲਿਖਦਿਆਂ ਗ਼ਦਰ ਲਹਿਰ ਦਾ ਸਮੁੱਚਾ ਇਤਿਹਾਸ ਆਜ਼ਾਦੀ ਤੋਂ ਪਹਿਲਾਂ ਵਿਸ਼ੇਸ਼ ਕਰਕੇ ਅਤੇ ਆਜ਼ਾਦੀ ਉਪਰੰਤ ਆਮ ਕਰਕੇ, ਸਾਡੀਆਂ ਅੱਖਾਂ ਸਾਹਮਣੇ ਇਕ ਰੀਲ ਦੀ ਤਰ੍ਹਾਂ ਘੁੰਮਦਾ ਨਜ਼ਰ ਆਉਂਦਾ ਹੈ। ਗ਼ਦਰ ਲਹਿਰ ਦਾ ਇਤਿਹਾਸ ਏਨਾ ਮਹਾਨ ਕਿਵੇਂ ਬਣਿਆ, ਇਸ ਵਿਚ ਏਨੇ ਸੁਨਹਿਰੀ ਪੱਤਰੇ ਕਿਵੇਂ ਜੁੜੇ, ਮੁਲਕ ਦੀ ਆਜ਼ਾਦੀ ਲਈ ਅਜਿਹੀਆਂ ਪੈੜਾਂ ਕਿਵੇਂ ਪਈਆਂ, ਜਿਨ੍ਹਾਂ ਦੀਆਂ ਅਜ਼ੀਮ ਕੁਰਬਾਨੀਆਂ ਨੇ ਇਨ੍ਹਾਂ ਪੈੜਾਂ ਨੂੰ ਹੋਰ ਪੱਕਿਆਂ ਹੀ ਨਹੀਂ ਕੀਤਾ, ਸਗੋਂ ਗਰੀਬੀ, ਭੁੱਖਮਰੀ, ਜ਼ਹਾਲਤ, ਅਨਪੜ੍ਹਤਾ ਤੇ ਸਰਮਾਏਦਾਰੀ ਦੇ ਦੈਂਤ ਦੀ ਮਾਰ ਝੱਲਦੇ ਲੋਕਾਂ ਦੀ ਹਰ ਮੋਰਚੇ 'ਤੇ ਅਗਵਾਈ ਕੀਤੀ ਹੈ।

ਬਾਬਾ ਬਿਲਗਾ ਲੋਕਾਂ ਦੀ ਆਜ਼ਾਦੀ ਲਈ ਇਕ ਸੰਘਰਸ਼ਮਈ ਸਦੀ ਦਾ ਜਿਉਂਦਾ ਜਾਗਦਾ, ਚਲਦਾ ਫਿਰਦਾ ਇਤਿਹਾਸ ਸੀ। ਇਸ ਇਤਿਹਾਸ ਨੂੰ ਸਾਂਭਣ ਲਈ ਤੇ ਖੋਜਣ ਲਈ ਬਾਬਾ ਜੀ ਨਾਲ ਬੜੀ ਵਾਰ ਵਿਚਾਰਾਂ ਹੋਈਆਂ। ਜਦੋਂ ਬਾਬਾ ਜੀ ਨੇ ਆਪਣੀ ਜ਼ਿੰਦਗੀ ਦੇ ਮੁਸੀਬਤਾਂ ਭਰੇ ਦੌਰਾਂ ਬਾਰੇ ਦੱਸਣਾ ਤਾਂ ਸੁਣ ਕੇ ਮਨ ਕਈ ਵਾਰ ਭਰ ਆਉਣਾ ਅਤੇ ਮੈਂ ਅਕਸਰ ਬਾਬਾ ਜੀ ਨੂੰ ਕਹਿਣਾ ਕਿ ਤੁਸੀਂ ਆਪਣੀ ਦੁਸ਼ਵਾਰੀਆਂ ਭਰੀ ਸਵੈ ਜੀਵਨੀ ਜ਼ਰੂਰ ਲਿਖੋ ਤਾਂ ਜੋ ਇਸ ਤੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸੇਧ ਲੈ ਸਕਣਗੀਆਂ ਕਿ ਕਿੱਦਾਂ ਕਿੱਦਾਂ ਔਕੜਾਂ ਵਿਚੋਂ ਗੁਜ਼ਰਦੇ ਹੋਏ ਬਾਬਿਆਂ ਨੇ ਇਹ ਆਜ਼ਾਦੀ ਪ੍ਰਾਪਤੀ ਕੀਤੀ ਹੈ ਅਤੇ ਇਸ ਦੀ ਸਾਂਭ-ਸੰਭਾਲ ਵੀ ਤਿਆਗ ਤੇ ਕੁਰਬਾਨੀਆਂ ਮੰਗਦੀ ਹੈ। ਪਰ ਬਾਬਾ ਜੀ ਨੇ ਕਹਿਣਾ ਕਿ ਦੇਸ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ ਤਾਂ ਕਿ ਭਾਰਤੀ ਲੋਕ ਖੁਸ਼ਹਾਲ ਹੋਣ। ਜਾਤ ਪਾਤ, ਫਿਰਕੂਵਾਦ, ਭ੍ਰਿਸ਼ਟਾਚਾਰ ਤੇ ਸਰਕਾਰੀ ਜ਼ੁਲਮ ਖਤਮ ਹੋਵੇ ਪਰ ਅਜਿਹਾ ਹੋਇਆ ਨਹੀਂ ਬਲਕਿ ਹੋਰ ਵੀ ਵੱਧ ਰਿਹਾ ਹੈ। ਸੋ ਜੋ ਅਸੀਂ ਚਾਹੁੰਦੇ ਸੀ ਉਹ ਸੁਪਨਾ ਅਜੇ ਸਾਕਾਰ ਨਹੀਂ ਹੋਇਆ। ਮੈਂ ਆਪਣੇ ਬਾਰੇ ਕੀ ਲਿਖਾਂ? ਮੈਂ ਤਾਂ ਆਪਣੇ ਦੇਸ਼ ਲਈ ਕੁਝ ਕੁ ਫਰਜ਼ ਅਦਾ ਕਰ ਸਕਿਆ ਹਾਂ ਪਰ ਅਜੇ ਤਾਂ ਬਹੁਤ ਕੁਝ ਪ੍ਰਾਪਤ ਕਰਨਾ ਬਾਕੀ ਹੈ। ਮੈਂ ਤਾਂ ਆਪਣੇ ਆਲੇ ਦੁਆਲੇ ਉਨ੍ਹਾਂ ਲੋਕਾਂ ਨੂੰ ਦੇਖ ਰਿਹਾ ਹਾਂ ਜਿਨ੍ਹਾਂ ਦੀ ਸਾਰੀ ਉਮਰ ਹੀ ਤੰਗੀ ਵਿਚ ਲੰਘ ਗਈ ਅਤੇ ਕਈ ਤਾਂ ਇਨ੍ਹਾਂ ਆਰਥਿਕ ਤੰਗੀਆਂ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ। ਸੋ ਇਨ੍ਹਾਂ ਦਰਦ ਭਰੇ ਅਹਿਸਾਸਾਂ ਦੇ ਕਾਰਨ ਬਾਬਾ ਜੀ ਦਾ ਆਪਣੇ ਬਾਰੇ ਲਿਖਣ ਲਈ ਦਿਲ ਹੀ ਨਹੀਂ ਕੀਤਾ। ਸੋ ਬਾਬਾ ਜੀ ਨਾਲ ਘੰਟਿਆਂਬੱਧੀ ਵਿਚਾਰਾਂ ਹੋਈਆਂ।

ਪਰ ਮੇਰੇ ਦਿਲ ਵਿਚ ਬੜੀ ਦੇਰ ਤੋਂ ਇਹ ਤਮੰਨਾ ਸੀ ਕਿ ਬਾਬਾ ਜੀ ਦੇ ਸੰਘਰਸ਼ਮਈ ਜੀਵਨ ਗਾਥਾ ਨੂੰ ਇਕ ਲੜੀ ਵਿਚ ਪਰੋ ਕੇ ਕਿਤਾਬ ਦੇ ਰੂਪ ਵਿਚ ਲੋਕਾਂ ਦੇ ਸਾਹਮਣੇ ਲਿਆਂਦਾ ਜਾ ਸਕੇ। ਬਾਬਾ ਜੀ ਨਾਲ ਘੰਟਿਆਂ ਬੱਧੀ ਵਿਚਾਰ-ਵਟਾਂਦਰੇ ਕੀਤੇ। ਉਨ੍ਹਾਂ ਨਾਲ ਆਪਸੀ ਵਿਚਾਰ-ਵਟਾਂਦਰਾ ਕਰਦੇ ਹੋਏ ਕਾਫੀ ਕੁਝ ਪਤਾ ਲੱਗਿਆ। ਉਨ੍ਹਾਂ ਦੇ ਵਿਚਾਰਾਂ ਨੂੰ ਟੇਪ ਰਿਕਾਰਡ

ਵੀ ਕੀਤਾ। ਮੇਲਿਆਂ ਉੱਪਰ ਦਿੱਤੇ ਗਏ ਭਾਸ਼ਣਾਂ ਨੂੰ ਸੁਣਿਆ, ਲਿਖਿਆ, ਅਖ਼ਬਾਰਾਂ ਵਿਚੋਂ ਉਨ੍ਹਾਂ ਦੇ ਵਿਚਾਰ ਸਾਂਭੇ ਅਤੇ ਉਨ੍ਹਾਂ ਦੇ ਮੂੰਹੋਂ ਸੁਣੀਆਂ ਵਾਸਤਵਿਕ ਘਟਨਾਵਾਂ ਨੂੰ ਅਮਲੀ ਰੂਪ ਦੇਣ ਦਾ ਹੌਸਲਾ ਕੀਤਾ। ਉਨ੍ਹਾਂ ਦੇ ਵਿਚਾਰ, ਸਿਧਾਂਤ, ਜੀਵਨ ਇਤਿਹਾਸ ਇਕ ਅਜ਼ੀਮ ਅਮੁੱਲਾ ਖਜ਼ਾਨਾ ਹੈ। ਇਕ ਗਹਿਰਾ ਅਤੇ ਵਿਸ਼ਾਲ ਸਾਗਰ ਹੈ। ਇਸ ਨੂੰ ਸਾਂਭਣ ਦਾ, ਬੁਲੰਦ ਕਰਨ ਦਾ ਮੇਰੇ ਵੱਲੋਂ ਇਕ ਨਿਗੂਣਾ ਜਿਹਾ ਉਪਰਾਲਾ ਕੀਤਾ ਗਿਆ ਜੋ ਮੈਂ ਬਾਬਾ ਜੀ ਦੇ ਬਾਰੇ ਪੁਸਤਕ **'ਗ਼ਦਰ ਪਾਰਟੀ ਦਾ ਲੋਹ ਪੁਰਸ਼ ਬਾਬਾ ਭਗਤ ਸਿੰਘ ਬਿਲਗਾ'** ਦੇ ਰੂਪ ਵਿਚ ਪੇਸ਼ ਕੀਤੀ। ਮੈਨੂੰ ਇਸ ਗੱਲ ਦੀ ਬੇਹੱਦ ਸੰਤੁਸ਼ਟੀ ਹੈ ਕਿ ਮੈਂ ਇਹ ਕਿਤਾਬ ਬਾਬਾ ਜੀ ਨੂੰ ਪੜ੍ਹ ਕੇ ਸੁਣਾਈ ਤੇ ਬਾਬਾ ਜੀ ਨੇ ਆਪਣੇ ਸ਼ੁਭ ਤੇ ਪਵਿੱਤਰ ਕਰ ਕਮਲਾਂ ਨਾਲ ਇਸ ਨੂੰ 'ਮੇਲਾ ਗ਼ਦਰੀ ਬਾਬਿਆਂ ਦਾ 2008' ਸਮੇਂ ਰਿਲੀਜ਼ ਕੀਤਾ।

ਬਾਬਾ ਭਗਤ ਸਿੰਘ ਬਿਲਗਾ ਜੀ ਦਾ ਜਨਮ 2 ਅਪ੍ਰੈਲ 1907 ਨੂੰ ਇਕ ਰੱਜੇ ਪੁੱਜੇ ਸੁਲਝੇ ਖਾਨਦਾਨ ਵਿਚ ਹੋਇਆ। ਇਨ੍ਹਾਂ ਦੇ ਪਿਤਾ ਜੀ ਦਾ ਨਾਮ ਸ. ਹੀਰਾ ਸਿੰਘ ਨੰਬਰਦਾਰ ਤੇ ਮਾਤਾ ਦਾ ਨਾਮ ਮਾਲਣ ਸੀ। ਇਨ੍ਹਾਂ ਨੂੰ ਜਨਮ ਤੋਂ ਹੀ ਸੰਘਰਸ਼ ਦੀ ਪਾਣ ਚੜ੍ਹ ਗਈ ਕਿਉਂਕਿ ਅਜੇ 1½ ਸਾਲ ਦੇ ਸੀ ਜਦੋਂ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਇਨ੍ਹਾਂ ਦੇ ਬਜ਼ੁਰਗਾਂ ਨੇ ਸ਼ੁਰੂ ਤੋਂ ਹੀ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕੀਤੀ ਸੀ।

ਬਾਬਾ ਬਿਲਗਾ ਜੀ ਦੇ ਪਿਤਾ ਸ. ਹੀਰਾ ਸਿੰਘ ਨੰਬਰਦਾਰ ਦੂਰਅੰਦੇਸ਼ੀ ਅਤੇ ਉਚੀ ਸੋਚ ਦੇ ਮਾਲਕ ਸਨ ਅਤੇ ਉਸ ਸਮੇਂ ਸਮਾਜ ਵਿਚ ਬਹੁਤ ਸਾਰੀਆਂ ਕੁਰੀਤੀਆਂ ਫੈਲੀਆਂ ਹੋਈਆਂ ਸਨ ਉਨ੍ਹਾਂ ਦਾ ਸ. ਹੀਰਾ ਸਿੰਘ ਨੇ ਡੱਟ ਕੇ ਵਿਰੋਧ ਕੀਤਾ ਲੁੱਟ-ਖੋਹ ਨੂੰ ਖਤਮ ਕਰਨ, ਕੁੜੀਆਂ ਨੂੰ ਮਾਰਨ ਵਿਰੁੱਧ ਡੱਟ ਕੇ ਖੜ੍ਹੇ ਹੋਣਾ, ਬਾਲ ਵਿਆਹ ਦੀ ਵਿਰੋਧਤਾ ਕਰਨਾ, ਕੁੜੀਆਂ ਦਾ ਪਾਲਣ ਪੋਸ਼ਣ ਵਧੀਆ ਤਰੀਕੇ ਨਾਲ ਕਰਨਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦੇਣ ਲਈ ਆਪਣੇ ਵੱਡੇ ਲੜਕੇ ਦਾ ਨਾਮ ਰਾਮ ਬਖਸ਼ ਰੱਖਿਆ।

ਬਾਬਾ ਜੀ ਦਾ ਖਾਨਦਾਨ ਵਧੀਆ ਚੱਲ ਰਿਹਾ ਸੀ ਕਿ ਇਨ੍ਹਾਂ ਦੇ ਸ਼ਰੀਕਾਂ ਨੇ ਈਰਖਾ ਕਾਰਨ ਮੁਕੱਦਮੇ ਉਪਰ ਮੁਕੱਦਮਾ ਸ਼ੁਰੂ ਕਰ ਦਿੱਤਾ। ਜਿਸ ਕਾਰਨ ਕਰਜ਼ੇ ਉੱਪਰ ਕਰਜ਼ਾ ਚੜ੍ਹ ਗਿਆ। ਘਰ ਨਿਲਾਮ ਹੋ ਗਿਆ। ਬਾਬਾ ਜੀ ਨਾਨਕੇ ਪਿੰਡ ਚਲੇ ਗਏ। ਉਥੇ ਆਪਣੇ ਮਾਸੜ ਸ. ਸੋਹਣ ਸਿੰਘ ਜੀ ਤੇ ਨਾਨੀ ਮਾਤਾ ਹਰ ਕੌਰ ਕੋਲ ਰਹੇ। ਇਹ ਦੋਵੇਂ ਹੀ ਗੁਰਬਾਣੀ ਵਿਚ ਅਟੁੱਟ ਵਿਸ਼ਵਾਸ ਰੱਖਦੇ ਸਨ। ਬਾਣੀ ਦਾ ਪ੍ਰਭਾਵ ਬਾਬਾ ਜੀ ਉੱਪਰ ਇਨ੍ਹਾਂ ਦੋਹਾਂ ਦਾ ਪਿਆ। ਖਾਲਸਾ ਮਿਡਲ ਸਕੂਲ ਚੂਹੜਚੱਕ ਦੇ ਮਾਸਟਰ ਲੋਕ ਰਾਜ ਤੇ ਸ਼ਮਸ਼ੇਰ ਸਿੰਘ ਕੌਮੀ ਖਿਆਲਾਂ ਦੇ ਸਨ। ਬਾਬਾ ਜੀ ਉੱਪਰ ਉਨ੍ਹਾਂ ਦੇ ਵਿਚਾਰਾਂ ਦਾ ਕਾਫੀ ਪ੍ਰਭਾਵ ਪਿਆ। ਇਸੇ ਤਰ੍ਹਾਂ ਦੇਸ਼ ਭਗਤੀ ਦੀ ਤੇ ਗ਼ਦਰ ਪਾਰਟੀ ਬਾਰੇ ਲਗਨ ਬਾਬਾ ਜੀ ਨੂੰ ਬਾਬਾ ਰੂੜ ਸਿੰਘ ਦੇ ਘਰੋਂ ਲੱਗੀ। ਮਾਲਵਾ ਹਾਈ ਸਕੂਲ ਲੁਧਿਆਣੇ ਦੇ ਵਾਤਾਵਰਣ ਨੇ ਵੀ ਬਾਬਾ ਜੀ ਉੱਪਰ ਕਾਫੀ ਅਸਰ ਦਿਖਾਇਆ।

ਮਾਲਵਾ ਖ਼ਾਲਸਾ ਹਾਈ ਸਕੂਲ ਤੋਂ ਦਸਵੀਂ ਫਸਟ ਡਿਵੀਜ਼ਨ ਵਿਚ ਪਾਸ ਕਰਨ ਦੇ ਬਾਅਦ ਬਿਲਗੇ ਆਏ ਤਾਂ ਪਿੰਡ ਬਿਲਗੇ ਵਿਚ ਗੁਰੂ ਅਰਜਨ ਦੇਵ ਜੀ ਦੇ ਗੁਰਦਵਾਰੇ ਵਿਚ ਦੇਸ਼ ਭਗਤੀ ਦੇ ਲੈਕਚਰ ਹੁੰਦੇ ਸੀ ਅਤੇ ਤੇਜਾ ਸਿੰਘ ਸੁਤੰਤਰ ਦੇ ਲੈਕਚਰਾਂ ਨੇ ਵੀ ਬਾਬਾ ਜੀ ਨੂੰ ਬਹੁਤ ਪ੍ਰਭਾਵਿਤ ਕੀਤਾ। ਦੇਸ਼ ਭਗਤੀ ਦਾ ਪ੍ਰਭਾਵ ਹੋਰ ਵੀ ਗੂੜਾ ਹੋ ਗਿਆ ਏਸੇ ਕਾਰਨ ਸਰਕਾਰੀ

ਨੌਕਰੀ ਨੂੰ ਠੁਕਰਾ ਦਿੱਤਾ ਅਤੇ ਆਪਣੇ ਭਰਾ ਰਾਮ ਬਖਸ਼ ਨੂੰ ਦੱਸ ਦਿੱਤਾ ਕਿ "ਮੈਂ ਗੌਰਮਿੰਟ ਦੀ ਨੌਕਰੀ ਨਹੀਂ ਕਰਨੀ ਮੈਂ ਬਾਹਰ ਜਾਣਾ ਹੈ ਤੇ ਮੈਨੂੰ ਕਿਰਾਏ ਦਾ ਇੰਤਜਾਮ ਕਰ ਦਿਉ ਮੈਂ ਬਾਹਰ ਜਾ ਕੇ ਕੰਮ ਕਰਾਂਗਾ ਅਤੇ ਨਾਲੇ ਘਰ ਦਾ ਕਰਜ਼ਾ ਉਤਾਰ ਦਊਗਾ ਉਸ ਤੋਂ ਪਿਛੋਂ ਮੈਂ ਦੇਸ਼ ਦੀ ਅਜ਼ਾਦੀ ਲਈ ਕੰਮ ਕਰਨਾ ਹੈ।" ਸਿਰ ਉਪਰ ਕਰਜ਼ਾ ਹੋਣ ਕਾਰਨ ਸ਼ਾਹੂਕਾਰਾਂ ਤੋਂ ਸਖ਼ਤ ਨਫਰਤ ਹੋ ਗਈ ਸੀ। ਕਾਂਗਰਸ ਅਤੇ ਅਕਾਲੀਆਂ ਦੇ ਅੰਦੋਲਨਾਂ ਅਤੇ 1915 ਦੇ ਗ਼ਦਰੀ ਬਾਬੇ ਜਿਹੜੇ ਅਮਰੀਕਾ ਕੈਨੇਡਾ ਤੋਂ ਵਾਪਸ ਆ ਗਏ ਸਨ ਉਹ ਗ਼ਦਰ ਗੂੰਜਾਂ ਵਿਚੋਂ ਬਹੁਤ ਕੁਝ ਗਾ ਗਾ ਕੇ ਸੁਣਾਉਂਦੇ ਉਨ੍ਹਾਂ ਨੂੰ ਸਾਰੇ ਪਿੰਡ ਬਿਲਗੇ ਵਾਲੇ ਦੇਸ਼ ਭਗਤ ਬਾਬੇ ਕਹਿੰਦੇ ਸਨ। ਉਸ ਵੇਲੇ ਸਾਰੇ ਹਿੰਦੂ ਸਿੱਖ ਮੁਸਲਮਾਨ ਇਕੱਠੇ ਹੋ ਕੇ ਦੇਸ਼ ਭਗਤੀ ਦੇ ਲੈਕਚਰ ਕਰਦੇ ਅਤੇ ਦੇਸ਼ ਨੂੰ ਅਜ਼ਾਦ ਕਰਾਉਣ ਬਾਰੇ ਜ਼ਿਆਦਾ ਜ਼ੋਰ ਦਿੰਦੇ। ਜਿਥੇ ਹੋਰ ਦੇਸ਼ ਭਗਤਾਂ ਅਤੇ ਗ਼ਦਰੀ ਬਾਬਿਆਂ ਦਾ ਬਾਬਾ ਜੀ ਉੱਪਰ ਪ੍ਰਭਾਵ ਪਿਆ। ਉਥੇ ਬਿਲਗੇ ਪਿੰਡ ਦਾ ਹੀ ਮਜ਼੍ਹਬੀ ਸਿੱਖ ਭਾਈ ਸੱਫਾ ਸਿੰਘ ਉਸਦਾ ਬਾਬਾ ਬਿਲਗਾ ਜੀ ਉਪਰ ਬਹੁਤ ਪ੍ਰਭਾਵ ਪਿਆ ਉਹ ਵੀ ਕੈਨੇਡਾ ਤੋਂ ਗ਼ਦਰੀ ਬਾਬਿਆਂ ਦੇ ਨਾਲ ਹੀ ਆਇਆ ਸੀ ਏਥੇ ਆ ਕੇ ਉਸਨੇ ਅੰਤਾਂ ਦੀ ਗ਼ਰੀਬੀ ਕੱਟੀ ਪਰ ਮਿਹਨਤ ਕਰਕੇ ਆਪਣਾ ਗੁਜਾਰਾ ਚਲਾਉਂਦਾ ਰਿਹਾ ਕਿਸੇ ਅੱਗੇ ਝੁਕਿਆ ਨਹੀਂ। ਬਾਬਾ ਜੀ ਕਹਿੰਦੇ ਸੀ ਕਿ ਇਸ ਚੀਜ਼ ਦਾ ਮੇਰੇ ਉੱਪਰ ਬਹੁਤ ਅਸਰ ਹੋਇਆ ਕਿ ਦੇਖ ਲਉ ਏਨੀ ਗ਼ਰੀਬੀ ਪਰ ਫਿਰ ਵੀ ਕਿਸੇ ਅੱਗੇ ਝੁਕਦਾ ਨਹੀਂ। ਕਾਂਗਰਸ ਮੂਵਮੈਂਟ ਤੇ ਅਕਾਲੀ ਮੂਵਮੈਂਟ ਦਾ ਵੀ ਬਾਬਾ ਜੀ ਉੱਪਰ ਅਸਰ ਪਿਆ। ਪਿੰਡ ਬਿਲਗੇ ਵਿਚ ਵੱਖ-ਵੱਖ ਜਲਸੇ ਹੁੰਦੇ ਰਹਿੰਦੇ ਸਨ ਅਤੇ ਕਦੇ ਕਿਤੇ ਹਿੰਦੂਆਂ ਨੇ ਬੋਲਣ ਲੱਗਣਾ ਤਾਂ ਕਹਿਣਾ ਰਾਮ-ਰਾਮ ਨਾ ਸਹੀ ਅੱਲਾ ਅੱਲਾ ਕਹਿ ਲਵਾਂਗੇ ਤੇ ਜੇ ਕਿਸੇ ਮੁਸਲਮਾਨ ਮੌਲਵੀ ਨੇ ਬੋਲਣ ਲੱਗਣਾ ਤਾਂ ਉਸਨੇ ਕਹਿਣਾ ਖੁਦਾ-ਖੁਦਾ ਨਾ ਸਹੀ, ਰਾਮ-ਰਾਮ ਕਹਿ ਲਵਾਂਗੇ। ਇਸ ਤਰ੍ਹਾਂ ਧਰਮ-ਨਿਰਪੱਖਤਾ ਦੀ ਗੁੜ੍ਹਤੀ ਬਾਬਾ ਜੀ ਨੂੰ ਬਚਪਨ ਵਿਚ ਹੀ ਮਿਲੀ ਜੋ ਅਗਾਂਹ ਜਾ ਕੇ ਉਨ੍ਹਾਂ ਦੀ ਬਹੁਤ ਵੱਡੀ ਤਾਕਤ ਬਣ ਗਈ।

ਬਾਬਾ ਜੀ ਦੇ ਦਿਲ ਵਿਚ ਦੇਸ਼ ਨੂੰ ਅਜ਼ਾਦ ਕਰਾਉਣ ਦੀ ਇਕ ਚੇਟਕ ਲੱਗ ਗਈ ਪਰ ਉਨ੍ਹਾਂ ਨੂੰ ਇਹ ਮਹਿਸੂਸ ਸੀ ਕਿ ਮੈਂ ਏਨੇ ਕਰਜ਼ੇ ਦੇ ਹੁੰਦਿਆਂ ਘਰਦਿਆਂ ਨੂੰ ਏਮੇ ਤਰ੍ਹਾਂ ਛੱਡ ਕੇ ਆਪਣਾ ਕੰਮ ਦੇਸ਼ ਦੀ ਅਜ਼ਾਦੀ ਲਈ ਪੂਰੀ ਤਰ੍ਹਾਂ ਨਹੀਂ ਕਰ ਸਕਦਾ ਸੋ ਉਨ੍ਹਾਂ ਨੇ ਵਿਦੇਸ਼ ਜਾਣ ਦਾ ਪੱਕਾ ਮਨ ਬਣਾ ਲਿਆ। ਬੜੀ ਮੁਸ਼ਕਲ ਨਾਲ ਪਾਸਪੋਰਟ ਬਣਾਇਆ। 1926 ਵਿਚ ਬਾਬਾ ਜੀ ਸਮੁੰਦਰੀ ਜਹਾਜ਼ ਦੇ ਰਾਹੀਂ ਵੱਖ-ਵੱਖ ਦੇਸ਼ਾਂ ਵਿਚੋਂ ਹੁੰਦੇ ਹੋਏ ਨਵੇਂ ਲੋਕਾਂ ਨੂੰ ਮਿਲਦੇ ਹੋਏ ਨਵੀਆਂ ਜਗ੍ਹਾ ਨੂੰ ਦੇਖਦੇ ਹੋਏ ਸਿੰਘਾਪੁਰ, ਬਰਮਾ, ਮਲੇਸ਼ੀਆ, ਹਾਂਗਕਾਂਗ, ਜਾਪਾਨ, ਚੀਨ, ਅਮਰੀਕਾ, ਮੈਕਸੀਕੋ, ਪਨਾਮਾ ਆਦਿ ਵਿਚੋਂ ਲੰਘ ਕੇ ਅਥਾਹ ਮੁਸੀਬਤਾਂ ਵਿਚੋਂ ਗੁਜਰਦੇ ਹੋਏ ਅਖੀਰ ਅਰਜਨਟਾਈਨਾ ਪਹੁੰਚ ਗਏ।

ਬਹੁਤ ਹੀ ਮੁਸ਼ਕਿਲਾਂ ਨਾਲ ਵੱਖ-ਵੱਖ ਦੇਸ਼ਾਂ ਵਿਚੋਂ ਹੁੰਦੇ ਹੋਏ ਤਿੰਨ ਮਹੀਨੇ ਬਾਅਦ 1926 ਵਿਚ ਅਰਜਨਟਾਈਨਾ ਪਹੁੰਚ ਗਏ। ਉਥੇ ਭਾਈ ਰਤਨ ਸਿੰਘ, ਸ. ਅਜੀਤ ਸਿੰਘ (ਸ. ਭਗਤ ਸਿੰਘ ਦੇ ਚਾਚਾ ਜੀ), ਸ. ਤੇਜਾ ਸਿੰਘ ਸੁਤੰਤਰ ਵੀ ਪਹੁੰਚੇ ਹੋਏ ਸਨ। ਬਾਬਾ ਜੀ ਦੀ ਦੂਰਦਰਸ਼ਤਾ ਕਾਰਨ ਇਨ੍ਹਾਂ ਨੂੰ ਉਥੇ ਅਰਜਨਟਾਈਨਾ ਦੀ ਗ਼ਦਰ ਪਾਰਟੀ ਦਾ ਜਨਰਲ ਸਕੱਤਰ ਬਣਾਇਆ ਗਿਆ। ਬਾਬਾ ਜੀ ਨੇ ਭਾਈ ਰਤਨ ਸਿੰਘ ਤੇ ਬਾਬਾ ਬੂਝਾ ਸਿੰਘ ਨਾਲ ਮਿਲ ਕੇ

ਅਰਜਨਟਾਈਨਾ ਵਿਚ ਥਾਂ-ਥਾਂ ਦੌਰੇ ਕੀਤੇ। ਫੰਡ ਇਕੱਠਾ ਕਰਕੇ ਕਿਰਤੀ ਅਖ਼ਬਾਰ ਨੂੰ ਭੇਜਿਆ। ਲੋਕਾਂ ਨੂੰ ਆਪਣੇ ਦੇਸ਼ ਦੀ ਆਜ਼ਾਦੀ ਪਰਾਪਤ ਕਰਨ ਲਈ ਪ੍ਰੇਰਿਤ ਕੀਤਾ। ਬਾਬਾ ਜੀ ਦੇ ਦਿਲ ਵਿਚ ਜਿਹੜੀ ਪਹਿਲਾਂ ਹੀ ਦੇਸ਼ ਭਗਤੀ ਕੁੱਟ ਕੁੱਟ ਕੇ ਭਰੀ ਹੋਈ ਸੀ, ਬਾਹਰ ਜਾਣ ਨਾਲ ਉਸ ਵਿਚ ਹੋਰ ਵੀ ਨਿਖਾਰ ਆ ਗਿਆ।

ਬਾਬਾ ਬਿਲਗਾ ਜੀ ਜਦੋਂ ਅਰਜਨਟਾਈਨਾ ਰਹੇ ਤਾਂ ਉਥੇ ਭਾਈ ਰਤਨ ਸਿੰਘ ਦੀ ਯੋਜਨਾ ਸੀ ਕਿ ਗ਼ਦਰ ਪਾਰਟੀ ਦੇ ਸਾਰੇ ਮੈਂਬਰ ਮਾਸਕੋ ਪਹੁੰਚ ਕੇ ਈਸਟਨ ਯੂਨੀਵਰਸਿਟੀ ਤੋਂ ਟਰੇਨਿੰਗ ਲੈ ਕੇ ਹਿੰਦੋਸਤਾਨ ਜਾਣ। ਉਸ ਦਾ ਖ਼ਿਆਲ ਸੀ ਕਿ ਤੇਜਾ ਸਿੰਘ ਆਪ ਵੀ ਮਾਸਕੋ ਵਿਚ ਰਾਜਸੀ ਟ੍ਰੇਨਿੰਗ ਲਵੇ। ਇਸ ਉਤੇ ਪਾਰਟੀ ਕੇਂਦਰ ਵਿਚ ਕਾਫ਼ੀ ਵਿਚਾਰ-ਵਟਾਂਦਰਾ ਹੋਇਆ ਅਤੇ ਭਾਈ ਰਤਨ ਸਿੰਘ ਦੀ ਯੋਜਨਾ ਪ੍ਰਵਾਨ ਕਰ ਲਈ ਗਈ। ਸਾਰੀ ਦੁਨੀਆ ਵਿਚ ਗ਼ਦਰੀ ਬਰਾਂਚਾਂ ਨੂੰ ਗੁਪਤ ਹਦਾਇਤ ਕੀਤੀ ਗਈ ਕਿ ਲਾਈਫ ਮੈਂਬਰ ਬਰਲਨ ਰਾਹੀਂ ਮਾਸਕੋ ਪਹੁੰਚਣ। ਕੈਨੇਡਾ, ਅਮਰੀਕਾ, ਇੰਡੀਆ ਅਤੇ ਕਾਬਲ ਆਦਿ ਤੋਂ ਸਾਰੇ ਗ਼ਦਰੀਆਂ ਨੇ ਮਾਸਕੋ ਵੱਲ ਵਹੀਰਾਂ ਘੱਤ ਦਿੱਤੀਆਂ ਸਨ। ਤੇਜਾ ਸਿੰਘ ਸੁਤੰਤਰ ਅਤੇ ਭਗਤ ਸਿੰਘ ਬਿਲਗਾ ਵੀ ਮਾਸਕੋ ਪਹੁੰਚ ਗਏ। ਇਨ੍ਹਾਂ ਗ਼ਦਰੀਆਂ ਦੀ ਗਿਣਤੀ 100 ਦੇ ਕਰੀਬ ਸੀ।

ਮਾਸਕੋ ਯੂਨੀਵਰਸਿਟੀ ਦੀ ਪੜ੍ਹਾਈ ਸੌਖੀ ਸੀ ਅਤੇ ਗ਼ਦਰੀ ਵਿਦਿਆਰਥੀਆਂ ਦੇ ਜਲਦੀ ਸਮਝ ਆਉਣ ਵਾਲੀ ਸੀ। ਇਹ ਇਨ੍ਹਾਂ ਦੀ ਜ਼ਿੰਦਗੀ ਦੀ ਆਪਣੀ ਹੀ ਵਿਥਿਆ ਸੀ। ਇਹ ਗ਼ਦਰੀ ਪਹਿਲਾਂ ਕਿਸਾਨੀ ਦੀ ਅਤੇ ਫਿਰ ਮਜ਼ਦੂਰ ਦੀ ਜ਼ਿੰਦਗੀ ਹੰਢਾ ਚੁੱਕੇ ਸਨ ਅਤੇ ਇਨ੍ਹਾਂ ਦੀਆਂ ਔਕੜਾਂ ਤੋਂ ਵਾਕਫ਼ ਸਨ। ਲੁੱਟ-ਖਸੁੱਟ ਦੇ ਨਿਜ਼ਾਮ ਤੋਂ ਛੁਟਕਾਰਾ ਪਾਉਣਾ ਉਨ੍ਹਾਂ ਦੀ ਲਗਨ ਦਾ ਹਿੱਸਾ ਸੀ। ਉਨ੍ਹਾਂ ਨੂੰ ਜਮਾਤੀ ਸੰਘਰਸ਼ ਦੀ ਅਤੇ ਬਰਤਾਨੀਆ ਵੱਲੋਂ ਹਿੰਦੋਸਤਾਨ ਦੇ ਕੀਤੇ ਜਾਂਦੇ ਸ਼ੋਸ਼ਣ ਦੀ ਜਲਦੀ ਸਮਝ ਆ ਗਈ ਸੀ। ਗ਼ੁਲਾਮ ਦੇਸ਼ਾਂ ਦੇ ਸੰਘਰਸ਼ ਬਾਰੇ ਵੀ ਉਨ੍ਹਾਂ ਦਾ ਆਪਣਾ ਤਜ਼ਰਬਾ ਸੀ। ਉਨ੍ਹਾਂ ਨੇ ਸਮਾਜਵਾਦ ਦੀ ਧਾਰਾ ਨੂੰ ਵੀ ਅਪਣਾ ਲਿਆ ਸੀ। ਏਥੇ ਫੌਜੀ ਟ੍ਰੇਨਿੰਗ ਵੀ ਜ਼ਰੂਰੀ ਸੀ। ਵਿਦਿਆਰਥੀਆਂ ਨੇ ਰੂਸ ਦੀ ਉਸਾਰੀ ਹੁੰਦੀ ਅੱਖੀਂ ਦੇਖੀ ਅਤੇ ਸੋਵੀਅਤ ਆਗੂਆਂ ਨੂੰ ਦੇਖਣ ਅਤੇ ਸੁਣਨ ਦਾ ਮੌਕਾ ਮਿਲਿਆ। ਸੋਵੀਅਤ ਲੋਕਾਂ ਵੱਲੋਂ ਇਮਾਨਦਾਰੀ ਅਤੇ ਉਤਸ਼ਾਹ ਨਾਲ ਕੀਤੀ ਜਾ ਰਹੀ ਸਮਾਜਵਾਦ ਦੀ ਉਸਾਰੀ ਨੇ ਗ਼ਦਰੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਆਪਣੇ ਦੇਸ਼ ਦੀ ਅਜ਼ਾਦੀ ਤੇ ਉਸਾਰੀ ਦੀ ਤੜਫ ਹੋਰ ਤੇਜ਼ ਹੋ ਗਈ। ਬਾਬਾ ਬਿਲਗਾ ਨੇ 1932 ਤੋਂ 1934 ਤੱਕ ਮਾਸਕੋ 'ਚ ਟ੍ਰੇਨਿੰਗ ਲਈ।

ਗ਼ਦਰ ਪਾਰਟੀ ਵਲੋਂ ਸੋਵੀਅਤ ਰੂਸ ਮਾਸਕੋ ਯੂਨੀਵਰਸਿਟੀ ਵਿਚ ਗ਼ਦਰੀਆਂ ਨੂੰ ਕਮਿਊਨਿਜ਼ਮ ਦੀ ਸਿੱਖਿਆ ਲੈਣ ਲਈ ਭੇਜਿਆ ਗਿਆ ਸੀ। ਹੁਣ ਇਹ ਨੌਜਵਾਨ ਮੁੜ ਹਿੰਦੋਸਤਾਨ ਦੀ ਆਜ਼ਾਦੀ ਪ੍ਰਾਪਤ ਕਰਨ ਅਤੇ ਗ਼ਰੀਬੀ ਦੂਰ ਕਰਨ ਲਈ ਕਮਿਊਨਿਸਟ ਸੋਚ ਨੂੰ ਮਹੱਤਤਾ ਦਿੰਦੇ ਸਨ। ਕਿਉਂਕਿ ਉਹ ਗ਼ਦਰੀ ਸੈਕੂਲਰ ਸੋਚ ਦੇ ਹਾਮੀ ਸਨ। ਇਸ ਲਈ ਇਨ੍ਹਾਂ ਲਈ ਸਭ ਮਜ਼ਹਬ ਬਰਾਬਰ ਸਨ ਅਤੇ ਮਜ਼ਹਬੀ ਬਿਖੇੜਿਆਂ ਵਿਚ ਨਹੀਂ ਪੈਂਦੇ ਸਨ। ਹਰ ਰਾਜਨੀਤੀ ਨੂੰ ਹੱਕ ਹੈ ਕਿ ਉਹ ਮਜ਼ਹਬ ਜੋ ਮਰਜ਼ੀ ਰੱਖੇ ਪਰ ਰਾਜਨੀਤੀ ਵਿਚ ਇਸ ਦਾ ਦਖਲ ਨਹੀਂ ਹੋਣਾ ਚਾਹੀਦਾ। ਇਨ੍ਹਾਂ ਨੌਜਵਾਨਾਂ ਨੇ ਗ਼ਦਰ ਪਾਰਟੀ ਦੀ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਅਪਣਾਇਆ ਹੋਇਆ ਸੀ।

ਹੁਣ ਵੱਖ-ਵੱਖ ਦੇਸ਼ਾਂ ਤੋਂ ਸਾਰੇ ਗ਼ਦਰੀ ਵਾਪਸ ਆ ਰਹੇ ਸਨ। ਮਾਸਟਰ ਊਧਮ ਸਿੰਘ, ਰਤਨ ਸਿੰਘ ਤੇ ਗੁਰਮੁੱਖ ਸਿੰਘ ਤਾਂ ਹਿੰਦੋਸਤਾਨ ਨਿਰਵਿਘਨ ਆਉਂਦੇ ਜਾਂਦੇ ਸਨ। ਸੰਤਾਂ ਸਿੰਘ ਗੰਡੀਵਿੰਡ, ਕਰਮ ਸਿੰਘ ਧੂਤ, ਹਰਨਾਮ ਸਿੰਘ ਉਰਫ਼ ਪ੍ਰੀਤਮ ਸਿੰਘ ਆਦਿ ਕਈ ਦੇਸ਼ ਭਗਤਾਂ ਨੂੰ ਹਿੰਦੋਸਤਾਨ ਵਿਚ ਦਾਖਲ ਹੁੰਦਿਆਂ ਗ੍ਰਿਫਤਾਰ ਕਰ ਲਿਆ। ਮਾਸਕੋ ਯੂਨੀਵਰਸਿਟੀ ਤੋਂ ਬਹੁਤ ਸਾਰੇ ਗ਼ਦਰੀ ਬਾਬੇ ਹਿੰਦੋਸਤਾਨ ਵੱਲ ਆਉਣੇ ਸ਼ੁਰੂ ਹੋ ਗਏ ਸਨ। ਭਗਤ ਸਿੰਘ ਬਿਲਗਾ, ਅੱਛਰ ਸਿੰਘ ਛੀਨਾ ਤੇ ਹੋਰ ਕਈ ਗ਼ਦਰੀ ਸੋਵੀਅਤ ਯੂਨੀਅਨ ਤੋਂ ਜਰਮਨ ਰਾਹੀਂ ਪੈਰਿਸ ਚਲੇ ਗਏ ਸਨ। ਬਾਬਾ ਬਿਲਗਾ ਨੂੰ ਹਰਬੰਸ ਸਿੰਘ ਕੁਲਾਣੇ ਦੇ ਭਰਾ ਮਿਲਖੀ ਦੇ ਪਾਸਪੋਰਟ ਤੇ ਫੋਟੋ ਬਦਲ ਕੇ ਉਸ ਨੂੰ ਮਿਲਖੀ ਬਣਾ ਕੇ ਮਾਸਕੋ ਤੋਂ ਫਰਾਂਸ ਅਤੇ ਫਰਾਂਸ ਤੋਂ ਸ੍ਰੀ ਲੰਕਾ ਰਾਹੀਂ ਭਾਰਤ ਭੇਜਿਆ ਗਿਆ। ਸ੍ਰੀ ਲੰਕਾ ਵਿਚ ਉਸ ਵੇਲੇ ਅੰਗਰੇਜ਼ਾਂ ਦੀ ਹਕੂਮਤ ਸੀ। ਕੋਲੰਬੋ ਉਤਰਨ ਵੇਲੇ ਬਾਬਾ ਬਿਲਗਾ ਨੂੰ ਇਮੀਗ੍ਰੇਸ਼ਨ ਵਾਲਿਆਂ ਨੇ ਘੇਰਿਆ ਪਰ ਉਹ ਆਪਣੀ ਤੀਖਣ ਬੁੱਧੀ ਸਦਕਾ ਉਨ੍ਹਾਂ ਦੇ ਚੱਕਰਾਂ ਵਿਚ ਨਹੀਂ ਫਸੇ।

ਹਿੰਦੋਸਤਾਨ ਵਿਚ ਸੀ.ਆਈ.ਡੀ. ਇਨ੍ਹਾਂ ਦੇਸ਼ ਭਗਤਾਂ ਦਾ ਜ਼ਬਰਦਸਤ ਪਿੱਛਾ ਕਰ ਰਹੀ ਸੀ ਪਰ ਬਾਬਾ ਜੀ ਬੜੀ ਚਲਾਕੀ ਅਤੇ ਚੁਸਤੀ ਨਾਲ ਬਚਦੇ ਰਹੇ ਅਤੇ ਫਿਰ ਕਲਕੱਤੇ ਅਤੇ ਕਾਨਪੁਰ ਡਿਊਟੀ ਲੱਗ ਗਈ ਅਤੇ ਬਾਅਦ ਵਿਚ ਗੁਪਤ ਪ੍ਰੈਸ 'ਲਾਲ ਢੰਡੋਰਾ' ਅਤੇ 'ਲਾਲ ਝੰਡੇ' ਵਿਚ ਵੀ ਕੰਮ ਕੀਤਾ। ਬਾਬਾ ਜੀ ਨੇ ਕਿਰਤੀ ਪਾਰਟੀ ਲਈ ਕਿਸਾਨ ਸਭਾਵਾਂ, ਕਰਜ਼ਾ ਕਮੇਟੀਆਂ, ਵਿਦਿਆਰਥੀ ਜਥੇਬੰਦੀਆਂ ਅਤੇ ਮਜ਼ਦੂਰ ਯੂਨੀਅਨਾਂ ਵਿਚ ਜ਼ਬਰਦਸਤ ਕੰਮ ਕੀਤਾ ਅਤੇ ਦੇਸ਼ ਦੇ ਨੌਜਵਾਨਾਂ ਵਿਚ ਸੋਸ਼ਲਿਜ਼ਮ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਅਕਤੂਬਰ 1936 ਵਿਚ ਕਿਰਤੀ ਪਾਰਟੀ ਦੀ ਉਚ-ਪੱਧਰੀ ਰੂਪੋਸ਼ ਕਮੇਟੀ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਬਾਬਾ ਗੁਰਮੁਖ ਸਿੰਘ ਨੂੰ ਲਾਹੌਰ ਤੋਂ, ਬਾਬਾ ਭਗਤ ਸਿੰਘ ਬਿਲਗਾ ਨੂੰ ਅੰਮ੍ਰਿਤਸਰ ਅਤੇ ਅੱਛਰ ਸਿੰਘ ਛੀਨਾ ਨੂੰ ਲਾਹੌਰ ਦੇ ਨਿੱਜੀ ਟਿਕਾਣੇ ਤੋਂ।

ਬਾਬਾ ਜੀ ਨੂੰ ਜੇਲ੍ਹ ਵਿਚ ਕਈ ਵਾਰ ਜਾਣਾ ਪਿਆ। ਜੇਲ੍ਹ ਵਿਚ ਅਸਹਿ ਤਸੀਹੇ ਝੱਲਣ ਤੋਂ ਬਾਅਦ ਰਿਹਾਅ ਹੋਣ ਤੋਂ ਬਾਅਦ ਵੀ ਬਾਬਾ ਜੀ ਘਰ ਨਹੀਂ ਬੈਠੇ ਸਗੋਂ ਹੋਰ ਵੀ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਤੇਜ਼ ਹੋ ਗਏ। ਕਿਰਤੀ ਕਮਿਊਨਿਸਟਾਂ ਨੇ ਬਾਬਾ ਜੀ ਨੂੰ ਸੂਬਾ ਕਮੇਟੀ ਦਾ ਸਕੱਤਰ ਬਣਾਇਆ। ਬਾਬਾ ਜੀ ਨੇ ਕਿਰਤੀ ਪਾਰਟੀ ਦੀ ਸਾਖ਼ ਮਜ਼ਬੂਤ ਕਰਨ ਵਿਚ ਬਹੁਤ ਯੋਗਦਾਨ ਪਾਇਆ ਪੰਜਾਬ ਕਿਸਾਨ ਕਮੇਟੀ ਨੇ ਵੀ ਬਾਬਾ ਜੀ ਨੂੰ ਜਨਰਲ ਸਕੱਤਰ ਬਣਾਇਆ। ਭਗਤ ਸਿੰਘ ਬਿਲਗਾ ਦੀ ਡਿਊਟੀ ਲਾਈ ਗਈ ਕਿ ਇਹ ਇਨ੍ਹਾਂ ਕਿਸਾਨ ਲੀਡਰਾਂ ਨਾਲ ਮਿਲ ਕੇ ਇਕ ਮਹਾਨ ਮੋਰਚੇ ਲਈ ਪੂਰਾ ਪਲੈਨ ਤਿਆਰ ਕਰੇ।

ਪਰ ਦਸੰਬਰ 1939 ਦੇ ਅਖੀਰ ਵਿਚ ਭਗਤ ਸਿੰਘ ਬਿਲਗਾ ਨੂੰ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ ਸੀ। ਤਿੰਨ ਹਫਤੇ ਜਲੰਧਰ ਜੇਲ੍ਹ ਵਿਚ ਰੱਖ ਕੇ ਲਾਹੌਰ ਕਿਲ੍ਹੇ ਵਿਚ ਭੇਜ ਦਿੱਤਾ ਸੀ। ਉਥੇ ਉਹੀ ਕੈਦੀਆਂ ਨੂੰ ਤਸੀਹੇ ਸ਼ੁਰੂ ਹੋ ਗਏ। ਦੋ ਮਹੀਨੇ ਬਾਅਦ ਭਗਤ ਸਿੰਘ ਨੂੰ ਹੱਥਕੜੀ ਤੇ ਬੇੜੀ ਲਾ ਕੇ ਕੈਂਬਲਪੁਰ ਜੇਲ੍ਹ ਭੇਜ ਦਿੱਤਾ ਸੀ। ਜੇਲ੍ਹ ਵਿਚ ਜੇਲ੍ਹ ਅਧਿਕਾਰੀਆਂ ਦੀ ਧੱਕੇਸ਼ਾਹੀ ਵਿਰੁੱਧ ਬਾਬਾ ਜੀ ਨੇ ਭੁੱਖ ਹੜਤਾਲ ਕਰਨੀ। ਜੇਲ੍ਹ ਵਿਚ ਰਹਿੰਦਿਆਂ ਹੀ ਕਮਿਊਨਿਸਟ ਪਾਰਟੀ ਲਈ ਕੰਮ ਕਰਨਾ ਅਤੇ ਕਿਰਤੀ ਕਮਿਊਨਿਸਟ ਏਕਤਾ ਲਈ ਯਤਨ ਕਰਨਾ। ਫਿਰ ਮਈ

1942 ਨੂੰ ਪੰਜਾਬ ਦੇ ਅੱਠ ਕਿਰਤੀ ਅਤੇ ਕਮਿਊਨਿਸਟ ਆਗੂ ਜੇਲ੍ਹਾਂ ਵਿਚੋਂ ਰਿਹਾਅ ਕਰ ਦਿੱਤੇ ਗਏ। ਤੇਜਾ ਸਿੰਘ ਸੁਤੰਤਰ, ਭਗਤ ਸਿੰਘ ਬਿਲਗਾ, ਅੱਛਰ ਸਿੰਘ ਛੀਨਾ ਅਤੇ ਇਕਬਾਲ ਸਿੰਘ ਹੁੰਦਲ ਕੈਂਬਲਪੁਰ ਜੇਲ੍ਹ ਵਿਚੋਂ ਰਿਹਾਅ ਹੋ ਕੇ ਬਾਹਰ ਆ ਗਏ ਸਨ। ਸੋਹਣ ਸਿੰਘ ਜੋਸ਼, ਫਿਰੋਜ਼ਦੀਨ ਮਨਸੂਰ, ਫਜ਼ਲ ਇਲਾਹੀ ਕੁਰਬਾਨ, ਕਰਮ ਸਿੰਘ ਮਾਨ ਗੁਜਰਾਤ ਜੇਲ੍ਹ ਵਿਚੋਂ ਰਿਹਾਅ ਕਰ ਦਿੱਤੇ ਗਏ ਸਨ। ਵਿਰ ਪੰਜਾਬ ਕਮਿਊਨਿਸਟ ਪਾਰਟੀ ਦੀ ਸਾਂਝੀ ਸੂਬਾ ਕਮੇਟੀ ਬਣੀ। ਇਨ੍ਹਾਂ ਨੇ ਅਨੇਕਾਂ ਕਾਨਫ਼ਰੰਸਾਂ ਜਥੇਬੰਦ ਕੀਤੀਆਂ ਜਿਨ੍ਹਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਾਮਲ ਹੋਏ।

ਬਾਬਾ ਭਗਤ ਸਿੰਘ ਬਿਲਗੇ ਵਿਚ ਦੇਸ਼ ਦੀ ਅਜ਼ਾਦੀ ਅਤੇ ਲੋਕ ਹਿੱਤ ਕੁੱਟ ਕੁੱਟ ਕੇ ਭਰੇ ਹੋਏ ਸਨ ਇਹ ਨਿਸ਼ਾਨਾ ਉਨ੍ਹਾਂ ਦੇ ਸਦਾ ਹੀ ਸਾਹਮਣੇ ਰਹਿੰਦਾ ਸੀ ਪਰ ਉਹ ਆਪਣੇ ਦ੍ਰਿੜ੍ਹ ਇਰਾਦੇ ਵਿਚ ਪਰਪੱਕ ਸਨ। ਚਾਹੇ 'ਪਾਨ ਇਸਲਾਮਇਜ਼ਮ' ਦੀ ਵਿਰੋਧਤਾ ਕਾਰਨ ਅਤੇ ਤੇਜਾ ਸਿੰਘ ਸੁਤੰਤਰ ਨੂੰ ਗ਼ਦਾਰ ਨਾ ਕਹਿਣ ਤੇ ਪਾਰਟੀ ਵਿਚੋਂ ਖਾਰਜ ਵੀ ਕੀਤਾ ਪਰ ਉਹ ਆਪਣੇ ਲੋਕ ਭਲਾਈ ਸਿਧਾਂਤ ਉਪਰ ਅੜੇ ਰਹੇ। ਬਾਬਾ ਜੀ ਅਨੁਸਾਰ ਪਾਰਟੀ ਵਲੋਂ ਬਿਨਾਂ ਸੋਚੇ ਸਮਝੇ ਕੀਤੇ ਗਏ ਅਜਿਹੇ ਹੁਕਮਨਾਮਿਆਂ ਨਾਲ ਕੋਈ ਮਸਲਾ ਹੱਲ ਹੋਣ ਦੀ ਥਾਂ ਜਥੇਬੰਦੀ ਨੂੰ ਇਕ ਜਬਰਦਸਤ ਢਾਅ ਲੱਗ ਗਈ ਸੀ।

ਬਾਬਾ ਜੀ ਕਹਿੰਦੇ ਸਨ ਕਿ ਅਸੀਂ ਬਾਹਰਲੇ ਮੁਲਕਾਂ ਵਿਚ ਗਏ ਸਾਂ ਤਾਂ ਕਿ ਘਰਾਂ ਦੇ ਚੁੱਕੇ ਹੋਏ ਕਰਜ਼ੇ ਉਤਾਰ ਸਕੀਏ ਅਤੇ ਆਪਣੀ ਮਾਇਕ ਹਾਲਤ ਠੀਕ ਕਰੀਏ ਪਰ ਉਥੋਂ ਲਿਆਏ ਇਨਕਲਾਬ। ਕਿਸੇ ਗੱਲੋਂ ਡਰੇ ਨਹੀਂ, ਕਿਤੇ ਪਿੱਛੇ ਨਹੀਂ ਹਟੇ, ਸਗੋਂ ਜ਼ੁਲਮ ਦਾ ਡਟ ਕੇ ਵਿਰੋਧ ਕੀਤਾ ਅਤੇ ਆਪਣੇ ਆਜ਼ਾਦੀ ਦੇ ਮਿੱਥੇ ਨਿਸ਼ਾਨੇ ਦੀ ਪ੍ਰਾਪਤੀ ਵਿਚ ਸਫਲ ਹੋਏ। ਬਾਬਾ ਜੀ ਨੇ ਅਰਜਨਟਾਈਨਾ ਪਹੁੰਚ ਕੇ ਅਤੇ ਅਗਾਂਹ ਮਾਸਕੋ ਯੂਨੀਵਰਸਿਟੀ ਵਿਚੋਂ ਦੇਸ਼ ਵਿਚ ਇਨਕਲਾਬ ਲਿਆਉਣ ਦੀਆਂ ਸਕੀਮਾਂ ਬਾਰੇ ਜਾਣਕਾਰੀ ਹਾਸਲ ਕਰਕੇ ਆਪਣੇ ਵਤਨ ਵਿਚ ਆ ਕੇ ਹਰ ਉਸ ਲਹਿਰ ਦਾ ਸਾਥ ਦਿੱਤਾ ਜਿਹੜੀ ਦੇਸ਼ ਨੂੰ ਆਜ਼ਾਦ ਕਰਾਉਣ ਵੱਲ ਤੁਰੀ ਹੋਈ ਸੀ। ਕਿਰਤੀ ਪਾਰਟੀ, ਕਮਿਊਨਿਸਟ ਪਾਰਟੀ, ਕਿਸਾਨੀ ਮੋਰਚਾ ਲਹਿਰ, ਕਰਜ਼ਾ ਕਮੇਟੀਆਂ, ਕਾਂਗਰਸ, ਸੋਸ਼ਲਿਸਟ ਪਾਰਟੀ, ਮਜ਼ਦੂਰ ਯੂਨੀਅਨਾਂ, ਪੈਪਸੂ ਮੁਜਾਹਰਾ ਲਹਿਰ, ਖੁਸ਼ ਹੈਸੀਅਤੀ ਮੋਰਚਾ, ਨਕਸਲਬਾੜੀ ਲਹਿਰ ਭਾਵ ਹਰ ਲਹਿਰ ਨੂੰ ਵਧ ਚੜ੍ਹ ਕੇ ਤਨੋਂ ਮਨੋਂ ਸਹਿਯੋਗ ਦਿੱਤਾ ਤਾਂ ਜੋ ਲੋਕਾਂ ਵਿਚ ਅਜ਼ਾਦੀ ਅਤੇ ਖੁਸ਼ਹਾਲੀ ਆ ਸਕੇ।

ਬਾਬਾ ਜੀ ਦੇ ਇਸ ਸੰਘਰਸ਼ ਭਰੇ ਜੀਵਨ ਵਿਚ ਉਨ੍ਹਾਂ ਦੇ ਪਰਿਵਾਰ ਨੇ ਬਹੁਤ ਸਾਥ ਦਿਤਾ। ਬਾਬਾ ਜੀ ਦੱਸਿਆ ਕਰਦੇ ਸੀ ਕਿ ਮੈਂ ਨੌਵੀਂ ਕਲਾਸ ਵਿਚ ਪੜ੍ਹਦਾ ਸੀ ਜਦੋਂ 1923 ਵਿਚ ਘਰਦਿਆਂ ਨੇ ਮੇਰਾ ਵਿਆਹ ਖਾਨਾਖਾਨ ਪਿੰਡ ਦੇ ਚੌਧਰੀ ਮਿਲਖਾ ਸਿੰਘ ਦੀ ਬੇਟੀ ਚੰਨਣ ਕੌਰ ਨਾਲ ਕਰ ਦਿੱਤਾ। ਪਰ ਮੇਰੇ ਸਹੁਰੇ ਪਰਿਵਾਰ ਨੇ ਮੇਰਾ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਹੋਣ ਕਰਕੇ ਬੜਾ ਸਹਿਯੋਗ ਦਿੱਤਾ। ਮੇਰੇ ਸਹੁਰੇ ਨੇ ਤਾਂ ਇਥੋਂ ਤੱਕ ਮੈਨੂੰ ਕਿਹਾ ਹੋਇਆ ਸੀ ਕਿ "ਪਰੁਹਣਿਆਂ। ਮੇਰੀ ਗੱਲ ਸੁਣ। ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਤੂੰ ਚਾਹੇ ਵੱਧ ਤੋਂ ਵੱਧ ਇਸ ਵਿਚ ਹਿੱਸਾ ਲੈ। ਆਪਣੇ ਪਰਿਵਾਰ ਦਾ ਪਿਛੋਂ ਕਦੇ ਵੀ ਨਾ ਫਿਕਰ ਕਰੀਂ, ਮੈਂ ਸਾਰੇ ਬੱਚਿਆਂ ਦਾ ਪੂਰਾ ਖਿਆਲ ਰੱਖਾਂਗਾ। ਇਸ ਵਿਚ ਮੇਰੀ ਜ਼ੁੰਮੇਵਾਰੀ ਹੋਵੇਗੀ ਪਰ ਜਦੋਂ ਤੂੰ ਪਰਿਵਾਰ

ਵਿਚ ਬੈਠਾ ਹੋਵੇਂ ਤਾਂ ਫਿਰ ਤਾਂ ਤੂੰ ਹੀ ਇਸਦਾ ਖ਼ਿਆਲ ਰੱਖਣਾ ਹੈ।" ਸੋ ਮੇਰੇ ਸਹੁਰੇ ਨੇ ਸਦਾ ਹੀ ਮੇਰੀ ਹੌਸਲਾ ਅਫਜ਼ਾਈ ਕੀਤੀ। ਮੇਰੇ ਬੱਚਿਆਂ ਕੁਲਬੀਰ ਸਿੰਘ, ਪ੍ਰੇਮ ਸਿੰਘ ਅਤੇ ਬੇਟੀ ਤਰਸੇਮ ਕੌਰ ਦਾ ਪੂਰਾ ਖਿਆਲ ਰੱਖਿਆ ਅਤੇ ਉਨ੍ਹਾਂ ਵਿਚ ਵੀ ਦੇਸ਼ ਪਿਆਰ ਕੁੱਟ ਕੁੱਟ ਕੇ ਭਰਿਆ। ਮੇਰੀ ਬੇਟੀ ਤਰਸੇਮ ਕੌਰ ਦੀ ਤਾਂ ਛੋਟੀ ਉਮਰ ਵਿਚ ਹੀ ਮੌਤ ਹੋ ਗਈ ਸੀ। ਮੇਰੀਆਂ ਨੂੰਹਾ ਹੀ ਮੇਰੀਆਂ ਬੇਟੀਆਂ ਹਨ। ਉਹ ਬਹੁਤ ਹੀ ਸੁਲਝੇ ਤੇ ਲੋਕ-ਹਿਤਾਂ ਲਈ ਜੂਝਣ ਵਾਲੇ ਪਰਿਵਾਰਾਂ ਨਾਲ ਸੰਬੰਧ ਰੱਖਦੀਆਂ ਹਨ। ਵੱਡੀ ਨੂੰਹ ਸੁਰਿੰਦਰ ਕੌਰ ਉੱਘੇ ਦੇਸ਼ ਭਗਤ ਕਾ. ਬੇਅੰਤ ਸਿੰਘ ਦੀ ਬੇਟੀ ਹੈ, ਜਿਨ੍ਹਾਂ ਨੇ ਸਾਰਾ ਜੀਵਨ ਹੀ ਦੇਸ਼ ਸੇਵਾ ਵਿਚ ਲਗਾ ਦਿੱਤਾ ਅਤੇ ਇਸੇ ਤਰ੍ਹਾਂ ਹੀ ਛੋਟੀ ਨੂੰਹ ਕ੍ਰਿਪਾਲਜੀਤ ਕੌਰ ਦੇ ਪਿਤਾ ਜੀ ਕਾ. ਕਰਤਾਰ ਸਿੰਘ ਜੀ ਵੀ ਇਸੇ ਹੀ ਲੋਕ-ਪੱਖੀ ਵਿਰਸੇ ਨਾਲ ਜੁੜੇ ਰਹੇ ਹਨ। ਮੇਰੀਆਂ ਨੂੰਹਾਂ ਮੇਰੀਆਂ ਬੇਟੀਆਂ ਸੁਰਿੰਦਰ ਕੌਰ ਤੇ ਕ੍ਰਿਪਾਲਜੀਤ ਕੌਰ ਵੀ ਅਗਾਂਹਵਧੂ ਵਿਚਾਰਾਂ ਵਾਲੀਆਂ ਹਨ ਅਤੇ ਸਾਰੇ ਮੇਰੇ ਪੋਤਰੇ ਤੇ ਪੋਤਰੀਆਂ ਮੇਰੀ ਸੰਘਰਸ਼ ਭਰੀ ਜ਼ਿੰਦਗੀ ਦੇਖਦੇ ਹੋਏ ਬੜਾ ਮਾਣ ਸਨਮਾਨ ਕਰਦੇ ਹਨ।

ਪਰਿਵਾਰ ਦੇ ਬੇਮਿਸਾਲ ਸਹਿਯੋਗ ਅਤੇ ਸਾਥੀਆਂ ਦੇ ਉਤਸ਼ਾਹ ਸਦਕਾ ਬਾਬਾ ਜੀ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਹੱਥ 'ਤੇ ਹੱਥ ਧਰ ਕੇ ਨਹੀਂ ਬੈਠੇ ਬਲਕਿ ਗ਼ਦਰੀ ਬਾਬਿਆਂ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਸੀ। ਪੰਜਾਬ ਸਰਕਾਰ ਨੇ ਜਿਹੜਾ ਖੁਸ਼ ਹੈਸੀਅਤੀ ਟੈਕਸ ਲਗਾ ਦਿੱਤਾ ਸੀ ਉਸ ਦੇ ਵਿਰੁੱਧ ਆਪਣੇ ਸਾਥੀਆਂ ਨਾਲ ਰਲ ਕੇ ਪੂਰੀ ਵਿਰੋਧਤਾ ਕੀਤੀ। ਆਪਣੇ ਪਿੰਡ ਬਿਲਗੇ ਵਿਚ ਇਸ ਸੰਬੰਧੀ 1959 ਵਿਚ ਵਾਰਸ਼ਿਕ ਸਮਾਗਮ ਵੀ ਕਰਵਾਇਆ। ਜਿਸ ਵਿਚ ਇਹ ਪਾਸ ਕੀਤਾ ਗਿਆ ਕਿ, "ਪੰਜਾਬ ਕਿਸਾਨ ਸਭਾ ਦਾ ਇਹ ਵਾਰਸ਼ਿਕ ਸਮਾਗਮ ਖੁਸ਼ ਹੈਸੀਅਤੀ ਟੈਕਸ ਦੀ ਪੇਸ਼ਗੀ ਵਸੂਲ ਕਰਨ ਦੀ ਵਿਰੋਧਤਾ ਦਾ ਐਲਾਨ ਕਰਦਾ ਹੈ ਅਤੇ ਸਰਕਾਰ ਤੋਂ ਮੰਗ ਕਰਦਾ ਹੈ ਕਿ ਉਹ ਆਪਣੇ ਵਾਅਦੇ ਪੂਰੇ ਕਰੇ ਅਤੇ ਪੰਜਾਬ ਵਿਚ ਖੁਸ਼ ਹੈਸੀਅਤੀ ਦੇ ਮਸਲੇ ਦਾ ਆਖਰੀ ਹੱਲ ਕਰਨ ਲਈ ਕਿਸਾਨ ਸਭਾ ਨਾਲ ਗੱਲਬਾਤ ਆਰੰਭ ਕਰੇ। ਇਹ ਸਮਾਗਮ ਐਲਾਨ ਕਰਦਾ ਹੈ ਕਿ ਜੇ ਆਖ਼ਰੀ ਫੈਸਲਾ ਕਰਨ ਤੋਂ ਬਗੈਰ ਸਰਕਾਰ ਨੇ ਟੈਕਸ ਨੂੰ ਜ਼ਬਰੀ ਪੇਸ਼ਗੀ ਵਸੂਲ ਕਰਨਾ ਜਾਰੀ ਰੱਖਿਆ ਤਾਂ ਕਿਸਾਨ ਸਭਾ ਇਸ ਨਾਵਾਜਬ ਵਸੂਲੀ ਵਿਰੁੱਧ ਕਿਸਾਨਾਂ ਦੀ ਅਗਵਾਈ ਕਰਨ 'ਤੇ ਮਜ਼ਬੂਰ ਹੋਵੇਗੀ। ਸਮਾਗਮ ਕਿਸਾਨਾਂ ਨੂੰ ਆਪਣੀ ਏਕਤਾ ਤੇ ਜਥੇਬੰਦੀ ਨੂੰ ਵੀ ਮਜ਼ਬੂਤ ਕਰਨ ਦਾ ਸੱਦਾ ਦਿੰਦਾ ਹੈ ਤਾਂ ਜੋ ਖੁਸ਼ ਹੈਸੀਅਤੀ ਟੈਕਸ ਦੀ ਪੇਸ਼ਗੀ ਵਸੂਲੀ ਬੰਦ ਕਰਵਾਉਣ ਅਤੇ ਵਾਅਦੇ ਪੂਰੇ ਕਰਾਉਣ ਵਾਸਤੇ ਸਰਕਾਰ ਨੂੰ ਮਜ਼ਬੂਰ ਕੀਤਾ ਜਾਵੇ।"

ਇਸੇ ਤਰ੍ਹਾਂ ਨਕਸਲਵਾੜੀ ਅੰਦੋਲਨਾਂ ਵਿਚ ਵੀ ਬਾਬਾ ਜੀ ਨੇ ਪੂਰਾ ਸਹਿਯੋਗ ਦਿੱਤਾ। ਬਾਬਾ ਬੂਝਾ ਸਿੰਘ, ਕਾਮਰੇਡ ਗੰਧਰਵ ਸੇਨ ਜੋ ਇਸ ਅੰਦੋਲਨ ਵਿਚ ਬਹੁਤੇ ਸਰਗਰਮ ਸਨ ਅਤੇ ਇਨ੍ਹਾਂ ਦੀ ਜੋੜੀ ਉਸ ਸਮੇਂ ਹਰ ਪਾਸੇ ਹਰਮਨ ਪਿਆਰੀ ਸੀ। ਬਾਬਾ ਜੀ ਇਨ੍ਹਾਂ ਦੇ ਹਰ ਸਮੇਂ ਸਮਰਥਕ ਸੀ ਤੇ ਨਕਸਲਵਾਦੀਆਂ ਨਾਲ ਮੀਟਿੰਗਾਂ ਕਰਨ ਕਰਕੇ ਬਾਬਾ ਜੀ ਨੂੰ ਨਜ਼ਰਬੰਦ ਵੀ ਕਰ ਦਿੱਤਾ ਗਿਆ ਸੀ।

ਬਾਬਾ ਬਿਲਗਾ ਦਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੂੰ ਸ਼ੁਰੂ ਤੋਂ ਲੈ ਕੇ ਅੱਜ ਤੱਕ ਬਨਾਉਣ ਬਾਰੇ ਬਹੁਤ ਯੋਗਦਾਨ ਰਿਹਾ। ਉਹ ਹਰ ਸਮੇਂ ਇਸ ਦੀ ਸਾਂਭ ਸੰਭਾਲ ਅਤੇ ਇਸ ਦੇ

ਵਿਕਾਸ ਬਾਰੇ ਬੜੇ ਚੇਤੰਨ ਰਹਿੰਦੇ ਹਨ ਅਤੇ ਚਾਹੁੰਦੇ ਸਨ ਕਿ ਇਸੇ ਤਰ੍ਹਾਂ ਹੀ ਸ਼ਹੀਦਾਂ ਦੀਆਂ ਯਾਦਗਾਰਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦੀ ਯਾਦ ਤਾਜ਼ਾ ਕਰਵਾਉਂਦੀਆਂ ਰਹਿਣ। ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਸੁਚਾਰੂ ਯਤਨਾਂ ਸਦਕਾ ਇਹ ਦੇਸ਼ ਭਗਤਾਂ ਦੀ ਯਾਦਗਾਰ ਹੋਂਦ ਵਿਚ ਆਈ।

ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਸੰਸਥਾਪਕ ਗ਼ਦਰੀ ਬਾਬਾ ਸੰਤ ਬਾਬਾ ਵਿਸਾਖਾ ਸਿੰਘ ਜੀ ਅਦੁੱਤੀ ਸ਼ਖ਼ਸੀਅਤ ਦੇ ਮਾਲਕ ਸਨ। ਗ਼ਦਰ ਪਾਰਟੀ ਦੀ ਆਪਾ ਵਾਰੂ ਸਪਿਰਟ ਅਤੇ ਇਨਕਲਾਬੀ ਲਗਨ ਦਾ ਇਕ ਸੁੰਦਰ ਨਮੂਨਾ ਸੀ, ਜਿਸ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਸੀ। ਆਪ ਸਿਦਕੀ, ਗੁਰਮੁਖ, ਸੰਤ ਸੁਭਾਅ ਦੇ ਮਾਲਕ ਅਤੇ ਸ਼ੁਰੂ ਤੋਂ ਹੀ ਉੱਚੇ ਤੇ ਸੁੱਚੇ ਆਦਰਸ਼ਾਂ ਉੱਪਰ ਚੱਲਣ ਵਾਲੇ ਮਹਾਂਪੁਰਸ਼ ਸਨ। ਗ਼ਦਰ ਪਾਰਟੀ ਵਿਚ ਹਿੱਸਾ ਲੈਣ ਕਰਕੇ ਇਨ੍ਹਾਂ ਭਾਵਾਂ ਨੂੰ ਇਨਕਲਾਬੀ ਸਪਿਰਟ ਦੀ ਅਨੋਖੀ ਪਿਉਂਦ ਲੱਗ ਗਈ। ਅੰਡੇਮਾਨ ਦੀ ਰਿਹਾਈ ਤੋਂ ਲੈ ਕੇ ਅਖ਼ੀਰ ਤੱਕ ਦੇਸ਼ ਭਗਤ ਦੇ ਪਰਿਵਾਰਾਂ ਦੀ ਸਹਾਇਤਾ, ਜੇਲ੍ਹਾਂ ਵਿਚ ਡੱਕੇ ਹੋਏ ਸਾਥੀਆਂ ਦੀਆਂ ਮੁਸ਼ਕਲਾਂ ਦੂਰ ਕਰਵਾਉਣਾ ਅਤੇ ਉਨ੍ਹਾਂ ਦੀ ਰਿਹਾਈ ਦੇ ਯਤਨਾਂ ਵਿਚ ਆਪ ਜੁਟੇ ਰਹੇ।

1936-37 ਵਿਚ ਇਸ ਕਮੇਟੀ ਦਾ ਕੰਮ ਕਰਦੇ ਸਮੇਂ ਇਕ ਵਾਰ ਬਾਬਾ ਵਿਸਾਖਾ ਸਿੰਘ ਦੇ ਮਨ ਵਿਚ ਆਇਆ ਕਿ ਦੇਸ਼ ਭਗਤਾਂ ਦੀ ਇਕ ਸੁੰਦਰ ਯਾਦਗਾਰ ਬਣਾਈ ਜਾਵੇ। ਬਾਬਾ ਜੀ ਦੀ ਤਜਵੀਜ਼ ਉੱਤੇ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਨੇ 2 ਜੂਨ 1938 ਦੀ ਮੀਟਿੰਗ ਵਿਚ ਇਨਕਲਾਬੀ ਸ਼ਹੀਦਾਂ ਦੀ ਇਕ ਸ਼ਾਨਦਾਰ ਯਾਦਗਾਰ ਕਾਇਮ ਕਰਨ ਦਾ ਫੈਸਲਾ ਕੀਤਾ ਜੋ ਦੇਸ਼ ਭਗਤਾਂ ਦੀਆਂ ਸੁੱਚੀਆਂ ਜ਼ਿੰਦਗੀਆਂ ਤੇ ਉੱਚੀਆਂ ਕੁਰਬਾਨੀਆਂ ਨੂੰ ਰਹਿੰਦੀ ਦੁਨੀਆ ਤਕ ਅਟੱਲ ਰੱਖੇ। ਜੋ ਦੇਸ਼ ਭਗਤ ਯੋਧੇ ਸੰਨ 1914-15 ਵਿਚ ਕੁਰਬਾਨੀ ਦੇ ਪਵਿੱਤਰ ਜਜ਼ਬਿਆਂ ਦੀ ਤਾਂਘ 'ਤੇ ਸਵਾਰ ਹੋ ਕੇ ਪ੍ਰਦੇਸਾਂ ਵਿਚੋਂ ਹਿੰਦੁਸਤਾਨ ਨੂੰ ਆਏ, ਉਹਨਾਂ ਵਿਚੋਂ ਸਾਥੀ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਸ. ਬਲਵੰਤ ਸਿੰਘ ਖੁਰਦਪੁਰ, ਬੰਤਾ ਸਿੰਘ ਸੰਘਵਾਲ, ਸੋਹਨ ਲਾਲ ਪੱਟੀ, ਰਹਿਮਤ ਅਲੀ ਵਜੀਦਕੇ ਆਦਿ ਦੇ ਪਵਿੱਤਰ ਨਾਵਾਂ ਤੋਂ ਸਭ ਕੌਮਪ੍ਰਸਤ ਚੰਗੀ ਤਰ੍ਹਾਂ ਜਾਣੂ ਹਨ। ਇਹਨਾਂ ਸ਼ਹੀਦਾਂ ਦੇ ਸਾਥੀ ਭਾਈ ਸੰਤੋਖ ਸਿੰਘ ਜੀ, ਬਾਬਾ ਜਵਾਲਾ ਸਿੰਘ ਜੀ, ਬਾਬਾ ਨਿਧਾਨ ਸਿੰਘ ਜੀ ਚੁੱਘਾ ਆਖ਼ਰੀ ਦਮ ਤੀਕ ਆਪਣੇ ਇਨਕਲਾਬੀ ਪ੍ਰੋਗਰਾਮ ਅਨੁਸਾਰ ਦੇਸ਼ ਸੇਵਾ ਵਿਚ ਜੁਟੇ ਰਹੇ ਤੇ ਬਾਕੀ ਦੇ ਸਾਥੀ ਕਾਮਰੇਡ ਗੁਰਮੁਖ ਸਿੰਘ, ਭਾਈ ਰਤਨ ਸਿੰਘ, ਪਰਮਾਨੰਦ ਝਾਂਸੀ ਤੇ ਸਾਥੀ ਪ੍ਰਿਥਵੀ ਸਿੰਘ ਅਜ਼ਾਦ ਤੇ ਮਾਨਯੋਗ ਜਿੰਦਾ ਸ਼ਹੀਦ ਬਾਬੇ ਦਿਨ ਰਾਤ ਇਕ ਕਰਕੇ ਅਜ਼ਾਦੀ ਦੇ ਘੋਲ ਨੂੰ ਅਗਾਂਹ ਲਿਜਾ ਰਹੇ ਸਨ। ਉਸ ਸਮੇਂ ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਨੌਂ ਮੈਂਬਰਾਂ ਦਾ ਇਕ 'ਯਾਦਗਾਰ ਬੋਰਡ' ਬਣਾਇਆ ਗਿਆ। ਬਾਬਾ ਵਿਸਾਖਾ ਸਿੰਘ ਨੂੰ ਸਰਬ ਸੰਮਤੀ ਨਾਲ ਇਸ ਬੋਰਡ ਦਾ ਪ੍ਰਧਾਨ ਥਾਪਿਆ ਗਿਆ। ਬਾਬਾ ਗੁਰਮੁਖ ਸਿੰਘ ਦੀ ਅਗਵਾਈ ਵਿਚ ਇਕ ਮਹਾਨ ਯਾਦਗਾਰੀ ਬਿਲਡਿੰਗ ਬਨਾਉਣ ਦਾ ਫੈਸਲਾ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਹਾਲ ਦੀ ਜ਼ਮੀਨ ਲੈਣ ਵਿਚ ਬਾਬਾ ਅਮਰ ਸਿੰਘ ਸੰਧਵਾਂ ਅਤੇ ਬਾਬਾ ਸੋਹਣ ਸਿੰਘ ਭਕਨਾ ਦਾ ਵੀ ਬਹੁਤ ਵੱਡਾ ਯੋਗਦਾਨ ਹੈ। ਬਾਬਾ ਬਿਲਗਾ ਨੂੰ 2 ਜੂਨ 1938 ਨੂੰ ਦੇਸ਼ ਭਗਤ ਯਾਦਗਾਰ ਬੋਰਡ ਵਿਚ ਸੈਕਟਰੀ ਬਣਾਇਆ ਗਿਆ।

ਯਾਦਗਾਰ ਦੇ ਮੁਤੱਅਲਕ ਇਹ ਪੁਖਤਾ ਤਜਵੀਜ਼ ਕੀਤੀ ਗਈ ਸੀ ਕਿ ਕੇਵਲ ਇਕ

ਉੱਚਾ ਮਿਨਾਰ ਉਸਾਰ ਦੇਣ ਦਾ ਕੋਈ ਲਾਭ ਨਹੀਂ ਹੋਵੇਗਾ, ਜਿਸਨੂੰ ਲੋਕੀ ਉਤਾਂਹ ਨੂੰ ਮੂੰਹ ਕਰਕੇ ਦੇਖਿਆ ਕਰਨ। ਇਹ ਯਾਦਗਾਰ ਸਗੋਂ ਇਕ ਸਾਦੀ ਇਮਾਰਤ ਹੋਵੇਗੀ ਜਿਸ ਵਿਚ ਸ਼ਹੀਦਾਂ ਦੀਆਂ ਜੀਵਨੀਆਂ, ਰਾਜਸੀ, ਆਰਥਿਕ ਤੇ ਇਨਕਲਾਬੀ ਸਾਹਿਤ ਨਾਲ ਪੂਰਤ ਪੁਸਤਕਾਂ ਰੱਖੀਆਂ ਜਾਣਗੀਆਂ ਜਿਨ੍ਹਾਂ ਨੂੰ ਪੜ੍ਹ ਕੇ ਮਜ਼ਦੂਰ, ਕਿਸਾਨ, ਨੌਜਵਾਨ ਇਨਕਲਾਬੀ ਲਹਿਰ ਨੂੰ ਸਹੀ ਰਸਤੇ ਪਰ ਚੁਲਾਉਣ ਤੇ ਦੇਸ਼ ਵਿਚ ਮਜ਼ਦੂਰਾਂ, ਕਿਸਾਨਾਂ ਦਾ ਰਾਜ ਸਥਾਪਤ ਕਰਨ ਦੇ ਯੋਗ ਬਣ ਸਕਣ। ਇਸ ਇਮਾਰਤ ਵਿਚ ਉਹਨਾਂ ਸਭ ਪਰਜਾ ਭਗਤਾਂ ਦੀਆਂ ਤਸਵੀਰਾਂ ਰੱਖੀਆਂ ਜਾਣਗੀਆਂ ਜੋ ਆਜ਼ਾਦੀ ਦੇ ਮੈਦਾਨ ਦੇ ਉਘੇ ਸ਼ਹੀਦ ਹਨ ਤੇ ਜਿਨ੍ਹਾਂ ਨੇ ਸੁੱਤੇ ਪਏ ਭਾਰਤ ਨੂੰ ਆਪਣੇ ਖੂਨ ਦੇ ਛਿੱਟਿਆਂ ਨਾਲ ਜਗਾਇਆ ਹੈ। ਇਹ ਇਮਾਰਤ ਰਾਜਸੀ ਸਾਹਿਤ ਤੇ ਦੇਸ਼ ਭਗਤਾਂ ਦੀਆਂ ਤਸਵੀਰਾਂ ਦਾ ਇਕ ਅਦਭੁੱਤ ਭੰਡਾਰ ਹੋਵੇਗੀ ਅਤੇ ਪਰਜਾ ਭਗਤੀ, ਕੁਰਬਾਨੀ ਤੇ ਵੀਰਤਾ ਦੇ ਸ਼ੁਭ ਗੁਣਾਂ ਦਾ ਸੋਮਾ ਹੋਵੇਗੀ। ਸੋ ਅੱਜ ਵੀ ਇਹ ਸੰਸਥਾ ਇਸ ਉਦੇਸ਼ ਉੱਪਰ ਪਹਿਰਾ ਦੇ ਰਹੀ ਹੈ।

ਬਾਬਾ ਬਿਲਗਾ ਨੇ 18 ਸਤੰਬਰ 1938 ਨੂੰ ਜਨਤਾ ਨੂੰ ਪੈਸੇ ਇਕੱਠੇ ਕਰਨ ਲਈ ਅਪੀਲ ਕੀਤੀ। ਕੌਮੀ ਸ਼ਹੀਦਾਂ ਦੇ ਦੇਸ਼ ਭਗਤਾਂ ਦੇ ਸ਼ਰਧਾਲੂਓ। ਤੁਸੀਂ ਕਈ ਕੰਮ ਸਿਰੇ ਚਾੜ੍ਹੇ ਹਨ, ਜਦੋਂ ਲੋਕੀਂ ਹੱਸ-ਹੱਸ ਫਾਂਸੀਆਂ 'ਤੇ ਚੜ੍ਹਦੇ ਹਨ ਤਾਂ ਇਸੇ ਖੁਸ਼ੀ ਵਿਚ ਕਿ ਤੁਸੀਂ ਕਦਰਦਾਨ ਮੌਜੂਦ ਹੋ। ਆਓ, ਆਪਣੇ ਸ਼ਹੀਦਾਂ ਦੇ ਆਪਣੇ ਉੱਪਰ ਕੀਤੇ ਹੋਏ ਮਾਣ ਨੂੰ ਦਰੁਸਤ ਸਾਬਤ ਕਰੀਏ ਤੇ ਇਸ ਸ਼ੁਭ ਕਾਰਜ ਵਿਚ ਸੰਕੋਚ ਨੂੰ ਭੁਲਾ ਕੇ, ਦਿਲ ਦਰਿਆ ਕਰਕੇ ਹਿੱਸਾ ਲਈਏ ਤੇ ਕੌਮ ਤੋਂ ਆਪਾ ਵਾਰ ਜਾਣ ਵਾਲੇ ਸ਼ਹੀਦਾਂ ਤੇ ਉਹਨਾਂ ਦੇ ਪਵਿੱਤਰ ਮਿਸ਼ਨ ਨਾਲ ਪਿਆਰ ਦਾ ਅਮਲੀ ਸਬੂਤ ਦੇਈਏ। ਸਾਨੂੰ ਪੂਰਾ ਭਰੋਸਾ ਹੈ ਕਿ ਇਸ ਸ਼ੁਭ ਕੰਮ ਵਾਸਤੇ ਮਾਇਆ ਦੀ ਥੁੜ ਨਹੀਂ ਰਹੇਗੀ। ਮਾਇਆ ਬਾਬਾ ਵਿਸਾਖਾ ਸਿੰਘ ਜੀ ਦੇ ਨਾਮ ਮਾਰਫ਼ਤ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਕੋਲ ਆਉਣੀ ਚਾਹੀਦੀ ਹੈ।

ਭਗਤ ਸਿੰਘ ਬਿਲਗਾ ਹੋਰਾਂ ਦੇ ਦੱਸਣ ਮੁਤਾਬਕ ਕਿ ਮਨ ਬਣ ਚੁੱਕਾ ਸੀ ਕਿ ਹਾਲ ਦੀ ਉਸਾਰੀ ਲਈ ਫੰਡ ਇਕੱਤਰ ਕਰਨੇ ਹਨ। ਪਰ ਕੁਝ ਚਿਰ ਪਹਿਲਾਂ ਹੋਏ ਨਸਲੀ ਝਗੜਿਆਂ ਦਾ ਲੋਕਾਂ 'ਤੇ ਅਸਰ ਸੀ। ਇਹ ਕਿਵੇਂ ਦੂਰ ਕੀਤਾ ਜਾਵੇ? ਇੰਗਲੈਂਡ ਜਾਂਦਿਆਂ ਹੀ ਆਪਣੇ ਦੋਹਾਂ ਬੱਚਿਆਂ ਕੁਲਬੀਰ ਸਿੰਘ ਤੇ ਪ੍ਰੇਮ ਸਿੰਘ ਤੇ ਬਰਮਿੰਘਮ ਦੇ ਬਾਕੀ ਸਾਥੀਆਂ ਨੂੰ ਆਪਣੇ ਫੈਸਲੇ ਤੋਂ ਜਾਣੂ ਕਰਾ ਦਿੱਤਾ। ਫੰਡ ਇਕੱਠਾ ਕਰਨ, ਲਏ ਜਾਣ ਦੇ ਤਰੀਕੇ ਤੇ ਕਿਰਾਏ ਆਦਿ ਦੇ ਖਰਚਾਂ ਦੀ ਲੋਕਾਂ ਵਿਚ ਚਰਚਾ ਚੱਲ ਰਹੀ ਸੀ। ਹਰ ਜਗ੍ਹਾ ਤੋਂ ਇਕੱਤਰ ਕੀਤਾ ਫੰਡ ਫੌਰਨ ਬੈਂਕ ਜ਼ਰੀਏ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਭੇਜਣ ਦਾ ਫੈਸਲਾ ਹੋਇਆ।

ਅਜੀਤ ਸਿੰਘ ਰਾਮੇਵਾਲ, ਕੁਲਬੀਰ ਸਿੰਘ ਬਿਲਗਾ, ਗੁਲਜ਼ਾਰ ਸਿੰਘ ਰਾਮੇਵਾਲ, ਕੇਵਲ ਸਿੰਘ ਬਾਸੀ, ਗੁਰਦਿਆਲ ਸਿੰਘ ਫਤੇਹਪੁਰ ਅਤੇ ਆਈ.ਡਬਲਯੂ.ਏ. ਦੇ ਪ੍ਰਧਾਨ ਕਾ. ਭੁਪਿੰਦਰ ਸਿੰਘ ਸਰੋਆ ਭੁੰਗਰਨੀ, ਕਾ. ਅਵਤਾਰ ਸਿੰਘ ਜੌਹਲ, ਕਾਮਰੇਡ ਸਰਵਣ ਸਿੰਘ ਸੰਘਵਾਲ ਅਤੇ ਹੋਰ ਨੌਜਵਾਨਾਂ ਨੇ ਫੰਡ ਇਕੱਠਾ ਕਰਨ ਦੀ ਮੁਹਿੰਮ ਨੂੰ ਜ਼ੋਰ-ਸ਼ੋਰ ਨਾਲ ਤੋਰ ਦਿੱਤਾ। ਬਰਮਿੰਘਮ ਸ਼ਹਿਰ ਦੀ ਫੰਡ ਉਗਰਾਹੀ ਵਿਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦਾ ਅਹਿਮ ਯੋਗਦਾਨ ਹੈ।

ਕਾ. ਹਰਕਿਸ਼ਨ ਸਿੰਘ ਸੁਰਜੀਤ, ਭਗਤ ਸਿੰਘ ਬਿਲਗਾ ਅਤੇ ਬੀਬੀ ਸੁਰਿੰਦਰ ਕੁਮਾਰੀ ਕੋਛੜ ਨੂੰ ਇਸ ਸ਼ੁਭ ਮੌਕੇ 'ਤੇ ਬਰਮਿੰਘਮ ਸੱਦਿਆ ਗਿਆ ਅਤੇ ਸਾਰੇ ਇੰਗਲੈਂਡ ਵਿਚ ਦੇਸ਼

ਭਗਤ ਯਾਦਗਾਰ ਹਾਲ ਲਈ ਫੰਡ ਇਕੱਠਾ ਕਰਨ ਲਈ ਸ਼ਲਾਘਾਯੋਗ ਉੱਦਮ ਕੀਤੇ।

ਇਨ੍ਹਾਂ ਦੀ ਮਿਹਨਤ ਅਤੇ ਲਗਨ ਸਦਕਾ ਏਥੇ ਦੇਸ਼ ਭਗਤ ਯਾਦਗਾਰ ਹਾਲ ਵਿਚ ਬਾਬਾ ਗੁਰਮੁਖ ਸਿੰਘ ਕੰਪਲੈਕਸ ਅਤੇ ਬਾਬਾ ਜਵਾਲਾ ਸਿੰਘ ਹਾਲ ਅਤੇ ਭਾਈ ਸੰਤੋਖ ਸਿੰਘ ਧਰਦਿਓ ਲਾਇਬ੍ਰੇਰੀ ਇਕ ਰੀਸਰਚ ਸੈਂਟਰ ਵਜੋਂ ਸਥਾਪਤ ਹੋ ਚੁੱਕੀ ਹੈ ਜਿਥੇ ਅਨੇਕਾਂ ਹੀ ਵਿਦਿਆਰਥੀ ਖੋਜ ਕਰਨ ਲਈ ਆਉਂਦੇ ਹਨ ਅਤੇ ਐਮ.ਫਿਲ ਅਤੇ ਪੀਐੱਚ.ਡੀ. ਦੀ ਡਿਗਰੀ ਹਾਸਲ ਕਰਦੇ ਹਨ ਅਤੇ ਗ਼ਦਰੀ ਬਾਬਿਆਂ ਦੇ ਇਸ ਵਿਰਸੇ ਨੂੰ ਬੁੱਧੀਜੀਵੀਆਂ ਤੇ ਆਮ ਜਨਤਾ ਦੇ ਸਾਹਮਣੇ ਲਿਆਉਂਦੇ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਬਾਬਾ ਬਿਲਗਾ ਅਤੇ ਜਨਰਲ ਸਕੱਤਰ ਕਾਮਰੇਡ ਗੰਧਰਵ ਸੇਨ ਕੋਛੜ ਨੇ ਦੇਸ਼ ਭਗਤ ਯਾਦਗਾਰ ਹਾਲ ਦੀਆਂ ਗਤੀਵਿਧੀਆਂ ਰਾਹੀਂ ਸਾਰੀ ਦੁਨੀਆ ਵਿਚ ਗਦਰੀ ਬਾਬਿਆਂ ਦੀ ਯਾਦ ਨੂੰ ਤਾਜ਼ਾ ਰੱਖਿਆ ਹੈ।

ਜਦੋਂ ਵੀ ਕੋਈ ਦੇਸ਼ ਭਗਤਾਂ ਸੰਬੰਧੀ ਕੋਈ ਸੈਮੀਨਾਰ ਜਾਂ ਵਿਚਾਰ ਵਟਾਂਦਰਾ ਜਾਂ ਕੋਈ ਅੰਦੋਲਨ ਕਰਨਾ ਹੋਵੇ ਤਾਂ ਇਸ ਉਮਰ ਵਿਚ ਵੀ ਨੌਜਵਾਨਾਂ ਵਾਲਾ ਜੋਸ਼ ਬਾਬਾ ਬਿਲਗਾ ਵਿਚ ਨਜ਼ਰ ਆਉਂਦਾ ਸੀ। ਚਾਹੇ ਕਾਮਾਗਾਟਾਮਾਰੂ ਦੇ ਸ਼ਹੀਦਾਂ ਬਾਰੇ, ਚਾਹੇ ਕੂਕਾ ਲਹਿਰ ਬਾਰੇ, ਚਾਹੇ ਗ਼ਦਰੀ ਬਾਬਿਆਂ ਬਾਰੇ, ਚਾਹੇ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਬਾਰੇ, ਬਾਬਾ ਜੀ ਸਭ ਦੇਸ਼ ਭਗਤਾਂ ਲਈ ਅੱਗੇ ਹੋ ਕੇ ਅਗਵਾਈ ਕਰਦੇ ਹਨ। 6 ਅਕਤੂਬਰ 2008 ਵਿਚ ਜਲ੍ਹਿਆਂ ਵਾਲੇ ਬਾਗ ਦਾ ਅਸਲੀ ਸਰੂਪ ਬਚਾਉਣ ਲਈ, ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਅਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਵਾਉਣ ਸੰਬੰਧੀ ਕੀਤੇ ਗਏ ਰੋਸ ਮਾਰਚ ਦੀ ਅਗਵਾਈ ਬਾਬਾ ਜੀ ਨੇ 101 ਸਾਲ ਦੀ ਉਮਰ ਵਿਚ ਵੀਲ੍ਹ ਚੇਅਰ ਉੱਪਰ ਬੈਠ ਕੇ ਕੀਤੀ।

ਬਾਬਾ ਬਿਲਗਾ ਜੀ ਦੀ ਜੁਆਨ ਇੱਛਾ ਸਦਾ ਇਹੀ ਰਹਿੰਦੀ ਸੀ ਕਿ ਸਾਡੇ ਦੇਸ਼ ਭਗਤਾਂ ਨੂੰ ਕਿਸ ਤਰ੍ਹਾਂ ਵੱਧ ਤੋਂ ਵੱਧ ਤਰੀਕੇ ਨਾਲ ਯਾਦ ਕੀਤਾ ਜਾ ਸਕੇ। ਉਨ੍ਹਾਂ ਦੇ ਇਨਕਲਾਬੀ ਅਗਾਂਹਵਧੂ ਵਿਚਾਰਾਂ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਇਆ ਜਾ ਸਕੇ ਤੇ ਉਨ੍ਹਾਂ ਵਿਚ ਦੇਸ਼ ਪਿਆਰ, ਦੇਸ਼ ਭਗਤੀ ਦੀਆਂ ਮਜ਼ਬੂਤ ਭਾਵਨਾਵਾਂ ਪੈਦਾ ਕੀਤੀਆਂ ਜਾ ਸਕਣ। ਇਸੇ ਸੋਚ ਅਧੀਨ ਹੀ ਪਹਿਲੀ ਨਵੰਬਰ 1992 ਵਿਚ ਪਹਿਲਾ 'ਮੇਲਾ ਗ਼ਦਰੀ ਬਾਬਿਆਂ ਦਾ' ਬਾਬਾ ਜੀ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਮੇਲੇ ਦੇ ਪਲੇਠੇ ਸੋਵੀਨਾਰ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਬਾਬਾ ਬਿਲਗਾ ਲਿਖਦੇ ਹਨ ਕਿ, "ਸਾਡੀ ਇਹ ਕੋਸ਼ਿਸ਼ ਹੋਵੇਗੀ ਕਿ ਮੇਲਾ ਹਰ ਸਾਲ ਲੱਗਿਆ ਕਰੇ।" ਅੱਜ ਇਹ ਮੇਲਾ ਸ਼ਾਨਾਮੱਤਾ ਸਫ਼ਰ ਤਹਿ ਕਰ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਬਾਬਾ ਬਿਲਗਾ ਅਤੇ ਜਨਰਲ ਸਕੱਤਰ ਕਾਮਰੇਡ ਗੰਧਰਵ ਸੇਨ ਕੋਛੜ ਦੇ ਭਰਪੂਰ ਯਤਨਾਂ ਸਦਕਾ ਲਗਾਏ ਅਜਿਹੇ ਮੇਲਿਆਂ ਤੋਂ ਹੀ ਪ੍ਰਭਾਵਿਤ ਹੋ ਕੇ ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਦੇਸ਼ਾਂ ਵਿਚ ਉਤਸ਼ਾਹ ਭਰਪੂਰ ਗ਼ਦਰੀ ਬਾਬਿਆਂ ਦੇ ਮੇਲੇ ਮਨਾਏ ਜਾਂਦੇ ਹਨ।

ਇਹ ਮੇਲੇ ਆਪਣਾ ਤਨ, ਮਨ, ਧਨ ਸਭ ਅਜ਼ਾਦੀ ਸੰਗਰਾਮ ਦੇ ਲੇਖੇ ਲਾਉਣ ਦੀਆਂ ਅਦੁੱਤੀਆਂ ਮਿਸਾਲਾਂ ਕਾਇਮ ਕਰਨ ਵਾਲਿਆਂ ਦੀ ਯਾਦ ਨੂੰ ਸਾਂਭਣ ਅਤੇ ਲੋਕਾਂ ਵਿਚ ਲਿਜਾਣ ਦਾ ਇਕ ਸਭਿਆਚਾਰਕ ਤਿਉਹਾਰ ਹੈ। ਸੋ ਇਨ੍ਹਾਂ ਮੇਲਿਆਂ ਵਿਚ ਬਾਬਾ ਜੀ ਨੇ ਆਪਣੇ ਜੋਸ਼ ਭਰੇ ਵਿਚਾਰ ਜਨਤਾ ਦੇ ਸਾਹਮਣੇ ਰੱਖੇ। ਭਰੇ ਹੋਏ ਮੇਲੇ ਨੂੰ ਦੇਖ ਕੇ ਤਾਂ ਬਾਬਾ ਜੀ ਨੂੰ ਏਨਾ ਹੁਲਾਰਾ ਆ

ਜਾਂਦਾ, ਏਨਾ ਜੋਸ਼ ਭਰ ਜਾਂਦਾ ਕਿ ਗਰਜਵੀਂ ਆਵਾਜ਼ ਵਿਚ ਸੰਬੋਧਨ ਕਰਨ ਲੱਗ ਪੈਂਦੇ ਸਨ। 2006 ਵਿਚ ਅਜਿਹੀ ਹੀ ਘਟਨਾ ਹੋਈ ਕਿ ਜਦੋਂ ਸਟੇਜ ਉਪਰੋਂ ਲੈਕਚਰ ਕਰਕੇ ਉਤਰੇ ਤਾਂ ਪੇਟ ਦਾ ਐਸਾ ਜ਼ੋਰ ਲੱਗਿਆ ਕਿ ਨਾੜਾਂ ਦਾ ਗੁੱਛਾ ਬੱਝ ਗਿਆ ਤੇ ਪੀੜ ਹੋਣ ਲੱਗ ਪਈ। ਉਸੇ ਵੇਲੇ ਡਾ. ਜੀ.ਐਸ. ਗਿੱਲ ਐਮ.ਐਸ. ਔਕਸਫੋਰਡ ਹਸਪਤਾਲ ਜਲੰਧਰ ਵਿਚ ਲੈ ਕੇ ਗਏ ਤੇ ਉਥੇ ਜਾ ਕੇ ਸਫਲ ਅਪ੍ਰੇਸ਼ਨ ਕੀਤਾ।

ਬਾਬਾ ਬਿਲਗਾ ਜੀ ਦੀ ਪ੍ਰੇਰਨਾ ਸਦਕਾ, ਡਾ. ਜੀ.ਐਸ. ਗਿੱਲ ਦੇ ਅਥਾਹ ਉਦਮ ਅਤੇ ਉਤਸ਼ਾਹ ਸਦਕਾ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਬਰਮਿੰਘਮ ਯੂ.ਕੇ., ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ, ਪਿੰਡ ਸੰਘਵਾਲ ਦੀ ਪੰਚਾਇਤ ਦੇ ਇਲਾਕੇ ਦੇ ਪਤਵੰਤੇ ਸੱਜਣਾਂ ਦੇ ਸਹਿਯੋਗ ਨਾਲ ਬਾਬਾ ਜੀ ਦੀ ਸਰਪ੍ਰਸਤੀ ਹੇਠ ਅਸੀਂ ਸ਼ਹੀਦਾਂ ਦੀ ਯਾਦ ਨੂੰ ਲੋਕਾਂ ਦੇ ਦਿਲਾਂ ਵਿਚ ਤਾਜ਼ਾ ਰੱਖਣ ਲਈ ਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਠਾਨਕੋਟ ਬਾਈਪਾਸ ਚੌਂਕ ਜਲੰਧਰ ਵਿਖੇ ਸ਼ਹੀਦ ਬੰਤਾ ਸਿੰਘ ਸੰਘਵਾਲ ਦਾ ਬੁੱਤ ਲਗਾਇਆ। ਮਹਾਨ ਗ਼ਦਰੀ ਬਾਬੇ ਮਾਰਗ ਦਾ ਨੀਂਹ ਪੱਥਰ ਰਖਵਾਇਆ। ਸ਼ਹੀਦ ਬੰਤਾ ਸਿੰਘ, ਸ਼ਹੀਦ ਅਰੂੜ ਸਿੰਘ ਸਟੇਡੀਅਮ ਸੰਘਵਾਲ ਬਣਵਾਇਆ। ਮਹਾਨ ਗ਼ਦਰੀ ਬਾਬੇ ਇੰਟਰਨੈਸ਼ਨਲ ਸਕੂਲ ਬਣਵਾਇਆ। ਬਾਬਾ ਜੀ ਨੇ ਸ਼ਹੀਦਾਂ ਦੀ ਯਾਦ ਵਿਚ ਮੈਰਾਥਨ ਰੇਸ ਸ਼ੁਰੂ ਕਰਵਾਈ। ਟੂਰਨਾਮੈਂਟ ਗ਼ਦਰੀ ਬਾਬਿਆਂ ਦੇ ਸ਼ੁਰੂ ਕਰਵਾਏ। ਜਨਤਾ ਹਸਪਤਾਲ ਜਲੰਧਰ ਵਿਖੇ ਫਰੀ ਨਸ਼ਾ ਛੁਡਾਉ ਕੇਂਦਰ ਚਲਾਇਆ। ਮਹਾਨ ਗ਼ਦਰੀ ਬਾਬੇ ਮੈਮੋਰੀਅਲ ਗੇਟ ਬਣਵਾਇਆ। ਬਾਬਾ ਜੀ ਦੁਆਰਾ ਦਿੱਤੇ ਗਏ ਸਹਿਯੋਗ ਅਤੇ ਉਤਸ਼ਾਹ ਸਦਕਾ ਹੀ ਮੈਂ ਗ਼ਦਰ ਲਹਿਰ ਉੱਪਰ ਪੀਐੱਚ.ਡੀ. ਦੀ ਡਿਗਰੀ ਹਾਸਲ ਕਰ ਸਕੀ ਹਾਂ ਅਤੇ ਉਨ੍ਹਾਂ ਦੀ ਪ੍ਰੇਰਣਾ ਸਦਕਾ ਹੀ ਦੇਸ਼-ਵਿਦੇਸ਼ਾਂ ਵਿਚ ਖੋਜ ਪੇਪਰ ਪੜ੍ਹੇ ਹਨ।

ਇਥੇ ਇਹ ਦੱਸਦੇ ਹੋਏ ਵੀ ਮਾਣ ਮਹਿਸੂਸ ਕਰਦੀ ਹਾਂ ਕਿ ਔਰਤਾਂ ਲਈ ਬਾਬਾ ਜੀ ਦੇ ਦਿਲ ਵਿਚ ਬਹੁਤ ਮਾਣ-ਸਨਮਾਨ ਸੀ ਅਤੇ ਸਾਡੇ ਉੱਪਰ ਇਕ ਬਾਪ ਦਾ ਹੱਕ ਰੱਖਦੇ ਸਨ ਤੇ ਮੈਨੂੰ ਹਮੇਸ਼ਾ ਇਸ ਗੱਲ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ ਕਿ ਆਪਣੀ ਭੈਣ ਸੁਰਿੰਦਰ ਕੁਮਾਰੀ ਕੋਛੜ, ਡਾ. ਰਘਬੀਰ ਕੌਰ, ਭੈਣ ਜੀ ਗੁਰਮੀਤ ਕੈਨੇਡਾ, ਭੈਣ ਜੀ ਬਲਵੀਰ ਕੌਰ ਤੇ ਕੁਲਵਿੰਦਰ ਬੁੱਟਰ ਤੇ ਸਾਰੀਆਂ ਭੈਣਾਂ ਨੇ ਅੱਗੇ ਹੋ ਕੇ ਇਸ ਦੇਸ਼ ਭਗਤ ਹਾਲ ਤੋਂ ਸਾਂਝੀਵਾਲਤਾ ਦੀ ਵਿਰਾਸਤ ਨਾਲ ਸਾਰੀ ਦੁਨੀਆ ਨੂੰ ਸੇਧ ਦੇਣੀ ਹੈ। ਸੋ ਦੇਸ਼ ਭਗਤ ਯਾਦਗਾਰ ਹਾਲ ਛੇਤੀ ਛੇਤੀ ਆਇਆ ਕਰੋ ਅਤੇ ਸਦਾ ਹੀ ਇਥੇ ਹੋ ਰਹੀਆਂ ਸਰਗਰਮੀਆਂ ਵਿਚ ਹਿੱਸਾ ਲਿਆ ਕਰੋ। ਸੋ ਔਰਤਾਂ ਦੀ ਮਹਾਨਤਾ ਨੂੰ ਉਭਾਰਦੇ ਹੋਏ ਹਮੇਸ਼ਾ ਹੀ ਬੱਚੀਆਂ ਨੂੰ ਆਪਣੇ ਹੱਕਾਂ ਅਤੇ ਫਰਜ਼ਾਂ ਬਾਰੇ ਜਾਗਰੂਕ ਕਰਦੇ ਰਹਿੰਦੇ ਸਨ ਅਤੇ ਅੱਗੇ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ।

ਉਨ੍ਹਾਂ ਦੀ ਸੁਹਿਰਦਤਾ, ਸਮਾਜ ਲਈ, ਦੇਸ਼ ਲਈ ਹਰ ਸਮੇਂ ਵਧੀਆ ਕਰਨ ਦੀ ਇੱਛਾ, ਦੇਸ਼ ਨੂੰ, ਸਮਾਜ ਨੂੰ ਤੇ ਨੌਜਵਾਨਾਂ ਨੂੰ ਵਧੀਆ ਦੇਖਣ ਦੀ ਤੜਫ ਦਾ ਜਲੌਅ ਹੁਣ ਵੀ ਉਨ੍ਹਾਂ ਦੀ ਸਰੀਰਕ ਹੋਂਦ ਤੋਂ ਕਿਤੇ ਪਾਰ ਤੱਕ ਫੈਲਿਆ ਹੋਇਆ ਸੀ। ਇਹ ਜਲੌਅ ਜਵਾਨੀ ਵਾਲਾ ਸੀ। ਇਸੇ ਕਰਕੇ ਉਨ੍ਹਾਂ ਦੀ ਆਵਾਜ਼, ਉਨ੍ਹਾਂ ਦੇ ਬੋਲਾਂ ਵਿਚ, ਉਨ੍ਹਾਂ ਦੀ ਸੋਚਣੀ, ਉਨ੍ਹਾਂ ਦੀ ਚੜ੍ਹਦੀ ਕਲਾ ਵਿਚ ਕਦੇ ਵੀ ਬੁਢਾਪੇ ਦਾ ਪ੍ਰਛਾਵਾਂ ਨਹੀਂ ਸੀ ਪਿਆ। ਉਹ ਗ਼ਦਰੀ ਬਾਬਿਆਂ ਦੀ ਸਾਂਝੀ,

ਅਮੀਰ, ਜੁਝਾਰੂ, ਧਰਮ ਨਿਰਪੱਖ, ਇਨਸਾਫ਼ ਅਤੇ ਆਜ਼ਾਦੀ ਪਸੰਦ, ਬਰਾਬਰਤਾ, ਸਵੈਮਾਣ ਭਰੀ ਹੁਸੀਨ ਜ਼ਿੰਦਗੀ ਦੇ ਨਿਰਮਾਣ ਲਈ ਹਰ ਸਮੇਂ ਤਿਆਰ ਬਰ ਤਿਆਰ ਰਹਿੰਦੇ ਹਨ। ਨੌਜਵਾਨ ਪੀੜ੍ਹੀ ਨੂੰ ਉਸਾਰੂ ਸੋਚ ਅਤੇ ਇਨਕਲਾਬੀ ਚੇਤਨਾ ਦੇਣਾ ਇਨ੍ਹਾਂ ਦਾ ਸਮਾਜ ਲਈ ਵਡਮੁੱਲਾ ਯੋਗਦਾਨ ਹੈ।

ਬਾਬਾ ਬਿਲਗਾ ਦੀ ਉਮਰ 102 ਸਾਲ ਤੋਂ ਵੱਧ ਸੀ, ਪਰ ਓਨੇ ਹੀ ਚਿੰਤੁਤ ਸਨ, ਜਿੰਨੇ 1913 ਵਿਚ ਗ਼ਦਰੀ ਬਾਬੇ ਸਨ। ਬਾਬਾ ਜੀ ਦੀਆਂ ਲਿਖਤਾਂ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ', 'ਮੇਰਾ ਵਤਨ', 'ਨਿਰਭੈ ਯੋਧਾ ਬਾਬਾ ਗੁਰਮੁੱਖ ਸਿੰਘ', 'ਮੇਰੀ ਸਮਝ ਮੇਰੀ ਸੋਚ' ਅਤੇ ਪ੍ਰੋਫੈਸਰ ਗੋਪਾਲ ਸਿੰਘ ਬੁੱਟਰ ਦੁਆਰਾ ਬਾਬਾ ਜੀ ਦੀਆਂ ਸੰਪਾਦਕ ਕੀਤੀਆਂ ਗਈਆਂ ਦੋ ਪੁਸਤਕਾਂ 'ਇਤਿਹਾਸਕ ਪਿੰਡ ਬਿਲਗਾ', 'ਮੇਰੇ ਸੰਗਰਾਮੀ ਸਾਥੀ' ਅਜਿਹੇ ਦਸਤਾਵੇਜ਼ ਹਨ, ਜੋ ਅਜੋਕੀਆਂ ਅਤੇ ਆਉਣ ਵਾਲੀਆਂ ਨਸਲਾਂ ਲਈ ਚਾਨਣ ਮੁਨਾਰਾ ਹਨ। ਅਜੋਕੇ ਸਮੇਂ ਵਿਚ ਬਾਬਾ ਜੀ ਦੇ ਇਨ੍ਹਾਂ ਵਿਚਾਰਾਂ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ।

ਬਾਬਾ ਜੀ ਕਹਿੰਦੇ ਸਨ ਕਿ ਅਕਸਰ ਇਹ ਨਾਅਰੇ ਲੱਗਦੇ ਹਨ ਕਿ ਗ਼ਦਰੀ ਬਾਬਿਆਂ ਦਾ ਸੰਘਰਸ਼ ਜਾਰੀ ਰੱਖਾਂਗੇ। ਅਨੇਕਾਂ ਥਾਵਾਂ 'ਤੇ ਗ਼ਦਰੀ ਬਾਬਿਆਂ ਦਾ ਸਨਮਾਨ ਹੁੰਦਾ ਹੈ ਪਰ ਬਾਬਾ ਜੀ ਕਹਿੰਦੇ ਹਨ ਕਿ ਅਜਿਹੇ ਨਾਅਰੇ ਸੁਣ ਕੇ ਅਜਿਹੇ ਸਨਮਾਨ ਨਾਲ ਮਨ ਤਾਂ ਜ਼ਰੂਰ ਖੁਸ਼ ਹੁੰਦਾ ਹੈ ਕਿ ਗ਼ਦਰੀ ਬਾਬਿਆਂ ਵੱਲੋਂ ਜਗਾਈ ਜੋਤ ਕਿਸੇ ਨਾ ਕਿਸੇ ਰੂਪ ਵਿਚ ਜਗ ਰਹੀ ਹੈ ਪਰ ਅਸਲੀਅਤ ਜ਼ਿਆਦਾ ਨਮੋਸ਼ੀ ਭਰੀ ਹੈ। ਜਦੋਂ ਮੈਂ ਇਹ ਸੋਚਦਾ ਹਾਂ ਕਿ ਮੇਰੇ ਦੇਸ਼ ਦੇ ਹਾਕਮ ਦੇਸ਼ ਨੂੰ ਲੁੱਟੀ ਜਾਂਦੇ ਹਨ ਤੇ ਮੇਰਾ ਦੇਸ਼ ਤਬਾਹ ਹੋ ਰਿਹਾ ਹੈ ਤਾਂ ਢਾਰਸ ਅੱਜ ਦੇ ਨੌਜਵਾਨ ਬੱਚਿਆਂ ਤੋਂ ਬੱਝਦੀ ਹੈ। ਅੱਜ ਦੇ ਇਹ ਨੌਜਵਾਨ ਸਮਝਣ ਕਿ ਉਹ ਉਨ੍ਹਾਂ ਗ਼ਦਰੀ ਬਾਬਿਆਂ ਦੇ ਵਾਰਿਸ ਹਨ ਜਿਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਸੀ। ਰਿਸ਼ਵਤਖੋਰੀ ਵਧੀ ਹੈ। ਗ਼ਰੀਬੀ ਤੇ ਕੁਕਰਮ ਵਧੇ ਹਨ। ਨੌਜਵਾਨਾਂ ਤੋਂ ਬਿਨਾਂ ਹੋਰ ਕੋਈ ਤਾਕਤ ਨਹੀਂ ਜਿਹੜੀ ਇਨ੍ਹਾਂ ਬਿਮਾਰੀਆਂ ਨੂੰ ਰੋਕ ਸਕੇ। ਇਕ ਬਸ ਨੌਜਵਾਨੋ, ਤੁਹਾਡੇ ਨਾਲ ਹੀ ਆਜ਼ਾਦੀ ਹੈ, ਇਨਸਾਨੀਅਤ ਹੈ। ਸੋ ਇਸੇ ਕਰਕੇ ਬਾਬਾ ਜੀ ਨੌਜਵਾਨਾਂ ਨੂੰ ਚੇਤਨਾ ਰੈਲੀਆਂ ਰਾਹੀਂ, ਨਾਟਕਾਂ ਰਾਹੀਂ, ਸੈਮੀਨਾਰ ਤੇ ਕਾਨਫ਼ਰੰਸਾਂ ਕਰਵਾ ਕੇ ਭ੍ਰਿਸ਼ਟਾਚਾਰ, ਨਸ਼ਾਖੋਰੀ, ਜਾਤੀ ਵਿਤਕਰੇ, ਫਿਰਕੂ ਜਨੂੰਨ ਅਤੇ ਭਰੂਣ-ਹੱਤਿਆ ਵਰਗੀਆਂ ਸਮਾਜਿਕ ਲਾਹਣਤਾਂ ਦੇ ਖਿਲਾਫ ਜਾਗਰੂਕ ਕਰਦੇ ਸਨ।

ਬਾਬਾ ਜੀ ਅੱਜ ਦੇ ਨੌਜਵਾਨਾਂ ਲਈ ਗ਼ਦਰ ਲਹਿਰ ਦੇ ਅਜਿਹੇ ਗੀਤਸ਼ੀਲ ਸਿਤਾਰੇ, ਰੌਸ਼ਨ ਮੁਨਾਰੇ, ਪਥ ਪ੍ਰਦਰਸ਼ਕ ਹਨ ਜਿਨ੍ਹਾਂ ਦਾ ਜੀਵਨ ਆਦਰਸ਼ ਸਾਨੂੰ ਦੇਸ਼ ਲਈ ਵੱਡੀ ਤੋਂ ਵੱਡੀ ਕੁਰਬਾਨੀ ਲਈ ਪ੍ਰੇਰਨਾ ਦਿੰਦਾ ਹੈ। ਬਾਬਾ ਜੀ ਦੇ ਜੋਸ਼ ਭਰੇ ਬੋਲ ਸਾਡੇ ਲਈ ਰਾਹ ਦਸੇਰਾ ਹਨ, ਅਮੁੱਲੇ ਹਨ। ਬਾਬਾ ਜੀ ਨਿਡਰ ਵਿਅਕਤੀ ਮਿੱਠ ਬੋਲੜੇ, ਸੁਵਕਤਾ, ਬੇਬਾਕ, ਅਜਿੱਤ ਸੁਤੰਤਰਤਾ ਸੈਨਾਨੀ, ਸਾਰੀ ਜ਼ਿੰਦਗੀ ਕਿਸੇ ਅੱਗੇ ਝੁਕੇ ਨਹੀਂ ਪਰ ਲੋਕਾਂ ਲਈ ਨਿਰਮਾਣਤਾ ਦੇ ਪ੍ਰਤੀਕ ਹਨ। ਸੰਗਰਾਮੀ ਜੀਵਨ ਦਾ ਹਰ ਸਾਹ ਲੋਕਤਾ ਦੀ ਭਲਾਈ ਨੂੰ ਅਰਪਣ ਸੀ। ਸਹੀ ਅਰਥਾਂ ਵਿਚ ਜਨਤਾ ਦੇ ਸੇਵਕ ਸਨ ਤੇ ਸਮੁੱਚਾ ਜੀਵਨ ਦੇਸ਼ ਕੌਮ ਲਈ ਸਮਰਪਿਤ ਰਿਹਾ।

ਅਖ਼ੀਰੀ ਵਾਰ ਜਦੋਂ ਮੈਂ 8 ਮਈ 2009 ਨੂੰ ਭਾਜੀ ਕੁਲਬੀਰ, ਭਾਈ ਪ੍ਰੇਮ, ਭਾਈ ਅਵਤਾਰ ਜੌਹਲ, ਭਾਈ ਸਰਵਣ ਸਿੰਘ ਸੰਘਵਾਲ, ਨਾਜ਼ਰ ਸਿੰਘ, ਸਤਨਾਮ ਸਿੰਘ, ਡਾ. ਜੀ.ਐਸ.

ਗਿੱਲ, ਭਾਬੀ ਜੀ ਸੁਰਿੰਦਰ ਕੌਰ ਅਤੇ ਕ੍ਰਿਪਾਲਜੀਤ ਕੌਰ ਨਾਲ ਬਾਬਾ ਜੀ ਨੂੰ ਬਰਮਿੰਘਮ ਮਿਲੀ ਤਾਂ ਬਾਬਾ ਜੀ ਨੇ ਬਹੁਤ ਖ਼ੁਸ਼ ਹੋ ਕੇ ਸਾਰਿਆਂ ਨਾਲ ਗੱਲਾਂਬਾਤਾਂ ਕੀਤੀਆਂ ਅਤੇ ਜਦੋਂ ਮੈਂ ਬਾਬਾ ਜੀ ਨੂੰ ਕਿਹਾ ਕਿ ਬਾਬਾ ਜੀ ਭਾਰਤ ਜਾ ਕੇ ਮੈਂ ਤੁਹਾਡਾ ਕੀ ਸੁਨੇਹਾ ਦੇਵਾਂ? ਤਾਂ ਉਨ੍ਹਾਂ ਕਿਹਾ, "ਮੇਰੇ ਦਿਲ ਵਿਚ ਇਹੀ ਖ਼ਾਹਿਸ਼ ਹੈ ਸਾਰੇ ਨੌਜਵਾਨ ਦੇਸ਼ ਭਗਤ ਤਾਕਤਾਂ ਨੂੰ ਇਕੱਠੇ ਕਰਕੇ ਸਾਡੇ ਸੁਪਨਿਆਂ ਦਾ ਭਾਰਤ ਬਣਾ ਸਕਣ।"

ਬਾਬਾ ਜੀ ਦੇ ਧੁਰ ਅੰਦਰੋਂ ਨਿਕਲੀ ਹੂਕ, ਇਹ ਸਤਰਾਂ ਪੇਸ਼ ਕਰਦੀਆਂ ਹਨ—

ਇਕੱਠੇ ਹੋ ਕੇ ਕਰੋ ਸੰਘਰਸ਼
ਇਹ ਹੈ ਮੇਰਾ ਜੀਵਨ ਆਦਰਸ਼
ਕਰੋ ਕੋਈ ਚਮਤਕਾਰ ਐਸਾ
ਡਿੱਠਾ ਨਾ ਹੋਵੇ ਕਿਸੇ ਜੈਸਾ
ਬੇ-ਇਨਸਾਫ਼ੀ ਦਾ ਝੰਡਾ ਉਤਾਰੋ।
ਮੇਰੇ ਸੁਪਨਿਆਂ ਦਾ ਭਾਰਤ ਉਸਾਰੋ।

***

# ਮੇਰੇ ਬਾਬਾ ਜੀ

-ਕੁਲਵਿੰਦਰ ਬੁੱਟਰ

ਮਾਰਚ 2007 ਵਿਚ ਦੈਨਿਕ ਭਾਸਕਰ ਤੋਂ ਸਾਹਿਤਕ ਸੰਪਾਦਕ ਦੇਸ ਰਾਜ ਕਾਲੀ ਦਾ ਫ਼ੋਨ ਆਉਂਦਾ ਹੈ ਕਿ ਅਸੀਂ 2 ਅਪਰੈਲ ਨੂੰ ਬਾਬਾ ਜੀ ’ਤੇ ਸੌ ਸਾਲ ਮੁਕੰਮਲ ਹੋਣ ’ਤੇ ਕੁਝ ਲੇਖ ਅਖ਼ਬਾਰ ਵਿਚ ਲਾਉਣੇ ਹਨ ਤੁਸੀਂ ਵੀ ਬਾਬਾ ਜੀ ਦੀ ਸ਼ਖ਼ਸੀਅਤ ਦੇ ਕਿਸੇ ਪੱਖ ਬਾਰੇ ਜ਼ਰੂਰ ਲਿਖੋ। ਮੈਂ ਸੋਚਣ ਲੱਗ ਪੈਂਦੀ ਹਾਂ ਕਿ ਏਨੀ ਮਹਾਨ ਸ਼ਖ਼ਸੀਅਤ ਬਾਰੇ ਕੀ ਲਿਖਾਂ? ਬਾਬਾ ਜੀ ਮਹਾਨ ਆਜ਼ਾਦੀ ਘੁਲਾਟੀਏ ਹਨ। ਕਮਿਊਨਿਸਟ ਆਗੂ ਹਨ, ਚਿੰਤਕ ਹਨ, ਇਤਿਹਾਸਕਾਰ ਹਨ, ਸਮਾਜ ਸੇਵਕ ਹਨ, ਸਿੱਖਿਆ ਪ੍ਰੇਮੀ ਹਨ, ਜਾਤ-ਪਾਤ, ਨਸਲ, ਧਰਮ, ਫ਼ਿਰਕਾਪ੍ਰਸਤੀ, ਇਲਾਕਾਪ੍ਰਸਤੀ ਤੇ ਕੁੰਨਬਾ ਪਰਵਰੀ ਵਰਗੀਆਂ ਸੌੜੀਆਂ ਤੇ ਮਾਨਵ-ਵਿਰੋਧੀ ਬੁਰੀਆਂ ਪ੍ਰਵਿਰਤੀਆਂ ਦੇ ਸਖ਼ਤ ਖ਼ਿਲਾਫ਼ ਹਨ। ਇਸ ਬਹੁਪੱਖੀ ਸ਼ਖ਼ਸੀਅਤ ਜਿਸਨੂੰ ਵਿਅਕਤੀ ਥਾਂ ਸੰਸਥਾ ਕਹਿਣਾ ਅਣਉੱਚਿਤ ਨਹੀਂ ਹੋਵੇਗਾ ਬਾਰੇ ਕੁਝ ਲਿਖਣ ਲਈ ਭਾਵਪੂਰਤ ਆਰੰਭਿਕ ਸ਼ਬਦ ਨਹੀਂ ਔਹੜਦੇ। ਮੈਂ ਪੈੱਨ ਰੱਖ ਕੇ ਉਨ੍ਹਾਂ ਬਾਰੇ ਸੋਚਣ ਲੱਗਦੀ ਹਾਂ। ਇਸ ਬਹੁ ਪੱਖੀ ਸ਼ਖ਼ਸੀਅਤ ਦੇ ਮਾਲਕ ਬਾਬਾ ਭਗਤ ਸਿੰਘ ਬਿਲਗਾ ਦੇ ਪਰਿਵਾਰ ਨਾਲ ਸੰਬੰਧਿਤ ਹੋਣ ’ਤੇ ਮੈਨੂੰ ਹਮੇਸ਼ਾ ਮਾਣ ਰਿਹਾ ਹੈ। ਦੂਰਦਰਸ਼ਨ ਕੇਂਦਰ ਜਲੰਧਰ ਜਿਸ ਅਦਾਰੇ ਵਿਚ ਮੈਂ ਬਤੌਰ ਪ੍ਰੋਡਿਊਸਰ ਸੇਵਾ ਕਰਦੀ ਹਾਂ ਉੱਥੇ ਬਹੁਤ ਸਾਰੇ ਜਾਣ ਪਛਾਣ ਵਾਲੇ ਲੋਕ ਆਉਂਦੇ ਹਨ ਅਤੇ ਮੇਰੇ ਬਾਰੇ ਗੱਲ ਕਰਦਿਆਂ ਕਹਿੰਦੇ ਹਨ ਕਿ ਬਾਬਾ ਜੀ ਦੀ ਪੋਤੀ ਹੈ...।

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਬਾਬਾ ਭਗਤ ਸਿੰਘ ਬਿਲਗਾ ਨਾਲ ਪਿੱਤਰੀ ਰਿਸ਼ਤਾ-ਨਾਤਾ ਹੋਣ ਕਰਕੇ ਮੈਂ ਮਾਣ ਮਹਿਸੂਸ ਕਰਦੀ ਹਾਂ। ਉੱਥੇ ਜਾਣ-ਪਛਾਣ ਵਾਲੇ ਲੋਕ ਕਹਿੰਦੇ ਹਨ ਕਿ ‘ਬਾਬਾ ਜੀ ਦੀ ਪੋਤੀ ਹੈ’, ਪਰ ਕਦੇ ਕਿਸੇ ਨੇ ਨਹੀਂ ਪੁੱਛਿਆ ਕਿਹੜੇ ‘ਬਾਬਾ ਜੀ ਦੀ?’ ਅੱਜ ਸਮਾਜ ਚਾਹੇ ਅਖੌਤੀ ਬਾਬਿਆਂ ਨਾਲ ਭਰਿਆ ਪਿਆ ਹੈ। ਪਰ ਗ਼ਦਰੀ ਦੇਸ਼ ਭਗਤ ਜੀਵਤ ਬਾਬਾ ਭਗਤ ਸਿੰਘ ਬਿਲਗਾ ਹੀ ਹੈ। ਜਦੋਂ ਕਦੇ ਮੈਂ ਯਾਦਗਾਰ ਹਾਲ ਉਨ੍ਹਾਂ ਕੋਲ ਬੈਠੀ ਹੁੰਦੀ ਹਾਂ ਤਾਂ ਅਚਾਨਕ ਕੋਈ ਜਾਣਿਆ ਪਛਾਣਿਆ ਜਾਂ ਅਨਜਾਣ ਚਿਹਰਾ ਆਉਂਦਾ ਹੈ ਤਾਂ ਆ ਕੇ ਜਿਸ ਸ਼ਰਧਾ ਨਾਲ ਉਨ੍ਹਾਂ ਦੇ ਅੱਗੇ ਨਤਮਸਤਕ ਹੁੰਦਾ ਹੈ। ਮੈਂ ਸੋਚਦੀ ਹਾਂ ਕਿਸ ਤਰ੍ਹਾਂ ਦੇ ਲੋਕ ਨੇ ਜਿਹੜੇ ਅਜੇ ਵੀ ਆਪਣੇ ਦੇਸ਼ ਦੀ ਹੋਂਦ ਅਤੇ ਦੇਸ਼ ਦੇ ਪਰਵਾਨਿਆਂ ਨੂੰ ਪਿਆਰ ਕਰਦੇ ਹਨ।

ਬਾਬਾ ਜੀ ਨਾਲ ਮੇਰੀ ਸਾਂਝ ਓਨੀ ਹੀ ਪੁਰਾਣੀ ਹੈ ਜਿੰਨੀ ਮੇਰੀ ਉਮਰ ਹੈ। ਮੈਂ ਆਪਣੇ ਭੈਣ-ਭਰਾਵਾਂ ਵਿਚੋਂ ਸਭ ਤੋਂ ਛੋਟੀ ਅਤੇ ਲਾਡਲੀ ਹੋਣ ਕਰਕੇ ਅਕਸਰ ਹਵੇਲੀ ਜਾਇਆ

ਕਰਦੀ, ਉੱਥੇ ਮੇਰੇ ਭਾਜੀ ਕਾ. ਅਜਮੇਲ ਸਿੰਘ ਸੰਘੇੜਾ ਅਤੇ ਬਾਬਾ ਜੀ ਦੀ ਗੱਲਬਾਤ ਅਤੇ ਹੋਰ ਕਾਮਰੇਡਾਂ ਦੀਆਂ ਗੱਲਾਂ ਮੈਨੂੰ ਪ੍ਰਭਾਵਿਤ ਕਰਦੀਆਂ। ਮੈਂ ਅੱਜੀਂ ਪੱਜੀਂ ਉਨ੍ਹਾਂ ਦੀਆਂ ਗੱਲਾਂ ਸੁਣਦੀ। ਬਾਬਾ ਜੀ ਮੈਨੂੰ ਅਹਿਮੀਅਤ ਦਿੰਦੇ, ਪੁੱਤ ਤੂੰ ਇਹ ਇਕ ਮੈਗ਼ਜ਼ੀਨ ਪੜ੍ਹ, ਇਹ ਕਿਤਾਬ ਪੜ੍ਹ, ਰੱਜ ਕੇ ਪੜ੍ਹਨਾ ਤੇ ਕੁਝ ਬਣ ਕੇ ਦਿਖਾਉਣਾ- ਇਹੋ ਜਿਹੀਆਂ ਹੱਲਾਸ਼ੇਰੀਆਂ ਮੈਨੂੰ ਅਕਸਰ ਹੌਸਲਾ ਦਿੰਦੀਆਂ। ਬਾਬਾ ਜੀ ਸਿਰਫ਼ ਭਗਤ ਸਿੰਘ ਬਿਲਗਾ ਹੀ ਨਹੀਂ ਸਗੋਂ ਇੱਕ ਵਿਚਾਰਧਾਰਾ ਦਾ ਨਾਮ ਹੈ। ਉਹ ਵਿਚਾਰਧਾਰਾ ਜਿਹੜੀ ਇਨਸਾਨੀਅਤ ਦੀ ਗੱਲ ਕਰਦੀ ਹੈ। ਮੇਰੇ ਪਿੰਡ ਬਿਲਗੇ ਵਿਚ ਉਨ੍ਹਾਂ ਦੇ ਦੋਸਤ ਜਿਨ੍ਹਾਂ ਨੂੰ ਮੈਂ ਆਦਰ ਨਾਲ ਸਤਿ ਸ੍ਰੀ ਅਕਾਲ ਬੁਲਾਉਂਦੀ। ਉਹ ਜਿਹਨਾਂ ਵਿਚ ਕਾਂਗਰਸੀ ਆਗੂ ਸੰਤਾ ਸਿੰਘ, ਉਜਾਗਰ ਸਿੰਘ ਬਿਲਗਾ (ਵਿਨੋਭਾ ਭਾਵੇ), ਕਾਮਰੇਡ ਜੁਆਲਾ ਸਿੰਘ, ਕਾਮਰੇਡ ਕਿਰਤੀ (ਪੱਤੀ ਨੀਲੋਵਾਲ) ਅਕਾਲੀ ਆਗੂ ਬਸੰਤ ਸਿੰਘ ਉਨ੍ਹਾਂ ਨਾਲ ਥਾਣੇਦਾਰ ਹਜ਼ੂਰਾ ਸਿੰਘ, ਵੋਟਾਂ ਦੀ ਵੰਡ ਭਾਵੇਂ ਅਲੱਗ ਅਲੱਗ ਹੋਵੇ, ਪਰ ਪਿੰਡ ਦੀ ਤਰੱਕੀ ਲਈ ਉਹ ਹਮੇਸ਼ਾ ਇੱਕ ਮੰਚ ਤੇ ਸਨ। ਅੱਜ ਵੀ ਪਿੰਡ ਵਿਚ ਜਿਨ੍ਹਾਂ ਵੀ ਘਰਾਂ ਵਿਚ ਫ਼ੰਕਸ਼ਨ ਹੁੰਦੇ ਨੇ ਬਾਬਾ ਜੀ ਉੱਥੇ ਵੀ ਨੌਜਵਾਨਾਂ ਨੂੰ ਸਿੱਖਿਆ ਦਿੰਦੇ ਰਹੇ। ਕਥਨੀ ਅਤੇ ਕਰਨੀ ਵਿਚ ਕੋਈ ਵੀ ਫ਼ਰਕ ਕਦੇ ਮੈਂ ਨਹੀਂ ਦੇਖਿਆ। ਉਹਨਾਂ ਦੀ ਵੱਡੀ ਭੈਣ (ਨਿੱਕੀ ਭੂਆ) ਬਾਲ ਵਿਧਵਾ ਸੀ ਅਤੇ 110 ਸਾਲ ਦੀ ਹੋ ਕੇ ਗੁਜ਼ਰੀ। ਬਾਬਾ ਜੀ ਨੇ ਭੂਆ ਜੀ ਨੂੰ ਵੱਡੇ ਕਰਨ ਨੂੰ ਤਰਜੀਹ ਨਹੀਂ ਦਿੱਤੀ ਸਗੋਂ ਉਹਦੇ ਜੀਉਂਦਿਆਂ ਜੀ ਕੁੜੀਆਂ ਦੇ ਸਕੂਲ ਵਿਚ ਇਕ ਕਮਰਾ ਬਣਵਾਇਆ ਅਤੇ ਚੰਗੀ ਗੱਲ ਇਹ ਕਿ ਕਮਰੇ ਦਾ ਨੀਂਹ ਪੱਥਰ ਭੂਆ ਜੀ ਦੇ ਹੱਥੋਂ ਰਖਵਾਇਆ। ਦੇਸ਼ ਦੀ ਆਜ਼ਾਦੀ ਵਿਚ ਉਨ੍ਹਾਂ ਦਾ ਮਹਾਨ ਯੋਗਦਾਨ ਹੈ....। ਪਰ ਇਸ ਦੇ ਬਾਵਜੂਦ ਉਹਨਾਂ ਨੇ ਕਦੇ ਵੀ ਮਾਣ-ਸਨਮਾਣ ਨਹੀਂ ਕਬੂਲਿਆ। ਭਾਰਤ ਸਰਕਾਰ ਨੇ ਉਹਨਾਂ ਨੂੰ ਇੱਕ ਤਾਮਰ ਪੱਤਰ ਦਿੱਤਾ। ਕਬੂਲਣ ਤੋਂ ਇਨਕਾਰ ਕਰਨ ਤੇ ਉਹ ਤਾਮਰ ਪੱਤਰ ਡੀ. ਸੀ. ਤਹਿਸੀਲਦਾਰ, ਪਟਵਾਰੀ ਰਾਹੀਂ ਹੁੰਦਾ ਹੋਇਆ ਚੌਂਕੀਦਾਰ ਘਰ ਦੀ ਬੈਠਕ ਦੀ ਖਿੜਕੀ 'ਚ ਰੱਖ ਗਿਆ। ਉਨ੍ਹਾਂ ਨੇ ਕਦੇ ਵੀ ਸਰਕਾਰ ਤੋਂ ਪੈਨਸ਼ਨ ਨਹੀਂ ਲਈ।

ਮੈਂ, ਚੰਦਨਾ ਅਨੰਦ, ਡਾ. ਜਸਬੀਰ ਕੌਰ ਗਿੱਲ ਜਾਂ ਸੁਰਿੰਦਰ ਭੈਣ ਜੀ (ਨੂਰਮਹਿਲ) ਨਾਲ ਮੇਰੀ ਸਾਂਝ ਇਹੀ ਹੈ ਕਿ ਉਹ ਮੇਰੀ ਤਰ੍ਹਾਂ ਬਾਬਾ ਜੀ ਦੀਆਂ ਬੱਚੀਆਂ ਹਨ। ਬਾਬਾ ਜੀ ਬੇਬਾਕ ਹਨ ਉਹ ਗ਼ਲਤ ਗੱਲ ਕਿਸੇ ਵੀ ਡਰ ਭੈਅ ਤੋਂ ਬਿਨਾਂ ਮੂੰਹ 'ਤੇ ਰੱਦ ਕਰ ਸਕਦੇ ਹਨ। ਇਕ ਵਾਰ ਯਾਦਗਾਰ ਹਾਲ ਵਿਚ ਕਿਸੇ ਯੂਨੀਅਨ ਦੀ ਮੀਟਿੰਗ ਸੀ। ਉਹ ਬਾਬਾ ਜੀ ਨੂੰ ਮਿਲਣ ਆਏ ਤਾਂ ਉਹਨਾਂ ਕਿਹਾ ਸਿਰਫ਼ ਤਨਖਾਹਾਂ ਵਧਾਉਣ ਦੀਆਂ ਗੱਲਾਂ ਨਾ ਕਰੀ ਜਾਇਆ ਕਰੋ। ਕਦੇ ਕੰਮ ਵੀ ਕਰ ਲਿਆ ਕਰੋ; ਕਿਸਾਨਾਂ ਨੂੰ ਲੁੱਟਣਾ ਬੰਦ ਕਰੋ।

ਹਿਊਮਨ ਰਿਸੋਰਸ ਮਨਿਸਟਰੀ ਨੇ ਬਾਬਾ ਜੀ ਨੂੰ Courage ਬਹਾਦਰੀ Life Long Contibution ਵਿਸ਼ੇਸ਼ ਲਈ ਚੁਣਿਆ। ਬਾਬਾ ਜੀ ਨੇ ਫਿਰ ਉਹੀਓ 'ਨਾਂਹ' ਕੀਤੀ। ਮੈਂ ਕਿਹਾ ਬਾਬਾ ਜੀ ਇਨਾਮ ਲੈਣਾ ਚਾਹੀਦਾ। ਕਹਿੰਦੇ ! ਪ੍ਰੇਮ ਤੇ ਕੁਲਬੀਰ ਵੀ ਇਹੀਓ ਕਹਿੰਦੇ ਹਨ; ਫਿਰ ਚਾਚੇ ਹੁਣੀ ਉਨ੍ਹਾਂ ਨੂੰ ਗੱਡੀ 'ਚ ਬਿਠਾ ਕੇ ਦਿੱਲੀ ਲੈ ਗਏ। ਉੱਥੇ Protocol ਦੀ ਗੱਲ ਪਰ ਬਾਬਾ ਜੀ ਕਹਿਣ, ਜੇ ਬੋਲਣਾ ਨਹੀਂ ਤਾਂ ਇਨਾਮ ਨਹੀਂ ਲੈਣਾ। ਆਖ਼ਿਰ Protocol ਹੱਟਿਆ ਤੇ ਬਾਬਾ ਜੀ ਨਿਡਰਤਾ ਨਾਲ ਭਾਸ਼ਨ ਦਿੱਤਾ।

ਨਿਡਰਤਾ ਏਨੀ ਕਿ ਅੱਤਵਾਦ ਦੇ ਦੌਰਾਨ ਰਿਪੋਰਟ ਮਿਲੀ ਕਿ ਖ਼ਤਰਾ ਹੈ ਪਿੰਡ ਨਾ ਜਾਇਓ! ਬਾਬਾ ਜੀ ਬੋਲੇ ਉਏ ਪੁੱਤਰੋ! ਜੇ ਅੰਗਰੇਜ਼ਾਂ ਦੀ ਗੋਲੀ ਮੈਨੂੰ ਨਹੀਂ ਮਾਰ ਸਕੀ ਤਾਂ ਇਹਨਾਂ ਲੋਕਾਂ ਦੀ ਗੋਲੀ ਮੇਰਾ ਕੁਝ ਨਹੀਂ ਵਿਗਾੜ ਸਕਦੀ। ਉਹ ਨਿਡਰ ਹੋ ਕੇ 4:50 ਦੀ ਸਤਲੁਜ ਬੱਸ 'ਚ ਬੈਠ ਜਿਸ ਦਾ ਕੰਡਕਟਰ ਲੰਬੜ ਅੰਕਲ ਹੁੰਦਾ ਸੀ, ਪਿੰਡ ਨੂੰ ਚਲੇ ਜਾਂਦੇ। ਸ਼ਾਮ ਨੂੰ ਕਦੇ ਮੈਂ ਕਦੇ ਭਾਜੀ ਰੋਟੀ ਦੇਣ ਜਾਂਦੇ ਤਾਂ ਬਾਬਾ ਜੀ ਕਹਿੰਦੇ ਤੁਸੀਂ ਨਾ ਆਇਆ ਕਰੋ। ਤੁਹਾਡੀ ਤਾਂ ਅਜੇ ਲੋੜ ਹੈ। ਅਸੀਂ ਉਨ੍ਹਾਂ ਨੂੰ ਕਹਿੰਦੇ ਬਾਬਾ ਜੀ ਇਹ ਬੈਠਕ ਰਾਹ 'ਤੇ ਹੈ ਸੁਰੱਖਿਅਤ ਨਹੀ ਫਿਰ ਉਹ ਹੱਸਦੇ ਕੁਝ ਨਹੀਂ ਹੁੰਦਾ ਬੁੱਢੇ ਸਰੀਰ ਨੂੰ। ਇਕ ਦਿਨ ਦੀ ਗੱਲ ਹੈ। ਬਾਬਾ ਜੀ ਅਜੇ ਦੁਕਾਨ ਤੋਂ ਆਪਣੇ ਘਰ ਨੂੰ ਗਏ ਹੀ ਸੀ ਕਿ ਸਾਡੀ ਪੱਤੀ ਭਲਾਈ ਦੇ ਮੋੜ ਵਾਲੇ ਦੁਕਾਨਦਾਰ ਮਹਿੰਦਰ ਅਰੋੜੇ ਨੂੰ ਗੋਲੀਆਂ ਨਾਲ ਭੁੰਨ ਕੇ ਚਲੇ ਗਏ। ਉਹ ਉਨ੍ਹਾਂ ਨਾਲ ਡਟ ਕੇ ਖੜੇ ਰਹੇ। ਮੇਰੇ ਸਹੁਰੇ ਅਤੀ ਅੱਤਵਾਦ ਪ੍ਰਭਾਵਿਤ ਇਲਾਕੇ ਵਿਚ ਹੋਣ ਦੇ ਕਾਰਨ ਉਹ ਕਹਿੰਦੇ ਪੁੱਤ Weekend ਤੇ ਘਰ ਨਹੀਂ ਜਾਣਾ। ਉਨ੍ਹਾਂ ਨੂੰ ਪਤਾ ਲੱਗ ਜਾਊ। ਸ਼ਾਮ ਨੂੰ ਬੈਠਕ 'ਚ ਉਨ੍ਹਾਂ ਦੇ ਸ਼ਾਗਿਰਦ ਤੇ ਮੇਰੇ ਭਰਾ ਭਾਜੀ ਅਜਮੇਲ, ਐਡਵੋਕੇਟ ਗੁਰਮਿੰਦਰ, ਮਾਸਟਰ ਪ੍ਰਸ਼ੋਤਮ, ਪਾਲ ਭਾਜੀ, ਮਾਸਟਰ ਪ੍ਰੇਮ, ਅਸ਼ਵਨੀ ਅਤੇ ਕਿੰਨੇ ਹੋਰ ਇਕੱਠੇ ਹੁੰਦੇ, ਉਹ ਕਹਿੰਦੇ ਪੁੱਤਰੋ ਘਰ ਜਾਓ ਮੂਰਖਾਂ ਦਾ ਕੀ ਪਤਾ।

ਬਾਬਾ ਜੀ ਦੀ ਹਮੇਸ਼ਾ ਹੀ ਲੜਕੀਆਂ ਦੇ ਹੱਕ 'ਚ ਰਹੇ ਹਨ। ਚਾਹੇ ਉਹ ਅੰਮ੍ਰਿਤਾ (ਉਨ੍ਹਾਂ ਦੀ ਪੋਤੀ) ਹੋਵੇ ਜਾਂ ਮੈਂ ਹੋਵਾਂ ਜਾਂ ਕੋਈ ਹੋਰ...। ਮੇਰਾ ਰਿਸ਼ਤਾ ਉਨ੍ਹਾਂ ਹੀ ਕਰਵਾਇਆ, ਜਦੋਂ ਮੇਰੀ ਬੇਟੀ ਪੈਦਾ ਹੋਈ ਤਾਂ ਉਨ੍ਹਾਂ ਕਿਹਾ ਪੁੱਤ ਜੇ ਕੋਈ ਆ ਕੇ ਕੁੜੀ ਨੂੰ ਨਿੰਦੇ, ਬੁੱਢੀਆਂ ਏਦਾਂ ਕਰਦੀਆਂ ਹੀ ਹੁੰਦੀਆਂ ਤਾਂ ਕਹੀਂ Get out from my room, ਤੂੰ ਆਖੀਂ ਮੈਨੂੰ ਲੜਕੀ ਦੀ ਮਾਂ ਹੋਣ ਤੇ ਮਾਣ ਹੈ।

ਮੇਰੇ ਪਤੀ ਨਾਲ ਉਨ੍ਹਾਂ ਨੂੰ ਇਨਾ ਪਿਆਰ ਸੀ ਕਿ ਉਹ ਅਕਸਰ ਇਸ ਤਰ੍ਹਾਂ ਦਾ ਪ੍ਰਭਾਵ ਦੇ ਜਾਂਦੇ ਜਿਵੇਂ ਉਹ ਉਨ੍ਹਾਂ ਦੇ ਵੱਲੋਂ ਹੋਣ। ਮੇਰੇ ਦਿਓਰ ਦਿਲਬਾਗ ਦਾ ਵਿਆਹ ਸੀ। ਉਨ੍ਹਾਂ ਨੇ ਇੰਗਲੈਂਡ ਤੋਂ ਉਨ੍ਹਾਂ ਦਿਨਾਂ ਵਿਚ ਹੀ ਆਉਣਾ ਸੀ। ਅਸੀਂ ਬਿਲਗੇ ਵਾਲਿਆਂ ਅਤੇ ਦੇਸ਼ ਭਗਤ ਹਾਲ ਤੋਂ ਵਿਆਹ ਵਿਚ ਆਉਣ ਵਾਲਿਆਂ ਆਪਣੇ ਸਨੇਹੀਆਂ ਨੂੰ ਬਾਬਾ ਜੀ ਨੂੰ ਨਾਲ ਲਿਆਉਣ ਦੀ ਤਾਕੀਦ ਕੀਤੀ ਸੀ। ਪਰ ਉਹ ਪਹੁੰਚਦੇ ਲੇਟ ਹੋ ਗਏ ਅਤੇ ਥੱਕੇ ਵੀ ਸਨ ਪਰ ਫਿਰ ਵੀ ਉਨ੍ਹਾਂ ਨੇ ਸਾਨੂੰ ਦੇਣ ਵਾਲਾ ਪੈਕਟ ਫੜਾਉਂਦਿਆਂ ਉਨ੍ਹਾਂ ਨੂੰ ਕਿਹਾ ਕਿ ਇਹ ਮੇਰਾ ਸਾਮਾਨ ਵੀ ਅੱਪੜਦਾ ਕਰ ਦਿਓ। ਉਸ ਪੈਕਟ ਵਿਚ ਉਨ੍ਹਾਂ ਸਾਡੇ ਲਈ ਕੁਝ ਕੱਪੜੇ ਭੇਜੇ ਸਨ ਅਤੇ ਉਸ ਉੱਪਰ ਲਿਖਿਆ ਸੀ, 'ਗੁਪਾਲ ਦੇ ਬੱਚਿਆਂ ਦੇ ਕੱਪੜੇ' ਪੜ੍ਹ ਕੇ ਅਸੀਂ ਦੋਵੇਂ ਹੱਸਦੇ ਰਹੇ।... ਹੁਣ ਮੈਨੂੰ ਬੱਚਿਆਂ ਬਾਰੇ ਪੁੱਛਦੇ ਹੋਏ ਕਹਿੰਦੇ ਕਿ, "ਕੁੜੀ ਕੀ ਕਰਦੀ ਆ?" ਦੱਸਿਆ ਇੰਜੀਨਿਅਰਿੰਗ। ਬੱਸ ਪੁੱਤ ਤਕੜੇ ਹੋ ਕੇ ਪੜ੍ਹਾਉ ਇਹੀ ਮੇਰੇ ਦੇਸ਼ ਦਾ ਭਵਿੱਖ ਏ।

ਬਾਬਾ ਜੀ ਆਪਣੀ ਬਿਲਗੇ ਅੱਡੇ 'ਤੇ ਪਈ ਜ਼ਮੀਨ ਜਿਸ ਵਿਚ ਅੱਗੇ ਵੱਡੀਆਂ ਵੱਡੀਆਂ ਦੋ ਦੁਕਾਨਾਂ ਅਤੇ ਪਿੱਛੇ ਲਾਅਨ ਸੀ, ਉਹ ਕਹਿੰਦੇ ਇਸ ਤੋਂ ਆਉਣ ਵਾਲੇ ਪੈਸੇ ਨੂੰ ਬਾਬਾ ਜੀਆ ਜੀ ਟਰੱਸਟ ਲਈ ਰੱਖਿਆ ਜਾਵੇਗਾ ਅਤੇ ਫਿਰ ਉਹ ਪੈਸਾ ਸਰਕਾਰੀ ਸਕੂਲ ਦੀਆਂ ਜ਼ਰੂਰਤਮੰਦ ਕੁੜੀਆਂ ਨੂੰ ਦਿਆ ਕਰਾਂਗੇ। ਕਦੇ ਉਹ ਪੈਸੇ ਸੁਰਿੰਦਰ ਆਂਟੀ ਦੇ ਹੱਥੋਂ ਦਿਵਾਉਂਦੇ, ਕਦੇ ਪਾਲ

ਆਂਟੀ ਦੇ ਹੱਥੋਂ ਅਤੇ ਕਦੇ ਮੇਰੇ ਹੱਥੋਂ। ਉਨ੍ਹਾਂ ਨੇ ਮੈਨੂੰ ਇਸ ਟਰੱਸਟ ਦੀ ਚੇਅਰਪਰਸਨ ਬਣਾਇਆ ਹੋਇਆ ਸੀ। ਮੈਂ ਨਾਂਹ ਨੁੱਕਰ ਕੀਤੀ। ਉਹ ਕਹਿੰਦੇ ਪੁੱਤ ਏਦਾਂ ਤੇਰਾ ਸਕੂਲ ਵਿਚ ਆਉਣਾ ਜਾਣਾ ਬਣਿਆ ਰਹੂ। ਸ਼ਾਇਦ ਤੂੰ ਕਿਸੇ ਕੁੜੀ ਦੇ ਕੰਮ ਆ ਸਕੇਂ। ਆਪਣੇ ਪਿੰਡ ਦੀਆਂ ਬੱਚੀਆਂ ਲਈ ਏਨਾ ਪਿਆਰ।

ਬਾਬਾ ਜੀ ਹੁਣ ਸਰੀਰਕ ਤੌਰ 'ਤੇ ਬਹੁਤ ਤੰਦਰੁਸਤ ਨਹੀਂ ਉਮਰ ਦੇ ਆਖ਼ਰੀ ਪੜਾਅ ਵਿਚ ਹਨ। ਮੈਨੂੰ ਫ਼ੋਨ ਕਰਦੇ ਨੇ ਪੁੱਤਰ ਉਹ ਕਾਕੇ ਦੀ ਕੁੜੀ ਨੂੰ ਮੈਂ ਸੰਗ ਢੇਸੀਆਂ ਦਾਖ਼ਲ ਕਰਵਾ ਆਇਆ, ਉਹ ਪੜ੍ਹਨਾ ਚਾਹੁੰਦੀ ਹੈ, ਤੂੰ ਪ੍ਰਿੰਸੀਪਲ ਨੂੰ ਮਿਲ ਕੇ ਉਹਦੀ ਫੀਸ ਮੁਆਫ਼ ਕਰਵਾ ਦੇਵੀਂ। ਮੈਂ ਉਨ੍ਹਾਂ ਦੇ ਇਸ ਸਮਾਜ ਸੇਵਾ ਦੇ ਜਜ਼ਬੇ ਤੋਂ ਹੈਰਾਨ ਹੁੰਦੀ ਹਾਂ। ਉਹਨਾਂ ਨੂੰ ਨੌਜਵਾਨਾਂ ਦੀ ਚਿੰਤਾ ਹੈ। ਚਾਰ-ਪੰਜ ਸਾਲ ਪਹਿਲਾਂ ਮੈਂ ਉਨ੍ਹਾਂ 'ਤੇ ਇਕ ਡਾਕੂਮੈਂਟਰੀ ਬਣਾਈ 'ਦੇਸ਼ ਦੀ ਆਜ਼ਾਦੀ ਦਾ ਸਿਪਾਹੀ-ਬਾਬਾ ਭਗਤ ਸਿੰਘ ਬਿਲਗਾ'। ਨੌਜਵਾਨਾਂ ਦੇ ਨਾਮ ਸੰਦੇਸ਼ ਪੁੱਛਿਆ ਉਨ੍ਹਾਂ ਚੱਲ ਰਹੀ ਨਸ਼ਾਖੋਰੀ ਅਤੇ ਨਸ਼ੇ ਦੇ ਵਧ ਰਹੇ ਵਪਾਰ ਬਾਰੇ ਬੋਲਦੇ ਰਹੇ ਦੋ ਮਿੰਟ ਦੀ ਥਾਂ ਤੇਤੀ ਮਿੰਟ ਦੀ ਟੇਪ ਭਰ ਗਈ।

ਮੈਂ ਘਰ ਕੰਮ ਕਰ ਰਹੀ ਸੀ, ਦਰਵਾਜ਼ਾ ਖੜਕਿਆ ਰਮੇਸ਼ ਖੜਾ ਸੀ। ਕਹਿੰਦਾ ਬਾਬਾ ਜੀ ਨੇ ਇਹ ਕਾਗਜ਼ ਭੇਜੇ ਹਨ, ਇਨ੍ਹਾਂ ਬਾਰੇ ਉਹ ਤੁਹਾਨੂੰ ਫ਼ੋਨ ਕਰਨਗੇ। ਫਿਰ ਫ਼ੋਨ ਆਇਆ। ਪੁੱਤ ਇਹ ਆਪਣੇ ਪਿੰਡ ਬਿਲਗੇ ਦਾ ਇਤਿਹਾਸ ਹੈ, ਇਹ ਸਾਰੇ ਵਰਕੇ ਆਪਣੀ ਜ਼ੁਬਾਨ 'ਚ ਰਿਕਾਰਡ ਕਰਦੇ। ਪੂਰੀ ਦੀ ਪੂਰੀ ਕਿਤਾਬ ਦਾ ਖਰਚਾ, ਟੇਪ ਰਿਕਾਰਡ ਤੇ ਰਿਕਾਰਡਿੰਗ ਕੀਤੀ ਦੋ ਕੈਸਿਟਾਂ ਭਰੀਆਂ, ਉਨ੍ਹਾਂ ਇੰਗਲੈਂਡ ਜਾ ਕੇ ਉਨ੍ਹਾਂ ਲੋਕਾਂ ਨੂੰ ਸੁਣਾਈਆਂ। ਜਿਹੜੇ ਸਾਡੇ ਪਿੰਡ ਤੋਂ ਉੱਜੜ ਕੇ ਪਾਕਿਸਤਾਨ ਚਲੇ ਗਏ ਸਨ। ਉਹ ਅੱਜ ਵੀ ਇੰਨੇ ਸੁਚੇਤ ਹਨ, ਪੂਰੇ ਦਾ ਪੂਰਾ ਇਤਿਹਾਸ ਅੱਜ ਵੀ ਉਨ੍ਹਾਂ ਨੂੰ ਯਾਦ ਹੈ, ਉਨ੍ਹਾਂ ਕੋਲ ਦੇਸ਼ ਸੰਘਰਸ਼ ਦੇ ਘੋਲ ਦਾ ਅਨਮੋਲ ਖ਼ਜ਼ਾਨਾ ਹੈ। ਉਹ ਇੱਕ ਜੀਊਂਦਾ ਜਾਗਦਾ ਇਤਿਹਾਸ ਨੇ, ਮੈਨੂੰ ਆਪਣੇ ਤੇ ਸਭ ਦੇ ਬਾਬਾ ਜੀ 'ਤੇ ਮਾਣ ਹੈ।

ਉਨ੍ਹਾਂ ਨੇ ਇੰਗਲੈਂਡ ਤੋਂ ਫੋਨ ਕੀਤਾ ਪੁੱਤ ਤੇਰੀ ਆਵਾਜ਼ ਵਾਲੀਆਂ ਕੈਸਟਾਂ ਦੀ ਕਾਪੀ ਪਾਕਿਸਤਾਨ ਭੇਜੀ ਹੈ। ਉੱਥੇ ਵੀ ਆਪਣੇ ਗੋਤੀ ਸੰਘੇੜੇ ਰਹਿੰਦੇ ਨੇ ਉਨ੍ਹਾਂ ਨੇ ਕੈਸਟਾਂ ਸੁਣ ਕੇ ਆਖਿਆ ਕਿ ਕੁੜੀ ਦੀ ਆਵਾਜ਼ ਵਿਚ ਸ਼ਾਇਸਤਗੀ ਹੈ।

... 2 ਅਪਰੈਲ 2009 ਨੂੰ ਮੇਰੇ ਪਤੀ ਨੇ ਹਰ ਸਾਲ ਦੀ ਤਰ੍ਹਾਂ ਉਨ੍ਹਾਂ ਬਾਰੇ ਅਖ਼ਬਾਰਾਂ ਵਿਚ ਆਪਣਾ ਲੇਖ ਛਪਵਾਇਆ। ਫ਼ੋਨ ਤੇ ਜਨਮ ਦਿਨ ਦੀ ਵਧਾਈ ਦਿੱਤੀ। ਉਨ੍ਹਾਂ ਦੀ ਆਵਾਜ਼ ਕਮਜ਼ੋਰ ਜਿਹੀ ਮਹਿਸੂਸ ਹੋਈ। ਡਾ. ਜਸਬੀਰ ਕੌਰ ਗਿੱਲ ਅਤੇ ਕਾ. ਜਗਜੀਤ ਸਿੰਘ ਲਾਇਲਪੁਰੀ ਮਈ ਮਹੀਨੇ ਵਿਚ ਉਨ੍ਹਾਂ ਨੂੰ ਮਿਲ ਕੇ ਆਏ। ਜਸਬੀਰ ਭੈਣ ਜੀ ਨੇ ਦੱਸਿਆ ਕਿ ਬਾਬਾ ਜੀ ਬਿਲਕੁਲ ਠੀਕ ਠਾਕ ਹਨ, ਅਸੀਂ ਬੜੀਆਂ ਗੱਲਾਂ ਕੀਤੀਆਂ ਉਹ ਕਹਿੰਦੇ ਸਨ ਕੁੜੇ ਜਿਹੜੀ ਕਿਤਾਬ ਮੇਰੇ ਬਾਰੇ ਛਪਵਾਉਣੀ ਐ? ਉਹ ਮੇਰੇ ਮਰਨ ਤੋਂ ਬਾਅਦ ਛਪਵਾਉਣੀ ਆ? ਕਾ. ਲਾਇਲਪੁਰੀ ਹੋਰੀਂ ਦੱਸਦੇ ਸਨ ਕਿ ਬਿਲਗਾ ਜੀ ਬਹੁਤ ਕਮਜ਼ੋਰ ਹੋ ਗਏ ਨੇ। ਮੇਰੇ ਨਾਲ ਕੋਈ ਖ਼ਾਸ ਗੱਲਬਾਤ ਨਹੀਂ ਕੀਤੀ। ਮੈਨੂੰ ਤੁਰਨ ਲੱਗੇ ਨੂੰ ਹੌਲੀ ਜਿਹੀ ਕਿਹਾ ਲਾਇਲਪੁਰੀ ਇਹ ਹੁਣ ਆਪਣਾ ਆਖ਼ਰੀ ਮੇਲਾ ਹੀ ਆ...। ਫਿਰ ਅੱਜ ਸ਼ਾਮੀ ਇੰਗਲੈਂਡ ਤੋਂ ਅੰਕਲ ਦਾ ਫ਼ੋਨ ਆਇਆ ਆਵਾਜ਼ ਸੁਣਾਈ ਨਹੀਂ ਦਿੰਦੀ, ਫਿਰ ਜਸਵਿੰਦਰ ਬਿਲਗਾ ਭਾਜੀ ਦਾ ਫ਼ੋਨ ਕੁਲਵਿੰਦਰ

ਤੈਨੂੰ ਪਤਾ ਬਾਬਾ ਜੀ ਢਿੱਲੇ ਹਨ। ਮੈਂ ਅਚਾਨਕ ਚੁੱਪ ਕਰ ਜਾਂਦੀ ਹਾਂ ਫਿਰ ਕੁਲਬੀਰ ਅੰਕਲ ਦਾ ਫ਼ੋਨ ਦੁਬਾਰਾ ਆਉਂਦਾ ਹੈ। ਬਾਬਾ ਜੀ ਨਾਲ ਗੱਲ ਕਰ ਲੈ, ਉਹ ਸਿਰਫ਼ ਹੂੰ-ਹੂੰ ਕਰਦੇ ਨੇ। ਰਾਤ ਨੀਂਦ ਨਹੀਂ ਆਉਂਦੀ ਸੋਚਦੀ ਹਾਂ ਕਿ ਜੇ ਕੁਝ ਹੋ ਗਿਆ ਤਾਂ ਕੀ ਹੋਊਗਾ। ਫਿਰ ਇਕ ਫ਼ੋਨ ਆਉਂਦਾ ਹੈ ਬਾਬਾ ਜੀ ਛੱਡ ਕੇ ਚਲੇ ਗਏ ਹਨ। ਫਿਰ ਘਰ ਵਿਚ ਅਜੀਬ ਜਿਹੀ ਚੁੱਪ ਪਸਰ ਜਾਂਦੀ ਹੈ, ਫਿਰ ਖ਼ਾਮੋਸ਼ੀ। ਫਿਰ ਫ਼ੋਨ ਤੇ ਫ਼ੋਨ ਉਹੀ ਗੱਲਾਂ, ਉਹਨਾਂ ਦੀਆਂ ਗੱਲਾਂ.... ਨਾ ਖ਼ਤਮ ਹੋਣ ਵਾਲੀਆਂ ਗੱਲਾਂ।

ਲੋਕ ਪੁੱਛਦੇ ਸਸਕਾਰ ਕਦੋਂ ਹੋਊਗਾ। ਅਸੀਂ ਕਹਿੰਦੇ ਹਾਂ ਬਾਬਾ ਜੀ ਨੇ 3 ਤਾਰੀਖ਼ ਨੂੰ ਆਉਣਾ। ਮਨ ਇਹ ਮੰਨਣ ਲਈ ਤਿਆਰ ਨਹੀਂ। ਕਮੇਟੀਆਂ ਫ਼ੈਸਲੇ ਕਰ ਰਹੀਆਂ ਨੇ ਕੀ ਕੀਤਾ ਜਾਵੇ। ਮੈਨੂੰ ਬਾਬਾ ਜੀ ਦੀ ਗੱਲ ਯਾਦ ਆਉਂਦੀ ਹੈ, "ਪੁੱਤ ਉਹ ਮੈਂ ਨਹੀਂ ਹੋਣਾ ਜਿੱਥੇ ਮਰਜ਼ੀ ਚੁੱਕੀ ਫਿਰਿਓ, ਜੇ ਇੰਗਲੈਂਡ ਹੋਵਾਂ ਤਾਂ ਇੰਗਲੈਂਡ ਹੀ ਜੇ ਪਿੰਡ ਹੋਵਾਂ ਤਾਂ ਪਿੰਡ ਹੀ। ਪਰ ਬਾਬਾ ਜੀ ਤੁਹਾਨੂੰ ਸਾਰੀ ਉਮਰ ਆਪਣੇ ਬਾਰੇ ਪਤਾ ਹੀ ਨਹੀਂ ਲੱਗਾ ਕਿ ਤੁਸੀਂ ਕਿੰਨੇ ਮਹਾਨ ਓ।"

***

# ਸਦਾ ਜਵਾਨ: ਮੇਰੇ ਦਾਦਾ ਜੀ

-ਅਮਨ ਸੰਘੇੜਾ

ਇਹ ਕਿਹਾ ਜਾਂਦਾ ਹੈ ਕਿ ਇਨਸਾਨ ਜੋ ਕੁਝ ਉਹ ਹੁੰਦਾ ਹੈ ਕੁਦਰਤ ਅਤੇ ਪਾਲਣ ਪੋਸ਼ਣ ਦੇ ਸੁਮੇਲ ਤੋਂ ਉੱਸਰਦਾ ਹੈ। ਸਮਾਜ ਅਤੇ ਮਾਪਿਆਂ ਦੀ ਪ੍ਰਵਰਿਸ਼ ਮਨੁੱਖੀ ਜੀਵਨ 'ਤੇ ਗਹਿਰਾ ਪ੍ਰਭਾਵ ਪਾਉਂਦੀ ਹੈ। ਆਦਮੀ ਦੀ ਕਿਸਮ ਅਤੇ ਪਾਲਣ ਪੋਸ਼ਣ ਅਤੇ ਉਸ ਦੀ ਉਸਾਰੀ ਵਿਚ ਜੋ ਉਹ ਅਖ਼ੀਰ ਵਿਚ ਬਣਦਾ ਹੈ ਕਾਫ਼ੀ ਯੋਗਦਾਨ ਪਾਉਂਦੇ ਹਨ। ਕਈ ਤਰੀਕਿਆਂ ਨਾਲ ਇਹ ਸਾਨੂੰ ਪਰਿਵਾਰ ਜਾਂ ਸਮਾਜ ਦੇ ਵਾਤਾਵਰਨ ਦੇ ਰਹਿਮੋ-ਕਰਮ ਛੱਡ ਦਿੰਦੇ ਹਨ। ਜਿਥੋਂ ਤੱਕ ਜੇ ਮੈਂ ਆਪਣੀ ਗੱਲ ਕਰਾਂ ਤਾਂ ਮੈਂ ਜੋ ਹਾਂ ਉਸ 'ਤੇ ਮੇਰੇ ਦਾਦਾ ਜੀ ਦਾ ਗਹਿਰਾ ਅਸਰ ਹੈ। ਉਸ ਇਨਸਾਨ ਦਾ ਜਿਸਨੂੰ ਮੈਂ ਇੰਗਲੈਂਡ ਰਹਿੰਦੇ ਹੋਏ ਕਿਸੇ ਖ਼ਾਸ ਮੁਲਾਕਾਤ 'ਤੇ ਹੀ ਮਿਲਿਆ ਕਰਦਾ ਸੀ। ਫਿਰ ਵੀ ਦੂਜਿਆਂ ਨਾਲੋਂ ਮੇਰੇ ਤੇ ਉਨ੍ਹਾਂ ਦਾ ਜ਼ਿਆਦਾ ਅਸਰ ਹੈ। ਮੈਨੂੰ ਯਾਦ ਨਹੀਂ ਕਿ ਮੈਂ ਪਹਿਲੀ ਵਾਰ ਕਦ ਮਿਲਿਆ ਸੀ ਹਾਂ ਇਹ ਮੁਲਾਕਾਤ ਭਾਰਤ ਵਿਚ ਹੀ ਸੀ ਤੇ ਸ਼ਾਇਦ ਮੈਂ ਉਦੋਂ ਚਾਰ ਪੰਚ ਸਾਲ ਦਾ ਸੀ। ਇਹ ਮੇਰੇ ਪਿਤਾ ਜੀ ਦੇ ਭਾਰਤ ਆਉਣ ਤੋਂ ਪਹਿਲਾਂ ਦੀ ਗੱਲ ਹੈ। ਮੇਰੇ ਪਿਤਾ ਜੀ ਹੋਰ ਲੋਕਾਂ ਵਾਂਗੂੰ ਹੀ ਚੰਗੇ ਰੁਜ਼ਗਾਰ ਅਤੇ ਪ੍ਰਭਾਵ ਖ਼ਾਤਰ ਮੇਰੇ ਜਨਮ ਤੋਂ ਪਹਿਲਾਂ ਹੀ ਇੰਗਲੈਂਡ ਆ ਗਏ ਸਨ। ਸ਼ਾਇਦ ਮੇਰੀ ਆਪਣੇ ਪਿਤਾ ਜੀ ਨਾਲ ਜਾਣ-ਪਛਾਣ ਆਪਣੇ ਦਾਦਾ ਜੀ ਨਾਲੋਂ ਬਾਅਦ ਵਿਚ ਹੋਈ ਕਿਉਂਕਿ ਮੈਂ ਆਪਣੇ ਆਪ ਨੂੰ ਆਪਣੇ ਪਿਤਾ ਨਾਲੋਂ ਬਾਬਾ ਜੀ ਦੇ ਵਧੇਰੇ ਨੇੜੇ ਸਮਝਦਾ ਸਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਰੀ ਆਪਣੇ ਦਾਦਾ ਜੀ ਨਾਲ ਵਿਸ਼ੇਸ਼ ਰਿਸ਼ਤਗੀ ਸੀ। ਇਸੇ ਸਮੇਂ ਮੈਂ ਇਹ ਵੀ ਕਬੂਲ ਕਰਦਾ ਹਾਂ ਕਿ ਹੋਰ ਵੀ ਅਨੇਕਾਂ ਅਜਿਹੇ ਵਿਅਕਤੀ ਜਿਹੜੇ ਮੇਰੇ ਦਾਦਾ ਜੀ ਨੂੰ ਜਾਣਦੇ ਹਨ ਵੀ ਮੇਰੇ ਦਾਦਾ ਜੀ ਨਾਲ ਇੰਨੀ ਡੂੰਘੀ ਤੇ ਅਪਣੱਤ ਭਰੀ ਰਿਸ਼ਤਗੀ ਦਾ ਦਾਅਵਾ ਕਰ ਸਕਦੇ ਹਨ।

ਇਹ 1983 ਦੀ ਅੱਗ ਉੱਗਲਦੀ ਗਰਮੀ ਦੇ ਦਿਨ ਸਨ। ਜਦੋਂ ਮੈਨੂੰ ਆਪਣੇ ਦਾਦਾ ਜੀ ਨਾਲ ਇਕੱਲਿਆਂ ਕਾਫ਼ੀ ਸਮਾਂ ਬਿਤਾਉਣ ਦਾ ਅਵਸਰ ਮਿਲਿਆ। ਉਦੋਂ ਹੀ ਮੈਨੂੰ ਅਹਿਸਾਸ ਹੋਇਆ ਕਿ ਭਾਰਤ ਦੀਆਂ ਸਾਰੀਆਂ ਗਰਮੀਆਂ ਇੱਕੋ ਜਿਹੀਆਂ ਗਰਮ ਹੁੰਦੀਆਂ ਹੋਣਗੀਆਂ। ਆਪਣੀ ਉਚੇਰੀ ਸਕੂਲੀ ਸਿੱਖਿਆ ਦੇ ਇਕ ਭਾਗ ਸੰਪੂਰਨ ਹੋਣ ਤੇ ਜਲਦੀ ਹੀ ਮੈਨੂੰ ਪੰਜਾਬ ਵਿਚ ਅੱਠ ਹਫ਼ਤਿਆਂ ਲਈ ਛੁੱਟੀਆਂ ਮਨਾਉਣ ਦਾ ਅਵਸਰ ਮਿਲਿਆ। ਭਾਵੇਂ ਇਹ ਖ਼ੁਸ਼ੀ ਨਾਲ ਮਨਾਉਣ ਵਾਲੀਆਂ ਛੁੱਟੀਆਂ ਸਨ। ਮੈਂ ਆਪਣੇ ਮਾਤਾ-ਪਿਤਾ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਮੈਨੂੰ ਮੇਰੇ ਦਾਦਾ ਜੀ ਕੋਲ ਭੇਜਿਆ। ਉਹ ਲੋਕ ਜੋ ਮੇਰੇ ਦਾਦਾ ਜੀ ਨੂੰ ਨਹੀਂ ਜਾਣਦੇ ਇਸ

ਗੱਲ ਲਈ ਹੈਰਾਨ ਹੁੰਦੇ ਹੋਣਗੇ ਕਿ ਇਕ ਬੁੱਢੇ ਬੰਦੇ ਭਾਵ ਇਕ ਦਾਦੇ ਦਾ ਅਤੇ ਪੋਤੇ ਦਾ ਏਨਾ ਲਗਾਵ ਕਿਵੇਂ ਹੋ ਸਕਦਾ ਹੈ। ਪਰ ਮੈਂ ਇਹ ਦੱਸ ਸਕਦਾ ਹਾਂ ਕਿ ਇਸ ਨੌਜਵਾਨ ਦਾ ਆਪਣੇ ਮਾਪਿਆਂ ਨਾਲੋਂ ਆਪਣੇ ਦਾਦਾ ਜੀ ਨਾਲ ਕਾਫ਼ੀ ਕੁਝ ਸਾਂਝਾ ਸੀ। ਸਾਡੀਆਂ ਆਦਤਾਂ ਕਾਫ਼ੀ ਮਿਲਦੀਆਂ-ਜੁਲਦੀਆਂ ਸਨ। ਜਿਹੜੇ ਲੋਕ ਮੇਰੇ ਦਾਦਾ ਜੀ ਨੂੰ ਜਾਣਦੇ ਹੋਣਗੇ ਬਿਨਾਂ ਸ਼ੱਕ ਉਹ ਮਹਿਸੂਸ ਕਰਦੇ ਹੋਣਗੇ ਕਿ ਉਹ ਸ਼ਾਬਦਿਕ ਅਰਥ ਦੇ ਕਿਸੇ ਪ੍ਰਭਾਵ ਮੁਤਾਬਕ ਵੀ ਬੁੱਢੇ ਨਹੀਂ ਸਨ। ਉਹ ਕਾਫ਼ੀ ਵੱਡੀ ਉਮਰ ਭਾਵ 102 ਸਾਲ ਤਕ ਜਿਉਂਦੇ ਰਹੇ। ਪਰ ਉਹ 70 ਕੁ ਸਾਲ ਦੇ ਦਰਮਿਆਨੀ ਉਮਰ ਦੇ ਲੱਗਦੇ ਰਹੇ। ਉਸ ਵਕਤ ਮੈਂ ਇਹ ਮਹਿਸੂਸ ਨਹੀਂ ਸੀ ਕੀਤਾ ਪਰ ਮੇਰੇ ਇਹ ਅੱਠ ਹਫ਼ਤੇ ਮੇਰੇ ਲਈ ਕਾਫ਼ੀ ਸਿੱਖਿਆਦਾਇਕ ਸਾਬਤ ਹੋਏ। ਚਾਹੇ ਮੈਂ ਉਸ ਪ੍ਰਤੀ ਸੁਚੇਤ ਸੀ ਜਾਂ ਨਹੀਂ ਪਰ ਮੇਰੇ ਸੁਚੇਤ ਅਤੇ ਅਵਚੇਤਨ ਦੀ ਪੱਧਰ 'ਤੇ ਇਹ ਅਨੁਭਵ ਮੇਰੇ ਲਈ ਬਹੁਤ ਕੀਮਤੀ ਤੋਹਫ਼ਾ ਸਾਬਤ ਹੋਏ ਜਿਹੜੇ ਮੇਰੇ ਮਨ ਨੂੰ ਖੁਸ਼ੀ ਪ੍ਰਦਾਨ ਕਰਦੇ।

ਉਨ੍ਹਾਂ ਗਰਮੀਆਂ ਦੌਰਾਨ ਮੈਨੂੰ ਕਾਫੀ ਗਰਮ ਦਿਨ ਅਤੇ ਹੁੰਮਸ ਭਰੀਆਂ ਰਾਤਾਂ ਜਲੰਧਰ ਦੇ ਦੇਸ਼ ਭਗਤ ਹਾਲ ਵਿਚ ਗੁਜ਼ਾਰਨ ਨੂੰ ਮਿਲੀਆਂ। ਮੇਰੇ ਦਾਦਾ ਜੀ ਪੁੱਛ-ਗਿੱਛ ਸੈਂਟਰ ਤੇ ਬੈਠਿਆ ਕਰਦੇ ਸਨ ਜੋ ਵੱਡੇ ਹਾਲ ਵਿਚ ਹੀ ਸੀ। ਮੈਂ ਆਪਣੇ ਜ਼ਿਆਦਾਤਰ ਦਿਨ ਉਨ੍ਹਾਂ ਨਾਲ ਬੈਠ ਕੇ ਹੀ ਬਿਤਾਏ। ਉਨ੍ਹਾਂ ਕੋਲ ਰੋਜ਼ ਕਈ ਲੋਕ ਆਉਂਦੇ ਜਾਂਦੇ ਰਹਿੰਦੇ ਸਨ ਜਿਸ ਕਾਰਨ ਮੇਰੇ ਅਤੇ ਮੇਰੇ ਦਾਦਾ ਜੀ ਵਿਚਲੀ ਗੱਲਬਾਤ ਵਿਚ ਵਿਘਨ ਪੈਂਦਾ ਰਹਿੰਦਾ, ਉੱਥੇ ਉਨ੍ਹਾਂ ਕੋਲ ਕਈ ਤਰ੍ਹਾਂ ਦੇ ਲੋਕ ਆਉਂਦੇ ਰਹਿੰਦੇ ਜਿਵੇਂ ਬਜ਼ੁਰਗ, ਜਵਾਨ, ਬੁੱਧੀਮਾਨ ਅਤੇ ਕੁਝ ਕਰ ਗੁਜ਼ਰਨ ਦੇ ਜਨੂੰਨੀ ਉਹ ਮੇਰੇ ਦਾਦਾ ਜੀ ਕੋਲੋਂ ਪੁੱਛਦੇ ਰਹਿੰਦੇ ਸਨ ਅਤੇ ਉਨ੍ਹਾਂ ਦੇ ਜਵਾਬ ਸੁਨਣ ਵਿਚ ਕਾਫ਼ੀ ਉਤਸੁਕ ਰਹਿੰਦੇ ਸਨ। ਦਾਦਾ ਜੀ ਨੇ ਕਦੇ ਕਾਹਲੀ ਵਿਚ ਜਵਾਬ ਨਹੀਂ ਸਨ ਦਿੱਤੇ। ਉਹ ਬੁੱਧੀਮਾਨਾਂ ਵਾਂਗੂੰ ਤਰਕ ਨਾਲ ਜਵਾਬ ਦਿੰਦੇ ਸਨ। ਮੈਂ ਦੇਖਿਆ ਉਨ੍ਹਾਂ ਕੋਲ ਇਹ ਕਮਾਲ ਦਾ ਤੋਹਫ਼ਾ ਸੀ ਜਿਸ ਦੀ ਆਮ ਰਾਜਨੀਤਕ ਲੋਕਾਂ ਵਿਚ ਘਾਟ ਹੁੰਦੀ ਹੈ। ਉਨ੍ਹਾਂ ਵਿਚ ਦੂਸਰਿਆਂ ਨੂੰ ਸੁਣਨ ਦੀ ਇੱਛਾ ਵੀ ਬਹੁਤ ਸੀ। ਉਹ ਹਮੇਸ਼ਾ ਲੋਕਾਂ ਦੇ ਵਿਚਾਰਾਂ ਨੂੰ ਧਿਆਨ ਨਾਲ ਸੁਣਿਆ ਕਰਦੇ ਸਨ। ਉਹ ਲੋਕਾਂ ਦੀਆ ਗੱਲਾਂ ਦਾ ਉਚਿਤ ਜਵਾਬ ਦਿੰਦੇ ਹੋਏ ਉਨ੍ਹਾਂ ਨੂੰ ਉਚੇਰੇ ਸੁਝਾਅ ਦਿਆ ਕਰਦੇ ਸਨ। ਉਹ ਅਸਲੀ ਸੰਸਾਰ ਨਾਲ ਜੁੜੇ ਰਹਿੰਦੇ ਉਨ੍ਹਾਂ ਦੇ ਲੋਕ ਉਨ੍ਹਾਂ ਦੀਆਂ ਅੱਖਾਂ ਅਤੇ ਕੰਨਾਂ ਦਾ ਪਾਸਾਰ ਸਨ। ਲੋਕਾਂ ਨੂੰ ਜਾਨਣਾ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨੀ ਉਨ੍ਹਾਂ ਦਾ ਮੂਲ ਸਰੋਕਾਰ ਸੀ। ਮੈਂ ਥੋੜੀ ਜਿਹੀ ਚਲਾਕੀ ਨਾਲ ਇਹੀ ਜਾਣਿਆ ਕਿ ਜਦ ਮੇਰੇ ਦਾਦਾ ਜੀ ਆਰਾਮ ਕਰ ਰਹੇ ਹੁੰਦੇ ਤਾਂ ਵੀ ਉਹ ਬੜੇ ਚੁਕੰਨੇ ਰਹਿੰਦੇ ਸਨ। ਉਨ੍ਹਾਂ ਦੇ ਆਲੇ-ਦੁਆਲੇ ਕੀ ਚੱਲ ਰਿਹਾ ਸੀ ਉਸ ਨੂੰ ਉਹ ਬੜੀ ਆਸਾਨੀ ਨਾਲ ਸੁਣਦੇ ਅਤੇ ਵਿਸ਼ਲੇਸ਼ਿਤ ਕਰਦੇ ਸਨ। ਉਹ ਬਹੁਤ ਖੁੱਲ੍ਹੇ ਵਿਚਾਰਾਂ ਦੇ ਸਨ। ਉਹ ਹਰ ਤਰ੍ਹਾਂ ਦੇ ਰਾਜਸੀ ਆਕਾਵਾਂ ਤੋਂ ਦੂਰ ਰਹਿੰਦੇ ਸਨ। ਉਨ੍ਹਾਂ ਦੀ ਕੋਈ ਆਪਣੀ ਨਿੱਜੀ ਰਾਜਸੀ ਲਾਲਸਾ ਨਹੀਂ ਸੀ। ਉਹ ਆਮ ਵਰਗ ਦੇ ਆਮ ਲੋਕਾਂ ਦੀ ਭਾਸ਼ਾ ਬੋਲਦੇ ਸਨ ਅਤੇ ਹਰ ਉਮਰ ਗਰੁੱਪ ਦੇ ਲੋਕਾਂ ਨਾਲ ਸਾਂਝ ਜੋੜਦੇ।

ਦੇਸ਼ ਭਗਤ ਯਾਦਗਾਰ ਹਾਲ ਵਿਚ ਗੁਜ਼ਾਰੀਆਂ ਰਾਤਾਂ ਬਹੁਤ ਕਮਾਲ ਦੀਆਂ ਸਨ। ਡੂੰਘੀ ਸ਼ਾਮ ਨੂੰ ਜਦ ਗਰਮੀ ਹੁੰਮਸ ਵਿਚ ਤਬਦੀਲ ਹੋ ਜਾਂਦੀ ਅਸੀਂ ਆਮ ਤੌਰ 'ਤੇ ਦੋ ਮੰਜੀਆਂ ਹਾਲ ਦੇ ਸਾਹਮਣੇ ਡਾਹ ਲਿਆ ਕਰਦੇ ਸਾਂ। ਜਦੋਂ ਉਨ੍ਹਾਂ ਨੂੰ ਮਿਲਣ ਵਾਲਾ ਆਖਰੀ ਮੁਲਾਕਾਤੀ

ਚਲਾ ਜਾਂਦਾ ਤਾਂ ਅਸੀਂ ਤਾਰਿਆਂ ਦੀ ਛਾਵੇਂ ਲੇਟ ਜਾਇਆ ਕਰਦੇ ਸਾਂ। ਰਾਤ ਦੀ ਖ਼ਾਮੋਸ਼ੀ ਕੁੱਤਿਆਂ ਦੇ ਭੌਂਕਣ ਨਾਲ ਹੀ ਟੁੱਟਦੀ ਜਾਂ ਕੋਈ ਮੱਛਰ ਆ ਕੇ ਤੰਗ ਕਰਦਾ। ਮੇਰੇ ਵੱਲ ਮੇਰੇ ਦਾਦਾ ਜੀ ਦਾ ਇਕ ਟੱਕ ਧਿਆਨ ਰਹਿੰਦਾ। ਅਸੀਂ ਆਮ ਤੌਰ 'ਤੇ ਆਮ ਆਦਮੀ ਦੀ ਹਾਲਤ ਬਾਰੇ ਅਤੇ ਉਸਦੀ ਹੋਣੀ ਬਾਰੇ ਗੱਲਾਂ ਕਰਦੇ। ਮੇਰੇ ਦਾਦਾ ਜੀ ਦੀ ਸਾਇੰਸ ਵਿਸ਼ੇ ਪ੍ਰਤੀ ਜੋਸ਼ੀਲੀ ਖਿੱਚ ਸੀ। ਮੈਂ ਜੋ ਵੀ ਪੜ੍ਹਿਆ ਸੀ ਉਨ੍ਹਾਂ ਨੂੰ ਦੱਸਦਾ ਅਤੇ ਅਸੀਂ ਦੋਨੋਂ ਉਸ ਬਾਰੇ ਵਿਚਾਰ-ਚਰਚਾ ਕਰਦੇ। ਬਿਨਾ ਸ਼ੱਕ ਉਹ ਆਧੁਨਿਕ ਯੁੱਗ ਦੇ ਇਨਸਾਨ ਸਨ ਨਾ ਕਿ ਬੀਤੇ ਵਕਤ ਦੇ। ਮੇਰੇ ਲਈ ਉਹ ਪਲ ਹਮੇਸ਼ਾ ਖੁਸ਼ੀ ਤੇ ਉਤਸ਼ਾਹ ਭਰੇ ਰਹਿਣਗੇ ਜੋ ਮੈਂ ਉਨ੍ਹਾਂ ਨਾਲ ਗੁਜ਼ਾਰੇ। ਸ਼ਾਇਦ ਜਵਾਨੀ ਦੇ ਚਾਅ ਤੇ ਉਤਸ਼ਾਹ ਕਾਰਨ ਮੈਨੂੰ ਸਾਰੀ ਦੁਨੀਆ ਵਧੇਰੇ ਦੋਸਤਾਨਾ, ਘੱਟ ਉਲਝਾਊ ਵਾਲੀ ਤੇ ਸੁਰੱਖਿਅਤ ਜਾਪਦੀ ਸੀ।

ਇਕ ਸਵੇਰ ਜੋ ਆਮ ਸਵੇਰਾਂ ਵਰਗੀ ਹੀ ਸੀ, ਮੈਂ ਆਪਣੇ ਦਾਦਾ ਜੀ ਕੋਲ ਬੈਠਾ ਆਪਣੇ ਦੁਆਲੇ ਹੋ ਰਹੀਆਂ ਗੱਲਾਂ ਸੁਣ ਰਿਹਾ ਸਾਂ। ਅੱਧੀ ਦਰਜਨ ਦੇ ਕਰੀਬ ਮੇਰੇ ਜਾਣੇ ਪਹਿਚਾਣੇ ਚਿਹਰੇ ਸਾਧਾਰਨ ਗੱਲਾਂ ਕਰ ਰਹੇ ਸਨ। ਮੇਰੇ ਦਾਦਾ ਜੀ ਡੈਸਕ 'ਤੇ ਹੱਥ 'ਚ ਚਾਹ ਦਾ ਗਲਾਸ ਲੈ ਕੇ ਬੈਠੇ ਸਨ। ਮੇਰੇ ਲਈ ਉਹ ਵਿਸ਼ੇਸ਼ ਦਿਨ ਸੀ। ਅਚਾਨਕ ਉਹ ਗੱਲਾਂ ਕਰਦੇ ਕਰਦੇ ਰੁਕ ਗਏ। ਮੈਂ ਉਨ੍ਹਾਂ ਦਾ ਧਿਆਨ ਸੁੱਤੇ ਸਿੱਧ ਲਈਆਂ ਇਕ ਦੋ ਉਬਾਸੀਆਂ ਨਾਲ ਆਪਣੇ ਵੱਲ ਖਿੱਚ ਲਿਆ ਸੀ। ਸ਼ਾਇਦ ਮੇਰੇ ਚਿਹਰੇ ਦੇ ਹਾਵ ਭਾਵ ਇਹ ਦਰਸਾ ਰਹੇ ਹੋਣ ਕਿ ਮੈਂ ਉਨ੍ਹਾਂ ਦੀਆਂ ਗੱਲਾਂ ਤੋਂ ਅੱਕ ਚੁੱਕਾ ਸਾਂ। ਪਰ ਇਹ ਜੋ ਵੀ ਸੀ ਇਹ ਕਮਾਲ ਦੀ ਸ਼ਾਨਦਾਰ ਮੁਹਿੰਮ ਦੀ ਸ਼ੁਰੂਆਤ ਸੀ ਦੋ ਬੇਜੋੜ ਸਾਥੀਆਂ ਦੀ ਯਾਤਰਾ ਨਾਲ ਸੰਬੰਧਿਤ। ਮੈਨੂੰ ਯਾਦ ਆ ਰਿਹਾ ਮੇਰੇ ਦਾਦਾ ਜੀ ਨੇ ਮੇਰੇ ਵੱਲੋਂ ਧਿਆਨ ਹਟਾ ਕੇ ਆਪਣੇ ਸਾਥੀਆਂ ਵੱਲ ਦੇਖਦੇ ਹੋਏ ਕਿਹਾ ਕਿ, "ਅਸੀਂ ਇਹਨੂੰ ਕੀ ਦਿਖਾਵਾਂਗੇ? ਨਹੀਂ ਤਾਂ ਇਹ ਕਹੇਗਾ ਕਿ ਬਾਬਾ ਜੀ ਨੇ ਮੈਨੂੰ ਝੋਨੇ ਦੇ ਖੇਤਾਂ ਤੋਂ ਇਲਾਵਾ ਕੀ ਦਿਖਾਇਆ? ਹੁਣ ਉਨ੍ਹਾਂ ਮੇਰੇ ਮਤਲਬ ਦੀ ਗੱਲ ਕੀਤੀ ਅਤੇ ਗੱਲਬਾਤ ਨੇ ਨਵਾਂ ਮੋੜ ਲੈ ਲਿਆ। ਹਰ ਇਕ ਸੋਚਣ ਲੱਗਾ ਕਿਥੇ ਲੈ ਕੇ ਜਾਇਆ ਜਾਵੇ, ਕੀ ਕੀਤਾ ਜਾਵੇ, ਕੀ ਦੇਖਿਆ ਜਾਵੇ ਇੰਨੀ ਜ਼ਿਆਦਾ ਗਰਮੀ ਸੀ ਹਰ ਪਾਸੇ ਜਾਣਾ ਔਖਾ ਲੱਗਦਾ ਸੀ। ਤਾਜ ਮਹੱਲ ਤੋਂ ਲੈ ਕੇ ਚੰਡੀਗੜ੍ਹ ਤੱਕ ਜਾਣਾ ਰੱਦ ਕਰ ਦਿੱਤਾ ਗਿਆ। ਸ਼ਿਮਲੇ ਨੂੰ ਜਾਣ ਦਾ ਇੱਕ ਵਧੀਆ ਸੁਝਾਅ ਸੀ। ਸਾਰਿਆਂ ਨੇ ਸਿਰ ਹਿਲਾਉਂਦਿਆਂ ਸ਼ਿਮਲੇ ਜਾਣ ਵਿਚ ਰੁਚੀ ਦਿਖਾਈ ਸਿਵਾਏ ਮੇਰੇ ਦਾਦਾ ਜੀ ਦੇ। ਉਨ੍ਹਾਂ ਨੇ ਕਿਹਾ ਉਥੇ ਕੀ ਦੇਖਣ ਵਾਲਾ ਹੈ ਜੋ ਇਹਨੇ ਪਹਿਲਾਂ ਨਹੀਂ ਦੇਖਿਆ। ਉਨ੍ਹਾਂ ਨੇ ਕਿਹਾ ਸ਼ਿਮਲੇ ਦੀਆਂ ਚੋਟੀਆਂ 'ਤੇ ਵਸੇ ਹੋਏ ਘਰਾਂ ਤੇ ਇੰਗਲੈਂਡ ਦੇ ਵੈਸੇ ਘਰਾਂ ਵਿਚ ਕੀ ਫਰਕ ਹੈ। ਵਾਰਤਾਲਾਪ ਥੋੜ੍ਹੀ ਦੇਰ ਲਈ ਬੰਦ ਹੋ ਗਈ। ਮੇਰੇ ਦਾਦਾ ਜੀ ਦੇ ਇਨ੍ਹਾਂ ਲਫਜ਼ਾਂ ਤੋਂ ਬਾਅਦ ਮੈਨੂੰ ਥੋੜ੍ਹੀ ਸਮਝ ਲੱਗ ਰਹੀ ਸੀ ਕਿ ਮੇਰੇ ਦਾਦਾ ਜੀ ਦੇ ਦਿਮਾਗ਼ ਵਿੱਚ ਕੋਈ ਨਵਾਂ ਸੁਝਾਅ ਜਨਮ ਲੈ ਰਿਹਾ ਸੀ। ਚਲੋ ਕਸ਼ਮੀਰ ਚੱਲਦੇ ਹਾਂ। ਮੇਰੇ ਦਾਦਾ ਜੀ ਦਾ ਆਖ਼ਰੀ ਉੱਤਰ ਸੀ। ਮੈਨੂੰ ਦਾਦਾ ਜੀ ਦਾ ਇਹ ਸੁਝਾਅ ਬਹੁਤ ਚੰਗਾ ਲੱਗਾ। ਜਦੋਂ ਉਨ੍ਹਾਂ ਕਸ਼ਮੀਰ ਜਾਣ ਦਾ ਫ਼ੈਸਲਾ ਲਿਆ ਤਾਂ ਮੇਰੇ ਅੰਦਰ ਬਹੁਤ ਉਤੇਜਨਾ ਪੈਦਾ ਹੋਈ। ਜਾਹ ਆਪਣਾ ਸਾਮਾਨ ਬੰਨ੍ਹ ਇਹ ਮੇਰੇ ਬਾਬਾ ਜੀ ਦੀ ਹਦਾਇਤ ਸੀ ਪਰ ਮੈਂ ਉਥੇ ਬੈਠਾ ਰਿਹਾ ਤੇ ਕਸ਼ਮੀਰ ਜਾਣ ਬਾਰੇ ਸੋਚਦਾ ਰਿਹਾ। ਮੈਂ ਸੋਚਦਾ ਰਿਹਾ ਕਿ ਉੱਥੇ ਜਾਣ ਦੀ ਇਕ ਵਧੀਆ ਯੋਜਨਾ ਦੀ ਜ਼ਰੂਰਤ ਹੁੰਦੀ ਹੈ। ਜਿਵੇਂ ਟਿਕਟਾਂ ਬੁੱਕ ਕਰਵਾਉਣਾ, ਹੋਟਲ ਦੀ

ਬੁਕਿੰਗ ਕਰਵਾਉਣੀ, ਕੱਪੜੇ ਧੋਣਾ ਤੇ ਧੋਤੇ ਕੱਪੜੇ ਲੈ ਕੇ ਜਾਣਾ। ਉਥੇ ਡੀਲਕਸ ਬੱਸ ਸਰਵਿਸ ਦੀ ਗੱਲ ਚੱਲ ਰਹੀ ਸੀ ਜਿਨ੍ਹਾਂ ਦੀ ਐਡਵਾਂਸ ਬੁਕਿੰਗ ਦੀ ਲੋੜ ਸੀ। ਮੇਰੇ ਬਾਬਾ ਜੀ ਦੇ ਦਿਮਾਗ਼ ਵਿਚ ਹੋਰ ਹੀ ਸੁਝਾਅ ਸੀ, ਉਨ੍ਹਾਂ ਕਿਹਾ ਕਿ ਅਸੀਂ ਸਪੈਸ਼ਲ ਕਲਾਸ ਵਿਚ ਸਫ਼ਰ ਕਰਾਂਗੇ। ਮੇਰੇ ਬਾਬਾ ਜੀ ਨੇ ਫਿਰ ਇਕ ਵਾਰ ਮੇਰੇ ਵੱਲ ਦੇਖਿਆ ਤੇ ਕਿਹਾ ਤੂੰ ਏਥੇ ਕਿਉਂ ਬੈਠਾ ਹੈ ਜਾ ਕੇ ਆਪਣਾ ਸਾਮਾਨ ਪੈਕ ਕਰ। ਮੈਂ ਗਿਆ ਤੇ ਅੱਧੇ ਘੰਟੇ ਬਾਅਦ ਆਪਣਾ ਬੈਗ ਅਤੇ ਕੈਮਰਾ ਬੜੀ ਹੀ ਸਾਵਧਾਨੀ ਨਾਲ ਲੈ ਕੇ ਆ ਗਿਆ। ਪਰ ਮੇਰੇ ਬਾਬਾ ਜੀ ਜਦ ਆਪਣਾ ਸਾਮਾਨ ਲੈਣ ਗਏ ਤਾਂ ਉਹ ਪੰਜ ਮਿੰਟ ਵਿਚ ਹੀ ਆਪਣਾ ਛੋਟਾ ਜਿਹਾ ਬੈਗ ਹੀ ਲੈ ਕੇ ਵਾਪਿਸ ਆ ਗਏ। ਬਸ ਉਸ ਵਿਚ ਉਹੀ ਚੀਜ਼ਾਂ ਸਨ ਜੋ ਉਨ੍ਹਾਂ ਦੇ ਕੰਮ ਦੀਆਂ ਸਨ। ਹੁਣ ਸਾਡੇ ਆਲੇ-ਦੁਆਲੇ ਕੋਈ ਨਹੀਂ ਸੀ ਅਤੇ ਕਸ਼ਮੀਰ ਦਾ ਟੂਰ ਬਸ ਸ਼ੁਰੂ ਹੋਣ ਵਾਲਾ ਸੀ। ਇਕ ਚੀਨੀ ਦਾਰਸ਼ਨਿਕ ਲਾਓਜ਼ੀ ਨੇ ਕਿਹਾ ਸੀ ਕਿ ਹਜ਼ਾਰਾਂ ਮੀਲਾਂ ਦਾ ਸਫ਼ਰ ਪਹਿਲਾ ਕਦਮ ਪੁੱਟਣ ਨਾਲ ਹੀ ਸ਼ੁਰੂ ਹੁੰਦਾ ਹੈ। ਪਰ ਨਵੇਂ ਜ਼ਮਾਨੇ ਵਿਚ ਸਾਡਾ ਕਸ਼ਮੀਰ ਦਾ ਟੂਰ ਇਕ ਰਿਕਸ਼ੇ ਤੋਂ ਸ਼ੁਰੂ ਹੋਇਆ, ਜਿਸਨੇ ਸਾਨੂੰ ਭੀੜ ਭਰੇ ਬੱਸ ਅੱਡੇ ਤੇ ਉਤਾਰ ਦਿੱਤਾ। ਬਹੁਤ ਜ਼ਿਆਦਾ ਰੌਲਾ-ਰੱਪਾ ਧੂੜ ਮਿੱਟੀ ਵਾਲੇ ਬੱਸ ਅੱਡੇ ਵਿਚ ਸਪੈਸ਼ਲ ਕਲਾਸ ਦੀਆਂ ਬੱਸਾਂ ਕਿਸੇ ਵੀ ਤਰ੍ਹਾਂ ਪਸੰਦ ਕਰਨ ਵਾਲੀਆਂ ਨਹੀਂ ਸਨ। ਸਪੈਸ਼ਲ ਕਲਾਸ ਬੱਸ ਜੰਮੂ ਜਾਣ ਵਾਲੀ ਆਮ ਲੋਕਾਂ ਦੀ ਬੱਸ ਸੀ ਜਿਨ੍ਹਾਂ ਵਿਚ ਸਿਰਫ਼ ਖੜ੍ਹੇ ਹੋਣ ਲਈ ਜਗ੍ਹਾ ਸੀ। ਇਕ ਘੰਟੇ ਦੇ ਕਰੀਬ ਸਫ਼ਰ ਬਾਅਦ ਸਾਨੂੰ ਬੱਸ ਵਿਚ ਬੈਠਣ ਲਈ ਜਗ੍ਹਾ ਮਿਲ ਗਈ। ਲਗਭਗ 6 ਘੰਟੇ ਦੌਰਾਨ ਅਸੀਂ ਜੰਮੂ ਪਹੁੰਚ ਗਏ। ਜੰਮੂ ਤੋਂ ਸ੍ਰੀਨਗਰ ਜਿਹੜਾ ਕਿ ਕਸ਼ਮੀਰ ਵਾਦੀ ਵਿਚ ਸੀ ਦਾ ਸਫਰ ਲਗਭਗ 12 ਘੰਟੇ ਦਾ ਸੀ। ਪਰ ਜਦੋਂ ਸ੍ਰੀਨਗਰ ਜਾਣ ਲਈ ਸੀਟਾਂ ਮਿਲੀਆਂ। ਇਹ ਬੱਸ ਦੇ ਚੱਕੇ ਦੇ ਕੋਲ ਸਨ। ਸਾਨੂੰ ਪਤਾ ਸੀ ਕਿ ਕਸ਼ਮੀਰ ਤਕ ਦਾ ਸਫ਼ਰ ਉੱਪਰ ਥੱਲੇ ਝਟਕੇ ਮਹਿਸੂਸ ਕਰਦੇ ਹੋਏ ਕਰਨਾ ਪੈਣਾ ਹੈ। ਪਰ ਬੱਸ ਸਾਨੂੰ ਬਹੁਤ ਹੀ ਸੋਹਣੀ ਕਸ਼ਮੀਰ ਦੀ ਸਿੱਧੀ ਚੜ੍ਹਾਈ ਅਤੇ ਸੁੰਦਰ ਵਾਦੀਆਂ ਤੇ ਪਹਾੜਾਂ ਦੇ ਤੰਗ ਦਰਿਆ ਵਿਚ ਦੀ ਲੈ ਕੇ ਗਈ ਮੈਂ ਤੇ ਮੇਰੇ ਬਾਬਾ ਜੀ ਨੇ ਇਸ ਤਰ੍ਹਾਂ ਨਜ਼ਾਰਾ ਪਹਿਲਾਂ ਨਹੀਂ ਸੀ ਦੇਖਿਆ। ਕਸ਼ਮੀਰ ਦੀ ਸਿੱਧੀ ਚੜ੍ਹਾਈ ਤੇ ਖ਼ੂਬਸੂਰਤੀ ਨੇ ਸਾਨੂੰ ਮੰਤਰ ਮੁਗਧ ਕਰ ਦਿੱਤਾ। ਘੱਟੋ ਘੱਟ ਸਪੈਸ਼ਲ ਕਲਾਸ ਵਿਚ ਸਫ਼ਰ ਕਰਨ ਦੀ ਮੁਸ਼ਕਿਲ ਭੁੱਲ ਗਈ।

ਅਸੀਂ ਥੱਕੇ ਹੋਏ ਕਸ਼ਮੀਰ ਵਿਚ ਪਹੁੰਚ ਗਏ ਅਤੇ ਲੰਬੇ ਸਫ਼ਰ ਦੀ ਥਕਾਵਟ ਲਾਹੁਣ ਲਈ ਰਹਿਣ ਦੀ ਜਗ੍ਹਾ ਦੀ ਲੋੜ ਸੀ। ਜਦੋਂ ਮੈਂ ਇਧਰ-ਉਧਰ ਦੇਖਿਆ ਤਾਂ ਆਮ ਲੋਕਾਂ ਦੇ ਰਹਿਣ ਲਈ ਵਿਸ਼ਰਾਮ ਘਰ ਦਿਖਾਈ ਦਿੱਤੇ। ਇਨ੍ਹਾਂ ਵਿਸ਼ਰਾਮ ਘਰਾਂ ਦੀ ਜਗ੍ਹਾ ਬਹੁਤ ਗੰਦੀ, ਪੁਰਾਣੀ ਤੇ ਤਰੇੜਾਂ ਵਾਲੀ ਸੀ। ਇੰਝ ਜਾਪਦਾ ਸੀ ਕਿ ਇਹ ਰੱਬ ਦੇ ਆਸਰੇ ਖੜ੍ਹੇ ਹੋਣ। ਮੈਂ ਬਹੁਤ ਜ਼ਿਆਦਾ ਥੱਕਿਆ ਹੋਣ ਕਾਰਨ ਬਾਬਾ ਜੀ ਨੂੰ ਇਨ੍ਹਾਂ ਗੱਲਾਂ ਤੋਂ ਜਾਣੂੰ ਨਾ ਕਰਵਾਇਆ। ਇਕ ਲੰਬੇ ਸਮੇਂ ਤੋਂ ਬਾਅਦ ਪਤਾ ਲੱਗਿਆ ਕਿ ਮੇਰੇ ਬਾਬਾ ਜੀ ਵਿਚ ਕਿੰਨੀ ਝੱਲਣਯੋਗ ਸਰੀਰਕ ਸ਼ਕਤੀ ਹੈ। ਮੈਂ ਤੇ ਮੇਰੇ ਬਾਬਾ ਜੀ ਸੁਪਨਾ ਲੈ ਰਹੇ ਸਾਂ ਕਿ ਅਸੀਂ ਇਕ ਆਰਾਮਦਾਇਕ ਹੋਟਲ ਵਿਚ ਆਰਾਮ ਕਰਾਂਗੇ। ਪਰ ਉੱਥੇ ਦੇ ਆਲੇ-ਦੁਆਲੇ ਦੇ ਲੋਕਾਂ ਨੇ ਸਾਨੂੰ ਸੁਝਾਅ ਦਿੱਤਾ ਅਤੇ ਅਸੀਂ ਥ੍ਰੀਸਟਾਰ ਹੋਟਲ ਵਿਚ ਰੁਕਣ ਦਾ ਫ਼ੈਸਲਾ ਕੀਤਾ। ਇਸ ਤਰ੍ਹਾਂ ਇਹ ਹੋਟਲ ਸਾਡੀਆਂ ਤਰਜੀਹਾਂ ਵਿਚ ਢਲ ਗਿਆ, ਜਿੱਥੇ ਅਸੀਂ ਰਹਿਣ ਗਏ ਸੀ।

ਅਸੀਂ ਜਿੰਨੇ ਵੀ ਦਿਨ ਕਸ਼ਮੀਰ ਗੁਜ਼ਾਰੇ ਉਥੇ ਮੈਨੂੰ ਆਪਣੇ ਬਾਬਾ ਜੀ ਦੇ ਬਾਰੇ ਜਾਨਣ ਦਾ ਹੋਰ ਮੌਕਾ ਮਿਲ ਗਿਆ। ਮੈਨੂੰ ਇਹ ਮਹਿਸੂਸ ਹੋਇਆ ਕਿ ਇਹ ਸਫ਼ਰ ਮੇਰੇ ਬਾਬਾ ਜੀ ਲਈ ਵੀ ਕੁਝ ਸਿੱਖਣ ਦਾ ਸਫ਼ਰ ਸੀ। ਉਹ ਉਥੋਂ ਦੇ ਲੋਕਾਂ ਬਾਰੇ ਕੁਝ ਸਿੱਖਣ ਤੇ ਲੋਕਾਂ ਨਾਲ ਮਿਲਣ ਗਿਲਣ ਦੇ ਬਹੁਤ ਇੱਛੁਕ ਸਨ। ਇਹ ਬਹੁਤ ਹੀ ਸ਼ਾਂਤਮਈ ਸਮਾਂ ਸੀ। ਏਨਾ ਸ਼ਾਂਤ ਜਿੰਨਾ ਕਿ ਤੂਫ਼ਾਨ ਆਉਣ ਤੋਂ ਪਹਿਲਾਂ ਹੁੰਦਾ ਹੈ। ਉਹ ਤੂਫਾਨ ਜਿਹੜਾ ਇਸ ਖੇਤਰ ਨੂੰ ਦਹਾਕਿਆਂ ਤਕ ਆਪਣੇ ਹਨ੍ਹੇਰੇ ਵਿਚ ਲਪੇਟੀ ਰੱਖਦਾ ਹੈ। ਜਦੋਂ ਅਸੀਂ ਗੁਲਮਰਗ ਦੇ ਸਕਾਈ ਰਿਜ਼ੋਰਟ ਵੱਲ ਜਾਣ ਦੀ ਤਿਆਰੀ ਕਰ ਰਹੇ ਸੀ ਤਾਂ ਮੈਂ ਆਪਣੇ ਦਾਦਾ ਜੀ ਨੂੰ ਪੁੱਛਿਆ ਕਿ ਕਸ਼ਮੀਰ ਕਿਸਦਾ ਹੈ? ਉਨ੍ਹਾਂ ਦਾ ਜਵਾਬ ਬਹੁਤ ਸਾਧਾਰਨ ਤੇ ਢੁੱਕਵਾਂ ਸੀ ਕਿ ਕਸ਼ਮੀਰ ਕਸ਼ਮੀਰੀਆਂ ਦਾ ਹੈ। ਕਸ਼ਮੀਰੀਆਂ ਦਾ ਭਾਵ ਉਥੋਂ ਦੇ ਬਾਸ਼ਿੰਦਿਆਂ ਤੋਂ ਸੀ ਜਿਹੜੇ ਆਪਣੀ ਜਾਤ ਅਤੇ ਆਪਣੇ ਧਰਮ ਨਾਲ ਜੁੜੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਮੇਰੇ ਬਾਬਾ ਜੀ ਦੇ ਵਿਚਾਰ ਧਰਮ ਬਾਰੇ ਅਤੇ ਧਰਮ ਦੇ ਨਾਂ 'ਤੇ ਲੋਕਾਂ ਨੂੰ ਵੰਡਣ ਲੜਾਉਣ ਵਾਲਿਆਂ ਬਾਰੇ ਸਪੱਸ਼ਟ ਸਨ। ਬੱਸ ਦਾ ਸਫ਼ਰ ਗੁਲਮਰਗ ਤੋਂ ਸ੍ਰੀਨਗਰ ਤਕ ਜਾਣ ਦਾ ਇਕ ਘੰਟੇ ਦਾ ਸੀ। ਜਦੋਂ ਅਸੀਂ ਬੱਸ ਵਿਚ ਸਫ਼ਰ ਕਰ ਰਹੇ ਸਾਂ ਤਾਂ ਸਾਡੇ ਨਾਲ ਇਕ ਕਸ਼ਮੀਰੀ ਜੋੜਾ ਵੀ ਸਫ਼ਰ ਕਰ ਰਿਹਾ ਸੀ ਜਿਨ੍ਹਾਂ ਨਾਲ ਦਸ ਬਾਰਾਂ ਸਾਲ ਦੇ ਦੋ ਬੱਚੇ ਵੀ ਬੈਠੇ ਸਨ। ਅਸੀਂ ਆਪਣੇ ਸਫ਼ਰ ਲਈ ਅਜੇ ਠੀਕ ਹੋ ਕੇ ਬੈਠੇ ਹੀ ਸਾਂ ਤਾਂ ਮੇਰੇ ਬਾਬਾ ਜੀ ਇਸ ਪਰਿਵਾਰ ਨਾਲ ਡੂੰਘੀ ਵਾਰਤਾਲਾਪ ਨਾਲ ਰੁੱਝ ਗਏ ਅਤੇ ਉਨ੍ਹਾਂ ਨਾਲ ਉਸ ਸਮੇਂ ਦੇ ਹਾਲਾਤ ਬਾਰੇ ਵਿਚਾਰ-ਚਰਚਾ ਕਰਨ ਲੱਗੇ। ਸਾਡੇ ਵਾਂਗ ਹੀ ਉਹ ਗੁਲਮਰਗ ਦੇਖਣ ਜਾ ਰਹੇ ਸਨ। ਉਨ੍ਹਾਂ ਦੀ ਸਾਡੇ ਨਾਲੋਂ ਸਫ਼ਰ ਦੀ ਤਿਆਰੀ ਜ਼ਿਆਦਾ ਸੀ। ਉਨ੍ਹਾਂ ਕੋਲ ਪਿਕਨਿਕ ਮਨਾਉਣ ਅਤੇ ਖਾਣ-ਪੀਣ ਦਾ ਸਮਾਨ ਸੀ। ਮੇਰੇ ਬਾਬਾ ਜੀ ਨੇ ਉਨ੍ਹਾਂ ਦੇ ਬੱਚਿਆਂ ਨਾਲ ਗੱਲਬਾਤ ਕਰਨ ਦੀ ਬਹੁਤ ਹੀ ਰੁਚੀ ਦਿਖਾਈ। ਇਹ ਸਚਮੁੱਚ ਅਦਭੁੱਤ ਸੀ ਕਿ ਮੇਰੇ ਦਾਦਾ ਜੀ ਵਿਚ ਆਖ਼ਿਰ ਉਹ ਕਿਹੜੀ ਚੀਜ਼ ਸੀ, ਜੋ ਉਹਨਾਂ ਅਣਜਾਣ ਲੋਕਾਂ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਨੂੰ ਆਪਣੇ ਨਜ਼ਦੀਕ ਲਿਆਉਣ ਦੇ ਸਮਰੱਥ ਬਣਾਉਂਦੀ ਸੀ। ਨਿਰਸੰਦੇਹ ਇਹ ਕੋਈ ਕੁਦਰਤੀ ਸ਼ਕਤੀ ਸੀ ਜੋ ਗੱਲਬਾਤ ਰਾਹੀਂ ਅਣਜਾਣ ਵਿਅਕਤੀਆਂ ਨੂੰ ਉਨ੍ਹਾਂ ਦੇ ਆਪਣੇ ਬਣਾ ਦਿੰਦੀ ਸੀ। ਸ਼ਾਇਦ ਇਹ ਕਲਾ ਉਨ੍ਹਾਂ ਵਿਚ ਪੁਰਾਣੇ ਢੰਗ ਦੇ ਵਿਚਾਰਾਂ ਵਿਚੋਂ ਆਈ ਹੋਵੇ। ਜਦੋਂ ਰਾਜਨੀਤੀ ਆਪਣੇ ਲਈ ਨਹੀਂ ਦੂਜਿਆਂ ਦੇ ਭਲੇ ਲਈ ਕੀਤੀ ਜਾਂਦੀ ਸੀ ਜਿਸਨੂੰ ਅੱਜਕੱਲ੍ਹ ਦੇ ਲੋਕ ਲੰਬੇ ਸਮੇਂ ਤੋਂ ਭੁੱਲ ਚੁੱਕੇ ਹਨ। ਮੇਰੇ ਬਾਬਾ ਜੀ ਨੇ ਸੱਚੀਂ ਉਨ੍ਹਾਂ ਉੱਤੇ ਬਹੁਤ ਵਧੀਆ ਪ੍ਰਭਾਵ ਪਾਇਆ ਹੋਵੇਗਾ ਕਿਉਂਕਿ ਸਫ਼ਰ ਖ਼ਤਮ ਹੋਣ ਤੇ ਉਨ੍ਹਾਂ ਸਾਨੂੰ ਆਪਣੇ ਨਾਲ ਪਿਕਨਿਕ ਮਨਾਉਣ ਲਈ ਬਹੁਤ ਜ਼ਿੱਦ ਕਰਕੇ ਮਨਾਉਣ ਦੀ ਕੋਸ਼ਿਸ਼ ਕੀਤੀ। ਅਸੀਂ ਨਿਮਰਤਾ ਸਹਿਤ ਉਨ੍ਹਾਂ ਦੀ ਪੇਸ਼ਕਸ਼ ਠੁਕਰਾ ਦਿੱਤੀ ਅਤੇ ਉਨ੍ਹਾਂ ਦੀ ਖੁੱਲ੍ਹਦਿਲੀ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਸ ਤੋਂ ਬਾਅਦ ਅਸੀਂ ਗੁਲਮਰਗ ਚਲੇ ਗਏ। ਅਸੀਂ ਕਸ਼ਮੀਰ ਦੀਆਂ ਹੋਰ ਦਿਲਕਸ਼ ਥਾਵਾਂ ਦੇਖਣ ਗਏ ਅਤੇ ਉਥੋਂ ਦੇ ਹੋਰ ਬਹੁਤ ਸਾਰੇ ਲੋਕਾਂ ਨੂੰ ਮਿਲੇ। ਅਸੀਂ ਯੂਨੀਵਰਸਿਟੀ, ਪਹਿਲਗਾਂਵ, ਡੱਲ ਝੀਲ, ਜਿਸਨੂੰ ਕਸ਼ਮੀਰ ਦਾ ਗਹਿਣਾ ਕਿਹਾ ਜਾਂਦਾ ਹੈ, ਦੇਖਣ ਗਏ। ਸਾਨੂੰ ਕਈ ਤਰ੍ਹਾਂ ਦੇ ਅਣਜਾਣ ਵਿਅਕਤੀਆਂ ਤੋਂ ਰਾਤ ਦੇ ਖਾਣੇ ਦੇ ਬੁਲਾਵੇ ਆਏ। ਇਹ ਸਾਰੇ ਲੋਕ ਜਿਨ੍ਹਾਂ ਨੂੰ ਅਸੀਂ ਜਾਣਦੇ ਤਕ ਨਹੀਂ ਸੀ। ਬਾਬਾ ਜੀ ਨੂੰ ਸੱਦਣਾ ਚਾਹੁੰਦੇ ਸਨ ਪਰ ਉਨ੍ਹਾਂ ਨੇ ਬੜੇ ਪਿਆਰ ਅਤੇ ਆਦਰ

ਨਾਲ ਉਨ੍ਹਾਂ ਦੀਆਂ ਪੇਸ਼ਕਸ਼ਾਂ ਠੁਕਰਾ ਦਿੱਤੀਆਂ। ਪਰ ਇਨ੍ਹਾਂ ਦਾਅਵਤਾਂ ਨੇ ਬਾਬਾ ਜੀ ਨੂੰ ਇਹ ਵਿਚਾਰ ਸੁਝਾਇਆ ਕਿ ਸਾਡੀ ਕਸ਼ਮੀਰ ਯਾਤਰਾ ਉਦੋਂ ਤੱਕ ਮੁਕੰਮਲ ਨਹੀਂ ਹੋਵੇਗੀ ਜਦੋਂ ਤੱਕ ਅਸੀਂ ਇਥੋਂ ਦੇ ਲੋਕਾਂ ਦੇ ਖਾਣੇ ਨਹੀਂ ਖਾਂਦੇ। ਜਦੋਂ ਉਥੋਂ ਦੇ ਲੋਕਾਂ ਨੂੰ ਉਨ੍ਹਾਂ ਦੇ ਖਾਣਿਆਂ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਮੀਟ ਦੀ ਅਜਿਹੀ ਸਬਜ਼ੀ ਖਾਂਦੇ ਹਨ ਜਿਸ ਨੂੰ ਛੋਟੇ-ਛੋਟੇ ਟੁਕੜਿਆਂ ਵਿਚ ਕੱਟ ਕੇ ਪੱਥਰ ਦੁਆਲੇ ਲਪੇਟ ਕੇ ਹਲਕੇ ਸੇਕ ਤੇ ਕਰੀਮ ਲਗਾ ਕੇ ਪਕਾਇਆ ਹੋਵੇ ਅਤੇ ਉਹ ਸਬਜ਼ੀ ਉਥੋਂ ਦੇ ਮਸਾਲਿਆਂ ਨਾਲ ਭਰਪੂਰ ਹੋਵੇ ਇਹ ਉਨ੍ਹਾਂ ਦਾ ਮਨਪਸੰਦ ਖਾਣਾ ਸੀ। ਮੈਨੂੰ ਇਹ ਗੱਲ ਅੱਜ ਕਿੰਨੇ ਸਾਲਾਂ ਬਾਅਦ ਵੀ ਯਾਦ ਹੈ। ਜਦ ਵੀ ਮੈਂ ਇਹ ਗੱਲ ਕਰਦਾ ਹਾਂ ਤਾਂ ਮੈਨੂੰ ਏਦਾਂ ਦਾ ਖਾਣਾ ਖਾਣ ਦੀ ਭੁੱਖ ਲੱਗ ਜਾਂਦੀ ਹੈ। ਅਗਲੇ ਦਿਨਾਂ ਵਿਚ ਅਸੀਂ ਇਸ ਤਰ੍ਹਾਂ ਦਾ ਖਾਣਾ ਲੱਭਦੇ ਰਹੇ ਪਰ ਸਾਨੂੰ ਕਿਤੇ ਨਹੀਂ ਮਿਲਿਆ। ਸਾਨੂੰ ਮਟਨ ਕੜੀ ਨਾਲ ਹੀ ਗੁਜ਼ਾਰਾ ਕਰਨਾ ਪਿਆ। ਇਸ ਮਟਨ ਦਾ ਕਸ਼ਮੀਰ ਦੇ ਮੀਟ ਜਿੰਨਾਂ ਸਵਾਦ ਨਹੀਂ। ਇਹ ਏਨਾ ਰੁੱਖਾ ਖਾਣਾ ਸੀ ਕਿ ਜਿਵੇਂ ਪੁਰਾਣੇ ਬੂਟ ਘਸ-ਘਸ ਕਿ ਬਣ ਜਾਂਦੇ ਹਨ। ਇਸ ਨੂੰ ਜਵਾਨ ਲੋਕ ਵੀ ਨਹੀਂ ਚਬਾ ਸਕਦੇ ਬੁੱਢਿਆਂ ਦੀ ਤਾਂ ਗੱਲ ਹੀ ਛੱਡ ਦਿਓ। ਇਸ ਮੀਟ ਨੇ ਸਾਨੂੰ ਨਿਰਾਸ਼ਾ ਭਰਿਆ ਤਜਰਬਾ ਕਰਵਾਇਆ। ਫਿਰ ਵੀ ਇਹ ਸਾਡੀ ਅਭੁੱਲ ਯਾਦ ਸੀ ਜੋ ਮੈਨੂੰ ਅੱਜ ਵੀ ਮੁਸਕਰਾਉਣ ਲਗਾ ਦਿੰਦੀ ਹੈ।

ਮੇਰੇ ਬਾਬਾ ਜੀ ਲਈ ਉਮਰ ਕੋਈ ਮਾਅਨੇ ਨਹੀਂ ਰੱਖਦੀ। ਉਨ੍ਹਾਂ ਨੇ ਕਦੀ ਬੁਢਾਪੇ ਨੂੰ ਮਹਿਸੂਸ ਨਹੀਂ ਕੀਤਾ ਅਤੇ ਨਾ ਹੀ ਬੁੱਢਿਆਂ ਵਾਂਗ ਵਿਹਾਰ ਕੀਤਾ। ਇਸ ਚੀਜ਼ ਦਾ ਅੰਦਾਜ਼ਾ ਮੈਨੂੰ ਸਾਡੇ ਵੱਲੋਂ ਕੀਤੀਆਂ ਕਈ ਵੰਗਾਰਾਂ ਭਰੀਆਂ ਮੁਹਿੰਮਾਂ ਤੋਂ ਹੋਇਆ। ਅਸੀਂ ਪਹਾੜਾਂ ਵੱਲ ਜਾਂਦੇ ਰਸਤਿਆਂ ਵੱਲ ਦੀ ਇਕ ਸਵੇਰ ਨੂੰ ਬੱਸ ਫੜੀ। ਬੱਸ ਨੇ ਇਕ ਤੰਗ ਰਸਤੇ ਵਿਚੋਂ ਗੁਜ਼ਰਨਾ ਸੀ ਜਿਸ ਨੇ ਸਾਨੂੰ ਪਹਾੜਾਂ ਦੀਆਂ ਸਿਖ਼ਰਾਂ ਤੱਕ ਪਹੁੰਚਾਇਆ ਜਦੋਂ ਅਸੀਂ ਆਪਣੀ ਮੰਜ਼ਿਲ 'ਤੇ ਪਹੁੰਚੇ ਤਾਂ ਪਹਾੜਾਂ ਵਿਚੋਂ ਗੁਜ਼ਰਦੀ ਇਕ ਨਦੀ ਦੇ ਪਾਣੀ ਦੀ ਆਵਾਜ਼ ਨੇ ਸਾਡਾ ਮਨ ਮੋਹ ਲਿਆ ਜੋ ਵੱਡੀ ਚੱਟਾਨ ਦੇ ਦੁਆਲੇ ਘੁੰਮਦੀ ਹੋਈ ਆਵਾਜ਼ ਪੈਦਾ ਕਰਦੀ ਸੀ। ਮੈਨੂੰ ਹਾਲੇ ਵੀ ਯਾਦ ਹੈ ਕਿ ਇਹ ਨਦੀ ਹਰੇ ਘਾਹ ਦੇ ਮੈਦਾਨ ਦੀ ਚਰਾਗਾਹ ਕੋਲ ਦੀ ਗੁਜ਼ਰ ਰਹੀ ਸੀ। ਅਸੀਂ ਕੁਦਰਤੀ ਨਜ਼ਾਰਿਆਂ ਦੀ ਖ਼ੂਬਸੂਰਤੀ ਦਾ ਆਨੰਦ ਮਾਣਿਆ। ਹੋਰ ਲੋਕ ਵੀ ਥੋੜਾ ਆਰਾਮ ਅਤੇ ਗੱਲਾਂ ਕਰ ਰਹੇ ਸਨ। ਮੈਨੂੰ ਉਦੋਂ ਪਤਾ ਲੱਗਾ ਕਿ ਕੁਦਰਤੀ ਨਜ਼ਾਰਿਆਂ ਨੂੰ ਵੇਖਣ ਵਾਲੀ ਕੋਈ ਹੋਰ ਹੀ ਅੱਖ ਸੀ। ਮੈਨੂੰ ਇਕ ਪਲ ਯਾਦ ਹੈ ਜਦੋਂ ਉਨ੍ਹਾਂ ਨੇ ਇਕ ਪਲ ਮੇਰੇ ਵੱਲ ਦੇਖਦੇ ਕਿਹਾ ਕਿ ਦੇਖ ਕਸ਼ਮੀਰ ਦੇ ਲੋਕ ਕਿੰਨੇ ਸੋਹਣੇ ਹਨ ਅਤੇ ਇਸ ਵੇਲੇ ਉਨ੍ਹਾਂ ਦੀ ਨਜ਼ਰ ਮੇਰੇ ਹਾਣ ਦੀਆਂ ਕੁੜੀਆਂ ਦੇ ਇਕ ਟੋਲੇ ਵੱਲ ਗਈ। ਉਸ ਸਮੇਂ ਮੈਂ ਆਪਣੀ ਸ਼ਰਮ ਤੇ ਕਿਸੇ ਤਰ੍ਹਾਂ ਕਾਬੂ ਪਾਇਆ ਪਰ ਮੈਂ ਬਾਅਦ ਵਿਚ ਆਪਣੇ ਬਾਬਾ ਜੀ ਦੀ ਹਸਮੁੱਖਤਾ ਹਲਕੇ ਸ਼ਰਾਰਤੀਪਣ ਅਤੇ ਉਨ੍ਹਾਂ ਦੇ ਜਾਤਪਾਤ, ਰੰਗ ਭੇਦ ਤੇ ਮਜ਼ਹਬ ਨਸਲ ਦੇ ਭੇਦਭਾਵ ਤੋਂ ਉੱਪਰ ਹੋਣ ਵਾਲੀ ਦੁਰਲਭ ਮਹਾਨਤਾ ਦੀ ਪ੍ਰਸੰਸਾ ਕੀਤੀ।

ਉਸੇ ਦਿਨ ਹੀ ਬਾਬਾ ਜੀ ਨੇ ਫ਼ੈਸਲਾ ਲਿਆ ਕਿ ਅਸੀਂ ਪਹਾੜ ਤੋਂ ਥੱਲੇ ਤੱਕ, ਭਾਵ ਘਾਟੀ ਤੱਕ ਦਾ ਸਫ਼ਰ ਬੱਸ ਦਾ ਇੰਤਜ਼ਾਰ ਕਰਨ ਦੀ ਥਾਂ ਪੈਦਲ ਚੱਲ ਕੇ ਤੈਅ ਕਰਾਂਗੇ। ਉਨ੍ਹਾਂ ਮਹਿਸੂਸ ਕੀਤਾ ਕਿ ਇਹ ਪੈਦਲ ਸਫ਼ਰ ਜੋ ਪਹਾੜੀ ਹਵਾ ਨਾਲ ਭਰਪੂਰ ਹੈ, ਸਾਨੂੰ ਇਕ ਵਿਲੱਖਣ

ਅਤੇ ਹੈਰਾਨੀਜਨਕ ਨਜ਼ਾਰਾ ਦੇਵੇਗਾ।

ਇਸ ਲਈ ਅਸੀਂ ਆਪਣਾ ਸਫ਼ਰ ਜਲਦ ਹੀ ਜੰਗਲ ਵਿਚੋਂ ਲੰਘਦੀ ਖੁੱਲ੍ਹੀ ਸੜਕ ਤੇ ਸ਼ੁਰੂ ਕਰ ਦਿੱਤਾ ਜਿਹੜੀ ਉਥੋਂ ਦੇ ਹਰੇ ਭਰੇ ਦਰਖਤਾਂ ਨਾਲ ਘਿਰੀ ਹੋਈ ਸੀ। ਇਕ ਘੰਟਾ ਪੈਦਲ ਸਫ਼ਰ ਕਰਨ ਤੋਂ ਬਾਅਦ ਸਾਨੂੰ ਕੋਈ ਚਿੱਤ ਚੇਤਾ ਵੀ ਨਹੀਂ ਸੀ ਕਿ ਅਸੀਂ ਕਿੰਨਾ ਸਫ਼ਰ ਤਹਿ ਕਰ ਲਿਆ ਹੈ। ਰਾਤ ਪੈਣ ਤੋਂ ਪਹਿਲੋਂ-ਪਹਿਲੋਂ ਅਸੀਂ ਪਹਾੜ ਤੋਂ ਉੱਤਰਨਾ ਸੀ ਨਹੀਂ ਤਾਂ ਰਸਤਾ ਲੱਭਣ ਵਿੱਚ ਕਠਿਨਾਈ ਆਉਣੀ ਸੀ। ਬਾਬਾ ਜੀ ਵਿਚ ਕਾਫ਼ੀ ਜਾਨ ਸੀ। ਉਹ ਪੈਦਲ ਸਫ਼ਰ ਕਾਫ਼ੀ ਮਜ਼ੇ ਨਾਲ ਤਹਿ ਕਰ ਰਹੇ ਸਨ। ਉਹ ਇਸ ਤਰ੍ਹਾਂ ਦੇ ਖ਼ੂਬਸੂਰਤ ਤਜਰਬੇ ਨੂੰ ਗਵਾਉਣਾ ਨਹੀਂ ਚਾਹੁੰਦੇ ਸਨ। ਇਹ ਸਫ਼ਰ ਉਨ੍ਹਾਂ ਲਈ ਏਨਾ ਮਜ਼ੇਦਾਰ ਸੀ ਜਿੰਨਾ ਸਾਡੇ ਪਿੰਡ ਬਿਲਗੇ ਤੋਂ ਮੇਨ ਰੋਡ ਮੋਆਈ ਅੱਡੇ ਤੱਕ ਦਾ ਸੀ।

ਸਾਡੇ ਸਫ਼ਰ ਦੀ ਖ਼ੂਬਸੂਰਤੀ ਇਹ ਸੀ ਕਿ ਇਹ ਬਹੁਤ ਚੁਣੌਤੀ ਭਰਿਆ ਸਫ਼ਰ ਸੀ। ਰਾਤ ਪੈਣ ਤੋਂ ਪਹਿਲੋਂ-ਪਹਿਲੋਂ ਥੱਲੇ ਪਹੁੰਚਣਾ ਹੀ ਸੀ ਨਹੀਂ ਤਾਂ ਸਾਨੂੰ ਚੰਦਰਮੇ ਦੀਆਂ ਕਿਰਨਾਂ ਨੇ ਹੀ ਰਸਤਾ ਦਿਖਾਉਣਾ ਸੀ। ਭਾਵੇਂ ਕਿ ਹਿਮਾਲਿਆ ਦੇ ਜੰਗਲ ਦੀ ਰਾਤ ਵਰਗੀ ਜਗ੍ਹਾ ਨਹੀਂ ਸੀ। ਜੰਗਲ ਸੁੰਦਰ ਤੇ ਸ਼ਾਂਤ ਸੀ। ਮੇਰੇ ਬਾਬਾ ਜੀ ਨੂੰ ਇਕ ਖਿਆਲ ਆਇਆ ਉਨ੍ਹਾਂ ਸੋਚਿਆ ਕਿਉਂ ਨਾ ਹੇਠਾਂ ਜਾ ਕੇ ਬੱਸ ਫੜੀਏ ਤਾਂ ਕਿ ਉਹ ਘਾਟੀ ਤੱਕ ਪਹੁੰਚ ਕੇ ਬੱਸ ਵਿਚ ਬੈਠ ਕੇ ਘਾਟੀ ਦੀ ਸੁੰਦਰਤਾ ਨੂੰ ਵੇਖ ਸਕਣ। ਅਸੀਂ ਸਾਰਾ ਰਸਤਾ ਪੈਦਲ ਤਹਿ ਕਰਨਾ ਸੀ ਅਤੇ ਰਾਤ ਪੈਣ ਤੋਂ ਪਹਿਲਾਂ ਬੜੀ ਆਸਾਨੀ ਨਾਲ ਇਹ ਕੁਝ ਕਰ ਸਕਦੇ ਸਾਂ। ਜਦੋਂ ਅਸੀਂ ਖੁੱਲ੍ਹੀ ਡੁੱਲ੍ਹੀ ਸੜਕ ਤੇ ਥੱਲੇ ਆ ਰਹੇ ਸੀ ਤਾਂ ਸਾਨੂੰ ਇਕ ਆਵਾਜ਼ ਸੁਣੀ। ਅਸੀਂ ਧਿਆਨ ਲਗਾਇਆ ਕਿ ਇਹ ਆਵਾਜ਼ ਕਿੱਥੋਂ ਆਉਂਦੀ ਹੈ। ਆਦਮੀ ਦੀ ਧੀਮੀ ਆਵਾਜ਼ ਜਿਵੇਂ ਸਾਨੂੰ ਪੁਕਾਰ ਰਹੀ ਹੋਵੇ। ਅਸੀਂ ਆਵਾਜ਼ ਵੱਲ ਪਹਿਲਾਂ ਧਿਆਨ ਨਹੀਂ ਦਿੱਤਾ ਅਤੇ ਆਪਣੇ ਰਸਤੇ ਤੁਰਦੇ ਗਏ। ਅਚਾਨਕ ਫਿਰ ਸਾਨੂੰ ਕਿਸੇ ਨੇ ਦੁਬਾਰਾ ਆਵਾਜ਼ ਮਾਰੀ। ਇਸ ਵੇਲੇ ਇਹ ਆਵਾਜ਼ ਪਹਿਲਾਂ ਨਾਲੋਂ ਉੱਚੀ ਤੇ ਸਾਫ਼ ਸੀ। ਅਸੀਂ ਫਿਰ ਮੁੜ ਆਪਣੇ ਰਸਤੇ 'ਤੇ ਚੱਲਦੇ ਰਹੇ ਅਤੇ ਪਿੱਛੇ ਮੁੜ ਕੇ ਨਹੀਂ ਦੇਖਿਆ। ਸਾਨੂੰ ਇਕ ਵਾਰ ਫਿਰ ਉਹ ਆਵਾਜ਼ ਸੁਣਾਈ ਦਿੱਤੀ। ਇਸ ਵਾਰ ਇਹ ਆਵਾਜ਼ ਗੁੱਸੇ ਭਰੀ ਸੀ। ਆਵਾਜ਼ ਸੀ, "ਰੁਕੋ ਅਤੇ ਸੁਣੋ।" ਮੈਂ ਕੋਈ ਲੁਟੇਰਾ ਨਹੀਂ ਹੁਣ ਸਾਡੀ ਚਿੰਤਾ ਉਤਸੁਕਤਾ ਵਿਚ ਬਦਲ ਗਈ ਸੀ। ਅਸੀਂ ਰੁਕੇ ਤੇ ਦੇਖਿਆ ਕਿ ਸਾਨੂੰ ਕੌਣ ਬੁਲਾ ਰਿਹਾ ਹੈ। ਸੜਕ ਦੇ ਕਿਨਾਰੇ 'ਤੇ ਖਲੋਤਿਆਂ ਸਾਨੂੰ ਇਕ ਭੇਡਾਂ ਚਾਰਨ ਵਾਲਾ ਅੱਧਖੜ੍ਹ ਉਮਰ ਦਾ ਆਦਮੀ ਜਿਸ ਨੇ ਹੱਥ ਵਿਚ ਭਾਲਾ ਫੜ੍ਹਿਆ ਹੋਇਆ ਸੀ ਦਿਖਾਈ ਦਿੱਤਾ। ਉਸਨੇ ਹੱਥ ਖੜ੍ਹੇ ਕੀਤੇ ਤੇ ਆਪਣੇ ਵੱਲ ਬੁਲਾਉਣ ਦਾ ਇਸ਼ਾਰਾ ਕੀਤਾ। ਜਦੋਂ ਅਸੀਂ ਓਹਦੇ ਤੱਕ ਪਹੁੰਚੇ ਤਾਂ ਉਸਨੇ ਸਾਨੂੰ ਸਲਾਮਾ ਲੇਕਮ ਕਹਿ ਕੇ ਨਿਵਾਜ਼ਿਆ। ਸਾਡੇ 'ਤੇ ਮਿਹਰਬਾਨ ਹੋਣ ਤੋਂ ਪਹਿਲਾਂ ਉਸਨੇ ਕਿਹਾ ਇਹ ਅੱਲਾ ਦੀ ਮਰਜ਼ੀ ਹੈ ਜਦੋਂ ਕੋਈ ਭਟਕਿਆ ਯਾਤਰੀ ਵੇਖੋ ਤਾਂ ਉਸਨੂੰ ਸਹੀ ਰਸਤਾ ਜ਼ਰੂਰ ਵਿਖਾਓ। ਉਸ ਆਜੜੀ ਨੇ ਸਾਨੂੰ ਪਹਾੜ ਤੋਂ ਥੱਲੇ ਜਾਣ ਵਾਲਾ ਸਹੀ ਰਸਤਾ ਵਿਖਾਇਆ। ਉਹ ਰਸਤਾ ਜਿਹੜਾ ਸਾਡੇ ਵਰਗੇ ਨਵੇਂ ਯਾਤਰੂਆਂ ਲਈ ਤਹਿ ਕਰਨਾ ਸੌਖਾ ਨਹੀਂ ਸੀ। ਉਸਨੇ ਕਿਹਾ ਪਹਾੜ ਤੋਂ ਥੱਲੇ ਘਾਟੀ ਤੱਕ ਜਾਣ ਲਈ ਇਹ ਖੱਚਰਾਂ ਦੇ ਜਾਣ ਵਾਲਾ ਛੋਟਾ ਰਸਤਾ ਹੈ। ਤੁਸੀਂ ਇਹ ਰਸਤਾ ਲੈ ਲਓ ਨਹੀਂ ਤਾਂ ਤੁਸੀਂ ਰਾਤ ਤੋਂ ਪਹਿਲਾਂ ਘਾਟੀ ਤੱਕ ਨਹੀਂ ਪਹੁੰਚ ਸਕੋਗੇ। ਅਸੀਂ ਉਸ ਮਹਾਨ ਇਨਸਾਨ ਆਜੜੀ

ਦੇ ਧੰਨਵਾਦੀ ਸਾਂ ਜਿਸਨੇ ਸਾਨੂੰ ਘਾਟੀ ਤੱਕ ਜਾਣ ਲਈ ਸਿੱਧਾ ਤੇ ਸੌਖਾ ਰਸਤਾ ਵਿਖਾਇਆ।

ਅਸੀਂ ਆਪਣੀ ਮੁਹਿੰਮ ਤੋਂ ਜਲੰਧਰ ਦੇਰ ਰਾਤ ਬਾਅਦ ਵਾਪਸ ਪਹੁੰਚੇ। ਇਹ ਸਾਡੇ ਲਈ ਮੁਸ਼ਕਿਲ ਯਾਤਰਾ ਸਾਬਤ ਹੋਈ। ਅਸੀਂ ਪੂਰੇ ਥੱਕੇ ਹੋਏ ਸਾਂ ਜਦੋਂ ਵਾਪਸ ਅਸੀਂ ਦੇਸ਼ ਭਗਤ ਯਾਦਗਾਰ ਹਾਲ ਪਹੁੰਚੇ ਤਾਂ ਅਸੀਂ ਉੱਥੋਂ ਦੇ ਸੁੱਤੇ ਪਏ ਸਟਾਫ਼ ਨੂੰ ਜਗਾਇਆ ਅਤੇ ਕਮਰੇ ਦੀਆਂ ਚਾਬੀਆਂ ਲੈ ਕੇ ਜਲਦੀ ਤੋਂ ਜਲਦੀ ਸੌਣ ਲਈ ਬਿਸਤਰਾ ਲਿਆ ਤੇ ਇਕ ਵਾਰ ਫਿਰ ਤਾਰਿਆਂ ਦੀ ਛਾਵੇਂ ਸੌਣ ਚਲੇ ਗਏ।

ਮੇਰੇ ਬਾਬਾ ਜੀ ਜਿਹੜੇ ਕਿ 22 ਮਈ 2009 ਨੂੰ ਜਹਾਨੇ ਫਾਨੀ ਤੋਂ ਰੁਖ਼ਸਤ ਫਰਮਾ ਗਏ, ਨਾਲ ਬਹੁਤ ਯਾਦਾਂ ਭਰੇ ਲਮਹੇ ਸਾਂਝੇ ਹਨ। ਉਨ੍ਹਾਂ ਦਾ ਪ੍ਰਲੋਕ ਸਿਧਾਰ ਜਾਣਾ ਮੇਰੇ ਲਈ ਇਕ ਪੂਰਾ ਨਾ ਹੋਣ ਵਾਲਾ ਘਾਟਾ ਹੈ। ਬੇਸ਼ਕ ਉਨ੍ਹਾਂ ਦੀ ਕਿੰਨੀ ਉਮਰ ਸੀ ਪਰ ਉਸ ਬਜ਼ੁਰਗ ਦਾ ਚਲੇ ਜਾਣਾ ਜਿਸ ਕੋਲ ਤੁਸੀਂ ਸੁੱਖ ਮਹਿਸੂਸ ਕਰਦੇ ਹੋ ਜਾਂ ਉੱਚ ਦਰਜੇ ਦਾ ਗਿਆਨ ਪ੍ਰਾਪਤ ਕਰਦੇ ਹੋ ਨੁਕਸਾਨਦਾਇਕ ਹੀ ਤਾਂ ਹੈ। ਉਨ੍ਹਾਂ ਨਾਲ ਸਮਾਂ ਗੁਜ਼ਾਰਨਾ ਉਨ੍ਹਾਂ ਤੋਂ ਗਿਆਨ ਹਾਸਲ ਕਰਨਾ ਅਤੇ ਉਨ੍ਹਾਂ ਦੀ ਸੰਗਤ ਵਿਚ ਸੁਖ ਦਾ ਅਹਿਸਾਸ ਕਰਨਾ ਇਹ ਸਭ ਮੇਰੇ ਲਈ ਯਾਦਾਂ ਦਾ ਮੁੱਲਵਾਨ ਸਰਮਾਇਆ ਹੈ। ਇਸ ਮਜ਼ਬੂਤ ਸਬੰਧ ਵਿਚ ਜੋ ਮੇਰਾ ਤੇ ਮੇਰੇ ਦਾਦਾ ਜੀ ਦਰਮਿਆਨ ਸੀ ਵਿਚ ਕਸ਼ਮੀਰ ਦੀ ਸੈਰ ਇਕ ਅਨੰਦਿਤ ਤੇ ਵਿਸਮਾਦਿਤ ਕਰਨ ਵਾਲਾ ਰੁਮਾਂਚਿਕ ਤਜਰਬਾ ਹੈ। ਸਾਰੀਆਂ ਗੱਲਾਂ ਵਿਚੋਂ ਇਕ ਗੱਲ ਜਿਹੜੀ ਮੈਨੂੰ ਆਪਣੇ ਬਾਬਾ ਜੀ ਵਿਚ ਬਹੁਤ ਵਧੀਆ ਲੱਗਦੀ ਸੀ ਉਹ ਸੀ ਉਨ੍ਹਾਂ ਦਾ ਆਸ਼ਾਵਾਦੀ ਹੋਣਾ। ਉਨ੍ਹਾਂ ਦੀ ਇਹ ਆਸ਼ਾਵਾਦੀ ਸੋਚ ਉਨ੍ਹਾਂ ਦੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ 'ਤੇ ਵੀ ਡੂੰਘਾ ਪ੍ਰਭਾਵ ਪਾਉਂਦੀ ਸੀ। ਮੈਂ ਕਈ ਵਾਰੀ ਮਨੁੱਖਤਾ ਬਾਰੇ ਨਿਰਾਸ਼ ਹੋ ਜਾਂਦਾ ਸੀ ਪਰ ਮੇਰੇ ਬਾਬਾ ਜੀ ਕਦੇ ਨਿਰਾਸ਼ ਨਹੀਂ ਹੋਏ। ਨਿਰਾਸ਼ਾਵਾਦੀ ਹੋਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ। ਉਹ ਇਕ ਮਜ਼ਬੂਤ ਇਰਾਦੇ ਵਾਲੇ ਇਨਸਾਨ ਸਨ ਇਹ ਉਨ੍ਹਾਂ ਨੇ ਉਮਰ ਭਰ ਦੀ ਜੱਦੋ ਜਹਿਦ ਤੋਂ ਬਾਅਦ ਬਣਾਇਆ ਸੀ ਜਿਸ ਵਿਚ ਉਨ੍ਹਾਂ ਦੀ ਉਮਰ ਭਰ ਦੀ ਬੇਇਨਸਾਫ਼ੀ, ਲੁੱਟ ਖਸੁੱਟ, ਬੁਰਾਈ ਦੀਆਂ ਤਾਕਤਾਂ ਜੋ ਭਾਵੇਂ ਕਿਸੇ ਵੀ ਰਾਜਨੀਤਕ ਜਾਂ ਧਰਮ ਦੀ ਆੜ ਵਿਚ ਪਸਰਦੀਆਂ ਹੋਣ ਦੇ ਵਿਰੁੱਧ ਚੁਣੌਤੀਆਂ ਭਰੀ ਲੜਾਈ ਸ਼ਾਮਲ ਸੀ। ਉਹ ਜ਼ਿੰਦਗੀ ਵਿੱਚ ਸੰਘਰਸ਼ ਕਰਨ ਨੂੰ ਹੀ ਅਸਲੀ ਜ਼ਿੰਦਗੀ ਸਮਝਦੇ ਸਨ। ਉਹ ਮਿਹਨਤ ਮੁਸ਼ਕੱਤ ਭਰੀ ਜ਼ਿੰਦਗੀ ਨੂੰ ਅਪਣਾ ਕੇ ਖੁਸ਼ ਸਨ। ਮੇਰੇ ਬਾਬਾ ਜੀ ਇਸ ਸੱਚਾਈ ਦੇ ਗਵਾਹ ਸਨ ਕਿ ਜਵਾਨੀ ਸਰੀਰ ਨਾਲੋਂ ਮਨ ਦੀ ਸਥਿਤੀ ਵਿਚ ਵਧੇਰੇ ਹੁੰਦੀ ਹੈ। ਬਹੁਤ ਵੰਗਾਰ ਭਰੇ ਸਮਿਆਂ ਵਿਚ ਵੀ ਉਨ੍ਹਾਂ ਨੇ ਪਿੱਛੇ ਹਟਣਾ ਕਬੂਲ ਨਹੀਂ ਸੀ ਕੀਤਾ ਅਤੇ ਜਵਾਨੀ ਦੇ ਜੋਸ਼ ਭਰੇ ਜਜ਼ਬੇ ਨੂੰ ਅੰਤ ਤੱਕ ਕਾਇਮ ਰੱਖਿਆ। ਉਹ ਹਮੇਸ਼ਾ ਜਵਾਨ ਹਨ ਤੇ ਮੇਰੇ ਲਈ ਪ੍ਰੇਰਨਾ ਦਾ ਸ਼ਕਤੀਸ਼ਾਲੀ ਸੋਮਾ ਹਨ।

***

# ਬਾਬਾ ਭਗਤ ਸਿੰਘ ਬਿਲਗਾ ਜੀ

-ਡਾ. ਹਰਜੀਤ ਸਿੰਘ

ਦਰਮਿਆਨਾ ਕੱਦ, ਨਿਖਰਿਆ ਚਿਹਰਾ, ਤਿੱਖੀ ਤੱਕਣੀ, ਚਿੱਟਾ ਕਮੀਜ਼ ਪਜਾਮਾ ਪਾਈ, ਚਿੱਟੀ ਸਿੱਧੀ ਪੱਗ ਲਪੇਟੀ, ਕੰਬਲ ਦੀ ਬੁੱਕਲ ਮਾਰੀ, ਹੱਥ ਵਿਚ ਤਹਿ ਕੀਤੀ ਅਖ਼ਬਾਰ ਫੜੀ ਦੇਸ਼ ਭਗਤ ਯਾਦਗਾਰ ਹਾਲ (ਉਦੋਂ ਪੂਰਾ ਬਣਿਆ ਨਹੀਂ ਸੀ) ਦੇ ਬਾਹਰ ਪਏ ਖੁੱਲ੍ਹੇ ਥਾਂ ਤੇ ਟਹਿਲਦਾ-ਟਹਿਲਦਾ ਇਕ ਵਿਅਕਤੀ ਗੇਟ ਵੱਲ ਆ ਰਿਹਾ ਸੀ, ਜਦੋਂ ਮੈਂ ਆਪਣੇ ਪਿਤਾ ਜੀ (ਗਿ: ਰਣਧੀਰ ਸਿੰਘ ਜੀ) ਨਾਲ ਅੰਦਰ ਦਾਖਲ ਹੋਇਆ। ਉਹ ਪਿਤਾ ਜੀ ਨੂੰ ਬੜੀ ਅਪਣੱਤ ਨਾਲ ਜੱਫੀ ਪਾ ਕੇ ਮਿਲਿਆ। ਮੇਰੇ ਸਤਿ ਸ੍ਰੀ ਅਕਾਲ ਕਹਿਣ ਤੇ ਸਿਰ ਤੇ ਪਿਆਰ ਦਿੱਤਾ। ਉਸਦੇ ਚਿਹਰੇ ਤੇ ਕਾਹਲਾਪਣ ਤੇ ਹੈਰਾਨੀ ਸੀ ਜਿਵੇਂ ਅਖ਼ਬਾਰ ਦੀਆਂ ਖ਼ਬਰਾਂ ਨੇ ਉਸਨੂੰ ਤਲਖ਼ੀ ਪਹੁੰਚਾਈ ਹੋਵੇ, ਉਹ ਕੁਝ ਵਾਪਰ ਰਿਹਾ ਹੋਵੇ ਜੋ ਉਹ ਚਾਹੁੰਦਾ ਨਾ ਹੋਵੇ।

ਪਿਤਾ ਜੀ ਤੇ ਉਹ ਕੁਰਸੀਆਂ ਤੇ ਬੈਠ ਕੇ ਗੱਲਾਂ ਕਰਨ ਲੱਗ ਪਏ। ਮੈਨੂੰ ਉਦੋਂ ਆਜ਼ਾਦੀ ਦੇ ਸੰਗਰਾਮ ਜਾਂ ਰਾਜਨੀਤੀ ਬਾਰੇ ਕੋਈ ਸੂਝ ਨਹੀਂ ਸੀ। ਕੁਝ ਚਿਰ ਕੋਲ ਬੈਠਿਆਂ ਜੋ ਮੈਂ ਸੁਣਿਆ ਉਸ ਵਿਚ ਆਜ਼ਾਦੀ ਦੇ ਸੰਘਰਸ਼ ਤੋਂ ਬਾਅਦ ਸਥਾਪਿਤ ਨਜ਼ਾਮ, ਕਮਿਊਨਿਸਟ ਪਾਰਟੀ ਤੇ ਉਸਦੇ ਆਗੂਆਂ ਅਤੇ ਨਕਸਲਵਾੜੀ ਲਹਿਰ ਦਾ ਜ਼ਿਕਰ ਹੋ ਰਿਹਾ ਸੀ। ਉਹ ਲੰਮਾ ਸਮਾਂ ਗੱਲਾਂ ਕਰਦੇ ਰਹੇ, ਇਕ ਦੋ ਹੋਰ ਵਿਅਕਤੀ ਵੀ ਕੁਝ ਚਿਰ ਗੱਲਬਾਤ ਵਿਚ ਸ਼ਾਮਿਲ ਹੋਏ ਤੇ ਚਲੇ ਗਏ। ਜੋ ਕੁਝ ਬਾਬਾ ਗੜ੍ਹਕਵੀਂ ਆਵਾਜ਼ ਵਿਚ ਬੋਲ ਰਿਹਾ ਸੀ ਉਸ ਵਿਚੋਂ ਤੇ ਉਸਦੇ ਚਿਹਰੇ ਤੋਂ ਸਮਕਾਲੀ ਸਰਕਾਰ ਬਾਰੇ ਰੋਹ ਝਲਕਦਾ ਸੀ।

ਜਦੋਂ ਵਾਪਸ ਤੁਰੇ ਤਾਂ ਪਿਤਾ ਜੀ ਦੱਸਣ ਲੱਗੇ ਕਿ ਇਹ ਬਾਬਾ ਭਗਤ ਸਿੰਘ ਬਿਲਗਾ ਸੀ। ਦੇਸ਼ ਦੀ ਆਜ਼ਾਦੀ ਦੇ ਸੁਫ਼ਨੇ ਨੂੰ ਹਕੀਕਤ ਵਿਚ ਦੇਖਣ ਲਈ ਇਸ ਨੇ ਬੜਾ ਤਿਆਗ ਕੀਤਾ ਏ ਤੇ ਬੜੇ ਖ਼ਤਰੇ ਮੁੱਲ ਲਏ ਨੇ। ਬੜਾ ਦਲੇਰ ਤੇ ਸਿਰੜੀ ਏ। ਅਜਕੱਲ੍ਹ ਇਕੋ ਲਟਕ ਲੱਗੀ ਹੋਈ ਏ ਦੇਸ਼ ਭਗਤ ਯਾਦਗਾਰ ਹਾਲ ਦੀ ਇਮਾਰਤ ਨੂੰ ਨੇਪਰੇ ਚਾੜ੍ਹਨ ਦੀ। ਵਿਦੇਸ਼ਾਂ ਵਿਚ ਜਾਨਾਂ ਹੂਲ ਕੇ ਕਮਾਈ ਕਰਦੇ ਪੰਜਾਬੀਆਂ ਨੂੰ ਪਰੇਰ ਕੇ ਉਗਰਾਹੀ ਕਰਨੀ ਬੜੀ ਜੁਗਤੀ ਵਾਲਾ ਕੰਮ ਏ, ਜੋ ਬਾਬਾ ਕਰਦਾ ਪਿਐ।

1915 ਦੇ ਗ਼ਦਰ ਦੇ ਫੇਲ੍ਹ ਹੋ ਜਾਣ ਉਪਰੰਤ ਬਹੁਤ ਸਾਰੇ ਗ਼ਦਰੀ ਦੁਬਾਰਾ ਇਨਕਲਾਬੀ ਹਮਲਾ ਕਰਨ ਦੀ ਤਿਆਰੀ ਵਿਚ ਜੁੱਟੇ ਰਹੇ, ਬਾਬਾ ਉਨ੍ਹਾਂ ਵਿਚੋਂ ਏ। ਆਪਣੇ ਘਰ ਜਿਹੜਾ ਤੇਜਾ ਸਿੰਘ ਸੁਤੰਤਰ ਆਉਂਦਾ ਹੁੰਦਾ ਏ, ਜਿਹਨੂੰ ਤੂੰ ਕਾਲੋਨੀ ਦੇ ਉਤੋਂ ਦੀ ਵਲੇਵਾਂ ਪਾ ਕੇ ਲੁੱਕਵੇਂ ਢੰਗ

ਨਾਲ ਲੈ ਕੇ ਆਉਂਦਾ ਹੁੰਦਾ ਏ; ਉਹਨੇ ਤੇ ਬਾਬਾ ਭਗਤ ਸਿੰਘ ਨੇ ਇਕੱਠੇ ਗ਼ਦਰ ਪਾਰਟੀ ਵਿਚ ਸ਼ਹੀਦ ਭਗਤ ਸਿੰਘ ਦੇ ਚਾਚੇ ਅਜੀਤ ਸਿੰਘ ਨਾਲ ਅਰਜਨਟਾਇਨਾ ਵਿਚ ਕੰਮ ਕੀਤਾ ਏ। ਇਹ ਉਥੇ ਗ਼ਦਰ ਪਾਰਟੀ ਦੀ ਬਰਾਂਚ ਦਾ ਜਨਰਲ ਸਕੱਤਰ ਰਿਹੈ। ਫੇਰ ਇਨ੍ਹਾਂ ਨੇ ਰੂਸ ਤੋਂ ਨਾਲੇ ਪੜ੍ਹਾਈ ਕੀਤੀ, ਨਾਲੇ ਫੌਜੀ ਸਿੱਖਿਆ ਪਰਾਪਤ ਕੀਤੀ, ਖਾਸ ਕਰਕੇ ਗੁਰੀਲਾ ਯੁੱਧ ਦੀ। ਮਾਰਕਸਵਾਦ ਤਾਂ ਉਥੇ ਪੜ੍ਹਨਾ ਹੀ ਸੀ।

ਆਜ਼ਾਦੀ ਪਰਾਪਤੀ ਲਈ ਇਨਕਲਾਬੀ ਹੱਲੇ ਲਈ ਇਨ੍ਹਾਂ ਦੀ ਸੋਚ ਸੀ ਨਿਰੀ ਫੌਜੀ ਬਗਾਵਤ ਨਾਲ ਨਹੀਂ ਸਰਨਾ ਬਲਕਿ ਆਮ ਲੋਕਾਂ, ਕਿਰਤੀਆਂ ਤੇ ਕਿਸਾਨਾਂ ਨੂੰ ਜਾਗਰੂਕ ਕਰਨ ਦੀ ਲੋੜ ਏ। ਏਸੇ ਤੇ ਅਮਲ ਕਰਦਿਆਂ ਬਾਬਾ ਬਿਲਗਾ ਨੇ ਇਨਕਲਾਬੀ ਸੰਗਰਾਮ ਲਈ ਹੇਠਲੀ ਪੱਧਰ ਤੋਂ ਲੋਕਾਂ ਨੂੰ ਜਗਾਉਣ ਤੇ ਲਾਮਬਧ ਕਰਨ ਲਈ ਬੜੀ ਜੱਦੋ ਜਹਿਦ ਕੀਤੀ ਤੇ ਉਹ ਪੰਜਾਬੋ ਬਾਹਰ ਕਲਕੱਤੇ, ਬੰਬਈ, ਯੂ.ਪੀ. ਵਿਚ ਇਸ ਕਾਰਜ ਲਈ ਸਰਗਰਮ ਰਹੇ। ਇਨ੍ਹਾਂ ਦਾ ਮੁਖ ਉਦੇਸ਼ ਸਿਰਫ ਦੇਸ਼ ਦੀ ਆਜ਼ਾਦੀ ਹੀ ਨਹੀਂ ਸੀ ਸਗੋਂ ਆਜ਼ਾਦ ਭਾਰਤ ਵਿਚ ਲੋਕ-ਹਿਤੈਸ਼ੀ ਤੇ ਸਮਾਜਵਾਦੀ ਸਰਕਾਰ ਦੀ ਸਥਾਪਨਾ ਵੀ ਸੀ। ਇਨ੍ਹਾਂ ਇਨਕਲਾਬੀ ਕੰਮਾਂ ਕਰਕੇ ਬਾਬਾ ਬਿਲਗਾ ਨੇ ਘਰ ਤੇ ਜ਼ਮੀਨ ਵੀ ਗੁਆਈ, ਪਰਿਵਾਰ ਨੇ ਬੜੀ ਔਖ ਕੱਟੀ, ਜੇਲ੍ਹਾਂ ਵੀ ਭੁਗਤੀਆਂ ਤੇ ਪੁਲਸ ਦਾ ਤਸ਼ੱਦਦ ਵੀ ਸਹਾਰਿਆ ਪਰ ਸਿਦਕ ਨਹੀਂ ਹਾਰਿਆ।

ਦੇਸ਼ ਦੀ ਆਜ਼ਾਦੀ ਤੋਂ ਉਪਰੰਤ ਸਥਾਪਿਤ ਨਜ਼ਾਮ ਸਾਮਰਾਜ ਦਾ ਹੀ ਬਦਲਿਆ ਹੋਇਆ ਰੂਪ ਹੋਣ ਕਰਕੇ ਸਾਡੇ ਵਾਂਗ ਬਾਬਾ ਬਿਲਗਾ ਵੀ ਸੰਤੁਸ਼ਟ ਨਹੀਂ। ਇਸੇ ਕਰਕੇ ਉਹ ਸਾਮਰਾਜੀ ਸ਼ਕਤੀਆਂ, ਲੋਕ ਵਿਰੋਧੀ ਸਰਕਾਰਾਂ ਤੇ ਸਥਾਪਿਤ ਸ਼ਕਤੀਆਂ ਦੇ ਵਿਰੋਧ ਵਿਚ ਉੱਠੀ ਹਰ ਲਹਿਰ ਦਾ ਹਮਦਰਦ ਏ, ਸ਼ੁਭਚਿੰਤਕ ਏ। ਉਸਦੀ ਚੜ੍ਹਦੀ ਕਲਾ ਤੇ ਸਫ਼ਲਤਾ ਦੇ ਹੱਕ ਵਿਚ ਡੱਟ ਕੇ ਨਾਹਰਾ ਮਾਰਦਾ ਏ ਤੇ ਬੇਖੌਫ਼ ਹੋ ਕੇ ਮਦਦ ਵੀ ਕਰਦਾ ਏ। ਉਸਦੀ ਨਕਸਲੀਆਂ ਨਾਲ ਵੀ ਹਮਦਰਦੀ ਏ। ਆਪਣਾ ਹਮ-ਖਿਆਲੀ ਹੋਣ ਕਰਕੇ ਬਾਬਾ ਬਿਲਗਾ ਦੀ ਆਪਣੇ ਨਾਲ ਚੰਗੀ ਸਾਂਝ ਏ। ਏਸੇ ਕਰਕੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਹੋ ਜਾਂਦਾ ਏ।

ਦੇਸ਼ ਭਗਤ ਯਾਦਗਾਰ ਹਾਲ ਤੋਂ ਪੰਜਾਬੀ ਫੁਲਵਾੜੀ ਕਾਲਜ ਤਕ ਤੁਰਦੇ ਜਾਂਦਿਆਂ ਪਿਤਾ ਜੀ ਤੋਂ ਜੋ ਕੁਝ ਬਾਬਾ ਭਗਤ ਸਿੰਘ ਬਿਲਗਾ ਬਾਰੇ ਸੁਣਿਆ ਉਸ ਨਾਲ ਮੇਰੇ ਮਨ ਉੱਤੇ ਬਾਬਾ ਜੀ ਦੀ ਤਿਆਗੀ, ਇਨਕਲਾਬੀ ਸੋਚ ਤੇ ਜੁਝਾਰੂ ਇਨਸਾਨ ਦੀ ਛਾਪ ਲੱਗ ਗਈ।

ਪਿਤਾ ਜੀ ਦੇ ਚਲਾਣੇ ਪਿੱਛੋਂ ਦੇਸ਼ ਭਗਤ ਯਾਦਗਾਰ ਹਾਲ ਵਿਚ ਹੋਣ ਵਾਲੇ ਸਮਾਗਮਾਂ ਵਿਚ ਅਕਸਰ ਜਾਂਦਾ ਰਿਹਾ ਹਾਂ। ਬਾਬਾ ਜੀ ਨੂੰ ਉਚੇਚ ਨਾਲ ਮਿਲਣ ਜਾਂਦਾ। ਕਦੇ ਮੇਲ ਹੁੰਦਾ, ਕਦੇ ਨਾ। ਕਈ ਵਾਰ ਬਾਬਾ ਜੀ ਕੋਲ ਹੋਰ ਵਿਅਕਤੀ ਬੈਠੇ ਹੁੰਦੇ ਤੇਂ ਉਹ ਮਸਰੂਫ ਹੁੰਦੇ। ਖੁੱਲ੍ਹ ਕੇ ਗੱਲ ਦਾ ਸਬੱਬ ਨਾ ਬਣਿਆ। ਮੈਨੂੰ ਇਹ ਭਰਮ ਵੀ ਸੀ ਕਿ ਬਾਬਾ ਜੀ ਮੈਨੂੰ ਪਛਾਣਦੇ ਵੀ ਹਨ! ਇਕ ਵਾਰ ਮੈਂ ਦੇਸ਼ ਭਗਤ ਯਾਦਗਾਰ ਹਾਲ ਕਿਸੇ ਸਮਾਗਮ ਤੇ ਗਿਆ। ਮੈਂ ਦੇਖਿਆ ਬਾਬਾ ਜੀ ਦਫ਼ਤਰ ਦੇ ਨਾਲ ਵਾਲੇ ਕਮਰੇ ਇਕੱਲੇ ਬੈਠੇ ਹੋਏ ਸਨ। ਮੈਂ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ। ਜੁਆਬ ਦੇਂਦਿਆਂ, ਉਨ੍ਹਾਂ ਮੇਰੀ ਬਾਬਤ ਪੁੱਛਿਆ। ਮੈਂ ਦਸਿਆ ਮੈਂ ਗਿ: ਹੀਰਾ ਸਿੰਘ ਜੀ ਦਰਦ ਹੁਰਾਂ ਦਾ ਪੋਤਾ ਹਾਂ। ਉਹ ਕੁਰਸੀ ਤੋਂ ਉੱਠੇ, ਮੈਨੂੰ ਆਪਣੇ ਨਾਲ ਘੁੱਟ ਲਿਆ, ਨੀਝ ਲਾ ਕੇ ਵੇਖਿਆ ਤੇ ਕੁਰਸੀ ਤੇ ਬੈਠਣ ਦਾ ਇਸ਼ਾਰਾ ਕੀਤਾ।

ਕੁਝ ਦੇਰ ਉਹ ਕੁਰਸੀ ਦੀ ਬਾਂਹ ਤੇ ਸੱਜੀ ਕੂਹਣੀ ਟਿਕਾ ਕੇ ਹੱਥ ਤੇ ਸਿਰ ਰੱਖ ਕੇ ਬੈਠੇ ਰਹੇ। ਮੈਨੂੰ ਲੱਗਾ ਜਿਵੇਂ ਕੁਝ ਯਾਦ ਕਰਕੇ ਉਨ੍ਹਾਂ ਦਾ ਦਿਲ ਭਰ ਆਇਆ ਹੋਵੇ। ਜਦੋਂ ਉਹ ਬੋਲੇ ਤਾਂ ਉਨ੍ਹਾਂ ਦੀ ਆਵਾਜ਼ ਪੰਘਰੀ ਹੋਈ ਸੀ।

ਕਹਿਣ ਲੱਗੇ- ਆਪਣੀ ਬਹੁਤ ਪੁਰਾਣੀ ਸਾਂਝ ਆ। ਦਰਦ ਜੀ ਦੀ ਵੀ ਸਾਰੀ ਉਮਰ ਲੋਕਾਂ ਨੂੰ ਜਗਾਉਂਦਿਆਂ, ਆਜ਼ਾਦੀ ਲਈ ਲੜ੍ਹਦਿਆਂ ਤੇ ਜੇਲ੍ਹਾਂ ਕਟਦਿਆਂ ਲੰਘੀ ਆ ਤੇ ਆਪਣੀ ਵੀ ਏਦਾਂ ਈ ਗੁਜਰੀ ਆ। ਉਹ ਵੀ ਪਹਿਲਾਂ ਧਰਮ ਨਿਰਪੱਖ, ਅਗਾਂਹਵਧੂ ਤੇ ਅੰਗਰੇਜ਼ ਵਿਰੋਧੀ ਕਾਂਗਰਸ ਪਾਰਟੀ ਵਿਚ ਗਏ। 1925 ਵਿਚ ਅੰਮ੍ਰਿਤਸਰ ਕਾਂਗਰਸ ਦੇ ਪਰਧਾਨ ਤੇ ਸਰਬ ਹਿੰਦ ਕਾਂਗਰਸ ਕਮੇਟੀ ਦੇ ਮੈਂਬਰ ਰਹੇ। ਮੈਂ ਵੀ 1938 ਵਿਚ ਕਾਂਗਰਸ ਦਾ ਜ਼ਿਲ੍ਹਾ ਸਕੱਤਰ, ਪੰਜਾਬ ਕਾਂਗਰਸ ਕਮੇਟੀ ਦਾ ਮੈਂਬਰ ਤੇ ਸਰਬ ਹਿੰਦ ਕਾਂਗਰਸ ਕਮੇਟੀ ਦਾ ਮੈਂਬਰ ਰਿਹਾ। ਉਨ੍ਹਾਂ ਨੂੰ ਵੀ ਕਾਂਗਰਸ ਦੀਆਂ ਨੀਤੀਆਂ ਵਿਚ ਇਨਕਲਾਬੀ ਕਣ-ਕਣ ਨਜ਼ਰ ਨਾ ਆਇਆ ਤੇ ਮੈਨੂੰ ਵੀ ਕਾਂਗਰਸ ਅਮੀਰਾਂ ਦੀ ਪਾਰਟੀ ਲੱਗੀ। ਭਾਵੇਂ ਉਸ ਵਿਚ ਗਰਮ ਖਿਆਲੀਏ ਵੀ ਸਨ ਪਰ ਮੈਨੂੰ ਕਾਂਗਰਸ ਦੀ ਸੁਸਤ ਚਾਲ ਤੇ ਚਾਪਲੂਸੀਨੁਮਾ ਨੀਤੀਆਂ ਪਸੰਦ ਨਾ ਆਈਆਂ।

ਇਕ ਹੋਰ ਸਾਂਝ ਸਾਡੀ ਇਹ ਆ ਕਿ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵਿਚ ਦਰਦ ਜੀ ਨੇ ਸੰਤ ਬਾਬਾ ਵਸਾਖਾ ਸਿੰਘ ਦਦੇਹਰ ਨਾਲ ਮਿਲ ਕੇ ਮੁੱਢ ਵਿਚ ਦੁਖੀ ਦੇਸ਼ ਭਗਤ ਪਰਿਵਾਰਾਂ ਲਈ ਫੰਡ ਇਕੱਠਾ ਕੀਤਾ। ਇਸੇ ਕਮੇਟੀ ਵਿਚ ਅਗੋਂ ਜਾ ਕੇ ਮੈਂ ਬਤੌਰ ਸਕੱਤਰ ਸੇਵਾ ਕੀਤੀ। ਕਿਰਤੀ ਕਿਸਾਨ ਲਹਿਰ ਵਿਚ ਭਾਈ ਸੰਤੋਖ ਸਿੰਘ ਕਿਰਤੀ ਸਾਡਾ ਸਾਂਝਾ ਸਾਥੀ ਸੀ। 'ਫੁਲਵਾੜੀ' ਵਿਚ ਕਿਰਤੀ ਕਿਸਾਨ ਲਹਿਰ ਨੂੰ ਭਖਾਉਣ ਲਈ ਬਹੁਤ ਕੁਝ ਛਪਿਆ। ਕਿਰਤੀਆਂ ਤੇ ਕਿਸਾਨਾਂ ਨੂੰ ਲਾਮਬੱਧ ਕਰਨ ਲਈ ਅਸੀਂ ਅੱਡੀ ਚੋਟੀ ਦਾ ਜ਼ੋਰ ਲਾਇਆ।

ਇਕ ਸਾਡੀ ਸਾਂਝੀ ਕੜੀ ਸਾਥੀ ਤੇਜਾ ਸਿੰਘ ਸੁਤੰਤਰ ਵੀ ਆ। ਦਰਦ ਜੀ ਦਾ ਘਰ ਸ਼ੁਰੂ ਤੋਂ ਹੀ ਦੇਸ਼ ਭਗਤਾਂ ਅਤੇ ਇਨਕਲਾਬੀਆਂ ਦੀ ਸੁਰੱਖਿਅਤ ਲੁੱਕਣਗਾਹ ਰਿਹਾ ਏ। ਜਦੋਂ ਤੇਜਾ ਸਿੰਘ ਸੁਤੰਤਰ ਇਨਕਲਾਬੀ ਕਾਰਵਾਈਆਂ ਕਾਰਨ ਗੁਪਤਵਾਸ ਸੀ ਜਾਂ ਉਹ ਤੁਹਾਡੇ ਘਰ ਰਹਿੰਦਾ ਸੀ ਜਾਂ ਸਾਡੇ।

ਜਿਥੇ ਆਪਾਂ ਬੈਠੇ ਆਂ ਇਹ ਵੀ ਸਾਡੀ ਸਾਂਝ ਦੀ ਨਿਸ਼ਾਨੀ ਆ। ਮੇਰੇ ਜਿਮੇਂ ਕੰਮ ਲੱਗਾ ਹੋਇਆ ਸੀ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਲਈ ਮਾਇਆ ਇਕੱਠੀ ਕਰਨ ਦਾ। ਵਿਦੇਸ਼ਾਂ ਵਿਚ ਜਾ ਕੇ ਉਗਰਾਹੀ ਕੀਤੀ ਤੇ ਨੀਹਾਂ ਤੋਂ ਲੈ ਕੇ ਉੱਪਰਲੇ ਹਾਲ ਤਕ ਸਭ ਕੁਝ ਨਿਗਾਹ ਦੇ ਸਾਹਮਣੇ ਉਸਰਿਐ। ਦਰਦ ਜੀ ਨੂੰ ਦੇਸ਼ ਭਗਤ ਯਾਦਗਾਰ ਦੀ ਇਤਿਹਾਸ ਕਮੇਟੀ ਵਿਚ ਲਿਆ। ਉਨ੍ਹਾਂ ਨੂੰ ਗ਼ਦਰੀਆਂ ਦੇ ਬਿਆਨ ਲੈਣ ਦੀ ਜ਼ਿੰਮੇਵਾਰੀ ਸੌਂਪੀ ਗਈ। ਕਈ ਸਾਲ ਉਨ੍ਹਾਂ ਵੱਖ-ਵੱਖ ਗ਼ਦਰੀਆਂ ਦੇ ਕੋਲ ਜਾ ਜਾ ਕੇ ਬਿਆਨ ਲਏ। ਬੜਾ ਮੁੱਲਵਾਨ ਕੰਮ ਸੀ। ਉਨ੍ਹਾਂ ਨੂੰ ਸਾਥੀ ਗੁਰਚਰਨ ਸਿੰਘ ਸਹਿਸਰਾ ਦੀ ਗ਼ਦਰ ਪਾਰਟੀ ਦਾ ਇਤਿਹਾਸ ਲਿਖਣ ਵਿਚ ਸਹਾਇਤਾ ਕਰਨ ਲਈ ਕਿਹਾ ਗਿਆ। ਜਿਹੜਾ ਇਤਿਹਾਸ ਸਾਥੀ ਸਹਿਸਰਾ ਨੇ ਤਿਆਰ ਕੀਤਾ ਸੀ ਦਰਦ ਜੀ ਨੇ ਉਸ ਵਿਚਲੀਆਂ ਅਨੇਕਾਂ ਖਾਮੀਆਂ ਦੱਸ ਕੇ ਛਾਪਣ ਤੋਂ ਪਹਿਲਾਂ ਸੁਧਾਈ ਦੀ ਸਲਾਹ ਦਿੱਤੀ ਸੀ।

ਇਕ ਸਾਂਝ ਹੋਰ ਇਹ ਆ ਕਿ ਆਹ ਜਿਹੜੀ ਵੱਡੇ ਇਨਕਲਾਬੀਆਂ ਦੀ ਕਮਿਊਨਿਸਟ

ਪਾਰਟੀ ਬਣੀ ਫਿਰਦੀ ਆ ਨੇ ਸਾਡੇ ਦੋਹਾਂ ਨਾਲ ਵਧੀਕੀ ਕੀਤੀ ਆ। ਅਸਲ ਵਿਚ ਬਹੁਤ ਥੋੜੇ ਜਿਵੇਂ ਸਾਥੀ ਤੇਜਾ ਸਿੰਘ ਸੁਤੰਤਰ, ਦਰਦ ਜੀ ਤੇ ਮੇਰੇ ਵਰਗੇ ਬੜੀ ਬੇਬਾਕੀ ਤੇ ਤਰਕ ਨਾਲ ਇਨ੍ਹਾਂ ਦੇ ਗ਼ਲਤ ਫੈਸਲਿਆਂ ਤੇ ਨੀਤੀਆਂ ਦਾ ਵਿਰੋਧ ਕਰਨ ਦੀ ਹਿੰਮਤ ਰੱਖਦੇ ਸਾਂ। ਇਹ ਚਾਹੁੰਦੇ ਸਨ ਅੱਖਾਂ ਤੇ ਦਿਮਾਗ ਬੰਦ ਕਰਕੇ 'ਸਭ ਹੱਛਾ' ਕਹਿ ਕੇ ਮੰਨਣ ਵਾਲੇ ਕਾਮਰੇਡ। ਸਾਨੂੰ ਗ਼ਦਰੀਆਂ ਨੂੰ ਤਾਂ ਇਹ ਕਮਿਊਨਿਸਟ ਹੀ ਨਹੀਂ ਸਨ ਮੰਨਦੇ। ਇਨ੍ਹਾਂ ਨੇ 'ਫੁਲਵਾੜੀ' ਨੂੰ ਪਾਰਟੀ ਦਾ ਪਰਚਾ ਬਣਾ ਕੇ 'ਪ੍ਰੀਤਲੜੀ' ਨੂੰ ਸਾਹਿਤਕ ਪਰਚੇ ਦੇ ਤੌਰ ਤੇ ਕਾਮਯਾਬ ਕਰਨ ਦੀ ਕੋਸ਼ਿਸ਼ ਕੀਤੀ। ਫੇਰ ਦਰਦ ਜੀ ਨੂੰ ਕੇਂਦਰੀ ਲੇਖਕ ਸਭਾ ਵਾਲੇ ਪਾਸੇ ਤੋਰਿਆ। ਪਰ ਦਰਦ ਜੀ ਦੀ ਸਰਪਰਸਤੀ ਹੇਠ ਇਹ ਸਭਾ ਐਸੀ ਮਜਬੂਤੀ ਨਾਲ ਹੋਂਦ ਵਿਚ ਆਈ ਕਿ ਅੱਜ ਤੱਕ ਪੰਜਾਬੀ ਲੇਖਕਾਂ ਤੇ ਪੰਜਾਬੀ ਭਾਸ਼ਾ ਦੀ ਰਹਿਨੁਮਾਈ ਕਰਦੀ ਪਈ ਆ। ਜਿਸ ਤਰ੍ਹਾਂ ਮੇਰੀ ਰੂਹ ਦੀ ਸਾਂਝ ਦੇਸ਼ ਭਗਤ ਯਾਦਗਾਰ ਹਾਲ ਨਾਲ ਉਸੇ ਤਰ੍ਹਾਂ ਦਰਦ ਜੀ ਦੀ ਰੂਹ ਦੀ ਸਾਂਝ 'ਫੁਲਵਾੜੀ' ਤੇ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਸੀ।

ਦਰਦ ਹੁਰਾਂ ਤੇ ਮੈਂ ਆਜ਼ਾਦੀ ਤੋਂ ਬਾਅਦ ਸਰਕਾਰੀ ਨੀਤੀਆਂ ਦੇ ਵਿਰੋਧ ਯੋਲ ਕੈਂਪ ਵਿਚ ਕੈਦ ਵੀ ਇਕੱਠਿਆਂ ਕੱਟੀ ਆ।

ਬਾਬਾ ਜੀ ਗੱਲਬਾਤ ਕਰਦਿਆਂ ਹਰ ਨਵੀਂ ਸਾਂਝ ਦੱਸਣ ਲਗਿਆ ਰੁਕਦੇ, ਮੇਰੇ ਹਾਵ ਭਾਵ ਪੜ੍ਹਦੇ ਕਿ ਮੈਂ ਕਿੰਨੀ ਕੁ ਗਹੁ ਤੇ ਲਗਨ ਨਾਲ ਸੁਣ ਰਿਹਾ ਹਾਂ। ਉਨ੍ਹਾਂ ਅੱਖਾਂ ਮੁੰਦ ਕੇ ਕੁਰਸੀ ਦੀ ਢੋਅ ਨਾਲ ਆਪਣਾ ਸਿਰ ਟਿਕਾ ਦਿੱਤਾ ਜਿਵੇਂ ਉਹ ਅਤੀਤ ਵਿਚੋਂ ਆਪਣੇ ਚੇਤੇ ਰਾਹੀਂ ਇਨ੍ਹਾਂ ਇਤਿਹਾਸਕ ਸਾਂਝਾਂ ਨੂੰ ਨਿਹਾਰਨ ਦੀ ਕੋਸ਼ਿਸ਼ ਕਰ ਰਹੇ ਹੋਣ। ਕਹਿਣ ਨੂੰ ਤਾਂ ਬਾਬਾ ਜੀ ਕੋਲ ਹੋਰ ਵੀ ਬਹੁਤ ਕੁਝ ਹੋਣੈ ਪਰ ਉਨ੍ਹਾਂ ਨੂੰ ਮਿਲਣ ਵਾਲੇ ਹੋਰ ਬੰਦੇ ਵੀ ਨੇੜੇ ਆ ਬੈਠੇ ਸਨ। ਕਹਿਣ ਲੱਗੇ 'ਤੂੰ ਏਥੇ ਆਇਆ ਕਰ, ਮਿਲ ਕੇ ਜਾਇਆ ਕਰ।' ਮੈਂ ਉਨ੍ਹਾਂ ਤੋਂ ਜਾਣ ਦੀ ਇਜਾਜ਼ਤ ਲਈ ਤੇ ਸਾਂਝਾਂ ਦੀ ਖੁਸ਼ਬੂ ਦੇ ਸਰੂਰ ਵਿਚ ਇਕ ਇਕ ਯਾਦ ਨੂੰ ਚੇਤੇ ਵਿਚ ਵਸਾਉਂਦਾ ਹੋਇਆ ਉਥੋਂ ਤੁਰ ਪਿਆ।

ਸ਼ਹੀਦਾਂ ਦੀ ਯਾਦ ਨੂੰ ਹਰ ਦਮ ਤਾਜ਼ਾ ਰੱਖਣ ਵੱਡ ਆਕਾਰੀ ਸਮਾਰਕ ਉਸਾਰਨਾ ਮਹਾਨ ਕਾਰਜ ਹੈ, ਸ਼ਾਇਦ ਉਸ ਤੋਂ ਵੀ ਮਹਾਨ ਹੈ ਇਹ ਨਿਸਚਿਤ ਕਰਨਾ ਕਿ ਉਸਦੀ ਵਰਤੋਂ ਕਿਸ ਮਨੋਰਥ ਤੇ ਆਦਰਸ਼ ਲਈ ਹੋਵੇ। ਬਾਬਾ ਬਿਲਗਾ ਜੀ ਦੀ ਲਾਸਾਨੀ ਦੇਣ ਦੇਸ਼ ਭਗਤ ਯਾਦਗਾਰ ਹਾਲ ਨੂੰ ਸੰਪੂਰਨ ਦਿੱਖ ਦੇਣ ਵਿਚ ਤਾਂ ਹੈ ਹੀ ਪਰ ਇਸਨੂੰ ਰਾਜਨੀਤਿਕ, ਸਾਹਿਤਕ-ਇਤਿਹਾਸਕ ਖੋਜ, ਸਭਿਆਚਾਰਕ ਤੇ ਲੋਕ ਸੰਘਰਸ਼ ਦੀਆਂ ਗਤੀਵਿਧੀਆਂ ਦਾ ਕੇਂਦਰ ਬਣਾਉਣ ਦੀ ਅਹਿਮ ਭੂਮਿਕਾ ਨਿਭਾਉਣ ਵਿਚ ਹੈ। ਅੱਜ ਦੇਸ਼ ਭਗਤ ਯਾਦਗਾਰ ਹਾਲ ਮਹਿਜ ਸ਼ਹੀਦਾਂ ਦਾ ਮਜ਼ਾਰ ਨਹੀਂ ਸਗੋਂ ਸ਼ਹੀਦਾਂ ਦੀਆਂ ਅਧੂਰੀਆਂ ਸੱਧਰਾਂ ਨੂੰ ਹਕੀਕਤ ਵਿਚ ਬਦਲਣ ਦੀ ਸੰਥਾ ਪੜ੍ਹਾਉਣ ਵਾਲਾ ਮਦਰੱਸਾ ਹੈ।

ਮੈਂ 1992 ਵਿਚ ਬਾਬਾ ਬਿਲਗਾ ਜੀ ਦੀ ਪਰਧਾਨਗੀ ਵਿਚ ਮੇਲਾ ਗ਼ਦਰੀ ਬਾਬਿਆਂ ਦੀ ਪਰੰਪਰਾ ਨੂੰ ਆਰੰਭ ਹੁੰਦਿਆਂ ਦੇਖਿਐ। ਮੈਂ ਹਰ ਮੇਲੇ ਵਿਚ ਗਿਆ ਹਾਂ। ਪਹਿਲਾ ਮੇਲਾ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਸਮਰਪਿਤ ਸੀ। ਪਹਿਲੇ ਮੇਲੇ ਦੌਰਾਨ ਝੰਡਾ ਝੁਲਾਉਣ ਦੀ ਰਸਮ ਬਾਬਾ ਬਿਲਗਾ ਜੀ ਨੇ ਸਾਥੀਆਂ ਨਾਲ ਮਿਲ ਕੇ ਕਰਨ ਉਪਰੰਤ ਜੋ ਭਾਸ਼ਨ ਦਿੱਤਾ, ਉਸ ਵਿਚ ਆਜ਼ਾਦੀ

ਦੀ ਸ਼ਮ੍ਹਾਂ ਤੋਂ ਹੱਸ-ਹੱਸ ਕੇ ਆਪਾ ਵਾਰਨ ਵਾਲੇ ਗ਼ਦਰੀ ਪਰਵਾਨਿਆਂ ਦੀ ਦਲੇਰੀ ਭਰੀ ਗਾਥਾ ਦੇ ਨਾਲ-ਨਾਲ ਅਜੋਕੀ ਨੌਜਵਾਨ ਪੀੜ੍ਹੀ ਨੂੰ ਆਜ਼ਾਦੀ ਦੀ ਰਾਖੀ ਕਰਨ ਤੇ ਦੇਸ਼ ਦੀਆਂ ਚੁਣੌਤੀਆਂ ਨਾਲ ਸਿੱਜਣ ਲਈ ਹਲੂਣਿਆਂ ਵੀ ਸੀ ਤੇ ਵੰਗਾਰਿਆ ਵੀ ਸੀ। ਹੁਣ ਲਗਾਤਾਰ ਲੱਗਣ ਵਾਲੇ ਮੇਲੇ ਗ਼ਦਰੀ ਬਾਬਿਆਂ ਦੇ ਪੂੰਜੀਵਾਦ ਦੇ ਕੈਂਸਰ ਨਾਲ ਤਬਾਹੀ ਦੇ ਰਸਤੇ ਪੈ ਰਹੇ ਤੇ ਗਰਕਦੇ ਜਾਂਦੇ ਸਮਾਜ ਤੇ ਨੌਜਵਾਨਾਂ ਨੂੰ ਸੁਚੇਤ ਕਰਨ ਦਾ ਮਾਨਵਵਾਦੀ ਫ਼ਰਜ਼ ਨਿਭਾ ਰਹੇ ਹਨ। ਇਨ੍ਹਾਂ ਮੇਲਿਆਂ ਦੀ ਲੀਹ ਪਾ ਕੇ ਬਾਬਾ ਜੀ ਤੇ ਸਾਥੀਆਂ ਨੇ ਦੇਸ਼ ਭਗਤ ਯਾਦਗਾਰ ਹਾਲ ਦੀ ਜ਼ਿੰਦਗੀ ਵਿਚ ਇਕ ਨਵੀਂ ਧੜਕਣ ਤੇ ਚਾਅ ਪੈਦਾ ਕੀਤਾ ਹੈ। ਹੁਣ ਇਹ ਮੇਲੇ ਪਿੰਡਾਂ ਤੇ ਵਿਦੇਸ਼ਾਂ ਵਿਚ ਇਹੋ ਜਿਹੇ ਹੋਰ ਇਨਕਲਾਬੀ ਜੋਤ ਜਗਾਉਣ ਵਾਲੇ ਮੇਲਿਆਂ ਦੇ ਪ੍ਰੇਰਨਾ ਸਰੋਤ ਹਨ।

ਬਾਬਾ ਜੀ ਦਾ ਬਗਾਵਤੀ ਸੁਭਾਅ, ਉਨ੍ਹਾਂ ਦੀ ਜੰਮਣ ਭੌਂ 'ਬਿਲਗਾ' ਦੀ ਗੁੜਤੀ ਸੀ। ਏਸੇ ਲਈ ਉਹ ਜੁਝਾਰੂ ਲੋਕ ਲਹਿਰਾਂ ਨਾਲ ਪ੍ਰਤਿਬਧ ਰਹੇ। ਉਨ੍ਹਾਂ 1948 ਵਿਚ ਦੇਸ਼ ਦੀ ਫਿਰਕੂ ਵੰਡ ਦਾ ਵਿਰੋਧ ਕੀਤਾ ਤੇ ਹਾਅ ਦਾ ਨਾਅਰਾ ਮਾਰਿਆ, 1959 ਵਿਚ ਖੁਸ਼ ਹੈਸਅਤੀ ਟੈਕਸ ਨੂੰ ਸਰਕਾਰੀ ਲੋਟੂ ਨੀਤੀ ਗਰਦਾਨਿਆ, 1971 ਵਿਚ ਨਕਸਲੀ ਨੌਜਵਾਨਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਕਤਲ ਨੂੰ ਸਰਕਾਰੀ ਦਮਨ ਕਹਿ ਕੇ ਨਕਾਰਿਆ। ਇਨ੍ਹਾਂ ਸਰਕਾਰੀ ਵਧੀਕੀਆਂ ਨਾਲ ਵਲੂੰਧਰੇ ਹੋਏ ਦਿਲ ਵਾਲੇ ਸੁਤੰਤਰਤਾ ਸੰਗਰਾਮ ਦੇ ਨਿਰਭੈ ਯੋਧੇ ਨੂੰ ਬਦਲ ਵਿਚ ਆਜ਼ਾਦ ਭਾਰਤ ਵਿਚ ਸਰਕਾਰਾਂ ਵਲੋਂ ਹਰ ਵਾਰ ਕੈਦ ਦਾ ਨਕਦ ਇਨਾਮ ਮਿਲਿਆ। ਸਰਕਾਰਾਂ ਭਾਵੇਂ 1919 ਦੇ ਸ਼ਹੀਦਾਂ ਦੀ ਯਾਦਗਾਰ ਜਲ੍ਹਿਆਂ ਵਾਲੇ ਬਾਗ ਦੇ ਅਸਲੀ ਮੁਹਾਂਦਰੇ ਨਾਲ ਛੇੜ-ਛਾੜ ਕਰਨ ਦਾ ਕੋਹਝਾ ਸ਼ੜਯੰਤਰ ਰਚਣ, ਚਾਹੇ ਬਜ ਬਜ ਘਾਟ ਉੱਤੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਦੇ ਬਰਤਾਨਵੀ ਸਰਕਾਰ ਵਲੋਂ ਗੋਲੀਆਂ ਨਾਲ ਭੁੰਨੇ ਸ਼ਹੀਦਾਂ, ਤੋਪਾਂ ਦੇ ਮੂੰਹਾਂ ਅੱਗੇ ਬੰਨ੍ਹ ਕੇ ਉਡਾਏ ਅਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਬਗ਼ਾਵਤ ਕਰਨ ਵਾਲੇ ਨਾਮਧਾਰੀਆਂ ਦੀਆਂ ਕੁਰਬਾਨੀਆਂ ਨੂੰ ਦੇਸ਼-ਭਗਤੀ ਨਾ ਮੰਨਣ ਦੀ ਸਾਜਸ਼ੀ ਗੁਸਤਾਖੀ ਕਰਨ, ਪਰ ਬਾਬਾ ਜੀ ਲਈ ਇਹ ਸਭ ਕੁਝ ਅਸਹਿ ਸੀ। ਉਨ੍ਹਾਂ ਨੂੰ ਜ਼ਿੰਦਗੀ ਦੇ 101ਵੇਂ ਸਾਲ ਵਿਚ ਵੀ ਇਨ੍ਹਾਂ ਵਿਰੋਧੀ ਮਾਰਚ ਦੀ ਪਹੀਆਂ ਵਾਲੀ ਕੁਰਸੀ ਤੇ ਸਵਾਰ ਹੋ ਅਗਵਾਈ ਕਰਦਿਆਂ, ਮੈਂ ਦੇਖਿਐ।

ਮੈਨੂੰ ਸੁਣੇ, ਮਿਲੇ, ਤੇ ਦੇਖੇ ਬਾਬਾ ਜੀ ਦਾ ਜੀਵਨ ਤੇ ਸਖ਼ਸ਼ੀਅਤ ਪ੍ਰਪਖਤਾ ਸੋਚ, ਹੱਕ, ਸੱਚ, ਨਿਆਂ, ਆਜ਼ਾਦੀ, ਤਿਆਗ, ਸੰਘਰਸ਼, ਦਲੇਰੀ, ਲਗਨ ਤੇ ਦੇਸ਼ ਭਗਤੀ ਦੀ ਲੱਟ ਲੱਟ ਕਰਦੀ ਮਸ਼ਾਲ ਲਗਦੀ ਹੈ ਜੋ ਰਹਿੰਦੀ ਦੁਨੀਆ ਤਕ ਲੋਕ-ਹਿੱਤਾਂ, ਕਿਰਤੀਆਂ ਕਿਸਾਨਾਂ ਲਈ ਸੰਘਰਸ਼ਸ਼ੀਲਾਂ ਦਾ ਰਾਹ ਰੁਸ਼ਨਾਉਂਦੀ ਰਹੇਗੀ। ਉਹ ਮੈਨੂੰ 102 ਪੰਨਿਆਂ ਦੀ ਜੁਝਾਰੂ ਇਤਿਹਾਸ ਦੀ ਕਿਤਾਬ ਲੱਗਦੇ ਹਨ ਜਿਸਦੇ ਪੰਨਿਆਂ ਦੀ ਹਿੱਕ ਤੇ ਜੰਗੇ-ਆਜ਼ਾਦੀ ਦੀ ਦਾਸਤਾਨ, ਕਿਰਤੀ-ਕਿਸਾਨ ਲਹਿਰ ਦੀਆਂ ਕੁਰਬਾਨੀਆਂ ਦੀ ਵਿਥਿਆ, ਵਤਨ ਪ੍ਰਸਤੀ ਤੇ ਧਰਮ ਨਿਰਪੱਖਤਾ ਦਾ ਪਾਠ, ਦੇਸ਼ ਨੂੰ ਪੂੰਜੀਪਤੀਆਂ ਤੇ ਭੂਮੀਪਤੀਆਂ ਦੇ ਚੁੰਗਲ ਵਿਚੋਂ ਕੱਢ ਕੇ ਨਰੋਏ ਬਰਾਬਰਤਾ ਵਾਲੇ ਲੋਕ-ਪੱਖੀ ਰਾਜ ਪਰਬੰਧ ਦੀ ਸਥਾਪਤੀ ਲਈ ਨਿਰੰਤਰ ਘੋਲ ਘੁਲਣ ਦੀ ਲਲਕਾਰ ਉਕਰੀ ਹੋਵੇ। ਦੇਸ਼-ਭਗਤੀ, ਦੇਸ਼-ਭਗਤਾਂ, ਕਿਰਤੀਆਂ-ਕਿਸਾਨਾਂ ਤੇ ਲੋਕ-ਲਹਿਰਾਂ ਦੇ ਭਗਤ ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਪ੍ਰਣਾਮ।

***

# ਇੰਡੀਅਨ ਵਰਕਰਜ਼ ਐਸੋਸੀਏਸ਼ਨ
# .ਗਦਰ ਕ੍ਰਾਂਤੀਕਾਰੀਆਂ ਦੀ ਆਖ਼ਰੀ ਕੜੀ
# ਬਾਬਾ ਭਗਤ ਸਿੰਘ ਬਿਲਗਾ ਨੂੰ 'ਲਾਲ ਸਲਾਮ'

"ਬਾਬਾ ਬਿਲਗਾ' ਦੇ ਨਾਂਅ ਤੋਂ ਜਾਣੇ ਜਾਂਦੇ, ਕਾਮਰੇਡ ਭਗਤ ਸਿੰਘ ਬਿਲਗਾ ਦਾ 22 ਮਈ 2009 ਨੂੰ 102 ਸਾਲ ਦੀ ਉਮਰੇ ਬਰਮਿੰਘਮ ਸ਼ਹਿਰ ਵਿਚ ਹੋਇਆ ਦੇਹਾਂਤ, ਭਾਰਤ ਦੇਸ਼ ਦੀ ਕ੍ਰਾਂਤੀਕਾਰੀ ਲਹਿਰ, ਅਗਾਂਹਵਧੂ ਵਿਚਾਰਧਾਰਾ ਅਤੇ ਦੇਸ਼ਭਗਤਾਂ ਦੀ ਭਾਰਤੀ ਇਤਿਹਾਸ ਦੇ ਸਾਮਰਾਜ ਵਿਰੋਧੀ ਪੰਨਿਆਂ ਨਾਲ ਸਾਂਝ ਵਿਚ ਇਕ ਖ਼ਲਾਅ ਪੈਦਾ ਕਰ ਗਿਆ। ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆਂ ਵਿਖੇ 1913 ਵਿਚ ਪ੍ਰਵਾਸੀ ਭਾਰਤੀਆਂ ਵੱਲੋਂ ਬਣਾਈ ਗਈ .ਗਦਰ ਪਾਰਟੀ ਦੇ ਉਹ ਆਖ਼ਰੀ ਜਿਉਂਦੇ ਮੈਂਬਰ ਸਨ। ਇਹ ਪਾਰਟੀ ਭਾਰਤ ਦੇਸ਼ ਨੂੰ ਅੰਗਰੇਜ਼ਾਂ ਕੋਲੋਂ ਹਥਿਆਰਬੰਦ ਸੰਘਰਸ਼ ਰਾਹੀਂ ਆਜ਼ਾਦ ਕਰਵਾਉਣ ਹਿੱਤ ਸਥਾਪਿਤ ਕੀਤੀ ਗਈ ਸੀ।

ਬਾਬਾ ਬਿਲਗਾ ਦਾ ਜਨਮ 1 ਜਾਂ 2 ਅਪ੍ਰੈਲ 1907 ਨੂੰ ਹੋਇਆ ਸੀ। ਇਹ ਉਹੀ ਸਾਲ ਸੀ, ਜਿਸ ਦੌਰਾਨ ਇਕ ਹੋਰ ਦੇਸ਼ ਭਗਤ, ਕ੍ਰਾਂਤੀਕਾਰੀ ਸ਼ਹੀਦੇ-ਆਜ਼ਮ ਸ. ਭਗਤ ਸਿੰਘ ਨੇ ਜਨਮ ਲਿਆ ਸੀ। ਜਲੰਧਰ ਨੇੜਲੇ ਪਿੰਡ ਬਿਲਗਾ ਵਿਖੇ ਜਨਮ ਲੈਣ ਵਾਲੇ ਬਾਬਾ ਬਿਲਗਾ ਦਾ ਬਚਪਨ ਉਸ ਪਿੰਡ ਵਿਚ ਬੀਤਿਆ, ਜਿਸ ਨੂੰ 'ਬਾਗ਼ੀ' ਵਜੋਂ ਜਾਣਿਆ ਜਾਂਦਾ ਸੀ ਕਿਉਂਕਿ ਬਿਲਗਾ ਪਿੰਡ ਦੇ ਕਈ ਨੌਜਵਾਨ ਬ੍ਰਿਟਿਸ਼ ਹਕੂਮਤ ਦਾ ਵਿਰੋਧ ਕਰਦੇ ਹੋਏ .ਗਦਰ ਪਾਰਟੀ ਵਿਚ ਸ਼ਾਮਲ ਹੋ ਚੁੱਕੇ ਸਨ।

ਜਿਵੇਂ ਕਿ ਉਨ੍ਹਾਂ ਦਿਨਾਂ ਵਿਚ ਆਮ ਹੋਇਆ ਕਰਦਾ ਸੀ, ਉਸੇ ਤਰ੍ਹਾਂ, ਬਾਬਾ ਬਿਲਗਾ ਦਾ ਮੁੱਢਲਾ ਜੀਵਨ ਕਾਫੀ ਮੁਸ਼ਕਿਲਾਂ ਭਰਪੂਰ ਸੀ। ਬਾਬਾ ਬਿਲਗਾ ਦੇ ਪਿਤਾ ਹੀਰਾ ਸਿੰਘ ਸੰਘੇੜਾ ਉਸ ਵੇਲੇ ਵਿਛੋੜਾ ਦੇ ਗਏ ਜਦੋਂ ਬਾਬਾ ਬਿਲਗਾ ਦੀ ਉਮਰ ਸਿਰਫ਼ 1 ਸਾਲ ਦੀ ਸੀ। ਬਾਬਾ ਬਿਲਗਾ ਕਈ ਸਾਲਾਂ ਬਾਅਦ ਆਪਣੇ ਅਤੀਤ ਨੂੰ ਯਾਦ ਕਰਦਿਆਂ ਇਹ ਗੱਲ ਆਪ ਦੱਸਿਆ ਕਰਦੇ ਸਨ ਕਿ ਉਨ੍ਹਾਂ ਦੀ ਮਾਸੀ ਉਨ੍ਹਾਂ ਨੂੰ ਮੋਗੇ ਲਾਗਲੇ ਪਿੰਡ ਅਜੀਤਵਾਲ ਵਿਖੇ ਲੈ ਗਈ ਪਰ ਬਦਕਿਸਮਤੀ ਨਾਲ ਉਹ ਆਪ 'ਪਲੇਗ' ਦੀ ਬਿਮਾਰੀ ਕਾਰਨ ਇਸ ਸੰਸਾਰ ਨੂੰ ਅਲਵਿਦਾ ਆਖ ਗਈ। ਇਸ ਉਪਰੰਤ ਉਨ੍ਹਾਂ ਦੇ ਪਤੀ ਭਾਵ ਬਾਬਾ ਬਿਲਗਾ ਦੇ ਮਾਸੜ ਨੇ ਉਨ੍ਹਾਂ ਦੀ ਨਾਨੀ ਨਾਲ ਮਿਲਕੇ ਬਾਬਾ ਬਿਲਗਾ ਦਾ ਪਾਲਣ-ਪੋਸ਼ਣ ਕੀਤਾ।

ਕੰਮਕਾਜ ਦੇ ਸਿਲਸਿਲੇ ਵਿਚ ਬਾਬਾ ਬਿਲਗਾ ਪਹਿਲਾਂ ਕਲੱਕਤਾ ਅਤੇ ਉਪਰੰਤ ਬਰਮਾ,

ਸਿੰਗਾਪੁਰ, ਹਾਂਗ-ਕਾਂਗ, ਚਿੱਲੀ ਅਤੇ ਆਖ਼ਰਕਾਰ ਅਰਜਨਟੀਨਾ ਵਿਖੇ 24 ਸਾਲ ਦੀ ਉਮਰੇ ਸੰਨ 1931 ਵਿਚ ਪਹੁੰਚੇ। ਇਹ ਉਹ ਸਥਾਨ ਸੀ, ਜਿਥੇ ਉਨ੍ਹਾਂ ਦੀ ਮੁਲਾਕਾਤ ਸ਼ਹੀਦ ਭਗਤ ਸਿੰਘ ਦੇ ਚਾਚਾ ਜੀ ਅਜੀਤ ਸਿੰਘ ਨਾਲ ਹੋਈ, ਜਿਨ੍ਹਾਂ ਬਾਬਾ ਬਿਲਗਾ ਦੇ ਨੌਜਵਾਨ ਮਨ ਅੰਦਰ ਕ੍ਰਾਂਤੀ ਦੀ ਮਸ਼ਾਲ ਬਾਲੀ। ਇਸ ਦੌਰਾਨ ਉਨ੍ਹਾਂ ਇੱਕ ਰੇਲਵੇ ਸਟੋਰ ਵਿਚ ਕਲਰਕ ਦੀ ਨੌਕਰੀ ਕੀਤੀ ਅਤੇ ਫੇਰ ਅਰਜਨਟੀਨਾ ਦੀ ਗ਼ਦਰ ਪਾਰਟੀ ਇਕਾਈ ਦੇ ਜਨਰਲ ਸਕੱਤਰ ਬਣੇ।

**ਗ਼ਦਰ ਪਾਰਟੀ ਦਾ ਕ੍ਰਾਂਤੀਕਾਰੀ ਇਤਿਹਾਸ:** ਗ਼ਦਰ ਪਾਰਟੀ ਦੀਆਂ ਜੜ੍ਹਾਂ, ਕੈਨੇਡਾ ਅਤੇ ਅਮਰੀਕਾ ਵਿਖੇ ਹਿਜਰਤ ਕਰਕੇ ਗਏ ਭਾਰਤੀਆਂ ਮੂਹਰੇ ਦਰਪੇਸ਼ ਸਮੱਸਿਆਵਾਂ ਵਿਚੋਂ ਉਪਜੀਆਂ ਸਨ ਪਰ ਇਸ ਪਾਰਟੀ ਦਾ ਮੁੱਖ ਮਕਸਦ ਭਾਰਤ ਨੂੰ ਸਾਮਰਾਜਵਾਦੀ ਬ੍ਰਿਟਿਸ਼ ਹਕੂਮਤ ਕੋਲੋਂ ਆਜ਼ਾਦ ਕਰਵਾਉਣਾ ਹੀ ਸੀ। ਨਵੰਬਰ 1913 ਵਿਚ ਪ੍ਰਕਾਸ਼ਿਤ ਹੋਏ ਇਸ ਪਾਰਟੀ ਦੇ ਪਹਿਲੇ ਪਰਚੇ ਵਿਚ ਲਿਖਿਆ ਸੀ:

'ਬੇਗ਼ਾਨੇ ਮੁਲਕ ਵਿਚ, ਪਰ ਆਪਣੀ ਜ਼ੁਬਾਨ ਵਿਚ, ਬ੍ਰਿਟਿਸ਼ ਹਕੂਮਤ ਖ਼ਿਲਾਫ ਇੱਕ ਜੰਗ ਦਾ ਆਗਾਜ਼... ਪਰ ਸਾਡਾ ਨਾਂਅ ਕੀ ਹੈ? ਕ੍ਰਾਂਤੀ। ਸਾਡਾ ਕੰਮ ਕੀ ਹੈ? ਕ੍ਰਾਂਤੀ। ਇਹ ਕ੍ਰਾਂਤੀ ਕਿੱਥੇ ਆਵੇਗੀ? ਭਾਰਤ ਵਿਚ। ਜਲਦ ਹੀ ਉਹ ਸਮਾਂ ਆਵੇਗਾ, ਜਦੋਂ ਬੰਦੂਕਾਂ ਅਤੇ ਖ਼ੂਨ ਦੀ ਥਾਂ, ਕਲਮਾਂ ਅਤੇ ਸਿਆਹੀ ਲੈ ਲੈਣਗੀਆਂ।"

ਇਹ ਪਾਰਟੀ ਪੂਰੀ ਤਰ੍ਹਾਂ ਧਰਮ-ਨਿਰਪੱਖ ਸੀ। ਇਸ ਪਾਰਟੀ ਦੇ ਮੁੱਢਲੇ ਆਗੂਆਂ ਵਿਚੋਂ ਇਕ, ਸੋਹਣ ਸਿੰਘ ਭਕਨਾ ਨੇ ਕਿਹਾ ਸੀ, "ਅਸੀਂ ਸਿੱਖ ਜਾਂ ਪੰਜਾਬੀ ਨਹੀਂ, ਸਾਡਾ ਧਰਮ ਦੇਸ਼ ਭਗਤੀ ਹੈ।" ਇਸ ਗੱਲ ਵਿਚ ਇਕ ਹੋਰ ਕ੍ਰਾਂਤੀਕਾਰੀ ਥਿਓਬਾਲਡ ਵਾਲਫ-ਟੋਨ ਦੀ ਝਲਕ ਮਹਿਸੂਸ ਹੁੰਦੀ ਸੀ, ਜਿਸ ਨੇ ਆਇਰਲੈਂਡ ਦੇਸ਼ ਵਿਚ "ਯੂਨਾਈਟਿਡ ਆਇਰਿਸ਼ਮੈਨ" ਜੱਥੇਬੰਦੀ ਬਣਾ ਕੇ ਕੈਥੋਲਿਕ, ਪ੍ਰੋਟੈਸਟੈਂਟ ਅਤੇ ਡਿਸੈਂਟਰ ਵਰਗੀਆਂ ਇਸਾਈਅਤ ਦੀਆਂ ਸ਼੍ਰੇਣੀਆਂ ਵਿਚ ਪੈਣ ਦੀ ਬਜਾਏ ਸਭਨਾ ਨੂੰ "ਆਇਰਿਸ਼ਮੈਨ" ਦਾ ਨਾਂਅ ਵਰਤਣ ਦੀ ਲੋੜ ਉੱਤੇ ਜ਼ੋਰ ਦਿੱਤਾ ਸੀ।

ਗ਼ਦਰ ਪਾਰਟੀ ਦੇ ਪਹਿਲੇ ਮਨੋਰਥ ਪੱਤਰ ਦਾ ਅੱਠਵਾਂ ਨੁਕਤਾ ਇਹ ਸੀ :

"ਪਾਰਟੀ ਜਾਂ ਜੱਥੇਬੰਦੀ ਅੰਦਰ ਧਰਮ ਦੇ ਵਿਸ਼ੇ ਉੱਤੇ ਹੋਈ ਚਰਚਾ ਜਾਂ ਬਹਿਸ ਨਹੀਂ ਹੋਵੇਗੀ। ਧਰਮ ਨੂੰ ਇਕ ਨਿੱਜੀ ਮਾਮਲਾ ਮੰਨਿਆ ਗਿਆ ਹੈ ਜਿਸ ਲਈ ਜਥੇਬੰਦੀ ਵਿਚ ਕੋਈ ਥਾਂ ਨਹੀਂ।"

ਗ਼ਦਰ ਪਾਰਟੀ ਨੇ ਮੈਕਸੀਕੋ, ਜਪਾਨ, ਚੀਨ, ਮਲਾਇਆ, ਥਾਈਲੈਂਡ, ਫਿਲਪਨੀਜ਼, ਇੰਡੋ-ਚਾਈਨਾ ਅਤੇ ਅਫ਼ਰੀਕਾ ਵਰਗੇ ਕਈ ਦੇਸ਼ਾਂ ਵਿਚ ਇਕਾਈਆਂ ਸਥਾਪਿਤ ਕੀਤੀਆਂ। ਪਾਰਟੀ ਮਨੋਰਥ ਪੱਤਰ ਦਾ ਨੌਵਾਂ ਨੁਕਤਾ ਬੜੀ ਸਪੱਸ਼ਟਤਾ ਨਾਲ ਕਹਿੰਦਾ ਸੀ :

"ਹਰ ਮੈਂਬਰ ਦਾ ਇਹ ਫਰਜ਼ ਹੈ ਕਿ ਉਹ ਜਿਸ ਵੀ ਦੇਸ਼ ਦਾ ਨਾਗਰਿਕ ਹੋਵੇ, ਉਥੋਂ ਦੀ ਆਜ਼ਾਦੀ ਲਈ ਚੱਲਦੇ ਸੰਘਰਸ਼ ਵਿਚ ਜ਼ਰੂਰ ਹਿੱਸਾ ਲਵੇ।"

ਇਸੇ ਕਰਕੇ, ਪਾਰਟੀ ਨੇ ਚੀਨ ਅਤੇ ਆਇਰਲੈਂਡ ਵਰਗੇ ਕਈ ਦੇਸ਼ਾਂ ਦੇ ਕ੍ਰਾਂਤੀਕਾਰੀਆਂ ਨਾਲ ਚੰਗੇ ਸਬੰਧ ਕਾਇਮ ਕਰ ਲਏ ਅਤੇ ਨਾਲ ਹੀ ਚੀਨ ਦੀ ਕ੍ਰਾਂਤੀ ਵਿਚ ਅੱਗੇ ਜਾ ਕੇ ਅਹਿਮ ਭੂਮਿਕਾ ਨਿਭਾਉਣ ਵਾਲੀ ਹਸਤੀ ਐਗਨਸ ਸਮੇਡਲੀ ਨਾਲ ਵੀ ਸੰਪਰਕ ਸਾਧਿਆ। ਆਇਰਲੈਂਡ

ਦੇ ਜੇਮਸ ਕੌਨੋਲੀ ਅਤੇ ਉਸ ਦੇ ਸਾਥੀ ਕਾਮਰੇਡਾਂ ਵਾਂਗ ਗ਼ਦਰ ਪਾਰਟੀ ਦੇ ਆਗੂਆਂ ਨੇ ਵੀ 1914-18 ਦੀ ਸਾਮਰਾਜੀ ਤਾਕਤਾਂ ਦੀ ਆਪਸੀ ਜੰਗ ਨੂੰ ਆਜ਼ਾਦੀ ਲਈ ਕੀਤੇ ਜਾਣ ਵਾਲੇ ਹੱਲੇ ਦੇ ਇੱਕ ਸੁਨਹਿਰੀ ਮੌਕੇ ਵਜੋਂ ਵੇਖਿਆ। ਭਾਰਤ ਦੀ ਜਨਤਾ ਦੇ ਨਾਂਅ ਲਿਖੇ ਗਏ ਇੱਕ ਖੁੱਲ੍ਹੇ ਖ਼ਤ ਵਿਚ ਪਾਰਟੀ ਨੇ ਲਿਖਿਆ:

"ਇੱਕ ਹੋਰ ਜੰਗ ਆ ਰਹੀ ਹੈ। ਅਸੀਂ ਇਸ ਮੌਕੇ ਦਾ ਜ਼ਰੂਰ ਫ਼ਾਇਦਾ ਲੈਣਾ ਹੈ।

ਇੰਗਲੈਂਡ ਇਸ ਜੰਗ ਵਿਚ ਜ਼ਰੂਰ ਹਿੱਸਾ ਲਵੇਗਾ। ਸਿਆਸੀ ਸਮਝ ਇਹੀ ਕਹਿੰਦੀ ਹੈ ਕਿ ਅਸੀਂ ਇਸ ਦੁਰਲੱਭ ਮੌਕੇ ਦਾ ਜ਼ਰੂਰ ਲਾਹਾ ਲਈਏ। ਅਸੀਂ ਆਪਣੀ ਆਜ਼ਾਦੀ ਦੀ ਮੰਗ ਮੂਹਰੇ ਲਿਆਈਏ, ਓਸ ਵੇਲੇ, ਜਦੋਂ ਸਾਡੇ ਦੁਸ਼ਮਣ, ਬ੍ਰਿਟਿਸ਼ ਸਾਮਰਾਜਵਾਦੀ, ਜ਼ਿੰਦਗੀ ਅਤੇ ਮੌਤ ਦੀ ਜੰਗ ਲੜ ਰਹੇ ਹਨ।"

ਸਾਲ 1917 ਅੰਦਰ ਰੂਸ ਦੇ ਤਾਨਾਸ਼ਾਹ 'ਜ਼ਾਰ' ਦਾ ਤਖ਼ਤਾ ਪਲਟ ਕਰਨ ਵਾਲੇ ਵਿਦਰੋਹ ਦਾ ਅਸਰ ਵੀ ਵੱਡੇ ਤੌਰ ਉੱਤੇ ਗ਼ਦਰ ਆਗੂਆਂ ਨੇ ਮਹਿਸੂਸ ਕੀਤਾ ਅਤੇ ਇੱਕ ਬਿਆਨ ਰਾਹੀਂ ਕਿਹਾ :

"ਪਾਰਟੀ ਦਾ ਫੌਰੀ ਮੰਤਵ ਹੈ ਕਿ ਭਾਰਤ ਦੇਸ਼ ਅੰਦਰ ਲੜੀਬੱਧ ਹਥਿਆਰਬੰਦ ਕ੍ਰਾਂਤੀ ਰਾਹੀਂ ਰਾਜਨੀਤੀ ਦੇ ਖੇਤਰ ਵਿਚ ਇੱਕ ਸੰਘੀ ਗਣਰਾਜ ਦੀ ਸਥਾਪਨਾ ਕੀਤੀ ਜਾਵੇ। ਇਸ ਗਣਰਾਜ ਦਾ ਮੁੱਖ ਉਦੇਸ਼ ਹੋਵੇਗਾ, ਉਨ੍ਹਾਂ ਸਾਰੇ ਪ੍ਰਬੰਧਾਂ ਅਤੇ ਪ੍ਰਕਿਰਿਆਵਾਂ ਦਾ ਖ਼ਾਤਮਾ ਕਰਨਾ, ਜਿਨ੍ਹਾਂ ਰਾਹੀਂ ਇੱਕ ਆਦਮੀ, ਦੂਜੇ ਆਦਮੀ ਦਾ ਸ਼ੋਸ਼ਣ ਕਰਦਾ ਹੈ।"

"ਕ੍ਰਾਂਤੀਕਾਰੀ ਪਾਰਟੀ ਰਾਸ਼ਟਰੀ ਨਾ ਹੋ ਕੇ, ਅੰਤਰਰਾਸ਼ਟਰੀ ਇਸ ਪੱਖੋਂ ਹੈ ਕਿ ਇਸ ਦਾ ਵੱਡਾ ਮਕਸਦ ਦੁਨੀਆ ਅੰਦਰ ਆਪਸੀ ਮਿਲਵਰਤਣ ਅਤੇ ਭਾਈਚਾਰਾ ਪੈਦਾ ਕਰਨਾ ਹੈ, ਜਿਸ ਰਾਹੀਂ ਸਾਰੇ ਦੇਸ਼ਾਂ ਦਾ ਮਾਣ-ਸਨਮਾਨ ਅਤੇ ਉਨ੍ਹਾਂ ਦੇ ਹਿੱਤ ਜੁੜੇ ਹੋਣ। ਇਸ ਦਾ ਮਕਸਦ ਮੁਕਾਬਲਾ ਨਹੀਂ, ਸਹਿਯੋਗ ਹੋਵੇਗਾ। ਇਸ ਕੰਮ ਲਈ ਭਾਰਤ ਦੇ ਪੁਰਾਤਨ ਮਹਾਂਪੁਰਖਾਂ ਅਤੇ ਆਧੁਨਿਕ ਜ਼ਮਾਨੇ ਵਿਚ ਰੂਸ ਦੇ ਬਾਲਸ਼ਵਿਕਾਂ ਤੋਂ ਪਰੇਰਣਾ ਲਈ ਜਾਵੇਗੀ। ਮਹਿਜ਼ ਮਾਨਵਤਾ ਦਾ ਭਲਾ ਵਰਗੀਆਂ ਗੱਲਾਂ ਭਾਰਤੀ ਕ੍ਰਾਂਤੀਕਾਰੀਆਂ ਲਈ ਕੋਈ ਬਾਹਲਾ ਅਰਥ ਨਹੀਂ ਰੱਖਦੀਆਂ।

**ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਦਾ ਸੰਘਰਸ਼:** ਬਾਬਾ ਬਿਲਗਾ ਉਸ ਵੇਲੇ ਭਾਰਤੀ ਕ੍ਰਾਂਤੀਕਾਰੀ ਲਹਿਰ ਵਿਚ ਸ਼ਾਮਿਲ ਹੋਏ, ਜਿਸ ਵੇਲੇ ਬਹੁਤ ਅਗਾਂਹਵਧੂ ਦੇਸ਼ਭਗਤਾਂ ਨੇ ਆਪਣੇ ਸੰਘਰਸ਼ ਨੂੰ ਮਜ਼ਦੂਰ ਸ਼੍ਰੇਣੀ ਦੇ ਹੱਕਾਂ ਅਤੇ ਉਨ੍ਹਾਂ ਦੇ ਵਿਕਾਸ ਸਬੰਧੀ ਸੰਘਰਸ਼ ਨਾਲ ਵੱਡੇ ਪੱਧਰ ਉੱਤੇ ਜੋੜ ਲਿਆ ਸੀ। ਮਾਸਕੋ ਦੀ ਕਮਿਊਨਿਸਟ ਯੂਨੀਵਰਸਿਟੀ ਵਿਖੇ ਪੜ੍ਹਨ ਲਈ ਭੇਜੇ ਗਏ 60 ਪਾਰਟੀ ਮੈਂਬਰਾਂ ਵਿਚ ਬਾਬਾ ਬਿਲਗਾ ਦਾ ਨਾਂਅ ਵੀ ਸ਼ੁਮਾਰ ਸੀ। ਸੰਨ, 1933 ਵਿਚ ਉਨ੍ਹਾਂ ਨੂੰ ਭਾਰਤ ਪਰਤਣ ਦੇ ਹੁਕਮ ਜਾਰੀ ਹੋਏ। ਉਨ੍ਹਾਂ ਨੂੰ ਵਾਪਸ ਆਉਣ ਵਿਚ ਤਕਰੀਬਨ ਇੱਕ ਸਾਲ ਦਾ ਸਮਾਂ ਲੱਗ ਗਿਆ ਕਿਉਂਕਿ ਬ੍ਰਿਟੇਨ ਦੇ ਏਜੰਟ ਉਨ੍ਹਾਂ ਦਾ ਪਿੱਛਾ ਕਰ ਰਹੇ ਸਨ। ਮਿਲਖੀ ਸਿੰਘ ਦੇ ਨਾਂਅ ਉੱਤੇ, ਇੱਕ ਜਾਅਲੀ ਪਾਸਪੋਰਟ ਵਰਤਦੇ ਹੋਏ, ਉਹ ਪੈਰਿਸ, ਬਰਲਿਨ, ਕੋਲੰਬੋ, ਕੰਨਿਆਕੁਮਾਰੀ, ਨਾਗਪੁਰ ਅਤੇ ਕੋਲਕਾਤਾ ਰਾਹੀਂ ਆਖ਼ਰਕਾਰ ਕਾਨਪੁਰ ਪਹੁੰਚੇ। ਇਸ ਉਪਰੰਤ ਬਾਬਾ ਬਿਲਗਾ ਨੇ ਆਪਣੇ ਆਪ ਨੂੰ ਖ਼ੁਫ਼ੀਆ ਕੰਮਾਂ ਵਿਚ ਮਸ਼ਰੂਫ ਕਰ ਲਿਆ ਜਿਸ ਕਰਕੇ ਪ੍ਰਸ਼ਾਸ਼ਨ ਨਾਲ ਵੀ ਉਨ੍ਹਾਂ ਦਾ ਟਾਕਰਾ ਅਕਸਰ ਹੁੰਦਾ ਰਿਹਾ। ਉਨ੍ਹਾਂ ਬੰਗਾਲ ਦੀਆਂ ਕੱਪੜਾ

ਮਿੱਲਾਂ ਵਿਚ ਹੜਤਾਲ ਕਰਾਉਣ ਦਾ ਪ੍ਰਬੰਧ ਕੀਤਾ ਅਤੇ ਨਾਲੋ ਨਾਲ ਲਾਹੌਰ ਅਤੇ ਕਾਨਪੁਰ ਵਿਖੇ ਖੁਫੀਆ ਪ੍ਰੈਸਾਂ ਦੀ ਸਥਾਪਨਾ ਕੀਤੀ। ਕਾਂਗਰਸ ਸੋਸ਼ਲਿਸਟ ਪਾਰਟੀ ਨਾਲ ਜੁੜਨ ਮਗਰੋਂ ਉਹ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਮੈਂਬਰ ਚੁਣੇ ਗਏ। ਸੰਨ 1938 ਦੀ ਕਾਂਗਰਸ ਕਮੇਟੀ ਮੀਟਿੰਗ ਵਿਚ ਹਥਿਆਰਬੰਦ ਸੰਘਰਸ਼ ਦੇ ਪ੍ਰਸਤਾਵ ਉੱਤੇ ਉਨ੍ਹਾਂ ਸੁਭਾਸ਼ ਚੰਦਰ ਬੋਸ ਦੀ ਪ੍ਰੋੜਤਾ ਕੀਤੀ। ਆਪਣੇ ਸਮੁੱਚੇ ਜੀਵਨ ਦੌਰਾਨ ਉਹ ਭਾਰਤੀ ਕਮਿਊਨਿਸਟ ਪਾਰਟੀ ਅਤੇ ਕ੍ਰਾਂਤੀਕਾਰੀ ਕਮਿਊਨਿਸਟ ਜਥੇਬੰਦੀਆਂ ਦੇ ਮੈਂਬਰ ਰਹੇ ਅਤੇ ਇਸ ਦੌਰਾਨ ਕਦੇ ਵੀ ਆਪਣੇ ਮਾਰਗ ਤੋਂ ਭਟਕੇ ਨਹੀਂ।

ਆਜ਼ਾਦੀ ਤੋਂ ਬਾਅਦ ਵੀ ਉਨ੍ਹਾਂ ਆਪਣੇ ਸੰਘਰਸ਼ ਨੂੰ ਲਗਾਤਾਰ ਚਾਲੂ ਰੱਖਿਆ ਅਤੇ ਇਸ ਸਬੰਧੀ ਕਿਹਾ ਸੀ ਕਿ : "ਇਹ (ਆਜ਼ਾਦੀ) ਬ੍ਰਿਟਿਸ਼ ਸਰਕਾਰ ਅਤੇ ਲੀਡਰਾਂ ਦਰਮਿਆਨ ਹੋਇਆ ਇੱਕ ਸਮਝੌਤਾ ਮਾਤਰ ਹੈ ਅਤੇ ਦੇਸ਼ ਵਿਚ ਸਿਰਫ਼ ਸੱਤਾ ਦੀ ਤਬਦੀਲੀ ਹੋਈ ਹੈ... ਸਾਡੇ ਸੁਪਨਿਆਂ ਦੇ ਭਾਰਤ ਦੀ ਸਿਰਜਣਾ ਹੋਣੀ ਹਾਲੇ ਬਾਕੀ ਹੈ।"

ਦੇਸ਼ ਦੇ ਸਭ ਤੋਂ ਵੱਧ ਸਤਿਕਾਰ ਹਾਸਿਲ ਕਰਨ ਵਾਲੇ ਸਿਆਣੇ ਦੇਸ਼ ਭਗਤ ਵਜੋਂ ਬਾਬਾ ਬਿਲਗਾ ਹਮੇਸ਼ਾ ਗ਼ਦਰ ਲਹਿਰ ਦੇ ਧਰਮ ਨਿਰਪੱਖ ਪਹਿਲੂ ਨਾਲ ਜੁੜੇ ਰਹੇ ਅਤੇ ਪੰਜਾਬ ਵਿਚ ਇੱਕ ਪ੍ਰਤੀਰੋਧ ਵਜੋਂ ਉੱਠੀ ਖ਼ਾਲਿਸਤਾਨ ਲਹਿਰ ਅਤੇ ਅੱਤਵਾਦੀ ਦੇ ਸਮੇਂ ਦੌਰਾਨ ਵੀ ਉਨ੍ਹਾਂ ਧਰਮ ਨਿਰਪੱਖਤਾ ਦੀ ਸੋਚ ਕਾਇਮ ਰੱਖੀ। ਉਨ੍ਹਾਂ ਸਮਿਆਂ ਨੂੰ ਯਾਦ ਕਰਦੇ ਹੋਏ ਬਾਬਾ ਬਿਲਗਾ ਕਹਿੰਦੇ ਸਨ ਕਿ: "ਅਸੀਂ 200 ਤੋਂ ਵਧੇਰੇ ਨੌਜਵਾਨ ਵਿਚਾਰਕਾਂ ਦੀ ਭਰਤੀ ਕੀਤੀ ਜੋ ਲੋਕਾਂ ਦੀਆਂ ਭੜਕੀਆਂ ਹੋਈਆਂ ਭਾਵਨਾਵਾਂ ਨੂੰ ਸ਼ਾਂਤ ਕਰ ਸਕਣ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਮਾਰ ਦਿੱਤਾ ਗਿਆ... ਇੱਕ ਵਾਰ ਮੈਂ ਇੱਕ ਹਿੰਦੂ ਵਿਅਕਤੀ ਦੇ ਘਰੇ ਅਫ਼ਸੋਸ ਲਈ ਗਿਆ ਅਤੇ ਓਥੇ ਮੌਜੂਦ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਖ਼ਾਲਿਸਤਾਨ ਲਹਿਰ ਦੇ ਵਿਰੋਧੀ ਪੱਖ ਤੋਂ ਜਾਣੂ ਕਰਵਾਇਆ। ਓਥੋਂ ਮੁੜਨ ਉਪਰੰਤ ਮੈਂ ਆਪਣੇ ਵਿਹੜੇ ਵਿਚ ਬੈਠ ਕੇ ਆਪਣੀ ਮੌਤ ਨੂੰ ਉਡੀਕ ਰਿਹਾ ਸੀ। ਮੇਰੀ ਇਹ ਦਿਲੀ ਖ਼ਾਹਿਸ਼ ਸੀ ਕਿ ਮੈਂ ਸ਼ਹੀਦ ਹੋਵਾਂ।" ਇਸ ਉਪਰੰਤ ਅਗਲੇ ਕੁਝ ਸਾਲਾਂ ਦੌਰਾਨ ਉਨ੍ਹਾਂ ਆਪਣੇ ਆਪ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਦੇਖਭਾਲ ਅਤੇ ਸਬੰਧਿਤ ਕਾਰਜਾਂ ਨਾਲ ਜੋੜ ਲਿਆ। ਇਹ ਉਹ ਇਮਾਰਤ ਹੈ ਜਿਹੜੀ ਕ੍ਰਾਂਤੀਕਾਰੀ ਅੰਦੋਲਨ ਦਾ ਖ਼ਜ਼ਾਨਾ ਸਾਂਭਿਆ ਹੋਣ ਦੇ ਨਾਲ-ਨਾਲ 17,000 ਕਿਤਾਬਾਂ, ਅਣਗਿਣਤ ਦਸਤਾਵੇਜ਼ ਅਤੇ ਜ਼ਮੀਨਦੋਜ਼ ਕ੍ਰਾਂਤੀਕਾਰੀਆਂ ਦੀਆਂ 2,000 ਤੋਂ ਵਧੇਰੇ ਦੁਰਲੱਭ ਤਸਵੀਰਾਂ ਸਮੋਈ ਬੈਠੀ ਹੈ। ਇਸ ਬਾਬਤ ਬਾਬਾ ਬਿਲਗਾ ਦੇ ਵਿਚਾਰ ਸਨ:

"ਮੈਂ ਆਪਣੇ ਆਪ ਨੂੰ 35 ਹੋਰਨਾਂ ਆਜ਼ਾਦੀ ਸੰਗਰਾਮੀਆਂ ਸਮੇਤ ਇਸ ਇਮਾਰਤ ਦੇ ਹਵਾਲੇ ਕਰ ਦਿੱਤਾ ਹੈ। ਇਹ ਇਮਾਰਤ ਹਰ ਗ਼ਦਰੀ ਕ੍ਰਾਂਤੀਕਾਰੀ ਦਾ ਜੀਵਨ ਉਸ ਦੀਆਂ ਤਸਵੀਰਾਂ ਰਾਹੀਂ ਬਿਆਨਦੀ ਹੈ। ਅਸੀਂ ਇਹ ਤਸਵੀਰਾਂ ਉਨ੍ਹਾਂ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਰਾਹੀਂ ਉਨ੍ਹਾਂ ਦੇ ਪਿੰਡਾਂ ਅਤੇ ਦੇਸ਼ਾਂ-ਵਿਦੇਸ਼ਾਂ ਤੋਂ ਇਕੱਠੀਆਂ ਕੀਤੀਆਂ ਹਨ। ਇਹ ਸਭ ਇਸ ਲਈ ਕੀਤਾ ਗਿਆ ਹੈ ਤਾਂ ਜੋ ਪੂਰੀ ਦੁਨੀਆ ਨੂੰ ਇਹ ਦੱਸਿਆ ਜਾ ਸਕੇ ਕਿ ਅੰਗਰੇਜ਼ ਇਸ ਲਈ ਭਾਰਤ ਛੱਡ ਕੇ ਨਹੀਂ ਗਏ ਕਿ ਕੁਝ ਮੁੱਠੀ ਭਰ ਲੋਕਾਂ ਨੇ ਉਨ੍ਹਾਂ ਦੀਆਂ ਅੱਖਾਂ ਵਿਚ ਲੂਣ ਪਾਇਆ ਬਲਕਿ ਇਸ ਲਈ ਗਏ ਕਿਉਂਕਿ ਅਸੀਂ ਉਨ੍ਹਾਂ ਨੂੰ ਜਾਣ ਲਈ ਮਜਬੂਰ ਕੀਤਾ।"

ਆਪਣੇ 102ਵੇਂ ਜਨਮਦਿਨ ਮੌਕੇ ਵੀ ਉਨ੍ਹਾਂ ਦੀ ਰਾਜਨੀਤਿਕ ਸਮਝ ਤੇਜ਼-ਤਰਾਰ ਸੀ। ਇਸ ਮੌਕੇ ਇਕ ਗੱਲਬਾਤ ਦੌਰਾਨ ਉਨ੍ਹਾਂ ਭਾਰਤੀ ਅਖ਼ਬਾਰਾਂ ਨੂੰ ਦੱਸਿਆ:

"ਸਰਕਾਰਾਂ ਆਈਆਂ ਅਤੇ ਗਈਆਂ ਪਰ ਵਿਕਾਸ ਦੇ ਮੁੱਦੇ ਅਣਗੌਲੇ ਰਹਿ ਗਏ। ਇਹ ਭਾਰਤ ਦੀ ਓਹ ਤਸਵੀਰ ਹਰਗਿਜ਼ ਨਹੀਂ ਹੈ, ਜਿਸ ਦਾ ਸੁਫ਼ਨਾ ਆਜ਼ਾਦੀ ਘੁਲਾਟੀਆਂ ਨੇ ਵੇਖਿਆ ਸੀ।"

"ਆਜ਼ਾਦੀ ਦੇ ਸੰਘਰਸ਼ ਦੌਰਾਨ ਅਸੀਂ ਇਹ ਸੋਚਿਆ ਤੱਕ ਵੀ ਨਹੀਂ ਸੀ ਕਿ ਇੱਕ ਦਿਨ ਅਜਿਹੇ ਹਾਲਾਤ ਵੀ ਹੋ ਜਾਣਗੇ ਕਿ ਮਨਮੋਹਨ ਸਿੰਘ ਵਰਗਾ ਪ੍ਰਧਾਨ ਮੰਤਰੀ ਕੁਝ ਅੰਕੜੇ ਪੇਸ਼ ਕਰਕੇ ਦੇਸ਼ ਦੇ ਤਰੱਕੀ ਕਰ ਰਹੇ ਹੋਣ ਦੇ ਖੋਖਲੇ ਦਾਅਵੇ ਕਰੇਗਾ।"

"ਅੱਜ ਦੇਸ਼ ਨੂੰ ਇੱਕ ਹੋਰ ਭਗਤ ਸਿੰਘ ਦੀ ਲੋੜ ਹੈ, ਜੋ ਉਸ ਨੂੰ ਭ੍ਰਿਸ਼ਟਾਚਾਰੀ ਲੀਡਰਾਂ ਕੋਲੋ ਬਚਾ ਸਕੇ। ਸ਼ਹੀਦ ਅੱਜ ਦੇ ਨੌਜਵਾਨਾਂ ਦੇ ਰੂਪ ਵਿਚ ਵਾਪਸ ਆ ਸਕਦੇ ਨੇ ਜੇਕਰ ਉਹ, ਉਸ ਦੀ ਵਿਚਾਰਧਾਰਾ ਨੂੰ ਮੰਨਣ।"

ਬਾਬਾ ਬਿਲਗਾ ਨੇ ਆਪਣੇ ਜੀਵਨ ਦਾ ਆਖ਼ਰੀ ਸਮਾਂ ਬਰਮਿੰਘਮ ਸ਼ਹਿਰ ਵਿਚ ਬਿਤਾਇਆ ਜਿੱਥੇ ਉਹ ਆਪਣੇ ਪਰਿਵਾਰ ਦੇ ਨਾਲ ਰਹੇ ਅਤੇ ਨਾਲ ਹੀ "ਪ੍ਰੋਸਟਰੇਟ" ਦੀ ਬਿਮਾਰੀ ਦਾ ਇਲਾਜ ਕਰਵਾ ਰਹੇ ਸਨ। ਉਸੇ ਸਾਲ ਸਤੰਬਰ ਮਹੀਨੇ ਵਿਚ ਉਨ੍ਹਾਂ ਹਰ ਦਿਨ ਖੁੱਲ੍ਹ ਕੇ ਬਤੀਤ ਕੀਤਾ, ਠੀਕ ਓਸੇ ਤਰ੍ਹਾਂ, ਜਿਵੇਂ ਉਹ ਭਾਰਤ ਵਿਚ ਰਹਿੰਦੇ ਸਨ। ਇਸ ਦੌਰਾਨ ਵੀ ਉਨ੍ਹਾਂ ਆਪਣੇ ਆਪ ਨੂੰ ਕ੍ਰਾਂਤੀਕਾਰੀ ਲਹਿਰ ਅਤੇ ਨੌਜਵਾਨਾਂ ਪ੍ਰਤੀ ਸਮਰਪਿਤ ਰੱਖਿਆ, ਜਿਹੜੇ ਉਨ੍ਹਾਂ ਮੁਤਾਬਿਕ ਭਵਿੱਖ ਦੇ ਨਿਰਮਾਤਾ ਸਨ। ਉਨ੍ਹਾਂ ਦੀ ਯਾਦ ਵਿਚ ਬਰਮਿੰਘਮ ਵਿਖੇ ਹੋਈ ਯਾਦਗਾਰੀ ਮੀਟਿੰਗ ਵਿਚ ਤਕਰੀਬਨ 600 ਲੋਕਾਂ ਨੇ ਹਿੱਸਾ ਲਿਆ ਅਤੇ ਬ੍ਰਿਟੇਨ ਦੀ ਕਮਿਊਨਿਸਟ ਪਾਰਟੀ, ਭਾਰਤੀ ਮਜ਼ਦੂਰ ਜਥੇਬੰਦੀ ਸਮੇਤ ਹੋਰਨਾਂ ਕ੍ਰਾਂਤੀਕਾਰੀ, ਅਗਾਂਹਵਧੂ ਅਤੇ ਸਮਾਜਿਕ ਬੁਲਾਰਿਆਂ ਦੇ ਵਿਚਾਰ ਸੁਣੇ। 30 ਮਈ 2009 ਨੂੰ ਹੋਏ ਇਸ ਪ੍ਰੋਗਰਾਮ ਵਿਚ ਬਾਬਾ ਬਿਲਗਾ ਨੂੰ ਇੱਕ ਸੱਚੇ ਕ੍ਰਾਂਤੀਕਾਰੀ, ਕਮਿਊਨਿਸਟ ਅਤੇ ਦੇਸ਼ ਭਗਤ ਵਜੋਂ ਸ਼ਰਧਾਂਜਲੀ ਦਿੱਤੀ ਗਈ।

***

# ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਅਤੇ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਵੱਲੋਂ

**(ਬਰਮਿੰਘਮ ਵਿਖੇ ਬਾਬਾ ਭਗਤ ਸਿੰਘ ਬਿਲਗਾ ਨੂੰ ਸ਼ਰਧਾਂਜਲੀ 30/5/2009)**

ਆਪਣੀ ਬਰਮਿੰਘਮ ਫੇਰੀ ਦੌਰਾਨ 102 ਸਾਲ ਦੀ ਉਮਰੇ ਬਾਬਾ ਬਿਲਗਾ ਦਾ ਦਿਹਾਂਤ ਹੋ ਗਿਆ ਅਤੇ ਸ਼ਰਧਾਂਜਲੀ ਸਮਾਗਮ ਵਿਚ ਮੈਨੂੰ ਸੋਸ਼ਲਿਸਟ ਲੇਬਰ ਪਾਰਟੀ ਦੇ ਮੈਂਬਰ ਹੋਣ ਵਜੋਂ ਬੋਲਣ ਦਾ ਸੱਦਾ ਦਿੱਤਾ ਗਿਆ। ਉਹਨਾਂ ਨੇ ਆਪਣੇ ਹਮਨਾਂਵ, ਸ਼ਹੀਦ ਭਗਤ ਸਿੰਘ ਵਾਂਗਰ ਇਕ ਸਮਾਜਵਾਦੀ ਜ਼ਿੰਦਗੀ ਬਤੀਤ ਕੀਤੀ ਅਤੇ ਮੈਨੂੰ ਵੀ ਉਨ੍ਹਾਂ ਦੀ ਪ੍ਰੇਰਣਾਮਈ ਜ਼ਿੰਦਗੀ ਬਾਰੇ ਜਾਣਨ ਦਾ ਮੌਕਾ ਮਿਲਿਆ, ਜਿਸ ਵਿਚ ਉਨ੍ਹਾਂ ਦੁਨੀਆ ਦੇ ਕੋਨੇ-ਕੋਨੇ ਵਿਚ ਜਾ ਕੇ ਸਾਮਰਾਜਵਾਦ ਖ਼ਿਲਾਫ ਲੜਾਈ ਲੜੀ ਅਤੇ ਗ਼ਦਰ ਲਹਿਰ ਦੇ ਆਖ਼ਰੀ ਜ਼ਿੰਦਾ ਯੋਧੇ ਵਜੋਂ ਉਨ੍ਹਾਂ ਦਾ ਖ਼ਾਸ ਜ਼ਿਕਰ ਕਰਨਾ ਬਣਦਾ ਹੈ। ਹੁਣ ਵੀ ਉਨ੍ਹਾਂ ਦੇ ਵਿਚਾਰ ਅਜਿਹੇ ਸਨ :

"ਸਰਕਾਰਾਂ ਆਈਆਂ ਅਤੇ ਗਈਆਂ ਪਰ ਸਮਾਜ ਦੇ ਵਿਕਾਸ ਦੇ ਮੁੱਦੇ ਹਾਲੇ ਵੀ ਅਣਗੌਲੇ ਹੀ ਹਨ। ਭਾਰਤ ਦੀ ਅੱਜ ਦੀ ਤਸਵੀਰ ਉਹ ਨਹੀਂ ਹੈ ਜੋ ਆਜ਼ਾਦੀ ਘੁਲਾਟੀਆਂ ਨੇ ਵੇਖੀ ਸੀ। ਮੁਲਕ ਦੀ ਹਾਲਤ ਵਿਗੜ ਗਈ ਹੈ। ਮਹਿੰਗਾਈ ਅਤੇ ਬੇਕਾਰੀ ਨੇ ਆਮ ਆਦਮੀ ਦੀ ਕਮਰ ਤੋੜ ਦਿੱਤੀ ਹੈ। ਸਰਕਾਰਾਂ ਦੀਆਂ ਯੋਜਨਾਵਾਂ ਪੱਖਪਾਤੀ ਹਨ। ਇਹ ਯੋਜਨਾਵਾਂ ਅਮੀਰ ਤਬਕੇ ਲਈ ਬਣਦੀਆਂ ਹਨ ਜਦ ਕਿ ਮੱਧ ਵਰਗ ਅਤੇ ਗ਼ਰੀਬ ਤਬਕਾ ਇਨ੍ਹਾਂ ਦੀ ਮਾਰ ਹੀ ਸਹਿ ਰਿਹਾ ਹੈ।"

ਇਹੋ ਜਿਹੇ ਸ਼ਬਦ ਬੜੀ ਆਸਾਨੀ ਨਾਲ 'ਟੋਰੀ' ਦੇ ਆਗੂਆਂ ਨੂੰ ਸੰਬੋਧਨ ਕੀਤੇ ਜਾ ਸਕਦੇ ਹਨ ਜਿਹੜੇ ਉਦਾਰਵਾਦੀ-ਡੈਮੋਕਰੈਟ ਅਤੇ ਲੇਬਰ ਪਾਰਟੀਆਂ ਨਾਲ ਮਿਲ ਕੇ ਬ੍ਰਿਟੇਨ ਅੰਦਰ ਅਮੀਰ ਤਬਕੇ ਦੀ ਮੱਦਦ ਕਰਨ ਵਿਚ ਮਸ਼ਰੂਫ ਰਹਿੰਦੇ ਹਨ ਅਤੇ ਅਜਿਹਾ ਕਰਦੇ ਹੋਏ, ਗ਼ਰੀਬਾਂ ਉੱਤੇ ਕਾਫ਼ੀ ਭਾਰ ਪਾ ਰਹੇ ਹਨ। ਮੈਂ ਸ਼ਹੀਦ ਊਧਮ ਸਿੰਘ ਸਭਾ ਦਾ ਧੰਨਵਾਦੀ ਹਾਂ ਜਿਨਾਂ ਬਾਬਾ ਬਿਲਗਾ ਦੇ ਜੀਵਨ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਹੈ।

-------

ਬਾਬਾ ਬਿਲਗਾ ਦੇ ਨਾਂਅ ਤੋਂ ਮਸ਼ਹੂਰ ਭਗਤ ਸਿੰਘ ਬਿਲਗਾ, ਗ਼ਦਰੀ ਬਾਬਿਆਂ ਦੀ ਲੜੀ ਦੇ ਆਖ਼ਰੀ ਹਸਤਾਖ਼ਰ ਸਨ। ਕਰਤਾਰ ਸਿੰਘ ਸਰਾਭਾ ਅਤੇ ਬਾਬਾ ਸੋਹਣ ਸਿੰਘ ਭਕਨਾ ਤੋਂ ਬਾਅਦ ਉਨ੍ਹਾਂ ਦੀ ਗ਼ਦਰ ਲਹਿਰ ਦੀ ਅਗਵਾਈ ਸੰਭਾਲੀ ਸੀ। 1913 ਵਿਚ ਅਮਰੀਕਾ ਵਿਖੇ

ਭਾਰਤੀ ਕਾਮਿਆਂ ਵੱਲੋਂ ਸ਼ੁਰੂ ਕੀਤੀ ਲਹਿਰ ਦੇ ਉਹ ਆਖ਼ਰੀ ਜ਼ਿੰਦਾ ਮੈਂਬਰ ਸਨ। ਇਹ ਉਹੀ ਲਹਿਰ ਸੀ, ਜਿਸ ਨੇ ਅੱਗੇ ਜਾ ਕੇ ਭਾਰਤ ਅੰਦਰ ਬ੍ਰਿਟਿਸ਼ ਸਰਕਾਰ ਖ਼ਿਲਾਫ ਹਥਿਆਰਬੰਦ ਸੰਘਰਸ਼ ਛੇੜਿਆ। ਬਾਬਾ ਬਿਲਗਾ ਅਕਸਰ ਬੜੇ ਮਾਣ ਨਾਲ ਆਪਣੇ ਪਿੰਡ ਬਿਲਗਾ ਬਾਰੇ ਦੱਸਿਆ ਕਰਦੇ ਸਨ ਕਿ ਕਿਵੇਂ ਇਸ ਪਿੰਡ ਦੇ ਨੌਜਵਾਨਾਂ ਵੱਲੋਂ ਗ਼ਦਰ ਲਹਿਰ ਨਾਲ ਜੁੜਨ ਕਰਕੇ, ਪਿੰਡ ਨੂੰ 'ਬਾਗ਼ੀਆਂ ਦਾ ਪਿੰਡ' ਕਿਹਾ ਜਾਂਦਾ ਸੀ।

**ਮੁੱਢਲਾ ਜੀਵਨ:** ਉਨ੍ਹਾਂ ਦਾ ਜਨਮ ਸ਼ਹੀਦ ਭਗਤ ਸਿੰਘ ਦੇ ਜਨਮ ਵਾਲੇ ਸਾਲ ਵਿਚ ਹੋਇਆ ਅਤੇ ਉਨ੍ਹਾਂ ਦਾ ਜੀਵਨ ਲੋਕਾਂ ਦੇ ਸੰਘਰਸ਼ ਦੀ ਦਾਸਤਾਂ ਬਿਆਨ ਕਰਦਾ ਹੈ। ਉਨ੍ਹਾਂ ਮੁਤਾਬਿਕ ਉਨ੍ਹਾਂ ਦਾ ਜਨਮ ਪਹਿਲੀ ਅਪ੍ਰੈਲ ਨੂੰ ਹੋਇਆ ਸੀ ਪਰ ਕਾਗਜ਼ਾਂ ਵਿਚ 2 ਅਪ੍ਰੈਲ, ਉਨ੍ਹਾਂ ਦੀ ਜਨਮ ਮਿਤੀ ਵਜੋਂ ਦਰਜ ਸੀ। ਉਹ ਸਿਰਫ ਇੱਕ ਸਾਲ ਦੇ ਸਨ, ਜਦੋਂ ਉਨ੍ਹਾਂ ਦੇ ਪਿਤਾ ਜੀ, ਨੰਬਰਦਾਰ ਹੀਰਾ ਸਿੰਘ ਸੰਘੇੜਾ ਸਵਰਗ ਸਿਧਾਰ ਗਏ। ਇਸ ਉਪਰੰਤ ਉਨ੍ਹਾਂ ਦੀ ਨਾਨੀ ਅਤੇ ਮਾਸੜ ਨੇ ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ।

**ਅਰਜਨਟੀਨਾ ਵਿਖੇ ਬਿਤਾਇਆ ਸਮਾਂ:** ਕੰਮ ਦੀ ਭਾਲ ਵਿਚ ਉਹ ਪਹਿਲਾਂ ਕੋਲਕਾਤਾ ਗਏ ਅਤੇ ਉਤੋਂ ਰੰਗੂਨ ਹੁੰਦੇ ਹੋਏ, ਸਿੰਗਾਪੁਰ, ਹਾਂਗ-ਕਾਂਗ, ਚਿਲੀ ਰਾਹੀਂ ਅਰਜਨਟੀਨਾ ਪਹੁੰਚੇ। ਇਥੇ ਸ਼ਹੀਦ ਭਗਤ ਸਿੰਘ ਦੇ ਚਾਚਾ ਸ. ਅਜੀਤ ਸਿੰਘ ਨਾਲ ਹੋਈ ਮੁਲਾਕਾਤ ਨੇ ਉਨ੍ਹਾਂ ਅੰਦਰ ਦੇਸ਼ਭਗਤੀ ਦਾ ਜਜ਼ਬਾ ਜਗਾਇਆ। ਅਰਜਨਟੀਨਾ ਦਾ ਮੌਸਮ ਅਤੇ ਮਾਹੌਲ, ਕੁਝ ਕੁਝ ਪੰਜਾਬ ਵਰਗਾ ਹੋਣ ਕਾਰਨ ਬਹੁਤੇ ਪੰਜਾਬੀ ਉਥੇ ਵਸਣ ਲੱਗ ਪਏ ਸਨ ਅਤੇ ਗ਼ਦਰ ਲਹਿਰ ਨਾਲ ਵੀ ਜੁੜਨ ਲੱਗ ਪਏ ਸਨ। ਹੌਲੀ ਹੌਲੀ, ਅਰਜਨਟੀਨਾ, ਬ੍ਰਿਟਿਸ਼ ਵਿਰੋਧੀ ਲਹਿਰ ਦਾ ਧੁਰਾ ਜਿਹਾ ਬਣ ਗਿਆ। ਬਾਬਾ ਬਿਲਗਾ, ਅਰਜਨਟੀਨਾ ਵਿਖੇ ਬਿਤਾਏ ਸਮੇਂ ਨੂੰ ਖ਼ਾਸ ਤੌਰ ਉੱਤੇ ਯਾਦ ਰੱਖਿਆ ਕਰਦੇ ਸਨ। 24 ਸਾਲ ਦੀ ਉਮਰੇ, ਅਜੀਤ ਸਿੰਘ ਨਾਲ ਹੋਈ ਮੁਲਾਕਾਤ ਉਨ੍ਹਾਂ ਉੱਤੇ ਗਹਿਰਾ ਅਸਰ ਛੱਡ ਗਈ ਸੀ। ਨੌਜਵਾਨ ਭਾਰਤ ਸਭਾ ਅਤੇ ਕਿਰਤੀ ਪਾਰਟੀ ਵਰਗੀਆਂ ਕ੍ਰਾਂਤੀਕਾਰੀ ਜਥੇਬੰਦੀਆਂ ਨਾਲ ਵੀ ਉਨ੍ਹਾਂ ਕੰਮ ਕੀਤਾ। ਉਹ ਆਪ ਇਹ ਗੱਲ ਕਿਹਾ ਕਰਦੇ ਸਨ ਕਿ :

"ਗਏ ਸੀ ਕਮਾਈ ਕਰਨ, ਪਰ ਲੈ ਕੇ ਆਏ ਇਨਕਲਾਬ"

ਉਨ੍ਹਾਂ ਦੀ ਭਗਤ ਸਿੰਘ ਨਾਲ ਕਦੇ ਮੁਲਾਕਾਤ ਨਹੀਂ ਹੋਈ ਪਰ ਉਨ੍ਹਾਂ ਦੇ ਚਾਚਾ ਅਜੀਤ ਸਿੰਘ ਨਾਲ, ਉਨ੍ਹਾਂ ਕਾਫੀ ਸਮਾਂ ਬਤੀਤ ਕੀਤਾ। ਇਸ ਦੌਰਾਨ ਸ. ਭਗਤ ਸਿੰਘ ਵੱਲੋਂ ਮਿਲੇ ਤਿੰਨ ਪੱਤਰਾਂ ਵਿਚੋਂ ਭਗਤ ਸਿੰਘ ਨੇ ਵੀ ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜਤਾ ਕੀਤੀ ਸੀ। ਅਰਜਨਟੀਨਾ ਵਿਚ ਹੀ ਬਾਬਾ ਬਿਲਗਾ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣ ਗਏ ਸਨ।

**ਗ਼ਦਰ ਪਾਰਟੀ :** ਗ਼ਦਰ ਪਾਰਟੀ ਦੀ ਸਥਾਪਨਾ 1913 ਵਿਚ ਭਾਰਤੀ ਦੇਸ਼ਭਗਤਾਂ ਨੇ ਅਮਰੀਕਾ ਅਤੇ ਕੈਨੇਡਾ ਵਿਖੇ ਕੀਤੀ ਤਾਂ ਜੋ ਭਾਰਤੀ ਆਜ਼ਾਦੀ ਲਹਿਰ ਨੂੰ ਮਜ਼ਬੂਤ ਕੀਤਾ ਜਾ ਸਕੇ। ਲਾਲਾ ਹਰਦਿਆਲ ਨੇ ਇਹ ਪਾਰਟੀ ਦੀ ਸਥਾਪਨਾ ਕੀਤੀ। ਅਪ੍ਰੈਲ 1914 ਵਿਚ ਗੁਰਦਿੱਤ ਸਿੰਘ ਨਾਂਅ ਦੇ ਇੱਕ ਖੁਸ਼ਹਾਲ ਪੰਜਾਬੀ ਠੇਕੇਦਰ ਨੇ ਸਿੰਘਾਪੁਰ ਦੇ ਆਪਣੇ ਇਲਾਕੇ ਤੋਂ ਕਾਮਾਗਾਟਾਮਾਰੂ ਨਾਂਅ ਦੇ ਜਪਾਨੀ ਸਮੁੰਦਰੀ ਜਹਾਜ਼ ਨੂੰ ਭਾਰਤੀਆਂ ਦੇ ਟੋਲੇ ਨੂੰ ਕਨੇਡਾ ਲਿਜਾਣ ਲਈ ਤਿਆਰ ਕੀਤਾ। ਹਾਂਗਕਾਂਗ ਤੋਂ ਸ਼ੁਰੂ ਹੋਇਆ ਇਹ ਸਫ਼ਰ ਸੰਘਾਈ, ਕੋਬੇ ਅਤੇ ਯੋਕੋਹਾਮਾ

ਤੋਂ ਹੋ ਯਾਤਰੀ ਨਾਲ ਲੈਂਦਾ ਹੋਇਆ ਕੁੱਲ 376 ਯਾਤਰੀ, ਜਿਹੜੇ ਸਾਰੇ ਪੰਜਾਬੀ ਸਨ, ਲੈ ਕੇ 23 ਮਈ 1914 ਨੂੰ ਕੈਨੇਡਾ ਦੇ ਸ਼ਹਿਰ ਵੈਨਕੂਵਰ ਪਹੁੰਚਿਆ। ਕੈਨੇਡਾ ਦੇ ਪ੍ਰਵਾਸ ਵਿਭਾਗ ਨੇ ਸਿਰਫ 22 ਯਤਰੀਆਂ ਨੂੰ ਛੱਡ ਕੇ ਬਾਕੀਆਂ ਨੂੰ ਉੱਤਰਨ ਦੀ ਆਗਿਆ ਦੇਣ ਤੋਂ ਮਨ੍ਹਾਂ ਕਰ ਦਿੱਤਾ। ਆਖ਼ਰਕਾਰ, ਇਹ ਜਹਾਜ਼ ਵਾਪਸ ਭਾਰਤ ਵੱਲ ਮੁੜ ਪਿਆ ਅਤੇ 26 ਸਤੰਬਰ 1914 ਨੂੰ ਕਲੱਕਤੇ ਅੱਪੜਿਆ ਜਿੱਥੇ ਇੱਕ ਯੂਰਪੀ ਹਥਿਆਰਬੰਦ ਕਿਸ਼ਤੀ ਨੇ ਸਾਰੇ ਯਾਤਰੂਆਂ ਨੂੰ ਬੰਧਕ ਬਣਾ ਲਿਆ। ਇਸ ਉਪ੍ਰੰਤ ਕਾਮਾਗਾਟਾਮਾਰੂ ਜਹਾਜ਼ ਨੂੰ ਯਾਤਰੀਆਂ ਸਣੇ ਕਲੱਕਤਾ ਤੋਂ 17 ਮੀਲ ਦੂਰ ਸਥਿਤ "ਬਜਬਜ" ਨਾਮਕ ਜਗ੍ਹਾ ਲਿਆਂਦਾ ਗਿਆ ਅਤੇ ਯਾਤਰੀਆਂ ਨੂੰ ਇੱਕ ਖਾਸ ਰੇਲ ਗੱਡੀ ਰਾਹੀਂ ਪੰਜਾਬ ਭੇਜੇ ਜਾਣ ਦੀ ਗੱਲ ਆਖੀ ਗਈ। ਬਹੁਤੇ ਯਾਤਰੀ ਕਲੱਕਤੇ ਰਹਿਣ ਦੇ ਹੱਕ ਵਿਚ ਸਨ ਅਤੇ ਉਥੇ ਹੀ ਕੰਮਕਾਜ ਕਰਨ ਦੀ ਇੱਛਾ ਜ਼ਾਹਰ ਕਰ ਰਹੇ ਸਨ। ਇਸ ਦੌਰਾਨ, ਉਥੇ ਹੋਈ ਖਿੱਚੋਤਾਣ ਦੀ ਸਥਿਤੀ ਤੋਂ ਬਾਅਦ ਪੁਲਿਸ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿਚ 20 ਲੋਕ ਮਾਰੇ ਗਏ। ਇਸੇ ਘਟਨਾ ਨੇ ਗ਼ਦਰ ਲਹਿਰ ਦੀ ਰੋਸ਼ਨੀ ਨੂੰ ਤੇਜ਼ ਕੀਤਾ। 1917 ਵਿਚ ਸੋਵੀਅਤ ਕ੍ਰਾਂਤੀ ਨੇ ਗ਼ਦਰ ਲਹਿਰ ਦੀ ਮਸ਼ਾਲ ਹੋਰ ਤੇਜ਼ ਕਰ ਦਿੱਤੀ ਅਤੇ 'ਗ਼ਦਰ' ਲਹਿਰ ਦੇ ਆਗੂ ਮਾਸਕੋ ਵੱਲ ਝਾਕ ਰਹੇ ਸਨ, ਤਾਂ ਜੋ ਉਥੋਂ, ਆਰਥਿਕ ਅਤੇ ਕ੍ਰਾਂਤੀਕਾਰੀ ਸਿਖਲਾਈ ਲੈ ਕੇ, ਭਾਰਤ ਵਿਚ ਕਮਿਊਨਿਸਟ ਰਾਜ ਸਥਾਪਤ ਕੀਤਾ ਜਾਂ ਸਕੇ। ਬਾਬਾ ਬਿਲਗਾ ਵੀ 60 ਹੋਰ ਗ਼ਦਰੀਆਂ ਸਮੇਤ ਮਾਸਕੋ ਗਏ ਸਨ, ਜਿੱਥੇ ਉਨ੍ਹਾਂ ਰੂਸੀ ਭਾਸ਼ਾ, ਅਰਥ ਸ਼ਾਸਤਰ, ਰਾਜਨੀਤੀ ਸ਼ਾਸਤਰ, ਮਾਰਕਸਵਾਦ ਅਤੇ ਗੁਰੀਲਾ ਲੜਾਈ ਵਰਗੀਆਂ ਤਕਨੀਕਾਂ ਸਿੱਖੀਆਂ।

**ਆਜ਼ਾਦੀ ਤੋਂ ਪਹਿਲਾਂ ਦੇ ਭਾਰਤ ਵਿਚਲਾ ਸੰਘਰਸ਼ :** ਸੰਨ 1933 ਵਿਚ ਉਨ੍ਹਾਂ ਨੂੰ ਪੰਜਾਬ ਪਰਤਣ ਦੇ ਆਦੇਸ਼ ਜਾਰੀ ਹੋਏ। ਉਨ੍ਹਾਂ ਦਿਨਾਂ ਵਿਚ ਬ੍ਰਿਟਿਸ਼ ਹਕੂਮਤ ਵੱਲੋਂ ਸਿੱਖਾਂ ਦੀ ਪੂਰੀ ਦੁਨੀਆ ਵਿਚ ਜਾਸੂਸੀ ਕੀਤੀ ਜਾ ਰਹੀ ਸੀ ਅਤੇ ਵਿਦੇਸ਼ਾਂ ਭਾਰਤ ਆਉਣ ਵਾਲੇ ਸਿੱਖਾਂ ਨੂੰ ਤਾਂ ਦੇਸ਼ ਵਿਚ ਪੈਰ ਧਰਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। 'ਮਿਲਖੀ ਸਿੰਘ' ਨਾਂਅ ਵਰਤਦੇ ਹੋਏ, ਇਕ ਫਰਜ਼ੀ ਪਾਸਪੋਰਟ ਰਾਹੀਂ ਭਾਰਤ ਆਉਣ ਵਿਚ ਉਨ੍ਹਾਂ ਨੂੰ ਇਕ ਸਾਲ ਦਾ ਸਮਾਂ ਰੂਪੋਸ਼ ਰਹਿਣਾ ਪਿਆ। ਇਸ ਦੇ ਬਾਵਜੂਦ ਉਨ੍ਹਾਂ ਗ਼ਦਰ ਪਾਰਟੀ ਦੇ ਕੰਮਾਂ ਵਿਚ ਅਹਿਮ ਰੋਲ ਅਦਾ ਕੀਤਾ। ਇਸ ਦੌਰਾਨ ਬਾਬਾ ਬਿਲਗਾ ਕਈ ਵਾਰ ਬ੍ਰਿਟਿਸ਼ ਪ੍ਰਸਾਸ਼ਨ ਨਾਲ ਆਹਮੋ-ਸਾਹਮਣੇ ਹੋਏ। ਇੱਕ ਵਾਰ ਕੋਲੰਬੋ ਤੋਂ ਕੰਨਿਆਕੁਮਾਰੀ ਦੇ ਸਫ਼ਰ ਦੌਰਾਨ ਉਨ੍ਹਾਂ ਦਾ ਟਾਕਰਾ ਇੱਕ ਬ੍ਰਿਟਿਸ਼ ਜਾਸੂਸ ਨਾਲ ਹੋਇਆ। ਇਸ ਗੱਲ ਨੂੰ ਭਾਂਪਦਿਆਂ ਬਾਬਾ ਬਿਲਗਾ ਨੇ ਆਪਣੇ ਆਪ ਨੂੰ ਇੱਕ ਤਾਮਿਲ ਵਿਅਕਤੀ ਵਾਂਗ ਪੇਸ਼ ਕਰਦਿਆਂ, ਆਪਣੀ ਟਿਕਟ ਇੱਕ ਸਾਥੀ ਮੁਸਾਫ਼ਿਰ ਨਾਲ ਵਟਾ ਲਈ। ਇਸ ਦੇ ਬਾਵਜੂਦ ਉਸ ਜਸੂਸ ਨੂੰ ਸ਼ੱਕ ਪੈਣ ਕਰਕੇ ਬਾਬਾ ਬਿਲਗਾ ਨੂੰ ਰੇਲ ਗੱਡੀ ਵਿਚੋਂ ਛਾਲ ਮਾਰਨੀ ਪਈ ਸੀ, ਓਸ ਵੇਲੇ ਜਦੋਂ ਗੱਡੀ ਨਾਗਪੁਰ ਪਹੁੰਚਣ ਵਾਲੀ ਸੀ। ਕੋਲਕਾਤਾ ਵਿਖੇ ਉਨ੍ਹਾਂ ਟਰੇਡ ਯੂਨੀਅਨ ਦੇ ਆਗੂ ਵਜੋਂ ਕੰਮ ਕਰਦਿਆਂ, ਜੱਗੀ ਲਾਲ ਕਮਲਾਪਤ ਕੱਪੜਾ ਮਿੱਲ ਦੇ ਦਰਵਾਜ਼ੇ ਬੰਦ ਕਰਾਉਣ ਵਿਚ ਯੋਗਦਾਨ ਪਾਇਆ ਕਿਉਂਕਿ ਇਸੇ ਮਿੱਲ ਦੇ ਮਾਲਕਾਂ ਨੇ ਇੱਕ ਮਜਦੂਰ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਕਾਨਪੁਰ ਅਤੇ ਲਾਹੌਰ ਵਿਚ ਦੋ ਜ਼ਮੀਨਦੋਜ਼ ਪ੍ਰੈੱਸਾਂ ਸਥਾਪਿਤ ਕਰਨ ਦੇ ਇਲਾਵਾ ਉਨ੍ਹਾਂ 'ਸਵਦੇਸ਼ੀ ਅੰਦੋਲਨ' ਵਿਚ ਵੀ ਹਿਸਾ ਲਿਆ ਜਦੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਖ਼ੁਦ ਉਨ੍ਹਾਂ ਦੇ ਪਿੰਡ ਆਏ ਸਨ। (ਅਸਲ 'ਚ ਸਰਹੱਦੀ ਗਾਂਧੀ

ਅਬਦੁਲ ਗ਼ੁਫ਼ਾਰ ਖਾਨ) ਬਾਬਾ ਬਿਲਗਾ ਅਨੁਸਾਰ ਉਸ ਦਿਨ ਵਿਦੇਸ਼ੀ ਵਸਤਾਂ ਸਾੜ ਕੇ ਲੋਹੜੀ ਮਨਾਈ ਗਈ ਸੀ।

**ਆਜ਼ਾਦ ਭਾਰਤ ਵਿਚਲਾ ਸੰਘਰਸ਼:** ਇਹ ਉਹ ਸਮਾਂ ਸੀ ਜਦ ਬਾਬਾ ਬਿਲਗਾ ਨੂੰ ਇਹ ਮਹਿਸੂਸ ਹੋਣ ਲੱਗਾ ਕਿ ਆਜ਼ਾਦੀ ਵੇਲੇ ਆਜ਼ਾਦੀ ਘੁਲਾਟੀਆਂ ਨਾਲ ਧੋਖਾ ਹੋਇਆ। ਆਜ਼ਾਦੀ ਉਨ੍ਹਾਂ ਨੂੰ, ਬ੍ਰਿਟਿਸ਼ ਹਕੂਮਤ ਅਤੇ ਭਾਰਤੀ ਲੀਡਰਾਂ ਦਰਮਿਆਨ ਹੋਇਆ ਇੱਕ ਸਮਝੌਤਾ ਜਾਪਦੀ ਸੀ। ਅੱਖਾਂ ਦੀ ਜੋਤ ਕਮਜ਼ੋਰ ਹੋਣ ਦੇ ਬਾਵਜੂਦ ਉਹ ਆਪਣੇ ਆਸ ਪਾਸ ਦੇ ਵਰਤਾਰੇ ਨੂੰ ਬਾਰੀਕੀ ਨਾਲ ਮਹਿਸੂਸ ਕਰਦੇ ਸਨ। 'ਸਾਡੇ ਸੁਫ਼ਨਿਆਂ ਦੇ ਭਾਰਤ ਦੀ ਸਿਰਜਣਾ ਹੋਣੀ ਹਾਲੇ ਬਾਕੀ ਹੈ' ਕਹਿੰਦੇ ਹਨ, ਉਹ ਦੇਸ਼ ਦੀ ਨੌਜਵਾਨ ਪੀੜ੍ਹੀ ਵਿਚ ਇੱਕ ਉਮੀਦ ਵੇਖਦੇ ਸਨ। ਆਪਣੇ ਅਸੂਲਾਂ ਉੱਤੇ ਉਹ ਹਮੇਸ਼ਾਂ ਸਖਤੀ ਨਾਲ ਪਹਿਰਾ ਦਿੰਦੇ ਰਹੇ। ਇਸੇ ਕਾਰਨ 80ਵੇਂ ਅਤੇ 90ਵੇਂ ਦਹਾਕੇ ਦੌਰਾਨ ਉਨ੍ਹਾਂ ਪੰਜਾਬ ਅੰਦਰ ਉੱਭਰ ਰਹੀ ਖ਼ਾਲਿਸਤਾਨ ਪੱਖੀ ਵੱਖਵਾਦੀ ਲਹਿਰ ਦਾ ਵਿਰੋਧ ਕੀਤਾ। ਉੱਘੇ ਪੱਤਰਕਾਰ ਕੁਲਦੀਪ ਨਈਅਰ ਨੇ ਕਿਹਾ ਸੀ ਕਿ ਇੱਕ ਸਿੱਖ ਹੋ ਕੇ, ਸਿੱਖ ਵੱਖਵਾਦੀਆਂ ਦਾ ਵਿਰੋਧ ਕਰਨਾ ਨਾਮੁਮਕਿਨ ਜਿਹਾ ਕੰਮ ਸੀ ਪਰ ਬਾਬਾ ਬਿਲਗਾ ਨੇ ਇਕੱਲੇ ਖੜ੍ਹੋ ਕੇ ਆਪਣੇ ਵਿਚਾਰ ਆਜ਼ਾਦਾਨਾ ਢੰਗ ਨਾਲ ਪ੍ਰਗਟ ਕੀਤੇ। ਇਸ ਦੌਰਾਨ ਫ਼ਿਰਕੂ ਮਾਹੌਲ ਦੇ ਬਾਵਜੂਦ ਬਾਬਾ ਬਿਲਗਾ ਨੇ ਸਾਈਕਲ ਰਾਹੀਂ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਂਦਿਆਂ, ਸਿੱਖ ਅਤੇ ਹਿੰਦੂ, ਦੁਹਾਂ ਫਿਰਕਿਆਂ ਨੂੰ ਸ਼ਾਂਤੀ ਬਰਕਰਾਰ ਰੱਖਣ ਦੀਆਂ ਅਪੀਲਾਂ ਕੀਤੀਆਂ। ਇਹ ਪੂਰੇ ਸਮੇਂ ਦੌਰਾਨ ਉਨ੍ਹਾਂ ਆਪਣੀ ਜਾਨ ਦੀ ਪ੍ਰਵਾਹ ਨਹੀਂ ਕੀਤੀ ਅਤੇ ਸ਼ਹੀਦ ਹੋਣ ਲਈ ਮਾਨਸਿਕ ਤੌਰ ਉੱਤੇ ਤਿਆਰ ਸਨ।

**ਦੇਸ਼ ਭਗਤ ਯਾਦਗਾਰ ਹਾਲ :** ਭਾਰਤ ਦੇ ਕ੍ਰਾਂਤੀਕਾਰੀ ਇਤਿਹਾਸ ਨਾਲ ਸਬੰਧਿਤ, 17,000 ਕਿਤਾਬਾਂ ਵਾਲਾ ਦੇਸ਼ ਭਗਤ ਯਾਦਗਾਰ ਹਾਲ ਖੋਜ ਕਰਤਾਵਾਂ ਲਈ ਇੱਕ ਖ਼ਜ਼ਾਨਾ ਹੈ। ਗ਼ਦਰ ਇਤਿਹਾਸ ਦੀਆਂ ਹੱਥ ਲਿਖਤਾਂ, ਗ਼ਦਰੀ ਬਾਬਿਆਂ ਦੇ ਇਤਿਹਾਸ ਅਤੇ ਇਸ ਲਹਿਰ ਦੇ ਅਖ਼ਬਾਰ 'ਗ਼ਦਰ' ਦੀਆਂ ਪੰਜਾਬੀ ਅਤੇ ਉਰਦੂ ਵਿਚ ਛਪੀਆਂ ਹਥ-ਲਿਖ਼ਤਾਂ ਕਾਪੀਆਂ ਦੇ ਨਾਲ-ਨਾਲ ਕ੍ਰਾਂਤੀਕਾਰੀਆਂ ਦੀਆਂ 200 ਦੁਰਲੱਭ ਤਸਵੀਰਾਂ ਵੀ ਇਹੋ ਇਮਾਰਤ ਆਪਣੇ ਅੰਦਰ ਸਮੋਈ ਬੈਠੀ ਹੈ। 35 ਹੋਰਨਾਂ ਆਜ਼ਾਦੀ ਸੰਗਰਾਮੀਆਂ ਦੇ ਨਾਲ ਬਾਬਾ ਬਿਲਗਾ ਨੇ ਵੀ ਆਪਣੇ ਆਪ ਨੂੰ ਇਸ ਹਾਲ ਪ੍ਰਤੀ ਸਮਰਪਿਤ ਰੱਖਿਆ। ਇਸ ਹਾਲ ਅੰਦਰਲੀਆਂ ਵਸਤਾਂ ਨੂੰ ਪਿੰਡ-ਪਿੰਡ ਜਾ ਕੇ ਇਕੱਠਾ ਕੀਤਾ ਅਤੇ ਸਾਂਭਿਆ ਗਿਆ ਹੈ ਤਾਂ ਜੋ ਪੂਰੀ ਦੁਨੀਆ ਨੂੰ ਭਾਰਤ ਦੇ ਅਸਲ ਆਜ਼ਾਦੀ ਯੋਧਿਆਂ ਬਾਰੇ ਦੱਸਿਆ ਜਾ ਸਕੇ, ਜਿਨਾਂ ਦੇ ਸਿਰੜ ਸਦਕਾ ਅੰਗਰੇਜ਼ ਹਕੂਮਤ ਭਾਰਤ ਛੱਡਣ ਲਈ ਮਜਬੂਰ ਹੋਈ। ਪਿਛਲੇ 46 ਸਾਲਾਂ ਤੋਂ ਇਸ ਅਜਾਇਬ ਘਰ ਨੂੰ ਪ੍ਰਵਾਸੀ ਭਾਰਤੀਆਂ ਕੋਲੋਂ ਆਰਥਿਕ ਸਹਾਇਤਾ ਮਿਲੀ ਹੈ ਅਤੇ ਨਾਲੋ ਨਾਲ ਜਾਣਕਾਰੀ ਦਾ ਵੀ ਆਦਾਨ ਪ੍ਰਦਾਨ ਹੋਇਆ ਹੈ। ਹਰ ਸਾਲ ਅਕਤੂਬਰ ਮਹੀਨੇ, ਪੰਜ-ਰੋਜ਼ਾ ਗ਼ਦਰੀ ਮੇਲਾ ਇਸੇ ਹਾਲ ਵਿਚ ਆਯੋਜਿਤ ਹੁੰਦਾ ਹੈ, ਜਿਸ ਵਿਚ ਗ਼ਦਰ ਲਹਿਰ ਦੇ ਸ਼ਹੀਦ ਹੋਏ 400 ਕ੍ਰਾਂਤੀਕਾਰੀਆਂ ਅਤੇ ਕਾਲੇ ਪਾਣੀ ਦੀ ਸਜ਼ਾ ਭੁਗਤਣ ਵਾਲੇ 5,000 ਸੂਰਬੀਰਾਂ ਦੇ ਪਰਿਵਾਰਕ ਮੈਂਬਰ ਉਚੇਚੇ ਤੌਰ 'ਤੇ ਸ਼ਿਰਕਤ ਕਰਦੇ ਹਨ। ਗ਼ਦਰ ਲਹਿਰ ਨਾਲ ਸਬੰਧਿਤ ਜ਼ਿੰਦਾ ਆਗੂ ਵੀ ਦੇਸ਼ਾਂ-ਵਿਦੇਸ਼ਾਂ ਤੋਂ ਆ ਕੇ ਆਪਣੀ ਹਾਜ਼ਰੀ ਲੁਆਉਂਦੇ ਹਨ। ਇੱਕ ਵਾਰ ਬਾਬਾ ਬਿਲਗਾ ਉੱਤੇ ਇਕ ਡਾਕੂਮੈਂਟਰੀ

ਫਿਲਮ ਬਣਾਉਣ ਵਾਲੇ ਬੀ. ਬੀ. ਸੀ. ਚੈਨਲ ਦੇ ਪੱਤਰਕਾਰ ਨੇ ਉਨ੍ਹਾਂ ਨੂੰ 15 ਫਰਵਰੀ 1915 ਵਿਚ ਸਿੰਗਾਪੁਰ ਵਿਖੇ ਖਿੱਚੀ ਗਈ ਗ਼ਦਰੀਆਂ ਦੀ ਇੱਕ ਤਸਵੀਰ ਸਮੇਤ ਕੁਝ ਨਕਦੀ ਵੀ ਭੇਜੀ ਸੀ। ਤ੍ਰਾਸਦੀ ਇਹ ਸੀ ਕਿ ਇਸ ਤੋਂ ਤਿੰਨ ਸਾਲ ਪਹਿਲਾਂ ਅੱਖਾਂ ਦੀ ਜੋਤ ਚਲੀ ਗਈ ਹੋਣ ਕਾਰਨ ਬਾਬਾ ਬਿਲਗਾ, ਇਹੋ ਜਿਹੀਆਂ ਫੋਟੋਆਂ ਦੇਖਣ ਦਾ ਮਾਣ ਹਾਸਿਲ ਨਾ ਕਰ ਸਕੇ। ਦੇਸ਼ ਭਗਤ ਯਾਦਗਾਰ ਹਾਲ ਦੇ ਪ੍ਰਧਾਨ ਵਜੋਂ ਸੰਨ 1992 ਤੋਂ ਉਨ੍ਹਾਂ ਗ਼ਦਰੀ ਮੇਲਾ ਆਯੋਜਿਤ ਕਰਨ ਦਾ ਸਿਲਸਿਲਾ ਆਰੰਭ ਦਿੱਤਾ। ਪੰਜ ਕਿਤਾਬਾਂ ਲਿਖਣ ਦੇ ਨਾਲ-ਨਾਲ ਉਨ੍ਹਾਂ ਭਾਰੀ ਮੁਸ਼ੱਕਤ ਕਰਦੇ ਹੋਏ ਕਾਮਾਗਾਟਾਮਾਰੂ ਦੀ ਘਟਨਾ ਨਾਲ ਸਬੰਧਤ ਬੇਸ਼ਕੀਮਤੀ ਤਸਵੀਰਾਂ ਦਾ ਵੀ ਪ੍ਰਬੰਧ ਕੀਤਾ।

**ਦੇਸ਼ ਦੇ ਹਾਲਾਤ ਬਾਰੇ ਵਿਚਾਰਾਂ :** ਅੰਗਰੇਜ਼ੀ ਅਖ਼ਬਾਰ 'ਦਾ ਟ੍ਰਿਬਿਊਨ' ਦੇ ਅਪ੍ਰੈਲ 2009 ਦੇ ਅੰਕ ਵਿਚ ਉਨ੍ਹਾਂ ਦੇ ਛਪੇ ਵਿਚਾਰਾਂ ਮੁਤਾਬਿਕ ਉਹ ਦੇਸ਼ ਦੀ ਨਿੱਘਰ ਰਹੀ ਹਾਲਤ ਤੋਂ ਕਾਫੀ ਫਿਕਰਮੰਦ ਸਨ। ਇਸ ਤੋਂ ਇਹ ਵੀ ਪਤਾ ਲੱਗਦਾ ਸੀ ਕਿ ਢਲਦੀ ਉਮਰ ਦੇ ਬਾਵਜੂਦ ਉਹ ਦੇਸ਼ ਦੀ ਹਾਲਤ ਤੋਂ ਚੰਗੀ ਤਰ੍ਹਾਂ ਵਾਕਿਫ਼ ਸਨ। ਇਨ੍ਹਾਂ ਦਿਨਾਂ ਦੌਰਾਨ, ਉਨ੍ਹਾਂ ਦੀ ਸਿਹਤ ਨਿੱਘਰ ਰਹੀ ਸੀ ਪਰ ਇਸ ਵੇਲੇ ਵੀ ਉਨ੍ਹਾਂ ਨੂੰ ਮਿਲਣ ਵਾਲਾ ਹਰ ਸ਼ਖ਼ਸ, ਉਨ੍ਹਾਂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਆਉਂਦਾ। ਦੇਸ਼ ਵਿਚ ਸ਼ਾਸਨ ਕਰ ਰਹੇ ਆਗੂਆਂ ਦੀਆਂ ਵੱਡੀਆਂ ਨਾਕਾਮੀਆਂ ਵੀ ਉਹ ਮੱਥੇ ਵੱਟ ਪਾਏ ਬਿਨਾਂ ਹੀ ਬਿਆਨ ਕਰ ਦਿਆ ਕਰਦੇ ਸਨ। ਬ੍ਰਿਟੇਨ ਰਹਿੰਦਿਆਂ ਵੀ ਉਹ ਵੱਖ-ਵੱਖ ਗੱਲਾਂ ਬਾਤਾਂ ਰਾਹੀਂ ਭਾਰਤ ਦੇ ਕੌਮੀ ਅਤੇ ਸੂਬਾਈ ਮਸਲਿਆਂ ਪ੍ਰਤੀ ਆਪਣੀ ਨਿਰਾਸ਼ਾ ਜ਼ਾਹਿਰ ਕਰਿਆ ਕਰਦੇ ਸਨ। ਦੇਸ਼ ਅੰਦਰ ਵਧਦਾ ਭ੍ਰਿਸ਼ਟਾਚਾਰ ਉਨ੍ਹਾਂ ਨੂੰ ਸਭ ਤੋਂ ਵੱਧ ਫਿਕਰਮੰਦ ਕਰਦਾ ਸੀ ਅਤੇ ਘੁਲਾਟੀਆਂ ਦੀ ਘਾਲਣਾ ਦਾ ਇਹੋ ਜਿਹਾ ਸਿੱਟਾ ਵੇਖ ਕੇ ਉਨ੍ਹਾਂ ਦਾ ਮਨ ਤੜਪਦਾ ਸੀ।

**ਅਖ਼ੀਰਲੇ ਦਿਨ :** ਆਪਣੀ ਉਮਰ ਦੇ ਅਖ਼ੀਰਲੇ ਪੜਾਅ ਵਿਚ ਉਹ ਸਿਹਤ ਸਮੱਸਿਆਵਾਂ ਕਾਰਨ ਬਿਹਤਰ ਇਲਾਜ ਵਾਸਤੇ ਬ੍ਰਿਟੇਨ ਆਏ ਅਤੇ ਇਸ ਦੌਰਾਨ ਵੀ ਉਹ ਵੱਖ-ਵੱਖ ਸਮਾਜਿਕ ਅਤੇ ਸਾਹਿਤਕ ਕਾਰਜਾਂ ਨਾਲ ਜੁੜੇ ਰਹੇ। ਸ਼ੁੱਕਰਵਾਰ 22 ਮਈ 2009 ਨੂੰ ਆਜ਼ਾਦੀ ਲਹਿਰ ਦੇ ਇਸ ਯੋਧੇ ਨੇ ਸਵੇਰੇ 10 ਵਜ ਕੇ 45 ਮਿੰਟ ਉੱਤੇ ਆਪਣਾ ਆਖ਼ਰੀ ਸੁਆਸ ਲਿਆ। ਉਨ੍ਹਾਂ ਨੇ ਇਸੇ ਸਾਲ ਸਤੰਬਰ ਮਹੀਨੇ ਭਾਰਤ ਮੁੜਨਾ ਸੀ। ਉਨ੍ਹਾਂ ਦੇ ਬੇਟੇ ਕੁਲਬੀਰ ਅਤੇ ਪ੍ਰੇਮ ਸਿੰਘ ਸੰਘੇੜਾ ਸਣੇ 5 ਪੋਤਰੇ-ਪੋਤਰੀਆਂ ਉਨ੍ਹਾਂ ਦੀ ਵਿਰਾਸਤ ਸਾਂਭ ਰਹੇ ਨੇ। ਉਮਰ ਦੇ ਇਸ ਅੰਤਲੇ ਪੜਾਅ ਦੇ ਬਾਵਜੂਦ ਉਨ੍ਹਾਂ ਦੀ ਯਾਦ ਸ਼ਕਤੀ ਕਮਾਲ ਦੀ ਸੀ। ਬਾਬਾ ਬਿਲਗਾ ਦੇ ਕਰੀਬੀ ਸਾਥੀ, ਜਗਜੀਤ ਸਿੰਘ ਲਾਇਲਪੁਰੀ ਜਦੋਂ ਇੰਗਲੈਂਡ ਵਿਖੇ ਉਨ੍ਹਾਂ ਨੂੰ ਮਿਲ ਕੇ ਆਏ ਤਾਂ ਉਨ੍ਹਾਂ ਬਾਬਾ ਬਿਲਗਾ ਨੂੰ ਆਪਣੇ ਆਪ ਵਿਚ ਇੱਕ ਸੰਸਥਾ ਦੱਸਿਆ ਸੀ। ਉਨ੍ਹਾਂ ਮੁਤਾਬਿਕ ਬਾਬਾ ਬਿਲਗਾ ਦੀ ਸ਼ਖ਼ਸੀਅਤ ਸਮੂਹ ਗ਼ਦਰੀਆਂ ਦੇ ਨਾਲ-ਨਾਲ ਨੌਜਵਾਨਾਂ ਲਈ ਵੀ ਪ੍ਰੇਰਣਾ ਦਾ ਸਰੋਤ ਸੀ।

ਇਸ ਤੋਂ ਦੋ ਕੁ ਸਾਲ ਪਹਿਲਾਂ, ਪਿੰਡ ਬਿਲਗਾ ਵਿਖੇ ਜਦੋਂ ਇੱਕ ਪੱਤਰਕਾਰ ਨੇ ਬਾਬਾ ਬਿਲਗਾ ਨਾਲ ਇੱਕ ਮਿਲਣੀ ਕੀਤੀ ਤਾਂ ਇਸ ਮੁਲਾਕਾਤ ਰਾਹੀਂ ਉਨ੍ਹਾਂ ਆਜ਼ਾਦੀ ਸੰਘਰਸ਼ ਦੇ ਉਹ ਸਾਰੇ ਇਤਿਹਾਸਕ ਦ੍ਰਿਸ਼ ਸਫ਼ਾਈ ਨਾਲ ਰੂਪਮਾਨ ਕਰ ਦਿੱਤੇ। ਉਨ੍ਹਾਂ ਦੇ ਸ਼ਬਦਾਂ ਵਿਚ ਗ਼ਦਰੀ ਸੂਰਬੀਰਾਂ ਦੀ ਗੂੰਜ ਸੁਣਾਈ ਦਿੰਦੀ ਸੀ ਜਿਵੇਂ ਉਹ ਆਪ ਕੜਕਦੀ ਆਵਾਜ਼ ਵਿਚ ਕਹਿ ਰਹੇ ਹੋਣ:

"ਉੱਠੋ ਨੌਜਵਾਨੋ, ਬਦਲ ਦਿਓ ਜ਼ਮਾਨਾ"

ਆਪਣੇ ਆਖ਼ਰੀ ਜਨਮ ਦਿਨ ਮੌਕੇ ਜਦੋਂ ਇਕ ਪੱਤਰਕਾਰ ਬੀਬੀ ਨੇ ਉਨ੍ਹਾਂ ਨਾਲ ਇੰਗਲੈਂਡ ਵਿਖੇ ਰਾਬਤਾ ਕਾਇਮ ਕੀਤਾ ਤਾਂ ਪੈਂਦੀ ਸੱਟੇ ਬਾਬਾ ਬਿਲਗਾ ਨੇ ਉਸ ਤੋਂ ਆਪਣੇ ਵਤਨ ਦਾ ਹਾਲ ਪੁੱਛਿਆ ਸੀ।

ਇੰਡੀਅਨ ਐਕਸਪ੍ਰੈਸ ਅਖ਼ਬਾਰ ਨੂੰ ਦਿੱਤੀ ਆਪਣੀ ਅਖ਼ੀਰਲੀ ਇੰਟਰਵਿਊ ਵਿਚ ਭਾਰਤ ਅੰਦਰਲੇ ਭ੍ਰਿਸ਼ਟਾਚਾਰ ਉੱਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ, ਨੌਜਵਾਨਾਂ ਹੱਥ ਦੇਸ਼ ਦੀ ਕਮਾਨ ਦੇਣ ਦੀ ਗੱਲ ਆਖੀ ਸੀ। ਉਹ ਵਾਰ-ਵਾਰ ਸ਼ਹੀਦ ਭਗਤ ਸਿੰਘ ਵਰਗੀ ਸਖ਼ਸ਼ੀਅਤ ਵਾਲਾ ਕੋਈ ਆਗੂ ਦੇਸ਼ ਨੂੰ ਸਾਂਭਦਾ ਹੋਇਆ ਦੇਖਣਾ ਲੋਚਦੇ ਸਨ। ਭਗਤ ਸਿੰਘ ਬਾਰੇ ਉਹ ਇਹੀ ਕਹਿੰਦੇ ਸਨ ਕਿ :

"ਉਹਦੀ ਸੋਚ ਹੀ ਨਿਰਾਲੀ ਸੀ"

ਸਿਰਫ ਭਾਰਤ ਵਿਚ ਹੀ ਨਹੀਂ, ਸਗੋਂ ਭਾਰਤ ਤੋਂ ਬਾਹਰ ਵੱਸਦੇ ਭਾਰਤੀਆਂ ਅੰਦਰ ਵੀ ਮਨੁੱਖਤਾ ਦੀ ਕਮੀ ਮਹਿਸੂਸ ਕਰਦਿਆਂ ਉਹ ਅਫਸੋਸ ਜ਼ਾਹਿਰ ਕਰਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਭਗਤ ਸਿੰਘ ਨੂੰ ਸਿਰਫ ਉਸ ਦੇ ਸ਼ਹੀਦੀ ਵਾਲੇ ਦਿਨ ਹੀ ਯਾਦ ਕੀਤਾ ਜਾਂਦੈ ਜਦਕਿ ਉਸ ਦੀ ਸੋਚ ਨੂੰ ਅੱਗੇ ਤੋਰਨ ਦਾ ਉਪਰਾਲਾ ਕੋਈ ਵੀ ਨਹੀਂ ਕਰ ਰਿਹਾ। 102 ਸਾਲ ਦੀ ਉਮਰੇ ਵੀ ਉਹ ਆਰਾਮ ਕਰਨ ਦੀ ਅਵਸਥਾ ਵਿਚ ਨਹੀਂ ਸਨ ਪਹੁੰਚੇ। ਬਰਮਿੰਘਮ ਵਿਖੇ ਬਿਮਾਰੀ ਦੀ ਹਾਲਤ ਵਿਚ ਇਹ ਜਾਣਦੇ ਹੋਏ ਵੀ ਕਿ ਕਿਸੇ ਵੀ ਦਿਨ, ਉਹ ਪ੍ਰਾਣ ਤਿਆਗ ਸਕਦੇ ਹਨ ਉਨ੍ਹਾਂ 2009 ਦੀਆਂ ਲੋਕ ਸਭਾ ਚੋਣਾਂ ਸਬੰਧੀ ਜਲੰਧਰ ਦੇ ਇੱਕ ਪੱਤਰਕਾਰ ਨਾਲ ਤਫਸੀਲ ਵਿਚ ਵਿਚਾਰ ਸਾਂਝੇ ਕੀਤੇ। ਇਸ ਗੱਲਬਾਤ ਦੌਰਾਨ ਉਨ੍ਹਾਂ ਚੋਣਾਂ ਵਿਚ ਨੌਜਵਾਨਾਂ ਦੀ ਵੱਡੀ ਭੂਮਿਕਾ ਬਾਰੇ ਦੱਸਿਆ ਸੀ ਅਤੇ ਲੋਕਾਂ ਨੂੰ ਇਹ ਅਪੀਲ ਕੀਤੀ ਸੀ ਕਿ ਉਹ ਵਿਕਾਸ ਅਤੇ ਧਰਮ ਨਿਰਪੱਖਤਾ ਦੇ ਨਾਂਅ ਉੱਪਰ ਵੋਟਾਂ ਪਾਉਣ। ਅੱਜ ਬਾਬਾ ਬਿਲਗਾ ਨਹੀਂ ਹਨ, ਅਤੇ ਅਜਿਹੇ ਵਿਚ ਆਮ ਵਿਅਕਤੀ ਲਈ ਆਪਣੇ ਆਲੇ-ਦੁਆਲੇ ਦੀ ਸਮਝ ਅਤੇ ਪਰਖ ਕਰਨੀ ਮੁਸ਼ਕਿਲ ਲੱਗਦੀ ਹੈ। ਇਸ ਗੱਲ ਉੱਤੇ ਹੈਰਾਨੀ ਹੁੰਦੀ ਹੈ ਕਿ ਬਾਬਾ ਬਿਲਗਾ ਏਨੀ ਸਮਰੱਥਾ ਕਿੱਥੋਂ ਲੈ ਕੇ ਆਏ ਸਨ ਅਤੇ ਜੇਕਰ ਉਨ੍ਹਾਂ ਦੁਆਰਾ ਵਿਖਾਏ ਰਸਤੇ ਉੱਤੇ ਅੱਜ ਦੇ ਆਗੂ ਚੱਲ ਸਕਦੇ ਤਾਂ ਭਾਰਤ ਦਾ ਭਵਿੱਖ ਕੀ ਦਾ ਕੀ ਹੋਣਾ ਸੀ। ਸ਼ਾਇਦ ਆਪਣੇ ਦਿਲ ਦੀ ਡੂੰਘਾਈ ਵਿਚ ਉਹ ਵੀ ਇਹ ਗੱਲ ਜਾਣਦੇ ਸਨ ਕਿ ਭਾਰਤ ਦੇਸ਼ ਦੀਆਂ ਸਮੱਸਿਆਵਾਂ ਹੱਦ ਪਾਰ ਕਰ ਗਈਆਂ ਹਨ।

**ਵਿਰਾਸਤ :** ਪੰਜਾਬ ਦੇ ਪਿੰਡਾਂ ਵਿਚ ਗ਼ਦਰ ਲਹਿਰ ਦੀਆਂ ਯਾਦਗਾਰਾਂ ਅਤੇ ਇਸ ਲਹਿਰ ਦਾ ਦੇਸ਼ਾਂ-ਵਿਦੇਸ਼ਾਂ ਵਿਚ ਫੇਰ ਸੁਰਜੀਤ ਹੋਣਾ, ਬਾਬਾ ਬਿਲਗਾ ਦੀ ਹੀ ਮੁੱਖ ਦੇਣ ਹੈ। ਉਨ੍ਹਾਂ ਦੁਆਰਾ ਗ਼ਦਰੀ ਬਾਬਿਆਂ ਦਾ ਮੇਲਾ ਕਰਾਉਣ ਦੀ ਤੋਰੀ ਰੀਤ ਅੱਜ ਵੀ ਜਾਰੀ ਹੈ, ਜਿਸ ਵਿਚ ਭਾਰਤ, ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਆਦਿ ਦੇਸ਼ਾਂ ਤੋਂ ਪ੍ਰਵਾਸੀ ਭਾਰਤੀ ਉਚੇਚੇ ਤੌਰ ਉੱਤੇ ਸ਼ਾਮਿਲ ਹੁੰਦੇ ਹਨ। ਬਾਬਾ ਬਿਲਗਾ ਦੇਸ਼ ਅਤੇ ਲੋਕਾਂ ਦੀ ਆਜ਼ਾਦੀ ਖ਼ਾਤਿਰ ਲੜੇ। ਉਨ੍ਹਾਂ ਦੀ ਲੜਾਈ ਸਿਰਫ਼ ਅੰਗਰੇਜ਼ਾਂ ਦੇ ਖ਼ਿਲਾਫ ਸੀਮਤ ਨਾ ਹੋ ਕੇ ਉਨ੍ਹਾਂ ਸਭ ਲੋਕਾਂ ਦੇ ਖ਼ਿਲਾਫ ਸੀ, ਜਿਹੜੇ ਕਰੋੜਾਂ ਲੋਕਾਂ ਦੇ ਹਿੱਤ ਪਾਸੇ ਰੱਖ ਕੇ ਆਪਣੇ ਹਿੱਤ ਪਾਲਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਾਬਾ ਬਿਲਗਾ ਸੁਰਗਵਾਸ ਹੋ ਗਏ ਪਰ ਲੋਕਾਂ ਨੂੰ ਸਮਝਦਾਰੀ ਨਾਲ ਆਗੂ ਚੁਣਨ ਦੀ

ਸਲਾਹ ਦੇ ਕੇ ਅਤੇ ਨੌਜਵਾਨ ਪੀੜ੍ਹੀ ਉੱਤੇ ਉਮੀਦਾਂ ਰੱਖਣ ਦੀ ਗੱਲ ਆਖ ਕੇ, ਉਨ੍ਹਾਂ ਆਪਣੀ ਲੜਾਈ, ਆਪਣੇ ਤੋਂ ਬਾਅਦ ਵੀ ਚੱਲਦੀ ਰੱਖੀ ਹੈ। ਪੰਜ ਕਿਤਾਬਾਂ ਲਿਖਣ ਦੇ ਨਾਲ ਨਾਲ ਉਨ੍ਹਾਂ ਕਾਮਾਗਾਟਾਮਾਰੂ ਸਾਕੇ ਦੀਆਂ ਦੁਰਲੱਭ ਤਸਵੀਰਾਂ ਲੋਕਾਂ ਮੂਹਰੇ ਪੇਸ਼ ਕੀਤੀਆਂ ਅਤੇ ਨਾਲ ਦੀ ਨਾਲ, ਦੇਸ਼ ਦੀ ਆਜ਼ਾਦੀ ਲਈ ਆਪਾ ਵਾਰਨ ਵਾਲੇ ਪਰ ਅਣਗੌਲੇ ਯੋਧਿਆਂ ਲਈ 'ਆਜ਼ਾਦੀ ਸੰਗਰਾਮੀਏ' ਹੋਣ ਦਾ ਸਰਕਾਰੀ ਰੁਤਬਾ ਵੀ ਉਨ੍ਹਾਂ ਜ਼ੋਰਾਂ ਸ਼ੋਰਾਂ ਨਾਲ ਸਫਲਤਾਪੂਰਵਕ ਨੇਪਰੇ ਚਾੜ੍ਹਿਆ।

ਭਾਰਤੀ ਮਜ਼ਦੂਰ ਜਥੇਬੰਦੀ ਗਰੇਟ ਬ੍ਰਿਟੇਨ ਅਤੇ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ (ਬਰਮਿੰਘਮ), ਬਾਬਾ ਭਗਤ ਸਿੰਘ ਬਿਲਗਾ ਨੂੰ ਦੇਸ਼ਭਗਤੀ ਅਤੇ ਕ੍ਰਾਂਤੀਕਾਰੀ ਜਜ਼ਬੇ ਨਾਲ ਲੈਸ ਸ਼ਰਧਾਂਜਲੀ ਭੇਟ ਕਰਦੀ ਹੈ।

***

# ਗ਼ਦਰ ਦਾ ਆਖ਼ਰੀ ਚਿਰਾਗ਼ ਬਾਬਾ ਭਗਤ ਸਿੰਘ ਬਿਲਗਾ

-ਡਾ. ਤੇਜਿੰਦਰ ਵਿਰਲੀ

ਕੁਝ ਯਾਦਾਂ ਮਨ ਦੀ ਤਖਤੀ ਉਪਰ ਐਸੀਆਂ ਉਕਰੀਆਂ ਜਾਂਦੀਆਂ ਹਨ ਕਿ ਵਰ੍ਹਿਆਂ ਦੀ ਧੂੜ ਵੀ ਉਸ ਨੂੰ ਮੇਟ ਨਹੀਂ ਸਕਦੀ। ਐਸੀ ਹੀ ਇਕ ਯਾਦ ਬਾਬਾ ਬਿਲਗਾ ਜੀ ਬਾਰੇ ਹੈ। ਜਦੋਂ ਮੈਂ ਬਹੁਤ ਛੋਟਾ ਸਾਂ, ਆਪਣੇ ਪਰਿਵਾਰ ਨਾਲ ਨਾਨਕਿਆਂ ਨੂੰ ਜਾ ਰਿਹਾ ਸੀ। ਜਲੰਧਰ ਬਸ ਸਟੈਂਡ ਤੋਂ ਪਿਤਾ ਜੀ ਸਾਨੂੰ ਦੇਸ਼ ਭਗਤ ਯਾਦਗਾਰ ਹਾਲ ਲੈ ਆਏ। ਹਾਲ ਵਿਚ ਆਉਂਦਿਆਂ ਹੀ ਪਿਤਾ ਜੀ ਨੇ ਕਿਸੇ ਬਾਰੇ ਪੁੱਛਿਆ ਤਾਂ ਜਵਾਬ ਮਿਲਿਆ ਉਹ ਏਥੇ ਨਹੀਂ ਹਨ। ਫੇਰ ਪਿਤਾ ਜੀ ਸ਼ਹੀਦਾਂ ਦੀਆਂ ਤਸਵੀਰਾਂ ਨਾਲ ਸਾਡਾ ਤੁਆਰਫ ਕਰਵਾਉਣ ਲੱਗ ਪਏ। ਤਸਵੀਰਾਂ ਭਾਂਵੇਂ ਨਾਲ ਨਾਲ ਹੀ ਲੱਗੀਆਂ ਹੋਈਆਂ ਸਨ ਪਰ ਇਕ ਸ਼ਹੀਦ ਦੀ ਤਸਵੀਰ ਤੋਂ ਦੂਸਰੀ ਤਸਵੀਰ ਤੱਕ ਦਾ ਸਫ਼ਰ ਸਰਲ ਨਹੀਂ ਸੀ ਇਸ ਦੌਰਾਨ ਪਿਤਾ ਜੀ ਅੱਥਰੂ ਪੂੰਝਣ ਵਿਚ ਹੀ ਰੁੱਝ ਜਾਂਦੇ। ਪਿਤਾ ਜੀ ਏਨੇ ਭਾਵੁਕ ਸਨ ਕਿ ਉਹ ਸ਼ਹੀਦਾਂ ਬਾਰੇ ਦਸਦੇ ਹੋਏ ਅਗਲੇਰੇ ਸਫ਼ਰ ਬਾਰੇ ਸਾਰਾ ਕੁਝ ਭੁੱਲ ਗਏ ਸਨ ਕਿ ਕਿੰਨਾਂ ਸਮਾਂ ਆਰਟ ਗੈਲਰੀ ਵਿਚ ਲੱਗ ਰਿਹਾ ਸੀ। ਸ਼ਾਇਦ ਮਾਂ ਆਪਣੀ ਚੁੱਪ ਨਾਲ ਆਪਣੀ ਬੇਵਸੀ ਦਾ ਇਜ਼ਹਾਰ ਕਰ ਰਹੀ ਸੀ। ਜਿਸ ਚੁੱਪ ਦੇ ਪਿਤਾ ਜੀ ਲਈ ਸ਼ਾਇਦ ਕੋਈ ਮਾਇਨੇ ਨਹੀਂ ਸਨ। ਇਕ ਤਸਵੀਰ ਤੋਂ ਅਗਲੀ ਤਸਵੀਰ ਬਾਰੇ ਦੱਸਣ ਦੇ ਕਾਰਜ ਵਿਚ ਹੀ ਵਿਅਸਤ ਪਿਤਾ ਜੀ ਬੱਸ ਦਾ ਟਾਇਮ ਵੀ ਲੰਘਾ ਚੁੱਕੇ ਸਨ। ਇਸ ਦਾ ਮੈਨੂੰ ਵੀ ਬਹੁਤ ਬਾਦ ਵਿਚ ਪਤਾ ਲੱਗਾ।

ਦੇਸ਼ ਦੀ ਆਜ਼ਾਦੀ ਲਈ ਕਿੰਨੇਂ ਲੋਕਾਂ ਨੇ ਕੁਰਬਾਨੀਆਂ ਕੀਤੀਆਂ ਹਨ ਇਹ ਸੋਚ ਕੇ ਮੈਂ ਵੀ ਹੈਰਾਨ ਸਾਂ। ਆਜ਼ਾਦੀ ਕਿੰਨੀ ਔਖੀ ਮਿਲੀ ਹੈ ਦੇਸ਼ ਭਗਤ ਯਾਦਗਾਰ ਹਾਲ ਦੀਆਂ ਕੰਧਾਂ ਬੋਲਦੀਆਂ ਹਨ। ਉਦੋਂ ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਇਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਤਾਂ ਅਜੇ ਵੀ ਆਜ਼ਾਦ ਨਹੀਂ ਹੋਇਆ। ਇਹ ਸਾਰੇ ਕਿਸ ਤਰ੍ਹਾਂ ਦੀ ਆਜ਼ਾਦੀ ਚਾਹੁੰਦੇ ਸਨ? ਸਤਾ ਦੀ ਤਬਦੀਲੀ ਤੇ ਆਜ਼ਾਦੀ ਵਿਚ ਕੀ ਫਰਕ ਹੁੰਦਾ ਹੈ? ਇਹ ਸਾਰੇ ਲਫਜ਼ ਭਾਂਵੇ ਮੈਂ ਉਸ ਦਿਨ ਪਿਤਾ ਜੀ ਦੇ ਮੂੰਹ ਤੋਂ ਪਹਿਲੀ ਵਾਰ ਨਹੀਂ ਸਨ ਸੁਣੇ। ਪਰ ਅੱਜ ਕਿਸੇ ਚੱਲ ਚਿੱਤਰ ਵਾਂਗ ਬਾਪੂ ਦੇ ਡਾਇਲਾਗ ਤਸਵੀਰਾਂ ਦੇ ਨਾਲ ਨਾਲ ਚਲ ਰਹੇ ਸਨ ਤੇ ਸ਼ਾਇਦ ਉਦੋ ਇਹ ਮੇਰੀ ਉਮਰ ਦੇ ਹਿਸਾਬ ਬਹੁਤ ਵੱਡੇ ਸ਼ਬਦ ਸਨ। ਇਹ ਪਿਤਾ ਜੀ ਦੀ ਭਾਵੁਕਤਾ ਹੀ ਸੀ ਕਿ ਉਹ ਪਲ ਵਿਚ ਹੀ ਫਿਸ ਪੈਂਦੇ ਤੇ ਅਗਲੇ ਹੀ ਪਲ ਗ਼ਦਰ ਦਾ ਬਿਰਤਾਂਤ ਫਿਰ ਸ਼ੁਰੂ ਕਰ ਦਿੰਦੇ। ਇਕ ਜਟਿਲ ਬਿਰਤਾਂਤ ਜਿਸ ਦੀਆਂ ਬਹੁਤੀਆਂ ਪਰਤਾਂ ਅਜੇ ਵੀ ਮੇਰੇ ਲਈ ਸਮਝ ਤੋਂ ਦੂਰ ਹਨ। ਉਸ ਵਕਤ ਪਿਤਾ ਜੀ ਦੀ ਭਾਵੁਕਤਾ ਆਪਣੇ ਸਿਖਰ ਉੱਪਰ ਸੀ ਜਿਸ ਨੂੰ ਮੈਂ ਜਦ ਹੁਣ ਵੀ ਮਹਿਸੂਸ ਕਰਦਾ

ਹਾਂ ਤਾਂ ਸਮਝਦਾ ਹਾਂ ਸ਼ਹੀਦਾਂ ਦੇ ਰੂ- ਬ - ਰੂ ਹੋਕੇ ਮੈਂ ਆਪਣੇ ਪਿਤਾ ਜੀ ਦਾ ਇਹ ਰੂਪ ਪਹਿਲੀ ਵਾਰ ਦੇਖਿਆ ਸੀ। ਇਕ ਨਾਸਤਿਕ ਬਾਪ ਦੀ ਦੇਸ਼ ਭਗਤੀ ਦੇ ਇਸ ਜਲਵੇ ਨੂੰ ਮੈਂ ਕਦੇ ਵੀ ਭੁੱਲ ਨਹੀਂ ਸਕਿਆ। ਮਾਂ ਪਿਤਾ ਜੀ ਦੀ ਭਾਵੁਕਤਾ ਨੂੰ ਸਮਝਦੀ ਹੋਈ ਜਲਦੀ ਹੀ ਹਾਲ ਛੱਡਣ ਲਈ ਪਿਤਾ ਜੀ ਨੂੰ ਆਖ ਰਹੀ ਸੀ ਤੇ ਅਸੀਂ ਵੀ ਨਾਨਕਿਆਂ ਦੇ ਪਿੰਡ ਜਾਣ ਲਈ ਕਾਹਲੇ ਪੈ ਰਹੇ ਸਾਂ। ਇਸ ਕਾਹਲ ਵਿਚ ਕਿਸ ਨੇ ਕਿਸ ਤਰ੍ਹਾਂ ਪਿਤਾ ਜੀ ਨੂੰ ਮਜਬੂਰ ਕੀਤਾ ਸੀ ਇਹ ਤਾਂ ਮੈਨੂੰ ਯਾਦ ਨਹੀਂ ਪਰ ਕੁੱਲ ਮਿਲਾਕੇ ਪਿਤਾ ਜੀ ਦਾ ਬੱਸ ਸਟੈਂਡ ਤੋਂ ਹਾਲ ਤੱਕ ਤੁਰ ਕੇ ਸਾਰੇ ਪਰਿਵਾਰ ਨੂੰ ਹਾਲ ਤੱਕ ਲੈ ਕੇ ਆਉਣ ਦਾ ਪ੍ਰੋਗਰਾਮ ਬਹੁਤਾ ਚੰਗਾ ਨਹੀਂ ਸੀ ਰਿਹਾ। ਅੱਤ ਦੀ ਗਰਮੀ ਕਰਕੇ ਜਾਂ ਕਿਸੇ ਦੇ ਨਾ ਮਿਲਣ ਕਰਕੇ ਜਾ ਕਿਸੇ ਵੀ ਹੋਰ ਕਾਰਨ ਸਾਡੀ ਇਹ ਫੇਰੀ ਰੁੱਖੀ ਹੀ ਰਹੀ ਸੀ। ਪਰ ਮੈਨੂੰ ਹੁਣ ਇਸ ਪਹਿਲੀ ਫੇਰੀ ਉਪਰ ਮਾਣ ਹੈ ਕਿ ਮੇਰੇ ਬਾਪ ਨੇ ਸ਼ਹੀਦਾਂ ਦੀ ਯਾਦਗਾਰੀ ਧਰਤੀ ਦੇ ਦਰਸ਼ਨ ਮਾਸੂਮ ਬਚਪਨ ਵਿਚ ਹੀ ਕਰਵਾ ਦਿੱਤੇ ਸਨ ਭਾਂਵੇ ਇਸ ਉਮਰ ਵਿਚ ਸ਼ਹੀਦ ਕੀ ਹੁੰਦਾ ਹੈ? ਇਸ ਦਾ ਵੀ ਕੋਈ ਬਹੁਤਾ ਗਿਆਨ ਨਹੀਂ ਸੀ। ਦੇਸ਼ ਦੀ ਆਜ਼ਾਦੀ ਤੇ ਗ਼ੁਲਾਮੀ ਬਾਰੇ ਵੀ ਬਹੁਤਾ ਇਲਮ ਨਹੀਂ ਸੀ। ਪਿਤਾ ਜੀ ਨੇ ਵਕਤ ਤੋਂ ਬਹੁਤ ਹੀ ਪਹਿਲਾਂ ਇਹ ਪਾਠ ਆਰੰਭ ਦਿੱਤਾ ਸੀ। ਮੈਨੂੰ ਏਨਾ ਕੁ ਯਾਦ ਹੈ ਉਸੇ ਦਿਨ ਪਿਤਾ ਜੀ ਸਾਨੂੰ ਕਿਸੇ ਹੋਰ ਦਫ਼ਤਰ ਵਿਚ ਵੀ ਲੈ ਕੇ ਗਏ ਸਨ ਜਿੱਥੇ ਅਸੀਂ ਚਾਹ ਪੀਤੀ ਸੀ ਤੇ ਆਪਣੇ ਚਾਹ ਵਾਲੇ ਬਰਤਨ ਆਪ ਸਾਫ਼ ਕਰਕੇ ਬੱਸ ਸਟੈਂਡ ਦੇ ਰਸਤੇ ਨੂੰ ਤੁਰੇ ਸਾਂ।

ਫੇਰ ਬੜੇ ਸਾਲ ਐਸਾ ਸਬੱਬ ਹੀ ਨਹੀਂ ਸੀ ਬਣਿਆ। ਦਿਨ ਮਹੀਨੇ ਸਾਲਾਂ ਵਿਚ ਤਬਦੀਲ ਹੋਕੇ ਪੰਜਾਬ ਚੁਰਾਸੀ ਦੀ ਦਹਿਲੀਜ਼ ਉੱਪਰ ਆਣ ਖੜਾ ਹੋਇਆ ਸੀ। ਪੰਜਾਬ ਵਿਚ ਦਹਿਸ਼ਤ ਦਾ ਪਰਛਾਵਾਂ ਹਰ ਤਰਫ ਸੀ। ਪਿਤਾ ਜੀ ਦੀਆਂ ਟਰੇਡ ਯੂਨੀਅਨ ਦੀਆਂ ਸਰਗਰਮੀਆਂ ਤੇ ਹਿੰਦੂ ਪਰਿਵਾਰ ਵਿਚ ਪੈਦਾ ਹੋਣ ਦੀ ਮਜਬੂਰੀ ਕਰਕੇ ਪਿੰਡ ਹੁਣ ਬਾਪੂ ਸਮੇਤ ਪਰਿਵਾਰ ਲਈ ਸੁਰੱਖਿਅਤ ਨਹੀਂ। ਅਖ਼ਬਾਰ ਵਿਚ ਹਰ ਰੋਜ਼ ਨਿਰਦੋਸ਼ ਲੋਕਾਂ ਦੇ ਮਰਨ ਦੀਆਂ ਖ਼ਬਰਾਂ ਆ ਰਹੀਆਂ ਸਨ। ਇਸ ਕਾਲੀ ਬੋਲੀ ਹਨੇਰੀ ਨੂੰ ਜੇ ਕੋਈ ਲਲਕਾਰ ਰਿਹਾ ਸੀ ਤਾਂ ਉਹ ਪੰਜਾਬ ਭਰ ਦੀਆਂ ਖੱਬੀਆਂ ਧਿਰਾਂ ਹੀ ਸਨ। ਜਿਨ੍ਹਾਂ ਦਾ ਹਮਰਾਹ ਸੀ ਮੇਰਾ ਬਾਪੂ। ਇਸ ਕਰਕੇ ਕਾਲਖ ਦੇ ਵਣਜਾਰੇ ਇਨ੍ਹਾਂ ਜੁਗਨੂੰਆਂ ਦੀ ਅਲਖ ਮਕਾਉਣ ਤੱਕ ਜਾ ਰਹੇ ਸਨ। ਧਰਤੀ ਉੱਪਰ ਲੋਕਾਂ ਲਈ ਮਘਦੇ ਸੂਰਜ ਹਰ ਰੋਜ਼ ਦਹਿਸ਼ਤਗਰਦਾਂ ਹੱਥੋਂ ਕਤਲ ਹੋ ਰਹੇ ਸਨ। ਨਿਰਦੋਸ਼ ਪਰਿਵਾਰਾਂ ਦੇ ਪਰਿਵਾਰ ਲਾਸ਼ਾਂ ਦੇ ਢੇਰ ਵਿਚ ਤਬਦੀਲ ਹੋ ਰਹੇ ਸਨ। ਕਤਲ ਹੋ ਰਹੇ ਨਿਰਦੋਸ਼ ਲੋਕਾਂ ਵਿਚ ਖੱਬੀਆਂ ਧਿਰਾਂ ਦੇ ਹਮਦਰਦਾਂ ਤੇ ਆਗੂਆਂ ਦੀ ਸੂਚੀ ਹਰ ਰੋਜ਼ ਲੰਮੀ ਹੋ ਰਹੀ ਸੀ। ਮੈਂ ਵੀ ਇਨ੍ਹਾਂ ਦਿਨਾਂ ਵਿਚ ਦਸਵੀਂ ਪਾਸ ਕਰ ਲਈ ਸੀ। ਪਿਤਾ ਜੀ ਨੂੰ ਉਨ੍ਹਾਂ ਦੇ ਸਾਥੀਆਂ ਨੇ ਸੁਲਾਹ ਦਿੱਤੀ ਸੀ ਕਿ ਪਿੰਡ ਵਾਲਾ ਘਰ ਛੱਡਕੇ ਸ਼ਹਿਰ ਵਿਚ ਰਿਹਾਇਸ਼ ਕਰ ਲਈ ਜਾਵੇ। ਭਾਂਵੇ ਇਹ ਕਠਿਨ ਕਾਰਜ ਸੀ ਪਰ ਇਸ ਲਈ ਪਿਤਾ ਜੀ ਪ੍ਰਬੰਧ ਕਰ ਰਹੇ ਸਨ। ਮੈਂ ਵੀ ਪਿਤਾ ਜੀ ਦੇ ਨਾਲ ਜਲੰਧਰ ਆਇਆ ਸੀ। ਪਿਤਾ ਜੀ ਨੇ ਇਕ ਮੀਟਿੰਗ ਵਿਚ ਜਾਣਾ ਸੀ। ਜਿੱਥੇ ਮੀਟਿੰਗ ਸੀ ਉਹ ਸੀ ਪੀ ਆਈ ਐਮ ਪਾਰਟੀ ਦਾ ਮੁੱਖ ਦਫ਼ਤਰ ਸੀ ਜਿੱਥੇ ਬੜੇ ਸਾਲ ਪਹਿਲਾਂ ਵੀ ਪਰਿਵਾਰ ਸਮੇਤ ਮੈਂ ਆਇਆ ਸੀ। ਜਿੱਥੇ ਹੁਣ ਸੀ ਆਰ ਪੀ ਦਾ ਪਹਿਰਾ ਸੀ। ਮੈਨੂੰ ਯਾਦ ਆਇਆ ਨਿੱਕੇ ਹੁੰਦਿਆਂ ਨਾਨਕੇ ਘਰ ਜਾਣ ਤੋਂ ਪਹਿਲਾਂ ਸਾਰੇ ਪਰਿਵਾਰ ਨਾਲ ਇੱਥੇ ਹੀ ਚਾਹ ਪੀ ਕੇ ਗਏ ਸਾਂ। ਹੁਣ ਏਨੇ

ਸਾਲਾਂ ਬਾਦ ਵੀ ਇਹ ਹੀ ਜਾਪ ਰਿਹਾ ਸੀ ਕਿ ਦਫ਼ਤਰ ਵਿਚ ਕੁਝ ਵੀ ਨਹੀਂ ਬਦਲਿਆ ਕੇਵਲ ਸੀਆਰਪੀ ਦਾ ਪਹਿਰਾ ਹੀ ਨਵਾਂ ਲੱਗਾ ਹੈ। ਉਹ ਹੀ ਗਲਾਸ ਤੇ ਉਹ ਹੀ ਕਮਰੇ ਇਨ੍ਹਾਂ ਸਾਲਾਂ ਵਿਚ ਸ਼ਾਇਦ ਕਮਰਿਆਂ ਨੂੰ ਰੰਗ ਰੋਗਨ ਵੀ ਨਹੀਂ ਸੀ ਬਦਲਿਆ। ਹਾਂ ਇਕ ਫਰਕ ਪਿਆ ਸੀ ਕਿ ਇਸ ਦਫ਼ਤਰ ਵਿਚ ਖ਼ਾਲਿਸਤਾਨੀ ਦਹਿਸ਼ਤਗਰਦਾਂ ਹੱਥੋਂ ਸ਼ਹੀਦ ਹੋਏ ਕਾਮਰੇਡਾਂ ਦੀਆਂ ਤਸਵੀਰਾਂ ਆਣ ਲੱਗੀਆਂ ਸਨ। ਉਨ੍ਹਾਂ ਤਸਵੀਰਾਂ ਦੇ ਕੈਲੰਡਰ ਬਣ ਜਾਣ ਦਾ ਦਰਦ ਹੁਣ ਮੈਂ ਸਮਝ ਸਕਦਾ ਸਾਂ। ਜਿਸ ਕਿਸਮ ਦੇ ਕੈਲੰਡਰ ਗ਼ਦਰ ਦੇ ਸਮੇਂ ਕਰਤਾਰ ਸਰਾਭੇ ਦੇ ਸਾਥੀਆਂ ਦੇ ਬਣੇ ਹੋਏ ਇਤਿਹਾਸ ਦੀ ਗਵਾਹੀ ਦੇ ਰਹੇ ਹਨ।

ਇਸ ਵੱਡੀ ਮੀਟਿੰਗ ਦੀ ਪ੍ਰਧਾਨਗੀ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਕਰ ਰਹੇ ਸਨ। ਕਾਮਰੇਡ ਸੁਹੇਲ ਤੇ ਨੌਜਵਾਨ ਕਾਮਰੇਡ ਮੰਗਤ ਰਾਮ ਪਾਸਲਾ ਵੀ ਪਿਤਾ ਜੀ ਨੇ ਉਦੋ ਹੀ ਮਿਲਾਏ ਸਨ। ਮੀਟਿੰਗ ਦੇ ਸਮੇਂ ਮੈਂ ਪਾਰਟੀ ਦੇ ਨਿੱਕੇ ਜਿਹੇ ਵਿਹੜੇ ਵਿਚ ਬੈਠਾ 'ਲੋਕ ਲਹਿਰ' ਦੇ ਵਰਕੇ ਫੋਲਦਾ ਰਿਹਾ ਸਾਂ। ਮੀਟਿੰਗ ਦੇ ਖਤਮ ਹੋਣ ਤੋਂ ਬਾਦ ਮੈਂ ਪਿਤਾ ਜੀ ਦੇ ਨਾਲ ਇਕ ਨਿੱਕੇ ਗੇਟ ਨੂੰ ਲੰਘਕੇ ਦੇਸ਼ ਭਗਤ ਯਾਗਦਰ ਹਾਲ ਗਿਆ ਸਾਂ, ਜਿੱਥੇ ਇਕ ਚਿੱਟੀ ਦਾਹੜੀ ਵਾਲੇ ਬਜੁਰਗ ਨੂੰ ਪਿਤਾ ਜੀ ਨੇ ਪ੍ਰਨਾਮ ਕੀਤਾ ਸੀ ਤੇ ਮੈਨੂੰ ਵੀ ਹੁਕਮ ਹੋਇਆ ਸੀ ਕਿ ਇਹ ਮੇਰੇ ਮਾਸੜ ਜੀ ਹਨ ਇਨਾਂ ਨੂੰ ਪ੍ਰਨਾਮ ਕਰਾਂ। ਇਹ ਫੱਬਵੀਂ ਚਿੱਟੀ ਦਾਹੜੀ ਵਾਲਾ ਕਾਮਰੇਡ ਬਾਬਾ ਭਗਤ ਸਿੰਘ ਬਿਲਗਾ ਸੀ। ਜਿਸ ਨੂੰ ਦਸ ਸਾਲ ਪਹਿਲਾਂ ਮਿਲਾਉਣ ਲਈ ਪਿਤਾ ਜੀ ਸਾਰੇ ਪਰਿਵਾਰ ਨੂੰ ਹਾਲ ਵਿਚ ਲੈ ਕੇ ਆਏ ਸਨ। ਜੋਂ ਉਦੋਂ ਨਹੀਂ ਸਨ ਮਿਲੇ। ਇਕ ਦੂਸਰੇ ਦੀ ਖ਼ੈਰ ਸੁੱਖ ਪੁੱਛਣ ਤੋਂ ਬਾਦ ਛੇਤੀ ਹੀ ਪੰਜਾਬ ਦੇ ਮਾੜੇ ਹਲਾਤਾਂ ਬਾਰੇ ਗੱਲਾਂ ਹੋਣ ਲੱਗ ਪਈਆਂ ਸਨ। ਤੇ ਫੇਰ ਮਾੜੇ ਹਲਾਤਾਂ ਸੰਬੰਧੀ ਨਸੀਹਤਾਂ ਬਿਲਗਾ ਜੀ ਵੱਲੋਂ ਵੀ ਮਿਲਣ ਲੱਗ ਪਈਆਂ ਸਨ। ਮਾਹੌਲ ਵਿਚ ਦਹਿਸ਼ਤ ਵੀ ਸੀ ਤੇ ਇਸ ਦੇ ਖ਼ਿਲਾਫ਼ ਲਾਮਬੰਦ ਹੋਣ ਦੀ ਵਿਉਂਤਬੰਦੀ ਵੀ ਸੀ। ਬਾਬਾ ਬਿਲਗਾ ਕਾਮਰੇਡ ਬਲਦੇਵ ਮਾਨ ਜੀ ਦੀ ਸ਼ਹਾਦਤ ਦੀਆਂ ਗੱਲਾ ਕਰ ਰਹੇ ਸਨ। ਦਹਿਸ਼ਤਗਰਦਾਂ ਨੂੰ ਸਬਕ ਸਿਖਾਉਣ ਤੇ ਬਰਾਬਰ ਦੇ ਹੋ ਕੇ ਟੱਕਰਣ ਦੀ ਗੱਲ ਵੀ ਮੈਂ ਪਹਿਲੀ ਵਾਰ ਉੱਥੋਂ ਹੀ ਸੁਣੀ ਸੀ।

ਫੇਰ ਲੁੱਟਾਂ ਖੋਹਾਂ, ਕਤਲਾਂ ਤੇ ਫਿਰਕਾਪ੍ਰਸਤੀ ਦਾ ਬਜ਼ਾਰ ਹੋਰ ਵੀ ਗਰਮ ਹੋਣ ਲੱਗ ਪਿਆ। ਅਸੀਂ ਅੱਧਾ ਪਰਿਵਾਰ ਕਮਰਾ ਕਰਾਏ ਉੱਪਰ ਲੈ ਕੇ ਜਲੰਧਰ ਰਹਿਣ ਲੱਗ ਪਏ। ਮਕਸਦ ਬਸ ਇਹ ਹੀ ਕਿ ਸਾਰਾ ਪਰਿਵਾਰ ਹੀ ਦਹਿਸ਼ਤਗਰਦਾਂ ਦਾ ਖਾਜ਼ਾ ਇਕੱਠੇ ਨਾ ਬਣ ਜਾਈਏ। ਪੁਲਿਸ ਦੀ ਸਰਕਾਰੀ ਦਹਿਸ਼ਤਗਰਦੀ ਤੇ ਫਿਰਕਾਪ੍ਰਸਤੀ ਦੋਹਾਂ ਨੂੰ ਇਕੱਠਿਆਂ ਬਰਦਾਸ਼ਤ ਕਰਨਾ ਪਿਆ ਸੀ । ਇਹ ਦਸ ਸਾਲ ਦਸ ਸਦੀਆਂ ਵਾਂਗ ਲੰਘੇ ਸਨ। ਹੁਣ ਦੇਸ਼ ਭਗਤ ਯਾਦਗਾਰ ਹਾਲ ਤੇ ਗ਼ਦਰੀ ਸੂਰਮਿਆਂ ਦਾ ਸਾਂਝੀਵਾਲ ਦਾ ਸੁਨੇਹਾ ਯਾਦ ਆਉਣ ਲੱਗਾ। ਆਜ਼ਾਦੀ ਤੇ ਸੱਤਾ ਦੀ ਤਬਦੀਲੀ ਦੇ ਅਰਥ ਉਘੜਨ ਲੱਗੇ। ਬਾਬਾ ਬਿਲਗਾ ਜੀ ਨਾਲ ਮੁਲਾਕਾਤਾਂ ਦਾ ਸਿੱਧਾ ਸਿਲਸਲਾ ਚੱਲਣ ਲੱਗਾ। ਦੇਸ਼ ਭਗਤ ਯਾਦਗਾਰ ਹਾਲ ਦੀਆਂ ਪੌੜੀਆਂ ਹੇਠਲੇ ਕਮਰੇ ਵਿਚ ਬਾਬਾ ਸਰਕਾਰੀ ਤੇ ਗ਼ੈਰ ਸਰਕਾਰੀ ਦਹਿਸ਼ਤਗਰਦੀ ਦੇ ਖ਼ਿਲਾਫ ਲੜ ਰਿਹਾ ਸੀ। ਦੂਸਰੇ ਪਾਸੇ ਮੇਘ ਰਾਜ ਮਿੱਤਰ ਜੀ ਅੰਧ ਵਿਸ਼ਵਾਸਾਂ ਦੇ ਖ਼ਿਲਾਫ ਇਕ ਦੋ ਸਾਥੀਆਂ ਨੂੰ ਲੈ ਕੇ ਚੱਲੇ ਸਨ ਪੰਜਾਬ ਦੀ ਤਰਕਸ਼ੀਲ ਲਹਿਰ ਦਾ ਸੁਨਿਹਰੀ ਸਫ਼ਰ ਆਰੰਭ ਰਹੇ ਸਨ। ਜਿਨ੍ਹਾਂ ਨਾਲ ਪੰਜਾਬ ਦੀ ਵਿਗਿਆਨਕ ਸੋਚ ਵਾਲੇ ਨੌਜਵਾਨ ਜੁੜਨ ਲੱਗੇ। ਇਨ੍ਹਾਂ ਵਹਿਸ਼ਤ ਦੇ ਪਾਗਲ ਵਰ੍ਹਿਆਂ ਵਿਚ ਆਪਣੇ ਚਚੇਰੇ ਭਰਾ

ਜਸਵੰਤ ਵਿਰਲੀ ਦੇ ਯਤਨਾਂ ਦੇ ਨਾਲ ਵਿਗਿਆਨਕ ਪੁਸਤਕਾਂ ਪੜ੍ਹਨ ਦੇ ਨਾਲ ਨਾਲ ਮੇਘ ਰਾਜ ਮਿੱਤਰ ਨੂੰ ਮਿਲਣ ਦਾ ਮੌਕਾ ਮਿਲ ਗਿਆ। ਭਾਵੇਂ ਪੰਜਾਬ ਦੀ ਤਰਕਸ਼ੀਲ ਲਹਿਰ ਲਈ ਤਾਂ ਕੁਝ ਨਹੀਂ ਕਰ ਸਕਿਆ ਪਰ ਲਹਿਰ ਦੇ ਪ੍ਰਭਾਵ ਨਾਲ ਜਿੱਥੇ ਧਰਮਾਂ ਦੀ ਸਮਝ ਆ ਗਈ ਉੱਥੇ ਇਕ ਫਿਰਕਾਪ੍ਰਸਤੀ ਨੂੰ ਟੱਕਰ ਦੇਣ ਲਈ ਦੂਸਰੀ ਫਿਰਕਾਪ੍ਰਸਤੀ ਨਾਲ ਜੁੜਨ ਤੋਂ ਬਚ ਗਏ। ਜਿਸ ਦੀ ਫ਼ਿਕਰਮੰਦੀ ਪੰਜਾਬ ਦੀਆਂ ਖੱਬੀਆਂ ਧਿਰਾਂ ਨੂੰ ਸੀ। ਜਿਸ ਨਾਲ ਬਾਬਾ ਬਿਲਗਾ ਜੋੜਨਾ ਚਾਹੁੰਦੇ ਸਨ।

ਕਾਂਗਰਸ, ਅਕਾਲੀ ਤੇ ਭਾਜਪਾ ਦਾ ਕਿਰਦਾਰ ਸਮਝ ਆ ਰਿਹਾ ਸੀ। ਇਨ੍ਹਾਂ ਕਾਲੇ ਦਿਨਾਂ ਨੇ ਜਿੱਥੇ ਖੱਬੀਆਂ ਧਿਰਾਂ ਦੇ ਹਮਦਰਦ ਬਣਾਇਆ ਉੱਥੇ ਸ਼ਹੀਦ ਗ਼ਦਰੀਆਂ ਨਾਲ ਵੀ ਜੋੜਿਆ। ਖ਼ਾਲਿਸਤਾਨੀ ਦਹਿਸ਼ਤਗਰਦਾਂ ਨੇ ਇਕ ਕਾਲੀ ਬੋਲੀ ਰਾਤ ਮੇਰੇ ਪਿੰਡ ਦੇ ਕਾਮਰੇਡ ਜੈਮਲ ਸਿੰਘ ਪੱਡਾ ਦਾ ਕਤਲ ਕਰ ਦਿੱਤਾ ਗਿਆ। ਮੈਂ ਆਪਣੀ ਅੱਖੀਂ ਇਕ ਯੋਧੇ ਨੂੰ ਵਿਦਾ ਹੁੰਦਿਆਂ ਤੱਕਿਆ। ਇਕ ਤਸਵੀਰ ਤੋਂ ਕਲੰਡਰ ਤੱਕ ਦਾ ਸਫ਼ਰ ਜਿਹੜਾ ਦੇਸ਼ ਭਗਤਾਂ ਦੇ ਮੀਊਜ਼ੀਅਮ ਦੀ ਵਰਾਸਤ ਬਣ ਗਿਆ। ਜਿੱਥੇ ਬਾਪੂ ਬਚਪਨ ਵਿਚ ਲੈ ਕੇ ਗਿਆ ਸੀ ਉਸ ਕੰਧ ਉਪਰ ਲੱਗਣ ਲਈ ਏਨੀ ਕੀਮਤ ਤਾਰਨੀ ਪੈਂਦੀ ਹੈ? ਇਸ ਦੇ ਅਰਥ 18 ਮਾਰਚ 1988 ਨੂੰ ਕਾਮਰੇਡ ਪੱਡਾ ਦੀ ਸ਼ਹਾਦਤ ਨਾਲ ਸਮਝ ਆਏ। ਬਾਬਾ ਬਿਲਗਾ ਖ਼ਾਲਿਸਤਾਨੀ ਦਹਿਸ਼ਗਰਦਾਂ ਦੇ ਇਸ ਘਨੌਣੇ ਕਾਰੇ ਦੇ ਖਿਲਾਫ਼ ਬੇਖੌਫ ਹੋਕੇ ਮੇਰੇ ਪਿੰਡ ਲੱਖਣ ਕੇ ਪੱਡਾ ਵਿਖੇ ਗਰਜਿਆ ਸੀ। ਮੈਨੂੰ ਯਾਦ ਹੈ ਕਿ ਬਾਬੇ ਨੇ ਮੇਰੇ ਪਿੰਡ ਕਾਮਰੇਡ ਪੱਡਾ ਨੂੰ ਸ਼ਰਧਾ ਭੇਟ ਕਰਦਿਆਂ ਕਿਹਾ ਸੀ, " ਹਿਟਲਰ ਦੇ ਵਾਰਸੋ। ਲੋਕਾਂ ਦੇ ਵਾਰਸਾਂ ਨੂੰ ਲੁਕ ਛਿਪਕੇ ਕਤਲ ਕਰਕੇ ਕੀ ਸਿੱਧ ਕਰਨਾ ਚਾਹੁੰਦੇ ਹੋ, ਇਤਿਹਾਸ ਵੱਲ ਝਾਤੀ ਮਾਰੋ ਧਰਤੀ ਮਾਂ ਕਦੇ ਵੀ ਬਾਂਝ ਨਹੀਂ ਹੋਈ, ਇਹ ਸੂਰਮੇਂ ਜੰਮਦੀ ਹੀ ਰਹਿੰਦੀ ਹੈ। ਕਦੀ ਰਾਮ ਆਇਆ, ਕਦੀ ਈਸਾ ਆਇਆ, ਕਦੀ ਹਜਰਤ ਮੁਹੰਮਦ ਆਏ, ਕਦੇ ਨਾਨਕ ਤੇ ਗੋਬਿੰਦ ਆਏ , ਕਦੇ ਮੰਗਲ ਪਾਂਡੇ ਆਇਆ, ਕਦੀ ਸਰਾਭਾ ਤੇ ਭਕਨਾ ਆਏ ਕਦੇ ਭਗਤ ਸਿੰਘ ਆਇਆ ਕਦੇ ਮਾਨ ਕਨੇਡੀਅਨ ਤੇ ਧੂਤ ਆਏ ਧਰਤੀ ਮਾਂ ਕਦੇ ਵੀ ਬਾਂਝ ਨਹੀਂ ਹੋਈ ਹੁਣ ਪੱਡਾ ਸ਼ਹੀਦ ਕਰਕੇ ਵੀ ਇਹ ਹੀ ਭਰਮ ਪਾਲਿਆ ਕਿ ਲੋਕਾਂ ਦੇ ਵਾਰਿਸ ਮਰ ਜਾਣਗੇ ? ਇਹ ਵਹਿਮ ਹੈ ਤੁਹਾਡਾ। ਲੋਕਾਂ ਦੇ ਵਾਰਸ ਨਹੀਂ ਮੁੱਕਣੇ ਤੁਸੀਂ ਮਰ ਮੁਕ ਜਾਣਾ ਹੈ"। ਅੱਜ ਸਮਿਆਂ ਨੇ ਸਿੱਧ ਕਰ ਦਿੱਤਾ ਹੈ ਕਿ ਹਰ ਹਿਲਟਰ ਦਾ ਅੰਤ ਹੁੰਦਾ ਹੈ ਪਰ ਲੋਕਾਂ ਦੀ ਸ਼ਕਤੀ ਵਧਦੀ ਹੈ ਘਟਦੀ ਨਹੀਂ। ਉਦੋਂ ਹੀ ਬਾਬੇ ਬਿਲਗੇ ਨੇ ਮੈਨੂੰ ਥਾਪੜਾ ਦਿੱਤਾ ਸੀ ਕਿ ਮੈਂ ਸ਼ਹੀਦ ਜੈਮਲ ਪੱਡੇ ਬਾਰੇ ਕੁਝ ਲਿਖਾਂ। ਮੇਰੀ ਕਿਤਾਬ "ਸੂਹੀਆਂ ਕਿਰਨਾਂ ਦਾ ਯਾਰ ਜੈਮਲ ਪੱਡਾ" ਬਾਬਾ ਜੀ ਦੇ ਅਸ਼ੀਰਵਾਦ ਦੀ ਬਦੌਲਤ ਹੀ ਹੋਂਦ ਵਿਚ ਆਈ ਸੀ।

ਇਸ ਕਿਤਾਬ ਦਾ ਮੁੱਖ ਬੰਦ ਲਿਖਵਾਉਣ ਲਈ ਜਦੋਂ ਮੈਂ ਬਾਬਾ ਜੀ ਨੂੰ ਮਿਲਣ ਦੇਸ਼ ਭਗਤ ਯਾਦਗਾਰ ਹਾਲ ਗਿਆ ਸਾਂ ਤਾਂ ਉਨ੍ਹਾਂ ਦੀ ਸਿਹਤ ਬਹੁਤੀ ਠੀਕ ਨਹੀਂ ਸੀ। ਉਹ ਮੈਨੂੰ ਪਹਿਚਾਣ ਵੀ ਨਹੀਂ ਸਨ ਸਕੇ। ਮੇਰੇ ਦੱਸਣ 'ਤੇ ਕਿ ਮੈਂ ਖਾਨਖਾਨਾਂ ਵਾਲੇ ਪੰਡਤ ਬਾਊ ਰਾਮ ਜੀ ਦਾ ਦੋਹਤਾਂ ਹਾਂ ਤਾਂ ਉਨ੍ਹਾਂ ਨੇ ਇਸ਼ਾਰਾ ਕੀਤਾ ਸੀ ਕਿ ਮੈਂ ਉਨ੍ਹਾਂ ਦੀ ਬਾਂਹ ਫੜ ਕੇ ਉਨ੍ਹਾਂ ਨੂੰ ਬਿਠਾਂਵਾਂ। ਮੈਂ ਉਨ੍ਹਾਂ ਨੂੰ ਬਿਠਾਕੇ ਉਨ੍ਹਾਂ ਦੇ ਪੈਰੀ ਹੱਥ ਲਾਏ। ਪਰ ਉਨ੍ਹਾਂ ਨੇ ਮੈਨੂੰ ਗਲਵਕੜੀ ਵਿਚ ਲੈ ਲਿਆ ਨਾਨਾ ਜੀ ਨੂੰ ਯਾਦ ਕਰਕੇ ਉਨ੍ਹਾਂ ਦੀਆਂ ਅੱਖੀਆਂ ਭਰ ਆਈਆਂ ਸਨ। ਉਨ੍ਹਾਂ ਨੇ

ਦੱਸਿਆ ਕਿ ਗ਼ਦਰ ਦੇ ਇਨਕਲਾਬੀ ਵਰ੍ਹਿਆਂ ਵਿਚ ਨਾਨਾ ਜੀ ਨੇ ਉਨ੍ਹਾਂ ਦਾ ਸਾਥ ਦਿੱਤਾ ਸੀ। ਇਸ ਕਰਕੇ ਉਹ ਭਾਵੁਕ ਹੋ ਗਏ ਸਨ। ਦਹਿਸ਼ਤਗਰਦੀ ਦੇ ਪਾਗ਼ਲ ਦਿਨਾਂ ਵਿਚ ਅਤਿਵਾਦੀਆਂ ਨੂੰ ਲਲਕਾਰਨ ਵਾਲੇ ਬਾਬਾ ਜੀ ਏਨੇ ਸੰਵੇਦਨਸ਼ੀਲ ਹਨ ਕਿ ਇਕ ਪਿਆਰੇ ਦੀ ਯਾਦ ਨਾਲ ਹੀ ਫਿੱਸ ਗਏ ਮੈਂ ਹੈਰਾਨ ਸਾਂ। ਉਨਾਂ ਨੇ ਖਰੜਾ ਆਪਣੇ ਹੱਥ ਵਿਚ ਲਿਆ ਤੇ ਆਖਿਆ ਮੈਂ ਉਨ੍ਹਾਂ ਨੂੰ ਕੋਸਾ ਜਿਹਾ ਪਾਣੀ ਦਿਆਂ ਤੇ ਗਰਮ ਗਰਮ ਦਲੀਆ ਫੜਾਵਾਂ। ਮੈਂ ਸੋਚ ਰਿਹਾ ਸਾਂ ਕਿ ਹੁਣ ਮੈਨੂੰ ਆਖਣਗੇ ਕਿ ਮੇਰੀ ਹਾਲਤ ਪੜ੍ਹਨ ਦੀ ਨਹੀਂ ਰੱਖ ਜਾਹ ਜਾਂ ਆਪਣੀ ਅਸਮਰਥਾ ਦਾ ਇਜ਼ਹਾਰ ਕਰਕੇ ਤੋਰ ਦੇਣਗੇ ਪਰ ਐਸਾ ਕੁਝ ਵੀ ਨਾ ਹੋਇਆ ਆਖਣ ਲੱਗੇ ਪੜ੍ਹਕੇ ਸੁਣਾ। ਇਹ ਕੰਮ ਦੋ ਦਿਨ ਚੱਲਦਾ ਰਿਹਾ ਮੈਂ ਪੜ੍ਹਦਾ ਰਿਹਾ ਉਹ ਸੁਣਦੇ ਰਹੇ। ਦੋ ਦਿਨਾਂ ਬਾਦ ਉਹ ਬੋਲਦੇ ਰਹੇ ਤੇ ਮੈਂ ਲਿਖਦਾ ਰਿਹਾ, ਮੇਰੀ ਪੁਸਤਕ ਬਾਰੇ ਲਿਖੇ ਉਨ੍ਹਾਂ ਦੇ ਦੋ ਸ਼ਬਦ ਮੈਨੂੰ ਉਮਰ ਭਰ ਲਈ ਉਨ੍ਹਾਂ ਨਾਲ ਜੋੜਨ ਲਈ ਕਾਫੀ ਹਨ। ਉਦੋਂ ਉਨ੍ਹਾਂ ਨੇ ਮੈਨੂੰ ਅਸ਼ੀਰਵਾਦ ਦਿੰਦਿਆਂ ਕਿਹਾ ਸੀ " ਪਹਿਲਾਂ ਹੀ ਬਹੁਤ ਲੇਟ ਹੋ ਜਲਦੀ ਕਰੋ ਤੇ ਛਪਵਾ ਲਵੋ।"

ਮੈਨੂੰ ਬਾਬਾ ਬਿਲਗਾ ਦਾ ਉਹ ਸੀਨ ਕਦੇ ਵੀ ਨਹੀਂ ਭੁਲਦਾ ਜਦੋਂ ਜ਼ਲ੍ਹਿਆਂ ਵਾਲੇ ਬਾਗ ਨੂੰ ਡਾ. ਮਨਮੋਹਣ ਸਿੰਘ ਦੀ ਸਰਕਾਰ ਐਸੋ ਇਸ਼ਰਤ ਦਾ ਅੱਡਾ ਬਣਾਉਣ ਜਾ ਰਹੀ ਸੀ। ਦੇਸ਼ ਭਗਤ ਯਾਦਗਾਰ ਕਮੇਟੀ ਉਸ ਦੇ ਖਿਲਾਫ਼ ਲੜ ਰਹੀ ਸੀ ਤੇ ਬਾਬਾ ਬਿਲਗਾ ਵੀਲਚੇਅਰ ਉੱਪਰ ਬੈਠ ਕੇ ਇਸ ਘੋਲ ਦੀ ਅਗਵਾਈ ਕਰ ਰਹੇ ਸਨ। ਮੀਡੀਆ ਹੈਰਾਨ ਸੀ ਕਿ ਉਮਰ ਦੇ ਆਖ਼ਰੀ ਦਹਾਕੇ ਵਿਚ ਬਾਬਾ ਜੀ ਦਾ ਜੋਸ਼ ਮੱਠਾ ਨਹੀਂ ਸੀ ਪਿਆ। ਜਦੋਂ ਬਾਬਾ ਬਿਲਗਾ ਜੀ ਦਾ 99 ਵੇਂ ਵਾਂ ਜਨਮ ਦਿਨ ਸੀ ਤਾਂ ਇਕ ਪੱਤਰਕਾਰ ਨੇ ਬਾਬਾ ਜੀ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਕਿਹਾ ਸੀ ਕਿ "ਬਾਬਾ ਜੀ ਮੈਂ ਦੁਆ ਕਰਦਾ ਹਾਂ ਕਿ ਅਗਲੇ ਸਾਲ ਵੀ ਆਪ ਨੂੰ ਜਨਮ ਦਿਨ ਮੁਬਾਰਕ ਆਖਣ ਲਈ ਆਵਾਂ ਤਾਂ ਬਾਬਾ ਜੀ ਨੇ ਝੱਟ ਕਿਹਾ ਸੀ ਕਾਕਾ ਜੀ ਅਜੇ ਤੁਹਾਡੀ ਉਮਰ ਹੀ ਕੀ ਹੈ? ਵਿਸ਼ਵਾਸ਼ ਰੱਖੋਂ ਤਸੀਂ ਜ਼ਰੂਰ ਆਵੋਂਗੇ।" ਉਹ ਪੱਤਰਕਾਰ ਬਾਬਾ ਜੀ ਦੀ ਜ਼ਿੰਦਾਦਿਲੀ ਤੇ ਹਾਜ਼ਰ ਜਵਾਬੀ ਦਾ ਕਾਇਲ ਹੋ ਗਿਆ ਸੀ।

ਬਾਬਾ ਜੀ ਦਾ ਜੀਵਨ ਦੇਸ਼ ਨੂੰ ਆਜ਼ਾਦ ਕਰਵਾਉਣ ਦੇ ਲੇਖੇ ਲੱਗਾ। ਉਹ ਦੇਸ਼ਾਂ ਬਦੇਸ਼ਾਂ ਵਿਚ ਦੇਸ਼ ਦੇ ਸੰਘਰਸ਼ ਨੂੰ ਲਾਮਬੰਦ ਕਰਨ ਲਈ ਜਲਾਵਤਨ ਰਹੇ। ਲੰਮੀਆਂ ਜੇਲ੍ਹ ਯਾਤਰਾਵਾਂ ਕੀਤੀਆਂ। ਉਨਾਂ ਦੀ ਕਰਮ ਭੂਮੀ ਵੀ ਉਨ੍ਹਾਂ ਦੇ ਨਾਹਰੇ 'ਕੁਲ ਦੁਨੀਆ ਦੇ ਕਿਰਤੀਓ ਇਕ ਹੋ ਜਾਓ' ਵਾਂਗ ਸਾਰੀ ਦੁਨੀਆ ਹੀ ਸੀ। ਉਨਾਂ ਨੇ ਇਕ ਸੌ ਦੋ ਵਰ੍ਹਿਆਂ ਦਾ ਅਡੋਲ ਜੀਵਨ ਜੀਵਿਆ ਤੇ ਪਲ-ਪਲ ਲੋਕਾਂ ਦੇ ਲੇਖੇ ਲਾ ਦਿੱਤਾ। 22 ਮਈ 2009 ਨੂੰ ਇੰਗਲੈਂਡ ਵਿਖੇ ਆਪਣੇ ਪੁੱਤਰ ਕੋਲ ਗ਼ਦਰ ਦਾ ਇਹ ਆਖ਼ਰੀ ਚਿਰਾਗ਼ ਇਨਕਲਾਬੀ ਵਿਰਾਸਤ ਨੂੰ ਅਲਵਿਦਾ ਆਖ ਗਿਆ। ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਵਰ੍ਹੇ 1907 ਵਿਚ ਬਿਲਗੇ ਦੀ ਧਰਤੀ ਉਪਰ ਜਨਮਿਆਂ, ਭਗਤ ਸਿੰਘ ਦੇ ਸਾਥੀਆਂ ਨਾਲ ਕੰਮ ਕੀਤਾ ਤੇ ਉਸ ਸ਼ਹੀਦ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਜੱਦੋ ਜਹਿਦ ਕਰਦਾ ਅਲਵਿਦਾ ਹੁੰਦਾ ਹੋਇਆ ਵੀ ਆਪਣੀ ਮੌਤ ਨਾਲ ਇਕ ਨਵਾਂ ਜਜ਼ਬਾ ਨੌਜਵਾਨਾਂ ਅੰਦਰ ਭਰ ਗਿਆ। ਤਾਂ ਹੀ ਜਦੋਂ ਬਾਬਾ ਜੀ ਦੀ ਪਵਿੱਤਰ ਦੇਹ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਲਿਆਂਦੀ ਜਾ ਰਹੀ ਸੀ ਤਾਂ ਰਾਤ ਦੋ ਵਜੇ ਕਿਰਤੀ ਲੋਕਾਂ ਦੇ ਇਕੱਠ ਜੀ ਟੀ ਰੋਡ ਉੱਪਰ ਆਪਣੇ ਮਹਿਬੂਬ ਆਗੂ ਦੇ

ਆਖ਼ਰੀ ਦਰਸ਼ਨ ਕਰਨ ਲਈ ਖੜੇ ਸਨ। ਦੇਸ਼ ਭਗਤ ਯਾਦਗਾਰ ਹਾਲ ਦਾ ਵਿਸ਼ਾਲ ਵਿਹੜਾ ਉਸ ਦਿਨ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨਾਲ ਸੌੜਾ ਸੌੜਾ ਲੱਗ ਰਿਹਾ ਸੀ। ਅੱਜ ਵੀ ਲਗਦਾ ਹੈ ਬਾਬਾ ਬਿਲਗਾ ਕਿਤੇ ਨਹੀਂ ਗਿਆ। ਸੰਘਰਸ਼ ਕਰਦੇ ਲੋਕਾਂ ਦੇ ਅੰਗ ਸੰਗ ਖੜਾ ਹੈ ਤੇ ਜਲਦੀ ਹੀ ਤਣੇ ਹੋਏ ਮੁੱਕੇ ਵਿੱਚੋਂ ਨਾਹਰਾ ਬਣਕੇ ਨਿਕਲੇਗਾ। ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ।

***

# ਬਾਬਾ ਭਗਤ ਸਿੰਘ ਬਿਲਗਾ ਦੀ 'ਅਯੋਗਤਾ'

-ਬਲਜੀਤ ਸਿੰਘ ਬਰਾੜ

ਭਾਰਤ ਨੂੰ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦ ਕਰਵਾਉਣ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਅਤੇ ਉਸ ਸਮੇਂ ਦੌਰਾਨ ਗ਼ਦਰ ਪਾਰਟੀ ਦੇ ਚੋਟੀ ਦੇ ਆਗੂ ਬਾਬਾ ਭਗਤ ਸਿੰਘ ਬਿਲਗਾ ਇੱਕ ਸੌ ਦੋ ਵਰ੍ਹੇ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ ਹਨ। ਬਾਬਾ ਬਿਲਗਾ ਆਜ਼ਾਦੀ ਲਹਿਰ ਦੇ ਪ੍ਰਮੁੱਖ ਘੁਲਾਟੀਏ ਸਨ। ਉਹ ਅੰਗਰੇਜ਼ਾਂ ਦੇ ਚਲੇ ਜਾਣ ਪਿੱਛੋਂ ਵੀ ਦੇਸ਼ ਅਤੇ ਕੌਮ ਦੀ ਲਗਾਤਾਰ ਸੇਵਾ ਕਰਦੇ ਰਹੇ। ਬੇਦਾਗ ਸ਼ਖ਼ਸੀਅਤ ਦੇ ਮਾਲਕ ਬਾਬਾ ਬਿਲਗਾ ਦੇਸ਼ ਭਗਤ ਲੋਕਾਂ ਲਈ ਪ੍ਰੇਰਣਾ ਦਾ ਇੱਕ ਸਰੋਤ ਸਨ। ਉਨ੍ਹਾਂ ਨੇ ਆਜ਼ਾਦੀ ਲਹਿਰ ਦੌਰਾਨ ਅਨੇਕਾਂ ਤਸੀਹੇ ਝੱਲੇ, ਪ੍ਰੰਤੂ ਦੇਸ਼ ਸੇਵਾ ਤੋਂ ਪੈਰ ਪਿਛਾਂਹ ਨਹੀਂ ਪੁੱਟਿਆ। ਇੱਕ ਵੱਡੀ ਹਸਤੀ ਹੋਣ ਦੇ ਬਾਵਜੂਦ ਉਨ੍ਹਾਂ ਨੇ ਆਪਣੇ ਜਾਂ ਆਪਣੇ ਪਰਿਵਾਰ ਲਈ ਕੋਈ ਆਰਥਿਕ ਲਾਭ ਨਹੀਂ ਲਿਆ। ਰਾਜਸੀ ਨੇਤਾਵਾਂ ਵਾਂਗ ਉਹ ਅਹੁਦਿਆਂ ਦੇ ਲਾਲਚ ਪਿੱਛੇ ਵੀ ਨਹੀਂ ਭੱਜੇ। ਬਾਬਾ ਬਿਲਗਾ ਨੇ ਆਪਣੀ ਪੂਰੀ ਉਮਰ ਵਿੱਚ ਸਮਾਜ ਅੰਦਰ ਜਾਤ, ਵਰਗ ਜਾਂ ਧਰਮ ਦੇ ਆਧਾਰ 'ਤੇ ਵੰਡੀ ਪਾਉਣ ਦਾ ਕੋਈ ਯਤਨ ਨਹੀਂ ਕੀਤਾ। ਉਹ ਤਾਂ ਹਮੇਸ਼ਾ ਸਮਾਜ ਦੇ ਸਾਰੇ ਵਰਗਾਂ ਦੀ ਬਿਹਤਰੀ ਚਾਹੁੰਦੇ ਸਨ। ਉਹ ਧਰਮ, ਜਾਤ ਅਤੇ ਵਰਗ ਦੇ ਆਧਾਰ 'ਤੇ ਕਿਸੇ ਵੀ ਤਰ੍ਹਾਂ ਦੇ ਟਕਰਾਅ ਦੇ ਵਿਰੁੱਧ ਸਨ। ਉਨ੍ਹਾਂ ਨੇ ਲੋਕਾਂ ਨੂੰ ਪਾਖੰਡ ਦੇ ਰਾਹ ਵੀ ਨਹੀਂ ਤੋਰਿਆ। ਉਹ ਅਜਿਹੇ ਡੇਰੇਦਾਰ ਨਹੀਂ ਸਨ, ਜਿਹੜੇ ਲੋਕਾਂ ਨੂੰ ਗੁੰਮਰਾਹ ਕਰਕੇ ਸਮਾਜ ਵਿੱਚ ਵੰਡੀਆਂ ਪਾਉਂਦੇ ਫਿਰਦੇ ਹਨ। ਬਾਬਾ ਬਿਲਗਾ ਅਜਿਹੀ ਇਨਕਲਾਬੀ ਜਥੇਬੰਦੀ ਨਾਲ ਸਬੰਧਿਤ ਸਨ, ਜਿਹੜੀ ਦੇਸ਼ ਨੂੰ ਹਥਿਆਰਬੰਦ ਜੱਦੋ-ਜਹਿਦ ਰਾਹੀਂ ਅੰਗਰੇਜ਼ੀ ਗ਼ੁਲਾਮੀ ਤੋਂ ਮੁਕਤ ਕਰਵਾ ਕੇ ਦੇਸ਼ ਵਿਚ ਧਰਮ ਨਿਰਪੱਖ ਤੇ ਸਾਂਝੀਵਾਲਤਾ 'ਤੇ ਆਧਾਰਤ ਰਾਜ ਸਥਾਪਿਤ ਕਰਨ ਦਾ ਨਿਸ਼ਾਨਾ ਰੱਖਦੀ ਸੀ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ 8000 ਦੇ ਕਰੀਬ ਗ਼ਦਰੀ ਵਿਦੇਸ਼ਾਂ 'ਚੋਂ ਭਾਰਤ ਵਲ ਆਏ, ਜਿਨ੍ਹਾਂ ਵਿਚੋਂ 166 ਫਾਂਸੀ ਜਾਂ ਜੇਲ੍ਹਾਂ ਤੇ ਤਸੀਹਿਆਂ ਨਾਲ ਸ਼ਹੀਦ ਹੋ ਗਏ, 765 ਉਮਰ ਕੈਦਾਂ ਭੁਗਤਦੇ ਜੇਲ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਦੇ ਜੁਆਨੀ ਵਿੱਚ ਹੀ ਬਾਬੇ ਜਾਪਣ ਲੱਗ ਪਏ। ਅਜਿਹੀ ਮਾਣਮੱਤੀ ਲਹਿਰ ਨਾਲ ਸਬੰਧਿਤ ਬਾਬਾ ਬਿਲਗਾ ਆਖਰੀ ਸਾਹਾਂ ਤੱਕ ਗ਼ਦਰੀਆਂ ਦੀਆਂ ਕੁਰਬਾਨੀਆਂ, ਉਨ੍ਹਾਂ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੀ ਲਾਮਿਸਾਲ ਭੂਮਿਕਾ ਨੂੰ ਸਹੀ ਸਥਾਨ ਦੁਆਉਣ ਲਈ ਤਨਦੇਹੀ ਨਾਲ ਜੁੱਟੇ ਰਹੇ। ਇਤਿਹਾਸ ਅਤੇ ਵਿਰਸੇ ਦੀ ਸੰਭਾਲ ਲਈ ਉਨ੍ਹਾਂ ਨੇ ਬੇਮਿਸਾਲ ਯੋਗਦਾਨ ਪਾਇਆ। ਉਹ ਖ਼ੁਦ ਇੱਕ ਚੰਗੇ ਲੇਖਕ ਸਨ ਅਤੇ ਲੇਖਕਾਂ ਨੂੰ ਪ੍ਰੇਰਣਾ

ਦਿੰਦੇ ਰਹਿੰਦੇ ਸਨ। ਬਾਬਾ ਜੀ ਨੇ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਸਮੇਤ ਕਈ ਬਿਹਤਰੀਨ ਕਿਤਾਬਾਂ ਦੀ ਰਚਨਾ ਕੀਤੀ। ਦੁੱਖ ਦੀ ਗੱਲ ਤਾਂ ਇਹ ਹੈ ਕਿ ਅਜਿਹੀ ਮਿਸਾਲੀ ਸ਼ਖ਼ਸੀਅਤ ਅਤੇ ਦੇਸ਼ ਭਗਤ ਬਾਬਾ ਬਿਲਗਾ ਸਮੇਂ ਦੇ ਹੁਕਮਰਾਨਾਂ ਦੀ ਨਜ਼ਰ ਵਿਚ ਅਯੋਗ ਕਿਉਂ ਬਣ ਗਿਆ? ਬਾਬਾ ਜੀ ਦਾ ਦੇਹਾਂਤ ਇੰਗਲੈਂਡ ਦੀ ਧਰਤੀ 'ਤੇ ਹੋਇਆ। ਉਨ੍ਹਾਂ ਦੀ ਦੇਹ ਨੂੰ ਭਾਰਤ ਲਿਆਉਣ ਹਿੱਤ ਪਰਿਵਾਰ ਨੂੰ ਪੱਲਿਓਂ ਪੈਸੇ ਖਰਚ ਕਰਨੇ ਪਏ। ਦੂਜੇ ਪਾਸੇ ਵਿਦੇਸ਼ 'ਚ ਇੱਕ ਧਾਰਮਿਕ ਵਿਵਾਦ ਦੌਰਾਨ ਮਾਰੇ ਗਏ ਇਕ ਡੇਰੇਦਾਰ ਦੀ ਦੇਹ ਨੂੰ ਪੰਜਾਬ ਲਿਆਉਣ ਲਈ ਪੰਜਾਬ ਸਰਕਾਰ ਨੇ ਵਿਸ਼ੇਸ਼ ਹਵਾਈ ਜਹਾਜ਼ ਭੇਜਿਆ ਅਤੇ ਉਸਦਾ ਸਸਕਾਰ ਵੀ ਸਰਕਾਰੀ ਸਨਮਾਨਾਂ ਨਾਲ ਹੋਇਆ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਖੁਦ ਡੇਰੇਦਾਰ ਦੇ ਮਰਨ ਉੱਪਰ ਨਿੱਜੀ ਤੌਰ 'ਤੇ ਕਈ ਵਾਰ ਸੋਗ ਪ੍ਰਗਟ ਕਰਨ ਗਏ ਹਨ। ਬਾਬਾ ਭਗਤ ਸਿੰਘ ਬਿਲਗਾ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਸਾਥੀਆਂ ਕੋਲ ਸ਼ਾਇਦ ਕੋਈ ਵਕਤ ਨਹੀਂ ਹੈ। ਇਸ ਸਥਿਤੀ ਵਿਚ ਹਰ ਨਾਗਰਿਕ ਦੇ ਮਨ ਅੰਦਰ ਇਹ ਸਵਾਲ ਉੱਠਣਾ ਸੁਭਾਵਕ ਹੀ ਹੈ ਕਿ ਆਖ਼ਰ ਬਾਬਾ ਭਗਤ ਸਿੰਘ ਬਿਲਗਾ ਵਰਗੇ ਦੇਸ਼ ਭਗਤਾਂ ਅੰਦਰ ਕਿਹੜੀ ਅਯੋਗਤਾ ਹੈ, ਜਿਸ ਕਾਰਨ ਉਹ ਸਮੇਂ ਦੇ ਹੁਕਮਰਾਨਾਂ ਨੂੰ ਚੰਗੇ ਨਹੀਂ ਲੱਗਦੇ। ਸਵਾਲ ਇਹ ਵੀ ਹੈ ਕਿ ਸਮੇਂ ਦੇ ਹੁਕਮਰਾਨਾਂ ਨੂੰ ਅਜਿਹੇ ਡੇਰੇਦਾਰ ਹੀ ਕਿਉਂ ਭਾਉਂਦੇ ਹਨ ਜਿਹੜੇ ਕਿਸੇ ਨਾ ਕਿਸੇ ਤਰ੍ਹਾਂ ਧਰਮ ਦਾ ਨਿੱਜੀਕਰਨ ਕਰ ਰਹੇ ਹਨ ਜਾਂ ਫਿਰ ਲੋਕਾਂ ਨੂੰ ਧਰਮ-ਜਾਤ ਅਤੇ ਵਰਗ ਦੇ ਆਧਾਰ ਉੱਤੇ ਵੰਡ ਰਹੇ ਹਨ। ਹਾਕਮ ਤਾਂ ਆਪਣੀ ਥਾਂ ਸਹੀ ਹਨ, ਉਨ੍ਹਾਂ ਦਾ ਤਾਂ ਈਮਾਨ ਹੀ ਕੁਰਸੀ ਹੈ, ਕੁਰਸੀ ਵੋਟਾਂ ਦੀ ਮੁਥਾਜ ਹੈ ਅਤੇ ਡੇਰੇਦਾਰ ਵੋਟਾਂ ਦੇ ਠੇਕੇਦਾਰ ਹਨ।

***

# ਬੁਝ ਗਈ ਗ਼ਦਰ ਦੀ ਆਖ਼ਰੀ ਮਸ਼ਾਲ

-ਇੰਦਰਜੀਤ ਚੁਗਾਵਾਂ

ਇਤਿਹਾਸ ਸਿਰਜਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਬਹੁਤ ਘੱਟ ਲੋਕ ਹੁੰਦੇ ਹਨ ਜਿਹੜੇ ਇਤਿਹਾਸ ਦੇ ਪੰਨਿਆਂ 'ਤੇ ਆਪਣਾ ਨਾਂਅ ਦਰਜ ਕਰਵਾਉਣ 'ਚ ਸਫ਼ਲ ਹੁੰਦੇ ਹਨ ਪਰ ਜੇ ਇਨ੍ਹਾਂ ਪੰਨਿਆਂ 'ਤੇ ਹੌਲੀ-ਹੌਲੀ ਗਰਦ ਜੰਮ ਜਾਵੇ ਤਾਂ ਇਹ ਸਿਰਜਿਆ ਇਤਿਹਾਸ ਵੀ ਕਿਸੇ ਕੰਮ ਨਹੀਂ ਆਉਂਦਾ। ਆਉਣ ਵਾਲੀਆਂ ਪੀੜ੍ਹੀਆਂ ਉਸ ਇਤਿਹਾਸ ਤੋਂ ਵਾਂਝੀਆਂ ਹੀ ਰਹਿ ਜਾਂਦੀਆਂ ਹਨ। ਇਸ ਲਈ ਇਤਿਹਾਸ ਸਿਰਜਣਾ ਤੇ ਇਤਿਹਾਸ ਸਾਂਭਣਾ ਬਰਾਬਰ ਦੀ ਅਹਿਮੀਅਤ ਰੱਖਦੇ ਹਨ ਤੇ ਇਹ ਕੰਮ ਉਹ ਹੀ ਕਰ ਸਕਦੇ ਹਨ ਜਿਨ੍ਹਾਂ ਨੂੰ ਇਤਿਹਾਸ ਦੀ ਅਹਿਮੀਅਤ ਦੀ ਪੂਰੀ ਸਮਝ ਹੋਵੇ। ਇਨ੍ਹਾਂ ਰੌਸ਼ਨ ਦਿਮਾਗ ਵਿਅਕਤੀਆਂ 'ਚੋਂ ਇਕ ਸਨ ਬਾਬਾ ਭਗਤ ਸਿੰਘ ਬਿਲਗਾ।

ਬਾਬਾ ਭਗਤ ਸਿੰਘ ਬਿਲਗਾ ਦਾ ਜੀਵਨ ਕੁਰਬਾਨੀਆਂ ਤੇ ਸੰਘਰਸ਼ ਦੀ ਇਕ ਅਮੁੱਕ ਗਾਥਾ ਹੈ। 102 ਸਾਲ ਦੀ ਉਮਰ ਤੱਕ ਪੁੱਜ ਕੇ ਆਖ਼ਰੀ ਪਲ ਤੱਕ ਆਪਣੀ ਸੂਝ ਬੂਝ ਨੂੰ ਨਾ ਕੇਵਲ ਕਾਇਮ ਰੱਖਣਾ ਸਗੋਂ ਪੂਰਾ ਸੰਤੁਲਿਤ ਰੱਖਦਿਆਂ ਦੂਸਰਿਆਂ ਨੂੰ ਅਗਵਾਈ ਦੇਣਾ ਕੋਈ ਛੋਟੀ ਮੋਟੀ ਗੱਲ ਨਹੀਂ। ਬਾਬਾ ਬਿਲਗਾ ਅਜਿਹੇ ਕਰਾਂਤੀਕਾਰੀ ਯੁੱਗ ਪੁਰਸ਼ ਸਨ ਜਿਹੜੇ ਬਰਤਾਨਵੀ ਸਾਮਰਾਜ ਦੀ ਗ਼ੁਲਾਮੀ ਤੋਂ ਦੇਸ਼ ਨੂੰ ਮੁਕਤ ਕਰਵਾਉਣ ਦਾ ਆਪਣਾ ਫੌਰੀ ਟੀਚਾ ਪੂਰਾ ਹੋਣ ਉਪਰੰਤ ਵੀ ਟਿਕ ਕੇ ਨਹੀਂ ਬੈਠੇ। ਬਰਾਬਰੀ 'ਤੇ ਆਧਾਰਤ, ਵਿਤਕਰੇ ਰਹਿਤ ਇਕ ਵਰਗਹੀਣ ਸਮਾਜ ਸਿਰਜਣ ਦੇ ਆਪਣੀ ਗ਼ਦਰ ਪਾਰਟੀ ਦੇ ਨਿਸ਼ਾਨੇ ਦੀ ਪ੍ਰਾਪਤੀ ਲਈ ਉਹ ਆਪਣੇ ਆਖਰੀ ਦਮ ਤਕ ਸਰਗਰਮ ਰਹੇ।

ਆਜ਼ਾਦੀ ਪ੍ਰਾਪਤੀ ਤੋਂ ਬਾਅਦ ਜਦ ਦੇਸ਼ ਦੇ ਸੱਤਾਧਾਰੀਆਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਖ਼ਾਤਰ ਆਪਣਾ ਸਭ ਕੁਝ ਵਾਰਨ ਵਾਲੇ ਯੋਧਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਦੇਖਭਾਲ ਤੋਂ ਮੂੰਹ ਮੋੜ ਲਿਆ ਤਾਂ ਬਾਬਾ ਬਿਲਗਾ ਇਹ ਜ਼ਿੰਮਾ ਉਠਾਉਣ ਵਾਲੇ ਮੋਹਰੀਆਂ 'ਚੋਂ ਸਨ। ਬਾਬਾ ਬਿਲਗਾ ਨੇ ਇਨ੍ਹਾਂ ਦੇਸ਼ ਭਗਤ ਪਰਿਵਾਰਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਹੀ ਨਹੀਂ ਨਿਭਾਈ ਸਗੋਂ ਉਨ੍ਹਾਂ ਕਰਾਂਤੀਕਾਰੀਆਂ ਦਾ ਇਤਿਹਾਸ ਸੰਭਾਲਣ 'ਚ ਵੀ ਆਗੂ ਰੋਲ ਨਿਭਾਇਆ। ਉਨ੍ਹਾਂ ਵੱਲੋਂ ਬਾਬਾ ਗੁਰਮੁਖ ਸਿੰਘ ਲਲਤੋਂ ਨਾਲ ਮਿਲ ਕੇ ਬਣਾਈ ਦੇਸ਼ ਭਗਤ ਯਾਦਗਾਰ ਕਮੇਟੀ ਨੇ ਜਲੰਧਰ 'ਚ ਗ਼ਦਰੀ ਸੂਰਬੀਰਾਂ ਤੇ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਹੋਰਨਾਂ ਯੋਧਿਆਂ ਦੀ ਯਾਦ ਨੂੰ ਸਮਰਪਿਤ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਕਰਵਾਈ।

ਉਨ੍ਹਾਂ ਦੀ ਅਗਵਾਈ 'ਚ ਇਸ ਕਮੇਟੀ ਨੇ ਕ੍ਰਾਂਤੀਕਾਰੀਆਂ ਦੇ ਇਤਿਹਾਸ ਦੀ ਖੋਜ ਕਰਕੇ ਉਸ ਨੂੰ ਸਾਂਭਿਆ, ਉਨ੍ਹਾਂ ਕ੍ਰਾਂਤੀਕਾਰੀਆਂ ਦੀਆਂ ਤਸਵੀਰਾਂ ਲਿਆ ਕੇ ਯਾਦਗਾਰ ਹਾਲ 'ਚ ਲਗਵਾਈਆਂ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਪਿਤਾ-ਪੁਰਖਿਆਂ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਨੂੰ ਯਾਦ ਰੱਖਣ।

ਬਾਬਾ ਬਿਲਗਾ ਨੇ ਜਿੱਥੇ ਕ੍ਰਾਂਤੀਕਾਰੀ ਇਤਿਹਾਸ ਨੂੰ ਸਾਂਭਿਆ, ਉੱਥੇ ਉਸਨੂੰ ਅਜੋਕੇ ਹਾਲਾਤ ਨਾਲ ਜੋੜ ਕੇ, ਦੇਸ਼ ਭਗਤਾਂ ਦੇ ਅਧੂਰੇ ਸੁਪਨਿਆ; ਬਰਾਬਰੀ ਤੇ ਆਧਾਰਤ ਸਾਂਝੀਵਾਲਤਾ ਦਾ ਸਮਾਜ ਸਿਰਜਣ ਨੂੰ ਹਕੀਕੀ ਰੂਪ ਦੇਣ ਲਈ ਜੂਝ ਰਹੀਆਂ ਇਨਕਲਾਬੀ ਸ਼ਕਤੀਆਂ ਨੂੰ ਇਕਜੁੱਟ ਕਰਨ ਵਿਚ ਆਪਣਾ ਪੂਰਾ ਜ਼ੋਰ ਲਾਇਆ। ਉਹ ਆਪਣੇ ਇਸ ਮਿਸ਼ਨ ਵਿਚ ਭਾਵੇਂ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੇ ਪਰ ਉਹ ਇਨ੍ਹਾਂ ਸ਼ਕਤੀਆਂ ਨੂੰ ਨੇੜੇ-ਨੇੜੇ ਲਿਆਉਣ ਵਿਚ ਜ਼ਰੂਰ ਸਫ਼ਲ ਰਹੇ। ਯਾਦਗਾਰ ਹਾਲ 'ਚ ਹਰ ਵਰ੍ਹੇ ਅਕਤੂਬਰ ਦੇ ਅੰਤ ਵਿਚ ਲਗਦੇ ਗ਼ਦਰੀ ਬਾਬਿਆ ਦੇ ਮੇਲੇ ਦੀ ਸਟੇਜ ਤੋਂ ਇਨ੍ਹਾਂ ਸਾਰੀਆਂ ਧਿਰਾਂ ਵੱਲੋਂ ਇਕੱਠੇ ਹੋ ਕੇ ਬੋਲਣਾ ਬਾਬਾ ਬਿਲਗਾ ਵੱਲੋਂ ਘਾਲੀ ਘਾਲਣਾ ਦੀ ਇਕ ਉੱਘੜਵੀਂ ਮਿਸਾਲ ਹੈ।

ਇਤਿਹਾਸ ਨੂੰ ਸੰਭਾਲਣ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਦੀ ਇਸ ਤੋਂ ਵੱਡੀ ਮਿਸਾਲ ਕੀ ਹੋ ਸਕਦੀ ਹੈ ਕਿ ਖਰਾਬ ਸਿਹਤ ਦੇ ਬਾਵਜੂਦ ਬਾਬਾ ਬਿਲਗਾ ਉਸ ਮਾਰਚ ਦੀ ਅਗਵਾਈ ਕਰਨ ਲਈ ਅੰਮ੍ਰਿਤਸਰ ਪੁੱਜ ਗਏ ਜਿਸ ਨੇ ਜਲ੍ਹਿਆਂਵਾਲਾ ਬਾਗ ਦੀ ਇਤਿਹਾਸਕ ਦਿੱਖ ਵਿਗਾੜੇ ਜਾਣ ਵਿਰੁੱਧ ਦੇਸ਼ ਭਰ ਦੇ ਲੋਕਾਂ ਦੇ ਰੋਹ ਦਾ ਪ੍ਰਗਟਾਵਾ ਕਰਨਾ ਸੀ। ਜਦ ਕੌਮ ਦੀ ਇਸ ਮਾਣਮੱਤੀ ਵਿਰਾਸਤ ਦਾ ਮੂੰਹ ਮੱਥਾ ਵਿਗਾੜਨ ਦੀ ਕਾਰਵਾਈ ਦੇਸ਼ ਦੇ ਹਾਕਮਾਂ ਨੇ ਆਰੰਭੀ ਸੀ ਤਾਂ ਬਾਬਾ ਬਿਲਗਾ ਦੀ ਅਗਵਾਈ 'ਚ ਦੇਸ਼ ਭਗਤ ਯਾਦਗਾਰ ਕਮੇਟੀ ਨੇ ਜਿੱਥੇ ਇਸ ਕਾਰਵਾਈ ਖਿਲਾਫ਼ ਲੋਕਾਂ ਨੂੰ ਲਾਮਬੰਦ ਕੀਤਾ, ਉਥੇ ਕਾਨੂੰਨੀ ਕਾਰਵਾਈ ਕਰਨ ਲਈ ਹਾਈਕੋਰਟ ਤੱਕ ਪਹੁੰਚ ਵੀ ਕੀਤੀ।

ਬਾਬਾ ਬਿਲਗਾ 'ਚ ਇਕ ਖ਼ਾਸ ਗੁਣ ਇਹ ਵੀ ਸੀ ਕਿ ਉਹ ਕਿਸੇ ਨਾਲ ਹੁੰਦੀ ਵਧੀਕੀ ਬਰਦਾਸ਼ਤ ਵੀ ਨਹੀਂ ਸਨ ਕਰ ਸਕਦੇ। ਜਦ ਮਈ 2002 'ਚ ਸੀ.ਪੀ.ਆਈ.ਐਮ. ਦੀ ਪੰਜਾਬ ਇਕਾਈ ਵਿਭਾਜਤ ਹੋਈ ਤਾਂ ਦੇਸ਼ ਭਗਤ ਯਾਦਗਾਰ ਹਾਲ ਦੇ ਪਿਛਵਾੜੇ ਸਥਿਤ ਪਾਰਟੀ ਦੇ ਹੈੱਡਕੁਆਟਰ ਦਾ ਵਿਵਾਦ ਵਧ ਗਿਆ। ਉਸ ਸਮੇਂ ਬਾਬਾ ਬਿਲਗਾ ਜੀ ਨੇ ਕਾਮਰੇਡ ਪਾਸਲਾ ਦੀ ਅਗਵਾਈ ਵਾਲੀ ਸੀ.ਪੀ.ਐਮ. ਪੰਜਾਬ ਦੀ ਲੀਡਰਸ਼ਿਪ ਨੂੰ ਬਦਲਵੇਂ ਪ੍ਰਬੰਧ ਹੋਣ ਤੱਕ ਯਾਦਗਾਰ ਕੰਪਲੈਕਸ ਅੰਦਰ ਪਾਰਟੀ ਦੀਆਂ ਸਰਗਰਮੀਆਂ ਚਲਾਉਣ ਲਈ ਥਾਂ ਹੀ ਨਹੀਂ ਦਿੱਤੀ ਸਗੋਂ ਪੂਰਨ ਸੁਰੱਖਿਆ ਦੇਣ ਦੀ ਜ਼ਿੰਮੇਵਾਰੀ ਵੀ ਆਪਣੇ ਸਿਰ ਲਈ। ਇਹੀ ਕਾਰਨ ਸੀ ਕਿ ਯਾਦਗਾਰ ਕੰਪਲੈਕਸ 'ਚ ਪਾਰਟੀ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਲਈ ਆ ਵੜੇ ਪੁਲਸੀਆਂ ਨੂੰ ਉਨ੍ਹਾਂ ਪੂਰੇ ਜੋਸ਼ ਨਾਲ ਕਿਹਾ ਸੀ, "ਤੁਹਾਡੀ ਹਿੰਮਤ ਕਿੱਦਾਂ ਪਈ ਮੈਥੋਂ ਪੁੱਛੇ ਬਿਨਾਂ ਅੰਦਰ ਆਉਣ ਦੀ।" ਇਸ ਤੋਂ ਬਾਅਦ ਪੁਲਿਸ ਨੇ ਯਾਦਗਾਰ ਕੰਪਲੈਕਸ ਅੰਦਰ ਦਾਖਲ ਹੋ ਕੇ ਅਜਿਹੀ ਕੋਈ ਵੀ ਕਾਰਵਾਈ ਕਰਨ ਦੀ ਜੁਰਅਤ ਨਹੀਂ ਸੀ ਕੀਤੀ।

ਬਾਬਾ ਬਿਲਗਾ 24 ਵਰ੍ਹਿਆਂ ਦੀ ਉਮਰ 'ਚ 1926 'ਚ ਬੇਹਤਰ ਜ਼ਿੰਦਗੀ ਜਿਊਣ ਦਾ ਸੁਪਨਾ ਲੈ ਕੇ ਅਰਜਨਟੀਨਾ ਗਏ ਸਨ। ਪਰ ਉੱਥੇ ਜਾ ਕੇ ਉਨ੍ਹਾਂ ਦਾ ਨਿਸ਼ਾਨਾ ਅਸਲੋਂ ਹੀ ਬਦਲ

ਗਿਆ। ਉਨ੍ਹਾਂ ਨੇ ਦੇਸ਼ ਨੂੰ ਬਰਤਾਨਵੀ ਸਾਮਰਾਜ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣ ਨੂੰ ਆਪਣਾ ਮੁੱਖ ਮਕਸਦ ਬਣਾ ਲਿਆ। ਉਹ 1928 'ਚ ਗ਼ਦਰ ਪਾਰਟੀ ਦੀ ਅਰਜਨਟੀਨਾ ਸ਼ਾਖਾ 'ਚ ਸ਼ਾਮਿਲ ਹੋਏ ਤੇ ਛੇਤੀ ਹੀ ਉਸ ਦੇ ਜਨਰਲ ਸਕੱਤਰ ਚੁਣ ਲਏ ਗਏ। ਇਸ ਤੋਂ ਅੱਗੇ ਸ਼ੁਰੂ ਹੋ ਗਈ ਨਿਰੰਤਰ ਸੰਘਰਸ਼ਾਂ ਦੀ ਗਾਥਾ। ਗ਼ਦਰ ਪਾਰਟੀ ਵੱਲੋਂ ਸਿਆਸੀ ਤੇ ਫੌਜੀ ਸਿੱਖਿਆ ਲਈ ਮਾਸਕੋ ਭੇਜੇ ਜਾਣਾ, ਉੱਥੋਂ ਆ ਕੇ ਦੇਸ਼ ਅੰਦਰ ਰੂਪੋਸ਼ ਹੋ ਕੇ ਕੰਮ ਕਰਨਾ, ਵਾਰ-ਵਾਰ ਜੇਲ੍ਹ ਯਾਤਰਾ ਪਰ ਬਾਬਾ ਬਿਲਗਾ ਆਪਣੇ ਸਿਦਕ ਤੋਂ ਡੋਲੇ ਨਹੀਂ।

ਅੱਤਵਾਦ ਦੇ ਕਾਲੇ ਦੌਰ ਦੌਰਾਨ ਜਦੋਂ ਸਾਮਰਾਜੀ ਸ਼ਹਿ 'ਤੇ ਮਦਦ ਪ੍ਰਾਪਤ ਵੱਖਵਾਦੀ ਖ਼ਾਲਿਸਤਾਨੀ ਦਹਿਸ਼ਤਗਰਦਾਂ ਵਿਰੁੱਧ ਮੂੰਹ ਖੋਲ੍ਹਣ ਤੋਂ ਸਵਾਏ ਕਮਿਊਨਿਸਟਾਂ ਦੇ, ਹਰ ਕੋਈ ਕਤਰਾਉਂਦਾ ਸੀ, ਬਾਬਾ ਜੀ ਸਟੇਜਾਂ ਤੋਂ ਖੁੱਲ੍ਹ ਕੇ ਆਪਣੀ ਆਵਾਜ਼ ਉਠਾਉਂਦੇ ਰਹੇ। ਆਖ਼ਰੀ ਦਮ ਤੱਕ ਆਪਣੇ ਸੱਚੇ ਸੁੱਚੇ ਨਿਸ਼ਾਨੇ ਦੀ ਪ੍ਰਾਪਤੀ ਲਈ ਜੂਝਣ ਵਾਲਾ ਇਹ ਮਹਾ ਨਾਇਕ 22 ਮਈ 2009 ਨੂੰ ਲੰਮੀ ਬਿਮਾਰੀ ਤੋਂ ਬਾਅਦ ਸਦੀਵੀ ਵਿਛੋੜਾ ਦੇ ਗਿਆ। ਬਾਬਾ ਬਿਲਗਾ ਜੀ ਗਦੂਦਾਂ ਦੇ ਕੈਂਸਰ ਤੋਂ ਪੀੜਤ ਸਨ ਤੇ ਇੰਗਲੈਂਡ ਵਿਚ ਆਪਣੇ ਪੁੱਤਰਾਂ ਕੋਲ ਰਹਿ ਰਹੇ ਸਨ। ਉਨ੍ਹਾਂ ਦੇ ਵਿਛੋੜੇ ਕਾਰਨ ਖੱਬੀ ਲਹਿਰ ਨੂੰ ਇਕ ਵੱਡਾ ਘਾਟਾ ਪਿਆ ਹੈ ਪਰ ਉਨ੍ਹਾਂ ਦਾ ਲੰਮਾ ਕੁਰਬਾਨੀਆਂ ਭਰਿਆ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਹੱਕ, ਸੱਚ ਤੇ ਇਨਸਾਫ਼ ਦੀ ਜੰਗ ਜਾਰੀ ਰੱਖਣ ਵਾਸਤੇ ਪ੍ਰੇਰਨਾ ਦਿੰਦਾ ਰਹੇਗਾ।

***

# ਬਾਬਾ ਭਗਤ ਸਿੰਘ ਬਿਲਗਾ ਜੀ ਨਾਲ ਬਿਤਾਏ ਕੁਝ ਪਲ

-ਸੀਤਾ ਰਾਮ ਬਾਂਸਲ

ਕੌਣ ਗਿਣਿਆਂ?

ਬਾਬਾ ਭਗਤ ਸਿੰਘ ਬਿਲਗਾ ਜੀ ਨੇ ਦੇਸ਼ ਭਗਤ ਯਾਦਗਾਰ ਦੇ ਹੁਣ ਵਾਲੇ ਦਫ਼ਤਰ ਨੇੜਲੇ ਸੈਮੀਨਾਰ ਹਾਲ ਵਾਲੇ ਦਫ਼ਤਰ 'ਚ ਜਾਂ ਬਾਹਰ ਧੁੱਪੇ ਕੁਰਸੀ 'ਤੇ ਬੈਠਿਆਂ ਨੇ ਕਿਸੇ ਦੇ ਆਉਣ ਦੀ ਆਹਟ ਸੁਣ ਕੇ ਪੁੱਛਣਾ। ਉਨ੍ਹਾਂ ਦਿਨਾਂ 'ਚ ਬਾਬਾ ਜੀ ਦੀ ਅੱਖਾਂ ਦੀ ਲੋਅ ਬਹੁਤ ਜ਼ਿਆਦਾ ਮੱਧਮ ਹੋ ਗਈ ਸੀ। ਬਾਬਾ ਜੀ ਆਇਆਂ ਨੂੰ ਬੜੇ ਤਪਾਕ ਨਾਲ ਮਿਲਦੇ। ਆਉਣ ਵਾਲੇ ਦਾ ਹਾਲ ਪੁੱਛ ਕੇ ਪਰਿਵਾਰ ਬਾਰੇ ਪੁੱਛਦੇ। ਫਿਰ ਗੱਲਾਂਬਾਤਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ।

ਬਾਬਾ ਬਿਲਗਾ ਜੀ ਨੂੰ ਮਿਲਣਾ ਮੈਨੂੰ ਬਹੁਤ ਚੰਗਾ ਲੱਗਦਾ ਸੀ। ਜਲੰਧਰ ਸ਼ਹਿਰ 'ਚ ਕਦੇ ਕਿਸੇ ਕੰਮ ਦੇ ਸਬੰਧ 'ਚ ਆਉਣਾ ਤਾਂ ਬਹੁਤੀ ਵਾਰ ਏਨਾ ਕੁ ਸਮਾਂ ਜ਼ਰੂਰ ਕੱਢ ਲੈਣਾ ਕਿ ਬਾਬਾ ਜੀ ਨੂੰ ਮਿਲ ਕੇ ਜਾਣਾ।

ਬਾਬਾ ਜੀ ਗੱਲਬਾਤ ਬੜੇ ਠਰ੍ਹੰਮੇ ਨਾਲ ਕਰਦੇ। ਕਾਹਲੀ ਨਹੀਂ ਸੀ ਕਰਦੇ। ਗੱਲ ਕਰਦਿਆਂ ਕੁਝ ਅਜਿਹੇ ਫ਼ਿਕਰੇ ਬੋਲਦੇ ਕਿ ਸੁਣਨ ਵਾਲੇ ਦਾ ਮੱਲੋਮਲੀ ਹਾਸਾ ਨਿਕਲ ਜਾਣਾ, ਕਈ ਵਾਰ ਬਹੁਤੀ ਗੰਭੀਰ ਗੱਲ ਵੀ ਸਹਿਜ ਢੰਗ ਨਾਲ ਕਹਿ ਦਿੰਦੇ। ਰਾਜਨੀਤਕ ਗੱਲ ਕਰਦਿਆਂ ਵੀ ਉਹ ਜਿਸ ਵੇਲੇ ਦੀ ਗੱਲ ਕਰਦੇ ਉਹਦੇ ਨਾਲ ਜੁੜੇ ਹਰ ਸੱਭਿਆਚਾਰਕ ਪਹਿਲੂ ਨੂੰ ਨਾਲ-ਨਾਲ ਬਿਆਨ ਕਰੀ ਜਾਂਦੇ। ਆਵਾਜ਼ ਗੜ੍ਹਕਵੀਂ ਸੀ ਪਰ ਮਿਠਾਸ ਭਰਪੂਰ। ਬੋਲਾਂ ਵਿਚ ਐਨਾਂ ਰਸ ਕਿ ਘੰਟਿਆਂ ਬੱਧੀ ਬਾਬਾ ਜੀ ਦੀਆਂ ਗੱਲਾਂ ਸੁਣ ਕੇ ਵੀ ਮਨ ਨਾ ਅੱਕਦਾ। ਉਮਰ ਦੇ ਆਖਰੀ ਪੜਾਅ ਸਮੇਂ ਵੀ ਬਾਬਾ ਜੀ ਬਹੁਤ ਚੇਤੰਨ ਸਨ। ਯਾਦਾਸ਼ਤ ਬਹੁਤ ਤੇਜ਼ ਸੀ।

"ਚੂਹੜ ਸਿਹਾਂ ਅਮੋਲਕ ਨੀਂ ਆਇਆ?"

"ਕਹਿੰਦਾ ਸੀ ਕਿਤੇ ਧਰਨੇ 'ਤੇ ਜਾਣਾ," ਚੂਹੜ ਸਿੰਘ ਨੇ ਜਵਾਬ ਦਿੱਤਾ।

"ਅੱਛਾ ਜਦੋਂ ਉਹ ਆਵੇ ਤਾਂ ਉਹਨੂੰ ਕਹੀਂ ਅਗਲੀ ਵਾਰੀ ਮੈਨੂੰ ਨਾਲ ਲੈ ਜਾਵੇ। ਇਕੱਠੇ ਇਨਕਲਾਬ ਲਿਆਵਾਂਗੇ।" ਕਹਿ ਕੇ ਬਾਬਾ ਜੀ ਹੱਸ ਪਏ ਤੇ ਅਗਲੇ ਪਲ ਇਕਦਮ ਗੰਭੀਰ ਹੋ ਕੇ ਕਹਿਣ ਲੱਗੇ, "ਅਮੋਲਕ ਮਿਹਨਤੀ ਆ। ਕੰਮ 'ਚ ਲੱਗਾ ਈ ਰਹਿੰਦਾ।"

ਜਿੰਨਾ ਕੁ ਚਿਰ ਮੈਂ ਬਾਬਾ ਜੀ ਨੂੰ ਮਿਲਿਆ, ਮੈਂ ਮਹਿਸੂਸ ਕੀਤਾ ਕਿ ਕਾਮਰੇਡ ਗੁਰਮੀਤ ਨੇ ਬਾਬਾ ਜੀ ਦਾ ਬਹੁਤ ਖਿਆਲ ਰੱਖਣਾ। ਹਾਸਾ ਮਜ਼ਾਕ ਕਰਦੇ ਰਹਿਣਾ, ਰਸੋਈ ਲਾਗਲੇ ਕਮਰੇ 'ਚ ਰੋਟੀ ਖਾਣ ਜਾਣ ਲੱਗਿਆਂ ਬਾਬਾ ਜੀ ਨੂੰ ਬਾਹੋਂ ਫੜ ਕੇ ਸਹਾਰਾ ਦੇ ਕੇ ਲੈ ਜਾਣਾ। ਦੇਸ ਰਾਜ

ਕਾਲੀ ਨਾਲ ਵੀ ਬਾਬਾ ਜੀ ਦਾ ਖਾਸ ਮੋਹ ਸੀ।

ਦੇਸ਼ ਭਗਤ ਯਾਦਗਾਰ ਹਾਲ ਦੀ ਪਾਰਕਿੰਗ ਵਾਲੇ ਪਾਸੇ ਜਾਣ ਦੇ ਰੁੱਖ ਨੂੰ ਲੱਗੀਆਂ ਜਾਮਨਾਂ ਤਿਵਾੜੀ ਹੁਰਾਂ ਕੋਲੋਂ ਤੁੜਵਾ ਕੇ ਬਾਬਾ ਜੀ ਸਾਰਿਆਂ ਨੂੰ ਬਰਾਬਰ ਬਰਾਬਰ ਵੰਡ ਦਿੰਦੇ। ਰਸੀਲੀਆਂ ਸੁਆਦਲੀਆਂ ਜਾਮਨਾਂ ਹਰ ਆਏ ਹੋਏ ਨੂੰ ਖਾਣ ਨੂੰ ਮਿਲਦੀਆਂ ਸਨ।

ਕਾਮਾਗਾਟਾ ਮਾਰੂ ਜਹਾਜ਼ ਦੇ ਯਾਤਰੂਆਂ ਨੂੰ ਦੇਸ਼ ਭਗਤਾਂ ਦਾ ਦਰਜਾ ਦੁਆਉਣ ਲਈ ਕ੍ਰਾਂਤੀਕਾਰੀ ਲਹਿਰਾਂ ਦੇ ਖੋਜੀ ਤੇ ਨਾਮਵਰ ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਲੋਕਹਿੱਤ ਪਟੀਸ਼ਨ ਦਾਇਰ ਕਰ ਦਿੱਤੀ। ਅਖ਼ਬਾਰਾਂ 'ਚ ਖ਼ਬਰਾਂ ਲੱਗੀਆਂ। ਕੁਦਰਤੀ ਸੀ ਦੇਸ਼ ਭਗਤ ਯਾਦਗਾਰ ਕਮੇਟੀ ਤੇ ਲੋਕ ਪੱਖੀ ਜੱਥੇਬੰਦੀਆਂ ਇਹਦਾ ਸਖ਼ਤ ਨੋਟਿਸ ਲੈਂਦੀਆਂ ਤੇ ਲਿਆ ਵੀ। ਅੰਮ੍ਰਿਤਸਰ 'ਚ ਮੁਜ਼ਾਹਰੇ ਦਾ ਐਲਾਨ ਕਰ ਦਿੱਤਾ ਗਿਆ। ਮੈਂ ਦੇਸ਼ ਭਗਤ ਯਾਦਗਾਰ ਹਾਲ ਗਿਆ ਤਾਂ ਬਾਬਾ ਜੀ ਮੈਨੂੰ ਦੇਖ ਕੇ ਬੜੇ ਗੁੱਸੇ 'ਚ ਬੋਲਣ ਲੱਗ ਪਏ।

"ਆਹ ਮਲਵਿੰਦਰਜੀਤ ਨੇ ਸਾਡੇ ਲਈ ਜੱਬ ਪਾ ਦਿੱਤਾ। ਚੰਗੀ ਭਲੀ ਕਾਮਾਗਾਟਾ ਮਾਰੂ ਵਾਲਿਆਂ ਨੂੰ ਮਾਨਤਾ ਮਿਲੀ ਹੋਈ ਆ। ਇਤਿਹਾਸ 'ਚ ਇਨ੍ਹਾਂ ਦਾ ਨਾਂ ਆਂ।"

ਮੈਨੂੰ ਲੱਗਿਆ ਕਿ ਬਾਬਾ ਜੀ ਮੇਰੀ ਪ੍ਰੋ. ਵੜੈਚ ਜੀ ਨਾਲ ਨੇੜਤਾ ਹੋਣ ਕਰਕੇ ਮੈਨੂੰ ਸੁਣਾ ਰਹੇ ਨੇ ਤਾਂ ਕਿ ਮੈਂ ਇਹ ਗੱਲ ਪ੍ਰੋ. ਵੜੈਚ ਹੁਰਾਂ ਤੱਕ ਪੁੱਜਦੀ ਕਰ ਦਿਆਂ। ਮੈਂ ਕਿਹਾ, "ਬਾਬਾ ਜੀ ਮੈਂ ਫੋਨ ਡਾਇਲ ਕਰ ਦਿੰਨਾਂ, ਤੁਸੀਂ ਪ੍ਰੋ. ਸਾਹਿਬ ਨਾਲ ਗੱਲ ਕਰ ਲਓ। ਮਾਮਲਾ ਕੋਰਟ ਵਿਚ ਆ। ਉਹ ਕੇਸ ਲੜ ਰਹੇ ਨੇ। ਜਿੰਨਾ ਕੁ ਮੈਨੂੰ ਪਤਾ ਕੇਂਦਰ ਸਰਕਾਰ ਵੱਲੋਂ ਜਿਹੜੀਆਂ ਲਹਿਰਾਂ ਨੂੰ ਆਜ਼ਾਦੀ ਸੰਗਰਾਮੀ ਲਹਿਰਾਂ ਵਜੋਂ ਮਾਨਤਾ ਦਿੱਤੀ ਹੈ ਉਸ ਸੂਚੀ 'ਚ ਕਾਮਾਗਾਟਾ ਮਾਰੂ ਦੇ ਯਾਤਰੂਆਂ ਦਾ ਕਿਤੇ ਵੀ ਜ਼ਿਕਰ ਨਹੀਂ ਹੈ।"

ਲੱਗਦਾ ਸੀ ਕਿ ਮੇਰੀ ਆਖਰ ਗੱਲ ਦਾ ਬਾਬਾ ਜੀ 'ਤੇ ਬਹੁਤ ਅਸਰ ਹੋਇਆ ਤੇ ਉਹ ਚੁੱਪ ਹੋ ਗਏ।

ਕਪੂਰਥਲੇ ਪਰੈਹਰੀ ਕੰਪਨੀ ਵਾਲਿਆਂ ਨੇ ਡੀ. ਸੀ. ਚੌਂਕ ਲਾਗੇ ਲਾਇਬ੍ਰੇਰੀ ਖੋਲ੍ਹੀ। ਮੈਂ ਉਸ ਦਾ ਮੈਂਬਰ ਬਣ ਗਿਆ। ਮਿਲਖਾ ਸਿੰਘ ਨਿੱਝਰ ਦੀ ਕਿਤਾਬ ਬੱਬਰ ਅਕਾਲੀ ਲਹਿਰ ਦਾ ਇਤਿਹਾਸ ਪੜ੍ਹਣ ਨੂੰ ਲਿਆਂਦੀ। ਇਸ ਕਿਤਾਬ ਵਿਚ ਸੰਨ 1939 ਵਿਚ 3/1 ਪੰਜਾਬ ਰੈਜਮੈਂਟ ਦੇ ਝਾਂਸੀ ਤੋਂ ਬਗ਼ਾਵਤ ਕਰਕੇ ਆਏ 39 ਫੌਜੀਆਂ ਵਿਚੋਂ ਇਕ ਸ. ਸਾਧੂ ਸਿੰਘ ਦਾ ਜ਼ਿਕਰ ਸੀ ਜਿਹੜਾ ਮੇਰੇ ਪਿੰਡ ਮਾਧੋਪੁਰ ਦੇ ਗੁਆਂਢੀ ਪਿੰਡ ਮਾਣਕਢੇਰੀ ਤੋਂ ਸੀ। ਉਸ ਕਿਤਾਬ ਵਿਚ ਲਿਖਿਆ ਸੀ ਕਿ, 'ਗਿਆਨੀ ਹਰਬੰਸ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਜੁੱਗ ਪਲਟਾਊ ਅਤੇ ਤਿੰਨ ਫੌਜੀ ਭਗੌੜੇ ਹੋਏ ਸਾਧੂ ਸਿੰਘ ਮਾਣਕਢੇਰੀ ਜ਼ਿਲ੍ਹਾ ਹੁਸ਼ਿਆਰਪੁਰ, ਲਾਭ ਸਿੰਘ ਅਕਲੋਤਾ ਅਤੇ ਅਰਜਨ ਸਿੰਘ ਬਾਬਤ ਮੈਨੂੰ ਕੋਈ ਪਤਾ ਨਾ ਲੱਗ ਸਕਿਆ।' ਮੈਂ ਸੋਚਿਆ ਸ. ਸਾਧੂ ਸਿੰਘ ਬਾਰੇ ਜਾਣਕਾਰੀ ਇਕੱਠੀ ਕਰਕੇ ਲਿਖਾਂਗਾ। ਪਿੰਡੋਂ ਆਪਣੇ ਪਰਮ ਮਿੱਤਰ ਰਾਮ ਆਸਰੇ (ਪ੍ਰਭੂ ਜੀ) ਨੂੰ ਨਾਲ ਲੈ ਕੇ ਮਾਣਕਢੇਰੀ ਜਾ ਕੇ ਪਤਾ ਕੀਤਾ। ਸ. ਸਾਧੂ ਸਿੰਘ ਕਈ ਸਾਲ ਸਰਬਸੰਮਤੀ ਨਾਲ ਪਿੰਡ ਦੇ ਸਰਪੰਚ ਰਹੇ ਅਤੇ ਮੇਰੇ ਪਿਤਾ ਸ੍ਰੀ ਦੌਲਤਰਾਮ ਦੇ ਚੰਗੇ ਦੋਸਤ ਰਹੇ ਸਨ।

ਬਾਬਾ ਬਿਲਗਾ ਜੀ ਤੋਂ ਜਾਣਕਾਰੀ ਲੈਣ ਗਿਆ ਤਾਂ ਬਾਬਾ ਜੀ ਨੇ ਦੱਸਿਆ ਕਿ ਸਾਰੀਆਂ

ਲਹਿਰਾਂ ਦੇ ਦੇਸ਼ ਭਗਤ ਗ਼ਦਰੀਆਂ ਦੇ ਪਰਿਵਾਰਾਂ ਕੋਲ ਸੁਰੱਖਿਅਤ ਟਿਕਾਣੇ ਲਈ ਆਉਂਦੇ ਸਨ। ਵਧੇਰੇ ਜਾਣਕਾਰੀ ਲੈਣ ਲਈ ਕਾਮਰੇਡ ਚੈਨ ਸਿੰਘ ਚੈਨ ਜੀ ਨਾਲ ਸੰਪਰਕ ਕਰਨ ਨੂੰ ਕਿਹਾ। ਕਾਮਰੇਡ ਚੈਨ ਜੀ ਨੇ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾ ਕੇ, ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਹੁਰਾਂ ਦਾ ਪਤਾ ਲਿਖ ਕੇ ਦਿੱਤਾ ਅਤੇ ਚਿੱਠੀ ਲਿਖਣ ਲਈ ਕਿਹਾ। ਕਾ. ਚੈਨ ਜੀ ਰਾਹੀਂ ਹੋਏ ਪ੍ਰੋ. ਵੜੈਚ ਹੁਰਾਂ ਨਾਲ ਮੇਲ ਨੇ ਮੇਰੀ ਜ਼ਿੰਦਗੀ ਦਾ ਰੁੱਖ ਬਦਲ ਕੇ ਮੈਨੂੰ ਬਹੁਤ ਪਵਿੱਤਰ ਕੰਮ ਵਿਚ ਲਾ ਦਿੱਤਾ। ਇਹ ਬਾਬਾ ਬਿਲਗਾ ਜੀ ਦੀ ਦਿਆਨਤਦਾਰੀ ਸੀ ਕਿ ਉਨ੍ਹਾਂ ਵਧੇਰੇ ਜਾਣਕਾਰੀ ਲਈ ਕਾਮਰੇਡ ਚੈਨ ਜੀ ਨਾਲ ਮਿਲਣ ਲਈ ਕਿਹਾ ਤੇ ਇਹ ਪ੍ਰੋ. ਵੜੈਚ ਜੀ ਨਾਲ ਮਿਲਣ ਦਾ ਸਬੱਬ ਬਣਿਆ।

ਇੱਕ ਵਾਰ ਮੈਂ ਜਲੰਧਰ ਦੇਸ਼ ਭਗਤ ਯਾਦਗਾਰ ਹਾਲ 'ਚ ਗਿਆ ਤਾਂ ਬਾਬਾ ਜੀ ਨੇ ਮੈਨੂੰ ਆਪਣੇ ਨੇੜੇ ਪਈ ਕੁਰਸੀ ਤੇ ਬਿਠਾ ਲਿਆ। ਮੇਰਾ ਅਤੇ ਮੇਰੇ ਪਰਿਵਾਰ ਦਾ ਹਾਲ ਚਾਲ ਪੁੱਛ ਕੇ ਬੜੀ ਗੰਭੀਰਤਾ ਨਾਲ ਕਹਿਣ ਲੱਗੇ-ਓ ਸੀਤਾ ਰਾਮ ਬਈ ਤੂੰ ਗ਼ਦਰੀ ਦੇਸ਼ ਭਗਤਾਂ ਦੇ ਪਿੰਡਾਂ ਵਿਚ ਜਾਂਦਾ ਰਹਿਨਾ। ਰਾਜਸਥਾਨ ਦੀ ਖਰਵਾ ਰਿਆਸਤ ਦੇ ਰਾਓ ਗੋਪਾਲ ਸਿੰਘ ਨੇ ਗ਼ਦਰ ਪਾਰਟੀ ਦੀ ਪਲੈਨ ਮੁਤਾਬਿਕ ਅਜਮੇਰ 'ਚ ਗ਼ਦਰ ਕਰਨਾ ਸੀ। ਉਹਦਾ ਬਹੁਤ ਥੋੜਾ ਜਿਹਾ ਜ਼ਿਕਰ ਕਿਤਾਬਾਂ ਵਿਚ ਮਿਲਦਾ। ਕਿਤੇ ਜਾਹ ਓਧਰ ਰਾਜਸਥਾਨ ਵਿਚ ਤੇ ਲਿਆ ਰਾਓ ਗੋਪਾਲ ਸਿੰਘ ਬਾਰੇ ਪਤਾ ਕੱਢ ਕੇ। ਉਹਦਾ ਕੀ ਰੋਲ ਸੀ, ਉਹਦੇ ਵਾਰਸਾਂ ਬਾਰੇ ਪਤਾ ਕਰ। ਬਾਬਾ ਜੀ ਨਾਲ ਮੈਂ ਵਾਅਦਾ ਕਰਕੇ ਆ ਗਿਆ ਤੇ 5 ਮਾਰਚ 2004 ਨੂੰ ਜਾ ਪਹੁੰਚਾ ਜਵਾਹਰ ਨਵੋਦਿਆ ਵਿਦਿਆਲਾ ਨਾਂਦਲਾ, ਜ਼ਿਲ੍ਹਾ ਅਜਮੇਰ ਵਿਚ। ਸ. ਗੁਰਸੇਵਕ ਸਿੰਘ ਸਿੱਧੂ ਉਥੇ ਦੇ ਪ੍ਰਿੰਸੀਪਲ ਸਨ। ਸ. ਸਿੱਧੂ ਜਵਾਹਰ ਨਵੋਦਿਆ ਵਿਦਿਆਲਿਆ ਮਸੀਤਾਂ ਜ਼ਿਲ੍ਹਾ ਕਪੂਰਥਲਾ ਵਿਚ ਪ੍ਰਿੰਸੀਪਲ ਰਹੇ ਸਨ ਤਾਂ ਮੈਨੂੰ ਉਨ੍ਹਾਂ ਦੀ ਸੁਚੱਜੀ ਅਗਵਾਈ ਵਿਚ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਮੈਂ ਉਨ੍ਹਾਂ ਨੂੰ ਜਾ ਕੇ ਆਪਣੇ ਆਉਣ ਦਾ ਮਕਸਦ ਦੱਸਿਆ ਤਾਂ ਉਨ੍ਹਾਂ ਨੇ ਮੇਰੇ ਨਾਲ ਸਰੀਰਕ ਸਿੱਖਿਆ ਅਧਿਆਪਕ ਸ੍ਰੀ ਨਰਿੰਦਰ ਸਿੰਘ ਰਾਠੌਰ ਨੂੰ ਭੇਜਿਆ।

ਰਾਓ ਗੋਪਾਲ ਸਿੰਘ ਜੀ ਦੇ ਪੋਤਰੇ ਨੇ ਮੇਰੇ ਉਥੇ ਪਹੁੰਚਣ ਦਾ ਮਕਸਦ ਪੁੱਛ ਕੇ ਮੈਨੂੰ ਘੁੱਟ ਕੇ ਜੱਫ਼ੀ ਪਾ ਲਈ ਤੇ ਕਿਹਾ-'ਤੂੰ ਕਹਾਂ ਸੇ ਆ ਗਯਾ ਐਸਾ ਦੇਵਤਾ। ਹਿੰਦੋਸਤਾਨ ਮੇਂ ਤੋ ਸਿਰਫ ਦੋ ਹੀ ਸੁਤੰਤਰਤਾ ਸੈਨਾਨੀ ਹੈਂ ਏਕ ਗਾਂਧੀ ਔਰ ਦੂਸਰਾ ਨਹਿਰੂ'। ਮਹਿਲ ਅੰਦਰ ਲਿਜਾ ਕੇ ਮੇਰੀ ਅਤੇ ਮੇਰੇ ਸਾਥੀ ਦੀ ਸ਼ਾਹੀ ਮਹਿਮਾਨਾਂ ਵਾਂਗ ਖਾਤਰਦਾਰੀ ਕੀਤੀ ਅਤੇ ਆਪਣੇ ਮੁਨਸ਼ੀ ਨੂੰ ਬੁਲਾ ਕੇ ਰਾਓ ਸਾਹਿਬ ਨਾਲ ਸਬੰਧਤ ਇਕ ਕਿਤਾਬ ਅਤੇ ਹੋਰ ਦਸਤਾਵੇਜ਼ ਦਿੱਤੇ। ਪੰਜਾਬ ਆ ਕੇ ਮੈਂ ਰਾਓ ਸਾਹਿਬ 'ਤੇ ਇਕ ਲੇਖ ਲਿਖਿਆ ਜਿਹੜਾ ਨਵਾਂ ਜ਼ਮਾਨਾਂ ਅਖ਼ਬਾਰ ਵਿਚ ਛਪਿਆ। ਪ੍ਰਿੰਸੀਪਲ ਰਾਮ ਸਰੂਪ ਸ਼ਰਮਾ ਨੇ ਇਸ ਲੇਖ ਦੀ ਬਹੁਤ ਤਾਰੀਫ਼ ਕੀਤੀ ਸੀ ਤੇ ਬਾਬਾ ਬਿਲਗਾ ਜੀ ਨੇ ਸ਼ਾਬਾਸ਼ ਦੇ ਕੇ ਸਵਾਲ ਕੀਤਾ ਕਿ ਰਾਓ ਗੋਪਾਲ ਸਿੰਘ ਦਾ ਨਾਂ ਬਨਾਰਸ ਸਾਜ਼ਿਸ਼ ਕੇਸ ਵਿਚੋਂ ਕਿਉਂ ਕੱਢ ਦਿੱਤਾ ਸੀ। ਜਦੋਂ ਮੈਂ ਦੱਸਿਆ ਕਿ ਗ਼ਦਰ ਪਲੈਨ ਫੇਲ੍ਹ ਹੋ ਜਾਣ ਪਿੱਛੋਂ ਸਰਕਾਰ ਨੇ ਰਾਓ ਗੋਪਾਲ ਸਿੰਘ ਨੂੰ ਟਾਡਗੜ੍ਹ ਵਿਚ ਜੂਹਬੰਦ ਕਰ ਦਿੱਤਾ ਸੀ ਪਰ ਰਾਜਪੂਤ ਖਾਨਦਾਨ ਦੀ ਮਾਣ-ਮਰਿਯਾਦਾ ਬਰਕਰਾਰ ਰੱਖਦੇ ਹੋਏ ਰਾਓ ਗੋਪਾਲ ਸਿੰਘ ਉਥੋਂ ਆਪਣੇ ਇਕ ਸਾਥੀ ਨਾਲ ਫਰਾਰ ਹੋ ਗਏ ਅਤੇ ਇੱਕ ਕਿਲਾਨੁਮਾ ਮੰਦਰ ਵਿਚ ਜਾ ਲੁੱਕੇ ਸਨ। ਅਜਮੇਰ ਦੇ ਕਮਿਸ਼ਨਰ ਨੇ

ਫ਼ੌਜ ਵਿਚ ਅਤੇ ਰਾਜ ਵਿਚ ਬਗ਼ਾਵਤ ਭੜਕ ਪੈਣ ਦੇ ਡਰੋਂ ਰਾਓ ਸਾਹਿਬ ਨਾਲ ਵਾਅਦਾ ਕੀਤਾ ਕਿ ਉਨ੍ਹਾਂ 'ਤੇ ਸਿਰਫ਼ ਜੂਹਬੰਦੀ ਤੋੜਣ ਦਾ ਕੇਸ ਹੀ ਚਲਾਇਆ ਜਾਵੇਗਾ ਹੋਰ ਕੋਈ ਨਹੀਂ। ਅੰਗਰੇਜ਼ ਹਕੂਮਤ ਨੇ ਆਪਣੇ ਇੱਕ ਜ਼ਿੰਮੇਵਾਰ ਅਫ਼ਸਰ ਦੇ ਦਿੱਤੇ ਬਚਨਾਂ ਦੀ ਕਦਰ ਕਰਦਿਆਂ ਬਨਾਰਸ ਸਾਜਿਸ਼ ਕੇਸ 'ਚੋਂ ਦੋਸ਼ ਵਾਪਸ ਲੈ ਲਏ ਸਨ। ਇਹ ਸਾਰਾ ਕੁਝ ਸੁਣ ਕੇ ਬਾਬਾ ਜੀ ਨੇ ਠੰਡਾ ਸਾਹ ਲੈ ਕੇ ਕਿਹਾ ਸੀ। ਅੱਛਾ!

ਇੱਕ ਬਹੁਤ ਮਿੱਠੀ ਯਾਦ ਹੈ ਜਿਹੜੀ ਅੱਜ ਵੀ ਮੇਰੀ ਅਗਵਾਈ ਕਰਦੀ ਹੈ। ਮੈਂ ਬਾਬਾ ਜੀ ਨੂੰ ਦੇਸ਼ ਭਗਤ ਯਾਦਗਾਰ ਹਾਲ 'ਚ ਮਿਲਣ ਗਿਆ ਤਾਂ ਉਨ੍ਹਾਂ ਮੈਨੂੰ ਮਿੱਠੀ ਜਿਹੀ ਝਿੜਕ ਮਾਰੀ-ਸੀਤਾ ਰਾਮ ਤੂੰ ਜਦੋਂ ਇਥੇ ਪਿਛਲੀ ਵਾਰ ਆਇਆ ਸੀ ਤਾਂ ਘਰ ਕਿੰਨੇ ਵਜੇ ਪਹੁੰਚਾ ਸੀ?

ਮੈਂ ਕਿਹਾ ਬਾਬਾ ਜੀ ਮੈਨੂੰ ਨੇਰ੍ਹਾ ਹੀ ਹੋ ਗਿਆ ਸੀ।

ਤੇਰੇ ਜਾਣ ਤੋਂ ਬਾਅਦ ਤੇਰੇ ਘਰੋਂ ਫ਼ੋਨ ਆਇਆ ਸੀ। ਤੇਰੇ ਘਰੋਂ ਕੀ ਨਾਂ ਏਂ ਉਹਦਾ ਤੇਰੇ ਬਾਰੇ ਪੁੱਛਦੀ ਸੀ। ਬਹੁਤ ਫਿਕਰ ਕਰਦੀ ਸੀ

"ਬਾਬਾ ਜੀ ਕਪੂਰਥਲੇ ਤੋਂ ਜਿਹੜੀ ਆਖਰੀ ਬੱਸ ਜਾਂਦੀ ਆ ਉਹ ਲੰਘ ਗਈ ਸੀ, ਫਿਰ ਮੈਂ ਔਖਾ-ਸੌਖਾ ਹੋ ਕੇ ਪਹੁੰਚਾ ਘਰ ਰਾਤ ਨੂੰ।"

"ਉਹ ਕੁੜੀ ਕਿੰਨਾ ਫ਼ਿਕਰ ਕਰਦੀ ਸੀ। ਮੇਰੀ ਇੱਕ ਗੱਲ ਪੱਲੇ ਬੰਨ੍ਹ ਲਾ- ਆਹ ਵੀ ਕੰਮ ਕਰਨੇ ਆ ਪਰ ਜਿਹੜੀਆਂ ਲੜ ਲੱਗੀਆਂ ਉਨ੍ਹਾਂ ਨੂੰ ਏਦਾਂ ਪ੍ਰੇਸ਼ਾਨ ਨਹੀਂ ਕਰਨਾ। ਉਨ੍ਹਾਂ ਪ੍ਰਤੀ ਵੀ ਸਾਡੇ ਫਰਜ਼ ਆ, ਉਹ ਵੀ ਪੂਰੇ ਕਰਨੇ ਆ। ਤੈਨੂੰ ਹਨੇਰਾ ਹੋ ਗਿਆ ਸੀ ਤਾਂ ਤੂੰ ਇਥੋਂ ਫੋਨ ਕਰਕੇ ਘਰ ਦੱਸਕੇ ਇੱਥੋਂ ਤੁਰਦਾ। ਮੁੜਕੇ ਨਾ ਏਦਾਂ ਕਰੀਂ।

ਜਿਸ ਦਿਨ ਬਾਬਾ ਜੀ ਦਾ ਦੇਹਾਂਤ ਹੋਇਆ ਮੈਨੂੰ ਲੱਗਾ ਮੈਨੂੰ ਸੁਮੱਤ ਦੇਣ ਵਾਲਾ ਮੇਰਾ ਬਾਬਾ ਕਿਤੇ ਦੂਰ ਚਲੇ ਗਿਆ ਹੈ।

***

# ਬਿਲਗੇ ਦੇ ਵਿਕਾਸ ਕਾਰਜ ਤੇ ਬਾਬਾ ਭਗਤ ਸਿੰਘ ਬਿਲਗਾ

-ਮਾਸਟਰ ਪਰੇਮ ਲਾਲ ਮਹੇਂ ਬਿਲਗਾ

ਬਾਬਾ ਭਗਤ ਸਿੰਘ ਬਿਲਗਾ ਜਿਸ ਨੇ ਲੋਕ ਸੰਘਰਸ਼ਾਂ ਦਾ ਰਾਹ ਅਖਤਿਆਰ ਕਰਦਿਆਂ ਜ਼ਿੰਦਗੀ ਦਾ ਹਰ ਪਲ ਸਮਾਜ ਨੂੰ ਜੀਵਣ-ਯੋਗ, ਸੋਹਣਾ ਸੁਖਾਲਾ ਅਤੇ ਲੁੱਟ-ਘਸੁੱਟ ਰਹਿਤ ਬਣਾਉਣ ਲਈ ਸੰਸਾਰ ਦੀਆਂ ਲੋਟੂ ਤਾਕਤਾਂ ਦੇ ਖਿਲਾਫ਼ ਸੰਘਰਸ਼ ਵਿੱਚ ਅਰਪਨ ਕੀਤਾ। ਇਸ ਜੀਵਨ ਭਰ ਦੇ ਸੰਘਰਸ਼ਮਈ ਜੀਵਨ ਵਿੱਚ ਜਿੱਥੇ ਉਨ੍ਹਾਂ ਨੇ ਅਰਜਨਟਾਈਨਾ, ਬਰਾਜ਼ੀਲ, ਅਮਰੀਕਾ, ਜਰਮਨ, ਕੈਨੇਡਾ ਅਤੇ ਰੂਸ ਆਦਿ ਅਨੇਕਾਂ ਦੇਸ਼ਾਂ ਵਿੱਚ ਰਹਿ ਕੇ ਦੇਸ਼ ਨੂੰ ਗ਼ੁਲਾਮੀ ਤੋਂ ਮੁਕਤ ਕਰਾਉਣ ਲਈ ਆਪਣੇ ਸਾਥੀਆਂ ਨਾਲ ਮਿਲ ਕੇ ਆਜ਼ਾਦੀ ਦੀ ਲਹਿਰ ਨੂੰ ਤਕੜਾ ਕੀਤਾ, ਉੱਥੇ ਉਨ੍ਹਾਂ ਦੇ ਦਿਲ ਵਿੱਚ ਉਸ ਮਿੱਟੀ ਲਈ ਹਮੇਸ਼ਾ ਇੱਜ਼ਤ ਰਹੀ ਜਿਸ ਉਪਰ ਉਨ੍ਹਾਂ ਨੇ ਜੀਵਨ ਦਾ ਪਹਿਲਾ ਸਾਹ ਲਿਆ ਸੀ ਭਾਵ ਉਨ੍ਹਾਂ ਦੀ ਆਪਣੀ ਜਨਮ-ਭੂਮੀ ਪਿੰਡ ਬਿਲਗਾ। ਬਾਬਾ ਜੀ ਉਨ੍ਹਾਂ ਸ਼ਖ਼ਸੀਅਤਾਂ ਵਿੱਚੋਂ ਸਨ ਜੋ ਜਿੱਥੇ ਵੀ ਵਿਚਰਦੇ ਹਨ, ਉੱਥੇ ਦੇ ਸਮਾਜ ਲਈ ਕੁਝ ਨਾ ਕੁਝ ਕਰਨ ਦੀ ਹਮੇਸ਼ਾ ਤਾਂਘ ਰੱਖਦੇ ਸਨ। ਪ੍ਰੋਫੈਸਰ ਮੋਹਨ ਸਿੰਘ ਦਾ ਕਥਨ ਹੈ, 'ਦੋ ਧੜਿਆਂ ਵਿੱਚ ਖਲਕਤ ਵੰਡੀ, ਇੱਕ ਲੋਕਾਂ ਦਾ ਇੱਕ ਜੋਕਾਂ ਦਾ' ਬਾਬਾ ਜੀ ਹਮੇਸ਼ਾਂ ਲੋਕਾਂ ਲਈ ਡੱਟ ਕੇ ਖੜ੍ਹੇ ਅਤੇ ਲੜੇ ਅਤੇ ਉਹ ਵੀ ਆਪਣੇ ਜੀਵਨ ਦੇ ਆਖਰੀ ਸਾਹ ਤਕ। ਪੇਸ਼ ਹਨ ਬਾਬਾ ਭਗਤ ਸਿੰਘ ਬਿਲਗਾ ਦੀ ਰਹਿਨੁਮਾਈ 'ਚ ਬਿਲਗੇ ਵਿੱਚ ਕੀਤੇ ਕੁਝ ਕੰਮਾਂ 'ਤੇ ਇੱਕ ਪੰਛੀ-ਝਾਤ।

**ਬਿਲਗਾ ਜਨਰਲ ਚੈਰੀਟੇਬਲ ਹਸਪਤਾਲ ਬਿਲਗਾ:** ਬਾਬਾ ਜੀ ਨੇ ਇੱਕ ਦਿਨ ਮੈਨੂੰ ਬਿਲਗੇ ਆਪਣੇ ਘਰ ਬੁਲਾਇਆ ਤੇ ਆਖਣ ਲੱਗੇ ਕਿ ਇੰਗਲੈਂਡ ਵਿੱਚ ਕੁਝ ਸੱਜਣ ਆਪਣੇ ਪਿੰਡ ਦੇ ਤੇ ਹੋਰ ਵੀ ਨੇੜੇ-ਤੇੜੇ ਪਿੰਡਾਂ ਦੇ ਇਹ ਚਾਹੁੰਦੇ ਹਨ ਕਿ ਬਿਲਗੇ ਵਿੱਚ ਇੱਕ ਕਮਾਲ ਦਾ ਹਸਪਤਾਲ ਬਣਾਇਆ ਜਾਵੇ। ਪਿੰਡ ਨੇ ਸਿਰਫ ਹਸਪਤਾਲ ਲਈ 2-3 ਏਕੜ ਜ਼ਮੀਨ ਦੇਣੀ ਹੈ, ਬਾਕੀ ਕੰਮ ਸਾਰਾ ਉਹ ਆਖਦੇ ਨੇ ਸਾਡਾ ਰਿਹਾ। ਮੈਂ ਕਿਹਾ ਬਾਬਾ ਜੀ ਹੋਰ ਕੀ ਚਾਹੀਦਾ ਆਪਾਂ ਨੂੰ ਨਾਲੇ ਬਾਹਰਲੇ ਮੁੰਡਿਆਂ ਦੀ ਰੂਹ ਰਾਜ਼ੀ ਹੋ ਜਾਊ ਨਾਲੇ ਉੱਧਰ ਉਨ੍ਹਾਂ ਦੇ ਇਕੱਠੇ ਹੋਣ ਲਈ ਇੱਕ ਪਲੇਟਫਾਰਮ ਤਿਆਰ ਹੋ ਜਾਊ। ਉਨ੍ਹਾਂ ਦਾ ਇੰਗਲੈਂਡ ਵਿੱਚ ਵੀ ਤੇ ਇੰਡੀਆ ਵਿੱਚ ਵੀ ਮੇਲ-ਮਿਲਾਪ ਵਧ ਜਾਊ। ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਤੇ ਬੱਚੇ ਹਪਤਸਾਲ ਦੇ ਨਾਲ ਸੰਬੰਧ ਹੋਣ ਕਾਰਨ ਪਿੰਡ ਨਾਲ ਜੁੜੀਆਂ ਰਹਿਣਗੀਆਂ। ਇੱਧਰ ਆਪਣੇ ਲੋਕਾਂ ਨੂੰ ਤਾਂ ਬਹੁਤ ਜ਼ਰੂਰਤ ਹੈ ਇਹਨਾਂ ਮੈਡੀਕਲ ਸੇਵਾਵਾਂ ਦੀ। ਮਾੜੀ ਮੋਟੀ ਗੱਲ ਲਈ ਸਰਕਾਰੀ ਹਸਪਤਾਲ ਠੀਕ ਹੈ ਪਰ ਗੰਭੀਰ ਬਿਮਾਰੀਆਂ ਦੇ ਇਲਾਜ਼ ਵਾਲੀ ਗੱਲ ਨਹੀਂ। ਲੁਧਿਆਣੇ ਤਾਂ ਕੋਈ ਤਕੜਾ ਬੰਦਾ ਹੀ ਜਾ

ਕੇ ਇਲਾਜ਼ ਕਰਾ ਸਕਦਾ। ਬਾਬਾ ਜੀ ਕਹਿਣ ਲੱਗੇ ਬੱਚੂ ਇਹ ਦਿਮਾਗ਼ ਵਿੱਚ ਰੱਖੀਂ, ਸ਼ਾਇਦ ਆਪਾਂ ਨੂੰ ਕਰਨਾ ਪਵੇ ਇਹ ਕੰਮ। ਬਾਬਾ ਜੀ ਦੋ ਕੁ ਮਹੀਨੇ ਲਈ ਇੰਗਲੈਂਡ ਚਲੇ ਗਏ।

ਇੰਗਲੈਂਡ ਵਿੱਚੋਂ ਮੈਨੂੰ ਟੈਲੀਫੋਨ ਆਇਆ, 'ਪ੍ਰੇਮ ਮੈਂ ਇਹਨਾਂ ਦੀ ਯੂ.ਕੇ. ਵਿੱਚ ਇੱਕ ਕਮੇਟੀ ਬਣਾ ਦਿੱਤੀ, ਤੂੰ ਇੰਡੀਆ ਵਿੱਚ ਫਲ਼ਾਣੇ-ਫਲ਼ਾਣੇ ਬੰਦੇ ਆਪਣੇ ਨਾਲ ਲੈ ਕੇ ਇੱਕ ਸਬ-ਕਮੇਟੀ ਬਣਾ ਲਈਂ, ਮੈਂ ਇੰਡੀਆ ਆ ਕੇ ਤੁਹਾਨੂੰ ਮਿਲਦਾਂ। ਇਸ ਤਰ੍ਹਾਂ ਪਹਿਲੀ ਹਸਪਤਾਲ ਦੀ ਸਬ-ਕਮੇਟੀ ਹੋਂਦ ਵਿੱਚ ਆਈ ਜਿਸ ਦਾ ਪ੍ਰਧਾਨ ਡਾ. ਜਸਵਿੰਦਰ ਸਿੰਘ ਬਿਲਗਾ M.Sc. Ph.D., ਵਾਈਸ ਪ੍ਰਧਾਨ ਮਾ. ਪ੍ਰਸ਼ੋਤਮ ਲਾਲ M.A. B.Sc. B.Ed. , ਜਨਰਲ ਸਕੱਤਰ ਮਾ. ਪ੍ਰੇਮ ਲਾਲ ਮਹੇਂ M.A. B.Sc.B.Ed., ਸਹਾਇਕ ਸਕੱਤਰ ਓਮ ਪ੍ਰਕਾਸ਼ ਪਰਾਸ਼ਰ, ਖਜ਼ਾਨਚੀ ਰਘੁਬੀਰ ਸਿੰਘ, ਸਹਾਇਕ ਖਜਾਨਚੀ ਹਰਪਾਲ ਸਿੰਘ ਸੰਘੇੜਾ ਕੇਨਰਾ ਬੈਂਕ ਹੁਣ ਸ਼ਿਕਾਗੋ ਯੂ.ਐਸ.ਏ., ਸੁਪਰਵਾਈਜ਼ਰ ਨਿਰਮਾਣ ਮਾ: ਸੁੱਚਾ ਸਿੰਘ, ਅਕਾਊਂਟ ਸੁਪਰਵਾਈਜ਼ਰ ਅਸ਼ਵਨੀ ਕੁਮਾਰ, ਕਾਨੂੰਨੀ ਸਲਾਹਕਾਰ ਗੁਰਮਿੰਦਰ ਸਿੰਘ ਬਿਲਗਾ M.A. L.L.B, ਬਾਬਾ ਭਗਤ ਸਿੰਘ ਬਿਲਗਾ 'ਤੇ ਜ਼ੋਰ ਪਾ ਕੇ ਉਨ੍ਹਾਂ ਨੂੰ ਚੀਫ਼ ਪੈਟਰਨ ਬਣਾਇਆ ਤਾਂ ਜੋ ਅਸੀਂ ਬਾਬਾ ਜੀ ਦੇ ਨਾਂ ਦੀ ਵਰਤੋਂ ਕਰ ਸਕੀਏ। ਹੁਣ ਇਸ ਕਮੇਟੀ ਦਾ ਕੰਮ ਸੀ ਪਹਿਲਾਂ ਜ਼ਮੀਨ ਦੀ ਪ੍ਰਾਪਤੀ ਕਰਨੀ। ਇੱਕ ਸਾਲ ਦੀ ਨੱਠ ਭੱਜ ਵਿੱਚ ਕੁਝ ਹੱਥ ਪੱਲੇ ਨਹੀਂ ਪਿਆ, ਨਾ ਜ਼ਮੀਨ ਪਿੰਡ ਦੀ ਪੰਚਾਇਤ ਨੇ ਦਿੱਤੀ, ਨਾ ਪਿੰਡ ਦੀ ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਅਤੇ ਨਾ ਹੀ ਕੋਈ ਸੜਕ ਉੱਪਰ ਤਿੰਨ ਏਕੜ ਜ਼ਮੀਨ ਮੁੱਲ ਦੇਣ ਨੂੰ ਤਿਆਰ ਹੋਇਆ। ਇੱਕ ਸਾਲ ਥਾਂ-ਥਾਂ ਟੱਕਰਾਂ ਮਾਰੀਆਂ ਪਰ ਫਜ਼ੂਲ। ਇੱਕ ਦਿਨ ਬਾਬਾ ਜੀ ਨੇ ਮੈਨੂੰ ਘਰ ਸੱਦਿਆ ਤੇ ਸਲਾਹ ਕੀਤੀ ਕਿ ਜੇ ਆਪਾਂ ਹੀ ਕਾਮਰੇਡ ਕਰਤਾਰ ਮੈਮੋਰੀਅਲ ਟਰੱਸਟ ਵਾਲੀ ਜ਼ਮੀਨ ਇੰਗਲੈਂਡ ਵਾਲਿਆਂ ਨੂੰ ਦੇ ਦਈਏ, ਨਾਲੇ ਇਸ ਕੰਮ ਤੋਂ ਵੱਧ ਸਾਕਾਰ ਕੋਈ ਕੰਮ ਮੈਨੂੰ ਦਿਸਦਾ ਨਹੀਂ, ਜਿੱਥੇ ਉਸ ਨੇਕ ਆਦਮੀ ਦੀ ਜ਼ਮੀਨ ਖਰਚ ਕਰ ਸਕੀਏ। ਤੂੰ ਕਹਿ ਕੇ ਟਰੱਸਟ ਦੀ ਮੀਟਿੰਗ ਸੱਦ ਲੈ। ਉਸ ਵੇਲੇ ਟਰੱਸਟ ਦੇ ਮੈਂਬਰ ਸਨ ਕਾਮਰੇਡ ਚੈਨ ਸਿੰਘ ਚੈਨ, ਕਾਮਰੇਡ ਸਵਰਨ ਅਕਲਪੁਰੀ, ਰਛਪਾਲ ਬੜਾ ਪਿੰਡ, ਮਾਸਟਰ ਪ੍ਰੇਮ ਬਿਲਗਾ, ਲਾਲਾ ਚਰਨ ਦਾਸ, ਓਮ ਪ੍ਰਕਾਸ਼ ਪ੍ਰਾਸ਼ਰ ਆਦਿ। ਇਸ ਤੋਂ ਪਹਿਲਾਂ ਕਿ ਇਸ ਮੀਟਿੰਗ ਬਾਰੇ ਗੱਲ ਜਾਰੀ ਰੱਖੀ ਜਾਵੇ ਕਾਮਰੇਡ ਕਰਤਾਰ ਮੈਮੋਰੀਅਲ ਟਰੱਸਟ ਬਾਰੇ ਕੁਝ ਜਾਣਕਾਰੀ ਜ਼ਰੂਰੀ ਬਣਦੀ ਹੈ।

**ਕਾਮਰੇਡ ਕਰਤਾਰ ਸਿੰਘ ਮੈਮੋਰੀਅਲ ਟਰੱਸਟ ਬਿਲਗਾ:** ਕਾਮਰੇਡ ਕਰਤਾਰ ਸਿੰਘ ਬਿਲਗਾ ਪੁੱਤਰ ਸ. ਸ਼ੇਰ ਸਿੰਘ ਬਿਲਗਾ ਇੱਕ ਸੱਚਾ-ਸੁੱਚਾ ਅਤੇ ਨੇਕ ਦਿਲ ਇਨਸਾਨ ਸੀ ਜੋ ਕਿ ਪਿੰਡ ਦੇ ਕਾਂਗਰਸੀ ਲੀਡਰ ਚੌਧਰੀ ਸੰਤਾ ਸਿੰਘ ਦੇ ਸਕਿਆਂ ਵਿੱਚੋਂ ਸੀ। ਕਾਮਰੇਡ ਕਰਤਾਰ ਬਿਲਗੇ ਵਾਲੀ ਆਪਣੀ ਜ਼ਮੀਨ ਗਹਿਣੇ ਪਾ ਕੇ ਤਾਂ ਮਸਤੂਆਣੇ ਸੰਤਾਂ ਸਾਧਾਂ ਦੇ ਡੇਰੇ ਰਿਹਾ, ਉਥੇ ਹੀ ਕਈ ਵਾਰ ਕਾਮਰੇਡ ਤੇਜਾ ਸਿੰਘ ਸੁਤੰਤਰ ਰੂਪੋਸ਼ੀ ਵੇਲੇ ਕਈ ਰਾਤਾਂ ਕਾਮਰੇਡ ਕਰਤਾਰ ਹੁਣਾਂ ਕੋਲ ਰਿਹਾ। ਕਰਤਾਰ ਨੇ ਸਾਧਾਂ ਨੂੰ ਮਦਦ ਲਈ ਕਹਿ ਕੇ ਪਿੰਡ ਵਾਲੀ ਜ਼ਮੀਨ ਗਹਿਣੇ ਤੋਂ ਛੁਡਾਈ ਤੇ ਖੂਹ ਉਪਰ 4-5 ਕਮਰੇ ਬਣਾ ਕੇ ਰਹਿਣ ਲੱਗਾ। ਕਾਮਰੇਡ ਕਰਤਾਰ ਦੇ ਕੋਈ ਧੀ-ਪੁੱਤ ਨਹੀਂ ਸੀ। ਉਸ ਨੂੰ ਬੀ.ਪੀ. ਅਤੇ ਹਾਰਟ ਦੀ ਬਿਮਾਰੀ ਲੱਗ ਗਈ। ਜਦੋਂ ਕਰਤਾਰ ਨਾਲ ਸ਼ੁਰੂ ਤੋਂ ਰਹਿੰਦਾ ਕਾਮਾ ਜੋ ਮਸਤੂਆਣੇ ਵੱਲ ਦਾ ਹੀ ਸੀ ਜਿਸ ਦਾ ਨਾਂ ਤੇਜਾ ਸਿੰਘ ਸੀ ਆਪਣੇ ਬੱਚੇ ਵਾਲੀ ਘਰ

ਵਾਲੀ ਨਾਲ ਲੈ ਕੇ ਕਰਤਾਰ ਨੂੰ ਛੱਡ ਕੇ ਚਲੇ ਗਿਆ। ਉਸੇ ਸ਼ਾਮ ਨੂੰ ਕਰਤਾਰ ਨੂੰ ਹਾਰਟ ਅਟੈਕ ਹੋ ਗਿਆ ਤੇ ਉਹ ਬੇਹੋਸ਼ ਹੋ ਗਿਆ, ਜਿਸ ਨੂੰ ਸੀ.ਐਮ.ਸੀ. ਲੁਧਿਆਣੇ ਦਾਖਲ ਕਰਾਇਆ ਗਿਆ। ਮੈਂ ਤੇ ਬਾਬਾ ਜੀ 3-4 ਦਿਨ ਬਾਅਦ ਉਸ ਦੀ ਖ਼ਬਰ ਲੈਣ ਸੀ.ਐਮ.ਸੀ. ਗਏ। ਜਿੱਥੇ ਕਰਤਾਰ ਸਾਡੇ ਨਾਲ ਹੱਸਦਾ-ਖੇਡਦਾ ਰਿਹਾ। ਬਾਬਾ ਜੀ ਨਾਲ ਸਭ ਪਾਰਟੀਆਂ ਬਾਰੇ ਗੱਲਾਂ ਕੀਤੀਆਂ, ਨਾਲੇ ਕਿਹਾ ਕਿ ਮੈਂ ਕੱਲ੍ਹ ਪਰਸੋਂ ਛੁੱਟੀ ਲੈ ਕੇ ਬਿਲਗੇ ਆ ਜਾਣਾ ਸੀ, ਐਵੇਂ ਪਿੰਡ ਵਾਲੇ ਇੱਧਰ ਨੂੰ ਦੌੜੇ ਆਉਂਦੇ। ਮੈਂ ਕਿੱਥੇ ਚੱਲਿਆ। ਪਰ ਡਾਕਟਰਾਂ ਦਾ ਕਹਿਣਾ ਸੀ ਕਿ ਹੋਰ ਅਟੈਕ ਹੋ ਸਕਦਾ। ਨਤੀਜਾ ਤਿੰਨ ਦਿਨ ਬਾਅਦ ਕਾਮਰੇਡ ਕਰਤਾਰ ਦਾ ਮ੍ਰਿਤਕ ਸਰੀਰ ਹੀ ਬਿਲਗੇ ਪਹੁੰਚਾ, ਜਿਸ ਦਾ ਸੰਸਕਾਰ ਖ਼ੂਹ ਉੱਪਰ ਹੀ ਕੀਤਾ ਗਿਆ। ਉਸ ਜਗ੍ਹਾ ਉੱਪਰ ਹੀ ਉੱਚਾ ਥੜਾ ਬਣਾ ਕੇ ਉੱਪਰ ਲਾਲ ਝੰਡਾ ਲਾ ਦਿੱਤਾ ਗਿਆ। ਇਹ ਉਸਦੀ ਯਾਦਗਾਰ ਸੀ। ਜਿਸ ਨੂੰ ਬਣਾਉਣਾ ਵੀ ਮੇਰੇ ਹਿੱਸੇ ਆਇਆ। ਭੋਗ ਉੱਪਰ ਸਰਵਣ ਸਿੰਘ ਚੀਮਾ ਜੋ ਉਸ ਵੇਲੇ ਸੀ.ਪੀ.ਐਮ. ਦਾ ਐਮ.ਐਲ.ਏ. ਸੀ। ਕਾਮਰੇਡ ਚੈਨ ਸਿੰਘ ਚੈਨ, ਨਸੀਬ ਸਿੰਘ ਸਮਰਾ ਉਸ ਸਮੇਂ ਸੀ.ਪੀ.ਆਈ. ਦੇ ਹੋਰ ਬਹੁਤ ਸਾਰੇ ਲੋਕ ਅਤੇ ਲੀਡਰ ਆਏ। ਫਿਰ ਹਰ ਸਾਲ ਕਾਮਰੇਡ ਕਰਤਾਰ ਦੀ ਬਰਸੀ ਮਨਾਉਂਦੇ ਰਹੇ।

ਕਾਮਰੇਡ ਕਰਤਾਰ ਤੋਂ ਬਾਅਦ ਉਨ੍ਹਾਂ ਦੀ ਵਸੀਅਤ ਅਨੁਸਾਰ ਜ਼ਮੀਨ ਉਸ ਦੇ ਘਰ ਵਾਲੀ ਗੁਰਦੇਵ ਕੌਰ ਦੇ ਨਾਮ ਕਰਾ ਦਿੱਤੀ ਗਈ। ਪਰ ਸਾਲ ਬਾਅਦ ਗੁਰਦੇਵ ਕੌਰ ਨੂੰ ਜ਼ਮੀਨ ਕਰਕੇ ਬਾਕੀ ਰਿਸ਼ਤੇਦਾਰ ਖਾਸ ਕਰਕੇ ਕਾਮਰੇਡ ਕਰਤਾਰ ਦੇ ਭਾਣਜੇ ਡਰਾਉਣ-ਧਮਕਾਉਣ ਲੱਗੇ। ਉਸ ਨੇ ਡਰਦੀ ਨੇ ਇੱਕ ਟਰੱਸਟ ਨੂਰਮਹਿਲ ਸਬ-ਤਹਿਸੀਲ ਵਿੱਚ ਰਜਿਸਟਰ ਕਰਾ ਕੇ ਜ਼ਮੀਨ ਉਸ ਦੇ ਨਾਂ ਕਰ ਦਿੱਤੀ ਆਪ ਵੀ ਉਸ ਦੀ ਮੈਂਬਰ ਬਣ ਗਈ। ਚੌ: ਸੰਤਾ ਸਿੰਘ ਟਰੱਸਟ ਦਾ ਪਹਿਲਾ ਪ੍ਰਧਾਨ ਸੀ। ਕਾਮਰੇਡ ਜਵਾਲਾ ਸਿੰਘ ਬਿਲਗਾ ਰੂਸ ਤੋਂ ਗ਼ਦਰੀ ਵਿਦਿਆ ਲੈ ਕੇ ਆਇਆ ਸੀ ਵਾਈਸ ਪ੍ਰਧਾਨ, ਮੈਂ ਮੈਂਬਰ ਅਤੇ ਓਮ ਪ੍ਰਕਾਸ਼ ਪ੍ਰਾਸ਼ਰ ਸਕੱਤਰ, ਲਾਲਾ ਚਰਨ ਦਾਸ ਟਾਂਗੜੀ ਖਜ਼ਾਨਚੀ ਬਣਾਏ ਗਏ ਅਤੇ ਕੁਝ ਮੈਂਬਰ ਹੋਰ ਪਾਰਟੀਆਂ ਅਕਾਲੀ, ਸੀ.ਪੀ.ਐਮ. ਚੋਂ ਵੀ ਲਏ ਨਾਲ ਹੀ ਕਾਮਰੇਡ ਚੈਨ ਸਿੰਘ ਚੈਨ। ਜਦ 4-5 ਸਾਲ ਬਾਅਦ ਗੁਰਦੇਵ ਕੌਰ ਨੂੰ ਖ਼ਤਰਾ ਟਲ ਗਿਆ ਤਾਂ ਉਸ ਨੇ ਟਰੱਸਟ ਤੋੜਨ ਲਈ ਜਲੰਧਰ ਵਿਖੇ ਇਸ ਟਰੱਸਟ 'ਤੇ ਕੇਸ ਕਰ ਦਿੱਤਾ ਅਤੇ ਨਾਲ ਇਹ ਦੋਸ਼ ਵੀ ਲਾਇਆ ਕਿ ਮੈਨੂੰ ਤਹਿਸੀਲਦਾਰ, ਲੰਬੜਦਾਰ ਆਦਿ ਚੁੱਕ ਕੇ ਨੂਰਮਹਿਲ ਲੈ ਗਏ ਤੇ ਮਜਬੂਰਨ ਟਰੱਸਟ ਬਣਾਇਆ। ਇਸ ਦੌਰਾਨ ਸਾਲ ਕੁ ਬਾਅਦ ਕਾਮਰੇਡ ਰਛਪਾਲ ਬੜਾ ਪਿੰਡ ਤੇ ਸਵਰਨ ਅਕਲਪੁਰੀ ਪਿੰਡ ਬਿਲਗੇ ਚੌ: ਸੰਤਾ ਸਿੰਘ ਨੂੰ ਮਿਲ ਕੇ ਕਹਿਣ ਲੱਗੇ ਕਿ ਚੌਧਰੀ ਤੁਸੀਂ ਕੇਸ ਵਾਪਸ ਲੈ ਲਵੋ। ਚੌਧਰੀ ਸੰਤਾ ਸਿੰਘ ਨੇ ਸ਼ਾਮ ਨੂੰ ਮੇਰੇ ਨਾਲ ਕਾਮਰੇਡ ਜਵਾਲਾ ਸਿੰਘ ਤੇ ਹੋਰ ਮੈਂਬਰਾਂ ਨਾਲ ਸਲਾਹ ਕਰਕੇ ਤਰੀਕ ਉੱਪਰ ਕੇਸ ਵਾਪਸ ਲੈਣ ਦਾ ਫੈਸਲਾ ਕਰ ਲਿਆ ਜਦ ਤਰੀਕ 'ਤੇ ਚੌ: ਸੰਤਾ ਸਿੰਘ, ਕਾਮਰੇਡ ਜਵਾਲਾ ਸਿੰਘ ਤੇ ਹੋਰ ਮੈਂਬਰ ਸਾਥੀ ਮੈਟਾਡੋਰ ਕਰਕੇ ਜਲੰਧਰ ਵਕੀਲ ਵਾਹੀ ਸਾਹਿਬ ਨੂੰ ਜਾ ਕੇ ਕਹਿਣ ਲੱਗੇ ਕਿ ਲਿਆ ਕਾਗਜ਼ ਅਸੀਂ ਦਸਤਖ਼ਤ ਕਰ ਦੀਏਏ ਤਾਂ ਜੋ ਕੇਸ ਵਾਪਸ ਲਿਆ ਜਾ ਸਕੇ। ਵਕੀਲ ਵਾਹੀ ਕਹਿੰਦਾ ਤੁਹਾਡਾ ਦਿਮਾਗ ਖਰਾਬ ਆ, ਉਸ ਨੇ ਤਾਂ ਇਹ ਕਿਹਾ ਕਿ ਤੁਸੀਂ ਜ਼ਬਰਨ ਉਸ ਨੂੰ ਚੁੱਕ ਕੇ ਟਰੱਸਟ ਬਣਾਇਆ। ਇਹ ਕੇਸ ਤਾਂ ਤੁਹਾਨੂੰ ਲੜਨਾ ਪੈਣਾ। ਦੋ-ਤਿੰਨ ਸਾਲ ਬਾਅਦ ਕੇਸ ਟਰੱਸਟ

ਦੇ ਹੱਕ ਵਿੱਚ ਹੋਇਆ। ਗੁਰਦੇਵ ਕੌਰ ਆਪਣੇ ਪਹਿਲੇ ਪਤੀ ਮੱਖਣ ਸਿੰਘ ਕੋਲ ਚਲੇ ਗਈ। ਇਸ ਕੇਸ ਦੇ ਖਿੱਚੋਤਾਣ ਵਿੱਚ ਮੈਨੂੰ ਅਤੇ ਕਾਮਰੇਡ ਜਵਾਲਾ ਸਿੰਘ ਨੂੰ ਪਾਰਟੀ ਵਿੱਚੋਂ ਵੀ ਕੱਢਿਆ ਗਿਆ ਜੋ ਬਾਅਦ ਵਿੱਚ ਪਾਰਟੀ ਕੰਟਰੋਲ ਕਮਿਸ਼ਨ ਦੀ ਇਨਕੁਆਰੀ ਤੋਂ ਬਾਅਦ ਬਹਾਲ ਕੀਤੇ ਗਏ। ਕਈ ਝੂਠੇ ਫੌਜਦਾਰੀ ਕੇਸ ਸਾਡੇ ਟਰੱਸਟ ਦੇ ਮੈਂਬਰਾਂ ਉੱਪਰ ਪਾਏ ਗਏ। ਜਦ ਵੀ ਥਾਣੇਦਾਰ ਬਦਲਦਾ ਸੀ ਨਵਾਂ ਝੂਠਾ ਕੇਸ, ਸੀ.ਐਮ. ਕਈ ਵਾਰ ਕਿਸੇ ਮਨਿਸਟਰ ਵੱਲੋਂ ਮਾਰਕ ਹੋ ਆਉਂਦਾ ਜਿਨ੍ਹਾਂ ਦਾ ਸਾਹਮਣਾ ਅਸੀਂ ਸੀ.ਪੀ.ਆਈ. ਅਤੇ ਪਿੰਡ ਦੇ ਲੋਕਾਂ ਦੀ ਮੱਦਦ ਨਾਲ ਕਰਦੇ ਰਹੇ। ਫਿਰ ਚੌ: ਸੰਤਾ ਸਿੰਘ ਦਾ ਦੇਹਾਂਤ ਹੋ ਗਿਆ ਤੇ ਬਾਬਾ ਭਗਤ ਸਿੰਘ ਬਿਲਗਾ ਟਰੱਸਟ ਦੇ ਪ੍ਰਧਾਨ ਬਣ ਗਏ।

ਕਾਮਰੇਡ ਕਰਤਾਰ ਮੈਮੋਰੀਅਲ ਟਰੱਸਟ ਦੀ ਜਾਣਕਾਰੀ ਤੋਂ ਪਹਿਲਾਂ ਗੱਲ ਚੱਲਦੀ ਸੀ ਬਾਬਾ ਜੀ ਦੀ ਪ੍ਰਧਾਨਗੀ ਵਿੱਚ ਟਰੱਸਟ ਦੀ ਮੀਟਿੰਗ ਸੱਦਣ ਦੀ ਜੋ ਕਿ ਪੰਜ ਦਿਨ ਬਾਅਦ ਬਿਲਗੇ ਦੇ ਖੱਦਰ ਭੰਡਾਰ ਪੱਟੀ ਬੱਗਾ ਵਿੱਚ ਰੱਖੀ ਗਈ। ਬਾਬਾ ਜੀ ਦੇ ਸਪੁੱਤਰ ਕਾਮਰੇਡ ਕੁਲਬੀਰ ਸਿੰਘ (U.K) ਵੀ ਬਾਬਾ ਜੀ ਦੇ ਨਾਲ ਸਨ ਜੋ ਕਮਰੇ ਤੋਂ ਬਾਹਰ ਬੈਂਚ ਤੇ ਬੈਠ ਗਏ। ਮੀਟਿੰਗ ਵਿੱਚ ਸਵਰਨ ਅਕਲਪੁਰੀ, ਰਛਪਾਲ ਬੜਾ ਪਿੰਡ, ਕਾਮਰੇਡ ਚੈਨ ਸਿੰਘ ਚੈਨ, ਮਾਸਟਰ ਪ੍ਰੇਮ ਬਿਲਗਾ, ਓਮ ਪ੍ਰਕਾਸ਼ ਪ੍ਰਾਸ਼ਰ, ਲਾਲਾ ਟਾਂਗਰੀ ਆਦਿ ਮੈਂਬਰ ਹਾਜ਼ਰ ਸਨ। ਮਤਾ ਪਾਸ ਕੀਤਾ ਗਿਆ ਕਿ ਕਾਮਰੇਡ ਕਰਤਾਰ ਮੈਮੋਰੀਅਲ ਟਰੱਸਟ ਦੀ ਜ਼ਮੀਨ ਯੂ. ਕੇ. ਟਰੱਸਟ ਨੂੰ ਹਸਪਤਾਲ ਬਣਾਉਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ।

**ਸ਼ਰਤਾਂ:-**

1. ਹਸਪਤਾਲ ਦਾ ਨਾਮ ਕਿਸੇ ਜਾਤ, ਧਰਮ ਜਾਂ ਫਿਰਕੇ ਆਦਿ ਨਾਲ ਨਹੀਂ ਰੱਖਿਆ ਜਾਵੇਗਾ।
2. ਕਾਮਰੇਡ ਕਰਤਾਰ ਮੈਮੋਰੀਅਲ ਟਰੱਸਟ ਦੇ ਸਾਰੇ ਮੈਂਬਰ ਹਸਪਤਾਲ ਦੇ ਟਰੱਸਟੀ ਰੱਖੇ ਜਾਣਗੇ
3. ਹਸਪਤਾਲ ਦੀ ਮੈਨੇਜਮੈਂਟ ਜਾਤ, ਧਰਮ ਆਦਿ ਤੋਂ ਉੱਪਰ ਉੱਠ ਕੇ ਕੰਮ ਕਰੇਗੀ।
4. ਕਾਮਰੇਡ ਕਰਤਾਰ ਦੀ ਢੁੱਕਵੀਂ ਯਾਦ ਹਸਪਤਾਲ ਵਿੱਚ ਉਸਾਰੀ ਜਾਵੇਗੀ, ਜੋ ਕਾਮਰੇਡ ਕਰਤਾਰ ਮੈਮੋਰੀਅਲ ਟਰੱਸਟ ਦੇ ਮਨ-ਪਸੰਦ ਅਤੇ ਤਸੱਲੀ ਅਨੁਸਾਰ ਹੋਣੀ ਚਾਹੀਦੀ ਹੈ।

ਮੈਨੂੰ ਅੱਜ ਵੀ ਯਾਦ ਹੈ ਇਹ ਪ੍ਰਸਤਾਵ ਪਾਸ ਕਰਾ ਕੇ ਬਾਬਾ ਜੀ ਅਤੇ ਉਨ੍ਹਾਂ ਦਾ ਸਪੁੱਤਰ ਕਾਮਰੇਡ ਕੁਲਬੀਰ ਮੀਟਿੰਗ ਤੋਂ ਬਾਅਦ ਇਸ ਤਰ੍ਹਾਂ ਮਾਣ ਨਾਲ ਤੁਰੇ ਜਾ ਰਹੇ ਸਨ ਜਿਵੇਂ ਇੱਕ ਵੱਡੀ ਪ੍ਰਾਪਤੀ ਤੋਂ ਬਾਅਦ ਇਹ ਆਸ ਬੱਝ ਗਈ ਸੀ ਕਿ ਬਿਲਗੇ ਅਤੇ ਇਸ ਦੇ ਆਲੇ-ਦੁਆਲੇ ਦੇ 40 ਪਿੰਡਾਂ ਦੀ ਗ਼ਰੀਬ ਜਨਤਾ ਦੇ ਦੁੱਖਾਂ-ਕਸ਼ਟਾਂ ਨੂੰ ਘੱਟ ਕਰਨ ਦੀ ਚਾਬੀ ਜੇਬ ਵਿੱਚ ਆ ਗਈ ਸੀ।

ਇਸ ਤੋਂ ਬਾਅਦ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਟੈਂਡਰ ਮੰਗੇ ਗਏ। ਗੰਗਾ ਕੰਨਰੈਕਟ ਕੰਪਨੀ ਨੂੰ ਕੰਮ ਮਟਰੀਅਲ ਸਮੇਤ ਦਿੱਤਾ ਗਿਆ। ਚੰਡੀਗੜ੍ਹ ਦਾ ਆਰਕੀਟੈਕਟ ਦੀਵਾਨ ਰੱਖਿਆ ਗਿਆ। ਕੰਪਨੀ ਦੇ ਕੰਮ ਦੀ ਨਿਗਰਾਨੀ ਕਰਨ ਲਈ ਸਬ ਕਮੇਟੀ ਵਲੋਂ ਇੱਕ ਆਪਣਾ

ਇੰਜੀਨੀਅਰ ਨਿਯੁਕਤ ਕੀਤਾ ਗਿਆ। ਇਸ ਸਾਰੇ ਕੰਮ ਦੀ ਨਿਗਰਾਨੀ ਕਰਨ ਲਈ-ਸਬ ਕਮੇਟੀ ਵਿੱਚੋਂ ਨਿਰਮਾਣ ਸਬ ਕਮੇਟੀ ਬਣਾਈ ਗਈ ਜੋ ਦਿਨ-ਰਾਤ ਹਸਪਤਾਲ ਦੀ ਉਸਾਰੀ ਦੀ ਨਿਗਰਾਨੀ ਕਰਦੀ ਬਿਨਾਂ ਇੱਕ ਵੀ ਪੈਸਾ ਮੈਨੇਜਮੈਂਟ ਤੋਂ ਲਏ ਸਬ-ਕਮੇਟੀ ਦੀਆਂ ਮੀਟਿੰਗਾਂ ਲਈ ਮੈਂਬਰ ਆਪਣੇ ਕੋਲੋਂ 100 ਰੁਪਏ ਹਰ ਮਹੀਨੇ ਇੱਕੱਠਾ ਕਰਦੇ, ਕੋਈ ਪੈਟਰੋਲ ਦਾ ਖਰਚ ਨਾ ਲੈਂਦੇ। ਸਭ ਮੈਂਬਰ ਜੋ ਚੰਗੇ ਪੜ੍ਹੇ-ਲਿਖੇ ਸੀ ਦੌੜ ਕੇ ਕੰਮ ਕਰਦੇ ਅਤੇ ਬਹਿਸਾਂ ਵਿੱਚ ਹਿੱਸਾ ਲੈਂਦੇ।

ਫੇਰ ਪਿੰਡ ਦੀ ਕਿਸੇ ਸਿਆਸੀ ਪਾਰਟੀ ਦੀ ਸ਼ਹਿ ਉੱਪਰ ਕਾਮਰੇਡ ਕਰਤਾਰ ਦੇ ਨੌਕਰ ਨੇ ਫਿਲੌਰ ਕਚਹਿਰੀ ਵਿੱਚ ਕੇਸ ਕਰ ਦਿੱਤਾ ਜੋ ਸਰਦਾਰ ਗਿਆਨ ਸਿੰਘ ਬਿਲਗਾ ਜੋ ਹੁਣ ਯੂ.ਕੇ. ਤੋਂ ਨਾਲ ਆ ਮਿਲਿਆ ਸੀ ਤੇ ਉਨ੍ਹਾਂ ਦੇ ਜਤਨਾਂ ਨਾਲ ਢਾਈ ਲੱਖ ਵਿੱਚ ਫੈਸਲਾ ਇਹ ਕਹਿ ਕੇ ਕੀਤਾ ਕਿ ਜੇ ਕੇਸ ਹੀ ਕਈ ਸਾਲ ਚਲਦਾ ਰਿਹਾ ਤਾਂ ਹਸਪਤਾਲ ਕਦੋਂ ਬਣਾਵਾਂਗੇ। ਅਖੀਰ ਵਿਸਾਖੀ ਵਾਲੇ ਦਿਨ ਅਪ੍ਰੈਲ 13, 2000 ਨੂੰ ਹਪਸਤਾਲ ਦਾ ਨੀਂਹ ਪੱਥਰ ਉਸ ਸਮੇਂ ਦੀ ਬਾਦਲ ਸਰਕਾਰ ਦੇ ਸਿਹਤ ਮੰਤਰੀ ਬਲਦੇਵ ਚਾਵਲਾ ਤੋਂ ਰਖਵਾਉਣ ਦਾ ਫੈਸਲਾ ਹੋਇਆ ਅਤੇ ਬਤੌਰ ਮੁੱਖ ਮਹਿਮਾਨ ਭਾਰਤ ਦੇ ਮਹਾਨ ਫ਼ਿਲਮੀ ਲੇਖਕ ਜਾਵੇਦ ਅਖ਼ਤਰ ਸਾਹਿਬ ਬੰਬਈ ਤੋਂ ਆ ਕੇ ਮਾਣ ਵਧਾ ਕੇ ਗਏ। ਇਸ ਵਿੱਚ Land-scape ਬੂਟੇ ਲਗਾਉਣ ਦਾ ਕੰਮ ਸਬ-ਕਮੇਟੀ ਦੇ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਬਿਲਗਾ ਜੋ ਕਿ ਫਲੋਰੀ ਕਲਚਰ ਦੇ ਡਾਕਟਰ ਹਨ, ਨੇ ਦਿਨ-ਰਾਤ ਇੱਕ ਕਰਕੇ ਹਪਸਤਾਲ ਦੀ ਬਾਹਰੀ ਦਿੱਖ ਨੂੰ ਸਵਰਗ ਵਰਗਾ ਰੂਪ ਪ੍ਰਦਾਨ ਕੀਤਾ। ਬਾਬਾ ਜੀ ਦਾ ਵਾਰ-ਵਾਰ ਕਹਿਣਾ ਸੀ ਕਿ ਆਪਣੇ ਜਿਊਂਦੇ ਜੀ ਮੈਂ ਇਸ ਨੂੰ ਚਾਲੂ ਵੇਖਣਾ ਚਾਹੁੰਦਾ ਹਾਂ। ਇਹ ਮਹਾਨ ਕੰਮ ਲੋਕਾਂ ਅਤੇ ਕੁਝ ਸਰਕਾਰੀ ਨੁਮਾਇੰਦਿਆਂ ਦੀ ਸਹਾਇਤਾ ਨਾਲ ਪੂਰਾ ਕਰਕੇ ਇਸ ਨੂੰ ਬਾਬਾ ਜੀ ਦੇ ਜੀਵਨ ਕਾਲ ਵਿੱਚ ਹੀ ਚਾਲੂ ਕੀਤਾ। ਬਾਬਾ ਜੀ ਨਜ਼ਰ ਘਟਣ ਦੇ ਬਾਵਜੂਦ ਹਰ ਮੀਟਿੰਗ ਵਿੱਚ ਅਤੇ ਹਰ ਸਟੇਜ 'ਤੇ ਹਾਜ਼ਰ ਰਹੇ। ਇਸ ਕੰਮ ਵਿੱਚ ਸਰਕਾਰਾਂ ਦੇ ਯੋਗਦਾਨ ਦੀ ਗੱਲ ਕੀਤੀ ਜਾਵੇ ਤਾਂ ਬੜੀ ਨਿਰਾਸ਼ਾ ਹੁੰਦੀ ਹੈ। ਅਕਾਲੀ ਸਰਕਾਰ ਨੇ ਨੀਂਹ ਪੱਥਰ ਰੱਖਣ ਵੇਲੇ ਦੀ ਕੀਤੀ ਅਨਾਊਂਸਮੈਂਟ ਦੀ ਪਾਈ ਵੀ ਨਹੀਂ ਦਿੱਤੀ ਅਤੇ ਨਾ ਹੀ ਉਨ੍ਹਾਂ ਦੀ ਸਰਕਾਰ ਨੇ ਹੁਣ ਤੱਕ ਕਿਸੇ ਪ੍ਰਕਾਰ ਦੀ ਮਦਦ ਕੀਤੀ। ਕਾਂਗਰਸ ਸਰਕਾਰ ਵੱਲੋਂ ਨਿੱਜੀ ਤੌਰ 'ਤੇ ਬੜਾ ਯੋਗਦਾਨ ਪਾਇਆ। ਸਰਕਾਰ ਕੋਲੋਂ ਵੀ ਦਸ ਲੱਖ ਰੁਪਏ ਲੈ ਕੇ ਦਿੱਤੇ। ਅਟਵਾਲ ਸਾਹਿਬ ਨੇ ਵੀ ਹਪਸਤਾਲ ਨੂੰ ਪਹੁੰਚ ਸੜਕਾਂ ਬਣਾਉਣ ਵਿੱਚ ਬੜਾ ਯੋਗਦਾਨ ਪਾਇਆ ਪਰ ਜਦੋਂ ਅਸੀਂ ਲੋਕਾਂ ਦੇ ਕਰੋੜਾਂ ਰੁਪਏ ਦੇ ਯੋਗਦਾਨ ਦੇ ਸਾਹਮਣੇ ਸਰਕਾਰੀ ਯੋਗਦਾਨ ਦੇਖਦੇ ਹਾਂ ਤਾਂ ਉਹ ਨਾਂ-ਮਾਤਰ ਹੈ। ਇਹ ਲੋਕਾਂ ਦਾ ਪ੍ਰਾਜੈਕਟ ਲੋਕਾਂ ਨੇ ਬਣਾਇਆ ਅਤੇ ਲੋਕ ਹੀ ਆਪਣੀ ਮਦਦ ਨਾਲ ਅਜੇ ਤੱਕ ਚਲਾ ਰਹੇ ਹਨ।

ਜਦ ਬਾਬਾ ਜੀ ਆਖਰੀ ਵਾਰ ਜਦ U.K. ਗਏ ਤਾਂ ਇਸ ਹਸਪਤਾਲ ਵਿੱਚ ਹੀ ਸਨ, ਕਾਮਰੇਡ ਕੁਲਬੀਰ ਸਿੰਘ ਨੇ ਮੈਨੂੰ ਟੈਲੀਫੂਨ ਕਰਕੇ ਸੱਦਿਆ ਕਿ ਬਾਬਾ ਜੀ ਯਾਦ ਕਰਦੇ ਨੇ। ਮੈਂ ਹਸਪਤਾਲ ਇੱਕ ਘੰਟਾ ਬਾਬਾ ਜੀ ਨਾਲ ਗੱਲਾਂ ਕਰਦਾ ਰਿਹਾ। ਸ਼ਾਮ ਨੂੰ ਡਾਕਟਰ ਗਿੱਲ ਅਤੇ ਉਨ੍ਹਾਂ ਦੀ ਪਤਨੀ ਜਸਬੀਰ ਕੌਰ ਵੀ ਉਥੇ ਹਸਪਤਾਲ ਆ ਗਏ। ਇਹ ਮੇਰੀ ਬਾਬਾ ਜੀ ਨਾਲ ਆਖਰੀ ਮੁਲਾਕਾਤ ਸੀ। ਫਿਰ ਜਦ ਬਾਬਾ ਜੀ ਦੀ ਅੰਤਮ ਵਸੀਅਤ ਅਨੁਸਾਰ ਉਹਨਾਂ ਦੀ ਦੇਹ

ਨੂੰ ਭਾਰਤ ਲਿਆਂਦਾ ਗਿਆ। ਇਸ ਹਸਪਤਾਲ 20-25 ਮਿੰਟ ਉਨ੍ਹਾਂ ਦੀ ਦੇਹ ਰੱਖੀ ਗਈ। ਮੈਨੂੰ ਕੋਲ ਖੜ੍ਹੇ ਨੂੰ ਬਾਬਾ ਜੀ ਦੇ ਇਹ ਬੋਲ ਸੁਣ ਰਹੇ ਸਨ। "ਇਹ ਲੋਕਾਂ ਦਾ ਪ੍ਰਾਜੈਕਟ ਹੈ, ਦੇਖੀਂ ਕਿਸੇ ਘਰ ਪਰਿਵਾਰ ਦਾ ਇਸ ਉੱਪਰ ਕਬਜ਼ਾ ਨਾ ਹੋਣ ਦੇਵੀਂ। ਇਸ 'ਤੇ ਕਬਜ਼ਾ ਲੋਕਾਂ ਦਾ ਹੀ ਰਹੇਗਾ।"

**ਗੌਰਮਿੰਟ ਗਰਲਜ਼ ਸ.ਸ. ਸਕੂਲ ਬਿਲਗਾ:** ਬਾਬਾ ਜੀ ਨੇ ਜਿਵੇਂ ਆਪਣੀ ਕਿਤਾਬ 'ਮੇਰਾ ਵਤਨ' ਦੇ ਸ਼ੁਰੂ ਵਿੱਚ ਹੀ ਆਪਣੇ ਆਪ ਨੂੰ ਮਾਣ ਨਾਲ ਉਸ ਦੇਸ਼ ਦਾ ਨਾਗਰਿਕ ਦੱਸਿਆ, ਜਿੱਥੇ ਗੁਰੂ ਨਾਨਕ, ਕਬੀਰ, ਸੂਫੀ ਫ਼ਕੀਰਾਂ ਨੇ ਆਪਣੀ ਬਾਣੀ ਦੁਆਰਾ ਮਨੁੱਖੀ ਭਾਈਚਾਰੇ ਨੂੰ ਏਕਤਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਬਾਬਾ ਜੀ ਨੇ ਆਪਣੀ ਸਾਰੀ ਉਮਰ ਇਸ ਸੰਦੇਸ਼ ਉੱਪਰ ਪਹਿਰਾ ਦਿੱਤਾ। ਔਰਤ ਦੀ ਜੀਵਨ ਦਸ਼ਾ ਸੁਧਾਰਨ ਲਈ ਉਨ੍ਹਾਂ ਨੇ ਕਈ ਅਜਿਹੇ ਕੰਮ ਕੀਤੇ ਕਿ ਕੁੜੀਆਂ ਪੜ੍ਹ-ਲਿਖ ਕੇ ਆਉਣ ਵਾਲੇ ਸਮਾਜ ਵਿੱਚ ਜ਼ਿੰਦਗੀ ਦੇ ਹਰ ਖੇਤਰ ਵਿੱਚ ਸਫ਼ਲਤਾ ਪੂਰਵਕ ਯੋਗਦਾਨ ਪਾ ਸਕਣ। ਬਿਲਗੇ ਪਿੰਡ ਦੇ ਗੌਰਮਿੰਟ ਗਰਲਜ਼ ਸਕੂਲ ਦੀ ਇਮਾਰਤ ਨੂੰ ਸਰਕਾਰ ਦੇ ਮਹਿਕਮੇ ਵਲੋਂ ਕਈਆਂ ਸਾਲਾਂ ਤੋਂ ਅਣ-ਸੁਰੱਖਿਅਤ ਕਰਾਰ ਦੇ ਰੱਖਿਆ ਸੀ। ਪਿੰਡ ਦੇ ਸੱਜਣ, ਉਸ ਸਮੇਂ ਦੇ ਜਲੰਧਰ ਜ਼ਿਲ੍ਹੇ ਦੇ D.E.O. ਸ. ਗੁਰਚਰਨ ਸਿੰਘ ਪੁਰੇਵਾਲ ਜੀ ਕੋਲ ਬੇਨਤੀ ਕਰਨ ਗਏ ਕਿ ਸਕੂਲ ਨੂੰ ਬਾਰ੍ਹਵੀਂ ਕਲਾਸ ਤੱਕ ਕੀਤਾ ਜਾਵੇ। ਉਨ੍ਹਾਂ ਨੇ D.E.O. ਸਾਹਿਬ ਕੋਲ ਬਾਬਾ ਜੀ ਦੀ ਵੀ ਇਸ ਇੱਛਾ ਬਾਰੇ ਦੱਸਿਆ। D.E.O. ਸਾਹਿਬ ਕਹਿਣ ਲੱਗੇ ਬਾਬਾ ਜੀ ਨੂੰ ਕਹੋ ਸਕੂਲ ਦੀਆਂ ਛੱਤਾਂ ਤਾਂ ਬਦਲ ਲੈਣ ਜੋ ਡਿੱਗਣ-ਡਿੱਗਣ ਕਰਦੀਆਂ ਹਨ, ਫਿਰ ਬਾਰ੍ਹਵੀਂ ਤਕ ਵੀ ਕਰ ਲੈਣਾ। ਬਾਬਾ ਜੀ ਨੇ ਪਿੰਡ ਦੇ ਮੁਲਾਜ਼ਮ ਜੋ ਅਗਾਂਹਵਧੂ ਵਿਚਾਰਧਾਰਾ ਦੇ ਸਨ ਸੱਦੇ ਅਤੇ ਸਾਰੇ ਸਕੂਲ ਦੀਆਂ ਛੱਤਾਂ ਬਦਲਣ ਦੀ ਗੱਲ ਕੀਤੀ। ਮਾਸਟਰ ਪ੍ਰਸ਼ੋਤਮ ਲਾਲ, ਮਾਸਟਰ ਪ੍ਰੇਮ ਲਾਲ, ਮਾਸਟਰ ਜੋਗਿੰਦਰ ਸਿੰਘ, ਬਾਬੂ ਤਰਸੇਮ ਲਾਲ ਹੋਰ ਮੁਲਾਜ਼ਮ ਅਤੇ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਇਹ ਕੰਮ ਸ਼ੁਰੂ ਕਰ ਦਿੱਤਾ। ਮੁਲਾਜ਼ਮਾਂ ਨੇ ਛੁੱਟੀ ਵਾਲੇ ਦਿਨ ਆਪਣੇ ਹੱਥੀਂ ਮਜ਼ਦੂਰੀ ਕਰਕੇ ਕਮਰਿਆਂ ਦੀਆਂ ਛੱਤਾਂ ਤੋੜ ਕੇ ਥੱਲੇ ਸੁੱਟੀਆਂ। ਸਤਲੁਜ ਦਰਿਆ ਤੋਂ ਰੇਤੇ ਦੀਆਂ ਟਰਾਲੀਆਂ ਆਪ ਢੋਹਣੀਆਂ। ਇਹਨਾਂ ਲੋਕਾਂ ਦਾ ਕੰਮ ਦੇਖ ਕੇ ਲੋਕਾਂ ਵਿੱਚ ਉਤਸ਼ਾਹ ਵੱਧਣ ਲੱਗਾ। ਬਹੁਤ ਸਾਰੀ ਆਰਥਿਕ ਮੱਦਦ ਲੈ ਕੇ ਲੋਕ ਨਾਲ ਮਿਲ ਗਏ ਅਤੇ ਕੁਝ ਮਹੀਨਿਆਂ ਵਿੱਚ ਹੀ ਸਾਰੇ ਸਕੂਲ ਦੀਆਂ ਛੱਤਾਂ ਨਵੀਆਂ ਪਾ ਦਿੱਤੀਆਂ ਗਈਆਂ। ਬਾਬਾ ਜੀ ਦੀ ਇੱਕ ਭੈਣ ਬਾਬਾ ਜੀ ਕੋਲ ਹੀ ਪਿੰਡ ਬਿਲਗੇ ਰਹਿੰਦੀ ਸੀ। ਉਸ ਕੋਲੋਂ ਇੱਟ ਰਖਾ ਕੇ ਬਾਬਾ ਜੀ ਨੇ ਉਸ ਦੇ ਨਾਂ 'ਤੇ ਸਕੂਲ ਵਿੱਚ ਇੱਕ ਵੱਡਾ ਕਮਰਾ ਬਣਵਾਇਆ। ਇਸ ਦੀ ਪ੍ਰੇਰਨਾ ਲੈ ਕੇ ਪਿੰਡ ਦੇ ਕੁਝ ਹੋਰ ਲੋਕਾਂ ਨੇ ਵੀ ਕਮਰੇ ਬਣਾਏ ਅਤੇ ਇਸ ਤਰ੍ਹਾਂ ਇੱਕ ਨਵਾਂ ਬਲਾਕ ਹੋਂਦ ਵਿੱਚ ਆ ਗਿਆ। ਜਿਸ ਵਿੱਚ ਕਈ ਸਾਲ ਮਾਸਟਰ ਪ੍ਰਸ਼ੋਤਮ ਲਾਲ, ਮਾਸਟਰ ਪ੍ਰੇਮ ਲਾਲ, ਮਾਸਟਰ ਸੁੱਚਾ ਸਿੰਘ ਦੀ ਅਗਵਾਈ ਵਿੱਚ ਸਿਰਫ 100 ਰੁਪਏ ਮਹੀਨਾ ਕੁੜੀਆਂ ਤੋਂ ਲੈ ਕੇ ਗਿਆਰਵੀਂ ਤੇ ਬਾਰ੍ਹਵੀਂ ਦੀ ਪੜ੍ਹਾਈ ਹੁੰਦੀ ਰਹੀ। ਇਹ ਸਾਰੀ ਦੇਣ ਬਾਬਾ ਜੀ ਦੀ ਪ੍ਰੇਰਨਾ ਸਦਕਾ ਹੋ ਸਕੀ। ਬਾਅਦ ਵਿੱਚ ਬਾਬਾ ਜੀ ਹਰ ਸਾਲ ਇਸ ਸਕੂਲ ਦੀਆਂ ਉਨ੍ਹਾਂ ਬੱਚੀਆਂ ਦੀ ਹੌਂਸਲਾ-ਹਫ਼ਜਾਈ ਜੋ ਹਰ ਕਲਾਸ ਵਿੱਚੋਂ ਪਹਿਲੇ ਅਤੇ ਦੂਸਰੇ ਨੰਬਰ ਤੇ ਆਉਂਦੀਆਂ ਪੈਸਾ ਦੇ ਕੇ ਕਰਦੇ ਰਹੇ। ਇਸ ਕੰਮ ਵਿੱਚ ਬਾਬਾ ਜੀ ਨਾਲ ਭੈਣ ਕੁਲਵਿੰਦਰ ਬੁੱਟਰ (ਪ੍ਰੋਡਿਊਸਰ ਦੂਰਦਰਸ਼ਨ ਕੇਂਦਰ ਜਲੰਧਰ) ਜੋ ਬਾਬਾ ਜੀ ਦੇ

ਪਰਿਵਾਰ 'ਚੋਂ ਕਾਮਰੇਡ ਅਜਮੇਲ ਦੀ ਛੋਟੀ ਭੈਣ ਹੈ ਤੇ ਮਾਸਟਰ ਪ੍ਰੇਮ, ਮਾਸਟਰ ਪ੍ਰਸ਼ੋਤਮ ਅਤੇ ਮਾਸਟਰ ਸੁੱਚਾ ਸਿੰਘ, ਡਾਕਟਰ ਜਸਵਿੰਦਰ ਸਿੰਘ ਬਿਲਗਾ ਹਮੇਸ਼ਾ ਨਾਲ ਰਹਿੰਦੇ। ਇੱਕ ਤਰ੍ਹਾਂ ਨਾਲ ਇਹ ਸਕੂਲ ਪਿੰਡ ਵੱਲੋਂ ਮਦਦ ਲਈ ਅਡਾਪਟ ਕਰ ਲਿਆ ਗਿਆ ਸੀ। ਇਸ ਤਰ੍ਹਾਂ ਬਾਬਾ ਜੀ ਨੇ ਲੜਕੀਆਂ ਨੂੰ ਵਿਦਿਆ ਪ੍ਰਾਪਤ ਕਰਵਾਉਣ ਵਿੱਚ ਅਹਿਮ ਯੋਗਦਾਨ ਪਾਇਆ। ਇਸੇ ਤਰ੍ਹਾਂ ਢੇਸੀਆਂ ਗਰਲਜ਼ ਕਾਲਜ ਲਈ ਪੈਸੇ ਇੱਕੱਠੇ ਕਰਕੇ ਮਾਲੀ ਮਦਦ ਕੀਤੀ ਅਤੇ ਕਾਲਜ ਕਮੇਟੀ ਦੇ ਮੈਂਬਰ ਰਹੇ। ਇਸ ਦੇ ਨਾਲ ਹੀ ਜੰਡਿਆਲੇ ਵਾਲੇ ਕਾਲਜ ਨੂੰ ਚਲਾਉਣ ਲਈ ਵੀ ਬਾਬਾ ਜੀ ਤਤਪਰ ਰਹੇ।

**ਚੌ: ਸੰਤਾ ਸਿੰਘ ਗੌਰਮਿੰਟ ਸੀਨੀਅਰ ਸ. ਸਕੂਲ ਬਿਲਗਾ:** ਇਸ ਸਕੂਲ ਦਾ ਪਹਿਲਾ ਨਾਂ ਨੈਸ਼ਨਲ ਸੈਕੰਡਰੀ ਸਕੂਲ ਬਿਲਗਾ ਸੀ। ਇਸ ਸਕੂਲ ਨੂੰ ਬਣਾਉਣ ਲਈ ਪਿੰਡ ਬਿਲਗਾ ਦੇ ਸੁੰਢਾ ਪਰਿਵਾਰ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਹ ਇੱਕ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਸੀ ਜਿਸ ਦਾ ਇਲਾਕੇ ਵਿੱਚ ਨਾਮ ਅਤੇ ਇੱਜ਼ਤ ਸੀ। ਮੈਂ ਵੀ ਛੇਵੀਂ ਤੋਂ ਗਿਆਰਵੀਂ ਤਕ ਇਸ ਸਕੂਲ ਵਿੱਚ ਹੀ ਪੜ੍ਹਿਆ ਹਾਂ। ਇਨ੍ਹਾਂ ਨੂੰ ਇੱਕ ਕਮੇਟੀ ਚਲਾ ਰਹੀ ਸੀ, ਜਿਸ ਦੇ ਪ੍ਰਧਾਨ ਚੌ: ਸੰਤਾ ਸਿੰਘ ਅਤੇ ਸੀਨੀਅਰ ਵਾਈਸ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਰਹੇ। ਇਹ ਸਕੂਲ ਬਾਬਾ ਜੀ ਦੇ ਖੂਹ ਨੂੰ ਜਾਣ ਲਈ ਰਾਹ ਵਿੱਚ ਪੈਂਦਾ ਹੈ। ਕਈ ਵਾਰ ਬਾਬਾ ਜੀ ਸਾਈਕਲ ਉੱਪਰ ਖੂਹ ਨੂੰ ਜਾਂਦੇ-ਜਾਂਦੇ ਸਾਈਕਲ ਸਕੂਲ ਵਿੱਚ ਦਾਖਲ ਕਰ ਲੈਂਦੇ, ਅਚਨਚੇਤ ਸਕੂਲ ਚੈੱਕ ਕਰਨ ਲਈ ਕਿ ਮਾਸਟਰ ਕਿਵੇਂ ਪੜ੍ਹਾਉਂਦੇ, ਵਿਹਲੇ ਤਾਂ ਨਹੀਂ ਬੈਠੇ। ਇੱਕ ਵਾਰੀ ਦੀ ਗੱਲ ਹੈ ਕਿ ਮੈਂ ਅੱਠਵੀਂ ਕਲਾਸ ਵਿੱਚ ਪੜ੍ਹਦਾ ਸੀ ਤੇ ਦੂਸਰਾ ਪੀਰੀਅਡ ਸੀ। ਬਾਬਾ ਜੀ ਦਾ ਛੋਟਾ ਸਪੁੱਤਰ ਪ੍ਰੇਮ ਸਿੰਘ ਸਾਨੂੰ ਹਿਸਾਬ ਪੜ੍ਹਾ ਰਿਹਾ ਸੀ। ਮੈਨੂੰ ਅੱਜ ਵੀ ਯਾਦ ਹੈ ਕਿ ਬੋਰਡ ਉੱਪਰ ਬਾਬਾ ਜੀ ਦੇ ਲੜਕੇ ਨੇ X+3=5 ਰਕਮ ਲਿਖੀ ਹੋਈ ਸੀ 'X' ਦੀ ਕੀਮਤ ਪਤਾ ਕਰਨੀ ਸੀ। ਅਚਾਨਕ ਬਾਬਾ ਜੀ ਸਾਡੇ ਕਮਰੇ ਵਿੱਚ ਦਾਖਲ ਹੋ ਗਏ। ਖੱਦਰ ਦਾ ਚਿੱਟਾ ਕੁੜਤਾ-ਪਜ਼ਾਮਾ ਸਿਰ ਉੱਪਰ ਚਿੱਟੀ ਪਗੜੀ 'ਹਾਂ ਬਈ ਕੀ ਪੜ੍ਹਦੇ ਹੋ?' ਪ੍ਰੇਮ ਸਿੰਘ ਜੀ ਇੱਕ ਪਾਸੇ ਹੋ ਕੇ ਖੜ੍ਹੇ ਗਏ। ਬਾਬਾ ਜੀ ਨੇ ਬੋਰਡ ਵੱਲ ਦੇਖਿਆ X+3=5 ਰਕਮ ਪੜ੍ਹੀ। ਹਾਂ ਬਈ ਇਹ 'X' ਕੀ ਹੁੰਦੀ? ਇਹ 'X' ਕਿਸ ਬਲਾ ਦਾ ਨਾਂ ਹੈ, ਕਿਸੇ ਵਿਦਿਆਰਥੀ ਨੇ ਕੋਈ ਜਵਾਬ ਨਾ ਦਿੱਤਾ। ਬਾਬਾ ਜੀ ਕਹਿੰਦੇ ਮੈਂ ਦਸਦਾਂ। ਆਪਣੇ ਕੁੜਤੇ ਦੇ ਖੀਸੇ ਵਿੱਚ ਹੱਥ ਪਾ ਕੇ ਕਹਿਣ ਲੱਗੇ ਮੇਰੀ ਜੇਬ ਵਿੱਚ ਪਤਾ ਨਹੀਂ ਕੀ ਹੈ, ਕਿੰਨੇ ਪੈਸੇ ਆਂ? ਮੈਂ ਆਹ ਤਿੰਨ ਰੁਪਏ ਜੇਬ ਵਿੱਚ ਪਾ ਦਿੱਤੇ। ਹੁਣ ਮੇਰੀ ਜੇਬ ਵਿੱਚ ਪੰਜ ਰੁਪਏ ਹੋ ਗਏ ਦੱਸੋ ਪਹਿਲਾਂ ਮੇਰੀ ਜੇਬ ਵਿੱਚ ਕਿੰਨੇ ਪੈਸੇ ਸੀ। ਸਾਰੇ ਮੁੰਡਿਆਂ ਨੇ ਹੱਥ ਖੜ੍ਹੇ ਕਰ ਦਿੱਤੇ। ਇੱਕ ਤੋਂ ਪੁੱਛਿਆ ਕਿੰਨੇ ਸੀ? ਦੋ ਰੁਪਏ ਇਹੀ ਤਾਂ 'X' ਆ। ਬਾਬਾ ਜੀ ਦੀ ਇਹ X, Y, T. ਦੀ ਪ੍ਰੀਭਾਸ਼ਾ ਅਤੇ ਵਿਆਖਿਆ ਸਾਰੀ ਉਮਰ ਮੈਨੂੰ ਯਾਦ ਰਹੀ ਅਤੇ ਮੈਂ ਆਪਣੇ ਅਧਿਆਪਨ ਵਿੱਚ ਇਸ ਦੀ ਖੂਬ ਵਰਤੋਂ ਕੀਤੀ। ਜੋ ਇਸ ਤਰ੍ਹਾਂ ਬਾਬਾ ਜੀ ਨੇ ਇਸ ਸਕੂਲ ਨੂੰ ਸਮੇਂ ਦੇ ਹਾਣੀ ਰੱਖਣ ਵਿੱਚ ਆਪਣਾ ਪੂਰਾ ਯੋਗਦਾਨ ਪਾਇਆ, ਜੋ ਚੌ: ਸੰਤਾ ਸਿੰਘ ਜੀ ਸਵਰਗਵਾਸ ਤੋਂ ਬਾਅਦ ਚੌ: ਸੰਤਾ ਸਿੰਘ ਸ: ਸ: ਸਕੂਲ ਬਿਲਗਾ ਬਣ ਗਿਆ।

**ਕਾਮਰੇਡ ਮੁਬਾਰਕ ਸਾਗਰ (ਪਾਕਿਸਤਾਨ) ਨਾਲ ਸੰਬੰਧਤ:** 'ਮੇਰਾ ਵਤਨ' ਦੇ ਪ੍ਰਕਾਸ਼ਨ ਤੋਂ ਪਹਿਲਾਂ ਬਾਬਾ ਜੀ ਇਸ ਖਰੜੇ ਨੂੰ ਲੈ ਕੇ ਬਿਲਗੇ ਆਏ। ਮਈ-ਜੂਨ ਮਹੀਨੇ ਦੇ ਦਿਨਾਂ ਦੀ

ਗਰਮੀ ਸੀ। ਮੈਨੂੰ ਟੈਲੀਫੂਨ ਕਰਕੇ ਘਰ ਸੱਦਿਆ। ਕਹਿਣ ਲੱਗੇ ਪ੍ਰੇਮ ਮੈਂ ਇਹ ਤੇਰੇ ਤੋਂ ਅੱਖਰ-ਅੱਖਰ ਸੁਣਨਾ ਚਾਹੁੰਦਾ ਤਾਂ ਕਿ ਪ੍ਰੈਸ ਵਿੱਚ ਭੇਜਣ ਤੋਂ ਪਹਿਲਾਂ ਇਸ ਨੂੰ ਘੋਖ ਲਿਆ ਜਾਵੇ। ਮੈਂ ਰੋਜ਼ ਬਾਬਾ ਜੀ ਦੇ ਘਰ ਜਾ ਕੇ ਇਹ ਪੜ੍ਹਦਾ ਅਤੇ ਨਾਲ ਦੀ ਨਾਲ ਹਰ ਘਟਨਾ ਬਾਰੇ ਸਪੱਸ਼ਟੀਕਰਨ ਅਤੇ ਜਾਣਕਾਰੀ ਬਾਬਾ ਜੀ ਤੋਂ ਪ੍ਰਾਪਤ ਕਰਦਾ। ਬਾਬਾ ਜੀ ਨਾਲ ਗੱਲਾਂ ਕਰਦਾ ਸੋਚਦਾ ਕਿ ਇਹਨਾਂ ਦੀ ਜ਼ਿੰਦਗੀ ਦੇ ਹਰ ਪੱਖ ਨੂੰ ਪਰਖਣ ਦੀ ਕੋਸ਼ਿਸ਼ ਕੀਤੀ ਜਾਵੇ, ਜਿਨ੍ਹਾਂ ਦਾ ਜੀਵਨ ਇੱਕ ਵਿਸ਼ਾਲ ਇਨ-ਸਾਈਕਲੋਪੀਡੀਆ ਸੀ। ਇੱਕ ਦਿਨ ਥੱਕ ਕੇ ਬੜੇ ਹੀ ਸੁਆਦ ਗਰਮ-ਗਰਮ ਪਕੌੜੇ ਤੇ ਚਾਹ ਮੈਂ ਤੇ ਬਾਬਾ ਜੀ ਪੀ ਰਹੇ ਸੀ ਜੋ ਉਹ ਖੂੰਡੀ ਫੜ ਕੇ ਆਪ ਰੇਹੜੀ ਵਾਲੇ ਨੂੰ ਕਹਿ ਕੇ ਆਏ ਸੀ। ਮੈਂ ਬਾਬਾ ਜੀ ਨੂੰ ਪੁੱਛਿਆ ਮੇਰੇ ਵਤਨ ਦਾ ਸਮਰਪਣ ਕਾਮਰੇਡ ਮੁਬਾਰਕ ਸਾਗਰ ਨੂੰ ਹੀ ਕਿਉਂ ਕੀਤਾ? ਤੁਹਾਡੀ ਆਪਣੀ ਪਿਆਰੀ ਬੇਟੀ ਜੋ ਛੋਟੀ ਉਮਰ ਵਿੱਛੜ ਗਈ, ਤੁਹਾਡੀ ਆਪਣੀ ਬਹਾਦਰ ਪਤਨੀ ਜਿਸ ਨੇ ਪ੍ਰੇਮ ਤੇ ਕੁਲਬੀਰ ਦਾ ਪਾਲਣ-ਪੋਸ਼ਣ ਇੱਕ ਮਹਾਨ ਇਨਕਲਾਬੀ ਦੀ ਪਤਨੀ ਹੋਣ ਦੇ ਹਾਲਾਤ ਨਾਲ ਲੜਦੀ ਨੇ ਕੀਤਾ, ਇਹਨਾਂ ਨੂੰ ਸਮਰਪਣ ਕਿਉਂ ਨਹੀਂ ਕੀਤਾ? ਬਾਬਾ ਜੀ ਕੁਝ ਪਲ ਲਈ ਉਦਾਸ ਹੋ ਗਏ। ਫਿਰ ਬੋਲਣ ਲੱਗੇ 'ਕਾਮਰੇਡ ਮੁਬਾਰਕ ਸਾਗਰ ਇੱਕ ਅਜਿਹਾ ਸਾਥੀ ਸੀ ਜੋ ਲਗਭਗ 24 ਸਾਲ ਇਸ ਦੇਸ਼ ਦੀ ਆਜ਼ਾਦੀ ਲਈ ਜੇਲ੍ਹਾਂ ਵਿੱਚ ਖਪਿਆ। ਅਗਸਤ 15, 1947 ਨੂੰ ਵੀ ਜਲੰਧਰ ਜੇਲ੍ਹ ਵਿੱਚ ਸੀ। ਜਿਸ ਭਾਰਤ ਦੇਸ਼ ਲਈ ਸਾਰੀ ਉਮਰ ਲੇਖੇ ਲਾਈ, ਆਜ਼ਾਦੀ ਤੋਂ ਬਾਅਦ ਇੱਕ ਰਾਤ ਵੀ ਉਸ ਦੇਸ਼ ਵਿੱਚ ਕੱਟਣੀ ਨਸੀਬ ਨਹੀਂ ਹੋਈ ਤੇ ਪਾਕਿਸਤਾਨ ਚਲੇ ਗਿਆ। ਇਸ ਦੇਸ਼ ਦੇ ਧਾਰਮਿਕ ਜਨੂੰਨ ਦੀ ਮਾਰ ਜੋ ਅੱਜ ਵੀ ਝੱਲ ਰਹੇ, ਪਤਾ ਨਹੀਂ ਕਦੋਂ ਇਹ ਕੰਡਿਆਲੀਆਂ ਵਾੜਾਂ ਲੋਕਾਂ ਦੇ ਦਿਲਾਂ 'ਚੋਂ ਟੁੱਟਣਗੀਆਂ। ਇਹ ਕਹਿ ਕੇ ਬਾਬਾ ਜੀ ਭਾਵੁਕ ਹੋ ਗਏ। ਇਸ ਤਰ੍ਹਾਂ ਬਾਬਾ ਜੀ ਉਨ੍ਹਾਂ ਦੀ ਜ਼ਿੰਦਗੀ ਦੇ ਸਫ਼ਰ ਦੇ ਹਮ ਰਾਹੀਆਂ ਨਾਲ ਘਰਦਿਆਂ ਤੋਂ ਵੱਧ ਪਿਆਰ ਅਤੇ ਸਤਿਕਾਰ ਕਰਦੇ ਸਨ। ਅੱਜ ਮੇਰੇ ਵਤਨ ਦੇ ਉਰਦੂ ਵਿੱਚ ਐਡੀਸ਼ਨ ਨਿਕਲ ਚੁੱਕੇ ਜੋ ਕਿ ਪਾਕਿਸਤਾਨ ਵਿੱਚ ਬਹੁਤ ਮਕਬੂਲ ਹੋ ਰਹੇ ਹਨ ਅਤੇ ਪੜ੍ਹੇ ਜਾ ਰਹੇ ਹਨ। ਬਾਬਾ ਜੀ ਦੱਸਦੇ ਸਨ ਕਿ ਪਾਕਿਸਤਾਨ ਤੋਂ ਉਹਨਾਂ ਨੂੰ ਮੇਰੇ ਵਤਨ ਦੀ ਰਿਆਲਟੀ ਬਾਰੇ ਟੈਲੀਫੂਨ ਆਏ। ਮੈਂ ਕਿਹਾ ਕਿ ਮੈਨੂੰ ਇਸ ਦੀ ਜ਼ਰੂਰਤ ਨਹੀਂ, ਇਸ ਦੀਆਂ ਹੋਰ ਕਿਤਾਬਾਂ ਛਾਪ ਕੇ ਲੋਕਾਂ ਵਿੱਚ ਵੰਡ ਦਿੱਤੀਆਂ ਜਾਣ।

**ਅਗਾਂਹਵਧੂ ਤਾਕਤਾਂ ਲਈ ਅਸ਼ੀਰਵਾਦ:** ਬਾਬਾ ਜੀ ਹਰ ਉਸ ਜਥੇਬੰਦੀ ਅਤੇ ਵਿਅਕਤੀ ਦੇ ਨਾਲ ਰਹੇ ਜਿਸ ਦੇ ਕੰਮ ਇਸ ਸਮਾਜ ਨੂੰ ਸੋਹਣਾ ਸੁਖਾਲਾ ਅਤੇ ਅਗਾਂਹ ਤਰੱਕੀ ਵੱਲ ਨੂੰ ਲਿਜਾਣ ਦੇ ਉਪਰਾਲੇ ਵਾਲੇ ਹੋਣ। ਜਗ੍ਹਾ ਚਾਹੇ ਬਿਲਗਾ ਹੋਵੇ, ਜਲੰਧਰ ਦੇਸ਼ ਭਗਤ ਯਾਦਗਾਰ ਜਾਂ ਕੋਈ ਪਲੇਟਫਾਰਮ। ਪਿੰਡ ਬਿਲਗੇ ਵਿੱਚ ਕਈ ਵਾਰ ਮੌਕੇ ਦੇ ਲੀਡਰਾਂ ਵੱਲੋਂ ਕੀਤੇ ਗ਼ਲਤ ਕੰਮਾਂ ਦੇ ਖਿਲਾਫ਼ ਮੋਰਚੇ ਲਗਦੇ ਰਹੇ। ਇੱਕ ਵਾਰੀ ਤਾਂ ਬਿਲਗਾ ਪੁਲਿਸ ਛਾਉਣੀ ਬਣਾਈ ਰੱਖਿਆ। ਬਹੁਤ ਸਾਰੇ ਲੋਕਾਂ ਦੇ ਖਿਲਾਫ਼ ਕੇਸ ਰਜਿਸਟਰ ਕਰਕੇ ਨਕਸਲਾਈਟ ਬਣਾ ਦਿੱਤੇ ਜਿਨ੍ਹਾਂ ਵਿੱਚ ਮਾਸਟਰ ਪ੍ਰੇਮ, ਮਾਸਟਰ ਪ੍ਰਸ਼ੋਤਮ, ਡਾ. ਰਮਨ ਕੁਮਾਰ, ਸੁਰਿੰਦਰ ਪਾਲ ਥੰਮਣਵਾਲ ਆਦਿ ਸ਼ਾਮਲ ਸਨ। ਕਾਮਰੇਡ ਗੁਰਦੇਵ ਸਿੰਘ ਪੱਟੀ ਨੀਲੋਵਾਲ ਪੁਲਿਸ ਨੇ ਕਾਬੂ ਕਰ ਲਿਆ ਅਤੇ ਕਈ ਦਿਨ ਅਣਮਨੁੱਖੀ ਤਸੀਹੇ ਦੇ ਕੇ ਮਰਨ ਵਾਲਾ ਕਰ ਦਿੱਤਾ, ਜਿਸ ਨੂੰ ਪਾਣੀ ਵੀ ਔਖਾ ਪਚਦਾ ਸੀ। ਪਰ ਬਾਬਾ ਜੀ ਫਿਰ ਵੀ ਗੁਪਤ ਮੀਟਿੰਗ ਵਾਲੀ ਥਾਂ ਪਹੁੰਚ ਕੇ ਹੌਂਸਲਾ ਦਿੰਦੇ। ਇਸੇ

ਤਰ੍ਹਾਂ ਮੋਗਾ ਰੀਗਲ ਸਿਨੇਮਾ ਕਾਂਡ ਵੇਲੇ ਮੈਂ ਕਾਮਰੇਡ ਮੰਗਤ ਰਾਮ ਪਾਸਲਾ, ਮਹਿੰਦਰ ਪਾਲ ਬੁੰਡਾਲਾ ਨੇ ਕਈ ਦਿਨ ਪੁਲਿਸ ਤੋਂ ਲੁਕ ਕੇ ਜਲੰਧਰ ਦੁਆਬਾ ਕਾਲਜ ਦੀਆਂ ਕਬਰਾਂ ਵਿੱਚ ਕਈ ਦਿਨ ਕੱਟੇ। ਇੱਕ ਦਿਨ ਮੇਰੀ ਡਿਊਟੀ ਜੰਡਿਆਲਾ ਕਾਲਜ ਬੰਦ ਕਰਾਉਣ ਦੀ ਲੱਗ ਗਈ। ਜਦ ਮੈਂ ਜੰਡਿਆਲੇ ਕਾਲਜ ਦੇ ਇਕੱਠ ਵਿੱਚ ਬੋਲਣ ਲੱਗਾ ਤਾਂ ਮੂਹਰੇ ਬਿਲਗੇ ਦੇ ਮੁੰਡੇ ਜਿਹਨਾਂ ਵਿੱਚ ਮੁਹਿੰਦਰ ਸਿੰਘ ਅਰੋੜਾ, ਹਰਪਾਲ ਸਿੰਘ ਹੋਰੀਂ ਬੈਠੇ ਸਨ ਉਨ੍ਹਾਂ ਬਿਲਗੇ ਆ ਕੇ ਬਾਬਾ ਜੀ ਕੋਲ ਗੱਲ ਕੀਤੀ। ਬਾਬਾ ਜੀ ਮੈਨੂੰ ਲੱਭਦੇ ਫਿਰਨ। ਇਸ ਤਰ੍ਹਾਂ ਚੰਡੀਗੜ੍ਹ 1998 ਵਿੱਚ ਬਾਦਲ ਸਰਕਾਰ ਸਮੇਂ ਮੈਨੂੰ ਫੜ੍ਹ ਕੇ ਬੁੜੈਲ ਜੇਲ੍ਹ ਚੰਡੀਗੜ੍ਹ ਬਾਕੀ ਸਾਥੀਆਂ ਨਾਲ ਬੰਦ ਕਰ ਦਿੱਤਾ। ਬਾਬਾ ਜੀ ਦੇਸ਼ਭਗਤ ਹਾਲ ਜਲੰਧਰੋਂ ਮੈਨੂੰ ਟੈਲੀਫੂਨ ਕਰਦੇ ਹੁੰਦੇ ਸੀ। ਘਰੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਤਾਂ ਜੇਲ੍ਹ ਵਿੱਚ ਆ। ਕੋਈ 20-25 ਦਿਨ ਬਾਅਦ ਜਦ ਮੈਂ ਬਾਹਰ ਆ ਕੇ ਟੈਲੀਫੂਨ ਜਲੰਧਰ ਕੀਤਾ ਤਾਂ ਬਾਬਾ ਜੀ ਬੜੇ ਖੁਸ਼ ਸਨ, ਕਹਿਣ ਲੱਗੇ, "ਪ੍ਰੇਮ ਤੂੰ ਕਾਕਾ ਬਿਮਾਰ ਰਹਿੰਨਾ। ਅਖ਼ਬਾਰ ਵਿੱਚ ਪੜ੍ਹਿਆ ਸੀ ਕਿ ਤੁਹਾਡਾ ਇੱਕ ਸਾਥੀ ਜੇਲ੍ਹ ਵਿੱਚ ਹੀ ਦਮ ਤੋੜ ਗਿਆ।" ਮੈਂ ਕਿਹਾ ਬਾਬਾ ਜੀ ਸਾਥੀ ਜਲੰਧਰ ਸ਼ਹਿਰ ਦਾ ਹੀ ਸੀ ਰਮੇਸ਼ ਕੋਹਲੀ ਮੇਰੇ ਨਾਲ ਹੀ ਸੀ। ਇਸ ਤਰ੍ਹਾਂ ਬਾਬਾ ਜੀ ਚਾਹੇ ਉਹ ਕੋਈ ਵਿਅਕਤੀ ਜਾਂ ਜਥੇਬੰਦੀ ਸੀ ਜੋ ਜ਼ਬਰ ਜ਼ੁਲਮ ਦੇ ਖਿਲਾਫ਼ ਲੜਦਾ, ਬਾਬਾ ਜੀ ਦਾ ਆਸ਼ੀਰਵਾਦ ਹਮੇਸ਼ਾ ਉਨ੍ਹਾਂ ਨਾਲ ਰਿਹਾ।

**ਖੁੱਲ੍ਹਾ ਨਜ਼ਰੀਆ:** ਬਾਬਾ ਜੀ ਇੱਕ ਦੂਰ ਅੰਦੇਸ਼ੀ ਸ਼ਖਸੀਅਤ ਸਨ। ਇੱਕ ਵਾਰ ਦੀ ਗੱਲ ਹੈ ਕਿ ਹਵਾਲਦਾਰ ਦਰਸ਼ਨ ਸਿੰਘ 'ਹਿੰਦ ਰੂਸ ਮਿੱਤਰਤਾ ਸੁਸਾਇਟੀ ਦਾ ਜਲੰਧਰ ਜ਼ਿਲ੍ਹੇ ਦਾ ਆਗੂ ਮੇਰੇ ਘਰ ਆਇਆ ਤੇ ਮੈਨੂੰ ਚੈਲਿੰਜ ਕਰ ਗਿਆ ਕਿ ਬਾਬਾ ਬਿਲਗਾ ਜੀ ਨੂੰ ਇਸ ਮਿੱਤਰਤਾ ਸੁਸਾਇਟੀ ਨਾਲ ਜੋੜਨ ਲਈ, ਮੈਂ ਬਾਬਾ ਜੀ ਨੂੰ ਇਸ ਸੰਬੰਧ ਵਿੱਚ ਕਈ ਵਾਰ ਮਿਲਿਆ ਪਰ ਬਾਬਾ ਜੀ ਕਹਿ ਦਿਆ ਕਰਨ ਮੈਨੂੰ ਸਾਰਿਆਂ ਦਾ ਬਾਬਾ ਹੀ ਰਹਿਣ ਦਿਓ ਤਾਂ ਚੰਗਾ। ਅਖੀਰ ਮੈਂ ਕਿਹਾ ਸਾਡੇ ਹਿੱਸੇ ਦਾ ਬਾਬਾ? ਮੈਨੂੰ ਆਖਣ ਲੱਗੇ ਮੇਰੇ ਦਸਤਖਤ ਕਰਾ। ਬਾਬਾ ਜੀ ਪ੍ਰਧਾਨ, ਚੌ: ਸੰਤਾ ਸਿੰਘ ਵਾਈਸ ਪ੍ਰਧਾਨ ਮੈਂ ਜਨਰਲ ਸਕੱਤਰ ਤੇ 20-25 ਮੈਂਬਰਾਂ ਦੀ ਲਿਸਟ ਤੇ ਮੈਂਬਰਸ਼ਿਪ ਲੈ ਕੇ ਜਦ ਮੈਂ ਨਵੇਂ ਜ਼ਮਾਨੇ ਅਖ਼ਬਾਰ ਦੇ ਚੁਬਾਰੇ ਵਿੱਚ ਪਹੁੰਚਿਆ ਤਾਂ ਹੌਲਦਾਰ ਦਰਸ਼ਨ ਸਿੰਘ ਤੇ ਕਾਮਰੇਡ ਤੁਲਸੀ ਰਾਮ ਸਭ ਨੂੰ ਦੱਸਦੇ ਫਿਰਨ ਕਿ ਬਾਬਾ ਜੀ ISCUS ਨਾਲ ਜੁੜ ਗਏ। ਇਸ ਖੁਸ਼ੀ ਵਿੱਚ ਉਨ੍ਹਾਂ ਮੈਨੂੰ ਗਰਮ-ਗਰਮ ਪਕੌੜਿਆਂ ਨਾਲ ਚਾਹ ਪਿਲਾਈ। ਇਸ ਤਰ੍ਹਾਂ ਬਾਬਾ ਜੀ ਦੂਰ ਅੰਦੇਸ਼ੀ ਅਤੇ ਖੁੱਲ੍ਹੇ ਨਜ਼ਰੀਏ ਦੇ ਮਾਲਕ ਸਨ।

**ਇੱਕ ਖ਼ਤ ਕੈਨੇਡਾ ਤੋਂ ਬਾਬਾ ਜੀ ਦੇ ਨਾਂ:**

ਇੱਕ ਵਾਰ ਮੈਂ ਬਾਬਾ ਜੀ ਦੇ ਘਰ ਸੀ ਤੇ ਮੈਨੂੰ ਕਹਿਣ ਲੱਗੇ ਪ੍ਰੇਮ ਟੈਲੀਫੂਨ ਕੋਲ ਇੱਕ ਖ਼ਤ ਪਿਆ ਚੁੱਕ ਕੇ ਪੜ੍ਹੀਂ ਤਾਂ। ਖਤ ਜਿਸ ਨੂੰ ਪਾਇਆ ਗਿਆ ਸੀ ਪੜ੍ਹ ਕੇ ਹੈਰਾਨ ਕਿ ਇਹ ਖ਼ਤ ਪਹੁੰਚ ਕਿਵੇਂ ਗਿਆ? ਖ਼ਤ ਉਪਰ ਸਿਰਫ਼ ਕਾਮਰੇਡ ਭਗਤ ਸਿੰਘ ਬਿਲਗਾ (ਇੰਡੀਆ) ਲਿਖਿਆ ਗਿਆ ਸੀ ਹੋਰ ਕੁਝ ਨਹੀਂ ਪਰ ਖ਼ਤ ਬਾਬਾ ਜੀ ਕੋਲ ਪਹੁੰਚ ਗਿਆ ਸੀ। ਐਸੀ ਮਹਾਨ ਸ਼ਖ਼ਸੀਅਤ ਸੀ ਬਿਲਗਾ ਜੀ ਦੀ ਜਿਨ੍ਹਾਂ ਨੇ ਬਿਲਗੇ ਪਿੰਡ ਨੂੰ ਸਾਰੀ ਦੁਨੀਆਂ ਵਿੱਚ ਆਪਣੇ ਕੰਮ ਅਤੇ ਨਾਮ ਨਾਲ ਮਸ਼ਹੂਰ ਕੀਤਾ।

ਆਖਰ ਬਾਬਾ ਜੀ ਦੀ ਵਸੀਅਤ ਅਨੁਸਾਰ ਬਾਬਾ ਜੀ ਨੂੰ ਪਰਿਵਾਰ ਵੱਲੋਂ ਬਿਲਗੇ

ਲਿਆਂਦਾ ਗਿਆ। ਲੋਕਾਂ ਦਾ ਇੱਕ ਵਿਸ਼ਾਲ ਇਕੱਠ ਬਾਬਾ ਬਿਲਗਾ ਜੀ ਨੂੰ ਲਾਲ ਸਲਾਮ, ਬਿਲਗੇ ਦੀ ਧਰਤੀ ਨੂੰ ਲਾਲ ਸਲਾਮ ਦੇ ਨਾਅਰਿਆਂ ਨਾਲ ਬਾਬਾ ਜੀ ਨੂੰ ਅਲਵਿਦਾ ਕਹਿੰਦੇ ਹੋਏ ਧਾਰਨਾ ਧਾਰ ਕੇ ਗਏ ਕਿ ਗ਼ਦਰੀ ਬਾਬਿਆਂ ਦੇ ਸੁਪਨੇ ਦੇ ਸਮਾਜ ਦੀ ਹੋਂਦ ਤੱਕ ਲੜਾਈ ਜਾਰੀ ਰੱਖੀ ਜਾਵੇਗੀ।

***

ਬਾਬਾ ਜੀ ਦੱਸਦੇ ਕਿ 'ਲਾਲ ਢੰਡੋਰਾ' ਅਖ਼ਬਾਰ ਮੈਂ ਤੇ ਬਾਬਾ ਜੁਆਲਾ ਸਿੰਘ ਬਿਲਗਾ ਕੱਢਦੇ ਸੀ। ਕਾਮਰੇਡ ਜਵਾਲਾ ਸਿੰਘ ਨੇ ਮਸ਼ੀਨ ਚਲਾਉਣੀ ਤੇ ਮੈਂ ਛਾਪਣ ਤੇ ਲਿਖਣ ਦਾ ਕੰਮ ਕਰਨਾ। ਬਾਬਾ ਬਿਲਗਾ ਜੀ ਦਾ ਕਹਿਣਾ ਕਿ ਜ਼ਮੀਨ ਦੇ ਥੱਲੇ (ਭੋਰੇ) ਵਿਚ ਇਹ ਕੰਮ ਜਵਾਲਾ ਸਿੰਘ ਵਰਗਾ ਤਕੜੇ ਸਰੀਰ ਵਾਲਾ ਕਰ ਸਕਦਾ ਸੀ ਨਹੀਂ ਆਮ ਆਦਮੀ ਤਾਂ ਤਪਦਿਕ ਆਦਿ ਨਾਲ ਹੀ ਇੱਥੇ ਮਰ ਜਾਂਦਾ। ਅਸੀਂ ਦੋਵੇਂ ਨਾਂਵ ਬਦਲ ਕੇ ਅਤੇ ਤਰਖਾਣ ਬਣ ਕੇ ਇੱਥੇ ਰਹਿੰਦੇ ਸੀ। ਦਿਨ ਵੇਲੇ ਪੱਗਾਂ ਵਿਚ ਪੈਨਸਲਾਂ ਤੇ ਹੱਥਾਂ ਵਿਚ ਆਰੀ ਫੜ ਕੇ ਘਰੋਂ ਨਿਕਲਣਾ ਕਿ ਲੋਕਾਂ ਨੂੰ ਲੱਗੇ ਅਸੀਂ ਤਰਖਾਣਾ ਕੰਮ ਕਰਨ ਚੱਲੇ ਹਾਂ। ਉੱਥੇ ਰਹਿੰਦਿਆਂ ਨਿਆਣਿਆਂ ਦੇ ਮਾਮੇ ਦੇ ਵਿਆਹ ਦਾ ਖ਼ਤ ਆ ਗਿਆ। ਮੈਂ ਕਿਹਾ ਘਰਵਾਲੀ ਨੂੰ ਭਾਗਵਾਨੇ ਤੂੰ ਨਿਆਣੇ ਨਾਲ ਲੈ ਕੇ ਵਿਆਹ ਦੇਖ ਆ ਮੇਰਾ ਔਖਾ, ਕਿਉਂਕਿ ਮੈਨੂੰ ਯਕੀਨ ਸੀ ਕਿ ਪੁਲਿਸ ਮੈਨੂੰ ਵਿਆਹ ਵਿਚੋਂ ਫੜ ਸਕਦੀ ਹੈ? ਘਰਵਾਲੀ ਨਾਂ ਮੰਨੀ, ਉਲਟਾ ਤਾਹਨੇ ਦੇਣ ਲੱਗ ਪਈ ਕਿ ਦੇਖਣ ਦਾ ਸਮਾਂ ਤਾਂ ਹੁਣ ਹੈ ਕਿ ਤੁਸੀਂ ਪੁਲਿਸ ਦੀਆਂ ਚਾਲਾਂ ਤੋਂ ਬਚਦੇ ਹੋ। ਮੈਂ ਚੈਲਿੰਜ ਕਬੂਲ ਕਰ ਲਿਆ ਅਤੇ ਬੱਚਿਆਂ ਨਾਲ ਲਾਹੌਰ ਤੋਂ ਜਲੰਧਰ ਦੀ ਗੱਡੀ ਫੜ ਲਈ। ਮੈਂ ਗੱਡੀ ਵਿਚ ਛੱਤ ਵਾਲੀ ਸੀਟ, ਜਿੱਥੇ ਸਮਾਨ ਰੱਖੀਦਾ ਚੜ੍ਹ ਕੇ ਪੈ ਗਿਆ ਤੇ ਘਰਵਾਲੀ ਬੱਚੇ ਲੈ ਕੇ ਥੱਲੇ ਖਿੜਕੀ ਵਾਲੀ ਸੀਟ ਮੱਲ ਕੇ ਬੈਠ ਗਈ। ਮੈਨੂੰ ਜਿਸ ਚੀਜ਼ ਦੀ ਜ਼ਰੂਰਤ ਪੈਂਦੀ ਉੱਪਰ ਫੜਾ ਦਿੰਦੀ। ਇਸੇ ਤਰ੍ਹਾਂ ਅਸੀਂ ਜਲੰਧਰ ਪਹੁੰਚ ਗਏ। ਜਲੰਧਰ ਤੋਂ ਨਵਾਂਸ਼ਹਿਰ ਵਾਲੀ ਗੱਡੀ ਫੜ ਲਈ। ਜਦ ਫਗਵਾੜੇ ਸਟੇਸ਼ਨ ਤੇ ਸੀ ਤਾਂ ਮੈਂ ਕਿਹਾ ਮੇਰੀ ਡਾਇਰੀ ਫੜਾ। ਬੀਬੀ ਜੀ ਨੇ ਬੜੀ ਫੋਲਾਫਾਲੀ ਕੀਤੀ ਪਰ ਡਾਇਰੀ ਨਾ ਮਿਲੀ। ਮੈਂ ਕਿਹਾ ਹੁਣ ਤੂੰ ਬੱਚੇ ਲੈ ਕੇ ਜਾ ਮੈਂ ਨਹੀਂ ਜਾਣਾ ਕਿਉਂਕਿ ਮੈਨੂੰ ਸ਼ੱਕ ਸੀ ਕਿ ਜੇ ਡਾਇਰੀ ਪੁਲਿਸ ਦੇ ਹੱਥ ਲੱਗ ਗਈ, ਮੇਰੀ ਅਰੈਸਟ ਪੱਕੀ ਹੈ। ਪਰ ਬੀਬੀ ਜੀ ਮਿੰਨਤਾ ਤਰਲੇ ਕਰਨ ਲੱਗੀ। ਆਖ਼ਰ ਮੈਨੂੰ ਇਸਤਰੀ ਹੱਠ ਅੱਗੇ ਝੁੱਕਣਾ ਪਿਆ। ਜਦ ਮੈਂ ਖਿੜਕੀ ਵਿਚ ਖੜ ਕੇ ਬਾਹਰ ਦੂਰੋਂ ਖਾਨ-ਖਾਨਾ ਵਾਲੇ ਸਟੇਸ਼ਨ ਨੂੰ ਦੇਖਿਆ ਤਾਂ ਮੈਨੂੰ ਸਟੇਸ਼ਨ ਪੁਲਿਸ ਨਾਲ ਘੇਰਿਆ ਦਿਸਿਆਂ। ਮੈਂ ਬਾਹਰਲੇ ਸਿੰਗਨਲ ਕੋਲ ਗੱਡੀ ਵਿਚੋਂ ਖੱਤਿਆਂ ਵਿਚ ਛਾਲ ਮਾਰ ਦਿੱਤੀ। ਮੇਰੇ ਚੰਗੀਆਂ ਰਗੜਾਂ ਵਗੈਰਾ ਲੱਗੀਆਂ ਪਰ ਟੁੱਟ-ਭੱਜ ਤੋਂ ਬਚ ਗਿਆ। ਉੱਥੇ ਖੱਤੇ ਵਿਚ ਪਿੰਡ ਦਾ ਜ਼ਿਮੀਦਾਰ ਪਾਣੀ ਦੇ ਨੱਕੇ ਮੋੜ ਰਿਹਾ ਸੀ। ਮੈਂ ਉਸ ਨੂੰ ਬੇਨਤੀ ਕੀਤੀ ਕਿ ਕਹੀ ਮੈਨੂੰ ਦੇ ਦੇਵੇ ਮੈਂ ਨੱਕੇ ਮੋੜਨੇ ਆਂ। ਮੈਂ ਉਸ ਨੂੰ ਦੱਸਿਆ ਕਿ ਮੈਂ ਲੰਬੜਦਾਰ ਹੁਣਾਂ ਦਾ ਬਿਲਗੇ ਵਾਲਾ ਜੁਆਈ ਹਾਂ, ਤੂੰ ਮੇਰੇ ਕੱਪੜੇ ਪਾ ਲੈ ਤੇ ਆਪਣੇ ਵਾਲੇ ਮੈਨੂੰ ਦੇ। ਕੱਪੜੇ ਬਦਲ ਕੇ ਇਕ ਦੂਜੇ ਨਾਲ ਮੈਂ ਨੱਕੇ ਮੋੜੀ ਗਿਆ ਨਾਲੇ ਸਟੇਸ਼ਨ ਤੇ ਖੜੀ ਗੱਡੀ ਅਤੇ ਪੁਲਿਸ ਦਾ ਐਕਸ਼ਨ ਦੇਖਦਾ ਰਿਹਾ। ਪੁਲਿਸ ਨੇ ਇੱਕ ਘੰਟਾ ਗੱਡੀ ਅੱਗੇ ਨਹੀਂ ਜਾਣ ਦਿੱਤੀ। ਗੱਡੀ ਦਾ ਹਰ ਖੂੰਜਾ ਤੇ ਲੈਟਰੀਨਾ ਪੁਲਿਸ ਪੜਤਾਲ ਕਰਦੀ ਰਹੀ, ਮੈਨੂੰ ਲੱਭਣ ਲਈ। ਮੇਰਾ ਸਾਲਾ ਗੱਡਾ ਲੈ ਕੇ ਸਟੇਸ਼ਨ ਤੇ ਆਇਆ ਸੀ

ਸਾਨੂੰ ਲੈਣ ਨੂੰ ਕਿਉਂਕਿ ਘਰ ਦੂਰ ਸੀ। ਜਦ ਬੀਬੀ ਜੀ ਦੋਵੇਂ ਨਿਆਣੇ ਲੈ ਕੇ ਆਪਣੇ ਭਰਾ ਦੇ ਗੱਡੇ 'ਤੇ ਬੈਠ ਗਈ ਤਾਂ ਸਟੇਸ਼ਨ ਮਾਸਟਰ ਪੁਲਿਸ ਨੂੰ ਕਹਿਣ ਲੱਗਾ ਕਿ ਉਹ ਲੰਬੜਦਾਰ ਦੀ ਧੀ ਤੇ ਪੁੱਤਰ ਦਾ ਗੱਡਾ ਜਾਂਦਾ ਜੇ ਬਿਲਗੇ ਵਾਲਾ ਪ੍ਰਾਹੁਣਾ ਆਇਆ ਹੁੰਦਾ ਉਨ੍ਹਾਂ ਨਾਲ ਹੀ ਹੋਣਾ ਸੀ। ਫੇਰ ਗੱਡੀ ਅਗਲੀ ਮੰਜ਼ਿਲ ਲਈ ਜਾਣ ਦਿੱਤੀ ਅਤੇ ਪੁਲਿਸ ਵੱਧ ਤੋਂ ਵੱਧ ਪਿੰਡ ਨੂੰ ਘੇਰਨ ਲੱਗੀ ਕਿ ਜੇ ਭਗਤ ਸਿੰਘ ਵਿਆਹ ਆਇਆ ਹੋਇਆ, ਫੜਨਾ ਹਰ ਹਾਲਤ ਵਿਚ ਹੈ।

ਮੈਂ ਗੋਡਿਆਂ ਤੱਕ ਗਾਰੇ ਨਾਲ ਲਿਬੜਿਆ ਮੋਢੇ 'ਤੇ ਗਾਰੇ ਲਿੱਬੜੀ ਕਹੀ ਤੇ ਜ਼ਿੰਮੀਂਦਾਰ ਦੇ ਪੁਰਾਣੇ ਲਿਬਾਸ ਵਿਚ ਸਹੁਰੇ ਘਰ ਨੂੰ ਖੇਤਿਆਂ ਵਿਚ ਦੀ ਸਿੱਧਾ ਤੁਰ ਪਿਆ। ਪਿੰਡ ਦੀ ਫਿਰਨੀ ਤੇ ਜਾ ਕੇ ਮੈਂ ਗੱਡੇ ਦੇ ਪਿੱਛੇ-ਪਿੱਛੇ ਤੁਰਨ ਲੱਗਾ। ਬੀਬੀ ਜੀ ਸੋਚਾਂ ਡੁੱਬੀ ਧੌਣ ਨੀਵੀਂ ਕਰਕੇ ਬੱਚਿਆਂ ਨਾਲ ਗੱਡੇ 'ਤੇ ਬੈਠੀ ਸੋਚ ਰਹੀ ਸੀ ਪਤਾ ਨਹੀਂ ਲੱਤ ਟੁੱਟ ਗਈ ਕਿ ਲੱਕ ਟੁੱਟ ਗਿਆ। ਮੈਂ ਗੱਡੇ ਦੇ ਨਾਲ ਰਲ ਕੇ ਉੱਚੀ ਖੰਘੂਰਾ ਮਾਰਿਆ। ਮੇਰੇ ਵੱਲ ਦੇਖ ਕੇ ਤੇ ਪਹਿਚਾਣ ਕੇ ਹੈਰਾਨ ਹੋ ਗਈ ਕਿ ਸ਼ੁਕਰ ਹੈ ਕਿ ਸਾਬਤੇ ਤੁਰੇ ਆਉਂਦੇ।(ਇਹ ਗੱਲ ਦੇਖਣ ਨੂੰ ਅਜੀਬ ਲੱਗਦੀ ਹੈ ਕਿ ਦੇਸ਼ ਭਗਤੀ ਦੇ ਵੱਡੇ ਮੋਰਚੇ 'ਤੇ ਲੜਨ ਵਾਲਾ ਗਹਿਰ ਗੰਭੀਰ ਤੇ ਸੀਨੀਅਰ ਆਗੂ ਤਾਅਨੇ-ਮਿਹਣੇ ਜਾਂ ਪਤਨੀ ਦੇ ਰੋਸ ਤੋਂ ਬਚਣ ਲਈ ਏਨਾ ਵੱਡਾ ਜ਼ੋਖ਼ਮ ਕਿਉਂ ਉਠਾ ਰਿਹਾ ਹੈ। ਦਰਅਸਲ ਇੱਥੇ ਮਸਲਾ ਸਿਰਫ਼ ਪਤਨੀ ਦੀ ਜਿੱਦ ਦਾ ਹੀ ਨਹੀਂ ਸੀ ਬਲਕਿ ਉਸ ਸਾਰੇ ਮੋਹ ਭਰੇ ਰਿਣਾਂ ਦਾ ਸੀ ਜੋ ਬਾਬਾ ਬਿਲਗਾ ਜੀ ਨੂੰ ਉਨ੍ਹਾਂ ਦੀ ਪਤਨੀ ਚੰਨਣ ਕੌਰ ਅਤੇ ਉਸਦੇ ਪੇਕਾ ਪਰਿਵਾਰ ਵੱਲੋਂ ਨਿਰੰਤਰ ਮਿਲਦੇ ਆ ਰਹੇ ਸਨ। ਜਿੱਥੇ ਮਾਤਾ ਚੰਨਣ ਕੌਰ ਬਾਬਾ ਜੀ ਦੇ ਬੱਚਿਆਂ ਅਤੇ ਘਰ ਬਾਰ ਦੀ ਸਾਂਭ-ਸੰਭਾਲ ਬੜੇ ਕਸ਼ਟ ਝੱਲ ਕੇ ਪੂਰੀ ਸੁਹਿਰਦਤਾ ਨਾਲ ਕਰਦੀ ਆ ਰਹੀ ਸੀ। ਉੱਥੇ ਘਰ ਦੀ ਆਰਥਿਕ ਤੰਗੀ ਦੌਰਾਨ ਬਾਬਾ ਜੀ ਦੇ ਸਹੁਰਾ ਪਰਿਵਾਰ ਖਾਨਖਾਨੇ ਵਾਲਿਆਂ ਵੱਲੋਂ ਸਭ ਲੋੜੀਂਦੀਆਂ ਚੀਜ਼ਾਂ ਵਸਤਾਂ ਆਪਣੀ ਧੀ ਕੋਲ ਬਿਲਗੇ ਪਹੁੰਚਾਉਣ ਦਾ ਸਿਲਸਿਲਾ ਵੀ ਨਿਰੰਤਰ ਅਤੇ ਲੰਮੇ ਸਮੇਂ ਤਕ ਚੱਲਦਾ ਰਿਹਾ, ਸੋ ਬਾਬਾ ਜੀ ਦੱਸਦੇ ਸਨ ਕਿ ਮੈਂ ਇਹ ਸੋਚਿਆ ਕਿ ਕਿਸੇ ਤਰ੍ਹਾਂ ਬਚ ਬਚਾਅ ਕੇ ਆਪਣੀ ਪਤਨੀ ਅਤੇ ਆਪਣੇ ਸਹੁਰਾ ਪਰਿਵਾਰ ਦੀ ਇਹ ਰੀਝ ਪੂਰੀ ਕਰਨੀ ਮੇਰਾ ਫਰਜ਼ ਬਣਦਾ ਹੈ। **-ਸੰਪਾਦਕ**)

**ਰੂਸ ਤੋਂ ਵਤਨ ਨੂੰ ਆਉਣਾ:-** ਰੂਸ ਤੋਂ ਭਾਰਤ ਆਉਣ ਕਾਮਰੇਡ ਛੀਨਾ ਨਾਲ ਆਮੂ ਦਰਿਆ ਪਾਰ ਕਰਨ ਦੀ ਘਟਨਾ ਤਾਂ ਸ਼ਾਇਦ ਕਈ ਲੇਖਕਾਂ ਨੇ ਆਪਣੀਆਂ ਕਿਤਾਬਾਂ ਵਿਚ ਦਿੱਤੀ ਹੋਵੇ। ਪਰ ਇਕ ਘਟਨਾ ਜੋ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨਾਲ ਜਰਮਨ ਵਿਚ ਫੜੇ ਗਏ, ਬਾਰੇ ਦੱਸਣਾ ਚਾਹੁੰਦਾ। ਬਾਬਾ ਜੀ ਦੱਸਦੇ ਸੀ ਕਿ ਰੂਸ ਤੋਂ ਭਾਰਤ ਪਰਤਦਿਆਂ ਅਸੀਂ ਕਿਹਾ ਹਿਟਲਰ ਦੇ ਬੱਚੇ ਦੀ ਜਰਮਨੀ ਦੀ ਹਾਲਤ ਦੇਖਦੇ ਜਾਈਏ। ਮੈਂ ਤੇ ਕਾਮਰੇਡ ਸੁਰਜੀਤ ਕੱਪੜੇ ਵੇਚਣ ਵਾਲੇ ਵਿਉਪਾਰੀ ਬਣ ਕੇ ਟਾਂਗੇ ਵਿਚ ਫਿਰ ਰਹੇ ਸੀ, ਅਚਾਨਕ ਫੜੇ ਗਏ। ਸਾਨੂੰ ਦੋਵਾਂ ਨੂੰ ਇਕ ਵੱਡੇ ਹਾਲ ਵਿਚ ਬੰਦ ਕਰ ਦਿੱਤਾ ਗਿਆ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਹਿਟਲਰ ਆਪਣੇ ਸਿਆਸੀ ਵਿਰੋਧੀਆਂ ਨੂੰ ਹਾਲ ਵਿਚ ਇਕੱਠੇ ਕਰਕੇ ਗੈਸ ਨਾਲ ਹਮੇਸ਼ਾ ਲਈ ਖ਼ਤਮ ਕਰ ਦਿੰਦਾ ਸੀ। ਸਾਨੂੰ ਦੋਵਾਂ ਨੂੰ ਦੂਸਰੇ ਦਿਨ ਇੰਟੈਰੋਗੇਟ ਕਰਨਾ ਸੀ। ਮੇਰੇ ਤੋਂ ਕਾਮਰੇਡ ਸੁਰਜੀਤ ਜੂਨੀਅਰ ਸੀ। ਮੈਂ ਸੁਰਜੀਤ ਨੂੰ ਕਿਹਾ ਕਿ ਇਸ ਤੋਂ ਪਹਿਲਾਂ ਕਿ ਸਾਨੂੰ ਬਿਜਲੀ ਦੀਆਂ ਤਾਰਾਂ ਨਾਲ ਇੰਟੈਰੋਗੇਟ ਕੀਤਾ ਜਾਵੇ ਮੈਂ ਤੈਨੂੰ ਆਰਡਰ ਕਰਦਾ ਕਿ ਹਾਲ ਦੀ ਇਕ ਦੀਵਾਰ

ਵੱਲੋਂ ਤੇਜ਼ ਦੌੜ ਕੇ ਸਾਹਮਣੇ ਵਾਲੀ ਕੰਧ ਵਿਚ ਜ਼ੋਰ ਦੀ ਸਿਰ ਮਾਰ। ਕਾਮਰੇਡ ਸੁਰਜੀਤ ਨੇ ਇਸ ਤਰ੍ਹਾਂ ਕੀਤਾ ਅਤੇ ਉਸ ਦਾ ਸਿਰ ਪਾੜ ਕੇ ਲਹੂ-ਲੁਹਾਨ ਹੋ ਗਿਆ ਪਰ ਕਾਮਰੇਡ ਸੁਰਜੀਤ ਅਜੇ ਹੋਸ਼ ਵਿਚ ਸੀ। ਮੈਂ ਕਿਹਾ ਇਕ ਵਾਰ ਫਿਰ ਏਨਾ ਜ਼ੋਰ ਲਾ ਕੇ ਫਿਰ ਸਾਮਹਣੇ ਵਾਲੀ ਕੰਧ ਵਿਚ ਲੱਗਾ। ਕਾਮਰੇਡ ਸੁਰਜੀਤ ਨੇ ਫਿਰ ਇਸ ਤਰ੍ਹਾਂ ਕੀਤਾ ਅਤੇ ਬੇਹੋਸ਼ ਹੋ ਕੇ ਫ਼ਰਸ਼ ਤੇ ਡਿੱਗ ਪਿਆ। ਜਰਮਨ ਦੀ ਪੁਲਿਸ ਆਈ ਮੈਨੂੰ ਪੁੱਛਿਆ ਇਸ ਨੂੰ ਕੀ ਹੋਇਆ। ਮੈਂ ਕਿਹਾ ਪਾਗਲ ਹੋ ਕੰਧ ਵਿਚ ਸਿਰ ਮਾਰ-ਮਾਰ ਪਾੜ ਲਿਆ। ਉਹ ਕਾਮਰੇਡ ਸੁਰਜੀਤ ਨੂੰ ਹਸਪਤਾਲ ਲੈ ਗਏ ਅਤੇ ਮੈਨੂੰ ਪੁੱਛ-ਪੜਤਾਲ ਕੇਂਦਰ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਕਾਮਰੇਡ ਸੁਰਜੀਤ ਨੇ ਇਹ ਗੱਲ ਪਿੰਡ ਬੰਡਾਲੇ ਕੀਤੀ ਹੋਵੇਗੀ ਜਿਸ ਦੀ ਪੁਸ਼ਟੀ ਕਰਨ ਕਾਮਰੇਡ ਮਹਿੰਦਰ ਪਾਲ ਬੰਡਾਲਾ ਨੇ ਕੀਤੀ ਜੋ ਫਿਲੌਰ ਰਹਿੰਦਾ ਸੀ ਅਤੇ ਬਾਅਦ ਵਿਚ ਬੰਗਾ ਹਲਕੇ ਤੋਂ (C.P.M.) ਦੀ ਟਿਕਟ ਤੇ ਐਮ.ਐਲ.ਏ. ਦੀ ਚੋਣ ਲੜੀ ਸੀ। ਬਿਲਗੇ ਬਾਬਾ ਜੀ ਕੋਲ ਮੈਨੂੰ ਨਾਲ ਲੈ ਕੇ ਗਿਆ।

ਦੂਸਰੀ ਘਟਨਾ ਜਦੋਂ ਸਮੁੰਦਰੀ ਜਹਾਜ਼ ਰਾਹੀਂ ਬੰਬਈ ਆਏ। ਸੀ.ਆਈ.ਡੀ. ਪੈਰ-ਪੈਰ ਤੇ ਪਿੱਛਾ ਕਰਦੀ ਸੀ। ਬੰਬਈ ਇਕ ਬਜ਼ਾਰ ਤੇ ਪੁਰਤਗਾਲੀਆ ਦਾ ਰਾਜ ਸੀ ਦੂਸਰੇ ਵਿਚ ਅੰਗਰੇਜ਼ਾਂ ਦਾ ਘੁੰਮਦੇ-ਫਿਰਦੇ ਰੇਲਵੇ ਸਟੇਸ਼ਨ ਤੇ ਆ ਕੇ ਟਿਕਟ ਲਈ ਤੇ ਗੱਡੀ ਵਿਚ ਬੈਠ ਗਏ। ਰਸਤੇ ਵਿਚ ਟਿਕਟ ਚੈਕਰ ਨੇ ਟਿਕਟ ਚੈੱਕ ਕਰਦਿਆਂ ਮੇਰੇ ਟਿਕਟ ਤੇ ਕੋਈ ਨਿਸ਼ਾਨ ਲਾ ਦਿੱਤਾ। ਮੈਨੂੰ ਸ਼ੱਕ ਹੋ ਗਿਆ। ਡੱਬੇ ਵਿਚ ਕੁਝ ਲੋਕ ਤਾਸ਼ ਖੇਡਦੇ ਸਨ ਮੈਂ ਵੀ ਕੋਲ ਜਾ ਬੈਠਾ ਤੇ ਗੱਲੀਬਾਤੀਂ ਆਪਣਾ ਟਿਕਟ ਉਨ੍ਹਾਂ ਵਿਚੋਂ ਇਕ ਆਦਮੀ ਨਾਲ ਬਦਲ ਲਿਆ। ਅਗਲੇ ਸਟੇਸ਼ਨ ਤੇ ਲੋਹੜੇ ਦੀ ਪੁਲਿਸ ਡੱਬੇ ਵਿਚ ਆ ਵੜੀ ਤੇ ਟਿਕਟਾਂ ਦੇਖਣ ਲੱਗੀ। ਜਿਸ ਆਦਮੀ ਕੋਲ ਮੇਰੇ ਵਾਲੀ ਟਿਕਟ ਸੀ ਉਸ ਦੁਆਲੇ ਹੋ ਗਏ ਮੈਂ ਸਮਾਨ ਖਿੜਕੀ ਵਿਚ ਦੀ ਥੱਲੇ ਸੁੱਟਿਆ ਅਤੇ ਕੁਲੀ ਕਰਕੇ ਸਟੇਸ਼ਨ ਤੋਂ ਬਾਹਰ ਆ ਗਿਆ। ਬਾਹਰ ਆਉਂਦਿਆਂ ਹੀ ਬੱਸ ਖੱਬੇ ਹੱਥ ਨੂੰ ਜਾ ਰਹੀ ਸੀ ਮੈਂ ਕੁੱਲੀ ਨੂੰ ਕਿਹਾ ਰੋਕ-ਰੋਕ। ਪਰ ਬਸ ਨਾ ਰੁਕੀ। ਐਨੀ ਦੇਰ ਨੂੰ ਉਲਟ ਦਿਸ਼ਾ ਵਿਚ ਜਾਣ ਵਾਲੀ ਬਸ ਆ ਗਈ। ਕੁੱਲੀ ਆਖਣ ਲੱਗਾ ਤੁਸੀਂ ਤਾਂ ਉਸ ਪਾਸੇ ਦੀ ਬਸ ਚੜਨਾ ਸੀ। ਮੈਂ ਕਿਹਾ ਸਾਰੇ ਪਾਸੇ ਸਾਡੇ ਹੀ ਹਨ। ਇਸ ਤਰ੍ਹਾਂ ਬਚ ਕੇ ਮੈਂ ਛੇ ਮਹੀਨੇ ਯੂ.ਪੀ. ਵਿਚ ਮੁਸਲਮਾਨ ਦੇ ਭੇਸ ਵਿਚ ਰਹਿ ਕੇ ਕੰਮ ਕੀਤਾ।

**ਧਾਰਮਿਕ ਅਤੇ ਸਮਾਜਿਕ ਸੋਚ :-** ਵੈਸੇ ਤਾਂ ਬਾਬਾ ਜੀ ਮਨੁੱਖਤਾ ਅਤੇ ਖਾਸ ਕਰਕੇ ਲਤਾੜੀ ਜਾ ਰਹੀ ਲੋਕਾਈ ਦੇ ਪਹਿਰੇਦਾਰ ਸਨ। ਹਰ ਧਰਮ ਦੀ ਇੱਜ਼ਤ ਕਰਦੇ ਸਨ। ਜਾਤ-ਪਾਤ ਆਦਿ ਬੰਧਨਾਂ ਤੋਂ ਕੋਹਾਂ ਦੂਰ ਸਨ। ਪਰ ਕੁਝ ਨਿੱਜੀ ਜ਼ਿੰਦਗੀ ਵਿਚ ਦੇਖੀਆਂ ਘਟਨਾਵਾਂ ਦਾ ਵਰਨਣ ਕਰਨਾ ਬਣਦਾ ਹੈ।

ਇਕ ਵਾਰ ਪਿੰਡ ਬਿਲਗੇ ਦੀ ਪੱਟੀ ਬੱਗਾ ਦੇ ਚੌਂਕ ਵਿਚ ਕੋਈ ਰਾਜਸੀ ਇਕੱਠ ਸੀ। ਮੈਂ ਉਸ ਵਿਚ ਸ਼ਾਮਿਲ ਸੀ। ਪ੍ਰੋਗਰਾਮ ਦੇ ਖਾਤਮੇ ਤੋਂ ਬਾਅਦ ਮੈਂ ਕਿਹਾ ਬਾਬਾ ਜੀ ਮੇਰੇ ਸਕੂਟਰ 'ਤੇ ਬੈਠੋ ਮੈਂ ਤੁਹਾਨੂੰ ਘਰ ਛੱਡ ਆਵਾਂ। ਬਹੁਤ ਵਾਰ ਕੋਸ਼ਿਸ਼ ਦੇ ਬਾਵਜੂਦ ਬਾਬਾ ਜੀ ਤੋਂ ਸਕੂਟਰ ਉੱਪਰ ਨਹੀਂ ਬੈਠ ਹੋਇਆ ਕਿਉਂਕਿ ਕਾਫੀ ਬਜ਼ੁਰਗ ਹੋ ਗਏ ਸਨ ਤੇ ਨਜ਼ਰ ਵੀ ਬਹੁਤ ਕਮਜ਼ੋਰ ਹੋ ਗਈ ਸੀ। ਨੇੜੇ ਅਸ਼ਵਨੀ ਕੁਮਾਰ ਸਿਆਲ ਜੋ ਕਿ ਬਾਬਾ ਜੀ ਦੇ ਬਰਖੁਰਦਾਰ ਅਤੇ ਗੁਆਂਢੀ ਵੀ ਹਨ, ਖੜੇ ਸਨ। ਉਹ ਕਹਿੰਦੇ ਬਾਬਾ ਜੀ ਆਪਾਂ ਤੁਰ ਕੇ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰੇ

ਵੱਲ ਦੀ ਜਾਂਦੇ ਹਾਂ, ਜੋ ਕਿ ਬਾਬਾ ਜੀ ਅਤੇ ਅਸ਼ਵਨੀ ਦੇ ਘਰ ਨੂੰ ਬਹੁਤ ਹੀ ਸ਼ਾਰਟਕੱਟ ਰਸਤਾ ਸੀ। ਅਸ਼ਵਨੀ ਜੀ ਦੱਸਦੇ ਹਨ ਕਿ ਜਦ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਬਾਬਾ ਜੀ ਨੇ ਮੈਨੂੰ ਪੰਜਾਂ ਦਾ ਨੋਟ ਦਿੱਤਾ ਤੇ ਕਿਹਾ 'ਮੈਂ ਇੱਥੇ ਖੜ੍ਹਦਾਂ ਤੂੰ ਗੁਰੂਦਆਰੇ ਇਹ ਪੰਜਾਂ ਦਾ ਨੋਟ ਚੜ੍ਹਾ ਆ' ਤੇ ਆਪ ਨਿਸ਼ਾਨ ਸਾਹਿਬ ਦੇ ਥੜੇ ਕੋਲ ਖੜ ਗਏ।

ਬਾਬਾ ਜੀਆ ਜੀ ਬਾਬਾ ਜੀ ਦੇ ਖ਼ਾਨਦਾਨ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਨਾਲ ਸਬੰਧਤ ਚੌਧਰੀ ਹੋਏ ਹਨ। ਉਨ੍ਹਾਂ ਦਾ ਮੱਠ ਵੀ ਬਿਲਗਾ ਪਿੰਡ ਦੇ ਮੇਨ ਬੱਸ ਸਟੈਂਡ ਕੋਲ ਪਾਣੀ ਵਾਲੇ ਤਲਾਬ ਦੇ ਕੋਲ ਹੈ। ਕਈ ਵਾਰ ਬਾਬਾ ਜੀ ਪਹਿਲਾਂ ਤਲਾਬ ਵਿਚ ਤਾਰੀਆਂ ਲਾਉਂਦੇ ਨਹਾਉਂਦੇ ਅਤੇ ਫਿਰ ਮੰਦਰ ਦੀ ਮੋਟਰ ਤੇ ਇਸ਼ਨਾਨ ਕਰਕੇ ਬਾਬਾ ਮੱਠ 'ਜੀਆ ਜੀ' ਵੀ ਜਾਂਦੇ।

ਬਾਬਾ ਜੀ ਦੀ ਜ਼ਿੰਦਗੀ ਇੱਕ ਲੰਬੀ ਕਿਤਾਬ ਹੈ ਜਿਸ ਦਾ ਹਰ ਸਫ਼ਾ ਜ਼ਿੰਦਗੀ ਦੇ ਇੱਕ ਪੱਖ ਰਾਹ-ਦਰਸਾਉਂਦਾ ਹੈ ਅਤੇ ਖੋਜ ਲਈ ਮਜਬੂਰ ਕਰਦਾ ਹੈ।

**ਬਾਬਾ ਬਿਲਗਾ ਜੀ ਨਾਲ ਮੇਰੀ ਆਖ਼ਰੀ ਮੁਲਾਕਾਤ :-** ਫਰਵਰੀ ਮਹੀਨੇ ਦੇ ਆਖ਼ਰੀ ਦਿਨ ਚਲ ਰਹੇ ਸਨ। ਬਾਬਾ ਜੀ ਦੀ ਲੱਤ ਉੱਪਰ ਮਾਮੂਲੀ ਜ਼ਖ਼ਮ ਤੋਂ ਸ਼ੁਰੂ ਹੋ ਕੇ ਬਹੁਤ ਜ਼ਿਆਦਾ ਇੰਫੈਕਸ਼ਨ ਹੋ ਗਈ ਕਾਫੀ ਦਿਨ ਡਾ. ਗਿੱਲ ਦੀ ਦੇਖ ਰੇਖ ਹੇਠਾਂ ਜਲੰਧਰ ਇਲਾਜ ਹੁੰਦਾ ਰਿਹਾ, ਪਰ ਕੋਈ ਜ਼ਿਆਦਾ ਫ਼ਰਕ ਨਾ ਪਿਆ। ਬਾਬਾ ਜੀ ਨੂੰ ਫਿਰ ਬਿਲਗਾ ਜਨਰਲ ਹਸਪਤਾਲ ਬਿਲਗਾ ਲੈ ਆਏ। ਇੱਕ ਪ੍ਰਾਈਵੇਟ ਕਮਰੇ ਵਿਚ ਬਾਬਾ ਜੀ ਦਾ ਪਰਿਵਾਰ ਸਪੁੱਤਰ ਕੁਲਬੀਰ ਸਿੰਘ, ਬਹੂ ਸੁਰਿੰਦਰ, ਗੁਰਪ੍ਰੇਮ ਸਿੰਘ ਸਭ ਉਨ੍ਹਾਂ ਦੇ ਕੋਲ ਸਨ। ਸ਼ਾਮ ਨੂੰ ਮੈਨੂੰ ਕੁਲਬੀਰ ਹੁਣਾਂ ਦਾ ਟੈਲੀਫੂਨ ਆਇਆ ਕਿ ਬਾਬਾ ਜੀ ਯਾਦ ਕਰਦੇ ਹੁਣੇ ਆਓ। ਮੈਂ ਸਕੂਟਰ ਚੁੱਕ ਕੇ ਹਸਪਤਾਲ ਪਹੁੰਚ ਗਿਆ। ਕੁਲਬੀਰ ਹੁਣੀਂ ਕਮਰੇ ਤੋਂ ਬਾਹਰ ਮੈਨੂੰ ਕਹਿਣ ਲੱਗੇ। ਬਾਬਾ ਜੀ ਦੀ ਲੱਤ ਦੀ ਹਾਲਤ ਬਹੁਤ ਖ਼ਰਾਬ ਹੈ, ਇਨ੍ਹਾਂ ਨੂੰ ਮਨਾਓ ਕਿ ਇੰਗਲੈਂਡ ਕੱਲ੍ਹ ਦੀ ਫਲਾਈਟ ਵਿਚ ਨਹੀਂ ਜਾਣਾ ਠੀਕ ਹੋ ਕੇ 15-20 ਦਿਨ ਤੱਕ ਜਾ ਸਕਦੇ ਹੋ। ਮੈਂ ਬਾਬਾ ਜੀ ਕੋਲ ਅੰਦਰ ਗਿਆ ਦੇਖ ਕੇ ਬਹੁਤ ਪ੍ਰੇਸ਼ਾਨੀ ਹੋਈ। ਬਾਬਾ ਜੀ ਦੀ ਲੱਤ ਦੀ ਹਾਲਤ ਬਹੁਤ ਖ਼ਰਾਬ ਸੀ। ਮੈਂ ਕੋਲ ਖੜ੍ਹ ਕੇ ਚੁੱਪਚਾਪ ਸਿਰ ਤੋਂ ਪੈਰਾਂ ਤੱਕ ਦੇਖਦਾ ਰਿਹਾ। ਕੁਝ ਦੇਰ ਬਾਅਦ ਮੈਂ ਉੱਚੀ ਆਵਾਜ਼ ਕੰਨ ਵਿਚ ਸਤਿ ਸ੍ਰੀ ਅਕਾਲ ਕਹੀ। ਉਨ੍ਹਾਂ ਨੇ ਅਵਾਜ਼ ਪਛਾਣ ਲਈ। ਕਿਹਾ ਆ ਗਿਆ ਪ੍ਰੇਮ। ਮੈਂ ਕਿਹਾ ਬਾਬਾ ਜੀ ਮੈਂ ਹੁਣੇ ਆਇਆਂ।

"ਪ੍ਰੇਮ ਮੇਰਾ ਖ਼ਿਆਲ ਹੈ ਕਿ ਆਪਣੀ ਇਹ ਆਖ਼ਰੀ ਮੁਲਾਕਾਤ ਲੱਗਦੀ।"

"ਕੀ ਹੋਇਆ ਬਾਬਾ ਜੀ ਤੁਸੀਂ ਠੀਕ ਹੋ ਆਪਾਂ ਪਹਿਲਾ ਵਾਂਗ ਫੇਰ ਮਿਲਦੇ ਰਹਿਣਾ।"

ਪ੍ਰੇਮ ਮੇਰੀ ਸਿਹਤ ਕਾਫੀ ਬਿਗੜ ਚੁੱਕੀ ਆ, ਮੈਂ ਮਰਨ ਤੋਂ ਨਹੀਂ ਡਰਦਾ, ਪਰ ਮੇਰੇ ਸਰੀਰ ਦੀ ਮਸ਼ੀਨਰੀ ਸਮੇਂ ਅਨੁਸਾਰ ਘਸ-ਘਸ ਕੇ ਜਵਾਬ ਦੇ ਰਹੀ ਹੈ। ਮੇਰੀਆਂ ਕੁਝ ਗੱਲਾਂ ਯਾਦ ਰੱਖੀਂ।

ਨੰਬਰ: 1 ਹਸਪਤਾਲ ਉੱਪਰ ਕਿਸੇ ਇੱਕ ਪਰਿਵਾਰ ਜਾਂ ਟੋਲੇ ਦਾ ਕਬਜ਼ਾ ਨਾ ਹੋਣ ਦੇਵੀਂ। ਇਹ ਆਮ ਲੋਕਾਂ ਦਾ ਹਸਪਤਾਲ ਆ, ਸਮੁੱਚੀ ਕਮੇਟੀ ਇਸ ਦੀ ਮਾਲਕ ਆ।

ਨੰਬਰ: 2 ਪਿੰਡ ਬਿਲਗੇ ਵਿਚ ਮੈਂ ਜ਼ਿੰਦਗੀ ਦਾ ਪਹਿਲਾਂ ਸਾਹ ਲਿਆ, ਇਸ ਨੂੰ ਬਰਬਾਦ

ਹੋਣ ਤੋਂ ਬਚਾਇਓ, ਨਸ਼ਿਆਂ ਤੋਂ ਕਾਨੂੰਨੀ ਸੋਚ ਤੋਂ, ਇਸ ਨਾਲ ਸਬੰਧਿਤ ਧਾਰਮਿਕ ਸੰਸਥਾਵਾਂ ਆਦਿ ਨੂੰ।

ਨੰਬਰ : 3 ਅਗਰ ਮੈਂ ਇੰਗਲੈਂਡ ਮਰ ਗਿਆ, ਜਿਵੇਂ ਮੈਂ ਵਸੀਅਤ ਵਿਚ ਲਿਖਿਆ, ਜਿੱਥੇ ਮੇਰੀ ਬੱਚੀ ਜੋ ਛੋਟੀ ਉਮਰ ਵਿਚ ਸਾਨੂੰ ਵਿਛੋੜਾ ਦੇ ਗਈ ਸੀ ਦਾਹ ਸਸਕਾਰ ਕੀਤਾ ਸੀ ਮੇਰਾ ਵੀ ਉੱਥੇ ਕਰਨਾ।

ਨੰਬਰ : 4 ਜੋ ਮੈਂ ਵਸੀਅਤ ਕੀਤੀ, ਤੈਨੂੰ ਪਤਾ ਉਹਦੇ ਮੁਤਾਬਕ ਸਾਰਾ ਕੁਝ ਕਰ ਲਿਓ।

ਨੰਬਰ : 5 ਜਿਹੜਾ ਸਾਡਾ ਜੱਦੀ ਘਰ ਆ ਉਹ ਮੈਂ ਤੁਹਾਨੂੰ ਲੋਕਾਂ ਨੂੰ ਦਿੱਤਾ ਜੋ ਬਣਾਉਣਾ ਹੋਊ ਬਣਾ ਲਿਓ।

"ਤੂੰ ਬੀਮਾਰ ਰਹਿੰਦਾ ਆਪਣੀ ਸਿਹਤ ਦਾ ਖਿਆਲ ਰੱਖੀ, ਇਸ ਹਸਪਤਾਲ ਲਈ ਮੇਰੇ ਕਹੇ ਤੇ ਤੂੰ ਬਹੁਤ ਕੰਮ ਕੀਤਾ।"

"ਬਾਬਾ ਜੀ ਤੁਸੀਂ ਕੱਲ੍ਹ ਦੀ ਫਲਾਈਟ ਵਿਚ ਯੂ.ਕੇ. ਨਹੀਂ ਜਾਣਾ, ਤੁਹਾਡੀ ਲੱਤ ਬਹੁਤ ਖ਼ਰਾਬ ਆ, ਇਹ ਥੱਲੇ ਪੈਰ ਨਹੀਂ ਲੱਗਦਾ।" ਮੈਂ ਕਿਹਾ।

"ਮੈਨੂੰ ਕੀ ਹੋਇਆ, ਮੈਂ ਟਰੇਲੀ ਕਰ ਲੈਣੀ। ਲੱਤ ਥੱਲੇ ਹਵਾਈ ਜਹਾਜ਼ ਵਿਚ ਕੋਈ ਬੈਗ ਰੱਖ ਲੈਣਾ।"

ਜਦ ਤੱਕ ਡਾ. ਗਿੱਲ ਅਤੇ ਪ੍ਰਿੰਸੀਪਲ ਜਸਬੀਰ ਕੌਰ ਗਿੱਲ ਵੀ ਦਾਖਲ ਹੋ ਚੁੱਕੇ ਸੀ। ਡਾ. ਗਿੱਲ ਅਤੇ ਮੈਡਮ ਗਿੱਲ ਨੇ ਵੀ ਬਾਬਾ ਜੀ ਨੂੰ ਨਾ ਜਾਣ ਲਈ ਮਨਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਬਾਬਾ ਜੀ ਆਪਣੀ ਜ਼ਿੱਦ 'ਤੇ ਪੱਕੇ ਰਹੇ ਅਤੇ ਦੂਸਰੇ ਦਿਨ ਇਸੇ ਹਾਲਤ ਵਿਚ ਯੂ.ਕੇ. ਨੂੰ ਚੱਲ ਪਏ। ਦੋ ਅਪ੍ਰੈਲ ਨੂੰ ਬਾਬਾ ਜੀ ਦੇ ਜਨਮ ਦਿਨ ਤੇ ਯੂ.ਕੇ. ਟੈਲੀਫੋਨ ਤੇ ਵਧਾਈ ਦਿੱਤੀ ਤੇ ਹਾਲਚਾਲ ਪੁੱਛਿਆ। ਬਾਬਾ ਜੀ ਕਹਿਣ ਲੱਗੇ ਮੈਂ ਠੀਕ ਆਂ ਘਰ ਵਿਚ ਕੰਧ ਦਾ ਅਤੇ ਖੂੰਡੀ ਦਾ ਆਸਰਾ ਲੈ ਕੇ ਹੌਲੀ-ਹੌਲੀ ਥੋੜ੍ਹਾ-ਥੋੜ੍ਹਾ ਤੁਰ ਲੈਂਦਾ ਹਾਂ। ਮਨ ਨੂੰ ਬੜਾ ਸਕੂਨ ਮਿਲਿਆ।

ਫਿਰ ਮਈ ਦੇ ਤੀਸਰੇ ਹਫ਼ਤੇ ਅਖ਼ਬਾਰਾਂ ਅਤੇ ਟੀ.ਵੀ. ਉੱਪਰ ਬਾਬਾ ਜੀ ਦੀ ਗੰਭੀਰ ਸਿਹਤ ਦੀ ਖ਼ਬਰ ਆਈ ਅਤੇ ਤਿੰਨ ਦਿਨ ਬਾਅਦ ਸਭ ਨੂੰ ਅਲਵਿਦਾ ਦੀ ਖ਼ਬਰ ਆ ਗਈ। ਸਾਰਾ ਪਰਿਵਾਰ ਯੂ.ਕੇ. ਸੀ। ਟੈਲੀਫੋਨ ਆ ਗਿਆ ਬਿਲਗਾ ਵਿਖੇ ਸੰਸਕਾਰ ਕਰਨ ਦਾ। ਹਜ਼ਾਰਾਂ ਦੀ ਗਿਣਤੀ ਵਿਚ ਬਾਬਾ ਜੀ ਦੇ ਸ਼ੁਭ ਚਿੰਤਕ ਆਉਣੇ ਸਨ। ਗਰਮੀ ਦਾ ਮੌਸਮ ਸੀ। ਸਭ ਲਈ ਪਾਣੀ-ਲੰਗਰ ਆਦਿ ਦਾ ਬੰਦੋਬਸਤ ਕਰਨਾ ਸੀ। ਪਿੰਡ ਵਿਚ ਸਾਰੀਆਂ ਪਾਰਟੀਆਂ ਵੱਲੋਂ ਮੀਟਿੰਗਾਂ ਕੀਤੀਆਂ ਗਈਆਂ। ਪਿੰਡ ਵਿਚ ਥਾਂ-ਥਾਂ ਪੀਣ ਵਾਲੇ ਪਾਣੀ ਦੀਆਂ ਛਬੀਲਾਂ ਅਤੇ ਬਾਬਾ ਜੀ ਦੇ ਘਰ ਕੋਲ ਸਕੂਲ ਵਿਚ ਲੰਗਰ ਦਾ ਪ੍ਰਬੰਧ ਕੀਤਾ ਗਿਆ। ਪਰਿਵਾਰ ਦੇ ਮੈਂਬਰ ਬਾਬਾ ਜੀ ਦਾ ਮ੍ਰਿਤਕ ਸਰੀਰ ਅੰਮ੍ਰਿਤਸਰ ਹਵਾਈ ਅੱਡੇ ਤੋਂ ਲੈ ਕੇ ਆਏ ਜਿਥੋਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਅਨੇਕਾ ਸ਼ਰਧਾਲੂ ਇਕ ਜਲੂਸ ਦੀ ਸ਼ਕਲ ਅਖ਼ਤਿਆਰ ਕਰਦੇ ਬਿਲਗਾ ਹਸਪਤਾਲ ਅੱਧੇ ਘੰਟੇ ਲਈ ਰੁਕੇ ਫਿਰ ਬਾਬਾ ਜੀ ਦੇ ਘਰ ਲੋਕਾਂ ਦੇ ਅੰਤਿਮ ਦਰਸ਼ਨਾ ਲਈ ਤਿੰਨ ਘੰਟੇ ਉਨ੍ਹਾਂ ਦੇ ਜੱਦੀ ਘਰ ਰੱਖ ਕੇ ਉਨ੍ਹਾਂ ਦੀ ਵਸੀਅਤ ਅਨੁਸਾਰ ਪੂਰੇ ਮਾਣ ਸਨਮਾਨ ਨਾਲ ਸਸਕਾਰ ਕੀਤਾ ਗਿਆ। ਇਸ ਤਰ੍ਹਾਂ ਬਿਲਗੇ ਦਾ ਮਹਾਨ ਸਪੂਤ ਜਿਸ ਨੇ ਬਿਲਗੇ ਦਾ ਨਾਂਵ ਸਾਰੀ ਦੁਨੀਆ ਵਿਚ ਮਸ਼ਹੂਰ ਕੀਤਾ, ਸਾਨੂੰ ਅਲਵਿਦਾ ਕਹਿ ਗਿਆ।

**ਗ਼ਦਰੀ ਬਾਬਾ ਭਗਤ ਸਿੰਘ ਦੇਸ਼ ਭਗਤ ਯਾਦਗਾਰ ਹਾਲ ਬਿਲਗਾ:-** ਬਾਬਾ ਜੀ ਦੀ ਇੱਛਾ ਅਨੁਸਾਰ ਪਰਿਵਾਰ ਨੇ ਆਪਣਾ ਜੱਦੀ ਘਰ ਬਾਬਾ ਜੀ ਦੇ ਨਾਂ ਨਾਲ ਦੇਸ਼ ਭਗਤ ਯਾਦਗਾਰ ਹਾਲ ਬਣਾਉਣ ਲਈ ਲੋਕਾਂ ਨੂੰ ਦੇ ਦਿੱਤਾ। ਇਸ ਹਾਲ ਵਿਚ ਬਹੁਤ ਵਧੀਆ ਲਾਇਬਰੇਰੀ ਬਣਾਈ ਗਈ। ਇਸ ਵਿਚ ਬਹੁਤ ਵੱਡਾ ਯੋਗਦਾਨ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਤੇ ਪ੍ਰਸਿੱਧ ਲੇਖਕ ਗੁਲਜ਼ਾਰ ਸਿੰਘ ਸੰਧੂ ਦੁਆਰਾ ਪਾਇਆ। ਵੱਖ-ਵੱਖ ਪਿੰਡਾਂ ਦੇ ਗ਼ਦਰੀ ਬਾਬਿਆਂ ਦੀਆਂ ਫੋਟੋਆਂ ਲਾਈਆਂ। ਕੰਪਿਊਟਰ ਲਿਆਂਦਾ। ਪਿੰਡ ਦੇ ਸਿਆਸੀ ਅਤੇ ਸਮਾਜਿਕ ਕੰਮਾਂ ਲਈ ਮੀਟਿੰਗਾਂ ਬਾਬਾ ਜੀ ਦੇ ਹਾਲ ਵਿਚ ਹੀ ਹੁੰਦੀਆਂ ਹਨ। ਇਸ ਹਾਲ ਵਿਚ ਬਾਬਾ ਜੀ ਦਾ ਜਨਮ ਦਿਨ 2 ਅਪ੍ਰੈਲ ਅਤੇ 22 ਮਈ ਨੂੰ ਬਰਸੀ ਮਨਾਈ ਜਾਂਦੀ ਹੈ। ਇਸ ਹਾਲ ਨੂੰ ਹੁਣ ਤੱਕ ਸ੍ਰੀਮਤੀ ਲਕਸ਼ਮੀ ਕਾਂਤਾਂ ਚਾਲਵਾ ਸਾਬਕਾ ਮਨਿਸਟਰ ਪੰਜਾਬ ਅਤੇ ਪੀ.ਪੀ.ਪੀ. ਪੰਜਾਬ ਦਾ ਪ੍ਰਧਾਨ ਸ. ਮਨਪ੍ਰੀਤ ਸਿੰਘ ਬਾਦਲ ਹਾਲ ਨੂੰ ਦੇਖ ਕੇ ਬੜੇ ਖੁਸ਼ ਹੋਏ।

**ਬਾਬਾ ਭਗਤ ਸਿੰਘ ਦੇਸ਼ ਭਗਤ ਯਾਦਗਾਰ ਕਮੇਟੀ :-**

1. ਕਾਮਰੇਡ ਕੁਲਬੀਰ ਸਿੰਘ ਸੰਘੇੜਾ (Chairman)
2. ਕਾਮਰੇਡ ਗੁਰਪ੍ਰੇਮ ਸਿੰਘ ਸੰਘੇੜਾ (Vice chairman)
3. ਡਾ. ਜਸਵਿੰਦਰ ਸਿੰਘ ਬਿਲਗਾ (Ph.D.)
4. ਪ੍ਰੋ. ਗੋਪਾਲ ਸਿੰਘ ਬੁੱਟਰ, ਲਾਇਲਪੁਰ ਖਾਲਸਾ ਕਾਲਜ ਜਲੰਧਰ
5. ਬੀਬਾ ਕੁਲਵਿੰਦਰ ਬੁੱਟਰ, ਪ੍ਰੋਡਿਊਸਰ ਦੂਰਦਰਸ਼ਨ ਕੇਂਦਰ ਜਲੰਧਰ
6. ਮਾਸਟਰ ਪ੍ਰੇਮ ਲਾਲ ਮਹੇ (M.A. B.Sc. B.Ed)
7. ਮਾਸਟਰ ਪ੍ਰਸ਼ੋਤਮ ਲਾਲ ਬਿਲਗਾ (M.A. B.Sc. B.Ed)
8. ਕਾਮਰੇਡ ਸੰਤੋਖ ਸਿੰਘ ਸੰਧੂ (C.P.I. M.L.)
9. ਕਾਮਰੇਡ ਸੰਤੋਖ ਸਿੰਘ ਬਿਲਗਾ (C.P.M. ਪਾਸਲਾ)

# ਵੱਡੀ ਹਸਤੀ ਬਾਬਾ ਬਿਲਗਾ ਜੀ

-ਮਾਸਟਰ ਪ੍ਰਸ਼ੋਤਮ ਲਾਲ ਬਿਲਗਾ

ਬਾਬਾ ਭਗਤ ਸਿੰਘ ਬਿਲਗਾ ਗ਼ਦਰ ਲਹਿਰ ਦੇ ਦੂਜੇ ਪੜਾਅ ਦੇ ਆਗੂ ਸਨ, ਜਿਨ੍ਹਾਂ ਨੇ ਬਾਅਦ ਵਿਚ 'ਕਿਰਤੀ ਲਹਿਰ' ਵਿਚ ਵਡਮੁੱਲਾ ਯੋਗਦਾਨ ਪਾਇਆ। ਆਖ਼ਰੀ ਦਮ ਤਕ ਬਤੌਰ ਕਮਿਊਨਿਸਟ ਆਗੂ ਹੱਕ, ਸੱਚ, ਇਨਸਾਫ਼ ਦੀ ਖ਼ਾਤਿਰ ਲੋਕ-ਹਿਤੈਸ਼ੀ ਪੈਂਤੜੇ ਤੋਂ ਲੜਦੇ ਰਹੇ। ਉਹ ਗ਼ੁਲਾਮੀ, ਸ਼ੋਸ਼ਣ, ਨਾਬਰਾਬਰੀ ਅਤੇ ਬੇਗ਼ਾਨਗੀ ਵਰਗੀਆਂ ਲੋਕ-ਵਿਰੋਧੀ ਅਲਾਮਤਾਂ ਤੋਂ ਮੁਕਤ ਆਜ਼ਾਦੀ ਬਰਾਬਰੀ ਤੇ ਸਦਭਾਵਨਾ ਵਾਲਾ ਸਮਾਜਵਾਦੀ ਢਾਂਚਾ ਉਸਾਰਨ ਲਈ ਸਾਰੀ ਉਮਰ ਜੱਦੋ-ਜਹਿਦ ਕਰਦੇ ਰਹੇ। ਆਪਣੇ ਜੀਵਨ ਦੇ ਆਖ਼ਰੀ ਦਹਾਕੇ ਉਨ੍ਹਾਂ ਨੇ ਗ਼ਦਰੀ ਦੇਸ਼ ਭਗਤਾਂ ਦੀ ਯਾਦ ਵਿਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੂੰ ਉਸਾਰਣ ਤੋਂ ਲੈ ਕੇ ਉਸਨੂੰ ਅਗਾਂਹਵਧੂ ਲੋਕਾਂ ਦੇ ਸਾਂਝੇ ਮੰਚ ਵਜੋਂ ਸਥਾਪਿਤ ਕਰਨ ਵਿਚ ਲਗਾਏ। ਜਿਸਦੇ ਫ਼ਲਸਰੂਪ ਜਿੱਥੇ ਲੋਕ-ਹਿਤੈਸ਼ੀ ਜਥੇਬੰਦੀਆਂ ਦੇ ਆਪਸੀ ਵਖਰੇਵੇਂ ਵੀ ਘਟੇ ਉਥੇ ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਉਨ੍ਹਾਂ ਦੇ ਲੋਕ-ਹਿਤੈਸ਼ੀ ਘੋਲਾਂ ਵਿਚਲੇ ਸ਼ਾਨਾਮੱਤੇ ਵਡੇਰੇ ਮੁੱਲਵਾਨ ਯੋਗਦਾਨ ਸਦਕਾ ਸਾਰਿਆਂ ਦਾ ਸਾਂਝਾ ਬਾਬਾ ਵੀ ਤਸਲੀਮ ਕਰ ਲਿਆ ਗਿਆ।

ਅਸੀਂ ਆਪਣੇ ਬਚਪਨ ਵਿਚ ਇਹ ਸੁਣਦੇ ਹੁੰਦੇ ਸਾਂ ਕਿ ਕਾਮਰੇਡ ਭਗਤ ਸਿੰਘ ਬਿਲਗਾ ਉਨ੍ਹਾਂ ਮੁੱਠੀ ਭਰ ਲੋਕਾਂ ਵਿੱਚੋਂ ਪ੍ਰਮੁੱਖ ਹੈ ਜਿਸ ਨੇ ਘੋਰ ਜਾਤੀ ਵਿਤਕਰੇ ਵਾਲੇ ਸਮਾਜ ਵਿਚ ਰਹਿੰਦਿਆਂ ਵੀ ਕਦੇ ਛੂਤ-ਛਾਤ ਤੇ ਸੁੱਚ ਭਿੱਟ ਦੀ ਕੋਈ ਪਰਵਾਰ ਨਹੀਂ ਕੀਤੀ। ਇਸ ਘਿਨਾਉਣੀ ਸਮਾਜਕ ਕੁਰੀਤੀ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਅਤੇ ਖ਼ੁਦ ਦਲਿਤਾਂ ਦੇ ਵਿਹੜਿਆਂ ਵਿਚ ਜਾ ਜਾ ਕੇ ਉਨ੍ਹਾਂ ਦੇ ਘਰੋਂ ਖਾਣਾ ਖਾਧਾ ਅਤੇ ਉਨ੍ਹਾਂ ਨੂੰ ਗਲ ਨਾਲ ਲਾ ਕੇ ਬਣਦਾ ਪਿਆਰ ਸਤਿਕਾਰ ਦਿੱਤਾ। ਦੇਸ਼ ਦੀ ਵੰਡ ਦੌਰਾਨ ਫ਼ਿਰਕੂ ਕਾਤਲਾਂ ਤੇ ਲੁਟੇਰਿਆਂ ਨਾਲ ਮੱਥਾ ਲਾਇਆ। ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਜੋਖ਼ਮ ਵਿਚ ਪਾ ਕੇ ਗ਼ਰੀਬ ਮੁਸਲਮਾਨ ਪਰਿਵਾਰਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਦੀ ਰਾਖੀ ਕੀਤੀ ਅਤੇ ਆਪ ਨਾਲ ਜਾ-ਜਾ ਕੇ ਉਨ੍ਹਾਂ ਨੂੰ ਸੁਰੱਖਿਅਤ ਕੈਂਪਾਂ ਵਿਚ ਪਹੁੰਚਾਇਆ।

ਪੰਜਾਬ ਸੰਕਟ ਦੌਰਾਨ ਉਨ੍ਹਾਂ ਨੇ ਨਿਰਦੋਸ਼ਾਂ ਦੇ ਕਾਤਲਾਂ ਦੇ ਖ਼ਿਲਾਫ਼ ਦੇਸ਼-ਵਿਦੇਸ਼ ਵਿਚ ਆਵਾਜ਼ ਬੁਲੰਦ ਕੀਤੀ ਅਤੇ ਫਿਰਕੂ ਕਾਤਲਾਂ ਹੱਥੋਂ ਮਾਰੇ ਨੌਜਵਾਨਾਂ ਦੇ ਸ਼ਰਧਾਂਜਲੀ ਸਮਾਰੋਹਾਂ ਤੇ ਜਾ ਜਾ ਕੇ ਲੋਕ ਵਿਰੋਧੀ ਸ਼ਕਤੀਆਂ ਨੂੰ ਬੇਨਕਾਬ ਕੀਤਾ। ਇਸ ਵਕਤ ਵਿਚ ਆਪ ਹਿੱਟ ਲਿਸਟ 'ਤੇ ਹੋਣ ਦੇ ਬਾਵਜੂਦ ਉਨ੍ਹਾਂ ਨੇ ਨਾ ਕੋਈ ਸਰਕਾਰੀ ਸੁਰੱਖਿਆ ਲਈ ਅਤੇ ਨਾ ਹੀ ਆਪਣੇ ਲੋਕਾਂ

ਦੇ ਅਜਿਹੇ ਖ਼ਤਰੇ ਭਰੇ ਸਮਾਗਮਾਂ 'ਤੇ ਜਾਣ ਤੋਂ ਗੁਰੇਜ਼ ਕੀਤਾ। ਐਮਰਜੈਂਸੀ ਦੌਰਾਨ ਉਹ ਵਾਰੰਟ ਨਿਕਲੇ ਹੋਣ ਦੇ ਬਾਵਜੂਦ ਵੀ ਲੋਕਪੱਖੀ ਜਲਸਿਆਂ ਵਿਚ ਜਾ ਜਾ ਕੇ ਭਾਸ਼ਨ ਵੀ ਕਰਦੇ ਰਹੇ ਅਤੇ ਪੁਲਿਸ ਨੂੰ ਚਕਮਾ ਦੇ ਕੇ ਸੁਰੱਖਿਅਤ ਬਚ ਕੇ ਵੀ ਨਿਕਲਦੇ ਰਹੇ। ਬਾਬਾ ਬਿਲਗਾ ਜੀ ਨਕਸਲਾਈਟ ਮੂਵਮੈਂਟ ਵਿਚ ਸ਼ਾਮਿਲ ਨਹੀਂ ਸਨ। ਫਿਰ ਵੀ ਉਨ੍ਹਾਂ ਨੇ ਇਨ੍ਹਾਂ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਤੋਂ ਬਾਅਦ ਇਨ੍ਹਾਂ ਦੇ ਬਣਾਏ ਝੂਠੇ ਪੁਲਿਸ ਮੁਕਾਬਲਿਆਂ ਦੀ ਡਟ ਕੇ ਵਿਰੋਧਤਾ ਕੀਤੀ। ਭਾਵੇਂ ਇਨ੍ਹਾਂ ਦੀ ਇਸ ਵਿਰੋਧਤਾ ਨੂੰ ਨਾ ਬਰਦਾਸ਼ਤ ਕਰਦਿਆਂ ਸਮੇਂ ਦੀ ਪੰਜਾਬ ਸਰਕਾਰ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਮਹੀਨਿਆਂ ਬੱਧੀ ਪਟਿਆਲਾ ਜੇਲ੍ਹ ਵਿਚ ਵੀ ਡੱਕੀ ਰੱਖਿਆ।

ਪੰਜਾਬ ਸੰਕਟ ਦੌਰਾਨ ਹੀ ਇਨ੍ਹਾਂ ਨੇ ਉਸਾਰੂ ਸਭਿਆਚਾਰ ਸਿਰਜਣ ਲਈ ਅਗਾਂਹਵਧੂ ਨਾਟਕੀ ਸੰਗੀਤਕ ਤੇ ਹੋਰ ਕਲਾਤਮਕ ਪੇਸ਼ਕਾਰੀਆਂ ਲਈ ਵੱਡਾ ਮੰਚ ਮੁਹੱਈਆ ਕਰਵਾਉਣ ਦੀ ਸ਼ੁੱਭ ਇੱਛਾ ਨਾਲ ਗ਼ਦਰੀ ਬਾਬਿਆਂ ਦੀ ਯਾਦ ਵਿਚ 'ਮੇਲਾ ਗ਼ਦਰੀ ਬਾਬਿਆਂ ਦਾ' ਕਰਵਾਉਣਾ ਸ਼ੁਰੂ ਕੀਤਾ। ਜੋ ਅੱਜ ਅਗਾਂਹਵਧੂ ਲੋਕਾਂ ਤੇ ਕਲਾਕਾਰਾਂ ਲਈ ਮਹਾਨ ਕੁੰਭ ਦਾ ਰੂਪ ਧਾਰਨ ਕਰ ਚੁੱਕਾ ਹੈ।

ਬਾਬਾ ਭਗਤ ਸਿੰਘ ਬਿਲਗਾ ਸਾਰੀ ਉਮਰ ਰਾਜਨੀਤੀ ਨਾਲ ਜੁੜੇ ਰਹੇ। ਪਰ ਉਨ੍ਹਾਂ ਨੇ ਕਦੇ ਵੀ ਕਿਸੇ ਕਿਸਮ ਦੇ ਨਿੱਜੀ ਲਾਭ ਲਈ ਆਪਣੇ ਪ੍ਰਭਾਵ ਨੂੰ ਨਹੀਂ ਵਰਤਿਆ। ਹਾਂ ਜਿੱਥੇ ਕਿਤੇ ਉਨ੍ਹਾਂ ਦੇ ਪ੍ਰਭਾਵ ਨਾਲ ਮਜ਼ਲੂਮਾਂ, ਗ਼ਰੀਬਾਂ, ਨਿਮਾਣਿਆਂ ਅਤੇ ਨਿਤਾਣਿਆਂ ਨੂੰ ਇਨਸਾਫ਼ ਮਿਲ ਸਕਦਾ ਸੀ। ਉਥੇ ਉਨ੍ਹਾਂ ਨੇ ਆਪਣੇ ਪ੍ਰਭਾਵ ਦੀ ਖੁੱਲ੍ਹ ਕੇ ਵਰਤੋਂ ਕੀਤੀ। ਉਨ੍ਹਾਂ ਦੇ ਆਪਣਿਆਂ ਦਾ ਘੇਰਾ ਅਤਿ ਵਿਸ਼ਾਲ ਸੀ। ਉਨ੍ਹਾਂ ਦੇ ਇਕ ਵਾਰ ਕਹਿਣ ਤੇ ਜਿਹੜੇ ਲੋਕ ਕਿਸੇ ਦੇ ਕੰਮ ਆਉਣ ਲਈ ਤਿਆਰ ਹੋ ਜਾਂਦੇ ਸਨ ਉਨ੍ਹਾਂ ਵਿਚ ਇੰਦਰ ਕੁਮਾਰ ਗੁਜਰਾਲ, ਮਨਮੋਹਨ ਸਿੰਘ, ਅਸ਼ਵਨੀ ਕੁਮਾਰ, ਦਰਬਾਰਾ ਸਿੰਘ ਜੰਡਿਆਲਾ ਤੇ ਦਰਬਾਰਾ ਸਿੰਘ ਮਲਸੀਆਂ, ਕੁਲਦੀਪ ਸਿੰਘ ਵਡਾਲਾ, ਉਮਰਾਓ ਸਿੰਘ ਅਤੇ ਮਨਪ੍ਰੀਤ ਸਿੰਘ ਬਾਦਲ ਵਰਗੇ ਗ਼ੈਰ-ਕਮਿਊਨਿਸਟ ਆਗੂ ਵੀ ਸ਼ਾਮਿਲ ਸਨ।

ਬਾਬਾ ਬਿਲਗਾ ਜੀ ਬਹੁਤ ਵੱਡੀ ਪ੍ਰੇਰਕ ਸ਼ਕਤੀ ਸਨ। ਉਨ੍ਹਾਂ ਦੀ ਪ੍ਰੇਰਨਾ ਸਦਕਾ ਸਾਡੇ ਵਰਗੇ ਹਜ਼ਾਰਾਂ ਲੋਕ ਅਗਾਂਹਵਧੂ ਵਿਚਾਰਧਾਰਾ ਨਾਲ ਜੁੜੇ ਅਤੇ ਲੋਕ-ਹਿਤੈਸ਼ੀ ਸੰਘਰਸ਼ ਵਿਚ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਅੱਜ ਵੀ ਜਦੋਂ ਦੱਬਿਆਂ, ਕੁਚਲਿਆਂ, ਨਿਮਾਣਿਆਂ, ਨਿਤਾਣਿਆਂ ਤੇ ਲੁੱਟ-ਘਸੁੱਟ ਦੇ ਸ਼ਿਕਾਰ ਲੋਕਾਂ ਦੇ ਹਿੱਤਾਂ ਲਈ ਜੱਦੋ ਜਹਿਦ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ ਜਾਂ ਇਸ ਤਰ੍ਹਾਂ ਦਾ ਕੋਈ ਸੁਆਲ ਸਾਹਮਣੇ ਆਉਂਦਾ ਹੈ ਤਾਂ ਬਾਬਾ ਜੀ ਦੀ ਪ੍ਰੇਰਨਾਦਾਇਕ ਆਵਾਜ਼ ਕੰਨਾਂ ਵਿਚ ਗੂੰਜਣ ਲੱਗ ਪੈਂਦੀ ਹੈ ਕਿ "ਉੱਠ ਨੌਜਵਾਨਾਂ ਬਦਲ ਦੇ ਜ਼ਮਾਨਾ...।"

***

# ਸਾਡਾ ਪਿੰਡ ਤੇ ਸਾਡੇ ਬਾਬਾ ਬਿਲਗਾ ਜੀ

-ਐਡਵੋਕੇਟ ਗੁਰਮਿੰਦਰ ਸਿੰਘ ਬਿਲਗਾ

ਬਿਲਗਾ ਸਾਡੇ ਪਿੰਡ ਦੇ ਸਭ ਲੋਕਾਂ ਲਈ ਗੌਰਵਸ਼ਾਲੀ ਪਹਿਚਾਣ ਹੈ। ਅਸੀਂ ਹਜ਼ਾਰਾਂ ਬਿਲਗਾ ਨਿਵਾਸੀ ਆਪਣੇ ਆਪਣੇ ਖੇਤਰਾਂ ਵਿੱਚ ਤੇ ਖ਼ਾਸ ਤੌਰ 'ਤੇ ਬਿਲਗਾ ਨਿਵਾਸੀਆਂ ਤੋਂ ਬਾਹਰ ਵਾਲੇ ਆਪਣੇ ਵਾਕਿਫਾਂ, ਸਨੇਹੀਆਂ ਤੇ ਸੰਬੰਧੀਆਂ ਵਿੱਚ ਵਧੇਰੇ ਕਰਕੇ ਏਸੇ ਨਾਮ ਨਾਲ ਜਾਣੇ ਜਾਂਦੇ ਹਾਂ। ਸਾਡੀ ਇਸ ਪਹਿਚਾਣ ਨੂੰ ਗੌਰਵਸ਼ਾਲੀ ਬਣਾਉਣ ਦਾ ਸਿਹਰਾ ਸਾਡੇ ਪਿੰਡ ਤੇ ਸਾਡੇ ਬਾਬਾ ਜੀ ਭਾਵ ਬਾਬਾ ਭਗਤ ਸਿੰਘ ਬਿਲਗਾ ਜੀ ਦੇ ਇਤਿਹਾਸਕ ਯੋਗਦਾਨ ਨੂੰ ਜਾਂਦਾ ਹੈ। ਮੈਂ ਇੱਥੇ ਪਿੰਡ ਬਾਰੇ ਜਾਂ ਬਾਬਾ ਜੀ ਬਾਰੇ ਗੱਲ ਕਰਨ ਤੋਂ ਪਹਿਲਾਂ ਆਪਣੀ ਜ਼ਿਲ੍ਹਾ ਜਲੰਧਰ ਦੀ ਡਿਸਟ੍ਰਿਕਟ ਬਾਰ ਐਂਡ ਕੋਰਟ ਦੀ 125ਵੀਂ ਸਥਾਪਨਾ ਵਰ੍ਹੇਗੰਢ ਦੇ ਇਤਿਹਾਸਕ ਅਵਸਰ 'ਤੇ ਜ਼ਿਲ੍ਹਾ ਬਾਰ ਕੌਂਸਲ ਜਲੰਧਰ ਵੱਲੋਂ ਕੱਢੇ ਸੋਵੀਨਾਰ ਵਿੱਚ ਬਿਲਗੇ ਬਾਰੇ ਤਸਵੀਰਾਂ ਸਮੇਤ ਛਾਪੀ ਇਸ ਮਾਣ ਮੱਤੀ ਇਤਿਹਾਸਕ ਉਕਤੀ ਤੋਂ ਆਪਣੇ ਮਹਾਨ ਪਿੰਡ ਦੀ ਗੱਲ ਕਰਦਾ ਹਾਂ। ਜਿਸ ਵਿੱਚ ਗੁਰੂ ਅਰਜਨ ਦੇਵ ਜੀ ਦੇ ਆਪਣੇ ਵਿਆਹ ਸਮੇਂ ਸਾਡੇ ਪਿੰਡ ਪਧਾਰਨ ਤੇ ਨਿਸ਼ਾਨੀਆਂ ਬਖਸ਼ਣ ਦਾ ਜ਼ਿਕਰ ਹੈ :

"... According to the local tradition, Guru Arjan Sahib changed his old clothes and gave away his discarded clothes to poor people living in the huts. Gurdwara Panjvi Pathshai in the centre of the town preserves the memory of said visit. The relics preserved include a pair of trouser, scalf, a showl, a rosary, a purse and low stool fitted with a brass sheet..."

"(..... ਸਥਾਨਕ ਰਵਾਇਤ ਅਨੁਸਾਰ ਗੁਰੂ ਅਰਜਨ ਸਾਹਿਬ ਨੇ (ਏਥੇ ਬਿਲਗੇ ਵਿਖੇ) ਆਪਣੇ ਪੁਰਾਣੇ ਕੱਪੜੇ ਬਦਲੇ ਅਤੇ ਉਤਾਰੇ ਹੋਏ ਕੱਪੜੇ ਕੁੱਲੀਆਂ ਵਿੱਚ ਰਹਿੰਦੇ ਗ਼ਰੀਬ ਲੋਕਾਂ ਨੂੰ ਦੇ ਦਿੱਤੇ। ਗੁਰਦੁਆਰਾ ਪੰਜਵੀਂ ਪਾਤਸ਼ਾਹੀ ਜੋ ਕਸਬੇ ਦੇ ਕੇਂਦਰ ਵਿੱਚ ਹੈ ਵਿਖੇ ਗੁਰੂ ਸਾਹਿਬ ਦੀ ਇਸ ਆਮਦ ਦੀ ਯਾਦ ਸੰਭਾਲੀ ਹੋਈ ਹੈ। ਇਨ੍ਹਾਂ ਸੰਭਾਲੀਆਂ ਹੋਈਆਂ ਨਿਸ਼ਾਨੀਆਂ ਵਿੱਚ ਸੇਲ੍ਹੀ, ਦੁਸ਼ਾਲਾ, ਕੁੜਤੇ-ਪਾਜ਼ਾਮੇ ਦਾ ਜੋੜਾ, ਇੱਕ ਬਟੂਆ ਅਤੇ ਇੱਕ ਨੀਵੀਂ ਪਿੱਤਲ ਦੀ ਚਾਦਰ ਵਿੱਚ ਜੜ੍ਹੀ ਚੌਂਕੀ ਹੈ।)

ਮੈਂ ਬਾਬਾ ਜੀ ਤੋਂ ਭਾਵੇਂ ਆਪਣੇ ਬਚਪਨ ਤੋਂ ਹੀ ਪ੍ਰਭਾਵਿਤ ਸਾਂ ਪਰ ਬੀ.ਏ. ਕਰਨ

ਉਪਰੰਤ ਮੈਨੂੰ ਇਨ੍ਹਾਂ ਕੋਲ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਰਹਿ ਕੇ ਯਾਦਗਾਰ ਹਾਲ ਦੇ ਨਿਰਮਾਣ ਵਿੱਚ ਅਤੇ ਇਸ ਦੀ ਸੇਵਾ ਸੰਭਾਲ ਵਿੱਚ ਇਨ੍ਹਾਂ ਦਾ ਸਹਿਯੋਗੀ ਬਣਨ ਦਾ ਸੁਭਾਗਾ ਅਵਸਰ ਪ੍ਰਾਪਤ ਹੋਇਆ, ਜਿਸ ਕਾਰਨ ਸਾਡੀ ਬਾਪੇ ਪੋਤੇ ਦੀ ਜੋੜੀ ਦਾ 10-15 ਸਾਲ ਦਾ ਦਿਨ ਰਾਤ ਦਾ ਸਾਥ ਰਿਹਾ, ਇਸ ਸਮੇਂ ਮੈਂ ਬਾਬਾ ਜੀ ਦੀ ਸ਼ਖ਼ਸੀਅਤ ਦੀਆਂ ਕਈ ਅਜਿਹੀਆਂ ਵਡਿਆਈਆਂ ਨੂੰ ਦੇਖਿਆ ਸਮਝਿਆ, ਜਿਸ ਤੋਂ ਆਮ ਆਦਮੀ ਪਰੀਚਿਤ ਨਹੀਂ ਹੈ ਅਤੇ ਨਾ ਬਾਬਾ ਜੀ ਉਹ ਸਭ ਦੱਸਣ ਦਾ ਉਚੇਚਾ ਜਤਨ ਹੀ ਕਰਦੇ ਸਨ। ਬਾਬਾ ਜੀ ਦਾ ਸੁਪਨਾ ਸੀ ਕਿ ਦੁਨੀਆ ਭਰ ਦੇ ਸਾਰੇ ਨੌਜਵਾਨ ਸਮਾਜ ਦੀ ਅਗਵਾਈ ਕਰਨ ਅਤੇ ਉਹ ਪੰਜਾਬ ਦੇ ਨੌਜਵਾਨਾਂ ਦੀ ਸ਼ਖ਼ਸੀਅਤ ਦੇ ਵਿਕਾਸ ਲਈ ਲਿਖਦੇ ਬੋਲਦੇ ਤੇ ਸਬੱਬ ਬਣਾਉਂਦੇ ਰਹੇ, ਜਿਨ੍ਹਾਂ ਵਿੱਚ ਸੈਮੀਨਾਰ, ਵਰਕਸ਼ਾਪਾਂ, ਕਾਨਫ਼ਰੰਸਾਂ, ਚੇਤਨਾ ਰੈਲੀਆਂ, ਲੈਕਚਰ ਤੇ ਨਾਟਕ ਮੇਲੇ ਕਰਵਾਉਣ ਦੇ ਕਾਰਜ ਸ਼ਾਮਿਲ ਸਨ। ਉਨ੍ਹਾਂ ਦਾ ਨਾਅਰਾ ਸੀ-

"ਉੱਠ ਨੌਜਵਾਨਾ, ਬਦਲ ਦੇ ਜ਼ਮਾਨਾ"

ਬਾਬਾ ਜੀ ਨੇ ਆਪਣੇ ਪਿੰਡ ਬਿਲਗੇ ਤੋਂ ਨੌਜਵਾਨਾਂ ਦੀ ਸ਼ਖ਼ਸੀਅਤ ਦੇ ਵਿਕਾਸ ਦੇ ਮਹਾਨ ਕਾਰਜ ਦਾ ਆਰੰਭ ਕੀਤਾ। ਪਿੰਡ ਵਿੱਚ ਆਪਣੀ 30 ਸਾਲ ਦੀ ਉਮਰ ਵਿੱਚ ਹੀ ਸਕੂਲ ਬਣਵਾਇਆ ਤੇ ਖ਼ੁਦ ਉਸਦੀ ਨਿਗਰਾਨੀ ਕੀਤੀ। ਮੈਨੂੰ ਗਰੈਜੂਏਸ਼ਨ ਤੋਂ ਬਾਅਦ ਜਦ ਆਪਣੇ ਕੋਲ ਜਲੰਧਰ ਲੈ ਆਏ ਤਾਂ ਉਨ੍ਹਾਂ ਨੇ ਕਿਹਾ, "ਪੁੱਤਰਾ ਦੇਸ਼ ਭਗਤ ਯਾਦਗਾਰ ਹਾਲ ਦਾ ਕੰਮ ਤਾਂ ਸਾਡਾ ਫਰਜ਼ ਹੈ ਅਤੇ ਅਸੀਂ ਇਹ ਕੌਮੀ ਰਿਣ ਪੂਰੀ ਦਿਆਨਤਦਾਰੀ ਤੇ ਤਨਦੇਹੀ ਨਾਲ ਚੁਕਾਉਣਾ ਹੈ, ਪਰ ਤੈਂ ਆਪਣੇ ਆਰਾਮ ਕਰਨ ਦੇ ਪਲਾਂ 'ਤੇ ਕੱਟ ਲਗਾ ਕੇ ਅੱਗੇ ਪੜ੍ਹਨਾ ਵੀ ਹੈ ਤੇ ਕੁਝ ਬਣਨਾ ਵੀ ਹੈ।" ਇਹ ਉਨ੍ਹਾਂ ਦੇ ਆਸ਼ੀਰਵਾਦ ਤੇ ਉਤਸ਼ਾਹਜਨਕ ਅਗਵਾਈ ਦਾ ਸਿੱਟਾ ਹੈ ਕਿ ਮੈਂ ਐਮ.ਏ. ਅਤੇ ਉਸ ਉਪਰੰਤ ਐਲ.ਐਲ.ਬੀ. ਕਰਨ 'ਚ ਸਫ਼ਲ ਹੋਇਆ।

ਮੈਨੂੰ ਯਾਦ ਹੈ ਜਦ ਦੇਸ਼ ਭਗਤ ਯਾਦਗਾਰ ਹਾਲ ਦੀ ਬਹੁ-ਕੀਮਤੀ ਜ਼ਮੀਨ ਤੇ ਉਦਾਲੇ ਪੁਦਾਲੇ ਦੇ ਗਵਾਂਢੀ ਆਪਣਾ ਕਬਜ਼ਾ ਜਮਾਉਣ ਦੀ ਕੋਸ਼ਿਸ਼ ਕਰਦੇ ਤਾਂ ਉਹ ਸਾਨੂੰ ਪਰੇਰਦੇ ਕਿ ਜਿਹੜੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋ ਗਏ, ਉਨ੍ਹਾਂ ਦੀ ਯਾਦਗਾਰ ਨੂੰ ਬਚਾਉਣਾ ਵੀ ਦੇਸ਼ ਭਗਤੀ ਹੈ। ਮੈਂ ਤੇ ਦੂਨੀ ਚੰਦ (ਇਹ ਨਾਮ ਉਸਨੂੰ ਬਾਬਾ ਜੀ ਨੇ ਦਿੱਤਾ ਸੀ, ਉਸ ਮੱਧ ਪਰਦੇਸ਼ ਦੇ ਮਜ਼ਦੂਰ ਦਾ ਨਾਮ ਤਾਂ ਧਨਪਤ ਸਹਾਇ ਸੀ ਪਰ ਬਾਬਾ ਭਗਤ ਸਿੰਘ ਬਿਲਗਾ ਜੀ ਨੇ ਉਸਦੇ ਨਾਮ ਦਾ ਪੰਜਾਬੀ ਕਰਨ ਕਰਕੇ ਦੂਨੀ ਚੰਦ ਕਰ ਦਿੱਤਾ ਤੇ ਉਸਦੀ ਪਤਨੀ ਦਾ ਨਾਂ ਵੀ ਬਾਬਾ ਜੀ ਨੇ ਬਸੰਤੀ ਰੱਖ ਦਿੱਤਾ।) ਇਸ ਦੇਸ਼ ਭਗਤੀ ਲਈ ਬਾਬਾ ਜੀ ਦੇ ਘਰ ਦੇ ਸੈਨਿਕ ਸਾਂ। ਇਸੇ ਤਰ੍ਹਾਂ ਪੰਜਾਬ ਦੇ ਸੰਕਟ ਸਮੇਂ ਜਦ ਬਾਬਾ ਜੀ ਆਪਣੇ ਧਰਮ ਨਿਰਪੱਖ ਵਿਚਾਰਾਂ ਕਾਰਨ 'ਹਿੱਟ ਲਿਸਟ' 'ਤੇ ਸਨ ਤਾਂ ਉਹ ਸਾਨੂੰ ਅਕਸਰ ਕਹਿੰਦੇ ਪੁੱਤਰੋ ਮੈਂ ਤਾਂ ਖਾ-ਖੱਟ ਲਿਆ ਪਰ ਤੁਹਾਡੀ ਵਡੇਰੀ ਜ਼ਿੰਮੇਵਾਰੀ ਹੈ ਤੁਹਾਡੀ ਬਹੁਤ ਲੋੜ ਹੈ, ਮੇਰੇ ਲਾਗੇ ਨਾ ਆਇਆ ਕਰੋ, ਕਿਤੇ ਮੇਰੇ ਨਾਲ ਹੀ ਨਾ ਮਾਰੇ ਜਾਇਓ, ਪਰ ਉਨ੍ਹਾਂ ਦੇ ਸਿਹਤਮੰਦ ਵਿਚਾਰਾਂ ਦਾ ਅਸਰ ਸੀ ਕਿ ਅਸੀਂ ਉਨ੍ਹਾਂ ਦੇ ਅੰਗ ਸੰਗ ਹੀ ਰਹਿੰਦੇ ਅਤੇ ਸੋਚਦੇ ਜੇ ਐੱਨੇ ਮਹਾਨ ਆਦਮੀ ਨੂੰ ਕੋਈ ਸਾਡੇ ਹੁੰਦਿਆਂ ਮਾਰ ਗਿਆ ਤਾਂ ਅਸੀਂ ਆਮ ਆਦਮੀ ਦੀ ਜੂਨ ਜਿਊ ਕੇ ਕੀ ਖੱਟ ਲਵਾਂਗੇ? ਜੇ ਇਨ੍ਹਾਂ ਦੇ ਨਾਲ ਮਾਰੇ ਗਏ ਤਾਂ ਲੋਕ ਸਾਨੂੰ ਵੀ ਪਿਆਰ ਦੀ ਨਜ਼ਰ ਨਾਲ ਦੇਖਣਗੇ।

ਹੁਣ ਮੈਂ ਬਾਬਾ ਜੀ ਦੇ ਦੂਸਰੇ ਅੱਧ ਭਾਵ ਉਨ੍ਹਾਂ ਦੀ ਅਰਧਾਂਗਣੀ ਮਾਤਾ ਚੰਨਣ ਕੌਰ ਦੀ ਗੱਲ ਨਾਲ ਬਿਲਗੇ ਦੇ ਇਤਿਹਾਸ ਦੀ ਇੱਕ ਬਹਾਦਰ, ਜਾਗਰੂਕ ਤੇ ਅਗਾਂਹਵਧੂ ਔਰਤ ਦੀ ਗੱਲ ਕਰਾਂਗਾ, ਜਿਸ ਨੇ ਆਪਣੇ ਪਤੀ ਨੂੰ ਦੇਸ਼ ਭਗਤੀ ਦੇ ਵਡੇਰੇ ਕਾਰਜ ਲਈ ਛੁੱਟੀ ਦੇ ਕੇ ਆਪ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਵੀ ਸੰਭਾਲੀਆਂ ਤੇ ਆਪਣੇ ਦੇਸ਼ ਭਗਤ ਅਗਾਂਹ ਵਧੂ ਪਤੀ ਦੀ ਪ੍ਰਗਤੀਸ਼ੀਲ ਵਿਚਾਰਧਾਰਾ 'ਤੇ ਪਹਿਰਾ ਵੀ ਦਿੱਤਾ। ਮੇਰੇ ਸੀਨੀਅਰ ਸਹਿ ਕਰਮੀ ਐਡਵੋਕੇਟ ਰਾਮਪਾਲ ਸਿੰਘ ਗਿੱਲ (ਥੰਮਣਵਾਲ) ਦੱਸਦੇ ਹਨ ਕਿ ਜਦ ਜਾਤੀ ਵਿਤਕਰੇ ਤੇ ਛੂਤ ਛਾਤ ਦੀ ਲਾਹਨਤ ਦਾ ਬੋਲਬਾਲਾ ਸੀ ਤਾਂ ਉਨ੍ਹਾਂ ਦੇ ਬਾਪ ਸ. ਅਜੀਤ ਸਿੰਘ ਐਡਵੋਕੇਟ ਨੇ ਸਿੱਖੀ ਅਤੇ ਆਧੁਨਿਕ ਚੇਤਨਾ ਤੋਂ ਮਿਲੀ ਜਾਗਰਿਤੀ ਕਾਰਨ, ਇੱਕ ਦਲਿਤ ਨੂੰ ਆਪਣੇ ਖੂਹ ਤੋਂ ਪਾਣੀ ਲੈਣ ਦੀ ਖੁੱਲ੍ਹ ਦੇ ਦਿੱਤੀ। ਇਸ 'ਤੇ ਉਨ੍ਹਾਂ ਦੇ ਭਾਈਚਾਰੇ ਨੇ ਤਾਂ ਉਨ੍ਹਾਂ ਦਾ ਬਾਈਕਾਟ ਕਰਨਾ ਹੀ ਸੀ, ਉਨ੍ਹਾਂ ਦੇ ਸਕੇ ਭੈਣ ਭਰਾਵਾਂ ਨੇ ਵੀ ਉਨ੍ਹਾਂ ਦਾ ਬਾਈਕਾਟ ਕਰ ਦਿੱਤਾ। ਇਸ ਸਮਾਜਕ ਸੰਕਟ ਸਮੇਂ ਮਾਤਾ ਚੰਨਣ ਕੌਰ ਨੇ ਐਡਵੋਕੇਟ ਸ. ਅਜੀਤ ਸਿੰਘ ਥੰਮਣਵਾਲ ਨਾਲ ਆਪਣੇ ਪਤੀ ਦੇ ਭਰੱਪਣ ਨੂੰ ਧਿਆਨ 'ਚ ਰੱਖਦਿਆਂ ਖ਼ੁਦ ਦੋ ਦਿਨ ਥੰਮਣਵਾਲ ਗੁਜ਼ਾਰੇ ਅਤੇ ਸ. ਅਜੀਤ ਸਿੰਘ ਥੰਮਣਵਾਲ ਨੂੰ ਦਲੇਰੀ ਨਾਲ ਕਿਹਾ "ਭਰਾ ਜੀ ਫ਼ਿਕਰ ਨਾ ਕਰਿਓ, ਅਸੀਂ ਤੁਹਾਡੇ ਨਾਲ ਹਾਂ ਅਤੇ ਉਨ੍ਹਾਂ ਦੇ ਬਾਈਕਾਟੀਏ ਭੈਣ ਭਰਾਵਾਂ ਨੂੰ ਸਮਝਾਇਆ।

ਦੇਸ਼ ਦੀ ਵੰਡ ਸਮੇਂ ਜਦ ਮੁਸਲਮਾਨ ਭਰਾਵਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਕਤਲ ਕਰਨ ਦੇ ਇਰਾਦੇ ਨਾਲ ਹਮਲਾਵਰ ਆਏ ਤਾਂ ਮਾਤਾ ਚੰਨਣ ਕੌਰ ਬੰਦੂਕ ਲੈ ਕੇ ਖੜ੍ਹੋ ਗਈ ਤੇ ਕਾਤਲ ਟੋਲੇ ਨੂੰ ਦਬਕਾ ਮਾਰ ਕੇ ਖਦੇੜ ਦਿੱਤਾ ਅਤੇ ਨਿਰਦੋਸ਼ ਮੁਸਲਮਾਨਾਂ ਦੀਆਂ ਜਾਨਾਂ ਅਤੇ ਮੁਸਲਮਾਨ ਧੀਆਂ ਭੈਣਾਂ ਦੀਆਂ ਇੱਜ਼ਤਾਂ ਬਚਾ ਲਈਆਂ। ਮਾਤਾ ਚੰਨਣ ਕੌਰ ਜਿਸਨੂੰ ਪਤੀ ਵੱਲੋਂ, ਉਨ੍ਹਾਂ ਦੇ ਸਿਆਸੀ ਰੁਝੇਵਿਆਂ ਕਾਰਨ ਆਮ ਜੀਵਨ ਵਿੱਚ ਘੱਟ ਸਹਿਯੋਗ ਮਿਲਿਆ– ਨੇ ਪਤਨੀ ਧਰਮ ਨਿਭਾਉਣ ਵਿੱਚ ਕਦੇ ਕਸਰ ਨਹੀਂ ਰਹਿਣ ਦਿੱਤੀ। ਜੇ ਪਤੀ ਨੂੰ ਪਾਰਟੀ ਨੇ ਹੁਕਮ ਦਿੱਤਾ ਕਿ ਪਰਿਵਾਰ ਲੈ ਕੇ ਇੱਕੱਠੇ ਰਹੋ ਤਾਂ ਮਾਤਾ ਚੰਨਣ ਕੌਰ ਤਦ ਵੀ ਸਹਿਯੋਗੀ ਅਤੇ ਜੇ ਪਾਰਟੀ ਕਹੇ ਕਿ ਪਰਿਵਾਰ ਆਪਣੇ ਪਿੰਡ ਭੇਜ ਦੇਵੋ ਤਾਂ ਮਾਤਾ ਤਦ ਵੀ ਸਹਿਯੋਗੀ। ਪੰਜਾਬ ਐਂਡ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਦੇ ਲੰਮਾ ਸਮਾਂ ਪ੍ਰਧਾਨ ਰਹੇ, ਗੁਰੂ ਨਾਨਕ ਕਾਲਜ ਮੋਗਾ ਦੇ ਹਿਸਾਬ ਵਿਭਾਗ ਦੇ ਪ੍ਰਾ ਅਧਿਆਪਕ ਪ੍ਰੋ. ਸ. ਸੁਖਦੇਵ ਸਿੰਘ ਹੁੰਦਲ ਜੋ ਅਗਾਂਹਵਧੂ ਆਗੂ ਕਾ. ਸ਼ਮਸ਼ੇਰ ਸਿੰਘ ਵੇਰਕਾ (ਸੀ.ਪੀ.ਆਈ.) ਦੇ ਵੱਡੇ ਸਪੁੱਤਰ ਹਨ– ਦੱਸਦੇ ਹਨ ਕਿ ਬਾਬਾ ਬਿਲਗਾ ਜੀ ਨੂੰ ਜਦ ਪਾਰਟੀ ਨੇ ਅੰਮ੍ਰਿਤਸਰ ਆਪਣੇ ਪਰਿਵਾਰ ਸਹਿਤ ਰਹਿਣ ਦੀ ਹਦਾਇਤ ਕੀਤੀ ਤਾਂ ਮਾਤਾ ਚੰਨਣ ਕੌਰ ਵੇਰਕੇ ਦੇ ਕਾਮਰੇਡ ਬਾਬਾ ਇੰਦਰ ਸਿੰਘ ਵੇਰਕਾ ਦੇ ਪਰਿਵਾਰ ਕੋਲ ਉਨ੍ਹਾਂ ਦੇ ਘਰ ਰਹਿਣ ਲੱਗ ਪਏ। ਬਾਬਾ ਬਿਲਗਾ ਜੀ ਦੀ ਪਤਨੀ, ਵੇਰਕੇ ਨੂੰ ਆਪਣਾ ਦੂਜਾ ਪੇਕਾ ਘਰ ਕਹਿੰਦੇ ਹੁੰਦੇ ਸਨ। ਸੋ ਸਾਨੂੰ ਮਾਣ ਹੈ ਪਿੰਡ ਬਿਲਗਾ ਦੇ ਵਾਸੀ ਹੋਣ 'ਤੇ ਜਿਸਦੇ ਨਾਮ ਨੂੰ ਸਾਡੇ ਬਾਬਾ ਜੀ ਨੇ ਚਾਰ ਚੰਨ ਲਾਏ ਹਨ।

***

# ਗ਼ਦਰ ਲਹਿਰ ਦੇ ਅਣਫੋਲੇ ਵਰਕੇ: ਇਤਿਹਾਸਕ ਦਸਤਾਵੇਜ਼

-ਡਾ. ਸਰਬਜੀਤ ਸਿੰਘ

ਇਤਿਹਾਸ ਦੇ ਬਾਰੇ ਭਾਰਤੀ ਇਤਿਹਾਸਕਾਰਾਂ ਦਾ ਦ੍ਰਿਸ਼ਟੀਕੋਣ ਅੱਜ ਵੀ ਬਸਤੀਵਾਦੀ ਦ੍ਰਿਸ਼ਟੀਕੋਣ ਹੈ। ਇਹੋ ਕਾਰਨ ਹੈ ਕਿ ਭਾਰਤੀ ਇਤਿਹਾਸ ਸੰਬੰਧੀ ਅਸੀਂ ਅੱਜ ਵੀ ਅਧਿਐਨ-ਵਿਸ਼ਲੇਸ਼ਣ ਕਰਦੇ ਹੋਏ ਬਸਤੀਵਾਦੀ ਧਾਰਨਾਵਾਂ ਦੇ ਇਰਦ-ਗਿਰਦ ਹੀ ਘੁੰਮਦੇ ਰਹਿੰਦੇ ਹਾਂ। ਬਸਤੀਵਾਦੀ ਇਤਿਹਾਸਕਾਰਾਂ ਨੇ ਭਾਰਤ ਅੰਦਰ ਉੱਠੀਆਂ ਲਹਿਰਾਂ ਅਤੇ ਅੰਦੋਲਨ ਨੂੰ ਬਸਤੀਵਾਦੀ ਦ੍ਰਿਸ਼ਟੀਕੋਣ ਤੋਂ ਪ੍ਰਚਾਰ ਅਤੇ ਪ੍ਰਸਾਰ ਕੇ ਇਨ੍ਹਾਂ ਨੂੰ ਭਾਰਤ ਵਿਰੋਧੀ ਹੀ ਸਿੱਧ ਕਰ ਦਿੱਤਾ ਅਤੇ ਉਨ੍ਹਾਂ ਦਾ ਅਜਿਹਾ ਰੂਪ ਬਣਾ ਦਿੱਤਾ ਜਿਹੜਾ ਕਿ ਅਸਲ ਵਿਚ ਨਹੀਂ ਸੀ। ਮਿਸਾਲ ਦੇ ਤੌਰ 'ਤੇ 1857 ਦੇ ਵਿਦਰੋਹ ਨੂੰ ਸਿਪਾਹੀ ਯੁੱਧ, ਸਾਜ਼ਿਸ਼ ਵਰਗਾ ਨਾਂਅ ਦੇ ਕੇ ਭਾਰਤੀਆਂ ਅੰਦਰ ਜਾਗ ਰਹੇ ਬਸਤੀਵਾਦੀ ਵਿਰੋਧੀ ਚੇਤਨਾ ਨੂੰ ਨਕਾਰ ਦਿੱਤਾ। ਇਸ ਨੂੰ ਰਜਵਾੜਿਆਂ ਦੀ ਬੁਖਲਾਹਟ ਕਹਿ ਕੇ ਭਾਰਤ ਅੰਦਰ ਫਿਰਕਾਪ੍ਰਸਤੀ ਦੇ ਬੀਜ ਬੀਜ ਦਿੱਤੇ ਜਿਸ ਦੀ ਭਰਵੀਂ ਫ਼ਸਲ ਅੱਜ ਸਮੁੱਚੇ ਹਿੰਦੁਸਤਾਨ ਸਾਹਮਣੇ ਹੈ। ਇਉਂ ਹੀ ਬਰਤਾਨਵੀ ਬਸਤੀਵਾਦ ਦੇ ਵਿਰੁੱਧ ਉੱਠੀਆਂ ਲਹਿਰਾਂ ਨੂੰ 'ਸਾਜ਼ਿਸ਼ੀ ਲਹਿਰਾਂ' ਅਤੇ ਲਿਖਤਾਂ ਨੂੰ 'Seditious Literature' ਕਹਿ ਕੇ ਉਸਦੀ ਅਸਲ ਅੰਤਰ ਆਤਮਾ ਨੂੰ ਹੀ ਖ਼ਤਮ ਕਰ ਦਿੱਤਾ। ਇਉਂ ਡੇਢ ਸਦੀ ਤੋਂ ਵੱਧ ਬੀਤ ਜਾਣ ਦੇ ਬਾਵਜੂਦ ਅਸੀਂ ਆਪਣੇ ਇਸ ਇਤਿਹਾਸਕ ਸਮੇਂ ਦਾ ਅਜੇ ਵਿਗਿਆਨਕ, ਬਾਹਰਮੁਖੀ ਅਤੇ ਭਾਰਤੀ ਇਤਿਹਾਸਕ ਪਰਿਸਥਿਤੀਆਂ ਅਨੁਸਾਰ ਅਧਿਐਨ-ਵਿਸ਼ਲੇਸ਼ਣ ਹੀ ਨਹੀਂ ਕੀਤਾ। ਭਾਰਤੀ ਇਤਿਹਾਸਕਾਰਾਂ ਦੀ ਵੱਡੀ ਗਿਣਤੀ ਬਸਤੀਵਾਦੀਆਂ ਦੀ ਕਾਲ ਵੰਡ ਦਾ ਵੀ ਇਤਿਹਾਸਕ ਵਿਸ਼ਲੇਸ਼ਣ ਨਹੀਂ ਕਰ ਸਕੀ। ਜੋ ਕੁਝ ਬਸਤੀਵਾਦੀ ਇਤਿਹਾਸਕਾਰਾਂ ਨੇ ਸਥਾਪਿਤ ਕਰ ਦਿੱਤਾ। ਉਸ ਅਨੁਸਾਰ ਹੀ ਅਸੀਂ ਆਪਣੀ ਇਤਿਹਾਸਕ ਵਿਰਾਸਤ ਅਤੇ ਸਾਹਿਤਕ ਵਿਰਸੇ ਦਾ ਅਧਿਐਨ-ਵਿਸ਼ਲੇਸ਼ਣ ਕਰਨ ਵਿਚ ਹੀ ਮੋਹਿਤ ਹਾਂ। ਬਰਤਾਨਵੀ ਬਸਤੀਵਾਦ ਨੇ ਭਾਰਤੀ ਇਤਿਹਾਸ ਦੀ ਕਾਲ ਵੰਡ ਇਉਂ ਕੀਤੀ ਕਿ ਪ੍ਰਾਚੀਨ ਕਾਲ (ਭਾਰਤੀ ਹਿੰਦੂ ਸਲਤਨਤ ਤੱਕ) ਮੱਧਕਾਲ (ਮੁਸਲਿਮ ਅਤੇ ਮੁਗਲ ਰਾਜ ਤੱਕ) ਆਧੁਨਿਕ ਕਾਲ (ਬਰਤਾਨਵੀ ਬਸਤੀਵਾਦ ਦਾ ਦੌਰ)। ਇਹ ਵੰਡ ਗ਼ੈਰ-ਵਿਗਿਆਨਕ ਹੀ ਨਹੀਂ ਅਣਇਤਿਹਾਸਕ ਵੀ ਹੈ। ਪ੍ਰਸਿੱਧ ਇਤਿਹਾਸਕਾਰਾਂ ਰੋਮੀਲਾ ਥਾਪਰ ਨੇ ਆਪਣੀ ਪੁਸਤਕ 'ਪ੍ਰਾਚੀਨ ਭਾਰਤ: ਮੁੱਢ ਤੋਂ 1300 ਈਸਵੀ ਤੱਕ' ਵਿਚ ਅਜਿਹੇ ਗੰਭੀਰ ਪ੍ਰਸ਼ਨ ਉਠਾ ਕੇ ਬਸਤੀਵਾਦੀ ਇਤਿਹਾਸਕਾਰਾਂ ਦੀ ਇਤਿਹਾਸਕ ਸਮਝ, ਇਤਿਹਾਸਕ ਮਾਡਲ ਅਤੇ ਇਤਿਹਾਸਕ ਦ੍ਰਿਸ਼ਟੀ ਦਾ ਨਿਖੇਧ ਕਰਕੇ ਪੂਰਬਵਾਦੀ ਦ੍ਰਿਸ਼ਟੀ ਨੂੰ

ਅਪਣਾਉਣ ਦੀ ਵਕਾਲਤ ਹੀ ਨਹੀਂ ਕੀਤੀ ਸਗੋਂ ਉਨ੍ਹਾਂ ਮਿੱਥਾਂ ਦਾ ਭੰਜਨ ਵੀ ਕੀਤਾ ਹੈ ਜੋ ਬਸਤੀਵਾਦੀਆਂ ਨੇ ਭਾਰਤੀ ਸਮਾਜ, ਰਾਜਨੀਤੀ, ਸਭਿਆਚਾਰ ਅਤੇ ਇਤਿਹਾਸ ਪ੍ਰਤੀ ਆਪਣੇ ਸਾਮਰਾਜ ਨੂੰ ਯੋਗ, ਜਾਇਜ਼ ਅਤੇ ਤਰਕਪੂਰਨ ਸਿੱਧ ਕਰਨ ਲਈ ਸਥਾਪਿਤ ਕਰ ਦਿੱਤੀਆਂ ਹਨ।

ਉਪਰੋਕਤ ਸੰਦਰਭ ਵਿਚ ਹੀ ਵਿਸ਼ੇਸ਼ ਤੌਰ 'ਤੇ ਪੰਜਾਬੀਆਂ ਨਾਲ ਸੰਬੰਧਿਤ ਕ੍ਰਾਂਤੀਕਾਰੀ ਲਹਿਰ 'ਗ਼ਦਰ ਲਹਿਰ' ਸੰਬੰਧੀ ਵੀ ਚਰਚਾ ਕੀਤੀ ਜਾ ਸਕਦੀ ਹੈ। ਵੱਡੀ ਗਿਣਤੀ ਵਿਚ ਪ੍ਰਗਤੀਵਾਦੀ ਇਤਿਹਾਸਕਾਰਾਂ ਨੇ ਜਿਨ੍ਹਾਂ ਵਿਚ ਸੁਮਿਤ ਸਰਕਾਰ, ਬਿਪਨ ਚੰਦਰ, ਈ.ਐਮ.ਐਸ. ਨਬੂੰਦਰੀ ਪਾਦ ਵਰਗੇ ਚਿੰਤਕਾਂ ਨੇ ਵੀ ਗ਼ਦਰ ਲਹਿਰ ਨੂੰ 'ਖਾੜਕੂ ਰਾਸ਼ਟਰਵਾਦ' (Militant Nationalism) ਤੇ ਤਹਿਤ ਹੀ ਸੰਬਧਿਤ ਚਰਚਾ ਅਧੀਨ ਲਿਆਂਦਾ। ਗ਼ਦਰ ਲਹਿਰ ਨੂੰ ਉਸਦੇ ਇਤਿਹਾਸਕ ਸਰੋਤ, ਇਤਿਹਾਸਕ ਪਰਿਪੇਖ, ਵਿਚਾਰਧਾਰਕ ਸਾਰ-ਅੰਸ਼, ਰਾਜਨੀਤਕ ਦ੍ਰਿਸ਼ਟੀ ਤੋਂ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦਾ ਵੱਡਾ ਕਾਰਨ ਇਹ ਸੀ ਕਿ ਇਹ ਲਹਿਰ ਆਪਣੇ 'ਸੋਚੇ ਹੋਏ ਮਕਸਦ' ਵਿਚ ਸਫ਼ਲ ਨਾ ਹੋ ਸਕੀ। ਆਮ ਸੂਝ ਮੁਤਾਬਕ ਹੀ ਅਸਫ਼ਲ ਲਹਿਰਾਂ ਦਾ ਇਤਿਹਾਸ ਵੀ ਮਹੱਤਵਹੀਣ ਹੋ ਜਾਂਦਾ ਹੈ। ਪਰੰਤੂ ਉਸ ਲਹਿਰ ਦਾ ਬਿਨਾਂ ਵਿਸ਼ਲੇਸ਼ਣ ਕੀਤਿਆਂ ਹੀ ਉਸਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ। ਦੂਸਰਾ, ਇਸ ਲਹਿਰ ਦੇ ਦਸਤਾਵੇਜ਼ਾਂ ਅਤੇ ਸਰਗਰਮੀਆਂ ਦੀ ਪੂਰਨ ਤਫ਼ਸੀਲ ਦਾ ਨਾ ਮਿਲਣਾ ਵੀ ਹੈ। ਤੀਸਰਾ, ਜਿੰਨਾ ਵੀ ਕੰਮ ਹੋਇਆ, ਉਹ ਸਿਰਫ਼ ਪੰਜਾਬੀ ਭਾਸ਼ਾ 'ਚ ਹੋਣ ਕਰਕੇ ਗ਼ੈਰ ਪੰਜਾਬੀ ਭਾਸ਼ਾਈ ਲੋਕਾਂ ਦੀ ਪਹੁੰਚ ਤੋਂ ਬਾਹਰ ਰਹਿ ਜਾਣਾ ਵੀ ਹੈ। ਚੌਥਾ ਬਸਤੀਵਾਦੀ ਦ੍ਰਿਸ਼ਟੀਕੋਣ ਨੇ ਰਾਜਨੀਤਕ ਚੇਤਨਾ ਦੇ ਵਿਕਾਸ ਨੂੰ ਕ੍ਰਾਂਤੀਕਾਰੀ ਬਣਨ ਦੀ ਥਾਵੇਂ 'ਰਾਜਸੀ ਸਾਜ਼ਿਸ਼' ਅਤੇ 'ਛੜਯੰਤਰ' ਕਹਿ ਕੇ ਬਦਨਾਮ ਕਰ ਦਿੱਤਾ। ਇਨ੍ਹਾਂ ਕਾਰਨਾਂ ਕਰਕੇ ਪੰਜਾਬੀ ਮਨੁੱਖ ਦੀ ਰਾਜਨੀਤਕ ਚੇਤਨਾ ਦਾ ਵਿਕਾਸ ਹਾਸ਼ੀਏ ਉੱਤੇ ਸੁੱਟ ਦਿੱਤਾ ਗਿਆ।

'ਗ਼ਦਰ ਲਹਿਰ' ਬੁਨਿਆਦੀ ਤੌਰ 'ਤੇ ਪੰਜਾਬੀ ਮਨੁੱਖ ਦੀ ਬਾਲਗ-ਬੁੱਧ ਹੋ ਰਹੀ ਰਾਜਸੀ ਚੇਤਨਾ ਦਾ ਵਾਹਕ ਸੀ। 1849 ਦੇ ਪੰਜਾਬ ਮਿਲਾਵੇ (Annexation) ਤੋਂ ਬਾਅਦ ਸਮੁੱਚਾ ਭਾਰਤ ਬਰਤਾਨਵੀ ਬਸਤੀਵਾਦ ਦੀ ਗ੍ਰਿਫ਼ਤ ਵਿਚ ਆ ਗਿਆ। 1857 ਦੇ ਵਿਦਰੋਹ ਸਮੇਂ ਬਰਤਾਨਵੀ ਸਾਮਰਾਜ ਇਕ ਦਫ਼ਾ ਤਾਂ ਬੁਖਲਾ ਗਿਆ। ਇਸ ਬੁਖਲਾਹਟ ਵਿਚੋਂ ਜੋ ਅਤਿਆਚਾਰ, ਦਹਿਸ਼ਤ, ਖੌਫ਼, ਵਹਿਸ਼ਤ ਅਤੇ ਮੌਤ ਦਾ ਤਾਂਡਵ ਉਸਨੇ ਨਚਾਇਆ, ਉਹਨੇ ਭਾਰਤੀਆਂ ਦੇ ਮਨ ਅੰਦਰ ਭਿਆਨਕ ਦਹਿਸ਼ਤ ਅਤੇ ਖੌਫ਼ ਪੈਦਾ ਕਰ ਦਿੱਤਾ। ਲੱਖਾਂ ਦੀ ਗਿਣਤੀ ਵਿਚ ਨਿਰਦੋਸ਼ੇ ਭਾਰਤੀਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। 1859 ਵਿਚ ਜਦੋਂ ਬਰਤਾਨਵੀ ਬਸਤੀਵਾਦੀ ਮੁੜ ਪੈਰ-ਸਿਰ ਹੋਇਆ ਤਾਂ ਈਸਟ ਇੰਡੀਆ ਕੰਪਨੀ ਦਾ ਰਾਜ ਖ਼ਤਮ ਕਰਕੇ ਭਾਰਤ ਨੂੰ ਸਿੱਧਾ ਇੰਗਲੈਂਡ ਦੀ ਮਹਾਰਾਣੀ ਅਧੀਨ ਕਰਕੇ ਭਾਰਤੀ ਪ੍ਰਬੰਧ ਦੀ ਪੁਨਰ-ਸਿਰਜਣਾ ਕੀਤੀ। ਇਸ ਪੁਨਰ-ਸਿਰਜਣਾ ਵਿਚ ਭਾਰਤ ਦੇ ਸਮੁੱਚੇ ਸਰੋਤਾਂ ਦੀ ਬੇਤਹਾਸ਼ਾ ਲੁੱਟ ਕੀਤੀ ਕਿ ਜਿਸ ਲੁੱਟ ਨੇ ਭਾਰਤੀਆਂ ਨੂੰ ਹੋਰਨਾਂ ਧਰਤੀਆਂ ਉੱਪਰ ਰੁਜ਼ਗਾਰ ਅਤੇ ਉਪਜੀਵਕਾ ਲੱਭਣ ਲਈ ਮਜ਼ਬੂਰ ਕੀਤਾ। ਇਸ ਵਰਤਾਰੇ ਵਿਚੋਂ ਚੇਤਨਾ ਦੀਆਂ ਦੋ ਪ੍ਰਵਿਰਤੀਆਂ ਉਦੈ ਹੁੰਦੀਆਂ ਹਨ। ਇਕ ਪ੍ਰਵਿਰਤੀ ਤਾਂ ਨਿਹਾਇਤ ਧਾਰਮਕ ਦ੍ਰਿਸ਼ਟੀ ਰਾਹੀਂ ਆਪਣੀ-ਆਪਣੀ ਸਮਾਜਕ

ਪਰੰਪਰਾ ਅਤੇ ਸਭਿਆਚਾਰਕ ਵਿਰਾਸਤ ਨੂੰ ਪਛਾਣ ਦੇ ਰੂਪ ਵਿਚ ਬਚਾਉਣ ਲਈ ਅਗਰਸਰ ਹੁੰਦੀ ਹੈ। ਆਰੀਆ ਸਮਾਜ, ਬ੍ਰਹਮੋ ਸਮਾਜ, ਸਿੰਘ ਸਭਾ ਲਹਿਰ, ਅਹਿਮਦੀਆ ਲਹਿਰ ਆਦਿਕ ਸਮਾਜਕ-ਧਾਰਮਿਕ-ਸੁਧਾਰਕ ਲਹਿਰਾਂ ਆਪਸੀ ਵਿਰੋਧ ਵਿਚ ਵਧੇਰੇ ਖਹਿੰਦੀਆਂ ਹਨ। ਇਹ ਸਮਾਜਕ-ਧਾਰਮਿਕ ਸਹਿਹੋਂਦ ਦਾ ਮਸਲਾ ਨਹੀਂ ਸਗੋਂ ਉਲਟੇ ਰੁਖ਼ ਧਾਰਮਿਕ ਵਿਰੋਧਤਾ ਦਾ ਹੈ ਜੋ ਆਪੋ ਆਪਣੇ ਧਰਮ ਨੂੰ ਸ਼ਕਤੀਸ਼ਾਲੀ ਬਣਾਉਣ ਤੱਕ ਸੀਮਤ ਹੈ। ਪਰੰਤੂ ਦੁਖਾਂਤ ਇਹ ਹੈ ਕਿ ਇਸ ਧਾਰਮਿਕ ਪ੍ਰਵਿਰਤੀ ਨੂੰ ਬਸਤੀਵਾਦੀ ਦ੍ਰਿਸ਼ਟੀਕੋਣ ਨੇ ਮੁੱਖ ਧਾਰਾ ਦੀ ਪ੍ਰਵਿਰਤੀ ਬਣਾ ਕੇ ਸਥਾਪਿਤ ਕਰ ਦਿੱਤਾ। ਦੂਸਰੀ ਪ੍ਰਵਿਰਤੀ ਰਾਜਸੀ ਪ੍ਰਵਿਰਤੀ ਹੈ। ਭਾਰਤ ਅੰਦਰ 1885 'ਚ ਬਣਨ ਵਾਲੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਬਾਵਜੂਦ ਪੰਜਾਬ ਵਿਚ ਚੱਲਣ ਵਾਲੀ ਪਹਿਲੀ ਲਹਿਰ 'ਪਗੜੀ ਸੰਭਾਲ ਜੱਟਾ' ਰਾਜਨੀਤਕ-ਆਰਥਿਕ ਲਹਿਰ ਹੈ। ਇਸ ਲਹਿਰ ਦਾ ਪੰਜਾਬ ਦੀ ਰਾਜਸੀ ਚੇਤਨਾ ਵਿਚ ਅਹਿਮ ਰੋਲ ਹੈ ਜਿਹੜਾ ਪੰਜਾਬੀਆਂ ਦੀ ਸਮਾਜਕ ਚੇਤਨਾ ਵਿਚ ਇਤਿਹਾਸਕ ਅਤੇ ਫ਼ੈਸਲਾਕੁੰਨ ਹੈ। ਇਸ ਦੀ ਪ੍ਰਪੱਕਤਾ ਗ਼ਦਰ ਲਹਿਰ ਵਿਚ ਜਾ ਕੇ ਸਾਹਮਣੇ ਆਉਂਦੀ ਹੈ। ਜਿਸਨੂੰ ਭਾਰਤੀ ਇਤਿਹਾਸ ਵਿਚ ਤਾਂ ਹਾਸ਼ੀਏ 'ਤੇ ਸੁੱਟਿਆ ਹੀ ਹੈ ਪਰੰਤੂ ਪੰਜਾਬ ਦੇ ਰਾਜਨੀਤਕ ਇਤਿਹਾਸ ਵਿਚ ਵੀ ਇਸ ਨੂੰ ਨਿਗੂਣੀ ਥਾਂ ਦਿੱਤੀ ਗਈ ਹੈ। ਇਸ ਗ਼ੈਰਮਹੱਤਵ ਸਥਿਤੀ ਕਰਕੇ ਗ਼ਦਰ ਲਹਿਰ ਸਮੇਂ ਰਚੀ ਗਈ ਇਤਿਹਾਸਕ ਮਹੱਤਤਾ ਵਾਲੀ ਮੁੱਢਲੀ ਆਧੁਨਿਕ ਨਕਸ਼ਾਂ ਵਾਲੀ ਕਵਿਤਾ ਨੂੰ ਸਟੇਜੀ ਕਵਿਤਾ ਕਹਿ ਕੇ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚੋਂ ਹੀ ਖਾਰਜ ਕਰ ਦਿੱਤਾ ਗਿਆ ਹੈ।

ਗ਼ਦਰ ਲਹਿਰ ਸੰਬੰਧੀ ਇਤਿਹਾਸਕ ਅਤੇ ਸਾਹਿਤਕ ਕੰਮ ਵੀ ਗ਼ਦਰੀ ਬਾਬਿਆਂ ਨੂੰ ਹੀ ਕਰਨਾ ਪਿਆ। ਗੁਰਚਰਨ ਸਿੰਘ ਸੈਂਸਰਾ ਦੀ ਗ਼ਦਰ ਲਹਿਰ ਬਾਰੇ ਲਿਖੀ ਪਹਿਲੀ ਪੁਸਤਕ 'ਗ਼ਦਰ ਪਾਰਟੀ ਦਾ ਇਤਿਹਾਸ' ਤੱਥਗਤ ਵੇਰਵਿਆਂ ਵਾਲੀ ਪਹਿਲੀ ਇਤਿਹਾਸਕ ਪੁਸਤਕ ਹੈ। ਉਸ ਉਪਰੰਤ ਸੋਹਨ ਸਿੰਘ ਜੋਸ਼ ਦੀ ਪੁਸਤਕ 'ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ' ਬਹੁਤ ਮੁੱਲਵਾਨ ਰਚਨਾ ਹੈ। ਇਸ ਲੜੀ ਤਹਿਤ ਤੀਸਰੀ ਮਹੱਤਵਪੂਰਨ ਪੁਸਤਕ ਭਗਤ ਸਿੰਘ ਬਿਲਗਾ ਦੀ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਹੈ। ਇਸ ਪੁਸਤਕ ਦਾ ਵਡੇਰਾ ਮਹੱਤਵ ਦੋ ਪਹਿਲੂਆਂ ਵਿਚ ਵਿਸ਼ੇਸ਼ ਤੌਰ 'ਤੇ ਸਾਬਿਤ ਹੈ। ਪਹਿਲਾ ਇਹ ਕਿ ਭਗਤ ਸਿੰਘ ਬਿਲਗਾ ਜੋ ਖ਼ੁਦ ਗ਼ਦਰ ਲਹਿਰ ਨਾਲ ਸਬੰਧਤ ਸੀ ਉਸਨੇ ਇਸ ਲਹਿਰ ਦੀ ਜਥੇਬੰਦੀ, ਕਾਰਜ ਆਦਿ ਨੂੰ ਉਭਾਰ ਕੇ ਸਾਹਮਣੇ ਲਿਆਂਦਾ ਹੈ। ਸ. ਅਜੀਤ ਸਿੰਘ ਦੇ ਜਲਾਵਤਨੀ ਦੇ ਦਿਨ ਅਤੇ ਉਸਦੀ ਕਾਰਜ ਕੁਸ਼ਲਤਾ ਦਾ ਜ਼ਿਕਰ ਬਹੁਤ ਮਹੱਤਵਪੂਰਨ ਹੈ। ਦੂਸਰਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਬਾਬਾ ਬਿਲਗਾ ਨੇ ਗ਼ਦਰ ਲਹਿਰ ਨੂੰ ਇਕ ਇਤਿਹਾਸਕ ਪ੍ਰਕਿਰਿਆ ਵਿਚ ਅਤੇ ਵਿਚਾਰਧਾਰਕ ਵਿਕਾਸ ਵਿਚ ਦੇਖਿਆ ਹੈ ਜਿਹੜਾ ਕਿ ਪਹਿਲਾਂ ਹੋਰਨਾਂ ਪੁਸਤਕਾਂ ਵਿਚ ਬਹੁਤਾ ਨਿੱਖਰ ਕੇ ਸਾਹਮਣੇ ਨਹੀਂ ਆਇਆ ਸੀ। ਗ਼ਦਰ ਲਹਿਰ ਨੂੰ ਸਿਰਫ਼ 1914-15 ਦੇ ਇਤਿਹਾਸਕ ਬਿੰਦੂ ਤੇ ਟਿਕਾਉਣ ਵਾਲੇ ਇਤਿਹਾਸਕਾਰ ਇਸ ਨੂੰ ਮਹਿਜ਼ ਇਕ ਘਟਨਾ ਵਜੋਂ ਸਥਾਪਿਤ ਕਰਕੇ ਇਸ ਦੇ ਅਸਫ਼ਲ ਹੋਣ ਦੀ ਚਰਚਾ ਤੱਕ ਸੀਮਤ ਰਹਿੰਦੇ ਹਨ। ਪਰੰਤੂ ਭਗਤ ਸਿੰਘ ਬਿਲਗਾ ਆਪਣੀ ਪੁਸਤਕ ਵਿਚ ਗ਼ਦਰ ਲਹਿਰ ਦੇ ਵਿਚਾਰਧਾਰਕ ਵਿਕਾਸ ਵਿਚ ਉਸ ਸਿਆਸਤ ਦੇ ਤਿੱਖੇ ਮੋੜ ਨੂੰ ਅੰਕਿਤ ਕਰਦਾ ਹੈ ਜਿਹੜਾ ਬਾਅਦ ਵਿਚ ਕਮਿਊਨਿਜ਼ਮ ਦੀ ਵਿਚਾਰਧਾਰਾ ਨੂੰ

ਪ੍ਰਣਾਇਆ ਜਾਂਦਾ ਹੈ। ਇਉਂ ਗ਼ਦਰ ਲਹਿਰ ਰੂਸੀ ਇਨਕਲਾਬ ਦੇ ਪ੍ਰਭਾਵ ਅਧੀਨ ਕਮਿਊਨਿਸਟ ਲਹਿਰ ਵਿਚ ਪ੍ਰਵਰਤਿਤ ਹੋ ਜਾਂਦੀ ਹੈ। ਭਗਤ ਸਿੰਘ ਬਿਲਗਾ ਦੀ ਇਹ ਇਤਿਹਾਸਕਾਰੀ ਹੀ ਗ਼ਦਰ ਲਹਿਰ ਨੂੰ ਇਕ ਕ੍ਰਾਂਤੀਕਾਰੀ ਅਤੇ ਸਮਾਜਵਾਦੀ ਲਹਿਰ ਸਿੱਧ ਕਰਦੀ ਹੈ। ਇਹ ਮਹਿਜ਼ ਸੌਖੀ ਜਿਹੀ ਗੱਲ ਨਹੀਂ ਸਗੋਂ ਅਤਿ ਮਹੱਤਵਪੂਰਨ ਹੈ ਕਿਉਂਕਿ ਗ਼ਦਰ ਲਹਿਰ ਇਹ ਨਿਸ਼ਚਿਤ ਕਰਨ ਵਿਚ ਸਫ਼ਲ ਹੁੰਦੀ ਹੈ ਕਿ ਜਿਸ ਮਕਸਦ ਨੂੰ ਲੈ ਕੇ ਗ਼ਦਰ ਲਹਿਰ ਸੰਗਠਿਤ ਕੀਤੀ ਗਈ ਸੀ ਉਸ ਲਹਿਰ ਦੇ ਵਿਚਾਰਧਾਰਕ ਸੁਪਨੇ ਦੀ ਸਾਕਾਰਤਾ ਸਮਾਜਵਾਦੀ ਸਿਧਾਂਤ ਅੰਦਰ ਹੀ ਨਿਹਿਤ ਹੈ। ਦੂਸਰਾ, ਗ਼ਦਰ ਲਹਿਰ ਨੂੰ ਇਹ ਸਮਝ ਪੈਂਦੀ ਹੈ ਬਰਤਾਨਵੀ ਬਸਤੀਵਾਦ ਦੇ ਖ਼ਾਤਮੇ ਉਪਰੰਤ ਕਿਸ ਕਿਸਮ ਦੇ ਨਿਜ਼ਾਮ ਦੀ ਉਸਾਰੀ ਕਰਨੀ ਹੈ। ਤੀਸਰਾ ਗ਼ਦਰ ਲਹਿਰ ਨੂੰ ਇਹ ਵਿਚਾਰਧਾਰਕ ਸੂਤਰ ਦੀ ਸਮਝ ਪੈਂਦੀ ਹੈ ਕਿ ਫੌਜੀ ਵਿਦਰੋਹ ਰਾਹੀਂ 1857 ਵਰਗਾ ਵਿਦਰੋਹ ਕਰਨ ਨਾਲ ਮਸਲੇ ਹੱਲ ਨਹੀਂ ਹੋਣੇ, ਸਗੋਂ ਮਜ਼ਦੂਰ ਤੇ ਕਿਸਾਨ ਨੂੰ ਜਥੇਬੰਦ ਕਰਕੇ ਕ੍ਰਾਂਤੀ ਲਿਆਂਦੀ ਜਾ ਸਕਦੀ ਹੈ। ਇਉਂ ਭਗਤ ਸਿੰਘ ਬਿਲਗਾ ਗ਼ਦਰ ਲਹਿਰ ਨੂੰ 'ਵਿਦਰੋਹ ਤੋਂ ਕ੍ਰਾਂਤੀ' ਦੇ ਸਫ਼ਰ ਵੱਲ ਅੰਕਿਤ ਕਰਕੇ ਇਸ ਨੂੰ ਘਟਨਾ ਤੋਂ ਪ੍ਰਕਿਰਿਆ ਵਿਚ ਰੂਪਾਂਤਰਿਤ ਕਰ ਦਿੰਦਾ ਹੈ ਅਤੇ ਉਨ੍ਹਾਂ ਸਭ ਵਿਚਾਰਧਾਰਕ ਛੜਯੰਤਰਾਂ ਦਾ ਨਿਖੇਧ ਕਰ ਦਿੰਦਾ ਹੈ ਜੋ ਹੁਣੇ-ਹੁਣੇ ਉੱਠੇ ਹਨ ਕਿ ਗ਼ਦਰੀ ਬਾਬੇ ਸਿੱਖ ਸਨ ਤੇ ਉਹ ਪੰਜਾਬ ਵਿਚ ਕਿਸੇ ਫਿਊਡਲ ਰਾਜ ਦੀ ਪੁਨਰ-ਸਥਾਪਨਾ ਲਈ ਧਰਮ-ਯੁੱਧ ਮੋਰਚਾ ਲੜ ਰਹੇ ਸਨ।

ਭਗਤ ਸਿੰਘ ਬਿਲਗਾ ਦੀ ਪੁਸਤਕ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਵਿਚ ਮਹੱਤਵਪੂਰਨ ਤੱਥ ਅਤੇ ਘਟਨਾਵਾਂ ਦਾ ਜ਼ਿਕਰ ਭਾਵਪੂਰਤ ਰੂਪ ਵਿਚ ਪ੍ਰਾਪਤ ਹੁੰਦਾ ਹੈ। ਉਸਦਾ ਮਾਰਮਿਕ ਇਕ ਕਾਰਨ ਇਹ ਵੀ ਹੈ ਕਿ ਬਹੁਤ ਸਾਰੀਆਂ ਘਟਨਾਵਾਂ ਦਾ ਬਾਬਾ ਬਿਲਗਾ ਚਸ਼ਮਦੀਦ ਗਵਾਹ ਹੀ ਨਹੀਂ ਸਗੋਂ ਉਨ੍ਹਾਂ ਘਟਨਾਵਾਂ ਦਾ ਇਕ ਜਿਉਂਦਾ ਜਾਗਦਾ ਪਾਤਰ ਹੈ। 1930 ਤੋਂ ਬਾਅਦ ਦੀਆਂ ਅਹਿਮ ਘਟਨਾਵਾਂ ਜਿਨ੍ਹਾਂ ਵਿਚ ਤੇਜਾ ਸਿੰਘ ਸੁਤੰਤਰ ਦਾ ਅਮਰੀਕਾ ਅਤੇ ਹੋਰਨਾਂ ਮੁਲਕਾਂ ਵਿਚ ਜਾਣਾ, ਕਮਿਊਨਿਸਟਾਂ ਦਾ ਕਾਂਗਰਸ ਅੰਦਰ ਰਹਿ ਕੇ ਕੰਮ, ਭਾਰਤੀ ਨੌਜਵਾਨਾਂ ਨੂੰ ਮਾਸਕੋ ਵਿਚ ਪੜ੍ਹਨ ਲਈ ਭੇਜਣਾ, ਬਾਬਾ ਗੁਰਮੁਖ ਸਿੰਘ ਲਲਤੋਂ ਦਾ ਕਾਬਲ ਸੈਂਟਰ ਸਥਾਪਿਤ ਕਰਨਾ, ਕਿਰਤੀ ਅਖ਼ਬਾਰ ਲਈ ਜੱਦੋ ਜਹਿਦ, 1936-37 ਦੀਆਂ ਅਸੈਂਬਲੀ ਚੋਣਾਂ, ਕਿਸਾਨ ਸਭਾ ਦੀ ਜੱਦੋ ਜਹਿਦ ਆਦਿ ਏਨੀਆਂ ਮਹੱਤਵਪੂਰਨ ਹਨ ਜਿਹੜੀ ਕਮਿਊਨਿਸਟ ਲਹਿਰ ਦੀ ਉਸਾਰੀ ਲਈ ਬਹੁਤ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਹਨ।

ਬਾਬਾ ਭਗਤ ਸਿੰਘ ਬਿਲਗਾ ਦੀ ਪੁਸਤਕ ਦੀ ਵਿਧੀ ਇਤਿਹਾਸਕ ਬਿਰਤਾਂਤਕਾਰੀ ਵਾਲੀ ਹੈ। ਜ਼ਿਆਦਾਤਰ ਇਤਿਹਾਸ ਦੀਆਂ ਪੁਸਤਕਾਂ ਦੀ ਵਿਧੀ ਤੱਥਗਤ ਅਤੇ ਤਰਕ ਦੇ ਇਰਦ ਗਿਰਦ ਘੁੰਮਦੀ ਹੋਈ ਇਤਿਹਾਸਕਤਾ ਦੇ ਲੱਛਣਾਂ ਨੂੰ ਸਮਝਣ-ਪ੍ਰਗਟਾਉਣ ਦੀ ਵਿਧੀ ਵਾਲੀ ਹੁੰਦੀ ਹੈ। ਪਰੰਤੂ ਬਾਬਾ ਬਿਲਗਾ ਪੇਸ਼ੇਵਰ ਇਤਿਹਾਸਕਾਰ ਨਹੀਂ ਹੈ। ਇਸ ਕਰਕੇ ਇਸ ਪੁਸਤਕ ਵਿਚ ਸਿਰਜਣਾਤਮਕ ਦੇ ਪਹਿਰਨ ਵਾਲੀ ਹੈ। ਇਤਿਹਾਸ ਵਿਚ ਵਿਚਰ ਰਹੇ ਪਾਤਰਾਂ ਨੂੰ ਜਿਸ ਭਾਵਨਾਤਮਕ ਰੂਪ ਵਿਚ ਬਾਬਾ ਬਿਲਗਾ ਨੇ ਉਸਾਰਿਆ ਹੈ ਉਹ ਸੰਵੇਦਨਸ਼ੀਲ ਹੀ ਨਹੀਂ, ਸੁਹਜਾਤਮਕ ਵੀ ਹੈ। ਇਸ ਪੁਸਤਕ ਅੰਦਰ ਕੁਝ ਵਾਕਿਆਤ ਦਾ ਜ਼ਿਕਰ ਜ਼ਰੂਰੀ ਹੈ। ਆਮੂ ਦਰਿਆ ਦੇ ਸ਼ਹੀਦ, ਤਿੰਨ ਵਾਰ ਮੌਤ ਦੇ ਮੂੰਹ 'ਚੋਂ ਬਚਿਆ ਅੱਛਰ ਸਿੰਘ ਛੀਨਾ, ਕਾਮਰੇਡ

ਹਜ਼ਾਰਾ ਸਿੰਘ ਦੀ ਸ਼ਹੀਦੀ, ਮਾਂ ਦੀ ਉਡੀਕ ਵਰਗੇ ਅਜਿਹੇ ਵਾਕਿਆਤ ਹਨ ਜਿਨ੍ਹਾਂ 'ਚੋਂ ਗ਼ਦਰੀਆਂ ਅਤੇ ਕਮਿਊਨਿਸਟਾਂ ਦੀਆਂ ਕੁਰਬਾਨੀਆਂ ਦਾ ਹੀ ਪਤਾ ਨਹੀਂ ਲੱਗਦਾ ਸਗੋਂ ਉਨ੍ਹਾਂ ਦੇ ਸਿਰੜ ਤੇ ਬੰਦੇ ਅੰਦਰ ਵਸਦੇ ਨਰਮ, ਕੋਮਲ-ਚਿੱਤ ਮਨੁੱਖ ਦੇ ਦਰਸ਼ਨ ਵੀ ਹੁੰਦੇ ਹਨ।

ਬਾਬਾ ਬਿਲਗਾ ਦੀ ਇਹ ਪੁਸਤਕ ਦੇਸ਼ ਦੀ ਆਜ਼ਾਦੀ ਤਕ ਦੇ ਉਸ ਇਤਿਹਾਸ ਨੂੰ ਅੰਕਿਤ ਕਰਦੀ ਹੈ ਜਿਹੜਾ ਇਤਿਹਾਸ ਲੋਕ ਯੁੱਧ ਦਾ ਇਤਿਹਾਸਕ ਦਸਤਾਵੇਜ਼ ਹੈ। ਇਸ ਪੁਸਤਕ ਦੇ ਨਾਲ ਜਿੱਥੇ ਗ਼ਦਰ ਲਹਿਰ ਦੀ ਇਤਿਹਾਸਕਤਾ ਦੀ ਵਿਚਾਰਧਾਰਕ ਪਛਾਣ ਹੁੰਦੀ ਹੈ, ਉਥੇ ਪੰਜਾਬ ਦੀ ਰਾਜਨੀਤਕ ਚੇਤਨਾ ਦੇ ਵਿਕਾਸ ਦੀ ਵੀ ਪ੍ਰਮਾਣਿਕ ਨਿਸ਼ਾਨਦੇਹੀ ਵੀ ਹੁੰਦੀ ਹੈ।

☆☆☆

# ਇਨਕਲਾਬੀ ਵਿਰਾਸਤ ਦਾ ਦਸਤਾਵੇਜ਼: 'ਗ਼ਦਰ ਲਹਿਰ ਦੇ ਅਣਫੋਲੇ ਵਰਕੇ'

-ਡਾ. ਭੀਮ ਇੰਦਰ ਸਿੰਘ

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਅਗਸਤ 1989 ਵਿਚ ਪਹਿਲੀ ਵਾਰ ਪ੍ਰਕਾਸ਼ਿਤ, ਬਾਬਾ ਭਗਤ ਸਿੰਘ ਬਿਲਗਾ ਵੱਲੋਂ ਲਿਖੀ ਪੁਸਤਕ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਗ਼ਦਰ ਪਾਰਟੀ ਦੇ ਇਤਿਹਾਸ (1908 ਤੋਂ 1952) ਅਤੇ ਸਿਆਸਤ ਦਾ ਇਕ ਅਜਿਹਾ ਦਸਤਾਵੇਜ਼ ਹੈ, ਜਿਸ ਵਿਚ ਇਕ ਵਿਸ਼ੇਸ਼ ਨੀਤੀ ਤਹਿਤ ਗ਼ਦਰੀਆਂ ਦੀ ਸੂਝ, ਸਿਧਾਂਤ ਅਤੇ ਪ੍ਰਤੀਬੱਧਤਾ ਨੂੰ ਪ੍ਰਸਤੁਤ ਕੀਤਾ ਗਿਆ ਹੈ। ਲੱਗਭਗ 120 ਸੰਖੇਪ ਮਜ਼ਮੂਨਾਂ ਵਿਚ ਵੰਡੀ ਇਸ ਪੁਸਤਕ ਵਿਚ ਗ਼ਦਰ, ਲਾਲ ਪਾਰਟੀ ਅਤੇ ਕਿਰਤੀ ਪਾਰਟੀ ਤੋਂ ਇਲਾਵਾ ਪੈਪਸੂ ਦੀ ਮੁਜ਼ਾਰਾ ਲਹਿਰ ਦੇ ਸੰਗਠਨ, ਵਿਗਠਨ, ਵਿਚਾਰਧਾਰਾ ਗ਼ਦਰੀ ਕਿਰਦਾਰ, ਯੁੱਧ-ਨੀਤੀ, ਅਖ਼ਬਾਰ ਅਤੇ ਪ੍ਰਚਾਰ ਦਾ ਮਹੱਤਵ, ਗੁਰੀਲਾ ਹਥਿਆਰਬੰਦ ਬਗ਼ਾਵਤ, ਕਾਰਜ-ਵਿਧੀ ਆਦਿ ਪਹਿਲੂਆਂ ਵੱਲ ਸਾਡਾ ਧਿਆਨ ਖਿੱਚਿਆ ਗਿਆ ਹੈ। ਪੁਸਤਕ ਵਿਚ ਪ੍ਰਸਤੁਤ ਵੱਖ ਵੱਖ ਵੇਰਵੇ ਇਸ ਗੱਲ ਦਾ ਪ੍ਰਮਾਣ ਹਨ ਕਿ ਗ਼ਦਰ ਪਾਰਟੀ ਦੀ ਵਿਗਿਆਨਕ ਸਮਾਜਵਾਦੀ ਵਿਚਾਰਧਾਰਾ ਨੂੰ ਪ੍ਰਣਾਈ 'ਕਿਰਤੀ ਪਾਰਟੀ' ਦੇ ਕ੍ਰਾਂਤੀਕਾਰੀ ਅੰਦੋਲਨ ਅਤੇ ਜੰਗੇ-ਆਜ਼ਾਦੀ ਦੇ ਇਨਕਲਾਬੀ ਕਾਰਨਾਮੇ ਲੋਕ-ਹਿਤੂ ਸੰਕਲਪਾਂ ਨਾਲ ਜੁੜੇ ਹੋਏ ਸਨ। ਪੁਸਤਕ ਵਿਚਲੇ ਇਤਿਹਾਸਕ ਪ੍ਰਸੰਗਾਂ ਵਿਚੋਂ ਜਿੱਥੇ ਗ਼ਦਰ ਲਹਿਰ ਦੇ ਉਭਾਰ ਦੇ ਕਾਰਨਾਂ ਦਾ ਪਤਾ ਚੱਲਦਾ ਹੈ ਉਥੇ ਗ਼ੁਲਾਮ ਭਾਰਤ ਅੰਦਰ ਅੰਗਰੇਜ਼ ਸਾਮਰਾਜ ਦੀ ਲੁੱਟ-ਖਸੁੱਟ ਅਤੇ ਤਤਕਾਲੀਨ ਪੰਜਾਬ ਦੇ ਸਮਾਜਿਕ-ਆਰਥਿਕ ਪੱਖਾਂ ਬਾਰੇ ਜਾਣਕਾਰੀ ਵੀ ਮਿਲਦੀ ਹੈ।

ਇਸ ਪੁਸਤਕ ਦਾ ਲੇਖਕ ਬਾਬਾ ਭਗਤ ਸਿੰਘ ਬਿਲਗਾ ਖ਼ੁਦ ਗ਼ਦਰ ਪਾਰਟੀ ਦਾ ਪ੍ਰਮੁੱਖ ਮੈਂਬਰ ਅਤੇ ਅਹੁਦੇਦਾਰ ਕਾਰਕੁੰਨ ਰਿਹਾ ਹੈ। ਇਹੋ ਕਾਰਨ ਹੈ ਕਿ ਉਹ ਬਰਤਾਨਵੀ ਸਾਮਰਾਜ ਵਿਰੁੱਧ ਉੱਠੀ ਇਸ ਲਹਿਰ ਦੀ ਇਤਿਹਾਸਕ ਗਤੀਸ਼ੀਲਤਾ ਦੀ ਨਿਸ਼ਾਨਦੇਹੀ ਕਰਦਿਆਂ ਇਸ ਦੇ ਪਿਛੋਕੜ ਵਿਚ 1857 ਦੇ ਗ਼ਦਰ, ਕੂਕਾ ਲਹਿਰ ਆਦਿ ਕੌਮੀ ਲਹਿਰਾਂ ਦੇ ਸੰਬੰਧਾਂ ਅਤੇ ਟਕਰਾਵਾਂ ਨੂੰ ਇਤਿਹਾਸਕ ਹਵਾਲਿਆਂ ਰਾਹੀਂ ਚਿਤਰਦਾ ਹੈ। ਇਸ ਪੁਸਤਕ ਵਿਚਲੀ ਟੈਕਸਟ (Text) ਰਾਹੀਂ ਜੋ ਪ੍ਰਮੁੱਖ ਧੁਨੀ ਉਭਰਦੀ ਹੈ ਉਹ ਹਥਿਆਰਬੰਦ ਜਨਤਕ ਘੋਲ ਰਾਹੀਂ ਸਥਾਪਤੀ ਦਾ ਤਖ਼ਤਾ ਉਲਟਾਉਣਾ ਹੈ। ਅਜਿਹੀ ਹਥਿਆਰਬੰਦ ਕਾਰਵਾਈ ਦਾ ਸਰੋਤ ਬਾਹਰਲੇ ਮੁਲਕਾਂ

ਵਿਚ ਖ਼ਾਸ ਤੌਰ 'ਤੇ ਕਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਗਏ ਪ੍ਰਵਾਸੀ ਪੰਜਾਬੀਆਂ ਦੇ ਮਨਾਂ ਅੰਦਰ ਘਰ ਕਰ ਗਏ ਨਸਲੀ ਅਹਿਸਾਸ ਦੀ ਸੋਝੀ ਵਿਚ ਪਿਆ ਹੈ। ਨਸਲੀ ਅਹਿਸਾਸ ਦੀ ਇਹੋ ਸੋਝੀ ਗ਼ਦਰੀਆਂ ਨੂੰ ਗ਼ੁਲਾਮ ਚੇਤਨਾ ਦਾ ਅਹਿਸਾਸ ਕਰਵਾਉਂਦੀ ਹੋਈ ਸਾਮਰਾਜ ਵਿਰੋਧੀ ਭਾਵਨਾ ਨਾਲ ਇਕਸੁਰ ਕਰਨ ਦਾ ਯਤਨ ਕਰਦੀ ਹੈ। ਖ਼ਾਸ ਗੱਲ ਇਹ ਹੈ ਕਿ ਇਸ ਸੋਝੀ ਦਾ ਦਾਇਰਾ ਕੇਵਲ ਅੰਗਰੇਜ਼ ਸਾਮਰਾਜ ਦੇ ਵਿਰੋਧ ਤੱਕ ਮਹਿਦੂਦ ਨਹੀਂ ਰਹਿੰਦਾ ਸਗੋਂ ਦੇਸੀ ਰਾਜਿਆਂ, ਮਹਾਰਾਜਿਆਂ, ਰਾਏ ਬਹਾਦਰਾਂ, ਸਰਦਾਰਾਂ ਤੇ ਜਾਗੀਰਦਾਰਾਂ ਆਦਿ ਦੇ ਵਿਰੋਧ ਤੱਕ ਚਲਾ ਜਾਂਦਾ ਹੈ। ਗ਼ਦਰ ਪਾਰਟੀ ਦੀ ਇਹੋ ਸਿਆਸਤ ਉਨ੍ਹਾਂ ਨੂੰ ਤਤਕਾਲੀਨ ਸਿਆਸੀ ਪਾਰਟੀ ਅਤੇ ਗਰੁੱਪਾਂ ਜਿਵੇਂ ਯੂਨੀਅਨਿਸਟ, ਕਾਂਗਰਸ ਇਥੋਂ ਤੱਕ ਕਿ ਸੀ.ਪੀ.ਆਈ. ਨਾਲੋਂ ਵੱਖਰਿਆਉਂਦੀ ਹੈ। ਸਮੁੱਚੇ ਤੌਰ 'ਤੇ ਗ਼ਦਰ ਪਾਰਟੀ ਦਾ ਜੋ ਸਿਆਸੀ ਨਿਸ਼ਾਨਾ ਉੱਭਰਦਾ ਹੈ ਉਹ ਜਮਹੂਰੀ, ਆਰਥਿਕ-ਬਰਾਬਰੀ, ਧਾਰਮਿਕ ਸਹਿਣਸ਼ੀਲਤਾ, ਊਚ-ਨੀਚ ਅਤੇ ਜਾਤ-ਪਾਤ ਤੋਂ ਛੁਟਕਾਰੇ ਵਾਲਾ ਮਜ਼ਦੂਰ, ਕਿਸਾਨ ਅਤੇ ਕਿਰਤੀ ਪੱਖੀ ਹੈ। ਇਸ ਸਿਆਸੀ ਨਿਸ਼ਾਨੇ ਨੂੰ ਪ੍ਰਾਪਤ ਕਰਨ ਦੀ ਟੇਕ ਹਥਿਆਰਬੰਦ-ਇਨਕਲਾਬ 'ਤੇ ਰੱਖੀ ਜਾਂਦੀ ਹੈ।

ਗ਼ਦਰ ਪਾਰਟੀ ਦੀ ਇਹੋ ਸਿਆਸਤ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਵੱਖ-ਵੱਖ ਬਸਤੀਆਂ ਦੇ ਲੋਕਾਂ ਦੀ ਸਾਮਰਾਜ ਵਿਰੁੱਧ ਲੜਾਈ ਦਾ ਇਕ ਅਟੁੱਟ ਅੰਗ ਬਣਦੀ ਹੈ। ਸਿੱਟੇ ਵਜੋਂ ਰੂਸ, ਆਇਰਲੈਂਡ, ਚੈਕੋਸਲੋਵਾਕੀਆ, ਮਿਸਰ, ਚੀਨ ਅਫ਼ਗਾਨਿਸਤਾਨ ਆਦਿ ਮੁਲਕਾਂ ਵਿਚ ਚੱਲ ਰਹੀਆਂ ਤਤਕਾਲੀਨ ਤਰੱਕੀ-ਪਸੰਦ ਲਹਿਰਾਂ ਨਾਲ ਗ਼ਦਰ ਪਾਰਟੀ ਦੇ ਕਾਫ਼ੀ ਨੇੜਲੇ ਸੰਬੰਧ ਜੁੜਦੇ ਹਨ। ਇਨ੍ਹਾਂ ਸ਼ਕਤੀਆਂ ਦੀਆਂ ਪ੍ਰਤੀਨਿਧ ਜਥੇਬੰਦੀਆਂ ਦੇ ਦਫ਼ਤਰ ਸਾਨਫਰਾਂਸਿਸਕੋ ਵਿਖੇ ਹੋਣ ਕਾਰਨ ਇਨ੍ਹਾਂ ਕੇਂਦਰਾਂ ਵਿਚਕਾਰ ਸੰਚਾਰ, ਵਿਚਾਰ ਅਤੇ ਸਾਹਿਤ ਦਾ ਆਦਾਨ-ਪ੍ਰਦਾਨ ਬਣਿਆ ਰਹਿੰਦਾ ਹੈ। ਅਜਿਹੇ ਦੌਰ ਵਿਚ ਗ਼ਦਰ ਅਖ਼ਬਾਰ ਨਾ ਕੇਵਲ ਤਤਕਾਲੀਨ ਹਿੰਦੁਸਤਾਨ ਦੇ ਸਿਆਸੀ, ਸਭਿਆਚਾਰਕ, ਸਮਾਜਿਕ ਹਾਲਾਤਾਂ ਦਾ ਵਿਸ਼ਲੇਸ਼ਣ ਹੀ ਕਰਦਾ ਹੈ ਸਗੋਂ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਆ ਰਹੇ ਸਿਆਸੀ ਉਭਾਰਾਂ ਨੂੰ ਵੀ ਆਪਣਾ ਵਿਸ਼ਾ ਬਣਾਉਂਦਾ ਹੈ। ਗ਼ਦਰ ਅਖ਼ਬਾਰ ਦੀ ਇਸ ਅੰਤਰਰਾਸ਼ਟਰੀ ਸੂਝ ਦਾ ਅਸਰ ਇਹ ਹੁੰਦਾ ਹੈ ਕਿ ਇਹ ਲੱਖਾਂ ਦੀ ਤਾਦਾਦ ਵਿਚ ਛਪਣ ਲੱਗਦਾ ਹੈ ਅਤੇ ਇਹ ਬਹੁਤ ਸਾਰੇ ਹਿੰਦੁਸਤਾਨੀਆਂ ਨੂੰ ਗ਼ਦਰ ਪਾਰਟੀ ਵੱਲ ਪ੍ਰੇਰਦਾ ਹੈ। ਬਾਬਾ ਬਿਲਗਾ ਜੀ ਗ਼ਦਰ ਅਖ਼ਬਾਰ ਦੇ ਇਸ ਮਹੱਤਵਪੂਰਨ ਰੋਲ ਬਾਰੇ ਲਿਖਦੇ ਹਨ :

ਗ਼ਦਰ ਅਖ਼ਬਾਰ ਦੇ ਪ੍ਰਭਾਵ ਸਦਕਾ ਅਮੁਕ ਮੁਹਾਰੇ ਗ਼ਦਰ ਕਮੇਟੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਪਨਾਮਾ, ਸਿੰਘਾਪੁਰ, ਮਨੀਲਾ, ਹਾਂਗਕਾਂਗ, ਚੀਨ, ਸੰਘਾਈ ਅਤੇ ਸਿਆਮ (ਥਾਈਲੈਂਡ) ਵਿਚ ਅਜਿਹੀਆਂ ਕਮੇਟੀਆਂ ਤਟਫ਼ਟ ਹੀ ਹੋਂਦ ਵਿਚ ਆ ਗਈਆਂ ਸਨ। ਅਮਰੀਕਾ ਅਤੇ ਕਨੇਡਾ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਬ੍ਰਾਂਚ ਫਿਲਪੀਨ ਦੇ ਗ਼ਦਰੀਆਂ ਦੀ ਸੀ। ਦਰਸੀ ਚੰਚਹੀਆਂ ਦੇ ਬਿਆਨ ਅਨੁਸਾਰ ਅਮਰੀਕਾ ਤੇ ਕਨੇਡਾ ਵਿਚ ਵਸਦੇ ਕੱਲ ਦੇ ਅਨਪੜ੍ਹ ਹੁਣ ਲਿਖਾਰੀ ਬਣਨੇ ਸ਼ੁਰੂ ਹੋ ਗਏ ਸਨ ਅਤੇ ਉਨ੍ਹਾਂ ਵਿਚ ਆਗੂਆਂ ਵਿਚ ਗੁਣ ਪੈਦਾ ਹੋ ਗਏ ਸਨ। ਉਨ੍ਹਾਂ ਦਾ ਸਵੈ-ਭਰੋਸਾ ਬੁਲੰਦੀਆਂ ਵੱਲ ਜਾ ਰਿਹਾ ਸੀ। (ਪੰਨਾ-30)

ਗ਼ਦਰ ਅਖ਼ਬਾਰ ਤੋਂ ਬਾਅਦ 'ਕਿਰਤੀ' ਪਰਚਾ ਵੀ ਗ਼ਦਰ ਲਹਿਰ ਦੀ ਵਿਚਾਰਧਾਰਾ ਦਾ

ਬੁਲਾਰਾ ਬਣ ਗਿਆ ਅਤੇ ਇਸ ਦੀ ਪ੍ਰਕਾਸ਼ਨਾ ਸਦਕਾ ਲੋਕਾਂ ਨੂੰ ਨਵੀਂ ਸੇਧ ਮਿਲੀ। ਅੰਗਰੇਜ਼ ਸਮਾਰਾਜ ਦੇ ਕਰੜੇ ਬੰਧਨਾਂ ਦੇ ਬਾਵਜੂਦ ਇਹ ਪਰਚਾ 1939 ਈ. ਤੱਕ ਚੱਲਦਾ ਰਿਹਾ। ਕਿਰਤੀ ਕਮਿਊਨਿਸਟਾਂ ਨੇ ਜੰਗ ਦੌਰਾਨ ਫਿਰ 'ਲਾਲ ਝੰਡਾ' ਕੱਢਣਾ ਸ਼ੁਰੂ ਕੀਤਾ ਜੋ ਕਿਰਤੀ ਲਹਿਰ ਦੇ ਹਰ ਗਾਹਕ ਤੱਕ ਪਹੁੰਚਾਇਆ ਜਾਂਦਾ ਸੀ।

ਗ਼ਦਰ ਪਾਰਟੀ ਪਹਿਲਾਂ ਭਾਵੇਂ ਫਰਾਂਸ ਦੇ ਇਨਕਲਾਬੀ ਅਸੂਲਾਂ ਜਿਵੇਂ 'ਆਜ਼ਾਦੀ, ਬਰਾਬਰੀ ਅਤੇ ਭਰੱਪਣ' ਤੋਂ ਸੇਧ ਲੈਂਦੀ ਰਹੀ ਪਰ ਰੂਸ ਦੇ ਅਕਤੂਬਰ ਇਨਕਲਾਬ ਤੋਂ ਬਾਅਦ ਇਸ ਦੀ ਵਿਚਾਰਧਾਰਾ ਵਿਚ ਇਕ ਨਵਾਂ ਮੋੜ ਆਉਂਦਾ ਹੈ। ਬਾਲਸ਼ਵਿਕ ਇਨਕਲਾਬੀਆਂ ਦੇ ਕਾਰਜਾਂ ਦਾ ਗ਼ਦਰ ਪਾਰਟੀ ਦੀਆਂ ਸਰਗਰਮੀਆਂ 'ਤੇ ਡੂੰਘਾ ਅਸਰ ਹੁੰਦਾ ਹੈ ਅਤੇ ਇਹ ਪਾਰਟੀ ਮਜ਼ਦੂਰਾਂ ਤੇ ਕਿਸਾਨਾਂ ਦੀ ਜਥੇਬੰਦਕ ਬਗ਼ਾਵਤ ਦਾ ਭੇਦ ਵਿਚ ਯਕੀਨ ਕਰਨ ਲੱਗਦੀ ਹੈ। ਇਹੋ ਕਾਰਨ ਹੈ ਕਿ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਨੂੰ ਰੂਸ ਦੇ ਨਵੇਂ ਪ੍ਰਬੰਧ ਦਾ ਜਾਇਜ਼ਾ ਲੈਣ ਲਈ ਮਾਸਕੋ ਭੇਜਿਆ ਜਾਂਦਾ ਹੈ ਜਿਥੇ ਉਹ ਭਾਰਤ ਦੀ ਨੁਮਾਇੰਦਗੀ ਕਰਦੇ ਹਨ।

ਗ਼ਦਰ ਲਹਿਰ ਉੱਪਰ ਸੋਵੀਅਤ ਯੂਨੀਅਨ ਅਤੇ ਮਾਰਕਸਵਾਦ ਦੇ ਅਸਰ ਦਾ ਨਤੀਜਾ ਇਹ ਨਿਕਲਦਾ ਹੈ ਕਿ ਇਸ ਵੱਲੋਂ ਇਸ ਗੱਲ 'ਤੇ ਜ਼ੋਰ ਦਿੱਤਾ ਜਾਣ ਲੱਗਦਾ ਹੈ ਕਿ ਇਨਕਲਾਬ ਦੀ ਅਸਲੀ ਸ਼ਕਤੀ ਮਿਹਨਤਕਸ਼ ਜਨਤਾ ਹੁੰਦੀ ਹੈ, ਜਿਨ੍ਹਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਉਨ੍ਹਾਂ ਨੂੰ ਸੰਗਠਿਤ ਕੀਤਾ ਜਾਂਦਾ ਹੈ। ਮਿਹਨਤਕਸ਼ ਜਨਤਾ ਵਿਚ ਸਹੀ ਸਿਆਸੀ ਸੂਝ ਪੈਦਾ ਕਰਨੀ ਅਤਿ ਜ਼ਰੂਰੀ ਹੁੰਦੀ ਹੈ। ਯਰਕਾਊ ਅੱਤਵਾਦ ਦੀ ਥਾਂ ਇਕ ਸਾਰਥਕ ਜੁਝਾਰੂ ਰਾਜਨੀਤੀ ਉਸਾਰਨ ਦੀ ਲੋੜ ਹੁੰਦੀ ਹੈ। ਆਦਰਸ਼ਵਾਦ ਅਤੇ ਸੁਧਾਰਵਾਦ ਦੀ ਆਪਣੀ ਲੋੜ ਅਤੇ ਸੀਮਾ ਹੁੰਦੀ ਹੈ ਜੋ ਸਮਾਜ ਦੀ ਬੁਨਿਆਦੀ ਤਬਦੀਲੀ ਨੂੰ ਹੌਲੀ-ਹੌਲੀ ਨਿਰੇ ਸਮਝੌਤਿਆਂ ਵਿਚ ਨਸ਼ਟ ਕਰ ਦਿੰਦਾ ਹੈ। 1914-15 ਦੀ ਅਸਫਲਤਾ ਤੋਂ ਬਾਅਦ ਅਤੇ ਸੋਵੀਅਤ ਇਨਕਲਾਬ ਦੇ ਵਾਪਰਨ ਉਪਰੰਤ ਗ਼ਦਰ ਲਹਿਰ ਦੀ ਯੁੱਧ-ਨੀਤੀ ਵਿਚ ਇਹ ਪ੍ਰਮੁੱਖ ਝੁਕਾਅ ਸਪੱਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਆਪਣੇ ਇਸ ਸਿਧਾਂਤਕ ਨਜ਼ਰੀਏ ਸਦਕਾ ਹੀ ਗ਼ਦਰ ਪਾਰਟੀ ਆਪਣੀਆਂ ਕਮਜ਼ੋਰੀਆਂ ਨੂੰ ਜਾਂਚਣਾ ਚਾਹੁੰਦੀ ਹੈ। ਪੁਸਤਕ ਵਿਚਲੇ ਹਵਾਲੇ ਨਾਲ ਬਾਬਾ ਬਿਲਗਾ ਗ਼ਦਰ ਪਾਰਟੀ ਦੀ ਅਸਫਲਤਾ ਸੰਬੰਧੀ ਕੁਝ ਪ੍ਰਸ਼ਨ ਖੜ੍ਹੇ ਕਰਦੇ ਹਨ:

ਪੰਜਾਬ ਦੀ ਇਕ ਯੂਨਾਈਟਿਡ ਪ੍ਰੋਵਿਨਸ਼ੀਅਲ ਕਮਿਊਨਿਸਟ ਕਮੇਟੀ (1938), ਜਿਸ ਨੂੰ ਗ਼ਦਰੀ ਬਾਬਿਆਂ ਦੀ ਸਿਆਸੀ ਵਿਰਾਸਤ ਮਿਲੀ ਹੋਵੇ, ਮਾਲੀ ਤੌਰ 'ਤੇ ਜਿਸ ਦੀ ਪਿੱਠ 'ਤੇ ਗ਼ਦਰ ਪਾਰਟੀ ਦਾ ਸਰਮਾਇਆ ਹੋਵੇ ਅਤੇ ਬੇਲਾਗ ਸਿਰਲੱਥ ਨੌਜਵਾਨ ਗ਼ਦਰੀ ਕਮਿਊਨਿਸਟ ਜਿਸ ਦੀਆਂ ਸਫ਼ਾਂ ਵਿਚ ਲਗਾਤਾਰ ਵਾਧਾ ਕਰ ਰਹੇ ਹੋਣ, ਉਹ ਪਾਰਟੀ ਪਿਸ਼ਾਵਰ ਤੋਂ ਦਿੱਲੀ ਤੱਕ ਇਕ ਮਜ਼ਬੂਤ ਇਨਕਲਾਬੀ ਪਾਰਟ ਅਦਾ ਕਰ ਸਕਦੀ ਸੀ। ਇਹ ਕਿਉਂ ਨਾ ਹੋਇਆ? ਇਸ ਦੇ ਜਵਾਬ ਲਈ ਹੋਰਨਾਂ ਪੱਖਾਂ 'ਤੇ ਵੀ ਨਜ਼ਰ ਮਾਰਨੀ ਜ਼ਰੂਰੀ ਹੈ। (ਪੰਨਾ-196)

ਪੁਸਤਕ ਦੇ ਲੇਖਕ ਬਾਬਾ ਬਿਲਗਾ ਦੁਆਰਾ ਉਭਾਰਿਆ ਗਿਆ ਇਹ ਨੁਕਤਾ ਅੱਜ ਵੀ ਗੰਭੀਰ ਸੰਵਾਦ ਦੀ ਮੰਗ ਕਰਦਾ ਹੈ। ਪੁਸਤਕ ਵਿਚਲਾ ਇਕ ਹੋਰ ਨੁਕਤਾ ਵੀ ਸਾਡਾ ਧਿਆਨ ਖਿੱਚਦਾ ਹੈ ਕਿ ਗ਼ਦਰ ਪਾਰਟੀ ਨੇ ਹਥਿਆਰਬੰਦ ਇਨਕਲਾਬ ਦਾ ਐਲਾਨ ਉਸ ਸਮੇਂ ਕੀਤਾ ਸੀ

ਜਦੋਂ ਕੌਮੀ ਮੁਕਤੀ ਦੀ ਚੇਤਨਾ ਆਪਣੇ ਮੁਢਲੇ ਪੜਾਅ ਉੱਤੇ ਹੀ ਸੀ। ਹਿੰਦੁਸਤਾਨ ਵਿਚ ਜਗੀਰੂ, ਪਿਛਾਂਹ-ਖਿੱਚੂ ਅਤੇ ਸਰਕਾਰ-ਪ੍ਰਸਤ ਤਬਕਿਆਂ ਦਾ ਦਬਦਬਾ ਕਾਇਮ ਸੀ। ਉਸ ਵੇਲੇ ਦੇਸ਼ ਅੰਦਰ ਕੋਈ ਅਜਿਹੀ ਵਰਣਨਯੋਗ ਇਨਕਲਾਬੀ ਜਥੇਬੰਦੀ ਮੌਜੂਦ ਨਹੀਂ ਸੀ ਜਿਹੜੀ ਗ਼ਦਰੀ ਇਨਕਲਾਬੀਆਂ ਦੀ ਸੋਚ ਨਾਲ ਬਰ ਮੇਲ ਸਕਦੀ। ਇਥੋਂ ਤੱਕ ਕਿ ਉਸ ਵੇਲੇ ਤਕ ਤਤਕਾਲੀਨ ਕਾਂਗਰਸ ਪਾਰਟੀ ਸਾਮਰਾਜਵਾਦੀ ਹਕੂਮਤ ਕੋਲੋਂ ਨਿਗੂਣੀਆਂ ਜਿਹੀਆਂ ਰਿਆਇਤਾਂ ਲੈਣ ਲਈ ਯਤਨਸ਼ੀਲ ਸੀ। ਇਹੋ ਕਾਰਨ ਸੀ ਕਿ ਮਹਾਤਮਾ ਗਾਂਧੀ ਅਤੇ ਕਾਂਗਰਸ ਪਾਰਟੀ ਨੇ ਪਹਿਲੀ ਸੰਸਾਰ ਜੰਗ ਸਮੇਂ ਅੰਗਰੇਜ਼ ਹਕੂਮਤ ਪ੍ਰਤੀ ਵਫ਼ਾਦਾਰੀ ਵਾਲਾ ਰਵੱਈਆ ਅਖ਼ਤਿਆਰ ਕੀਤਾ ਹੋਇਆ ਸੀ। ਪੁਸਤਕ ਵਿਚਲੇ ਵੱਖ-ਵੱਖ ਮਜ਼ਬੂਨਾ ਤੋਂ ਜਿੱਥੇ ਕਾਂਗਰਸ ਅਤੇ ਗ਼ਦਰ ਪਾਰਟੀ ਦੇ ਵਿਰੋਧ ਬਾਰੇ ਸਪੱਸ਼ਟ ਹੁੰਦਾ ਹੈ ਉਥੇ ਗ਼ਦਰ ਦੇ ਨਤੀਜੇ, ਗ਼ਦਰੀਆਂ ਦੀ ਸੋਚ ਤੋਂ ਉਲਟ ਚਲੇ ਜਾਣ ਬਾਰੇ ਵੀ ਭੇਦ ਉਜਾਗਰ ਹੁੰਦੇ ਹਨ। ਗ਼ਦਰ ਦੀ ਅਸਫਲਤਾ ਦਾ ਕਾਰਨ ਸਿਰਫ਼ ਅੰਗਰੇਜ਼ ਸਾਮਰਾਜੀ ਹਕੂਮਤ ਦੀ ਸਖ਼ਤੀ ਹੀ ਨਹੀਂ ਸੀ ਸਗੋਂ ਕਾਂਗਰਸ ਦਾ ਵੱਡਾ ਹਿੱਸਾ ਇਸ ਦਾ ਵਿਰੋਧੀ ਸੀ।

ਪੰਡਤ ਮਦਨ ਮੋਹਨ ਮਾਲਵੀਆ ਦਾ ਹੇਠ ਲਿਖਿਆ ਬਿਆਨ ਇਸ ਗੱਲ ਦੀ ਗਵਾਹੀ ਭਰਦਾ ਹੈ 'ਜੇਕਰ ਅਸੀਂ ਉਸ ਵੇਲੇ ਮਦਦ ਨਾ ਕਰਦੇ ਤਾਂ ਬਾਹਰੋਂ ਆਏ ਗ਼ਦਰੀਆਂ ਨੇ ਤਖ਼ਤਾ ਉਲਟਾ ਦੇਣਾ ਸੀ।' (ਪੰਨਾ -127)

ਪੁਸਤਕ ਲੇਖਕ ਬਾਬਾ ਬਿਲਗਾ ਜੀ ਇਸ ਗੱਲ ਨੂੰ ਬਾਰ-ਬਾਰ ਜ਼ੋਰ ਦੇ ਕੇ ਕਹਿੰਦੇ ਹਨ ਕਿ ਭਾਵੇਂ ਗ਼ਦਰ ਲਹਿਰ ਬਰਤਾਨਵੀ ਹਕੂਮਤ ਜਾਂ ਭਾਰਤੀ ਬੁਰਜੂਆ ਅਤੇ ਜਗੀਰੂ ਸ਼ਕਤੀਆਂ ਦੁਆਰਾ ਕੀਤੇ ਵਿਰੋਧ ਦਾ ਸ਼ਿਕਾਰ ਹੋ ਗਈ ਇਸ ਦੇ ਬਾਵਜੂਦ ਇਹ ਵੱਖ-ਵੱਖ ਪੜਾਅ ਤੈਅ ਕਰਦੀ ਹੋਈ ਕੌਮੀ ਮੁਕਤੀ ਅੰਦੋਲਨ ਅਤੇ ਕਿਸਾਨ-ਮਜ਼ਦੂਰ ਘੋਲਾਂ ਵਿਚ ਗਹਿਰਾ ਅਸਰ ਛੱਡ ਗਈ। ਗ਼ਦਰੀ ਬਾਬਿਆਂ ਦੀਆਂ ਹੈਰਾਨਕੁਨ ਸ਼ਹਾਦਤਾਂ, ਕਾਲੇਪਾਣੀ ਦੀਆਂ ਕਠੋਰ ਸਜ਼ਾਵਾਂ, ਸਿਰਲੱਥ ਯੋਧਿਆਂ ਦੇ ਸਿਰੜੀ ਕਾਰਨਾਮਿਆਂ, ਐਮ. ਐਨ. ਰਾਏ ਨਾਲ ਵਿਰੋਧ ਆਦਿ ਸੰਬੰਧੀ ਇਹ ਪੁਸਤਕ ਇਕ ਮਹੱਤਵਪੂਰਨ ਦਸਤਾਵੇਜ਼ ਦਾ ਕੰਮ ਕਰਦੀ ਹੈ। ਗ਼ਦਰ ਲਹਿਰ ਦੇ ਵੱਖ-ਵੱਖ ਪੜਾਵਾਂ ਬਾਰੇ ਭਰਪੂਰ ਜਾਣਕਾਰੀ ਦਿੰਦੀ ਹੋਈ ਇਹ ਪੁਸਤਕ ਲੋਕ-ਪੱਖੀ ਅਤੇ ਕ੍ਰਾਂਤੀਕਾਰੀ ਰੂਪਾਂ ਦੀ ਨਿਸ਼ਾਨਦੇਹੀ ਕਰਦੀ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਰੋਕਾਰਾਂ ਨਾਲ ਬਰ ਮੇਚਦੀ ਹੋਈ ਇਹ ਲਹਿਰ ਦਬੇ-ਕੁਚਲੇ ਲੋਕਾਂ ਦੇ ਹੱਕ ਵਿਚ ਭੁਗਤਦੀ ਹੈ। ਲੋਕਾਂ ਦੇ ਸ਼ਾਨਾਮੱਤੇ ਇਤਿਹਾਸ ਲੇਖਨ ਦੇ ਪਰੰਪਰਕ ਦ੍ਰਿਸ਼ਟੀਕੋਣ ਅੱਗੇ ਇਹ ਪੁਸਤਕ ਪ੍ਰਸ਼ਨ ਚਿੰਨ੍ਹ ਵੀ ਲਗਾਉਂਦੀ ਹੈ।

ਅਜ਼ਾਦੀ ਤੋਂ ਬਾਅਦ ਹੋਏ ਅੰਗਰੇਜ਼ ਸਾਮਰਾਜ ਅਤੇ ਭਾਰਤੀ ਹਾਕਮਾਂ ਵਿਚਕਾਰ ਸਮਝੌਤੇ ਨੂੰ ਇਸ ਪੁਸਤਕ ਵਿਚ ਵਿਸ਼ੇਸ਼ ਤੌਰ 'ਤੇ ਗੌਰ ਕੀਤੀ ਗਈ ਹੈ। ਕਾਂਗਰਸ ਪਾਰਟੀ ਅਤੇ ਅੰਗਰੇਜ਼ ਸਾਮਰਾਜ ਵਿਚਕਾਰ ਜਿੰਨ੍ਹਾਂ ਸ਼ਰਤਾਂ ਅਨੁਸਾਰ ਸਮਝੌਤਾ ਹੁੰਦਾ ਹੈ ਉਨ੍ਹਾਂ ਸ਼ਰਤਾਂ ਦੀ ਨਿਸ਼ਾਨਦੇਹੀ ਕਰਦਿਆਂ ਬਾਬਾ ਜੀ ਲਿਖਦੇ ਹਨ:

1. ਆਜ਼ਾਦ ਹਿੰਦੋਸਤਾਨ ਵਿਚ ਅੰਗਰੇਜ਼ਾਂ ਦਾ ਲੱਗਿਆ ਸਰਮਾਇਆ ਮਹਿਫ਼ੂਜ਼ ਰਹੇਗਾ ਤੇ ਉਸਦਾ ਮੁਨਾਫ਼ਾ ਵਲਾਇਤ ਨੂੰ ਲੈ ਜਾਣ ਦੀ ਖੁੱਲ੍ਹ ਹੋਵੇਗੀ।
2. ਅੰਗਰੇਜ਼ ਅਫ਼ਸਰਾਂ ਨੂੰ ਹਿੰਦੁਸਤਾਨੀ ਖ਼ਜ਼ਾਨੇ ਵਿਚੋਂ ਮਿਲ ਰਹੀਆਂ ਪੈਨਸ਼ਨਾਂ ਬਾਦਸਤੂਰ

ਇੰਗਲੈਂਡ ਭੇਜੀਆਂ ਜਾਂਦੀਆਂ ਰਹਿਣਗੀਆਂ।

3. ਅਜ਼ਾਦੀ ਦੀ ਲਹਿਰ ਨੂੰ ਜ਼ੋਰ ਨਾਲ ਕੁਚਲਣ ਵਾਲੇ ਅਫਸਰਾਂ ਦੀ ਨੌਕਰੀ ਕਾਇਮ ਰਹੇਗੀ।
4. ਅੰਗਰੇਜ਼ਾਂ ਦੇ ਝੋਲੀ ਝੁੱਕਾਂ ਨੂੰ ਮਿਲੇ ਮੁਰੱਬੇ, ਜਗੀਰਾਂ ਅਤੇ ਰਿਆਇਤਾਂ ਬਾਦਸਤੂਰ ਕਾਇਮ ਰਹਿਣਗੀਆਂ ਅਤੇ ਉਨ੍ਹਾਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।
5. ਲੇਡੀ ਅਤੇ ਲਾਰਡ ਮਾਊਂਟਬੈਨ ਨੂੰ ਹਿੰਦੋਸਤਾਨ ਦਾ ਪਹਿਲਾ ਸ਼ਹਿਰੀ ਬਣਾ ਦਿੱਤਾ ਗਿਆ ਸੀ ਤੇ ਲਾਰਡ ਮਾਊਂਟਬੈਟਨ ਨੂੰ ਗਵਰਨਰ ਜਨਰਲ ਦੀ ਪਦਵੀ ਦੇ ਦਿੱਤੀ ਗਈ ਸੀ। (ਪੰਨਾ-301)

ਪਰ ਦੂਸਰੇ ਪਾਸੇ ਗ਼ਦਰੀ ਬਾਬੇ ਚਾਹੁੰਦੇ ਸਨ ਕਿ ਅੰਗਰੇਜ਼ ਹਕੂਮਤ ਦੇ ਡਿਸਚਾਰਜ ਕੀਤੇ ਬਾਗ਼ੀ ਫੌਜੀਆਂ ਨੂੰ ਸਨਮਾਨਿਤ ਕਰਕੇ ਮੁੜ ਬਹਾਲ ਕੀਤਾ ਜਾਵੇ। ਆਈ. ਐਨ. ਏ. ਦੇ ਯੋਧਿਆਂ ਨੂੰ ਅਜ਼ਾਦ ਹਿੰਦੋਸਤਾਨ ਦੀ ਫੌਜ ਵਿਚ ਥਾਂ ਦਿੱਤੀ ਜਾਵੇ। ਅਣਖੀਲੇ ਹਿੰਦੋਸਤਾਨੀ ਫੌਜੀ ਅਫ਼ਸਰਾਂ, ਜਿਹੜੇ ਅੰਗਰੇਜ਼ ਬਦਸਲੂਕੀ ਖਿਲਾਫ਼ ਉੱਠੇ ਸਨ, ਨੂੰ ਬਹਾਲ ਕਰਕੇ ਉੱਚ ਪਦਵੀਆਂ ਦਿੱਤੀਆਂ ਜਾਣ।

ਇਸ ਤਰ੍ਹਾਂ ਇਹ ਪੁਸਤਕ ਗ਼ਦਰੀਆਂ ਦੀ ਅਣਖ, ਸਵੈਮਾਣ, ਆਤਮ-ਗੌਰਵ, ਕੌਮੀ ਤੇ ਕੌਮਾਂਤਰੀ ਏਕਤਾ ਦੀ ਭਾਵਨਾ, ਕੁਰਬਾਨੀ ਤੇ ਜਜ਼ਬੇ ਦਾ ਸੰਚਾਰ ਕਰਦੀ ਹੋਈ ਸਿਆਸੀ ਅਤੇ ਇਨਕਲਾਬੀ ਚੇਤਨਾ ਦਾ ਪ੍ਰਕਾਰਜ ਕਰਦੀ ਹੈ। ਗ਼ਦਰ ਪਾਰਟੀ ਤੋਂ ਬਾਅਦ ਕਿਰਤੀ ਪਾਰਟੀ ਅਤੇ ਫਿਰ ਲਾਲ ਪਾਰਟੀ, ਤਕ ਦੇ ਸਮੇਂ ਨੂੰ ਇਹ ਪੁਸਤਕ ਵਿਸਥਾਰ ਪੂਰਵਕ ਅਤੇ ਇਤਿਹਾਸਕ ਹਵਾਲਿਆਂ ਸਮੇਤ ਪੇਸ਼ ਕਰਦੀ ਹੈ। ਪੁਸਤਕ ਵਿਚਲੀਆਂ ਮਾਸਟਰ ਹਰੀ ਸਿੰਘ ਦੇ ਹਵਾਲੇ ਨਾਲ ਲਿਖੀਆਂ ਹੇਠ ਲਿਖੀਆਂ ਸਤਰਾਂ ਸਾਨੂੰ ਗ਼ਦਰ ਲਹਿਰ ਦੀ ਇਤਿਹਾਸਕ ਗਤੀਸ਼ੀਲਤਾ ਬਾਰੇ ਦੱਸਦੀਆਂ ਹਨ:

ਇਨ੍ਹਾਂ ਗ਼ਦਰੀ ਸੂਰਵੀਰਾਂ ਦੀਆਂ ਸ਼ਹਾਦਤਾਂ ਐਵੇਂ ਅਜਾਈ ਨਹੀਂ ਗਈਆਂ।

ਕੁਝ ਦੇਰ ਇਹ ਲਹਿਰ ਮੱਧਮ ਪੈ ਕੇ ਫੇਰ ਉਠੀ ਸੀ। ਇਨ੍ਹਾਂ ਗ਼ਦਰੀ ਯੋਧਿਆਂ ਦੇ ਨਕਸ਼ੇ ਕਦਮ 'ਤੇ ਚੱਲ ਕੇ ਹਜ਼ਾਰਾਂ ਨੇ ਮਹਾਨ ਕੁਰਬਾਨੀਆਂ ਦਿੱਤੀਆਂ। ਇਤਿਹਾਸ ਗਵਾਹ ਹੈ ਕਿ ਪੰਜਾਬ ਵਿਚ ਚੱਲੀ ਹਰ ਇਨਕਲਾਬੀ ਲਹਿਰ 'ਤੇ ਗ਼ਦਰ ਪਾਰਟੀ ਦੀ ਛਾਪ ਹੈ। ਇਸ ਦੇ ਮੈਂਬਰਾਂ ਨੇ ਹਮੇਸ਼ਾ ਅੱਗੇ ਹੋ ਕੇ ਲੋਕਾਂ ਲਈ ਕੁਰਬਾਨੀਆਂ ਕੀਤੀਆਂ। 1952 ਤੱਕ, ਜਦੋਂ ਗ਼ਦਰ ਪਾਰਟੀ ਤੋੜ ਦਿੱਤੀ ਗਈ ਸੀ, ਇਸ ਦੇ ਮੈਂਬਰ ਕੁਰਬਾਨੀਆਂ ਦੀ ਅਗਲੀ ਸਫ ਵਿਚ ਰਹੇ ਸਨ। (ਪੰਨਾ - 173)

ਪੁਸਤਕ ਲੇਖਕ ਕਿਰਤੀ ਪਾਰਟੀ ਨੂੰ ਪੰਜਾਬ ਅੰਦਰ ਖੱਬੇ ਪੱਖੀ ਵਿਚਾਰਧਾਰਾ ਦੀ ਮੁੱਖ ਪਾਰਟੀ ਮੰਨਦਾ ਹੋਇਆ 'ਕਿਰਤੀ' ਅਖ਼ਬਾਰ ਅਤੇ ਇਸ ਦੁਆਲੇ ਉਸਰੀ ਕਮਿਊਨਿਸਟ ਲਹਿਰ ਨੂੰ ਮਹੱਤਵਪੂਰਨ ਤਰੀਕੇ ਨਾਲ ਪੇਸ਼ ਕਰਦਾ ਹੈ। ਲੇਖਕ ਦਾ ਵਿਚਾਰ ਹੈ ਕਿ ਭਾਵੇਂ ਕਿਰਤੀ ਪਾਰਟੀ ਦਾ ਜਥੇਬੰਦਕ ਢਾਂਚਾ ਸਮੇਂ-ਸਮੇਂ ਸਿਰ ਬਦਲਦਾ ਰਿਹਾ ਪਰ ਇਸ ਨੇ ਪੰਜਾਬ ਅੰਦਰ ਕਮਿਊਨਿਸਟ ਲਹਿਰ ਉਸਾਰਨ ਵਿਚ ਅਹਿਮ ਯੋਗਦਾਨ ਪਾਇਆ। ਕਿਰਤੀ ਪਾਰਟੀ ਦਾ ਘੇਰਾ ਸਿਰਫ ਪੰਜਾਬ ਤਕ ਹੀ ਮਹਿਦੂਦ ਨਹੀਂ ਸੀ ਸਗੋਂ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਵੀ ਇਸ ਨੇ ਇਨਕਲਾਬੀ

ਸੋਚ ਨੂੰ ਫੈਲਾਉਣ ਦਾ ਕਾਰਜ ਕੀਤਾ। ਭਾਵੇਂ ਬਾਅਦ ਵਿਚ ਸੀ.ਪੀ.ਆਈ. ਅਤੇ ਕਿਰਤੀ ਪਾਰਟੀ ਸਮਾਨਾਂਤਰ ਚੱਲਦੀਆਂ ਰਹੀਆਂ ਪਰ ਕਿਰਤੀ ਪਾਰਟੀ ਨੇ ਮੁੱਖ ਤੌਰ 'ਤੇ ਸੀ.ਪੀ.ਆਈ. ਨੂੰ ਆਪਣੀ ਵਫ਼ਾਦਾਰੀ ਵੀ ਕਾਇਮ ਰੱਖੀ। ਬਾਬਾ ਬਿਲਗਾ ਕਿਰਤੀ ਅਖ਼ਬਾਰ ਦੇ ਫਰਵਰੀ 1927 ਅੰਕ ਵਿਚ ਦਰਜ ਰੀਪੋਰਟ ਵਿਚ ਕਿਰਤੀ ਪਾਰਟੀ ਅਤੇ ਕਿਰਤੀ ਅਖ਼ਬਾਰ ਦੀ ਦੇਣ ਅਤੇ ਇਸਦੇ ਪ੍ਰਮੁੱਖ ਨਿਸ਼ਾਨਿਆਂ ਦੀ ਨਿਸ਼ਾਨਦੇਹੀ ਕਰਦਿਆਂ ਲਿਖਦਾ ਹੈ:

1. ਕਿਰਤੀ ਜਿਸ ਨਿਸ਼ਾਨੇ ਨੂੰ ਲੈ ਕੇ ਪ੍ਰਕਾਸ਼ਿਤ ਹੋਇਆ ਸੀ ਉਸ 'ਤੇ ਚੱਲਣ ਦੀ ਪੂਰੀ ਕੋਸ਼ਿਸ਼ ਕੀਤੀ ਗਈ।
2. ਕਿਰਤੀ ਨੇ ਆਪਣਾ ਨਿਸ਼ਾਨਾ ਸਵਰਾਜ ਜਾਂ ਹੋਮ ਰੂਲ ਨਹੀਂ ਬਲਕਿ ਹਿੰਦੋਸਤਾਨ ਦੀ ਪੂਰਨ ਅਜ਼ਾਦੀ ਮਿਥਿਆ ਸੀ ਅਤੇ ਅੱਗੇ ਮਜ਼ਦੂਰ ਕਿਸਾਨ ਰਾਜ ਦੀ ਸਥਾਪਨਾ ਸੀ। ਅਸੀਂ ਆਪਣੇ ਇਸ ਸਟੈਂਡ 'ਤੇ ਅਡੋਲ ਖ਼ੜ੍ਹੇ ਰਹੇ ਹਨ ਤੇ ਅੱਗੇ ਲਈ ਵੀ ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਲਈ ਖੜ੍ਹੇ ਰਹਾਂਗੇ।
3. ਹਿੰਦੋਸਤਾਨ ਨੂੰ ਪੂਰਨ ਆਜ਼ਾਦੀ ਉਨ੍ਹਾਂ ਦੀ ਤੌਰ ਤਰੀਕਿਆਂ ਨਾਲ ਮਿਲੇਗੀ ਜਿਨ੍ਹਾਂ ਨਾਲ ਦੁਨੀਆ ਦੇ ਹੋਰ ਗ਼ੁਲਾਮ ਦੇਸ਼ਾਂ ਨੂੰ (ਭਾਵ ਹਥਿਆਰਬੰਦ ਇਨਕਲਾਬ ਜ਼ਰੀਏ) ਹੋਰ ਕੋਈ ਤਰੀਕਾ, ਬਾਈਕਾਟ ਜਾਂ ਸਤਿਆਗ੍ਰਹਿ ਆਦਿ ਕਾਮਯਾਬੀ ਵੱਲ ਨਹੀਂ ਲਿਜਾ ਸਕਦਾ। ਅਸੀਂ ਇਸ ਤਰੀਕੇ 'ਤੇ ਖੜ੍ਹੇ ਹਾਂ ਤੇ ਅੱਗੇ ਨੂੰ ਵੀ ਇਸ 'ਤੇ ਹੀ ਖ਼ੜ੍ਹੇ ਰਹਾਂਗੇ।
4. ਕਿਰਤੀ ਦਾ ਇਹ ਨਿਸ਼ਚਾ ਹੈ ਕਿ ਹਿੰਦੋਸਤਾਨ ਦੀ ਆਜ਼ਾਦੀ ਤੇ ਸਮਾਜਵਾਦ ਲਈ ਲੜਾਈ ਦੁਨੀਆ ਭਰ ਦੇ ਲੋਕਾਂ ਦੀ ਆਜ਼ਾਦੀ ਤੇ ਸੋਸ਼ਲਿਜ਼ਮ ਦੀ ਲੜਾਈ ਦੀ ਇਕ ਕੜੀ ਹੈ। ਇਸ ਲਈ ਅਸੀਂ ਹਿੰਦੋਸਤਾਨੀ ਲੋਕਾਂ ਦੀ ਜੱਦੋਜਹਿਦ ਦਾ ਵੇਰਵਾ ਦੁਨੀਆ ਦੇ ਇਨਕਲਾਬੀਆਂ ਅੱਗੇ ਰੱਖਦੇ ਰਹਾਂਗੇ ਅਤੇ ਦੁਨੀਆ ਵਿਚ ਚਲ ਰਹੀਆਂ ਇਨਕਲਾਬੀ ਲਹਿਰਾਂ ਬਾਰੇ ਹਿੰਦੋਸਤਾਨ ਦੇ ਲੋਕਾਂ ਨੂੰ ਜਾਣੂ ਕਰਵਾਉਂਦੇ ਰਹਾਂਗੇ।

   ਪਿਛਲੇ ਸਾਲ ਅਸੀਂ ਚੀਨੀ ਲੋਕਾਂ ਦੇ ਆਜ਼ਾਦੀ ਦੇ ਘੋਲ ਬਾਰੇ ਤੇ ਅਫ਼ਗਾਨਿਸਤਾਨ ਦੀ ਅਜ਼ਾਦੀ ਬਾਰੇ ਲਿਖਦੇ ਰਹੇ। ਇੰਗਲੈਂਡ ਦੇ ਕੋਲੇ ਦੇ ਮਜ਼ਦੂਰਾਂ ਦੀ ਹੜਤਾਲ ਬਾਰੇ, ਇਟਲੀ ਵਿਚ ਫਾਸ਼ਿਸਟ ਰੁਝਾਨ ਬਾਰੇ ਅਤੇ ਐਬੇਸੀਨੀਆ ਉੱਤੇ ਫਾਸ਼ਿਸਟ ਇਟਲੀ ਦੇ ਹਮਲੇ ਬਾਰੇ ਆਦਿ ਕੌਮਾਂਤਰੀ ਘਟਨਾਵਾਂ 'ਤੇ ਚਾਨਣਾ ਪਾਉਂਦੇ ਰਹੇ ਹਾਂ। ਅੱਗੇ ਨੂੰ ਵੀ ਇਹ ਸਿਲਸਿਲਾ ਜਾਰੀ ਰਹੇਗਾ।
5. ਰੂਸ ਵਿਚ ਮਜ਼ਦੂਰ ਕਿਸਾਨ ਰਾਜ ਕਾਇਮ ਹੋ ਚੁੱਕਿਆ ਹੈ ਤੇ ਉਥੋਂ ਦੇ ਲੋਕ ਉਸਾਰੀ ਕਰਕੇ ਸੋਸ਼ਲਿਜ਼ਮ ਵੱਲ ਵਧ ਰਹੇ ਹਨ। ਇਸ ਬਾਰੇ ਅਸੀਂ ਆਪਣੇ ਪਾਠਕਾਂ ਨੂੰ ਭਰਪੂਰ ਜਾਣਕਾਰੀ ਦਿੱਤੀ ਤੇ ਅੱਗੇ ਨੂੰ ਵੀ ਸੋਵੀਅਤ ਰੂਸ ਦੀ ਹਾਲਤ ਬਾਰੇ ਲਿਖਦੇ ਰਹਾਂਗੇ।
6. ਕੌਮੀ ਸ਼ਹੀਦ ਮੁਲਕ ਦੀ ਵੱਡਮੁੱਲੀ ਵਿਰਾਸਤ ਹੁੰਦੇ ਹਨ। ਅਸੀਂ ਇਨ੍ਹਾਂ ਦੇ ਕਾਰਨਾਮਿਆਂ ਤੇ ਜ਼ਿੰਦਗੀਆਂ ਬਾਰੇ ਲਿਖਦੇ ਆਏ ਹਾਂ। ਅੱਗੇ ਨੂੰ 1914-16 ਦੇ ਗ਼ਦਰੀ ਸ਼ਹੀਦਾਂ, ਬੱਬਰ ਅਕਾਲੀਆਂ, ਨੌਜਵਾਨ ਇਨਕਲਾਬੀ ਸ਼ਹੀਦਾਂ ਦੀਆਂ ਜ਼ਿੰਦਗੀਆਂ ਬਾਰੇ ਲਿਖਦੇ ਰਹਾਂਗੇ। (ਪੰਨਾ-180)

ਇਸ ਤਰ੍ਹਾਂ ਕਿਰਤੀ ਪਾਰਟੀ ਤੋਂ ਬਾਅਦ ਬਣੀ ਲਾਲ ਪਾਰਟੀ ਸੰਬੰਧੀ ਵੀ ਪੁਸਤਕ ਲੇਖਕ

ਬਹੁਤ ਮਹੱਤਵਪੂਰਨ ਜਾਣਕਾਰੀ ਉਪਲੱਬਧ ਕਰਵਾਉਂਦਾ ਹੈ। ਉਸ ਅਨੁਸਾਰ ਲਾਲ ਪਾਰਟੀ ਨੇ ਨਕੋਦਰ ਵਿਚ ਇਕੱਠੇ ਹੋ ਕੇ ਲਾਲ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਰਦਿਆਂ ਹੀ ਕਮਿਊਨਿਸਟ ਲਹਿਰ ਵਿਚ ਆਈ ਖ਼ੜੋਤ ਤੇ ਬੇਹਰਕਤੀ ਦੇ ਵਾਤਾਵਰਣ ਨੂੰ ਦੂਰ ਕਰਨ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਸਨ। ਲਾਲ ਪਾਰਟੀ ਅਸਲ ਵਿਚ ਕਿਰਤੀ ਪਾਰਟੀ ਦਾ ਹੀ ਦੂਜਾ ਨਾਂ ਸੀ ਜਿਸ ਨੇ ਆਪਣੀਆਂ ਜ਼ਿਲ੍ਹਾ ਕਮੇਟੀਆਂ ਅਤੇ ਮੁੱਢਲੀਆਂ ਇਕਾਈਆਂ ਨੂੰ ਸਰਗਰਮ ਕੀਤਾ। ਲਾਲ ਪਾਰਟੀ ਦੇ ਆਗੂ ਭਾਵੇਂ 1948 ਦੇ ਛਾਪਿਆਂ ਵਿਚ ਗ੍ਰਿਫ਼ਤਾਰ ਕਰ ਲਏ ਸਨ ਫਿਰ ਵੀ ਲਾਲ ਪਾਰਟੀ ਨੇ ਸਰਕਾਰ ਦੀ ਲੋਕ-ਮਾਰੂ ਕਾਰਵਾਈ ਦਾ ਮਜ਼ਬੂਤੀ ਨਾਲ ਮੁਕਾਬਲਾ ਕੀਤਾ। ਇਸ ਦੇ ਵੱਡੇ ਨੇਤਾ ਜਿਵੇਂ ਤੇਜਾ ਸਿੰਘ ਸੁਤੰਤਰ ਅਤੇ ਬਾਬਾ ਬੂਝਾ ਸਿੰਘ ਰੂਪੋਸ਼ ਹੋ ਗਏ ਸਨ ਅਤੇ ਲਾਲ ਝੰਡਾ (ਗੁਪਤ ਅਖ਼ਬਾਰ) ਦੁਬਾਰਾ ਸ਼ੁਰੂ ਹੋ ਗਿਆ ਸੀ। ਲਾਲ ਪਾਰਟੀ ਨੇ ਪੈਪਸੂ ਦੀ ਮੁਜ਼ਾਰਾ ਲਹਿਰ ਵਿਚ ਸਰਗਰਮੀ ਨਾਲ ਭਾਗ ਲਿਆ ਅਤੇ ਸਫਲਤਾ ਹਾਸਿਲ ਕੀਤੀ ਜਿਹੜੀ ਕਿ ਇਸ ਦੀ ਮਹਾਨ ਜਿੱਤ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਅੱਜ ਵੀ ਸਤਿਕਾਰ ਸਹਿਤ ਯਾਦ ਕੀਤਾ ਜਾਂਦਾ ਹੈ। ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਬਾਬੂ ਹਰਨਾਮ ਸਿੰਘ, ਸੋਹਨ ਲਾਲ ਪਾਠਕ, ਮੇਵਾ ਸਿੰਘ ਲੋਪੋਕੇ, ਹਰੀ ਸਿੰਘ ਉਸਮਾਨ, ਤੇਜਾ ਸਿੰਘ ਸੁਤੰਤਰ, ਬਾਬਾ ਭਗਤ ਸਿੰਘ ਬਿਲਗਾ ਆਦਿ ਗ਼ਦਰੀਆਂ ਦੇ ਕਠਿਨ ਜੀਵਨ ਦੇ ਵਡਮੁੱਲੇ ਵੇਰਵਿਆਂ ਰਾਹੀਂ ਇਹ ਪੁਸਤਕ ਪ੍ਰੰਪਰਾਗਤ ਇਤਿਹਾਸ ਲੇਖਨ ਅੱਗੇ ਪ੍ਰਸ਼ਨ-ਚਿੰਨ੍ਹ ਪੈਦਾ ਕਰਦੀ ਹੈ। ਅੰਗਰੇਜ਼ ਸਾਮਰਾਜ ਦੁਆਰਾ ਸਿਰਜੇ ਹਿੰਦੁਸਤਾਨ ਦੀ ਲੁੱਟ ਦੇ ਇਤਿਹਾਸ ਨੂੰ ਬਾਬਾ ਬਿਲਗਾ ਵੰਗਾਰਦਾ ਹੀ ਨਹੀਂ ਸਗੋਂ ਸਾਡੇ ਇਤਿਹਾਸ ਦੀ ਇਨਕਲਾਬੀ ਵਿਰਾਸਤ ਨੂੰ ਸਾਹਮਣੇ ਵੀ ਲਿਆਉਂਦਾ ਹੈ। ਆਪਣੇ ਇਨਕਲਾਬੀ ਵਿਰਸੇ ਨੂੰ ਪੁਨਰ-ਸੁਰਜੀਤ ਕਰਦਾ ਹੋਇਆ ਲੇਖਕ ਇਨਕਲਾਬੀ ਵਿਵੇਕ ਨੂੰ ਸਹੀ ਸਿੱਧ ਕਰਨ ਲਈ ਅੰਗਰੇਜ਼ ਸਾਮਰਾਜ ਦੀ ਹਿੰਸਕ ਅਤੇ ਲੋਟੂ ਸਿਆਸਤ ਨੂੰ ਵੀ ਉਜਾਗਰ ਕਰ ਜਾਂਦਾ ਹੈ। ਗ਼ਦਰ ਲਹਿਰ ਨਾਲ ਸਬੰਧਤ ਲਿਖੀਆਂ ਗਈਆਂ ਪੁਸਤਕਾਂ ਵਿਚ ਇਹ ਪੁਸਤਕ ਇਕ ਮਹੱਤਵਪੂਰਨ ਸਥਾਨ ਰੱਖਦੀ ਹੈ। ਗ਼ਦਰ ਲਹਿਰ ਦੇ ਅਣਗੌਲੇ ਪਰ ਵੱਡਮੁੱਲੇ ਪੱਖਾਂ ਨੂੰ ਉਭਾਰਦੀ ਹੋਈ ਇਹ ਪੁਸਤਕ ਇਨਕਲਾਬੀ ਲਹਿਰ ਸਬੰਧੀ ਅਗਲੇਰੀ ਅਤੇ ਬਹੁ-ਪੱਖੀ ਖੋਜ ਲਈ ਹਵਾਲਾ ਪੁਸਤਕ (Reference Book) ਦੇ ਤੌਰ 'ਤੇ ਸਾਹਮਣੇ ਆਉਂਦੀ ਹੈ। ਬਾਬਾ ਬਿਲਗਾ ਜੀ ਦਾ ਇਹ ਇਕ ਸੁਹਿਰਦ ਯਤਨ ਹੈ ਜਿਸ ਵਿਚ ਉਨ੍ਹਾਂ ਨੇ ਗ਼ਦਰ ਲਹਿਰ ਦੇ ਇਤਿਹਾਸਕ, ਸਮਾਜਿਕ, ਸਿਆਸੀ, ਸਭਿਆਚਾਰਕ ਅਤੇ ਸਾਹਿਤਕ ਨੁਕਤਿਆਂ ਦਾ ਮੁਲਾਂਕਣ ਕੀਤਾ ਹੈ।

ਗ਼ਦਰ ਲਹਿਰ ਨਾਲ ਸੰਬੰਧਤ ਖੋਜ, ਅਧਿਐਨ ਅਤੇ ਅਧਿਆਪਨ ਸਬੰਧੀ ਅਜੇ ਵੀ ਸਾਡੇ ਚਿੰਤਕਾਂ, ਖੋਜਾਰਥੀਆਂ ਅਤੇ ਇਤਿਹਾਸਕਾਰਾਂ ਦਾ ਧਿਆਨ ਬਹੁਤ ਆਸ਼ਾਜਨਕ ਨਹੀਂ ਹੈ। ਹਾਲਾਂਕਿ ਇਸ ਲਹਿਰ ਨੇ ਸੁਚੇਤ ਤੌਰ 'ਤੇ ਗ਼ੁਲਾਮੀ ਦੀ ਜਿੱਲ੍ਹਣ ਵਿਚੋਂ ਕੱਢਣ ਲਈ ਹਿੰਦੋਸਤਾਨੀ ਲੋਕਾਂ ਅੰਦਰ ਦੇਸ਼-ਭਗਤੀ ਦਾ ਜਜ਼ਬਾ ਜਗਾਇਆ ਹੈ। ਗ਼ਦਰੀਆਂ ਦੇ ਆਜ਼ਾਦ ਭਾਰਤ ਦੇ ਸੁਪਨੇ ਤੇ ਮਨੁੱਖੀ ਸ਼ਖ਼ਸੀਅਤਾਂ ਦੀ ਸੰਪੂਰਨ ਉਸਾਰੀ ਅਤੇ ਖੁਸ਼ਹਾਲੀ ਲਈ ਪੁਸਤਕ ਦੇ ਆਖ਼ਰੀ ਸ਼ਬਦ ਸਾਡਾ ਧਿਆਨ ਖਿੱਚਦੇ ਹਨ:

ਅੱਜ ਵੀ ਜੀਵਤ ਗ਼ਦਰੀ ਤੇ ਉਨ੍ਹਾਂ ਦੇ ਕਿਰਤੀ ਵਾਰਸ ਪੰਜਾਬ ਦੇ ਘੋਲ ਵਿਚ ਵਿਸ਼ੇਸ਼ ਹਿੱਸਾ ਪਾ ਰਹੇ ਹਨ। ਗ਼ਦਰੀਆਂ ਨੇ ਜੋ ਸ਼ਮਾਂ ਪੰਜਾਹ ਸਾਲ ਪਹਿਲਾਂ ਜਗਾਈ ਸੀ, ਅੱਜ ਵੀ ਜਗਮਗਾਉਂਦੀ ਹੈ। ਉਹ ਆਜ਼ਾਦ ਭਾਰਤ ਵਿਚ ਹੋ ਰਹੀਆਂ ਕੁਰੀਤੀਆਂ ਦੇ ਖਿਲਾਫ਼ ਲੋਕਾਂ ਦੇ ਹੱਕਾਂ ਲਈ ਉਸੇ ਲਗਨ, ਦਿਆਨਤਦਾਰੀ ਤੇ ਦਲੇਰੀ ਨਾਲ ਸੰਘਰਸ਼ ਕਰ ਰਹੇ ਹਨ। "ਸ਼ਾਅਲਾ ਮੇਰਾ ਦੇਸ਼ ਅਜ਼ਾਦ ਖੁਸ਼ਹਾਲ ਰਹੇ।" ਗ਼ਦਰੀਆਂ ਦੀ ਆਖ਼ਰੀ ਖ਼ਾਹਿਸ਼ ਸੀ। ਇਹ ਪੂਰੀ ਹੋ ਕੇ ਰਹੇਗੀ। (ਪੰਨਾ –308)

ਆਮੀਨ।

***

# .ਗਦਰ ਲਹਿਰ ਦੇ ਅਣਫੋਲੇ ਵਰਕੇ: ਇਕ ਇਤਿਹਾਸਕ ਦਸਤਾਵੇਜ਼

-ਡਾ. ਚਰਨਜੀਤ ਸਿੰਘ ਗੁਮਟਾਲਾ

ਬਾਬਾ ਭਗਤ ਸਿੰਘ ਬਿਲਗਾ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ 'ਤੇ ਡਾ. ਜਸਬੀਰ ਕੌਰ ਗਿੱਲ ਨੇ ਆਪਣੀ ਪੁਸਤਕ 'ਗਦਰ ਪਾਰਟੀ ਦਾ ਲੋਹ ਪੁਰਸ਼, ਬਾਬਾ ਭਗਤ ਸਿੰਘ ਬਿਲਗਾ' ਵਿਚ ਵਿਸਥਾਰ ਨਾਲ ਵਰਨਣ ਕੀਤਾ ਹੈ।ਜਦ ਪੰਜਾਬ ਕਾਲੇ ਦੌਰ ਵਿਚ ਗੁਜ਼ਰ ਰਿਹਾ ਸੀ ਤਾਂ ਜਣੇ ਖਣੇ ਨੇ ਆਪਣੀ ਸੁਰੱਖਿਆ ਲਈ ਸੁਰੱਖਿਆ ਕਰਮਚਾਰੀ ਸਰਕਾਰ ਤੋਂ ਲਏ ਹੋਏ ਸਨ, ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਉਹ ਆਮ ਵਾਂਗ ਦੇਸ਼ ਭਗਤ ਯਾਦਗਾਰ ਹਾਲ ਆਉਂਦੇ ਤੇ ਆਮ ਲੋਕਾਂ ਵਿਚ ਵਿਚਰਦੇ। ਉਨ੍ਹਾਂ ਨੇ ਆਪਣੇ ਨਿਸ਼ਾਨੇ 'ਤੇ ਪਹਿਰਾ ਦਿੱਤਾ, ਭਾਵੇਂ ਉਨ੍ਹਾਂ ਨੂੰ ਕਿੰਨੀਆਂ ਵੀ ਮੁਸ਼ਕਿਲਾਂ ਵਿਚੋਂ ਗੁਜ਼ਰਨਾ ਪਿਆ। ਉਹ ਵਾਕਿਆ ਹੀ ਲੋਹਪੁਰਸ਼ ਸਨ।ਉਨ੍ਹਾਂ ਨੂੰ ਮਿਲਣ ਦਾ ਕਈ ਵੇਰ ਮੌਕਾ ਮਿਲਿਆ, ਬੜੇ ਡੂੰਘੀ ਸੋਚ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਹ ਇਕ ਚਲਦਾ ਫਿਰਦਾ ਐਨਸਾਈਕਲੋਪੀਡੀਆ ਸਨ। ਕੋਈ ਗੱਲ ਪੁੱਛੋ, ਉਸਦਾ ਉਸੇ ਸਮੇਂ ਜੁਆਬ ਮਿਲ ਜਾਂਦਾ ਸੀ।

ਉਨ੍ਹਾਂ ਦੀ ਪੁਸਤਕ '.ਗਦਰ ਲਹਿਰ ਦੇ ਅਣਫੋਲੇ ਵਰਕੇ, .ਗਦਰ ਪਾਰਟੀ ਤੇ ਕਿਰਤੀ ਪਾਰਟੀ (1908-1952)' ਪੰਜਾਬ ਦੇ ਇਨਕਲਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਰਖਦੀ ਹੈ। ਪੰਜਾਬ ਵਿਚ .ਗਦਰ ਪਾਰਟੀ ਦੀਆਂ ਗਤੀਵਿਧੀਆਂ ਨੂੰ ਜਾਰੀ ਰਖਣ ਲਈ ਕਿਰਤੀ ਪਾਰਟੀ ਹੋਂਦ ਵਿਚ ਆਈ ਤੇ ਕਿਰਤੀ ਪਾਰਟੀ ਨੇ ਕਈ ਸੰਸਥਾਵਾਂ ਨੂੰ ਜਨਮ ਦਿੱਤਾ। ਆਮ ਤੌਰ 'ਤੇ .ਗਦਰ ਪਾਰਟੀ ਨਾਲ ਸੰਬੰਧਿਤ ਪੁਸਤਕਾਂ 1907 ਤੋਂ ਸ਼ੁਰੂ ਹੋ ਕੇ 1922 ਤੀਕ ਹੀ ਜਾਣਕਾਰੀ ਦਿੰਦੀਆਂ ਹਨ ਤੇ ਕਿਰਤੀ ਪਾਰਟੀ ਲਈ ਵਖਰੀਆਂ ਪੁਸਤਕਾਂ ਹਨ। ਪਰ ਬਿਲਗਾ ਜੀ ਨੇ ਇਸ ਪੁਸਤਕ ਵਿਚ 1908 ਤੋਂ 1952 ਤੀਕ ਦੋਵਾਂ ਪਾਰਟੀਆਂ ਬਾਰੇ ਬੜੇ ਸੰਖੇਪ ਪਰ ਭਾਵਪੂਰਤ ਸ਼ਬਦਾਂ ਵਿਚ ਜਾਣਕਾਰੀ ਦਿੱਤੀ ਹੈ।ਅਸਲ ਵਿਚ ਇਹ ਦੋਵੇਂ ਪਾਰਟੀਆਂ ਨਾਲ ਨਾਲ ਚਲਦੀਆਂ ਸਨ ਤੇ ਇਨ੍ਹਾਂ ਦਾ ਆਪਸ ਵਿਚ ਗਹਿਰਾ ਸਬੰਧ ਸੀ। ਇਸ ਦਾ ਪ੍ਰਣਾਮ ਇਸ ਨੂੰ ਪੜ੍ਹਿਆਂ ਮਿਲਦਾ ਹੈ।

ਸ਼ੁਰੂ ਵਿਚ .ਗਦਰ ਪਾਰਟੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਨੇ .ਗਦਰ ਸਹਿਤ ਨੂੰ ਚੰਗੀ ਤਰ੍ਹਾਂ ਵਾਚਿਆ ਹੋਇਆ ਸੀ, ਇਸ ਲਈ ਜਿੱਥੇ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਇਸ ਘਟਨਾ ਬਾਰੇ ਜਾਣਕਾਰੀ ਦਿੱਤੀ ਨਹੀਂ ਗਈ ਜਾਂ ਜਾਣਕਾਰੀ ਅਧੂਰੀ ਹੈ, ਉਸ ਨੂੰ ਉਨ੍ਹਾਂ ਨੇ ਜ਼ਰੂਰ

ਲਿਆ। ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿਚ ਜਿਨ੍ਹਾਂ ਮੋਰਚਿਆਂ 'ਤੇ ਗ਼ਦਰੀਆਂ ਨੇ ਸੰਘਰਸ਼ ਕੀਤਾ ਉਸ ਬਾਰੇ ਵੀ ਸੰਖੇਪ ਵਿਚ ਜਾਣਕਾਰੀ ਦਿੱਤੀ ਹੈ। ਗ਼ਦਰੀਆਂ 'ਤੇ ਜਿਹੜੇ ਸਾਜ਼ਸ਼ ਕੇਸ ਚਲੇ, ਉਨ੍ਹਾਂ ਦਾ ਵਰਣਨ ਵੀ ਕੀਤਾ ਹੈ।

ਰੂਸੀ ਇਨਕਲਾਬ ਪਿੱਛੋਂ ਗ਼ਦਰੀ ਸਿਆਸਤ ਵਿਚ ਆਏ ਤਿਖੇ ਮੋੜ ਬਾਰੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਗ਼ਦਰ ਪਾਰਟੀ ਦੇ ਰੂਸ, ਆਇਰਲੈਂਡ, ਸਲੋਵਾਕੀਆ, ਮਿਸਰ, ਚੀਨ, ਅਫ਼ਗਾਨਿਸਤਾਨ ਵਿਚ ਚਲ ਰਹੀਆਂ ਤਰੱਕੀ ਪਸੰਦ ਲਹਿਰਾਂ ਨਾਲ ਨੇੜਲੇ ਸੰਬੰਧ ਸਨ। ਇਨ੍ਹਾਂ ਸ਼ਕਤੀਆਂ ਦੀਆਂ ਪ੍ਰਤੀਨਿਧ ਜਥੇਬੰਦੀਆਂ ਦੇ ਦਫ਼ਤਰ ਵੀ ਸਾਨਫਰਾਂਸਿਸਕੋ ਵਿਚ ਸਨ, ਜੋ ਕਿ ਗ਼ਦਰ ਪਾਰਟੀ ਦਾ ਹੈੱਡ ਕੁਆਟਰ ਸੀ।ਗ਼ਦਰ ਪਾਰਟੀ ਨੇ 1917 ਵਿਚ 'ਰੂਸੀ ਇਨਕਲਾਬ ਬਾਰੇ ਖ਼ਬਰਨਾਮਾ' ਨਾਂ ਦਾ ਇਕ 64 ਸਫ਼ਿਆਂ ਦਾ ਕਿਤਾਬਚਾ ਪੰਜਾਬੀ, ਉਰਦੂ ਅਤੇ ਹਿੰਦੀ ਵਿਚ ਛਾਪ ਕੇ ਦਸ ਦਸ ਹਜ਼ਾਰ ਦੀ ਗਿਣਤੀ ਵਿਚ ਦੁਨੀਆਂ ਭਰ ਵਿਚ ਮੁਫ਼ਤ ਵੰਡਿਆ ਗਿਆ। ਬਿਲਗਾ ਅਨੁਸਾਰ ਗ਼ਦਰੀਆਂ ਨੇ ਪੰਜਾਬੀ ਨੂੰ ਸਮਾਜੀ ਅਤੇ ਰਾਜਸੀ ਲਿਖਤਾਂ ਵਿਚ ਵਰਤਿਆ, ਜਿਸ ਨੂੰ ਪਹਿਲਾਂ ਪੇਂਡੂ ਗੰਵਾਰਾ ਦੀ ਅਖੜ ਜ਼ੁਬਾਨ ਕਿਹਾ ਜਾਂਦਾ ਸੀ।

13 ਅਪ੍ਰੈਲ 1919 ਦੇ ਜ਼ਲ੍ਹਿਆਂਵਾਲੇ ਬਾਗ਼ ਦੇ ਸਾਕੇ ਨੂੰ ਅਕਸਰ ਮਹਾਤਮਾ ਗਾਂਧੀ ਨਾਲ ਜੋੜਿਆ ਜਾਂਦਾ ਹੈ, ਜੋ ਕਿ ਹਥਿਆਰਬੰਦ ਸੰਘਰਸ਼ ਦੇ ਹਮੇਸ਼ਾਂ ਖ਼ਿਲਾਫ਼ ਰਹੇ। ਪਰ 'ਪੰਜਾਬ ਵਿਚ ਬਗ਼ਾਵਤ (1919)' ਸਿਰਲੇਖ ਹੇਠ 1919 ਦੀਆਂ ਘਟਨਾਵਾਂ ਨੂੰ ਬਗ਼ਾਵਤ ਸਿੱਧ ਕੀਤਾ ਗਿਆ ਹੈ। ਇਸ ਸਬੰਧੀ 18 ਅਪ੍ਰੈਲ 1919 ਦੀ 'ਟਾਈਮਜ਼ ਆਫ਼ ਇੰਡੀਆ' ਦੇ ਖ਼ਬਰ ਦੇ ਹਵਾਲੇ ਨਾਲ ਉਨ੍ਹਾਂ ਲਿਖਿਆ ਹੈ, "ਤਾਰਾਂ ਕਟਣੀਆਂ, ਰੇਲ ਗੱਡੀਆਂ ਉਲਟਾਣੀਆਂ ਅਤੇ ਜੇਲ 'ਚ ਕੈਦੀਆਂ ਨੂੰ ਛੁਡਾਉਣ ਦੀ ਕੋਸ਼ਿਸ਼ ਕਰਨਾ ਸਤਿਆ ਗ੍ਰਹੀਆਂ ਦਾ ਕੰਮ ਨਹੀਂ ਸੀ। ਇਹ ਇਨਕਲਾਬੀਆਂ ਦੇ ਐਕਸ਼ਨ ਸਨ।" ਐਡਵਾਇਰ ਅਨੁਸਾਰ ਇਸ ਬਗ਼ਾਵਤ ਵਿਚ 500 ਪੰਜਾਬੀ ਮਰੇ, 2500 ਤੇ ਮੁਕਦੱਮੇ ਚਲਾਏ ਗਏ, ਜਿਨ੍ਹਾਂ ਵਿਚੋਂ 1800 ਨੂੰ ਸਜਾਵਾਂ ਹੋਈਆਂ। ਇਨ੍ਹਾਂ ਵਿਚੋਂ 108 ਨੂੰ ਫਾਂਸੀ ਦੀ ਸਜ਼ਾ, 265 ਨੂੰ ਉਮਰ ਕੈਦ ਹੋਈ।ਇਸ ਲਈ ਇਹ ਵਾਕਿਆ ਹੀ ਬਗ਼ਾਵਤ ਸੀ। ਜਿਹੜੀ ਸਰਕਾਰ ਸਮਝਦੀ ਸੀ ਕਿ ਅਸੀਂ ਗ਼ਦਰ ਨੂੰ ਦਬਾ ਕੇ ਭਾਰਤ ਦੀ ਆਜ਼ਾਦੀ ਲਹਿਰ ਨੂੰ ਕੁਚਲ ਦਿੱਤਾ ਹੈ, ਉਸ ਨੂੰ ਪੰਜਾਬੀਆਂ ਨੇ ਦੱਸ ਦਿੱਤਾ ਕਿ ਗ਼ਦਰੀ ਬਹਾਦਰਾਂ ਦਾ ਖ਼ੂਨ ਏਨਾ ਗਰਮ ਤੇ ਭੜਕਾਊ ਨਿਕਲਿਆ ਕਿ ਇਹ ਪਿਘਲ ਕੇ ਦੇਸ਼ ਵਾਸੀਆਂ ਦੀ ਰਗ-ਰਗ ਵਿਚ ਧਸ ਗਿਆ ਸੀ।

1919 ਵਿਚ ਅਫ਼ਗਾਨਿਸਤਾਨ ਦੇ ਅਮਾਨਉਲਾ ਨੇ ਇਕ ਆਜ਼ਾਦ ਮੁਲਕ ਹੋਣ ਦਾ ਐਲਾਨ ਕਰ ਦਿੱਤਾ। ਇਸ ਨਾਲ ਅਫ਼ਗਾਨਸਤਾਨ ਤੀਜੀ ਜੰਗ ਵਿਚ ਸ਼ਾਮਲ ਹੋ ਗਿਆ ਤੇ ਇਸ ਜੰਗ ਵਿਚ ਕਾਬਲ ਵਿਚਲੇ ਹਿੰਦੁਸਤਾਨੀ ਇਨਕਲਾਬੀਆਂ ਨੇ ਪੂਰਾ ਸਾਥ ਦਿੱਤਾ। 27 ਮਈ 1919 ਨੂੰ ਸੋਵੀਅਤ ਯੂਨੀਅਨ ਤੇ ਅਫ਼ਗਾਨਿਸਤਾਨ ਵਿਚ ਸਮਝੌਤਾ ਹੋਇਆ ਕਿ ਜੇਕਰ ਕੋਈ ਗ਼ੈਰ ਮੁਲਕ ਇਨ੍ਹਾਂ ਤੇ ਹਮਲਾ ਕਰੇਗਾ ਤਾਂ ਉਹ ਇਕ ਦੂਜੇ ਦੀ ਮਦਦ ਕਰਨਗੇ। ਅਖ਼ੀਰ ਅੰਗਰੇਜ਼ਾਂ ਨੇ ਅਫ਼ਗਾਨਿਸਤਾਨ ਨੂੰ ਇਕ ਪੂਰਨ ਆਜ਼ਾਦ ਦੇਸ਼ ਮੰਨ ਲਿਆ। ਗ਼ਦਰ ਪਾਰਟੀ ਨੇ ਬਰਕਤਉਲਾ ਦੀ ਅਗਵਾਈ ਵਿਚ 1919 ਤੋਂ 1929 ਤਕ ਅਮਾਨਉੱਲਾ ਦੇ ਸਮੇਂ ਅਹਿਮ ਕਾਰਨਾਮੇ ਕੀਤੇ।

1920 ਤੋਂ ਬਾਅਦ ਗ਼ਦਰ ਪਾਰਟੀ ਇਕ ਕਮਿਊਨਿਸਟ ਅਗਵਾਈ ਹੇਠ ਚਲਣ

ਵਾਲੀ ਲਹਿਰ ਬਣ ਗਈ। ਇਸ ਦੇ ਤਿੰਨ ਕੇਂਦਰ ਬਣ ਗਏ ਸਨ। ਅੰਮ੍ਰਿਤਸਰ ਵਿਚ ਕਿਰਤੀ ਅਖ਼ਬਾਰ ਦਾ ਗ਼ਦਰੀ ਕੇਂਦਰ, ਕਾਬਲ ਦਾ ਕੇਂਦਰ ਜਿਸ ਨੂੰ ਬਰਕਤਉੱਲਾ ਤੋਂ ਬਾਦ ਮਾਸਟਰ ਊਧਮ ਸਿੰਘ ਕਸੇਲ, ਬਾਬਾ ਗੁਰਮੁਖ ਸਿੰਘ ਤੇ ਰਤਨ ਸਿੰਘ ਚਲਾ ਰਹੇ ਸਨ ਤੇ ਤੀਸਰਾ ਸਾਨਫਰਾਂਸਿਸਕੋ ਦਾ ਗ਼ਦਰੀ ਹੈੱਡ ਕੁਆਟਰ। 'ਗ਼ਦਰ ਪਾਰਟੀ 1922 ਤੋਂ 1926' ਤਕ ਸਿਰਲੇਖ ਹੇਠ ਵਿਚ ਇਸ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਮਹਾਰਾਜਾ ਪਟਿਆਲਾ ਅਤੇ ਬਰਤਾਨਵੀ ਹਕੂਮਤ ਵਲੋਂ ਭੇਜੇ ਏਜੰਟਾਂ ਅਤੇ ਅਮਰੀਕਾ ਰਹਿੰਦੇ ਨਹਿਰੂ ਪ੍ਰਵਾਰ ਦੇ ਇਕ ਨਿਕਟਵਰਤੀ ਸਈਅਦ ਹੁਸੈਨ ਦੇ ਅਮਰੀਕਾ ਵਿਚਲੇ ਗ਼ਦਰੀਆਂ ਵਿਰੁੱਧ ਕੀਤੀਆਂ ਕਾਰਵਾਈਆਂ ਨੂੰ ਵੀ ਨੰਗਾ ਕੀਤਾ ਗਿਆ ਹੈ ਤੇ ਗ਼ਦਰੀ ਬਾਬਾ ਗੁਰਮੁਖ ਸਿੰਘ, ਬਾਬਾ ਨਿਧਾਨ ਸਿੰਘ ਮਹੇਸਰੀ ਅਤੇ ਬਰਕਤਉੱਲਾ ਦੇ ਇਨ੍ਹਾਂ ਫੁੱਟ-ਪਾਊ ਅਨਸਰਾਂ ਵਿਰੁੱਧ ਕੀਤੇ ਕੰਮ ਨੂੰ ਸਲਾਹਿਆ ਗਿਆ ਹੈ। 1924 ਵਿਚ ਧਰਦੇਉ ਪਿੰਡ ਵਿਚ ਭਾਈ ਸੰਤੋਖ ਸਿੰਘ, ਸ. ਕਰਮ ਸਿੰਘ ਚੀਮਾ, ਮਾਸਟਰ ਊਧਮ ਸਿੰਘ ਕਸੇਲ ਅਤੇ ਸ. ਇੰਦਰ ਸਿੰਘ ਸੁਰ ਸਿੰਘ ਨੇ ਮੀਟਿੰਗ ਕਰਕੇ ਕਿਰਤੀ ਅਖ਼ਬਾਰ ਸ਼ੁਰੂ ਕਰਨ ਅਤੇ ਦੇਸ਼ ਭਗਤ ਪ੍ਰਵਾਰ ਕਮੇਟੀ ਬਨਾਉਣ ਦਾ ਫ਼ੈਸਲਾ ਕੀਤਾ । ਸਿੱਟੇ ਵਜੋਂ 21 ਨਵੰਬਰ 1924 ਨੂੰ ਦੇਸ਼ ਭਗਤ ਕਮੇਟੀ ਬਾਬਾ ਵਸਾਖਾ ਸਿੰਘ ਦੀ ਅਗਵਾਈ ਵਿਚ ਬਣਾਈ ਗਈ ਤੇ ਫ਼ਰਵਰੀ 1926 ਨੂੰ ਕਿਰਤੀ ਅਖ਼ਬਾਰ ਦਾ ਮਾਸਕ ਅੰਕ ਲੋਕਾਂ ਦੇ ਹੱਥਾਂ ਵਿਚ ਆ ਗਿਆ।

ਚੀਨ ਦੇ ਆਜ਼ਾਦੀ ਸੰਗਰਾਮ ਵਿਚ ਵੀ ਗ਼ਦਰੀਆਂ ਨੇ ਭਾਗ ਲਿਆ। ਪੰਜਾਬੀਆਂ ਨੂੰ ਲਾਮਬੰਦ ਕਰਨ ਲਈ ਮਾਰਚ 1927 ਵਿਚ ਸ. ਦਸੌਂਧਾ ਸਿੰਘ. ਸ. ਚਰਨ ਸਿੰਘ ਅਤੇ ਸ. ਇੰਦਰ ਸਿੰਘ ਨੇ ਮੀਟਿੰਗ ਕਰਕੇ 15 ਰੋਜ਼ਾ ਪੰਜਾਬੀ ਅਖ਼ਬਾਰ 'ਲਾਲ ਢੰਡੋਰਾ' ਨਾਂ ਦਾ ਪਰਚਾ ਕੱਢਿਆ।

ਤੇਜਾ ਸਿੰਘ ਸੁਤੰਤਰ 1924 ਤੋਂ 1929 ਤੀਕ ਤੁਰਕੀ ਦੀ ਫ਼ੌਜੀ ਅਕੈਡਮੀ ਤੋਂ ਕਮਿਸ਼ਨ ਹਾਸਲ ਕਰਕੇ ਤੁਰਕੀ ਫ਼ੌਜ ਵਿਚ ਲੈਫ਼ਟੀਨੈਂਟ ਭਰਤੀ ਹੋ ਗਿਆ। ਗ਼ਦਰ ਪਾਰਟੀ ਦੇ ਹੁਕਮ ਅਨੁਸਾਰ ਉਹ ਛੁੱਟੀ ਲੈ ਕੇ 14 ਦਸੰਬਰ 1929 ਨੂੰ ਸਾਨਫਰਾਂਸਿਸਕੋ ਪਾਰਟੀ ਦੇ ਹੈੱਡਕੁਆਟਰ ਪਹੁੰਚ ਗਿਆ। ਉਸ ਨੇ ਪਾਰਟੀ ਨੂੰ ਬਹੁਤ ਸਰਗਰਮ ਕਰ ਦਿੱਤਾ ਤੇ ਗੁਰੀਲਾ ਟ੍ਰੇਨਿੰਗ ਦੇਣੀ ਸ਼ੁਰੂ ਕੀਤੀ। ਗ਼ਦਰ ਪਾਰਟੀ ਨੇ ਆਪਣਾ ਹਵਾਈ ਜਹਾਜ਼ ਖ਼੍ਰੀਦ ਕੇ ਟ੍ਰੇਨਿੰਗ ਦੇਣੀ ਸ਼ੁਰੂ ਕੀਤੀ। ਗ਼ਦਰ ਅਖ਼ਬਾਰ ਮੁੜ ਛਪਣਾ ਸ਼ੁਰੂ ਹੋ ਗਿਆ। 'ਕਿਰਤੀ' ਅਖਬਾਰ ਵੀ ਭਾਰਤ ਤੋਂ ਜਾਂਦਾ ਸੀ। ਬਰਤਾਨੀਆ ਸਰਕਾਰ ਅਮਰੀਕੀ ਸਰਕਾਰ 'ਤੇ ਦਬਾਅ ਪਾ ਰਹੀ ਸੀ ਕਿ ਉਹ ਸੁਤੰਤਰ ਨੂੰ ਦੇਸ਼ ਨਿਕਾਲਾ ਦੇਵੇ। ਸੁਤੰਤਰ ਰਾਕੀਓ ਮਾਰੂ ਜਹਾਜ਼ ਫੜਕੇ 12 ਫ਼ਰਵਰੀ 1932 ਨੂੰ ਪਨਾਮਾ ਆ ਗਿਆ।

1914-15 ਵਿਚ ਗ਼ਦਰ ਪਾਰਟੀ ਦੀ ਪੈਨਾਮਾ ਬ੍ਰਾਂਚ ਬਣ ਗਈ ਸੀ। ਸੁਤੰਤਰ ਨੇ ਇਥੇ ਪਾਰਟੀ ਲਈ ਕੰਮ ਕੀਤਾ ਤੇ ਬਰਾਜ਼ੀਲ ਚਲੇ ਗਏ। ਬਰਾਜ਼ੀਲ ਵਿਚ 1907 ਵਿਚ ਜਲਾਵਤਨ ਹੋਇਆ ਸ. ਅਜੀਤ ਸਿੰਘ ਰਹਿੰਦਾ ਸੀ, ਜਿਸ ਪਾਸ ਉਹ ਠਹਿਰੇ ਗ਼ਦਰ ਪਾਰਟੀ ਦੀ ਅਰਜਨਟੀਨਾ ਬ੍ਰਾਂਚ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਉਸ ਸਮੇਂ ਬਾਬਾ ਭਗਤ ਸਿੰਘ ਬਿਲਗਾ ਬ੍ਰਾਂਚ ਦੇ ਜਨਰਲ ਸਕੱਤਰ ਤੇ ਸ. ਦਲੀਪ ਸਿੰਘ ਪ੍ਰਧਾਨ ਸਨ। ਉਸ ਸਮੇਂ ਕਾਮਰੇਡ ਬੂਝਾ ਸਿੰਘ ਵੀ ਉੱਥੇ ਸਨ। ਸ. ਅਜੀਤ ਸਿੰਘ ਵੀ ਅਰਜਨਟੀਨਾ ਆ ਗਏ। ਉਨ੍ਹਾਂ ਪਾਸ ਸ਼ਹੀਦੇ ਆਜ਼ਮ ਭਗਤ

ਸਿੰਘ ਦੇ ਲਿਖੇ ਦੋ ਖਤ ਸਨ, ਜਿਹੜੇ ਭਗਤ ਸਿੰਘ ਨੇ ਬਰਾਜ਼ੀਲ ਲਿਖੇ ਸਨ। ਇਕ ਦਸ ਸਫ਼ੇ ਦਾ ਸੀ, ਜਿਸ ਵਿਚ ਸ਼ਹੀਦ ਭਗਤ ਸਿੰਘ ਨੇ ਕਾਂਗਰਸ ਨੀਤੀ ਦੀ ਸਖ਼ਤ ਆਲੋਚਨਾ ਕੀਤੀ ਸੀ ਤੇ ਆਪਣੇ ਬਾਰੇ ਲਿਖਿਆ ਸੀ ਕਿ ਮੈਂ ਸੋਸ਼ਲਿਸਟ ਹਾਂ ਬਲਕਿ ਕਮਿਊਨਿਸਟ ਹਾਂ।

ਉਨ੍ਹੀ ਦਿਨੀਂ ਮਾਸਕੋ ਯੂਨੀਵਰਸਿਟੀ ਇਨਕਲਾਬੀਆਂ ਦਾ ਕੇਂਦਰ ਸੀ, ਉਸ ਬਾਰੇ ਜਾਣਕਾਰੀ ਦਿੱਤੀ ਹੈ। 1932-33 ਦੇ ਵਰ੍ਹੇ ਬੜੇ ਨਾਜ਼ਕ ਸਨ। ਜਰਮਨ ਵਿਚ ਹਿਟਲਰ ਦੀ ਫ਼ਾਸ਼ੀ ਸਰਕਾਰ ਬਣ ਗਈ ਤੇ ਸਪੇਨ ਵਿਚ ਤਾਨਾਸ਼ਾਹੀ ਸਰਕਾਰ ਕਾਇਮ ਹੋ ਗਈ। ਸਿੱਟੇ ਵਜੋਂ ਬਰਲਨ ਗ਼ਦਰੀ ਕੇਂਦਰ ਖ਼ਤਮ ਹੋ ਗਿਆ। 1929 ਵਿਚ ਅੰਗਰੇਜ਼ ਕਾਬਲ ਵਿਚ ਅਮਾਨਉੱਲਾ ਸਰਕਾਰ ਦਾ ਤਖ਼ਤਾ ਪਲਟਾਉਣ ਵਿਚ ਕਾਮਯਾਬ ਹੋ ਗਏ ਤੇ ਗ਼ਦਰ ਪਾਰਟੀ ਦੇ ਦਫ਼ਤਰ ਨੂੰ ਤੋੜ ਦਿੱਤਾ ਗਿਆ। ਗ਼ਦਰੀ ਖਿਲਰ ਪੁਲਰ ਗਏ। ਬਹੁਤ ਸਾਰੇ ਭਾਰਤ ਤੇ ਹੋਰ ਮੁਲਕਾਂ ਨੂੰ ਜਾਂਦੇ ਫੜੇ ਗਏ, ਜਿਨ੍ਹਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ।

'ਹਿੰਦੁਸਤਾਨ ਦੀ ਰਾਜਨੀਤੀ ਵਿਚ ਖੱਬੇ-ਪੱਖੀ ਤੇ ਸਮਾਜਵਾਦੀ ਰੁਝਾਨ' ਸਿਰਲੇਖ ਵਿਚ 1926 ਵਿਚ ਹਮਖਿਆਲ ਕਮਿਊਨਿਸਟਾਂ ਦਾ ਕਲਕੱਤੇ ਇਕੱਠੇ ਹੋ ਕੇ ਖੁੱਲੇ ਪਲੇਟਫਾਰਮ ਦਾ ਨਾਂ ਮਜ਼ਦੂਰ ਕਿਸਾਨ ਪਾਰਟੀ ਰਖਣਾ, ਜਿਸ ਨੂੰ ਪੰਜਾਬ ਵਿਚ ਕਿਰਤੀ ਕਿਸਾਨ ਪਾਰਟੀ ਕਰਕੇ ਜਾਣਿਆ ਗਿਆ ਦੀ ਸਥਾਪਨਾ, ਕਿਰਤੀ ਰਸਾਲੇ ਵਿਚ ਸ਼ਹੀਦ ਭਗਤ ਸਿੰਘ ਦਾ ਉਪ-ਸੰਪਾਦਕ ਦੇ ਤੌਰ 'ਤੇ 'ਵਿਦਰੋਹੀ' ਦੇ ਨਾਂ ਹੇਠ ਲਿਖਤਾਂ ਛਾਪਣੀਆਂ, 1919 ਦੀ ਪੰਜਾਬ ਬਗਾਵਤ ਵਿਚ ਰੇਲਵੇ ਦੀਆਂ ਯੂਨੀਅਨਾਂ ਦਾ ਯੋਗਦਾਨ, 20 ਮਾਰਚ 1929 ਨੂੰ ਦੇਸ਼ ਭਰ ਵਿਚੋਂ ਕਮਿਊਨਿਸਟਾਂ ਅਤੇ ਟਰੇਡ ਯੂਨੀਅਨਿਸਟ ਦੇ ਖੱਬੇ ਪੱਖੀ ਲੀਡਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ 'ਤੇ ਮੇਰਠ ਸਾਜ਼ਸ਼ ਕੇਸ ਚਲਾਉਣਾ, 8 ਅਪ੍ਰੈਲ 1929 ਨੂੰ ਸ਼ਹੀਦ ਭਗਤ ਸਿੰਘ ਤੇ ਦੱਤ ਦਾ ਅਸੈਂਬਲੀ ਹਾਲ ਵਿਚ ਬੰਬ ਸੁੱਟਣਾ, 1929 ਤੋਂ 1931 ਤੀਕ ਪੰਜਾਬ ਕਿਰਸਾਨੀ ਦੀ ਦੁਰ-ਦਸ਼ਾ, ਮਜ਼ਦੂਰਾਂ ਕਿਸਾਨਾਂ ਦਾ ਸੰਘਰਸ਼, ਬੰਗਾਲ ਦੇ ਇਨਕਲਾਬੀਆਂ ਵਲੋਂ 1930 ਵਿਚ ਹਥਿਆਰਬੰਦ ਬਗ਼ਾਵਤ ਕਰਕੇ ਚਿਟਾਗਾਂਗ ਤੋਂ ਰੀਪਬਲਿਕਨ ਹਕੂਮਤ ਦੀ ਸਥਾਪਨਾ, ਇਨਕਲਾਬੀਆਂ ਵੱਲੋਂ ਮਹਾਤਮਾ ਗਾਂਧੀ ਨੂੰ ਕਾਲੇ ਫੁੱਲ ਪੇਸ਼ ਕਰਨੇ , ਇਨਕਲਾਬੀਆਂ ਦਾ ਸ਼ਹੀਦ ਭਗਤ ਸਿੰਘ ਨੂੰ ਛੁਡਾਉਣ ਦੇ ਉਪਰਾਲੇ ਕਰਨੇ, ਮਈ 1931 ਤੋਂ ਉਰਦੂ ਤੇ ਪੰਜਾਬੀ ਵਿਚ ਹਫ਼ਤਾਵਾਰ 'ਮਜ਼ਦੂਰ-ਕਿਸਾਨ' ਅਖ਼ਬਾਰ ਸ਼ੁਰੂ ਕਰਨਾ, ਮੇਰਠ ਸਾਜਸ਼ ਕੇਸ, ਕਮਿਊਨਿਸਟਾਂ ਤੇ ਕਾਂਗਰਸ ਵਿਚ ਟੱਕਰ ਦੇ ਸਾਲ, ਕਿਰਤੀ ਪਾਰਟੀ ਲਈ 1931-32 ਦਾ ਮੁਸ਼ਕਲਾਂ ਦਾ ਸਾਲ, ਬਾਰੇ ਜਾਣਕਾਰੀ ਦਿੱਤੀ ਗਈ ਹੈ।

ਇਨ੍ਹਾਂ ਤੋਂ ਬਾਦ ਪੰਜਾਬ ਵਿਚ ਕਾਮਰੇਡ ਸੋਹਨ ਸਿੰਘ ਜ਼ੋਸ਼ ਵੱਲੋਂ ਪਹਿਲਾਂ ਐਂਟੀ ਇਮਪੀਰੀਆਲਿਸਟ ਲੀਗ ਤੇ ਬਾਦ ਵਿਚ ਰੈਡੀਕਲ ਲੀਗ ਕਾਇਮ ਕਰਕੇ ਕਮਿਊਨਿਸਟ ਲਹਿਰ ਵਿਚ ਫੁੱਟ ਦੇ ਬੀਜ ਬੀਜਣ, 1935 ਵਿਚ ਕਮਿਊਨਿਸਟਾਂ ਵੱਲੋਂ ਕਾਂਗਰਸ ਨਾਲ ਮਿਲਵਾਂ ਫਰੰਟ ਬਨਾਉਣ, ਕਮਿਊਨਿਸਟਾਂ, ਕਾਂਗਰਸੀਆਂ ਤੇ ਅਕਾਲੀਆਂ ਵੱਲੋਂ ਰਲ ਕੇ ਕਾਨਫਰੰਸਾਂ ਕਰਨ, 'ਲਾਲ ਢੰਡੋਰਾ' ਗੁਪਤ ਪ੍ਰੈੱਸ ਲਾ ਕੇ ਛਾਪਣ, ਲਾਹੌਰ ਦਾ ਸ਼ਾਹੀ ਕਿਲਾ ਜੋ ਕਿ ਉਸ ਸਮੇਂ ਖ਼ੁਫੀਆ ਪੁਲਿਸ ਦਾ ਬੁਚੜਖਾਨਾ ਸੀ ਬਾਰੇ, 1936-37 ਦੀਆਂ ਅਸੈਂਬਲੀ ਚੋਣਾਂ ਵਿਚ ਕਿਰਤੀ ਆਗੂਆਂ ਦੀਆਂ ਸ਼ਾਨਦਾਰ ਜਿੱਤਾਂ, ਕਿਰਤੀ ਪਾਰਟੀ ਦਾ 1937-38-39 ਵਿਚ ਕਾਂਗਰਸ ਦੇ ਅੰਦਰ ਕੰਮ ਕਰਨ, 1937 ਵਿਚ ਮੇਰਠ ਤੋਂ 'ਕਿਰਤੀ' ਅਖ਼ਬਾਰ ਸ਼ੁਰੂ ਕਰਨ, ਫਤੇਵਾਲ ਕਤਲ

ਕੇਸ, ਸਿਆਸੀ ਕੈਦੀਆਂ ਦੀ ਰਿਹਾਈ ਲਈ ਕਿਰਤੀ ਪਾਰਟੀ ਦੇ ਉਪਰਾਲੇ, ਕਾਂਗਰਸ ਸੋਸ਼ਲਿਸਟ ਜਥੇਬੰਦੀ ਦੀ ਕਾਇਮੀ, ਪੰਜਾਬ ਦੀ ਮੁਜਾਰਾ ਲਹਿਰ, ਕਿਰਤੀ ਪਾਰਟੀ ਵੱਲੋਂ ਪਰਜਾ ਮੰਡਲ ਲਹਿਰ ਵਿਚ ਭਰਪੂਰ ਯੋਗਦਾਨ ਪਾਉਣ, ਜਿਲਾ ਗੁਰਦਾਸਪੁਰ ਦਾ ਮੁਜਾਰਾ ਘੋਲ, ਅੰਮ੍ਰਿਤਸਰ ਦੇ ਬੰਦੋਬਸਤ ਵਿਰੁੱਧ ਅੰਦੋਲਨ, ਲਾਇਲਪੁਰ ਦੀਆਂ ਜਰਾਇਤੀ ਕਾਨਫਰੰਸਾਂ, ਫਿਰੋਜ਼ਪੁਰ ਤੇ ਕਲਸੀਆ ਦਾ ਮੋਰਚਾ, ਲਾਹੌਰ ਕਿਸਾਨ ਮੋਰਚਾ, ਤਰੀਪੁਰਾ ਕਾਂਗਰਸ ਸੈਸ਼ਨ 1939,ਦੂਜੇ ਸੰਸਾਰ ਜੰਗ ਵਿਚ ਕਿਰਤੀ ਪਾਰਟੀ ਦੀਆਂ ਸਰਗਰਮੀਆਂ ਤੇ ਅੰਗਰੇਜ਼ਾਂ ਵੱਲੋਂ ਇਨਕਲਾਬੀਆਂ 'ਤੇ ਤਸ਼ਦਦ, ਕਿਰਤੀ ਕਿਸਾਨ ਏਕਤਾ ਅਤੇ ਇਸ ਤਰ੍ਹਾਂ ਦੀਆਂ ਕਈ ਹੋਰ ਘਟਨਾਵਾਂ ਬਾਰੇ ਲਿਖਿਆ ਗਿਆ ਹੈ। ਦੇਸ਼ ਆਜ਼ਾਦ ਹੋ ਗਿਆ ਪਰ ਆਜ਼ਾਦ ਭਾਰਤ ਵਿਚ ਗ਼ਦਰੀਆਂ ਤੇ ਹੋਰ ਇਨਕਲਾਬੀਆਂ ਨੂੰ ਜੇਲ੍ਹਾਂ ਵਿਚ ਡੱਕਿਆ ਗਿਆ।

'ਗ਼ਦਰ ਹੈੱਡਕੁਆਟਰ ਸਾਨਫਰਾਂਸਿਸਕੋ (1949 ਤੋਂ 1952)' ਸਿਰਲੇਖ ਹੇਠ ਅਮਰੀਕਾ ਦੇ ਹੈੱਡਕੁਅਟਰ ਬਾਰੇ ਜਾਣਕਾਰੀ ਦਿੱਤੀ ਗਈ ਹੈ ਕਿ ਪਾਰਟੀ ਨੇ ਬਹੁਤੇ ਗ਼ਦਰੀ ਭਾਰਤ ਭੇਜ ਦਿੱਤੇ ਸਨ। ਉਸ ਸਮੇਂ ਅਮਰੀਕਾ ਵਿਚ ਕਮਿਊਨਿਸਟ ਵਿਰੋਧੀ ਲਹਿਰ ਸਿਖ਼ਰ 'ਤੇ ਸੀ। 1949 ਵਿਚ ਗ਼ਦਰ ਪਾਰਟੀ ਭੰਗ ਕਰ ਦਿੱਤੀ ਗਈ ਤੇ ਪੁਰਾਣੀ ਇਮਾਰਤ ਢਾਹ ਕੇ 1952 ਵਿਚ ਇਸ ਦੀ ਰਜਿਸਟਰੀ ਹਿੰਦੁਸਤਾਨੀ ਕੌਂਸਲ ਜਨਰਲ ਸਾਨਫਰਾਂਸਿਸਕੋ ਦੇ ਨਾਂ ਬਕਾਇਦਾ ਕਰਵਾ ਦਿੱਤੀ ਗਈ। ਇਸ ਨਾਲ ਗ਼ਦਰ ਪਾਰਟੀ ਦੀ ਪੰਜਾਹ ਸਾਲਾ ਇਨਕਲਾਬੀ ਜਦੋ ਜਹਿਦ ਖ਼ਤਮ ਹੋ ਗਈ। ਗ਼ਦਰ ਹੈੱਡਕੁਆਟਰ ਦੀ ਥਾਂ 'ਤੇ ਗ਼ਦਰ ਮੈਮੋਰੀਅਲ ਖੜਾ ਕਰ ਦਿੱਤਾ ਗਿਆ।

ਭਾਰਤ ਪਰਤੇ ਗ਼ਦਰੀ ਸਾਰੀ ਉਮਰ ਸੰਘਰਸ਼ ਕਰਦੇ ਰਹੇ ਤੇ ਲੋਕਾਂ ਲਈ ਲੜਦਿਆਂ, ਉਨ੍ਹਾਂ ਅਨੇਕ ਕੁਰਬਾਨੀਆਂ ਦਿੱਤੀਆਂ ,ਜਿਨ੍ਹਾਂ ਨੂੰ ਪੜ੍ਹਦਿਆਂ ਰੌਂਗਟੇ ਖੜੇ ਹੋ ਜਾਂਦੇ ਹਨ। ਭਾਵੇਂ ਆਜਾਦ ਭਾਰਤ ਦੀਆਂ ਸਰਕਾਰਾਂ ਨੇ ਇਨ੍ਹਾਂ ਸਿਰਲਥੇ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਮਿੱਟੀ ਵਿਚ ਰੋਲ ਦਿੱਤਾ ਹੈ ਪਰ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਨੂੰ ਹਮੇਸ਼ਾਂ ਯਾਦ ਰਖਣਗੀਆਂ। ਆਜਾਦ ਭਾਰਤ ਵਿਚ ਵੀ ਉਨ੍ਹਾਂ ਨਾਲ ਗ਼ੁਲਾਮ ਭਾਰਤ ਵਾਲਾ ਸਲੂਕ ਹੁੰਦਾ ਰਿਹਾ। ਬਾਬਾ ਬੂਝਾ ਸਿੰਘ ਵਰਗੇ ਮਹਾਨ ਗ਼ਦਰੀ ਨੂੰ ਨਕਸਲ ਬਾੜੀ ਲਹਿਰ ਦੇ ਆਗੂ ਹੋਣ ਕਰਕੇ ਬਾਦਲ ਸਰਕਾਰ ਨੇ ਗ੍ਰਿਫ਼ਤਾਰ ਕਰਕੇ ਝੂਠੇ ਪੁਕਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਅੱਜ ਵੀ ਗ਼ਦਰੀਆਂ ਦੀ ਸ਼ਮਾ ਨੂੰ ਉਨ੍ਹਾਂ ਦੇ ਪੈਰੋਕਾਰ ਜਗਾਈ ਰਖ ਰਹਿ ਹਨ ਤੇ ਆਜ਼ਾਦ ਭਾਰਤ ਵਿਚ ਮਿਹਨਤਕਸ਼ ਲੋਕਾਂ ਨਾਲ ਹੋ ਰਹੀਆਂ ਬੇ-ਇਨਸਾਫ਼ੀ ਵਿਰੁੱਧ ਆਵਾਜ਼ ਬੁਲੰਦ ਕਰ ਰਹੇ ਹਨ।

ਬਾਬਾ ਭਗਤ ਸਿੰਘ ਬਿਲਗਾ ਨੇ ਇਸ ਪੁਸਤਕ ਵਿਚ ਕੁੱਜੇ ਵਿਚ ਸਮੁੰਦਰ ਭਰ ਦਿੱਤਾ ਹੈ। ਪਾਠਕ ਇਸ ਨੂੰ ਇਕ ਸ੍ਰੋਤ ਪੁਸਤਕ ਵਜੋਂ ਵਰਤ ਕੇ ਅੱਗੇ ਇਨ੍ਹਾਂ ਘਟਨਾਵਾਂ ਸੰਬੰਧੀ ਹੋਰ ਪੁਸਤਕਾਂ/ ਸਮਗਰੀ ਪੜ੍ਹ ਕੇ ਆਪਣਾ ਗਿਆਨ ਵਧਾ ਸਕਦਾ ਹੈ। ਬਿਲਗਾ ਜੀ ਨੇ ਬਹੁਤ ਸਾਰੀਆਂ ਘਟਨਾਵਾਂ ਨੂੰ ਆਪ ਹੰਢਾਇਆ। ਕਈਆਂ ਬਾਰੇ ਉਨ੍ਹਾਂ ਨੇ ਇਨਕਲਾਬੀਆਂ ਨੂੰ ਮਿਲ ਕੇ ਜਾਣਕਾਰੀ ਪ੍ਰਾਪਤ ਕੀਤੀ ਤੇ ਲੋੜ ਅਨੁਸਾਰ ਸ੍ਰੋਤ ਪੁਸਤਕਾਂ ਦੇ ਹਵਾਲੇ ਵੀ ਦਿੱਤੇ ਹਨ ।ਇਸ ਲਈ ਇਸ ਦੀ ਇਤਿਹਾਸਕ ਪੱਖ ਤੋਂ ਵਿਸ਼ੇਸ਼ ਮਹੱਤਤਾ ਹੈ।

***

# 'ਮੇਰੇ ਸੰਗਰਾਮੀ ਸਾਥੀ' ਵਡਮੁੱਲੀ ਇਤਿਹਾਸਕ ਜਾਣਕਾਰੀ ਅਤੇ ਪ੍ਰੇਰਣਾ ਦੇਣ ਵਾਲੀ ਪੁਸਤਕ

-ਰਾਜਪਾਲ

ਬਾਬਾ ਭਗਤ ਸਿੰਘ ਬਿਲਗਾ ਹੁਰਾਂ ਨੇ ਕੇਵਲ ਇਤਿਹਾਸ ਸਿਰਜਿਆ ਹੀ ਨਹੀਂ ਸਗੋਂ ਇਤਿਹਾਸ ਨੂੰ ਸਾਂਭਣ ਦੇ ਵੀ ਵੱਡੇ ਉਪਰਾਲੇ ਕੀਤੇ। ਆਪਣੇ ਇੱਕ ਸਦੀ ਤੋਂ ਉੱਪਰ ਦੇ ਜੀਵਨ ਦਾ ਵੱਡਾ ਹਿੱਸਾ ਉਨ੍ਹਾਂ ਸੰਘਰਸ਼ਾਂ ਦੇ ਲੇਖੇ ਲਾਇਆ ਅਤੇ ਬਾਕੀ ਹਿੱਸਾ ਦੇਸ਼ ਭਗਤ ਯਾਦਗਾਰ ਹਾਲ ਦੇ ਆਗੂ ਦੇ ਰੂਪ ਵਿੱਚ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਨਵੀਆਂ ਪੀੜ੍ਹੀਆਂ ਦੇ ਸਨਮੁੱਖ ਕਰਨ ਵਿੱਚ ਮਸ਼ਰੂਫ ਰਹੇ। ਇਸੇ ਕੜੀ ਵਿੱਚ ਉਨ੍ਹਾਂ ਨੇ ਦੇਸ਼ ਭਗਤਾਂ ਅਤੇ ਲੋਕ ਆਗੂਆਂ ਦੇ ਬਾਰੇ ਵੱਡਮੁੱਲੇ ਲੇਖ ਲਿਖੇ ਜਿਨ੍ਹਾਂ ਨੂੰ ਇਸ ਕਿਤਾਬ ਦੇ ਰੂਪ ਵਿੱਚ ਸੰਕਲਿਤ ਕੀਤਾ ਹੈ ਪ੍ਰੋ. ਗੋਪਾਲ ਸਿੰਘ ਬੁੱਟਰ ਹੁਰਾਂ ਨੇ।

ਪੁਸਤਕ ਵਿੱਚ 23 ਸੰਗਰਾਮੀ ਆਗੂਆਂ ਦੇ ਜੀਵਨ ਵੇਰਵੇ ਸ਼ਾਮਿਲ ਹਨ, ਜਿਨ੍ਹਾਂ ਨੂੰ 4 ਵਰਗਾਂ ਵਿੱਚ ਵੰਡਿਆ ਗਿਆ ਹੈ-ਪਹਿਲਾ ਭਾਗ ਹੈ-'ਸਾਡੇ ਸੰਗਰਾਮੀ ਪੁਰਖੇ' ਜਿਸ ਵਿਚ ਉਨ੍ਹਾਂ ਦੇ ਸਮੇਂ ਤੋਂ ਪਹਿਲਾਂ ਹੋਏ 7 ਦੇਸ਼ ਭਗਤਾਂ ਦੇ ਜੀਵਨ ਬਾਰੇ ਲਿਖਿਆ ਹੈ ਜਿਵੇਂ ਭਾਈ ਮਹਾਰਾਜ ਸਿੰਘ, ਝਾਂਸੀ ਵਾਲੀ ਰਾਣੀ, ਤਾਂਤੀਆ ਟੋਪੇ, ਮੌਲਾਨਾ ਫ਼ਜ਼ਲ ਹੱਕ, ਖੈਰਾਬਾਈ, ਬੇਗਮ ਹਜ਼ਰਤ ਮਹੱਲ, ਜਨਰਲ ਬਖ਼ਤ ਖਾਂ ਅਤੇ ਸਤਿਗੁਰੂ ਰਾਮ ਸਿੰਘ। ਭਾਵੇਂ ਇਤਿਹਾਸਕ ਕਾਰਨਾਂ ਕਰਕੇ ਇਨ੍ਹਾਂ ਦਾ ਅਸਫ਼ਲ ਹੋਣਾ ਨਿਸ਼ਚਿਤ ਹੀ ਸੀ, ਪਰ ਜਿਸ ਬਹਾਦਰੀ ਨਾਲ ਉਹ ਅੰਗਰੇਜ਼ ਸਾਮਰਾਜ ਖਿਲਾਫ਼ ਲੜੇ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਬਣੀ। ਇਨ੍ਹਾਂ ਵਿੱਚ ਭਾਈ ਮਹਾਰਾਜ ਸਿੰਘ ਅਤੇ ਜਨਰਲ ਬਖ਼ਤ ਖਾਂ ਦੀਆਂ ਸੂਰਮਗਤੀ ਭਰੀਆਂ ਕੋਸ਼ਿਸ਼ਾਂ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕਰਦੀਆਂ ਹਨ।

ਦੂਜਾ ਭਾਗ 'ਮੇਰੇ ਸੰਗਰਾਮੀ ਸਾਥੀ' ਉਨ੍ਹਾਂ ਇਨਕਲਾਬੀਆਂ ਬਾਰੇ ਹੈ ਜਿਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਬਾਬਾ ਬਿਲਗਾ ਜੀ ਕੰਮ ਕਰਦੇ ਰਹੇ। ਇਨ੍ਹਾਂ ਲੇਖਾਂ ਵਿੱਚ ਬਹੁਤ ਹੀ ਮੌਲਿਕ ਜਾਣਕਾਰੀ ਹੈ ਕਿਉਂਕਿ ਸਰਦਾਰ ਅਜੀਤ ਸਿੰਘ, ਬਾਬਾ ਬੂਝਾ ਸਿੰਘ ਅਤੇ ਤੇਜਾ ਸਿੰਘ ਸੁਤੰਤਰ ਜਦ ਵਿਦੇਸ਼ਾਂ ਵਿਚ ਭਾਰਤੀਆਂ ਨੂੰ ਜਥੇਬੰਦ ਕਰਦੇ ਫਿਰ ਰਹੇ ਸਨ ਤਾਂ ਬਾਬਾ ਭਗਤ ਸਿੰਘ ਬਿਲਗਾ ਹੁਰੀਂ ਅਰਜਨਟਾਇਨਾ ਵਿੱਚ ਸਨ। ਉਹ ਇਨ੍ਹਾਂ ਕੋਲ ਆ ਕੇ ਠਹਿਰਦੇ ਰਹੇ ਅਤੇ ਉਥੇ ਰਹਿੰਦੇ ਭਾਰਤੀਆਂ ਨੂੰ ਆਜ਼ਾਦੀ ਸੰਗਰਾਮ ਦੀ ਲੜਾਈ ਵਿੱਚ ਸ਼ਾਮਿਲ ਕਰਨ ਲਈ ਜਥੇਬੰਦ ਕਰਦੇ ਰਹੇ। ਇਸ ਤਰ੍ਹਾਂ ਇਨ੍ਹਾਂ ਵੱਡੇ ਆਗੂਆਂ ਦੇ ਜੀਵਨ ਦੇ ਉਨ੍ਹਾਂ ਸਮਿਆਂ ਬਾਰੇ ਜੋ ਜਾਣਕਾਰੀ

ਇਨ੍ਹਾਂ ਲੇਖਾਂ ਤੋਂ ਮਿਲਦੀ ਹੈ, ਉਹ ਹੋਰ ਕਿਤੋਂ ਨਹੀਂ ਮਿਲ ਸਕਦੀ। ਜਿਸ ਤਰ੍ਹਾਂ ਬਾਬਾ ਰਤਨ ਸਿੰਘ ਰਾਏਪੁਰ ਡੱਬਾ ਵਾਲਿਆਂ ਦਾ ਬਾਬਾ ਬਿਲਗਾ ਅਤੇ ਬਾਬਾ ਬੂਝਾ ਸਿੰਘ ਹੋਰਾਂ ਨੇ ਫਰਜ਼ੀ ਨਾਂਅ ਲਾਭ ਸਿੰਘ ਜਮਸ਼ੇਰ ਹੇਠ ਅੰਗਰੇਜ਼ੀ ਪਾਸਪੋਰਟ ਬਣਵਾ ਕੇ ਦਿੱਤਾ ਜੋ ਅਜੇ ਤੀਕ ਅੰਗਰੇਜ਼ਾਂ ਦੀਆਂ ਖ਼ੁਫੀਆ ਫਾਈਲਾਂ ਵਿਚ ਲਾਭ ਸਿੰਘ ਜਮਸ਼ੇਰ ਦੇ ਨਾਂਅ ਹੇਠ ਹੀ ਰਿਕਾਰਡ ਵਿਚ ਦਰਜ ਹੁੰਦਾ ਰਿਹਾ। ਅਜਿਹੀਆਂ ਗੱਲਾਂ ਗ਼ਦਰ ਲਹਿਰ ਦੇ ਖੋਜੀਆਂ ਲਈ ਭੁਲੇਖੇ ਖੜੇ ਕਰ ਰਹੀਆਂ ਸਨ, ਜੋ ਬਾਬਾ ਬਿਲਗਾ ਨੇ ਸਾਫ਼ ਕੀਤੇ। ਜੇ ਬਾਬਾ ਬਿਲਗਾ ਦੱਖਣੀ ਅਮਰੀਕੀ ਦੇਸ਼ਾਂ ਵਿਚ ਇਨ੍ਹਾਂ ਭਾਰਤੀ ਇਨਕਲਾਬੀਆਂ ਦੇ ਰਹਿਣ ਸਮੇਂ ਦੇ ਇਹ ਵੇਰਵੇ ਨਾ ਲਿਖਦੇ ਤਾਂ ਬਹੁਤ ਕੁਝ ਛੁਪਿਆ ਹੀ ਰਹਿ ਜਾਣਾ ਸੀ। ਇਸ ਤੋਂ ਬਿਨਾਂ ਪੰਜਾਬ ਵਿੱਚ ਕਮਿਊਨਿਸਟ ਲਹਿਰ ਦਾ ਮੁੱਢ ਬੰਨ੍ਹਣ ਵਾਲੇ ਭਾਈ ਸੰਤੋਖ ਸਿੰਘ ਧਰਦਿਓ ਅਤੇ ਬਾਬਾ ਸੰਤਾ ਸਿੰਘ ਗੰਡੀਵਿੰਡ ਬਾਰੇ ਵੀ ਜਾਣਕਾਰੀ ਵੱਡਮੁੱਲੀ ਹੈ। ਉਪਰੋਕਤ ਆਗੂਆਂ ਤੋਂ ਇਲਾਵਾ ਇਸ ਭਾਗ ਵਿੱਚ ਸੂਫੀ ਅੰਬਾ ਪ੍ਰਸਾਦ, ਲਾਲਾ ਹਰਦਿਆਲ, ਇੰਦਰ ਸਿੰਘ ਵੇਰਕਾ ਅਤੇ ਕਾ. ਜਸਵੰਤ ਸਿੰਘ ਕੈਰੋਂ ਬਾਰੇ ਦਿਲਚਸਪ ਜਾਣਕਾਰੀ ਹੈ।

ਤੀਜਾ ਭਾਗ 'ਵਿਦੇਸ਼ਾਂ ਵਿਚ ਫਾਂਸੀ ਲੱਗੇ ਸੰਗਰਾਮੀ' ਹੈ ਜਿਸ ਵਿਚ ਕਰਜ਼ਨ ਵਾਇਲੀ ਨੂੰ ਮਾਰਨ ਵਾਲੇ ਸ਼ਹੀਦ ਮਦਨ ਲਾਲ ਢੀਂਗਰਾ, ਹਾਪਕਿਨਸਨ ਨੂੰ ਮਾਰਨ ਵਾਲੇ ਸ਼ਹੀਦ ਮੇਵਾ ਸਿੰਘ ਲੋਪੋਕੇ ਅਤੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਦਾ 21 ਸਾਲ ਬਾਅਦ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਦੇ ਬਾਰੇ ਲੇਖ ਹਨ। ਇਥੋਂ ਪਤਾ ਲੱਗਦਾ ਹੈ ਕਿ ਮੇਵਾ ਸਿੰਘ ਕੈਨੇਡਾ ਵਿੱਚ ਪੁਲਸ ਇੰਸਪੈਕਟਰ ਹਾਪਕਿਨਸਨ ਨੂੰ ਮਾਰਨ ਲਈ ਕਿਉਂ ਮਜਬੂਰ ਹੋਇਆ। ਇਵੇਂ ਹੀ ਊਧਮ ਸਿੰਘ ਵਾਲੇ ਲੇਖ ਵਿਚੋਂ ਪਤਾ ਚੱਲਦਾ ਹੈ ਕਿ ਊਧਮ ਸਿੰਘ 'ਤੇ ਚੱਲੇ ਮੁਕੱਦਮੇ ਦਾ ਇੰਗਲੈਂਡ ਦੇ ਨਿਆਂਇਕ ਇਤਿਹਾਸ ਵਿੱਚ ਸਭ ਤੋਂ ਘੱਟ ਸਮੇਂ ਵਿੱਚ ਫੈਸਲਾ ਹੋਇਆ ਅਤੇ ਇਹ ਵੀ ਕਿ ਮੁਕੱਦਮੇ ਦੀ ਕਾਰਵਾਈ ਪਹਿਲਾਂ ਪ੍ਰੈੱਸ ਵਾਲਿਆਂ ਤੋਂ ਗੁਪਤ ਰੱਖੀ ਅਤੇ ਫਿਰ ਇਸ ਨੂੰ ਮੋਹਰਬੰਦ ਕਰ ਦਿੱਤਾ ਗਿਆ ਕਿ 100 ਸਾਲ ਤੋਂ ਪਹਿਲਾਂ ਇਸ ਨੂੰ ਵੇਖਿਆ ਨਹੀਂ ਜਾ ਸਕੇਗਾ। ਅੱਜ ਖੋਜਕਾਰਾਂ ਦੀ ਅਣਸਰਦੀ ਲੋੜ ਹੈ ਅਤੇ ਇਨਕਲਾਬੀਆਂ ਦੇ ਵਾਰਸਾਂ ਦੀ ਜਜ਼ਬਾਤੀ ਚਾਹਨਾ ਵੀ ਕਿ ਇੰਗਲੈਂਡ ਦੀ ਸਰਕਾਰ 'ਤੇ ਦਬਾਅ ਪਾ ਕੇ ਮੁਕੱਦਮੇ ਦੀ ਕਾਰਵਾਈ ਜਨਤਕ ਕੀਤੀ ਜਾਵੇ।

ਆਜ਼ਾਦੀ ਤੋਂ ਪਹਿਲਾਂ ਜਿਹੜੇ ਮੁਸਲਮਾਨ ਨੌਜਵਾਨ ਇਨਕਲਾਬੀ ਲਹਿਰ ਵੱਲ ਖਿੱਚੇ ਗਏ, ਉਨ੍ਹਾਂ ਵਿਚੋਂ ਬਹੁਤੇ ਦੇਸ਼-ਵੰਡ ਬਾਅਦ ਪਾਕਿਸਤਾਨ ਚਲੇ ਗਏ, ਜਿਸ ਕਰਕੇ ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਜੀਵਨ ਸੰਘਰਸ਼ਾਂ ਬਾਰੇ ਇੱਧਰ ਬਹੁਤ ਘੱਟ ਜ਼ਿਕਰ ਪੜ੍ਹਨ ਨੂੰ ਮਿਲਦਾ ਹੈ। ਇਸ ਘਾਟ ਨੂੰ ਪੂਰਾ ਕਰਨ ਦਾ ਜਤਨ ਕੀਤਾ ਗਿਆ ਹੈ ਇਸ ਪੁਸਤਕ ਦੇ ਚੌਥੇ ਭਾਗ 'ਰਾਵੀ ਪਾਰ ਦੇ ਸੰਗਰਾਮੀ' ਵਿੱਚ। ਇਸ ਭਾਗ ਵਿੱਚ ਤਿੰਨ ਇਨਕਲਾਬੀ ਸੰਗਰਾਮੀਆਂ ਦੀਆਂ ਜੀਵਨ ਯਾਦਾਂ ਹਨ- ਚੌਧਰੀ ਅਫ਼ਜ਼ਲ ਹੱਕ, ਡਾ. ਮੀਰ ਅਬਦੁੱਲ ਮਜੀਦ 'ਲਹੌਰੀ' ਅਤੇ ਮੁਬਾਰਕ ਸਾਗਰ। ਤਿੰਨਾਂ ਦਾ ਜੀਵਨ ਅਤੇ ਇਨਕਲਾਬੀ ਸੰਘਰਸ਼ ਵਿੱਚ ਯੋਗਦਾਨ ਵੱਖੋ-ਵੱਖ ਤਰ੍ਹਾਂ ਦਾ ਸੀ ਪਰ ਤਿੰਨਾਂ ਦਾ ਹੀ ਜੀਵਨ ਮਿਸਾਲੀ ਸੀ। ਇਨ੍ਹਾਂ ਬਾਰੇ ਜਾਣਕਾਰੀ ਇਸ ਪੁਸਤਕ ਦਾ ਹਾਸਲ ਹੈ ਕਿਉਂਕਿ ਇਨ੍ਹਾਂ ਸ਼ਖ਼ਸੀਅਤਾਂ ਬਾਰੇ ਹੋਰ ਕਿਤੋਂ ਪੜ੍ਹਨ ਨੂੰ ਨਹੀਂ ਮਿਲਦਾ।

ਦੇਸ਼ ਅਤੇ ਲੋਕਾਂ ਲਈ ਸੰਘਰਸ਼ ਕਰਨ ਵਾਲੇ, ਉੱਚੇ-ਸੁੱਚੇ ਕਿਰਦਾਰਾਂ ਵਾਲੇ, ਨਿੱਜ ਤੋਂ

ਸਮੂਹਿਕ ਹਿੱਤਾਂ ਨੂੰ ਉੱਪਰ ਰੱਖਣ ਵਾਲੇ ਮਿਸਾਲੀ ਵਿਅਕਤੀਆਂ ਬਾਰੇ ਇਹ ਬਹੁਤ ਹੀ ਸ਼ਾਨਦਾਰ ਪੁਸਤਕ ਹੈ ਜਿਸ ਨੂੰ ਪੜ੍ਹ ਕੇ ਇਤਿਹਾਸਕ ਜਾਣਕਾਰੀ ਵੀ ਮਿਲਦੀ ਹੈ ਅਤੇ ਕੁਝ ਕਰਨ ਦੀ ਪ੍ਰੇਰਣਾ ਵੀ ਮਿਲਦੀ ਹੈ। ਸੰਪਾਦਕ ਪ੍ਰੋ. ਗੋਪਾਲ ਸਿੰਘ ਬੁੱਟਰ ਇਸ ਉੱਦਮ ਲਈ ਸ਼ਾਬਾਸ਼ ਦਾ ਹੱਕਦਾਰ ਹੈ।

***

# ਬਾਬਾ ਭਗਤ ਸਿੰਘ ਦੇ ਬਿਲਗੇ ਦੀ ਕਹਾਣੀ

-ਪ੍ਰੋ: ਹਰਜਿੰਦਰ ਸਿੰਘ ਅਟਵਾਲ

ਕਾਮਰੇਡ ਬਾਬਾ ਭਗਤ ਸਿੰਘ ਬਿਲਗਾ ਆਪਣੇ ਜੀਵਨ ਦੀ ਸ਼ਤਾਬਦੀ ਉੱਪਰ ਦੋ ਸਾਲ ਪੂਰੇ ਕਰਕੇ ਸਾਥੋਂ ਵਿਛੜਿਆ ਹੈ। ਉਸ ਦੀ ਜੀਵਨ ਸ਼ੈਲੀ ਦੀ ਇੱਕ ਗੱਲ ਜੋ ਆਮ ਲੋਕਾਂ ਨਾਲੋਂ ਵੱਖਰੀ ਸੀ, ਉਹ ਇਹ ਕਿ ਬਾਬਾ ਬਿਲਗਾ ਉਸ ਹਰ ਵਿਅਕਤੀ ਦੇ ਖਿਲਾਫ਼ ਬੋਲਣ ਦੀ ਜੁਰਅੱਤ ਕਰ ਸਕਦਾ ਸੀ ਜੋ ਮਾਨਵੀ ਹਿੱਤਾਂ ਦਾ ਘਾਣ/ਵਿਰੋਧ ਕਰ ਰਿਹਾ ਹੋਵੇ। ਅਜਿਹੇ ਸਪੱਸ਼ਟ ਸਿਧਾਂਤਾਂ ਉੱਪਰ ਜੀਵਨ ਜਿਊਣ ਵਾਲੇ ਵਿਅਕਤੀ ਨੇ ਜਿੱਥੇ ਗ਼ਦਰ ਲਹਿਰ ਨਾਲ ਸੰਬੰਧਤ ਕਾਫੀ ਕੁਝ ਲਿਖਿਆ, ਉੱਥੇ ਉਸ ਨੇ ਆਪਣੇ ਪਿੰਡ ਬਾਰੇ ਵੀ ਲਿਖਿਆ, ਜੋ ਵਿਕੋਲਿਤਰੇ ਰੂਪ ਵਿਚ ਪਿਆ ਸੀ। ਬਾਬਾ ਬਿਲਗਾ ਦੀ ਇਸ ਵਿਕੋਲਿਤਰੀ ਸਿਰਜਣਾ ਨੂੰ ਇਕ ਲੜੀ ਵਿਚ ਪਰੋਣ ਦਾ ਕਾਰਜ ਪ੍ਰੋ: ਗੋਪਾਲ ਸਿੰਘ ਬੁੱਟਰ ਨੇ ਬਾਖ਼ੂਬੀ ਨਿਭਾਇਆ ਹੈ। ਪ੍ਰੋ: ਬੁੱਟਰ ਵੱਲੋਂ ਲਿਖੇ ਆਦਿਕਾ ਦੇ 11 ਪੰਨੇ ਅਤੇ ਅੰਤਿਕਾ ਦੇ 14 ਪੰਨੇ ਪੁਸਤਕ ਦਾ ਬਹੁਤ ਹੀ ਮੁੱਲਵਾਨ ਹਿੱਸਾ ਹਨ। ਇਨ੍ਹਾਂ ਰਾਹੀਂ ਉਸ ਨੇ ਸਰਕਾਰੀ ਰਿਕਾਰਡ ਦੀ ਫੋਲਾਫਾਲੀ ਕੀਤੀ, ਫ਼ਾਰਸੀ ਲਿਪੀ ਵਾਲੇ ਇੰਦਰਾਜ਼ ਪੜ੍ਹਾਉਣ ਲਈ ਭੱਜ-ਨੱਠ ਕੀਤੀ ਤਾਂ ਕਿ ਬਿਲਗੇ ਪਿੰਡ ਦੇ ਇਤਿਹਾਸ ਬਾਰੇ ਸਹੀ ਜਾਣਕਾਰੀ ਪ੍ਰਾਪਤ ਕਰਕੇ ਲਿਖੀ ਜਾ ਸਕੇ। ਬਰਨਾਲੇ ਲਾਗੇ ਪਿੰਡ 'ਸੰਘੇੜਾ' ਦੇ ਭੋਲਾ ਸਿੰਘ ਸੰਘੇੜਾ ਤੇ ਬਾਬਾ ਸੁਖਦੇਵ ਸਿੰਘ ਦੁਪਹਿਰਾ ਦੀਆਂ ਸੇਵਾਵਾਂ ਵੀ ਪ੍ਰਾਪਤ ਕੀਤੀਆਂ, ਜਿਸ ਨਾਲ ਬਿਲਗੇ ਪਿੰਡ ਦੀਆਂ ਜੜ੍ਹਾਂ ਤੱਕ ਪਹੁੰਚਣ ਦਾ ਜਤਨ ਕੀਤਾ ਗਿਆ ਹੈ। ਐਡਵੋਕੇਟ ਗੁਰਮਿੰਦਰ ਸਿੰਘ ਬਿਲਗਾ ਵੱਲੋਂ ਵੀ ਬਾਬਾ ਬਿਲਗਾ ਅਤੇ ਬਿਲਗਾ ਪਿੰਡ ਬਾਰੇ ਲੇਖ ਸ਼ਾਮਲ ਹੈ। ਕਾਮਰੇਡ ਚਿਰੰਜੀ ਲਾਲ ਕੰਗਣੀਵਾਲ ਜੋ ਬਾਬਾ ਬਿਲਗਾ ਜੀ ਨਾਲ ਉਮਰ ਦੇ ਆਖਰੀ ਸਾਲਾਂ ਤੱਕ ਜੁੜਿਆ ਰਿਹਾ, ਦਾ ਵੀ ਇੱਕ ਲੰਮਾ ਲੇਖ ਸ਼ਾਮਲ ਹੈ। ਇਸੇ ਤਰ੍ਹਾਂ ਹੀ ਮਾਸਟਰ ਪ੍ਰੇਮ ਲਾਲ ਮਹੇ ਨੇ ਵੀ ਬਿਲਗੇ ਪਿੰਡ ਬਾਰੇ ਜਾਣਕਾਰੀ ਭਰਪੂਰ ਲੇਖ ਲਿਖਿਆ ਹੈ। ਇਸ ਸਾਰੇ ਕੁਝ ਦਾ ਜ਼ਿਕਰ ਇਸ ਕਰਕੇ ਲਾਜ਼ਮੀ ਸੀ ਕਿ ਪ੍ਰੋ: ਬੁੱਟਰ ਦੀ ਸੰਪਾਦਕੀ ਸੂਝ ਨੇ ਇਹ ਮਹਿਸੂਸ ਕੀਤਾ ਕਿ ਜਿਹੜੀਆਂ ਗੱਲਾਂ ਬਾਬਾ ਬਿਲਗਾ ਵੱਲੋਂ ਵਿਕੋਲਿਤਰੇ ਰੂਪ ਵਿਚ ਮਿਲਦੀਆਂ ਹਨ ਉਨ੍ਹਾਂ ਦੇ ਪੂਰਕ ਇਹ ਲੇਖ ਬਣਦੇ ਹਨ। ਇਨ੍ਹਾਂ ਨਾਲ ਬਿਲਗੇ ਬਾਰੇ ਵੱਖਰੀ ਜਾਣਕਾਰੀ ਮਿਲਦੀ ਹੈ।

ਬਿਲਗਾ ਪਿੰਡ ਅਤੇ ਬਾਬਾ ਬਿਲਗਾ ਇਕ ਦੂਜੇ ਦੇ ਨਾਲ-ਨਾਲ ਚੱਲਦੇ ਹਨ। ਜਿੱਥੇ ਬਾਬਾ ਭਗਤ ਸਿੰਘ ਬਿਲਗੇ ਕਰਕੇ ਜਾਣਿਆ ਜਾਂਦਾ ਹੈ, ਉੱਥੇ ਬਿਲਗਾ ਬਾਬਾ ਭਗਤ ਸਿੰਘ ਕਰਕੇ ਮਸ਼ਹੂਰ ਹੈ। ਅਜਿਹਾ ਵਿਅਕਤੀ ਜਦੋਂ ਆਪਣੇ ਪਿੰਡ ਬਾਰੇ ਲਿਖੇਗਾ ਤਾਂ ਅਜਿਹੇ ਤੱਥ

ਉੱਘੜ ਕੇ ਸਾਹਮਣੇ ਆਉਣਗੇ ਜੋ ਬਾਬਾ ਬਿਲਗਾ ਦੇ ਜੀਵਨ ਦੇ ਅਨੁਸਾਰ ਹਨ। ਉਹ ਜ਼ਿਆਦਾ ਰਾਜਨੀਤੀ ਦੇ ਖੇਤਰ ਵਿਚ ਵਿਚਰਦਾ ਹੈ। ਇੱਥੇ ਇਹ ਵੀ ਸਪੱਸ਼ਟ ਕਰ ਦੇਣਾ ਬਣਦਾ ਹੈ ਕਿ ਬਾਬਾ ਬਿਲਗਾ ਦੀ ਰਾਜਨੀਤੀ ਅਜੋਕੀ 'ਵੋਟਾਂ ਬਟੋਰੀ' ਰਾਜਨੀਤੀ ਨਹੀਂ ਸੀ, ਸਗੋਂ ਉਹ ਤਾਂ ਪਹਿਲਾਂ ਦੇਸ਼ ਦੀ ਆਜ਼ਾਦੀ ਹਿੱਤ ਅੰਗਰੇਜ਼ ਸਰਕਾਰ ਨਾਲ ਲੜਿਆ, ਗ਼ਦਰ ਲਹਿਰ ਦਾ ਉਹ ਮੋਹਰੀ ਕਾਰਕੁੰਨ ਬਣਿਆ, ਖਿਲਾਫ਼ਤ ਲਹਿਰ ਵਿਚ ਵੀ ਮੋਹਰੀ ਭੂਮਿਕਾ ਨਿਭਾਈ। ਦੇਸ਼ ਦੀ ਆਜ਼ਾਦੀ ਉਪਰੰਤ ਉਹ ਦੇਸੀ ਹਾਕਮਾਂ ਦੇ ਜ਼ੁਲਮ ਨਾ ਸਹਾਰਦਾ ਹੋਇਆ ਆਪਣਿਆਂ ਖਿਲਾਫ਼ ਵੀ ਜੂਝਦਾ ਰਿਹਾ। ਆਜ਼ਾਦੀ ਉਪਰੰਤ ਕਮਿਊਨਿਸਟ ਲਹਿਰ, ਨਕਸਲਬਾੜੀ ਲਹਿਰ ਤੇ ਹੋਰ ਲਹਿਰਾਂ ਸਮੇਂ ਨਜ਼ਰਬੰਦ ਰਿਹਾ। ਇਸ ਦੀ ਇਕ ਬੇਮਿਸਾਲ ਅਤੇ ਦਿਲਚਸਪ ਉਦਾਹਰਣ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵੱਲੋਂ ਅਸਿੱਧੇ ਤੌਰ 'ਤੇ ਬਿਲਗੇ ਵੱਲ ਇਸ਼ਾਰਾ ਕਰਦਿਆਂ ਇਹ ਕਹਿਣਾ ਕਿ "ਉਹ ਹੋਰ ਵੀ ਖੁਸ਼ ਹੁੰਦਾ ਜੇ ਉਸ ਦੀਆਂ ਗੋਲੀਆਂ ਨਾਲ ਕੁਝ ਕਮਿਊਨਿਸਟ ਆਗੂ ਵੀ ਮਰਦੇ।"

ਇਸ ਤੱਥ ਦਾ ਜ਼ਿਕਰ 2 ਮਈ 1959 ਨੂੰ ਰਾਜ ਸਭਾ ਵਿਚ ਕਾਮਰੇਡ ਭੂਪੇਸ਼ ਗੁਪਤਾ ਨੇ ਕੀਤਾ। ਉਹ ਅਸਲ ਵਿਚ ਕੈਰੋਂ ਵੱਲੋਂ ਬੜਾ ਪਿੰਡ ਵਿਚ ਕੀਤੀ ਤਕਰੀਰ ਦਾ ਹਵਾਲਾ ਦੇ ਰਿਹਾ ਸੀ ਕਿਵੇਂ ਭਾਖੜਾ ਡੈਮ ਬਣਨ ਕਰਕੇ 1959 ਵਿਚ ਸਰਕਾਰ ਵੱਲੋਂ ਲਾਏ ਖੁਸ਼ਹੈਸੀਅਤ ਟੈਕਸ ਦਾ ਕਿਸਾਨ ਬਾਬਾ ਬਿਲਗਾ ਦੀ ਅਗਵਾਈ ਵਿਚ ਵਿਰੋਧ ਕਰ ਰਹੇ ਸਨ। ਬਾਬਾ ਅਸਲ ਵਿਚ ਕਿਸਾਨਾਂ ਨੂੰ ਜਾਗਰੂਕ ਕਰਕੇ ਲਾਮਬੰਦ ਕਰਨ ਦੀ ਯੋਜਨਾ ਨਾਲ ਚੱਲ ਰਿਹਾ ਸੀ।

ਇਸ ਪੁਸਤਕ ਦਾ ਸੰਪਾਦਕ ਪ੍ਰੋ. ਬੁੱਟਰ ਕਹਿੰਦਾ ਹੈ ਕਿ ਬਾਬਾ ਬਿਲਗਾ ਰੋਹ, ਵਿਦਰੋਹ ਅਤੇ ਮੋਹ ਦੀ ਕਹਾਣੀ ਪਾਉਂਦਾ ਹੈ। ਦੇਸ਼ ਦੀ ਆਜ਼ਾਦੀ ਵਾਲੇ ਸੰਘਰਸ਼ ਵਿਚ ਬਾਬੇ ਦਾ ਰੋਹ ਲੋਕਾਂ ਸਾਹਮਣੇ ਆਉਂਦਾ ਹੈ। ਉਹ ਭਾਵੇਂ ਘਰੋਂ ਆਮ ਪਰਵਾਸੀਆਂ ਵਾਂਗ ਘਰ ਦੀ ਗਰੀਬੀ ਕੱਟਣ ਦੇ ਯਤਨਾਂ ਵਜੋਂ ਹੀ ਜਾਂਦਾ ਹੈ ਪਰ ਉੱਥੇ ਜਾ ਕੇ ਉਹ ਭਾਰਤ ਦੇ ਇਨਕਲਾਬੀਆਂ ਦੇ ਸੰਪਰਕ ਵਿਚ ਆਉਂਦਾ ਹੈ ਅਤੇ ਮਨ ਵਿਚ ਬੈਠੀ ਦੇਸ਼ ਪਿਆਰ ਅਤੇ ਦੇਸ਼ ਦੀ ਆਜ਼ਾਦੀ ਦੀ ਚਿਣਗ ਬਲ ਉੱਠਦੀ ਹੈ ਅਤੇ ਉਹ ਆਪਣੇ ਦੇਸ਼ ਨੂੰ ਆਪਣਾ ਘਰ ਅਤੇ ਆਪਣਾ ਬਿਲਗਾ ਸਮਝ ਲੈਂਦਾ ਹੈ ਅਤੇ ਆਪਣੇ ਆਪ ਨੂੰ ਦੇਸ਼ ਦੇ ਸਮਰਪਿਤ ਕਰ ਦਿੰਦਾ ਹੈ। ਇਸ ਲੰਮੇ ਸੰਘਰਸ਼ ਦੌਰਾਨ ਉਹ ਲੰਮਾ ਸਮਾਂ ਜੇਲ੍ਹ ਵਿਚ ਰਹਿੰਦਾ ਹੈ, ਘਰ ਪਰਵਾਰ ਦੀ ਬਹੁਤ ਚਿੰਤਾ ਨਹੀਂ ਕਿਉਂ ਜੋ ਉਹ ਵੀ ਦੂਜੇ ਆਜ਼ਾਦੀ ਘੁਲਾਟੀਆਂ ਵਾਂਗ ਸਾਰੇ ਦੇਸ਼ ਨੂੰ ਹੀ ਆਪਣਾ ਘਰ ਪਰਵਾਰ ਸਮਝਦਾ ਹੈ। ਉਸ ਦੇ ਸਾਥੀ ਅਤੇ ਪੇਂਡੂ ਕਰਮ ਸਿੰਘ ਬਿਲਗਾ ਵੱਲੋਂ ਜਲੰਧਰ ਦੀਆਂ ਕਚਹਿਰੀਆਂ ਉੱਪਰ ਯੂਨੀਅਨ ਜੈੱਕ ਉਤਾਰ ਕੇ ਤਿਰੰਗਾ ਝੰਡਾ ਲਹਿਰਾ ਦਿੱਤਾ ਹੈ। ਅਜਿਹਾ ਹੀ ਕਾਰਜ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਹੁਸ਼ਿਆਰਪੁਰ ਦੀਆਂ ਕਚਹਿਰੀਆਂ ਵਿਖੇ ਕਰਦਾ ਹੈ। ਬਾਬੇ ਬਿਲਗੇ ਦਾ ਰੋਹ ਇੱਥੇ ਵਿਦਰੋਹ ਵਿਚ ਬਦਲਦਾ ਹੈ। ਪ੍ਰੋ: ਬੁੱਟਰ ਵੱਲੋਂ ਕੀਤੀ 'ਮੋਹ' ਦੀ ਗੱਲ ਬੜੀ ਢੁੱਕਵੀਂ ਹੈ ਉਹ ਇਨਸਾਨ ਅਤੇ ਇਨਸਾਨੀਅਤ ਨਾਲ ਮੋਹ ਕਰਦਾ ਸੀ। ਜੀਵਨ ਦੇ ਆਖਰੀ ਪਲਾਂ ਤੱਕ ਉਸ ਦਾ ਸੁਪਨਾ ਰਿਹਾ ਸੀ ਕਿ ਸਹੀ ਮਾਅਨਿਆਂ ਵਿਚ ਆਜ਼ਾਦੀ ਦਾ ਅਸਰ ਆਮ ਆਦਮੀ ਤੱਕ ਪਹੁੰਚੇ।

ਬਿਲਗਾ ਪਿੰਡ ਰਾਜਨੀਤਕ, ਧਾਰਮਿਕ, ਸੱਭਿਆਚਾਰਕ ਆਦਿ ਖੇਤਰਾਂ ਵਿਚ ਮੋਹਰੀ

ਪਿੰਡ ਹੈ। ਰਕਬੇ ਤੇ ਵਸੋਂ ਦੇ ਹਿਸਾਬ ਨਾਲ ਉਹ ਤਲਵਣ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦਾ ਹੈ। ਬਿਲਗਾ 1917 ਵਿਚ ਰੇਲ ਮਾਰਗ ਨਾਲ ਜੁੜ ਗਿਆ। 1932-34 ਵਿਚ ਸਰਕਾਰੀ ਡਿਸਪੈਂਸਰੀ ਬਣ ਗਈ। ਅਨੇਕਾਂ ਪੱਤੀਆਂ ਵਾਲੇ ਇਸ ਪਿੰਡ ਦੀ ਇਕ ਵੱਖਰੀ ਨੁਹਾਰ ਅਤੇ ਪਛਾਣ ਹੈ। ਇਥੇ ਹਰ ਧਰਮ ਦੇ ਲੋਕ ਵਸਦੇ ਹਨ।

ਮੁਸਲਮਾਨਾਂ ਨੂੰ 1947 ਦੀ ਦੇਸ਼ ਵੰਡ ਸਮੇਂ ਨੁਕਸਾਨ ਨਹੀਂ ਉਠਾਉਣਾ ਪਿਆ, ਇਹ ਸਾਰਾ ਕੁਝ ਇਸ ਕਰਕੇ ਹੋ ਸਕਿਆ ਕਿ ਪਿੰਡ ਵਾਸੀ ਬਾਬਾ ਭਗਤ ਸਿੰਘ ਵਾਂਗ ਇਕ ਅਜਿਹੀ ਸੋਚ ਦੇ ਧਾਰਨੀ ਸਨ ਜਿਸ ਅਨੁਸਾਰ ਵਿਅਕਤੀ ਹਰ ਧਰਮ ਦਾ ਸਤਿਕਾਰ ਕਰਦਾ ਹੈ। ਨਫ਼ਰਤ ਦਾ ਆਧਾਰ ਜਾਤ, ਨਸਲ, ਰੰਗ ਆਦਿ ਨਹੀਂ। ਪੁਸਤਕ ਵਿਚ ਕਾਫੀ ਤਸਵੀਰਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ ਜੋ ਬਿਲਗੇ ਦੇ ਨਾਲ ਲੱਗਦੇ ਇਤਿਹਾਸਕ ਥਾਵਾਂ ਦੀਆਂ ਵੀ ਹਨ, ਬਿਲਗਾ ਵਾਸੀਆਂ ਦੀਆਂ ਵੀ ਅਤੇ ਉਨ੍ਹਾਂ ਲੋਕਾਂ/ਮਹਾਂਪੁਰਸ਼ਾਂ ਦੀਆਂ ਵੀ ਜੋ ਬਿਲਗੇ ਦੇ ਨਹੀਂ ਸਨ ਪਰ ਉਹ ਬਿਲਗੇ ਵਾਲਿਆਂ ਨਾਲ ਸੋਚ/ਸਿਧਾਂਤ ਦੀ ਪੱਧਰ 'ਤੇ ਜੁੜੇ ਹੋਏ ਸਨ। ਪਾਠਕ ਇਸ ਪੁਸਤਕ ਨੂੰ ਪੜ੍ਹਦਿਆਂ ਕਾਮਰੇਡ ਭਗਤ ਸਿੰਘ ਅਤੇ ਉਸ ਦੇ ਬਿਲਗੇ ਨੂੰ ਸਾਕਾਰ ਰੂਪ ਵਿਚ ਦੇਖਣ/ਸਮਝਣ ਦੇ ਸਮਰੱਥ ਹੁੰਦਾ ਹੈ।

✲✲✲

# 'ਮੇਰੇ ਸੰਗਰਾਮੀ ਸਾਥੀ' ਦਾ ਵਾਰਤਕਕਾਰ: ਭਗਤ ਸਿੰਘ ਬਿਲਗਾ

-ਹਰਮੀਤ ਸਿੰਘ ਅਟਵਾਲ

ਪੁਸਤਕ ਦੇ ਲਿਖਾਰੀ ਤੇ ਸੰਪਾਦਕ ਵੱਲੋਂ ਇਹ ਪੁਸਤਕ 'ਲੋਕ ਹਿਤੈਸ਼ੀ ਸੰਘਰਸ਼ ਦੇ ਸੰਗਰਾਮੀਆਂ ਨੂੰ' ਸਮਰਪਿਤ ਕੀਤੀ ਗਈ ਹੈ। ਇਸ ਵਿੱਚ ਬਾਬਾ ਭਗਤ ਸਿੰਘ ਬਿਲਗਾ (1907-2009) ਨੇ ਆਪਣੇ 21 ਸੰਗਰਾਮੀ ਸਾਥੀਆਂ ਬਾਰੇ ਬਹੁਤ ਵਧੀਆ ਲਿਖਿਆ ਹੈ। ਇਸ ਪੁਸਤਕ 'ਚ ਇਕ ਸੰਗਰਾਮੀ ਬਾਰੇ ਚਰੰਜੀ ਲਾਲ ਵੱਲੋਂ ਵੀ ਲਿਖਿਆ ਗਿਆ ਹੈ।

ਗ਼ਦਰ ਲਹਿਰ 'ਚ ਮਹੱਤਵਪੂਰਨ ਹਿੱਸਾ ਪਾਉਣ ਵਾਲੇ ਬਾਬਾ ਭਗਤ ਸਿੰਘ ਬਿਲਗਾ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗਾ (ਜਲੰਧਰ) ਦੇ ਜੰਮਪਲ ਸਨ। ਇਸ ਪੁਸਤਕ ਦਾ ਉਦੇਸ਼ ਸੰਪਾਦਕ ਨੇ ਬਾਬਾ ਬਿਲਗਾ ਦੀਆਂ ਲਿਖਤਾਂ ਨੂੰ ਸੰਭਾਲ ਕੇ ਜਗਿਆਸੂਆਂ ਤੇ ਖੋਜੀਆਂ ਲਈ ਉਪਲਬਧ ਕਰਵਾਉਣ ਦੀ ਕੋਸ਼ਿਸ਼ ਦੱਸਿਆ ਹੈ।

ਇਸ ਪੁਸਤਕ ਵਿੱਚ ਜਿਨ੍ਹਾਂ ਸੰਗਰਾਮੀਆਂ ਦਾ ਜ਼ਿਕਰ ਹੈ ਉਹ ਇਨ੍ਹਾਂ 4 ਸਿਰਲੇਖਾਂ ਅਧੀਨ ਹੈ, 'ਸਾਡੇ ਸੰਗਰਾਮੀ ਪੁਰਖੇ', 'ਮੇਰੇ ਸੰਗਰਾਮੀ ਸਾਥੀ', 'ਬਦੇਸ਼ਾਂ ਵਿੱਚ ਫਾਂਸੀ ਲੱਗੇ ਸੰਗਰਾਮੀ' ਤੇ 'ਰਾਵੀਂ ਪਾਰ ਦੇ ਸੰਗਰਾਮੀ'। 'ਸਾਡੇ ਸੰਗਰਾਮੀ ਪੁਰਖੇ' ਭਾਗ ਵਿੱਚ ਭਾਈ ਮਹਾਰਾਜ ਸਿੰਘ, ਝਾਂਸੀ ਦੀ ਰਾਣੀ, ਤਾਂਤੀਆ ਟੋਪੇ, ਮੌਲਾਨਾ ਫਜ਼ਲ ਹੱਕ, ਬੇਗ਼ਮ ਹਜ਼ਰਤ ਮਹੱਲ ਤੇ ਜਨਰਲ ਬਖ਼ਤ ਖਾਂ ਦਾ ਭਾਵਪੂਰਤ ਜ਼ਿਕਰ ਹੈ। 'ਮੇਰੇ ਸੰਗਰਾਮੀ ਸਾਥੀ' ਭਾਗ ਤਹਿਤ ਸ. ਅਜੀਤ ਸਿੰਘ, ਸੂਫੀ ਅੰਬਾ ਪ੍ਰਸਾਦ, ਲਾਲਾ ਹਰਦਿਆਲ, ਭਾਈ ਸੰਤੋਖ ਸਿੰਘ ਧਰਦਿਓ, ਸੰਤਾ ਸਿੰਘ ਗੰਡੀਵਿੰਡ, ਇੰਦਰ ਸਿੰਘ ਵੇਰਕਾ, ਸ਼ਹੀਦ ਬਾਬਾ ਬੂਝਾ ਸਿੰਘ, ਤੇਜਾ ਸਿੰਘ ਸੁਤੰਤਰ ਤੇ ਜਸਵੰਤ ਸਿੰਘ ਕੈਰੋਂ ਬਾਬਤ ਵਿਸਤਾਰ 'ਚ ਲਿਖਿਆ ਗਿਆ ਹੈ। 'ਬਦੇਸ਼ਾਂ ਵਿੱਚ ਫਾਂਸੀ ਲੱਗੇ ਸੰਗਰਾਮੀਆਂ ਵਿੱਚ ਮਦਨ ਲਾਲ ਢੀਂਗਰਾ, ਮੇਵਾ ਸਿੰਘ ਲੋਪੋਕੇ ਤੇ ਊਧਮ ਸਿੰਘ ਬਾਰੇ ਲਿਖਿਆ ਮਿਲਦਾ ਹੈ। 'ਰਾਵੀ ਪਾਰ ਦੇ ਸੰਗਰਾਮੀ' ਦੇ ਅੰਤਰਗਤ ਚੌਧਰੀ ਅਫਜ਼ਲ ਹੱਕ, ਮਜੀਦ ਲਹੌਰੀ ਤੇ ਮੁਬਾਰਕ ਸਾਗਰ (ਕਰਤਾ ਚਰੰਜੀ ਲਾਲ) ਬਾਰੇ ਲਿਖਿਆ ਗਿਆ ਹੈ। ਪੁਸਤਕ ਅੰਦਰਲਾ ਅੰਤਿਮ ਆਰਟੀਕਲ 'ਜੇਲ੍ਹ ਦੀਆਂ ਯਾਦਾਂ' ਬਾਰੇ ਹੈ।

***

# ਘਰ ਦਾ ਜੋਗੀ ਸਿੱਧ: ਬਾਬਾ ਬਿਲਗਾ

-ਗੋਪਾਲ ਸਿੰਘ ਬੁੱਟਰ

ਆਪਣੀ ਲੋਕ-ਹਿਤੈਸ਼ੀ ਸੋਚ 'ਤੇ ਉਚੇਰੇ ਇਨਸਾਨੀ ਗੁਣਾਂ ਕਾਰਨ ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ ਹਰ ਵਰਗ, ਹਰ ਉਮਰ ਅਤੇ ਹਰ ਖੇਤਰ ਦੇ ਲੋਕਾਂ ਵਿਚ ਉਮਰ ਭਰ ਹਰਮਨ ਪਿਆਰੇ ਰਹੇ। ਉਨ੍ਹਾਂ ਦੇ ਮੋਹ ਦੇ ਘੇਰੇ ਵਿਚ ਹਜ਼ਾਰਾਂ ਲੋਕ ਸਮਾਏ ਹੋਏ ਸਨ। ਹਜ਼ਾਰਾਂ ਲੋਕ ਅਜਿਹੇ ਸਨ ਜੋ ਆਪਣੇ ਤਹਿ ਦਿਲੋਂ ਉਨ੍ਹਾਂ ਨੂੰ ਆਪਣੇ ਪਰਿਵਾਰ ਦਾ ਸਨਮਾਨਯੋਗ ਵਡੇਰਾ ਮੰਨਦੇ ਸਨ। ਦੂਜੇ ਪਾਸੇ ਬਾਬਾ ਬਿਲਗਾ ਜੀ ਦੇ ਜ਼ਿਕਰ ਫ਼ਿਕਰ ਵਿਚ ਵੀ ਉਹ ਲੋਕ ਹਮੇਸ਼ਾ ਰਹਿੰਦੇ ਸਨ। ਮੈਂ ਬਾਬਾ ਜੀ ਦੇ ਕੌਮੀ ਕਾਰਜਾਂ ਵਿਚ ਰੁਝੇਵਿਆਂ ਦਾ ਜ਼ਿਕਰ ਕਰਦਿਆਂ ਕਿਤੇ ਇਹ ਲਿਖਿਆ ਸੀ ਕਿ ਜਿਸ ਵਿਅਕਤੀ ਨੇ ਪਰਿਵਾਰਕ ਜ਼ਿੰਮੇਵਾਰੀਆਂ ਦੀ ਭਾਰੀ ਪੰਡ ਆਪਣੇ ਸਿਰ ਚੁੱਕਣ ਦੀ ਥਾਂ ਇਹ ਭਾਰ ਪਰਿਵਾਰ ਦੇ ਜੀਆਂ ਦੇ ਸਿਰ ਪਾ ਕੇ ਆਪ ਲੋਕ-ਹਿਤੈਸ਼ੀ ਸੰਘਰਸ਼ ਵਿਚ ਸਾਰੀ ਉਮਰ ਲਗਾਈ ਹੋਵੇ। ਉਸ ਦੇ ਪਰਿਵਾਰ ਦੇ ਲੋਕ ਉਸ ਬਾਰੇ ਕਿਸ ਤਰ੍ਹਾਂ ਦੇ ਵਿਚਾਰ ਰੱਖਦੇ ਹਨ। ਇਸ ਪਹਿਲੂ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ ਜਿੱਥੋਂ ਤਕ ਬਾਬਾ ਬਿਲਗਾ ਜੀ ਦਾ ਸੰਬੰਧ ਹੈ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਦੇ ਮਨਾਂ ਵਿਚ ਉਨ੍ਹਾਂ ਲਈ ਬੇਪਨਾਹ ਮੁਹੱਬਤ ਅਤੇ ਸਤਿਕਾਰ ਹੈ। ਇਹ ਸ਼ਾਇਦ ਉਨ੍ਹਾਂ ਦੇ ਪਰਿਵਾਰ ਦੇ ਲੋਕ-ਹਿਤੈਸ਼ੀ ਵਾਤਾਵਰਣ ਦੀ ਹੀ ਬਖਸ਼ਿਸ਼ ਹੈ। ਬਾਬਾ ਜੀ ਦੇ ਪੁੱਤ ਭਤੀਜੇ ਉਨ੍ਹਾਂ ਨੂੰ ਆਪਣੇ ਪਰਿਵਾਰ ਦਾ ਮਾਣ ਸਮਝਦੇ ਹਨ। ਅਸੀਂ ਇਥੇ ਬਾਬਾ ਜੀ ਦੇ ਦੋਨਾਂ ਸਪੁੱਤਰਾਂ ਕਾ. ਕੁਲਬੀਰ ਸਿੰਘ ਸੰਘੇੜਾ, ਕਾ. ਪ੍ਰੇਮ ਸਿੰਘ ਸੰਘੇੜਾ ਅਤੇ ਬਾਬਾ ਜੀ ਦੇ ਭਤੀਜੇ ਕਾ. ਬਲਬੀਰ ਸਿੰਘ ਸੰਘੇੜਾ ਦੇ ਬਾਬਾ ਜੀ ਬਾਰੇ ਵਿਚਾਰਾਂ ਨੂੰ ਸੰਖੇਪ ਵਿਚ ਪ੍ਰਸਤੁਤ ਕਰ ਰਹੇ ਹਾਂ। ਉਨ੍ਹਾਂ ਦੇ ਵੱਡੇ ਪੋਤਰੇ ਅਮਨ ਸੰਘੇੜਾ ਨੇ ਆਪਣੇ ਦਾਦੇ ਨਾਲ ਮਹਿਕਦੇ ਦਹਿਕਦੇ ਰਿਸ਼ਤੇ ਬਾਰੇ ਵੱਖਰਾ ਲੇਖ ਲਿਖਿਆ ਹੈ।

## ਕਾ. ਕੁਲਬੀਰ ਸਿੰਘ ਸੰਘੇੜਾ

ਸਾਨੂੰ ਆਪਣੇ ਬਚਪਨ ਵਿਚ ਹੀ ਸਾਡੇ ਸਾਥੀ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਕਾਮਰੇਡ ਦਾ ਮਾਣ-ਮੱਤਾ ਖ਼ਿਤਾਬ ਹਾਸਿਲ ਹੋ ਗਿਆ ਸੀ। ਉਦੋਂ ਸਾਨੂੰ ਇਸ ਗੱਲ ਦਾ ਵੀ ਕੋਈ ਇਲਮ ਨਹੀਂ ਸੀ ਕਿ ਕਾਮਰੇਡ ਹੋਣ ਦਾ ਮਤਲਬ ਸਰਬੱਤ ਦੇ ਭਲੇ ਅਤੇ ਸਰਬ-ਸਾਂਝੀਵਾਲਤਾ ਵਰਗੇ ਉਚੇਰੇ ਮਾਨਵੀ ਸਰੋਕਾਰਾਂ ਨਾਲ ਪੂਰੀ ਸੁਹਿਰਦਤਾ ਅਤੇ ਵਚਨਬੱਧਤਾ ਨਾਲ ਜੁੜੇ ਹੋਣਾ

ਅਤੇ ਇਸ ਮਕਸਦ ਲਈ ਸੰਘਰਸ਼ਸ਼ੀਲ ਰਹਿਣਾ ਹੈ। ਨਿਰਸੰਦੇਹ ਇਸ ਖ਼ਿਤਾਬ ਦਾ ਸਨਮਾਨ ਸਾਨੂੰ ਆਪਣੇ ਬਾਪ ਦੀ ਲੋਕ-ਹਿਤੈਸ਼ੀ ਸੰਘਰਸ਼ ਵਿਚ ਘਾਲੀ ਘਾਲਣਾ ਅਤੇ ਇਸ ਖ਼ਾਤਰ ਕੀਤੀਆਂ ਕੁਰਬਾਨੀਆਂ ਦੀ ਬਦੌਲਤ ਨਸੀਬ ਹੋਇਆ ਸੀ। ਮੈਨੂੰ ਯਾਦ ਕਿ ਉਹ ਪੰਜਾਬ ਦੇ ਵੱਡੇ ਸਿਆਸੀ ਕੱਦ ਵਾਲੇ ਮਹੱਤਵਪੂਰਨ ਕਿਰਤੀ ਕਮਿਊਨਿਸਟ ਆਗੂ ਹੋਣ ਕਾਰਨ ਜ਼ਿਆਦਾਤਰ ਲੰਬਾ-ਲੰਬਾ ਸਮਾਂ ਜਿਸ ਦੀ ਮਿਣਤੀ ਸਾਲਾਂ ਵਿਚ ਵੀ ਹੋ ਸਕਦੀ ਹੈ ਘਰੋਂ ਗ਼ੈਰ-ਹਾਜ਼ਰ ਹੀ ਰਹਿੰਦੇ ਸਨ। ਸਾਡੀ ਪਰਵਰਿਸ਼, ਤਾਲੀਮ ਅਤੇ ਘਰ ਦੀ ਖੇਤੀਬਾੜੀ ਦਾ ਸਾਰਾ ਜ਼ਿੰਮਾ ਸਾਡੀ ਮਾਤਾ ਬੀਬੀ ਚੰਨਣ ਕੌਰ ਦਾ ਹੀ ਸੀ। ਬੇਸ਼ੱਕ ਉਸਨੂੰ ਸਾਡੇ ਨਾਨਕਿਆਂ ਵਲੋਂ ਪੂਰਾ ਸਹਿਯੋਗ ਮਿਲਦਾ ਸੀ ਪਰ ਘਰ ਦੇ ਮੁਖੀ ਦੀ ਘਾਟ ਤਾਂ ਰੜਕਦੀ ਹੀ ਰਹਿੰਦੀ ਸੀ। ਕਈ ਵਾਰ ਪਾਰਟੀ ਨੇ ਸਾਡੇ ਬਾਪ ਨੂੰ ਕਹਿਣਾ ਕਿ ਆਪਣੇ ਪਰਿਵਾਰ ਨੂੰ ਵੀ ਨਾਲ ਰੱਖੋ ਤਾਂ ਸਾਡੀ ਮਾਂ ਨੇ ਮਹੀਨਿਆਂ ਬੱਧੀ ਉਨ੍ਹਾਂ ਦੇ ਕਾਰਜ ਖੇਤਰ ਵਾਲੇ ਇਲਾਕੇ ਵਿਚ ਵੀ ਜਾ ਟਿਕਣਾ। ਮੈਂ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਜ਼ਿੱਦ ਕਰਨ ਲੱਗ ਪਿਆ ਕਿ ਮੈਂ ਇੰਗਲੈਂਡ ਜਾਣਾ ਹੈ। ਸਾਡਾ ਬਾਪ ਇਸ ਗੱਲ ਦੇ ਸਖ਼ਤ ਖ਼ਿਲਾਫ਼ ਸੀ ਕਿ ਜਿਨ੍ਹਾਂ ਗੋਰਿਆਂ ਕੋਲੋਂ ਮਸਾਂ ਖਹਿੜਾ ਛੁਡਾਇਆ ਹੈ, ਹੁਣ ਉਨ੍ਹਾਂ ਦੇ ਮੁਲਕ ਵਿਚ ਕੀ ਕਾਰਨ ਜਾਣਾ ਹੈ? ਸਾਡੀ ਇਸ ਬਹਿਸ ਨੇ ਉਸ ਵੇਲੇ ਸੁਖਾਵਾਂ ਮੋੜ ਕੱਟਿਆ ਜਦੋਂ ਸਾਡੀ ਦੇਸ਼-ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਹੀ ਗੱਲਬਾਤ ਵਿਚ ਅਖ਼ਬਾਰ 'ਅਕਾਲੀ ਪੱਤ੍ਰਿਕਾ' ਦਾ ਮੈਨੇਜਿੰਗ ਡਾਇਰੈਕਟਰ ਅਤੇ ਸਾਡੇ ਪਿਤਾ ਦਾ ਨਜ਼ਦੀਕੀ ਦੋਸਤ ਅਮਰ ਸਿੰਘ ਦੁਸਾਂਝ ਆ ਸ਼ਾਮਿਲ ਹੋਇਆ ਜੋ ਅਚਨਚੇਤੀ ਉਸ ਦਿਨ ਸਾਡੇ ਬਾਪ ਨੂੰ ਮਿਲਣ ਲਈ ਆਇਆ ਸੀ। ਉਸਨੇ ਸਾਡੇ ਬਾਪ ਨੂੰ ਇਹ ਕਹਿ ਕੇ ਮੇਰੇ ਨਾਲ ਸਹਿਮਤ ਕਰਵਾ ਦਿੱਤਾ ਕਿ "ਕਾਮਰੇਡ ਜੀ ਇਸ ਉਮਰ ਵਿਚ ਮੁੰਡਿਆਂ ਖੁੰਡਿਆਂ ਦਾ ਦੁਨੀਆ ਵੇਖਣ ਦਾ ਮਨ ਹੁੰਦਾ ਹੈ, ਜਾ ਲੈਣ ਦਿਓ ਤੁਸੀਂ ਵੀ ਤੇ ਗਏ ਹੀ ਸੀ। ਜੇ ਇਹਨੂੰ ਨਾ ਚੰਗਾ ਲੱਗਾ ਤਾਂ ਆਪੇ ਹੀ ਮੁੜ ਆਵੇਗਾ।" ਇਸ ਤੋਂ ਬਾਅਦ ਮੈਂ ਆਪਣੇ ਬਾਪ ਦੀ ਵਿਚਾਰਧਾਰਾ ਮੁਤਾਬਕ 'ਇੰਡੀਅਨ ਵਰਕਰਜ਼ ਐਸੋਸੀਏਸ਼ਨ ਅਤੇ ਸ਼ਹੀਦ ਊਧਮ ਸਿੰਘ ਟਰੱਸਟ ਵਿਚ ਭਾਰਤੀ ਲੋਕਾਂ ਦੇ ਹਿੱਤਾਂ ਲਈ ਕੰਮ ਕਰਨ ਲੱਗ ਪਿਆ ਅਤੇ ਇਨ੍ਹਾਂ ਦੋਵਾਂ ਸੰਸਥਾਵਾਂ ਦੀਆਂ ਵਡੇਰੀਆਂ ਜ਼ਿੰਮੇਵਾਰੀਆਂ ਵੀ ਨਿਭਾਉਣ ਲੱਗ ਪਿਆ। ਅਸੀਂ ਸਾਰੇ ਸਾਥੀ ਦੇਸ਼-ਭਗਤ ਯਾਦਗਾਰ ਹਾਲ ਦੀ ਉਸਾਰੀ ਅਤੇ ਵਿਸਤਾਰ ਵਾਸਤੇ ਆਰਥਿਕ ਮਦਦ ਦੇਣ ਹਿੱਤ ਆਪਣੇ ਬਾਪ ਤੇ ਉਨ੍ਹਾਂ ਦੇ ਸਾਥੀਆਂ ਨੂੰ ਇੰਗਲੈਂਡ ਸੱਦਦੇ ਰਹੇ ਅਤੇ ਉਨ੍ਹਾਂ ਸਮਿਆਂ ਵਿਚ ਇਕ ਵੱਡਾ ਫੰਡ ਇਕੱਤਰ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਭੇਜਿਆ, ਜਦ ਯਾਦਗਾਰ ਕਮੇਟੀ ਕੋਲ ਧਨ ਦੀ ਘਾਟ ਸੀ ਅਤੇ ਉਸਾਰੀ ਦਾ ਕੰਮ ਰੁਕਦਾ ਜਾ ਰਿਹਾ ਸੀ। ਸਾਡੇ ਬਾਪ ਅਤੇ ਸਾਡੀਆਂ ਜਥੇਬੰਦੀਆਂ ਦੇ ਇਸ ਵਡੇਰੇ ਕਾਰਜ ਦੀ ਪ੍ਰਸ਼ੰਸਾ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਉਸ ਵਕਤ ਦੇ ਪ੍ਰਧਾਨ ਕਾ. ਸੋਹਣ ਸਿੰਘ ਜੋਸ਼ ਲਿਖਦੇ ਹਨ, "ਕਿ ਇਹ ਕਾਰਜ ਸ਼ਾਇਦ ਸਿਰੇ ਨਾ ਚੜ੍ਹਦਾ ਜੇ ਸਾਡਾ ਉਤਸ਼ਾਹੀ ਜਨਰਲ ਸਕੱਤਰ ਕਾ. ਭਗਤ ਸਿੰਘ ਬਿਲਗਾ ਅਤੇ ਵਿਦੇਸ਼ ਵਿਚ ਰਹਿੰਦੇ ਸਾਥੀ ਏਡਾ ਵੱਡਾ ਫੰਡ ਇਕੱਤਰ ਕਰਨ ਦਾ ਇਹ ਵੱਡਾ ਹੰਭਲਾ ਨਾ ਮਾਰਦੇ।" ਪੰਜਾਬ ਸੰਕਟ ਦੇ ਦੌਰਾਨ ਜਿਸ ਤਰ੍ਹਾਂ ਅਸੀਂ ਯੂ.ਕੇ. ਨਿਵਾਸੀ ਖੱਬੇ-ਖੱਖੀਆਂ ਨੇ ਫਿਰਕੂ ਤਾਕਤਾਂ ਨਾਲ ਲੋਹਾ ਲਿਆ, ਉਸ ਤੋਂ ਵੀ ਸਾਡੇ ਪਿਤਾ ਨੂੰ ਅੰਦਰੂਨੀ ਖੁਸ਼ੀ

ਹੁੰਦੀ ਸੀ। ਅੱਜ ਤੱਕ ਲੋਕ-ਹਿਤੈਸ਼ੀ ਪੱਖ ਨਾਲ ਜੇ ਅਸੀਂ ਪੂਰੀ ਵਚਨਬੱਧਤਾ ਨਾਲ ਜੁੜੇ ਹੋਏ ਹਾਂ ਤਾਂ ਇਹ ਸਾਡੇ ਉੱਪਰ ਸਾਡੇ ਬਾਪ ਦਾ ਹੀ ਡੂੰਘਾ ਅਸਰ ਹੈ। ਉਨ੍ਹਾਂ ਦੇ ਪਰਿਵਾਰ ਦਾ ਘੇਰਾ ਬਹੁਤ ਵੱਡਾ ਹੈ। ਅਸੀਂ ਉਸ ਵੱਡੇ ਘੇਰੇ ਦੇ ਹੀ ਮੈਂਬਰ ਹਾਂ ਸਾਨੂੰ ਉਨ੍ਹਾਂ ਦੇ ਕੁਰਬਾਨੀਆਂ ਭਰੇ ਜੀਵਨ ਅਤੇ ਉਨ੍ਹਾਂ ਦੀ ਅਗਾਂਹਵਧੂ ਲੋਕ-ਹਿਤੈਸ਼ੀ ਸੋਚ 'ਤੇ ਅਤੇ ਉਨ੍ਹਾਂ ਦੇ ਸੰਘਰਸ਼ 'ਤੇ ਬਹੁਤ ਮਾਣ ਹੈ।

## ਪ੍ਰੇਮ ਸਿੰਘ ਸੰਘੇੜਾ

ਜਦੋਂ ਮੈਂ ਹੋਸ਼ ਸੰਭਾਲੀ ਤਾਂ ਉਦੋਂ ਸਾਡਾ ਬਾਪ ਜ਼ਿਆਦਾਤਰ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿਚ ਜਾਂ ਜਥੇਬੰਦੀ ਦਾ ਕੰਮ ਕਰਨ ਲਈ ਗ੍ਰਿਫ਼ਤਾਰੀ ਤੋਂ ਬਚਣ ਲਈ ਅੰਡਰਗ੍ਰਾਊਂਡ ਹੀ ਰਹਿੰਦਾ ਸੀ। ਮੈਨੂੰ ਯਾਦ ਹੈ ਕਿ ਜਦ ਸਾਡੀ ਮਾਤਾ ਨੇ ਪਸ਼ੂਆਂ ਵਾਸਤੇ ਪੱਠੇ ਲੈਣ ਜਾਣਾ ਤਾਂ ਮੈਂ ਨਾਲ ਜਾਂਦਾ ਹੁੰਦਾ ਸੀ। ਉਸਨੇ ਕਈ ਵਾਰ ਪੱਠੇ ਵਢਦਿਆਂ-ਵਢਦਿਆਂ ਜ਼ਮੀਨ 'ਤੇ ਦਾਤਰੀ ਨਾਲ ਲਕੀਰਾਂ ਮਾਰਨੀਆਂ ਜਦੋਂ ਮੈਂ ਪੁੱਛਣਾ ਕਿ ਬੀਬੀ ਤੂੰ ਇਹ ਕੀ ਕਰਦੀ ਏਂ? ਤਾਂ ਉਸਨੇ ਅੱਗੋਂ ਕਹਿਣਾ ਕਿ ਮੈਂ ਔਂਸੀਆਂ ਪਾ ਕੇ ਹਿਸਾਬ ਲਗਾ ਰਹੀ ਹਾਂ ਕਿ ਤੁਹਾਡੇ ਭਾਪੇ ਨੇ ਕਦੋਂ ਆਉਣਾ! ਮੈਂ ਛੋਟਾ ਹੋਣ ਕਰਕੇ ਆਪਣੀ ਮਾਂ ਦੇ ਬੋਲਾਂ ਵਿਚਲੀ ਅਤੇ ਅੱਖਾਂ ਵਿਚਲੀ ਉਦਾਸੀ ਦਾ ਅੰਦਾਜ਼ਾ ਨਹੀਂ ਸੀ ਲਗਾ ਸਕਦਾ। ਜੇਲ੍ਹ ਤੋਂ ਇਕ ਸਿਪਾਹੀ ਕਦੇ-ਕਦੇ ਸਾਡੇ ਕੋਲ ਆਉਂਦਾ ਸੀ। ਅਸੀਂ ਆਪਣੇ ਬਾਪ ਦੀਆਂ ਮੁਲਾਕਾਤਾਂ 'ਤੇ ਜਾਂਦੇ ਸੀ। ਉਸ ਸਿਪਾਹੀ ਬਾਰੇ ਮੈਂ ਆਪਣੇ ਸਾਥੀ ਨਿਆਣਿਆਂ ਨੂੰ ਬੜੇ ਚਾਅ ਨਾਲ ਦੱਸਦਾ ਹੁੰਦਾ ਸੀ ਕਿ ਇਹ ਸਾਡਾ ਸਿਪਾਹੀ ਆ। ਜਦ ਸਾਡੇ ਬਾਪ ਨੇ ਰਿਹਾਅ ਹੋਣਾ ਤੇ ਪਾਰਟੀ ਦੇ ਦਫ਼ਤਰ ਤੋਂ ਆਪਣੀ ਅਗਲੀ ਡਿਊਟੀ ਲੈ ਕੇ ਘੁੰਮਦੇ ਫ਼ਿਰਦੇ ਕਦੇ ਘਰ ਆਉਣਾ ਤਾਂ ਮੈਂ ਉਨ੍ਹਾਂ ਦੀਆਂ ਲੱਤਾ ਨਾਲ ਚੰਬੜ ਜਾਣਾ ਤੇ ਕਹਿਣਾ ਹੁਣ ਤਾਂ ਨਹੀਂ ਜਾਓਗੇ ਜੇਲ੍ਹ ਵਿਚ? ਮੈਂ ਨਹੀਂ ਹੁਣ ਤੁਹਾਨੂੰ ਜਾਣ ਦੇਣਾ ਜੇਲ੍ਹ ਵਿਚ, ਪਰ ਮੇਰੇ ਵਰਗੇ ਨਿਆਣੇ ਦੀ ਗੱਲ ਦਾ ਉੱਥੇ ਕੀ ਮੁੱਲ ਸੀ ਜਿੱਥੇ ਉਨ੍ਹਾਂ ਨੂੰ ਆਪਣੀ ਜਥੇਬੰਦੀ ਵੱਲੋਂ ਦਿੱਤੀਆਂ ਡਿਊਟੀਆਂ ਵਿਚ ਪਰਿਵਾਰ ਲਈ ਕੋਈ ਸਮਾਂ ਹੀ ਨਹੀਂ ਸੀ। ਮੈਂ ਬਾਅਦ ਵਿਚ ਆਪਣੇ ਬਾਪ ਦੀਆਂ ਟੀ.ਵੀ. ਰੇਡੀਓ ਜਾਂ ਅਖ਼ਬਾਰਾਂ ਵਿਚ ਦਿੱਤੀਆਂ ਇੰਟਰਵਿਊਜ਼ ਤੋਂ ਜਾਣੂ ਹੋਇਆ ਹਾਂ ਕਿ ਉਹ ਜੇਲ੍ਹ ਜਾਣ ਲੱਗੇ ਘਰ ਪਰਿਵਾਰ ਦੇ ਸਾਰੇ ਫ਼ਿਕਰ ਜੇਲ੍ਹ ਦੇ ਗੇਟ ਤੋਂ ਬਾਹਰ ਹੀ ਛੱਡ ਜਾਂਦੇ ਸਨ। ਅੱਜ ਜਦ ਮੈਂ ਹੋਰ ਲੋਕਾਂ ਦੇ ਮੁਕਾਬਲੇ 'ਤੇ ਜਾਤੀ-ਵਿਤਕਰੇ ਅਤੇ ਫਿਰਕੂ ਪੱਖਪਾਤ ਤੋਂ ਆਪਣੇ ਆਪ ਨੂੰ ਆਪਣੇ ਪਰਿਵਾਰ ਨੂੰ ਮੁਕਤ ਦੇਖਦਾ ਹਾਂ, ਜਦ ਹਰ ਹੱਕ, ਸੱਚ, ਇਨਸਾਫ਼ ਦੀ ਆਵਾਜ਼ ਸਾਨੂੰ ਆਪਣੀ ਆਵਾਜ਼ ਲੱਗਦੀ ਹੈ ਤਾਂ ਮੈਨੂੰ ਲੱਗਦਾ ਹੈ ਕਿ ਇਹ ਸਾਨੂੰ ਸਾਡੇ ਪਰਿਵਾਰ ਨੂੰ ਸਾਡੇ ਲੋਕਾਂ ਨੂੰ ਉਨ੍ਹਾਂ ਦੀ ਹੀ ਤਾਂ ਦੇਣ ਹੈ।

## ਕਾ. ਬਲਬੀਰ ਸਿੰਘ ਸੰਘੇੜਾ

ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ ਮੇਰੇ ਚਾਚਾ ਜੀ ਸਨ ਤੇ ਮੇਰੇ ਸਿਆਸੀ ਗੁਰੂ ਵੀ। ਸਾਡਾ ਬਾਪ ਚੌਧਰੀ ਰਾਮ ਬਖ਼ਸ਼ ਨੰਬਰਦਾਰ ਬੇਸ਼ੱਕ ਇਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਮਾਲਕ ਸੀ। ਪਰ ਸਾਡੀ ਰਾਜਨੀਤਕ ਪਹੁੰਚ ਦੇ ਮਾਰਗ ਦਰਸ਼ਕ ਮੇਰੇ ਚਾਚਾ ਜੀ ਹੀ ਸਨ। ਮੈਂ ਕੁਲਬੀਰ ਤੋਂ ਕੁਝ ਮਹੀਨੇ ਵੱਡਾ ਹਾਂ ਤੇ ਮੈਨੂੰ ਇਹ ਵੀ ਪਤਾ ਹੈ ਕਿ ਕੁਲਬੀਰ ਹੋਰਾਂ ਦੇ ਨਾਮ ਕੁਲਬੀਰ ਦਾ ਤਰਸੇਮ ਸਿੰਘ ਸਵਰਗੀ ਭੈਣ ਦਾ ਨਾਮ ਤਰਸੇਮ ਕੌਰ ਅਤੇ ਛੋਟੇ ਭਰਾ ਦਾ ਨਾਮ

ਪ੍ਰੇਮ ਸਿੰਘ ਹੈ। ਪਰ ਕੁਲਬੀਰ ਦਾ ਨਾਮ ਸ਼ਾਇਦ ਚਾਚਾ ਜੀ ਨੇ ਮੇਰੇ ਨਾਮ ਨਾਲ ਜੁੜਦਾ ਹੋਣ ਕਰਕੇ ਤਰਸੇਮ ਸਿੰਘ ਦੀ ਥਾਂ ਕੁਲਬੀਰ ਸਿੰਘ ਕਰ ਦਿੱਤਾ ਹੋਵੇ। ਮੈਨੂੰ ਮੇਰੇ ਪਰਿਵਾਰ ਦੇ ਅਤੇ ਸਮਾਜਕ ਘੇਰੇ ਦੇ ਬਹੁਤ ਸਾਰੇ ਲੋਕ ਅਕਸਰ ਹੀ ਕਹਿ ਦਿੰਦੇ ਹਨ ਇਸਦਾ ਸੁਭਾਅ ਤੇ ਇਸਦੀ ਸਮਝ ਇਹਦੇ ਚਾਚੇ 'ਤੇ ਗਈ ਹੈ। ਬਹੁਤ ਸਾਰੇ ਲੋਕ ਇਹ ਕਹਿੰਦੇ ਹਨ ਕਿ ਬਾਬਾ ਜੀ ਸਾਨੂੰ ਆਪਣੇ ਬੱਚੇ ਸਮਝਦੇ ਸਨ ਅਤੇ ਰੱਜਵਾਂ ਪਿੱਤਰੀ ਪਿਆਰ ਦਿੰਦੇ ਸਨ। ਇਸ ਦਾਅਵੇ ਦਾ ਮੈਂ ਵੀ ਵੱਡਾ ਦਾਅਵੇਦਾਰ ਹਾਂ। ਮੈਨੂੰ ਕਈ ਵਾਰ ਲੱਗਦਾ ਕਿ ਮੈਂ ਆਪਣੇ ਬਾਪ ਨਾਲੋਂ ਆਪਣੇ ਚਾਚੇ ਦੇ ਜ਼ਿਆਦਾ ਨੇੜੇ ਹਾਂ ਅਤੇ ਨਾਲ ਹੀ ਮੈਂ ਉਨ੍ਹਾਂ ਦੇ ਆਪਣੇ ਪ੍ਰਤੀ ਲਗਾਓ ਨੂੰ ਮਹਿਸੂਸ ਕਰਕੇ ਅਕਸਰ ਇਸ ਤਰ੍ਹਾਂ ਵੀ ਸੋਚਦਾ ਕਿ ਕੁਝ ਗੱਲਾਂ ਉਹ ਸਿਰਫ਼ ਮੇਰੇ ਨਾਲ ਹੀ ਸਾਂਝੀਆਂ ਕਰਦੇ ਸਨ, ਕਿਸੇ ਹੋਰ ਨਾਲ ਨਹੀਂ। ਉਨ੍ਹਾਂ ਦੇ ਮਨ ਵਿਚ ਗ਼ਰੀਬਾਂ, ਨਿਮਾਣਿਆਂ, ਨਿਤਾਣਿਆਂ ਅਤੇ ਲੁੱਟਮਾਰ ਦੇ ਸ਼ਿਕਾਰ ਲੋਕਾਂ ਲਈ ਬਹੁਤ ਦਰਦ ਸੀ। ਉਹ ਅਕਸਰ ਸਮਾਜਵਾਦੀ ਇਨਕਲਾਬ, ਦੇ ਮਹੱਤਵ ਬਾਰੇ ਬੋਲਦਿਆਂ ਭਾਵੁਕ ਹੋ ਜਾਂਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਗੁਲਾਮੀ ਨਾ-ਬਰਾਬਰੀ ਸ਼ੋਸ਼ਣ ਤੇ ਬੇਗ਼ਾਨਗੀ ਦੀ ਜੂਨ ਹੰਢਾਉਂਦੇ ਆਮ ਆਦਮੀ ਲਈ ਇਕੋ ਹੀ ਮੁਕਤੀਦਾਤਾ ਹੈ, ਉਹ ਹੈ ਸਮਾਜਵਾਦੀ ਇਨਕਲਾਬ ਇਸ ਤੋਂ ਬਿਨਾਂ ਗੁਜ਼ਾਰਾ ਨਹੀਂ। ਮੇਰੇ ਕੋਲ ਚਾਚਾ ਜੀ ਦੇ ਸਿਆਸੀ ਜੀਵਨ ਪਰਿਵਾਰਕ ਜੀਵਨ ਅਤੇ ਮੇਰੇ ਨਿੱਜੀ ਜੀਵਨ ਨਾਲ ਸੰਬੰਧਿਤ ਬੇਅੰਤ ਯਾਦਾਂ ਹਨ ਜਿਸ ਲਈ ਲੰਬੇ ਸਮੇਂ ਦੀ ਅਤੇ ਕਾਗਜ਼ਾਂ ਦੀ ਵਡੇਰੀ ਗਿਣਤੀ ਦੀ ਜ਼ਰੂਰਤ ਹੈ ਪਰ ਮੈਂ ਏਨੀਆਂ ਕੁ ਗੱਲਾਂ ਨਾਲ ਆਪਣੇ ਚਾਚਾ ਜੀ, ਆਪਣੇ ਰਹਿਬਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ। ਇਨਕਲਾਬ ਜ਼ਿੰਦਾਬਾਦ!

***

# ਸੰਘਰਸ਼ ਭਰੀ ਸਦੀ ਦਾ
# ਮਹਾਨਾਇਕ ਬਾਬਾ ਭਗਤ ਸਿੰਘ ਬਿਲਗਾ

-ਪ੍ਰੋ. ਗੋਪਾਲ ਸਿੰਘ ਬੁੱਟਰ

ਗ਼ਦਰ ਲਹਿਰ ਦੇ ਆਖ਼ਰੀ ਜਰਨੈਲ ਅਤੇ ਉੱਘੇ ਚਿੰਤਕ ਬਾਬਾ ਭਗਤ ਸਿੰਘ ਬਿਲਗਾ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗਾ, ਜ਼ਿਲ੍ਹਾ ਜਲੰਧਰ ਦੇ ਜੰਮਪਲ ਹਨ। ਇਸੇ ਪਿੰਡ ਵਿੱਚ ਉਹਨਾਂ ਦਾ ਜਨਮ 2 ਅਪ੍ਰੈਲ 1907 ਨੂੰ ਨੰਬਰਦਾਰ ਹੀਰਾ ਸਿੰਘ ਸੰਘੇੜਾ (ਪੱਤੀ ਭਲਾਈ) ਦੇ ਘਰ ਮਾਤਾ ਮਾਲਣ ਦੀ ਕੁੱਖੋਂ ਹੋਇਆ। ਆਪ ਆਪਣੇ ਭੈਣਾਂ ਭਰਾਵਾਂ 'ਚੋ ਸਭ ਤੋਂ ਛੋਟੇ ਸਨ। ਇਹਨਾਂ ਤੋਂ ਵੱਡੇ ਇਹਨਾਂ ਦੇ ਇੱਕ ਭਰਾ ਚੌਧਰੀ ਰਾਮ ਬਖ਼ਸ਼ ਤੇ ਇਹਨਾਂ ਦੇ ਬਾਪ ਦੇ ਪਹਿਲੇ ਵਿਆਹ ਤੋਂ ਦੋ ਭੈਣਾਂ ਸਨ। ਇਹ ਅਜੇ ਦੋ ਸਾਲਾਂ ਦੇ ਵੀ ਨਹੀਂ ਹੋਏ ਸਨ ਕਿ ਇਹਨਾਂ ਦੇ ਬਾਪ ਦੀ ਅਕਾਲ ਮ੍ਰਿਤੂ ਦਾ ਕਹਿਰ ਪਰਿਵਾਰ 'ਤੇ ਟੁੱਟ ਪਿਆ। ਘਰ ਦਾ ਕਮਾਊ ਅੱਧਵਾਟੇ ਛੱਡ ਕੇ ਤੁਰ ਗਿਆ ਤਾਂ ਇਹਨਾਂ ਦੀ ਮਾਤਾ ਨੂੰ ਪਰਿਵਾਰ ਦੀ ਪਰਵਰਿਸ਼ ਲਈ ਸਖ਼ਤ ਮਿਹਨਤ ਕਰਨੀ ਪਈ, ਪਰ ਫੇਰ ਵੀ ਪੂਰੀ ਨਾ ਪਈ, ਅਖ਼ੀਰ ਘਰ ਘਾਟ ਗਿਰਵੀ ਰੱਖਣਾ ਪਿਆ। ਇਹ ਮਾਲਵੇ ਦੇ ਪਿੰਡ ਅਜੀਤ ਵਾਲ ਆਪਣੀ ਮਾਸੀ ਕੋਲ ਰਹਿ ਕੇ ਨੇੜਲੇ ਪਿੰਡ ਚੂਹੜ ਚੱਕ ਪੜ੍ਹਦੇ ਰਹੇ। ਉੱਥੋਂ ਮਿਡਲ ਕਰਕੇ ਫਿਰ ਲੁਧਿਆਣੇ ਦੇ ਮਾਲਵਾ ਖ਼ਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਕੀਤੀ। ਘਰ ਦੀ ਗ਼ਰੀਬੀ ਕੱਟਣ ਖ਼ਾਤਿਰ ਵਿਦੇਸ਼ ਕਮਾਈ ਕਰਨ ਲਈ ਉਹ ਪਹਿਲਾਂ ਜਪਾਨ ਤੇ ਫਿਰ ਅਰਜਨਟਾਈਨਾ ਪਹੁੰਚੇ ਪਰ ਉਥੇ ਵੱਸਦੇ ਪੰਜਾਬੀ ਦੇਸ਼ ਭਗਤਾਂ ਦੇ ਅਸਰ ਨੇ ਘਰ ਦੀ ਗ਼ਰੀਬੀ ਦੀ ਥਾਂ ਦੇਸ਼ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਵਾਲੇ ਪਾਸੇ ਤੋਰ ਲਿਆ।

ਬਾਬਾ ਭਗਤ ਸਿੰਘ ਬਿਲਗਾ 2 ਅਪ੍ਰੈਲ 1907 ਤੋਂ 22 ਮਈ 2009 ਤੱਕ ਦੀ ਲੰਮੀ ਸਰਗਰਮ ਜ਼ਿੰਦਗੀ ਜੀਉ ਕੇ ਗੁਜ਼ਰੇ ਹਨ। ਮੈਨੂੰ ਬਾਬਾ ਜੀ ਦੇ ਨਜ਼ਦੀਕ ਰਹਿਣ ਦਾ 1984 ਤੋਂ ਲੈਕੇ ਉਹਨਾਂ ਦੇ ਆਖਰੀ ਸਮੇਂ ਤੱਕ ਦਾ ਅਵਸਰ ਮਿਲਿਆ ਹੈ, ਜਿਸ ਸਮੇਂ ਵਿੱਚ 1984 ਤੋਂ ਲੈ ਕੇ (ਜਦੋਂ ਗੁਰਮਿੰਦਰ ਬਿਲਗਾ ਅਤੇ ਪੰਜਾਬੀ ਕਵੀ ਤੇ ਵਿਦਵਾਨ ਪ੍ਰੋ. ਕੁਲੰਵਤ ਸਿੰਘ ਔਜਲਾ ਦੀ ਪਹਿਲਕਦਮੀ 'ਤੇ ਉਹਨਾਂ ਨੇ ਮੇਰਾ ਅਤੇ ਕੁਲਵਿੰਦਰ ਦਾ ਰਿਸ਼ਤਾ ਕਰਵਾ ਕੇ ਮੈਨੂੰ ਪੱਕੀ ਤਰ੍ਹਾਂ ਆਪਣੇ ਨਾਲ ਜੋੜ ਲਿਆ), ਉਨ੍ਹਾਂ ਦੇ ਸਦੀਵੀ ਵਿਛੋੜੇ ਤਕ ਮੈਨੂੰ ਉਹਨਾਂ ਦੇ ਵਧੇਰੇ ਨੇੜੇ ਰਹਿਣ ਦੇ ਮੌਕੇ ਮਿਲਦੇ ਰਹੇ। ਮੈਂ ਨੇੜਿਓਂ ਦੇਖਿਆ ਉਹਨਾਂ ਦੇ ਮਨ ਵਿੱਚ ਖ਼ੁਦਗਰਜ਼ੀਆਂ ਵਿੱਚੋਂ ਉਪਜੀਆਂ ਕਮਨੀਗੀਆਂ ਦੇ ਖਿਲਾਫ਼ ਸ਼ਦੀਦ ਰੋਹ ਸੀ। ਉਹਨਾਂ ਦੀ ਜ਼ਿੰਦਗੀ, ਗ਼ੁਲਾਮੀ, ਨਾ ਬਰਬਾਰੀ, ਬੇਗ਼ਾਨਗੀ ਤੇ ਸ਼ੋਸ਼ਣ ਦੇ ਖਿਲਾਫ਼ ਵਿਦਰੋਹ ਦਾ ਝੰਡਾ ਬੁਲੰਦ ਰੱਖਦਿਆਂ ਹੀ ਗੁਜ਼ਰੀ ਹੈ। ਉਹਨਾਂ

ਦੇ ਮਨ ਵਿੱਚ ਨਿਮਾਣਿਆਂ, ਨਿਤਾਣਿਆਂ, ਹਰ ਲਿਹਾਜ਼ ਨਾਲ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਮਾਸੂਮ ਕਿਰਤੀਆਂ, ਨੇਕ ਇਨਸਾਨਾਂ ਅਤੇ ਅਗਾਂਹ ਵਧੂ ਜੁਝਾਰੂਆਂ ਤੇ ਉਹਨਾਂ ਦੇ ਪਰਿਵਾਰਾਂ ਲਈ ਅਥਾਹ ਮੋਹ ਸੀ। ਮੈਂ ਇੱਥੇ ਬਾਬਾ ਜੀ ਦੀ ਸ਼ਖ਼ਸੀਅਤ ਦੇ ਇਹਨਾਂ ਤਿੰਨਾਂ ਪਹਿਲੂਆਂ ਬਾਰੇ ਹੀ ਚਰਚਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਭਾਰਤ ਵਿੱਚ ਸੂਰਤ ਵਾਲੇ ਪਾਸੇ ਪਲੇਗ ਫੈਲਣ ਦੇ ਚਰਚੇ ਕਾਰਨ ਅੰਤਰਰਾਸ਼ਟਰੀ ਉਡਾਨਾਂ ਗੜਬੜਾ ਗਈਆਂ ਸਨ। ਬਾਬਾ ਬਿਲਗਾ ਜੀ ਨੇ ਇੰਗਲੈਂਡ ਤੋਂ ਆਪਣੇ ਦੇਸ਼ ਆਉਣਾ ਸੀ। ਉਹ ਪਰੇਸ਼ਾਨ ਸਨ। ਉਡਾਨਾਂ ਦਾ ਕੁਝ ਪਤਾ ਨਹੀਂ ਸੀ ਲੱਗ ਰਿਹਾ। ਉਹ ਏਅਰਪੋਰਟ ਦੇ ਇੱਕ ਉੱਚ ਅਧਿਕਾਰੀ ਨੂੰ ਮਿਲੇ। ਵਰਣਨਯੋਗ ਹੈ ਕਿ ਚੜ੍ਹਦੀ ਜਵਾਨੀ ਵਿੱਚ ਹੀ ਸਾਰਾ ਸ਼ਾਂਤ ਮਹਾਂ ਸਾਗਰ ਘੁੰਮ ਕੇ ਦੇਸ਼ ਭਗਤੀ ਦਾ ਪ੍ਰਚਾਰ ਕਰਨ ਵਾਲੇ ਬਾਬਾ ਜੀ, ਜਿਹੜੇ ਕਿ ਮਾਸਕੋ ਤੋਂ ਗਰੈਜੂਏਸ਼ਨ ਤੱਕ ਪੜ੍ਹੇ ਵੀ ਸਨ, ਨੂੰ ਪੰਜਾਬੀ, ਹਿੰਦੀ, ਉਰਦੂ ਤੋਂ ਇਲਾਵਾ ਅੰਗਰੇਜ਼ੀ ਅਤੇ ਸਪੈਨਿਸ਼ ਭਾਸ਼ਾਵਾਂ 'ਤੇ ਵੀ ਪੂਰਾ ਅਧਿਕਾਰ ਸੀ। ਉਹਨਾਂ ਨੂੰ ਅਕਸਰ ਇਹਨਾਂ ਭਾਸ਼ਾਵਾਂ ਵਿੱਚ ਗੱਲਬਾਤ ਕਰਨ ਅਤੇ ਭਾਸ਼ਣ ਦੇਣ ਦੀ ਜ਼ਰੂਰਤ ਪੈਂਦੀ ਰਹਿੰਦੀ ਸੀ। ਸੋ ਬਾਬਾ ਬਿਲਗਾ ਜੀ ਨੇ ਅੰਗਰੇਜ਼ ਅਧਿਕਾਰੀ ਨੂੰ ਉਸ ਦੀ ਜ਼ੁਬਾਨ ਵਿੱਚ ਗੁੱਸੇ ਨਾਲ ਪੁੱਛਿਆ,

Baba Ji: Why do the flights for India stand cancelled?

Officer: There is plague in India.

Baba Ji: When will the flights resume?

Officer: When the plague will come under control?

Baba Ji: You are ruining my country's business worth crores by making hue and cry about plague without any rhyme or reason.

ਬਾਬਾ ਜੀ ਨੇ ਗੁੱਸੇ ਨਾਲ ਉੱਬਲਦਿਆਂ ਅਫ਼ਸਰ ਨੂੰ ਕਿਹਾ ਤੇ ਹਰਖ਼ੇ ਹੋਏ ਉੱਠਕੇ ਬਾਹਰ ਆ ਗਏ।

ਬਾਬਾ ਜੀ ਦੇ ਦੱਬੇ ਕੁਚਲੇ ਲੋਕਾਂ ਪ੍ਰਤੀ ਸਨੇਹ ਤੋਂ ਸਾਰੇ ਉਹਨਾਂ ਦੇ ਵਾਕਿਫ਼ ਜਾਣੂੰ ਹੀ ਹਨ। ਇੱਕ ਵੇਰ ਕੁਝ ਵਿਦਵਾਨ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਵਿੱਚ ਵਿਚਾਰ ਚਰਚਾ ਕਰ ਰਹੇ ਸਨ ਤਾਂ ਬਾਬਾ ਜੀ ਨੇ ਮਹਿਸੂਸ ਕੀਤਾ ਕਿ ਉਹਨਾਂ ਦੀ ਗੱਲਬਾਤ ਵਿੱਚੋਂ ਦਲਿਤਾਂ ਬਾਰੇ ਨਾ ਪਸੰਦਗੀ ਦੀ ਸੁਰ ਉੱਭਰ ਰਹੀ ਹੈ। ਬਾਬਾ ਜੀ ਨੇ ਗੁੱਸੇ ਵਿੱਚ ਆ ਕੇ ਕਿਹਾ, "ਜੇ ਹਿੰਦੂ ਮੁਸਲਮਾਨਾਂ ਪ੍ਰਤੀ ਨਫ਼ਰਤ ਅਤੇ ਛੂਤ ਛਾਤ ਦੀ ਭਾਵਨਾ ਨਾ ਰੱਖਦੇ ਤਾਂ ਪਾਕਿਸਤਾਨ ਕਦੇ ਨਾ ਬਣਦਾ ਜੇ ਹੁਣ ਅਸੀਂ ਦਲਿਤਾਂ ਪ੍ਰਤੀ ਆਪਣੇ ਰਵੱਈਏ ਨੂੰ ਨਾ ਬਦਲਿਆ ਤਾਂ ਦੇਸ਼ ਦੇ ਹੋਰ ਟੋਟੇ ਹੋਣਗੇ"।

ਬਾਬਾ ਜੀ ਦੱਸਦੇ ਸਨ, ਕਿ ਕਿਸੇ ਦੀ ਵਧੀਕੀ ਮੈਥੋਂ ਬਰਦਾਸ਼ਤ ਨਹੀਂ ਹੁੰਦੀ ਤੇ ਮੈਂ ਆਪ ਕਿਸੇ ਨਾਲ ਵਧੀਕੀ ਕਰਦਾ ਨਹੀਂ। ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਵਿੱਚ ਪੜ੍ਹਦਿਆਂ ਬਾਬਾ ਜੀ ਦਾ ਇੱਕ ਜਮਾਤੀ ਜੋ ਸ਼ਹਿਰੀ ਅਮੀਰ ਵਕੀਲ ਦਾ ਪੁੱਤਰ ਹੋਣ ਕਰਕੇ ਆਕੜਿਆ ਫਿਰਦਾ ਸੀ ਅਤੇ ਉਹਨਾਂ ਦੇ ਮੱਧਰੇ ਕੱਦ ਮੁਕਾਬਲੇ ਆਪਣੀ ਡੀਲ ਡੌਲ 'ਤੇ ਮਾਣ ਕਰਦਿਆਂ ਉਹਨਾਂ ਨੂੰ ਦੁਆਬੀਆ ਕਹਿ ਕੇ ਗਾਲ ਕੱਢ ਦਿੰਦਾ ਸੀ। ਇੱਕ ਵੇਰ ਬਾਬਾ ਜੀ ਨੂੰ ਉਸਦੇ ਰਵੱਈਏ

ਤੇ ਐਸਾ ਗੁੱਸਾ ਆਇਆ ਕਿ ਇਹਨਾਂ ਉਹਨੂੰ ਏਨਾ ਕੁੱਟਿਆ ਕਿ ਉਹ ਮੁੜ ਬਾਬਾ ਜੀ ਤੋਂ ਡਰਦਾ ਉਹਨਾਂ ਦਾ ਰਾਹ ਛੱਡ ਕੇ ਪਾਸੇ ਹੋਣ ਲੱਗ ਪਿਆ।

ਹਿੰਦ ਸਮਾਚਾਰ ਦੇ ਸ਼ਹੀਦ ਪਰਿਵਾਰ ਸਹਾਇਤਾ ਸਮਾਗਮ ਵਿੱਚ ਇੱਕ ਵੇਰ ਬਾਬਾ ਜੀ ਨੂੰ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ। ਇਹਨਾਂ ਨੋਟ ਕੀਤਾ ਕਿ ਦਹਿਸ਼ਤ ਗਰਦਾਂ ਵੱਲੋਂ ਨਿਰਦੋਸ਼ ਲੋਕਾਂ ਦੇ ਕਤਲਾਂ ਦੀ ਨਿਖੇਧੀ ਕਰਦਿਆਂ-ਕਰਦਿਆਂ ਕੁਝ ਬੁਲਾਰੇ ਅਕਾਲੀ ਦੇਸ਼ ਭਗਤਾਂ ਵੱਲੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਪਾਏ ਵਡੇਰੇ ਯੋਗਦਾਨ ਉੱਤੇ ਵੀ ਕਾਟਾ ਫੇਰ ਰਹੇ ਹਨ। ਇਹਨਾਂ ਗੁੱਸੇ ਵਿੱਚ ਆ ਕੇ ਬੁਲੰਦ ਆਵਾਜ਼ ਵਿੱਚ ਕਿਹਾ 'ਮੈਂ ਬੇਦੋਸ਼ਿਆਂ ਦੇ ਕਾਤਲਾਂ ਦੇ ਸਖ਼ਤ ਖਿਲਾਫ਼ ਹਾਂ ਤੇ ਮਰਦੇ ਦਮ ਤੀਕ ਮੈਂ ਇਹਨਾਂ ਦੇ ਖਿਲ਼ਾਫ ਬੋਲਦਾ, ਲਿਖਦਾ ਅਤੇ ਲੜਦਾ ਰਹਾਂਗਾ, ਪਰ ਮੈਂ ਇਹ ਵੀ ਬਰਦਾਸ਼ਤ ਨਹੀਂ ਕਰ ਸਕਦਾ ਕਿ ਅਕਾਲੀ ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਨਕਾਰਿਆ ਜਾਵੇ।

ਬਾਬਾ ਜੀ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚਲੇ ਆਪਣੇ ਯੋਗਦਾਨ ਬਦਲੇ ਕੋਈ ਸਰਕਾਰੀ ਸਹਾਇਤਾ ਜਾਂ ਪੈਨਸ਼ਨ ਸਵੀਕਾਰ ਨਹੀਂ ਕੀਤੀ। ਇੱਕ ਵੇਰ ਬਾਬਾ ਜੀ ਨੂੰ ਤਾਮਰ ਪੱਤਰ ਲੈਣ ਲਈ ਬੁਲਾਇਆ ਗਿਆ, ਪਰ ਉਹਨਾਂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ, "ਇਹ ਸਾਲੇ ਕੌਣ ਹੁੰਦੇ ਆ ਮੈਨੂੰ ਦੇਸ਼ ਭਗਤ ਹੋਣ ਦਾ ਸਰਟੀਫਿਕੇਟ ਦੇਣ ਵਾਲੇ।" ਉਹ ਤਾਮਰ ਪੱਤਰ ਜਲੰਧਰ ਦੇ ਡੀ.ਸੀ. ਕੋਲ ਪਹੁੰਚਾ ਪਰ ਡੀ.ਸੀ. ਸਾਹਿਬ ਬਾਬਾ ਜੀ ਦੇ ਸੁਭਾਅ ਤੋਂ ਵਾਕਿਫ਼ ਸਨ, ਉਹਨਾ ਨੇ ਐਸ.ਡੀ.ਐਮ. ਫਿਲੌਰ ਦੀ ਡਿਊਟੀ ਲਗਾ ਦਿੱਤੀ। ਐਸ.ਡੀ.ਐਮ. ਨੇ ਤਹਿਸੀਲਦਾਰ ਦੀ ਤੇ ਤਹਿਸੀਲਦਾਰ ਨੇ ਬਿਲਗੇ ਪਿੰਡ ਦੇ ਪਟਵਾਰੀ ਦੀ ਤਾਮਰ ਪੱਤਰ ਬਾਬਾ ਜੀ ਤਕ ਪਹੁੰਚਾਉਣ ਦੀ ਡਿਊਟੀ ਲਗਾ ਦਿੱਤੀ। ਪਟਵਾਰੀ ਨੇ ਤਾਮਰ ਪੱਤਰ ਚੌਕੀਦਾਰ ਨੂੰ ਸੌਂਪ ਦਿੱਤਾ, ਜਿਸ ਨੇ ਵੇਲੇ ਕੁਵੇਲੇ ਗਲ਼ੀ ਵਿੱਚੋਂ ਰੌਸ਼ਨਦਾਨ ਰਾਹੀਂ ਤਾਮਰ ਪੱਤਰ ਬਾਬਾ ਜੀ ਦੇ ਘਰ ਸੁੱਟ ਦਿੱਤਾ।

ਅੱਤਵਾਦ ਦੇ ਦਿਨਾਂ 'ਚ ਇੱਕ ਵੇਰ ਬਾਬਾ ਬਿਲਗਾ ਜੀ ਪਿੰਡ ਸਨ ਅਤੇ ਵਾਲ ਕਟਾ ਕੇ, ਨਹਾ ਕੇ ਘਰ ਦੇ ਬਾਹਰ ਚੌਤਰੇ 'ਤੇ ਕੁਰਸੀ ਡਾਹ ਕੇ ਬੈਠੇ ਸਨ। ਏਨੇ ਨੂੰ ਨੂਰਮਹਿਲ ਇਲਾਕੇ ਦਾ ਇੱਕ ਸੱਜਣ ਜੋ ਕਿਸੇ ਖਾੜਕੂ ਦਾ ਰਿਸ਼ਤੇਦਾਰ ਹੋਣ ਕਰੇ ਚੌਧਰੀ ਬਣਿਆ ਫਿਰਦਾ ਸੀ, ਉਹ ਬਾਬਾ ਜੀ ਕੋਲ ਆ ਕੇ ਕਹਿਣ ਲੱਗਾ 'ਕਾਮਰੇਡ ਜੀ ਇੱਕ ਬਚਨ ਕਰਨਾ ਸੀ, ਗੁੱਸਾ ਤਾਂ ਨਹੀਂ ਕਰੋਗੇ? ਬਾਬਾ ਜੀ ਨੇ ਕਿਹਾ, "ਮੈਨੂੰ ਨਹੀਂ ਲਗਦਾ ਤੂੰ ਕੋਈ ਗੁੱਸੇ ਵਾਲੀ ਗੱਲ ਕਰੇਂਗਾ"? ਉਹਨਾਂ ਕਿਹਾ 'ਵੇਖੋ ਤੁਸੀਂ ਕਿੱਡੇ ਵੱਡੇ ਦੇਸ਼ ਭਗਤ ਹੋ, ਲੋਕ ਤੁਹਾਡਾ ਕਿੰਨਾ ਆਦਰ ਮਾਣ ਕਰਦੇ ਆ, ਪਰ ਤੁਸੀਂ ਰੋਮਾਂ ਦੀ ਬੇਅਦਬੀ ਕਿਉਂ ਕਰਦੇ ਹੋ, ਤੁਹਾਨੂੰ ਪਤਾ ਆਪਣੇ ਗੁਰੂ ਦਾ ਕੀ ਹੁਕਮ ਹੈ? ਬਾਬਾ ਬਿਲਗਾ ਜੀ ਉਸ ਸੱਜਣ ਤੋਂ ਪਹਿਲਾਂ ਹੀ ਦੁਖੀ ਸਨ ਕਿ ਉਹ ਭੋਲੇ ਭਾਲੇ ਲੋਕਾਂ ਨੂੰ ਧਮਕਾਉਂਦਾ ਰਹਿੰਦਾ ਹੈ। ਗੁੱਸੇ ਵਿੱਚ ਆ ਕੇ ਕਹਿਣ ਲੱਗੇ, 'ਤੂੰ ਗੁਰੂ ਦਾ ਬਾਹਲਾ ਸਕਾ ਆ, ਤੈਨੂੰ ਏਨਾ ਫ਼ਿਕਰ ਆ ਉਹਨਾਂ ਦੇ ਹੁਕਮ ਦਾ, ਉਹਨਾਂ ਨੇ ਤਾਂ ਲੋਕਾਂ ਦੇ ਖ਼ਾਤਿਰ ਆਪਣੇ ਚਾਰੇ ਪੁੱਤਰ ਸ਼ਹੀਦ ਕਰਵਾ ਲਏ ਸੀ ਤੇ ਤੂੰ ਝੂਠੇ ਕੇਸਾਂ ਦੇ ਜਾਹਲੀ ਕਾਗਜ਼ ਬਣਾ ਕੇ ਆਪਣੇ ਅਮਰੀਕਾ ਵਾੜ ਦਿੱਤੇ ਆ, ਅਸੀਂ ਤੇ ਫਿਰ ਵੀ ਉਹਨਾਂ ਦੇ ਰਾਹ 'ਤੇ ਚੱਲ ਕੇ ਜ਼ੁਲਮ ਦੇ ਖਿਲਾਫ਼ ਲੜਦੇ ਹੀ ਰਹੇ ਹਾਂ। ਉਹਨਾਂ ਦੀ ਜ਼ਿੰਦਗੀ ਵਿੱਚ ਅਨੇਕ ਐਸੇ ਪੜਾਅ ਆਏ ਜਦ ਦੰਭੀ ਦੇ ਘਟੀਆ ਲੋਕਾਂ ਨੂੰ ਉਹਨਾਂ ਦੇ ਰੋਹ ਦਾ ਸ਼ਿਕਾਰ ਹੋਣਾ ਪਿਆ।

ਬਾਬਾ ਜੀ ਦੇ ਅੰਗਰੇਜ਼ ਸਰਕਾਰ ਖਿਲਾਫ਼ ਵਿਦਰੋਹੀ ਜੀਵਨ ਦਾ ਆਗਾਜ਼ ਉਹਨਾਂ ਦੇ ਵਿਦਿਆਰਥੀ ਜੀਵਨ ਵਿੱਚ ਭਾਵ ਲੁਧਿਆਣੇ ਪੜ੍ਹਦੇ ਸਮੇਂ ਹੀ ਹੋ ਗਿਆ ਸੀ ਜਦ ਵਾਇਸਰਾਏ ਦੀ ਸਕੂਲ ਫੇਰੀ 'ਤੇ ਇਹਨਾਂ ਨੇ Hip Hip Hurray ਕਹਿਣ ਦੀ ਥਾਂ ਵਾਇਸਰਾਏ ਹਾਏ ਹਾਏ ਕਹਿ ਕੇ ਸਕੂਲ ਹੈੱਡਮਾਸਟਰ ਦੀ ਬੈਂਤਾਂ ਦੀ ਸਜ਼ਾ ਕਬੂਲ ਕੀਤੀ। ਘਰ ਦੀ ਗ਼ਰੀਬੀ ਧੋਣ ਲਈ ਕਮਾਈ ਕਰਨ ਵਿਦੇਸ਼ ਗਏ ਤੇ 21 ਸਾਲ ਦੀ ਉਮਰ ਵਿੱਚ 1928 ਨੂੰ ਸ. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਦੀ ਪ੍ਰਧਾਨਗੀ ਵਾਲੀ ਅਰਜਨਟਾਈਨਾ ਦੀ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣ ਕੇ ਭਾਰਤੀਆਂ ਨੂੰ ਦੇਸ਼ ਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਜੱਥੇਬੰਦ ਕਰਨ ਲੱਗ ਪਏ। ਅਰਜਨਟਾਈਨਾ ਤੋਂ ਪਾਰਟੀ ਦੇ ਆਦੇਸ਼ ਮੁਤਾਬਕ ਮਾਰਕਸਵਾਦ ਅਤੇ ਫੌਜੀ ਵਿਦਿਆ ਦੀ ਉਚੇਰੀ ਟਰੇਨਿੰਗ ਲੈਣ ਲਈ ਰੂਸ ਦੀ ਟੋਆਇਲਰ ਯੂਨੀਵਰਸਿਟੀ ਮਾਸਕੋ ਗਏ। ਉਥੋਂ 60 ਕ੍ਰਾਂਤੀਕਾਰੀਆਂ ਦਾ ਗੁਰੱਪ ਤਿਆਰ ਕਰਕੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਭਾਰਤ ਪਰਤੇ। 1934 ਤੋਂ 1936 ਤੱਕ ਕਲੱਕਤੇ, ਕਾਨਪੁਰ ਅਤੇ ਪੰਜਾਬ ਦੀਆਂ ਕ੍ਰਾਂਤੀਕਾਰੀ ਸੰਸਥਾਵਾਂ ਵਿੱਚ ਕੰਮ ਕੀਤਾ। ਬਾਬਾ ਜੀ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਲਾਹੌਰ ਦੇ ਕਿਲੇ ਵਿੱਚ ਦੋ ਮਹੀਨੇ ਅਣ ਮਨੁੱਖੀ ਤਸੀਹੇ ਦਿੱਤੇ ਗਏ। ਰਿਹਾਈ ਉਪਰੰਤ ਇੱਕ ਸਾਲ ਲਈ ਪਿੰਡ ਬਿਲਗਾ ਵਿੱਚ ਨਜ਼ਰਬੰਦ ਕੀਤਾ ਗਿਆ। ਬਾਬਾ ਬਿਲਗਾ ਜੀ ਨੂੰ 1938 ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਲਾਹੌਰ ਦਾ ਮੈਂਬਰ, ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ ਉਹਨਾਂ ਨੇ ਕਾਂਗਰਸ ਦੇ ਗੁਜਰਾਤ ਸੈਸ਼ਨ ਵਿੱਚ ਸ਼ਮੂਲੀਅਤ ਕੀਤੀ। ਉਹਨਾਂ ਨੂੰ 1939 ਵਿੱਚ ਕੈਂਬਲਪੁਰ ਜੇਲ੍ਹ ਵਿੱਚ ਤਿੰਨ ਸਾਲ ਬਤੌਰ ਜੰਗੀ ਕੈਦੀ ਰੱਖਿਆ ਗਿਆ। 1942 ਵਿੱਚ ਰਿਹਾ ਹੋਣ 'ਤੇ ਲੁਧਿਆਣੇ ਸਰਕਾਰ ਵਿਰੁੱਧ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿੱਚ ਇੱਕ ਸਾਲ ਲਈ ਮੁੜ ਜੇਲ੍ਹ ਵਿੱਚ ਬੰਦ ਕਰ ਦਿੱਤਾ। 1947-48 ਵਿੱਚ ਫਿਰਕੂ ਵੰਡ ਦਾ ਵਿਰੋਧ ਕਰਨ 'ਤੇ ਆਜ਼ਾਦ ਭਾਰਤ ਦੀ ਸਰਕਾਰ ਨੇ ਇੱਕ ਸਾਲ ਲਈ ਧਰਮਸ਼ਾਲਾ ਦੀ ਯੋਲ ਕੈਂਪ ਜੇਲ੍ਹ ਵਿੱਚ ਡੱਕ ਦਿੱਤਾ। 1959 ਵਿਚ ਖੁਸ਼ ਹੈਸੀਅਤੀ ਟੈਕਸ ਦੇ ਵਿਰੋਧ ਵਿੱਚ ਸੰਘਰਸ਼ ਕਰਨ 'ਤੇ ਪੰਜਾਬ ਦੀ ਕੈਰੋਂ ਸਰਕਾਰ ਨੇ ਫਿਰ ਬਾਬਾ ਬਿਲਗਾ ਜੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਬੰਦ ਕਰ ਦਿੱਤਾ। ਉਹਨਾਂ ਨੂੰ 1971 ਵਿੱਚ ਨਕਸਲੀ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦਾ ਵਿਰੋਧ ਕਰਨ 'ਤੇ 4 ਮਹੀਨੇ ਪਟਿਆਲੇ ਜੇਲ੍ਹ ਵਿੱਚ ਕੈਦ ਰੱਖਿਆ। ਉਹਨਾਂ ਦੇ ਆਖਰੀ ਵਾਰੰਟ ਐਮਰਜੈਂਸੀ ਦਾ ਵਿਰੋਧ ਕਰਨ 'ਤੇ ਨਿਕਲੇ ਅਤੇ 6 ਅਕਤੂਬਰ 2008 ਵਿੱਚ ਜਲ੍ਹਿਆਂ ਵਾਲੇ ਬਾਗ਼ ਦੇ ਅਸਲੀ ਸਰੂਪ ਨੂੰ ਬਚਾਉਣ, ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਿਵਾਉਣ ਸੰਬੰਧੀ ਕੀਤੇ ਰੋਸ ਮਾਰਚ ਨੂੰ ਉਹਨਾਂ ਦੇ ਵਿਦਰੋਹੀ ਜੀਵਨ ਦਾ ਆਖ਼ਰੀ ਅੰਦੋਲਨ ਮੰਨਿਆ ਜਾ ਸਕਦਾ ਹੈ, ਜੋ ਉਹਨਾਂ ਦੀ ਅਗਵਾਈ ਵਿੱਚ ਕੱਢਿਆ ਗਿਆ। ਉਸ ਮਾਰਚ ਦੀ ਅਗਵਾਈ ਇਸ 101 ਸਾਲਾ ਬਜ਼ੁਰਗ ਇਨਕਲਾਬੀ ਨੇ ਵੀਲ੍ਹ ਚੇਅਰ 'ਤੇ ਬੈਠ ਕੇ ਕੀਤੀ।

ਬਾਬਾ ਭਗਤ ਸਿੰਘ ਬਿਲਗਾ ਜੀ ਨੇ ਆਜ਼ਾਦੀ ਉਪਰੰਤ ਆਜ਼ਾਦੀ ਸੰਗਰਾਮੀਏ ਗ਼ਦਰੀ ਯੋਧਿਆਂ ਦੀ ਯਾਦਗਾਰ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਦੀ ਉਸਾਰੀ ਲਈ ਦਿਨ-ਰਾਤ ਇੱਕ ਕੀਤਾ। ਦੇਸ਼ਾਂ-ਵਿਦੇਸ਼ਾਂ ਤੋਂ ਉਗਰਾਹੀਆਂ ਕੀਤੀਆਂ ਤੇ ਕੋਲ ਖੜੋ ਕੇ ਇਸ ਯਾਦਗਾਰ ਦਾ

ਨਿਰਮਾਣ ਕਰਵਾਇਆ, ਫਿਰ ਇਸ ਨੂੰ ਅਗਾਂਹਵਧੂ ਤੇ ਧਰਮ ਨਿਰਪੱਖ ਲੋਕਾਂ ਦੇ ਮੰਚ ਵਜੋਂ ਸਥਾਪਿਤ ਕੀਤਾ। ਉਨ੍ਹਾਂ ਨੇ ਆਪ ਸੈਮੀਨਾਰ ਕਰਵਾ ਕੇ, ਕਾਨਫ਼ਰੰਸਾਂ ਕਰਵਾ ਕੇ, ਨਾਟਕ ਮੇਲੇ ਕਰਵਾ ਕੇ ਤੇ ਚੇਤਨਾ ਰੈਲੀਆਂ ਕੱਢ ਕੇ ਦੇਸ਼ ਵਾਸੀਆਂ ਨੂੰ ਜਾਗਰੂਕ ਕੀਤਾ। ਬਾਬਾ ਜੀ ਨੇ ਜਿਥੇ ਸਮੁੱਚੇ ਦੇਸ਼ ਅਤੇ ਸਮੁੱਚੀ ਅਗਾਂਹਵਧੂ ਲਹਿਰ ਬਾਰੇ ਸੁਹਿਰਦਤਾ ਨਾਲ ਕੰਮ ਕੀਤਾ, ਉੱਥੇ ਉਨ੍ਹਾਂ ਨੇ ਸਮੱਰਥਾ ਅਨੁਸਾਰ ਆਪਣੀ ਜਨਮ-ਭੂਮੀ ਦੇ ਵਿਕਾਸ ਵਾਸਤੇ ਵੀ ਕੰਮ ਕੀਤਾ। ਭਾਵੇਂ ਪਹਿਲਾਂ ਪੜ੍ਹਾਈ ਫਿਰ ਵਿਦੇਸ਼ ਯਾਤਰਾ ਤੇ ਫਿਰ ਦੇਸ਼ ਭਗਤੀ ਕਾਰਨ ਮਿਲੀਆਂ ਜੇਲ੍ਹਾ, ਨਜ਼ਰਬੰਦੀਆਂ ਤੇ ਰੂ-ਪੋਸ਼ੀਆਂ ਦੇ ਸਿਲਸਿਲੇ ਨੇ ਬਾਬਾ ਜੀ ਨੂੰ ਕਦੇ ਵੀ ਰੱਜ ਕੇ ਬਿਲਗੇ ਵਿੱਚ ਰਹਿਣ ਨਹੀਂ ਦਿੱਤਾ, ਪਰ ਇਹ ਵੀ ਸੱਚ ਹੈ ਕਿ ਬਾਬਾ ਬਿਲਗਾ ਜੀ ਜਿਥੇ ਵੀ ਰਹੇ ਪਿੰਡ ਬਿਲਗਾ ਉਨ੍ਹਾਂ ਦੇ ਮਨ 'ਚ ਹਮੇਸ਼ਾ ਵੱਸਦਾ ਰਿਹਾ। ਉਹਨਾਂ ਨੇ ਆਪਣੀ ਜਵਾਨੀ ਵਿੱਚ ਬਿਲਗੇ ਦੇ ਬੱਚਿਆਂ ਲਈ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਲੜਕੀਆਂ ਦਾ ਸਕੂਲ 1935-36 ਵਿੱਚ ਖੁੱਲਵਾਇਆ ਅਤੇ ਖ਼ੁਦ ਉਸਦੀ ਨਿਗਰਾਨੀ ਕੀਤੀ ਉਹਨਾਂ ਨੇ 1953 ਵਿੱਚ ਬਿਲਗੇ ਵਿਖੇ ਲੜਕਿਆਂ ਦਾ ਹਾਈ ਸਕੂਲ ਖੁਲਵਾਇਆ। ਉਹ ਲੜਕੀਆਂ ਦੇ ਕਾਲਜ ਦੀ ਲੋੜ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਰਹੇ। ਉਹਨਾਂ ਨੇ ਇਲਾਕੇ ਵਿੱਚ 1969 ਈ. ਵਿੱਚ 'ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਅਵਸਰ 'ਤੇ ਖੁੱਲ੍ਹੇ ਗੁਰੂ ਨਾਨਕ ਗਰਲਜ਼ ਕਾਲਜ ਬਾਬਾ ਸੰਗ ਢੇਸੀਆਂ' ਦੇ ਸੰਚਾਲਨ ਵਿੱਚ ਯੋਗਦਾਨ ਪਾਇਆ। ਉਹਨਾਂ ਆਪਣੀ ਉਮਰ ਦੇ ਆਖ਼ਰੀ ਪੜਾਅ ਵਿੱਚ ਕਾਮਰੇਡ ਕਰਤਾਰ ਸਿੰਘ ਦੀ ਬਹੁ ਕੀਮਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾ ਕੇ ਵਿਦੇਸ਼ੀ ਵੀਰਾਂ ਦੀ ਸਹਾਇਤਾ ਨਾਲ ਵੱਡ ਆਕਾਰੀ 'ਜਨਰਲ ਹਸਪਤਾਲ ਬਿਲਗਾ' ਬਿਲਗਾ ਨੂਰਮਹਿਲ ਰੋਡ 'ਤੇ ਬਾਬਾ ਰਹਿਮਤ ਸ਼ਾਹ ਦੀ ਦਰਗਾਹ ਦੇ ਨਜ਼ਦੀਕ ਬਣਵਾਉਣ ਵਿੱਚ ਯੋਗਦਾਨ ਪਾਇਆ, ਜਿਸਦਾ ਨੀਂਹ ਪੱਥਰ 13 ਅਪ੍ਰੈਲ 2000 ਈ. ਨੂੰ ਵਿਸਾਖੀ ਵਾਲੇ ਦਿਨ ਰੱਖਿਆ ਗਿਆ। ਉਹਨਾਂ ਦੀ ਵਸੀਅਤ, ਜਿਸ ਵਿੱਚ ਉਹਨਾਂ ਨੇ ਬਿਲਗੇ ਦੇ ਸ਼ਮਸ਼ਾਨਘਾਟ ਵਿਖੇ ਆਪਣੀ ਮ੍ਰਿਤਕ ਦੇਹ ਦਾ ਸੰਸਕਾਰ ਕਰਨ ਤੇ ਅਸਥੀਆਂ ਨਜ਼ਦੀਕ ਵਗਦੇ ਦਰਿਆ ਸਤਲੁਜ ਵਿੱਚ ਪ੍ਰਵਾਹ ਕਰਨ ਲਈ ਲਿਖਿਆ ਸੀ, ਬਿਲਗੇ ਪਿੰਡ ਨਾਲ ਉਹਨਾ ਦੇ ਜਜ਼ਬਾਤੀ ਸੰਬੰਧਾਂ ਦਾ ਪ੍ਰਮਾਣ ਹੈ। ਬਾਬਾ ਬਿਲਗਾ ਜੀ ਦੇ ਸ਼ਰਧਾਂਜਲੀ ਸਮਾਰੋਹ ਦੇ ਅਵਸਰ 'ਤੇ 7 ਜੂਨ 2009 ਨੂੰ ਪਿੰਡ ਬਿਲਗਾ ਵਿਖੇ ਸਮਾਗਮ ਸਮੇਂ ਮੰਚ ਸੰਚਾਲਨ ਹੋਇਆ ਮੈਂ ਦਿਲ ਦੀਆਂ ਡੂੰਘਾਣਾ ਤੋਂ ਇਸ ਸੱਚ ਨੂੰ ਮਹਿਸੂਸ ਕਰਦਿਆਂ ਕਿਹਾ ਸੀ ਕਿ ਬਾਬਾ ਜੀ ਜਿੰਨਾ ਚਿਰ ਜਿਉਂਦੇ ਰਹੇ, ਆਪਣੇ ਪਿੰਡ ਬਿਲਗੇ ਦੀਆਂ ਵਡਿਆਈਆਂ 'ਤੇ ਮਾਣ ਕਰਦੇ ਰਹੇ ਹੁਣ ਰਹਿੰਦੀ ਦੁਨੀਆ ਤੱਕ ਪਿੰਡ ਬਿਲਗਾ ਆਪਣੇ ਭਗਤ ਸਿੰਘ ਬਿਲਗਾ 'ਤੇ ਮਾਣ ਕਰਦਾ ਰਹੇਗਾ ਜਿਸਦੀ ਬਹੁਪੱਖੀ ਤੇ ਸੰਪੂਰਨ ਰੂਪ ਵਿੱਚ ਵਿਕਸਿਤ ਸ਼ਖ਼ਸੀਅਤ ਨੇ ਇਸ ਪਿੰਡ ਦੇ ਨਾਮ ਨੂੰ ਪੂਰੇ ਵਿਸ਼ਵ ਵਿੱਚ ਰੁਸ਼ਨਾਇਆ ਹੈ।

ਸਾਡੇ ਕਹਿਣ ਦਾ ਭਾਵ ਇਹ ਨਹੀਂ ਕਿ ਬਾਬਾ ਜੀ ਨੂੰ ਪਿੰਡ ਦੇ ਲੋਕਾਂ ਨਾਲ ਜ਼ਿਆਦਾ ਪਿਆਰ ਸੀ, ਬਲਕਿ ਉਨ੍ਹਾਂ ਦੇ ਪਿਆਰ ਦੀ ਦੁਨੀਆ ਅਸੀਮ ਸੀ। ਜਿੱਥੇ ਬਾਬਾ ਜੀ ਨੇ ਮਨ ਵਿੱਚ ਘਟੀਆ, ਪਾਖੰਡੀ ਦੇ ਖ਼ੁਦਗਰਜ ਲੋਕਾਂ ਲਈ ਉੱਬਲਦੇ ਰੋਹ ਅਤੇ ਗ਼ੁਲਾਮੀ, ਨਾਬਰਾਬਰੀ, ਸ਼ੋਸ਼ਣ ਤੇ ਬੇਗ਼ਾਨਗੀ ਭਰੇ ਨਿਜ਼ਾਮ ਵਿਰੁੱਧ ਵਿਦਰੋਹ ਕਰਨ ਦੀ ਪ੍ਰਬਲ ਇੱਛਾ ਨੂੰ ਦਰਸਾਉਣ ਵਾਲੀਆਂ ਅਣਗਿਣਤ ਘਟਨਾਵਾਂ ਦੀ ਚਰਚਾ ਕੀਤੀ ਜਾ ਸਕਦੀ ਹੈ ਉੱਥੇ ਉਹਨਾਂ ਦੇ ਮਨ

ਵਿਚਲੇ ਆਪਣੇ ਲੋਕਾਂ ਪ੍ਰਤੀ ਡੁੱਲ੍ਹ-ਡੁੱਲ੍ਹ ਪੈਂਦੇ ਮੋਹ 'ਤੇ ਵੀ ਕਿਤਾਬਾਂ ਲਿਖਣ ਜਿੰਨੇ ਵਿਸਤ੍ਰਿਤ ਪ੍ਰਸੰਗ ਮਿਲ ਸਕਦੇ ਹਨ। ਦਰਅਸਲ ਬਾਬਾ ਭਗਤ ਸਿੰਘ ਬਿਲਗਾ ਜੀ ਇੱਕ ਬਹੁ ਪੱਖੀ ਸ਼ਖਸੀਅਤ ਸਨ, ਜੇ ਉਹਨਾਂ ਨੂੰ ਇੱਕ ਵਿਅਕਤੀ ਦੀ ਥਾਂ ਇੱਕ ਸੰਸਥਾ ਕਹਿ ਲਈਏ ਤਾਂ ਇਹ ਤਸ਼ਬੀਹ ਬਹੁਤ ਰਵਾਇਤੀ ਲੱਗੇਗੀ ਕਿਉਂਕਿ ਅਸੀਂ ਰਸਮੀ ਸਤਿਕਾਰ ਪ੍ਰਗਟਾਉਂਦੇ ਸਮੇਂ ਝੀਲਾਂ ਵਰਗੀਆਂ ਹਸਤੀਆਂ ਨੂੰ ਵੇਗ ਵਿੱਚ ਸਮੁੰਦਰ ਕਹਿ ਜਾਨੇ ਹਾਂ, ਦਿੱਕਤ ਉੱਥੇ ਆਉਂਦੀ ਹੈ ਜਦ ਅਸਲੀ ਸਮੁੰਦਰ ਜਿੱਡੀ ਹਸਤੀ ਬਾਰੇ ਗੱਲ ਕਰਨੀ ਪੈਂਦੀ ਹੈ। ਬਾਬਾ ਜੀ ਦੀ ਸ਼ਖ਼ਸੀਅਤ ਬਾਰੇ ਗੱਲ ਕਰਦਿਆਂ ਵੀ ਇਹੀ ਪਰੇਸ਼ਾਨੀ ਮਹਿਸੂਸ ਹੁੰਦੀ ਹੈ। ਉਂਝ ਇਹ ਵੀ ਸੱਚ ਕਿ ਬਾਬਾ ਜੀ ਇੱਕ ਮਿੱਥ ਜਾਂ ਦੰਤ ਕਥਾ ਜਿੰਨੀ ਅਦਭੁਤ, ਕ੍ਰਿਸ਼ਮਈ ਤੇ ਮਿਕਨਾਤੀਸੀ ਸ਼ਖ਼ਸੀਅਤ ਸਨ। ਬਾਬਾ ਬਿਲਗਾ ਜੀ ਦੀ ਸ਼ਖ਼ਸੀਅਤ ਦੀਆਂ ਹੋਰ ਵਡਿਆਈਆਂ ਦੇ ਨਾਲ-ਨਾਲ ਉਹਨਾਂ ਦਾ ਵਿਸ਼ੇਸ਼ ਗੁਣ ਇਨਸਾਨੀ ਗੁਣਾਂ ਦਾ ਮੁਜੱਸਮਾ ਹੋਣਾ ਹੈ। ਉਹ ਦੇਸ਼ ਭਗਤ ਤੇ ਲੋਕ ਹਿਤੈਸ਼ੀ ਲੋਕਾਂ ਪ੍ਰਤੀ ਅਤੇ ਉਹਨਾਂ ਦੇ ਸਨੇਹੀਆਂ ਪ੍ਰਤੀ ਆਪਣੇ ਮਨ ਵਿੱਚ ਬੇਪਨਾਹ ਮੁਹੱਬਤ ਅਤੇ ਅਪਣੱਤ ਰੱਖਦੇ ਸਨ। ਉਹਨਾਂ ਦੀ ਅਪਣੱਤ ਦਾ ਕਰਾਮਾਤੀ ਪ੍ਰਭਾਵ ਕਿਸੇ ਦੀ ਵੀ, ਕਿਸੇ ਤਰ੍ਹਾਂ ਦੀ ਵੀ ਬੇਗ਼ਾਨਗੀ ਨੂੰ ਵਿਸ਼ਵਾਸ ਤੇ ਉਤਸ਼ਾਹ ਵਿੱਚ ਬਦਲ ਦੇਣ ਦੇ ਸਮਰੱਥ ਸੀ। ਉਹਨਾਂ ਦੇ ਸਭ ਸਨੇਹੀਆਂ ਕੋਲ ਉਹਨਾਂ ਦੀ ਮੁਹੱਬਤ ਅਤੇ ਅਪਣੱਤ ਨਾਲ ਸੰਬੰਧਤ ਅਨੇਕ ਮਿੱਠੇ ਤੇ ਵਿਸਮਾਦੀ ਅਨੁਭਵ ਹੋਣਗੇ। ਬਾਬਾ ਬਿਲਗਾ ਜੀ ਦੇ ਵਿਸ਼ਾਲ ਪਰਿਵਾਰ ਦੇ ਬਹੁਤ ਸਾਰੇ ਐਸੇ ਬੱਚੇ ਹਨ ਜੋ ਉਹਨਾਂ ਦੀ ਤਲਿਸਮੀ ਮੁਹੱਬਤ ਦੇ ਸਰੂਰ ਵਿੱਚ ਗੜੁੱਚ ਹੋ ਕੇ ਸਦੀਵੀਂ ਤੌਰ ਤੇ ਉਹਨਾਂ ਦੇ ਹੋ ਗਏ। ਬਾਬਾ ਜੀ ਦੀ ਜਾਦੂਈ ਮੁਹੱਬਤ ਦੀ ਕੀਲਣ ਸ਼ਕਤੀ ਦਾ ਅਸਰ ਹੈ ਕਿ ਅੱਜ ਉਹਨਾਂ ਨਾਲ ਅਤੇ ਉਹਨਾਂ ਦੀ ਲੋਕ ਹਿਤੈਸ਼ੀ ਸੋਚ ਨਾਲ ਜੁੜੇ ਵਿਸ਼ਾਲ ਜਨ ਸਮੂਹ ਲਈ 'ਬਾਬਾ ਜੀ' ਸ਼ਬਦ ਦਾ ਅਰਥ 'ਬਾਬਾ ਭਗਤ ਸਿੰਘ ਬਿਲਗਾ' ਹੀ ਹੈ।

ਬਾਬਾ ਜੀ ਆਪਣੇ ਲੋਕਾਂ ਦੇ ਮੋਹ ਵਿੱਚ ਬੱਝੇ ਹੋਏ ਕਈ ਵੇਰ ਆਪਣਿਆਂ ਦੀਆਂ ਲੋਕ ਵਿਰੋਧੀ ਹਰਕਤਾਂ ਨੂੰ ਵੀ ਬੇਬਾਕੀ ਨਾਲ ਤੇ ਕਰੜੇ ਸ਼ਬਦਾਂ ਨਾਲ ਰੱਦ ਕਰਦੇ ਰਹਿੰਦੇ ਸਨ। ਦੇਸ਼ ਦੀ ਵੰਡ ਸਮੇਂ ਉਹਨਾਂ ਦੀ ਪਾਰਟੀ ਦੇ ਬਹੁ-ਗਿਣਤੀ ਆਗੂ ਪਾਕਿਸਤਾਨ ਦੀ ਮੰਗ ਦੇ ਹੱਕ ਵਿੱਚ ਸਨ। ਪਰ ਬਾਬਾ ਜੀ ਨੇ ਫਿਰਕੂ ਆਧਾਰ 'ਤੇ ਦੇਸ਼ ਦੀ ਵੰਡ ਦਾ ਡੱਟ ਕੇ ਵਿਰੋਧ ਕੀਤਾ। ਪਾਰਟੀ ਵਾਲੇ ਉਹਨਾਂ ਨੂੰ ਪਾਰਟੀ ਵਿੱਚੋਂ ਕੱਢਣ ਲਈ ਤਿਆਰ ਹੋ ਗਏ। ਪਰ ਐਨ ਮੌਕੇ 'ਤੇ ਹੋਈ ਉਹਨਾਂ ਦੀ ਗ੍ਰਿਫਤਾਰੀ ਕਾਰਨ ਨੇਤਾਵਾਂ ਨੇ ਆਪਣਾ ਫ਼ੈਸਲਾ ਬਦਲ ਲਿਆ। ਬਾਬਾ ਜੀ ਹੱਸਦਿਆਂ ਦੱਸਿਆਂ ਕਰਦੇ ਸਨ ਕਿ ਸਾਡੇ ਕਮਲੇ ਕਾਮਰੇਡ ਇਹ ਸੋਚਦੇ ਸੀ ਕਿ ਅਸੀਂ ਪਾਕਿਸਤਾਨ ਵਿੱਚ ਵੀ ਕਮਿਊਨਿਸਟ ਪਾਰਟੀ ਬਣਾਵਾਂਗੇ। ਇਹਨਾਂ ਨੂੰ ਬੰਦਾ ਪੁੱਛੇ ਕਿ ਉਥੋਂ ਦੇ ਜਗੀਰਦਾਰਾਂ ਤੇ ਮੁਲਾਣਿਆਂ ਨੇ ਤੁਹਾਨੂੰ ਕਦ ਟਿਕਣ ਦੇਣਾ ਸੀ। ਜਦ ਮੈਂ ਕਹਿੰਦਾ ਸਾਂ ਕਿ ਤੁਸੀਂ ਪਾਕਿਸਤਾਨ ਬਣਵਾ ਕੇ ਉਥੋਂ ਦੇ ਲੋਕ ਹਿਤੈਸ਼ੀ ਲੋਕਾਂ ਨੂੰ ਜਗੀਰਦਾਰ ਤੇ ਕਠਮੁੱਲਿਆਂ ਰੂਪੀ ਬਘਿਆੜਾਂ ਅੱਗੇ ਸੁੱਟ ਦੇਣਾ ਹੈ ਤਾਂ ਇਹਨਾਂ ਨੂੰ ਮੇਰੀਆਂ ਗੱਲਾਂ ਚੰਗੀਆਂ ਨਹੀਂ ਸਨ ਲੱਗਦੀਆਂ, ਹੁਣ ਦੁਨੀਆ ਇਸ ਸੱਚ ਨੂੰ ਦੇਖ ਰਹੀ ਹੈ।

ਉਹ ਅਕਸਰ ਹੀ ਪਟਵਾਰ ਯੂਨੀਅਨ ਅਤੇ ਬਿਜਲੀ ਬੋਰਡ ਦੇ ਕਾਮਿਆਂ ਦੀ ਯੂਨੀਅਨ ਤੇ ਹੋਰ ਲੋਕਾਂ ਨਾਲ ਸਿੱਧੇ ਤੌਰ 'ਤੇ ਸੰਬੰਧਤ ਮਹਿਕਮਿਆਂ ਦੀਆਂ ਯੂਨੀਅਨਾਂ ਦੇ ਆਗੂਆਂ ਨੂੰ

ਤਾੜਨਾ ਕਰਿਆ ਕਰਦੇ ਸਨ ਕਿ "ਆਪਣੇ ਬੰਦਿਆਂ ਨੂੰ ਸਮਝਾਇਆ ਕਰੋ ਕਿ ਲੋਕਾਂ ਤੋਂ ਸ਼ਰਾਬ ਘੱਟ ਪੀਆ ਕਰਨ। ਉਹਨਾਂ ਨੇ ਇਹਨਾਂ ਨੂੰ ਪਿਲਾਉਂਦੇ-ਪਿਲਾਉਂਦੇ ਕਰਜ਼ਾਈ ਹੋ ਜਾਣਾ ਹੈ ਅਤੇ ਇਹਨਾਂ ਨੇ ਪੀ-ਪੀ ਕੇ ਮਰ ਜਾਣਾ ਹੈ"। ਸੋ ਉਹਨਾਂ ਦੇ ਮਨ ਵਿਚਲੇ ਆਪਣੇ ਲੋਕਾਂ ਪ੍ਰਤੀ ਡੁੱਲ੍ਹ-ਡੁੱਲ੍ਹ ਪੈਂਦੇ ਮੋਹ ਕਾਰਨ ਹੀ ਉਹਨਾਂ ਦੇ ਮਨ ਵਿੱਚ ਦੰਭੀਆਂ ਲਈ ਰੋਹ ਅਤੇ ਸ਼ੋਸ਼ਕਾਂ ਲਈ ਵਿਦਰੋਹ ਦੀ ਭਾਵਨਾ ਉਤਪੰਨ ਹੁੰਦੀ ਰਹਿੰਦੀ ਸੀ।

ਜਦ ਅਸੀਂ ਬਾਬਾ ਬਿਲਗਾ ਜੀ ਦੀ ਦੇਹ ਨੂੰ ਅੰਮ੍ਰਿਤਸਰ ਏਅਰ ਪੋਰਟ ਤੋਂ ਲੈ ਕੇ ਬਿਲਗੇ ਜਾ ਰਹੇ ਸਾਂ ਤਾਂ ਏਅਰਪੋਰਟ ਤੋਂ ਲੈ ਕੇ ਰਸਤੇ ਵਿੱਚ ਵੇਰਕੇ, ਟਾਂਗਰੇ, ਖਲਚੀਆਂ, ਕਰਤਾਰਪੁਰ, ਭੋਗਪੁਰ ਚੌਂਕ ਤੇ ਫਿਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ (ਜਿਸ ਨੂੰ ਉਸਾਰਨ ਤੋਂ ਲੈ ਕੇ ਇੱਕ ਸਭਿਆਚਾਰਕ ਕੇਂਦਰ ਵਜੋਂ ਸਥਾਪਿਤ ਕਰਨ ਵਿੱਚ ਉਹਨਾਂ ਦਾ ਪਹਿਲਾਂ ਇਸ ਸੰਸਥਾ ਦੇ ਜਨਰਲ ਸਕੱਤਰ ਤੇ ਬਾਅਦ ਵਿੱਚ ਆਜੀਵਨ ਪ੍ਰਧਾਨ ਦੇ ਤੌਰ 'ਤੇ ਬਹੁਤ ਵੱਡਾ ਯੋਗਦਾਨ ਹੈ) ਵਿੱਚ ਅਤੇ ਉਸ ਤੋਂ ਉਪਰੰਤ ਜਲੰਧ ਕੈਂਟ, ਧੀਣਾ, ਜਮਸ਼ੇਰ, ਜੰਡਿਆਲਾ, ਨੂਰਮਹਿਲ, ਚੀਮਾਂ ਕਲਾਂ, ਜਨਰਲ ਹਸਪਤਾਲ ਬਿਲਗਾ ਅਤੇ ਬਾਬਾ ਜੀ ਦੇ ਜੱਦੀ ਘਰ ਹੀਰਾ ਨਿਵਾਸ ਪੱਤੀ ਭਲਾਈ ਬਿਲਗਾ ਵਿਖੇ, ਜਿਸ ਸ਼ਰਧਾ ਨਾਲ ਲੋਕਾਂ ਨੇ ਬਾਬਾ ਜੀ ਦੀ ਦੇਹ 'ਤੇ ਸ਼ਰਧਾ ਸੁਮਨ ਅਰਪਿਤ ਕੀਤੇ ਤੇ ਜਿਹੜੇ ਸ਼ਬਦਾਂ ਨਾਲ ਉਹਨਾਂ ਦੀ ਮਹਾਨਤਾ ਨੂੰ ਯਾਦ ਕੀਤਾ ਗਿਆ ਅਤੇ ਜਿਸ ਵੱਡੀ ਗਿਣਤੀ ਵਿੱਚ ਲੋਕ ਬਾਬਾ ਜੀ ਨੂੰ ਅੰਤਿਮ ਵਿਦਾਇਗੀ ਦੇਣ ਲਈ ਬਿਲਗੇ ਵਿੱਚ ਇਕੱਤਰ ਹੋਏ, ਉਹ ਦੇਖਦਿਆਂ ਹੋਇਆਂ ਬਾਬਾ ਜੀ ਦੇ ਸਭ ਪਿਆਰੇ ਭਾਵੁਕਤਾ ਦੇ ਵਹਿਣ ਵਿੱਚ ਵਹਿ ਤੁਰੇ ਸਨ, ਉਸ ਵਕਤ ਭਾਵੁਕਤਾ ਨਾਲ ਫਿੱਸ-ਫਿੱਸ ਪੈਂਦੇ ਮਨ, ਭਰੇ ਗਲ਼ੇ ਤੇ ਨਿਰੰਤਰ ਵਹਿੰਦੇ ਅੱਥਰੂਆਂ ਕਾਰਨ ਕੋਈ ਵੀ ਬੋਲਣ ਦੇ ਸਮਰੱਥ ਨਹੀਂ ਸੀ। ਇਸ ਤੋਂ ਉਪਰੰਤ ਜਦ ਉਹਨਾਂ ਦੀਆਂ ਅਸਥੀਆਂ ਨੂੰ ਅਸੀਂ ਬਿਲਗੇ ਤੋਂ ਹੁਸੈਨੀਵਾਲਾ ਲੈ ਕੇ ਜਾ ਰਹੇ ਸਾਂ ਤਾਂ ਵੀ ਰਸਤੇ ਵਿੱਚ ਨਕੋਦਰ, ਮਹਿਤਪੁਰ, ਸਿਧਵਾਂ ਬੇਟ, ਜਗਰਾਵਾਂ, ਅਜੀਤਵਾਲ, ਮੋਗਾ ਬੁੱਘੀਪੁਰ ਚੌਂਕ, ਮੋਗਾ ਬੱਸ ਸਟੈਂਡ, ਮੋਗਾ ਨੈਸਲੇ ਗੇਟ, ਘੱਲ੍ਹ ਕਲਾਂ, ਫਿਰੋਜ਼ਪੁਰ ਕੈਂਟ, ਫਿਰੋਜ਼ਪੁਰ ਸ਼ਹਿਰ ਤੇ ਹੁਸੈਨੀਵਾਲਾ ਵਿਖੇ ਵੀ ਇਸੇ ਤਰ੍ਹਾਂ ਲੋਕਾਂ ਦੇ ਹਜੂਮ ਨੇ ਬਾਬਾ ਬਿਲਗਾ ਜੀ ਦੇ ਪ੍ਰਤੀ ਨਮ ਅੱਖਾਂ ਅਤੇ ਭਰੇ ਗਲ਼ ਨਾਲ ਆਪਣੀ ਸ਼ਰਧਾ ਪ੍ਰਗਟਾਈ। ਇਸ ਮੌਕੇ 'ਤੇ ਮੈਂ ਤੇ ਬਾਬਾ ਜੀ ਦੇ ਪਰਿਵਾਰ ਦੇ ਸਾਰੇ ਮੈਂਬਰ ਇਹ ਦੇਖ ਕੇ ਹੈਰਾਨ ਹੋ ਰਹੇ ਸਾਂ ਕਿ ਕਿੰਨੇ ਹੀ ਐਸੇ ਲੋਕ, ਜਿਨ੍ਹਾਂ ਨੂੰ ਨਾ ਮੈਂ ਅਤੇ ਨਾ ਹੀ ਉਹਨਾਂ ਦੇ ਪਰਿਵਾਰ ਦਾ ਕੋਈ ਹੋਰ ਮੈਂਬਰ ਜਾਣਦਾ ਸੀ ਪਰ ਉਹ ਆਪਸ ਵਿੱਚ ਨਮ ਅੱਖਾਂ ਨਾਲ ਬਾਬਾ ਜੀ ਦੀ ਮੌਤ ਦਾ ਇੱਕ ਦੂਜੇ ਨਾਲ ਅਫ਼ਸੋਸ ਕਰ ਰਹੇ ਸਨ ਅਤੇ ਇਹ ਸ਼ਬਦ ਵਾਰ-ਵਾਰ ਸੁਣਨ ਨੂੰ ਮਿਲ ਰਹੇ ਸਨ ਕਿ ਤੁਹਾਨੂੰ ਤਾਂ ਪਤਾ ਹੀ ਹੈ ਕਿ ਬਾਬਾ ਜੀ ਦਾ ਸਾਡੇ ਨਾਲ ਕਿੰਨਾਂ ਪਿਆਰ ਸੀ। ਭਾਵੇਂ ਬਾਬਾ ਬਿਲਗਾ ਜੀ ਦੇ ਪਿਆਰ ਕਲਾਵੇ ਵਿੱਚ ਅਣਗਿਣਤ ਲੋਕ ਆਉਂਦੇ ਸਨ ਤੇ ਉਹ ਸਾਰੇ ਬਾਬਾ ਜੀ ਦੇ ਕਿਸੇ ਕੰਮ ਆਉਣ ਦੇ ਸੁਭਾਗੇ ਵਕਤ ਦੀ ਉਡੀਕ ਵਿੱਚ ਵੀ ਰਹਿੰਦੇ ਸਨ ਪਰ ਉੱਥੇ ਉਹਨਾਂ ਦੇ ਘਰ ਦੇ ਜੀਆਂ ਬਾਰੇ ਵੀ ਕੁਝ ਕਹਿਣ ਦੀ ਲੋੜ ਮਹਿਸੂਸ ਹੁੰਦੀ ਹੈ ਕਿ ਜਿਸ ਵਿਅਕਤੀ ਨੇ ਲੋਕ ਹਿੱਤ ਵਿੱਚ ਆਪਣੀ ਸਾਰੀ ਉਮਰ ਲਗਾ ਦਿੱਤੀ ਹੋਵੇ ਅਤੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਆਮ ਦੁਨੀਆਦਾਰ ਵਿਅਕਤੀ ਵਾਂਗੂੰ ਵਧੇਰੇ ਦਿਲਚਸਪੀ ਲੈਕੇ ਨਾ ਨਿਭਾਈਆਂ ਹੋਣ, ਉਸ ਵਿਅਕਤੀ ਦਾ ਨਿੱਜੀ ਪਰਿਵਾਰ ਉਸ ਸੰਬੰਧੀ ਕਿਸ ਤਰ੍ਹਾਂ ਦੇ ਜਜ਼ਬਾਤ ਰੱਖਦਾ ਹੈ।ਵੱਡੇ ਭਰਾ

ਨੰਬਰਦਾਰ ਚੌਧਰੀ ਰਾਮ ਬਖ਼ਸ਼ ਨੂੰ ਇਹਨਾਂ ਦੀ ਆਜ਼ਾਦੀ ਦੀ ਲੜਾਈ ਤੇ ਲੋਕ ਹਿੱਤ ਦੇ ਮੋਰਚਿਆਂ ਕਾਰਨ ਸਰਕਾਰੀ ਪਰੇਸ਼ਾਨੀਆਂ ਬਰਦਾਸ਼ਤ ਕਰਨੀਆਂ ਪਈਆਂ। ਇਹਨਾਂ ਦੀ ਸੁਪਤਨੀ ਮਾਤਾ ਚੰਨਣ ਕੌਰ ਨੂੰ ਇਹਨਾਂ ਦੇ ਹਿੱਸੇ ਦੀਆਂ ਜ਼ਿੰਮੇਵਾਰੀਆਂ ਦੀ ਭਾਰੀ ਪੰਡ ਸਾਰੀ ਉਮਰ ਚੁੱਕਣੀ ਪਈ, ਪਰ ਉਸ ਸਖ਼ਤ ਜਾਨ ਬਹਾਦਰ ਔਰਤ ਨੇ ਕਦੇ ਵੀ ਇਹਨਾਂ ਦੇ ਕਾਰਜ ਵਿੱਚ ਰੁਕਾਵਟ ਨਹੀਂ ਪਾਈ, ਸਗੋਂ ਪਾਰਟੀ ਦੀ ਹਦਾਇਤ 'ਤੇ ਜੇਕਰ ਪਰਿਵਾਰ ਨੂੰ ਨਾਲ ਰੱਖਣਾ ਜ਼ਰੂਰੀ ਹੋਇਆ ਤਾਂ ਵੀ ਘਰ ਛੱਡ ਕੇ ਆਪਣੇ ਪਤੀ ਦਾ ਸਾਥ ਦਿੱਤਾ। ਤੰਗੀ ਦੇ ਦਿਨਾਂ ਵਿੱਚ ਬਾਬਾ ਜੀ ਦੇ ਸਹੁਰੇ ਪਰਿਵਾਰ ਖਾਨਖਾਨਾ ਵਾਲਿਆਂ ਨੇ ਵੀ ਭਰਪੂਰ ਮਦਦ ਕੀਤੀ। ਆਪਣੇ ਬਾਪ ਦੀ ਬੁੱਕਲ ਦੇ ਨਿੱਘ ਨੂੰ ਬਚਪਨ ਵਿੱਚ ਤਰਸਦੇ ਰਹੇ ਇਹਨਾਂ ਦੇ ਸਪੁੱਤਰ ਕੁਲਬੀਰ ਸਿੰਘ ਸੰਘੇੜਾ ਤੇ ਗੁਰਪ੍ਰੇਮ ਸਿੰਘ ਸੰਘੇੜਾ ਵੀ ਆਪਣੇ ਬਾਪ ਦੀਆਂ ਇਤਿਹਾਸਕ ਵਡਿਆਈਆਂ ਤੇ ਫ਼ਖ਼ਰ ਕਰਦੇ ਸਨ। ਉਹਨਾਂ ਨੇ, ਉਹਨਾਂ ਦੀਆਂ ਪਤਨੀਆਂ ਨੇ ਉਹਨਾਂ ਦੇ ਪੋਤਰਿਆਂ ਤੇ ਪੋਤ ਨੂੰਹਾਂ ਨੇ ਬਾਬਾ ਜੀ ਦੀ ਬੁਢਾਪੇ ਵਿੱਚ, ਜਦ ਉਹ ਦੇਖਣ ਸੁਣਨ ਤੇ ਚੱਲਣ ਤੋਂ ਅਸਮਰੱਥ ਹੋ ਗਏ ਤਾਂ ਘਰ ਦੇ ਇਹਨਾਂ ਸਾਰੇ ਜੀਆਂ ਨੇ ਉਹਨਾਂ ਦੀਆਂ ਅੱਖਾਂ, ਕੰਨ, ਪੈਰ ਭਾਵ ਹਰ ਤਰ੍ਹਾਂ ਦੀ ਸ਼ਕਤੀ ਬਣ ਕੇ ਲਾਸਾਨੀ ਸੇਵਾ ਸੰਭਾਲ ਕੀਤੀ ਅਤੇ ਉਹਨਾਂ ਦੇ ਹਰ ਬੋਲ 'ਤੇ ਪੂਰੀ ਸ਼ਰਧਾ ਨਾਲ ਫੁੱਲ ਚੜ੍ਹਾਏ। ਇਹ ਉਹਨਾਂ ਦੇ ਪਿਆਰ ਦੀ ਸ਼ਕਤੀ ਦਾ ਕਮਾਲ ਸੀ। ਬਾਬਾ ਜੀ ਦੇ ਪਿਆਰ ਵਿੱਚ ਅਥਾਹ ਸ਼ਕਤੀ ਸੀ। ਦਰਅਸਲ ਬਾਬਾ ਬਿਲਗਾ ਜੀ ਮੋਹ ਦਾ ਸਮੁੰਦਰ ਸਨ। ਉਨ੍ਹਾਂ ਵਰਗੀ ਬਹੁਪੱਖੀ ਸ਼ਖ਼ਸੀਅਤ ਬਾਰੇ ਸਮੁੱਚ ਵਿੱਚ ਕੁਝ ਕਹਿ ਸਕਣਾ ਨਾ-ਮੁਮਕਿਨ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ।

***

ਇਸ ਸਿਮਰਤੀ ਗ੍ਰੰਥ ਵਿਚ ਸਾਡੇ ਬਾਪ (ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ) ਦੇ ਲੰਮੇ ਸੰਗਰਾਮੀ ਜੀਵਨ ਦੇ ਇਤਿਹਾਸਕ ਮਹੱਤਵ ਵਾਲੇ ਯੋਗਦਾਨ ਤੇ ਯਾਦਾਂ ਦੇ ਖ਼ਜ਼ਾਨੇ ਨੂੰ ਉਹਨਾਂ ਦੇ ਸਾਥੀਆਂ, ਸਨੇਹੀਆਂ ਤੇ ਚਿੰਤਕਾਂ ਨੇ ਆਪਣੇ-ਆਪਣੇ ਨਜ਼ਰੀਏ ਤੋਂ ਪ੍ਰਸਤੁਤ ਕੀਤਾ ਹੈ। ਉਹਨਾਂ ਦੇ ਕਈ ਸਾਥੀ ਉਹਨਾਂ ਲਈ ਪ੍ਰੇਰਕ ਸ਼ਕਤੀ ਬਣਦੇ ਰਹੇ ਅਤੇ ਬਹੁਤ ਸਾਰੇ ਸਾਥੀਆਂ ਨੇ ਉਹਨਾਂ ਨੂੰ ਆਪਣਾ ਪ੍ਰੇਰਨਾ ਸਰੋਤ ਅਤੇ ਆਦਰਸ਼ ਮੰਨ ਕੇ ਉਹਨਾਂ ਦੇ ਸਮਾਜਵਾਦੀ ਨਜ਼ਰੀਏ ਨੂੰ ਅਪਣਾਇਆ ਤੇ ਲੋਕ ਹਿਤੈਸ਼ੀ ਸੰਘਰਸ਼ ਵਿਚ ਉਹਨਾਂ ਦਾ ਆਖਰੀ ਦਮ ਤੱਕ ਸਾਥ ਦਿੱਤਾ। ਅਸੀਂ ਇਸ ਭਾਵਪੂਰਤ ਅਤੇ ਮਾਣਮੱਤੇ ਸੰਬੰਧ ਨੂੰ ਸਲਾਮ ਕਰਦੇ ਹੋਏ ਆਪਣੇ ਬਾਪ ਦੇ ਤਮਾਮ ਸਾਥੀਆਂ ਦੇ ਤਹਿ ਦਿਲੋਂ ਮਸ਼ਕੂਰ ਹਾਂ।

ਸਾਡੇ ਕਰੀਬੀ ਪਰਿਵਾਰਕ ਸੰਬੰਧੀ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਆਪਣੇ ਇਸ ਬਜ਼ੁਰਗ ਦੇ ਸਾਥੀਆਂ, ਸਨੇਹੀਆਂ ਤੇ ਚਿੰਤਕਾਂ ਤੋਂ ਤਾਰੀਖੀ ਅਹਿਮੀਅਤ ਵਾਲੀਆਂ ਇਹ ਲਿਖਤਾਂ ਲਿਖਵਾ ਕੇ ਸਾਲਾਂਬੱਧੀ ਲੰਮੀ ਮਿਹਨਤ, ਸੁਹਿਰਦ ਲਗਨ ਤੇ ਸਾਧਨਾ ਨਾਲ ਇਹਨਾਂ ਦੀ ਸੁਧਾਈ ਤੇ ਸੰਪਾਦਨ ਕਰਕੇ ਅਤੇ ਉਨ੍ਹਾਂ ਨਾਲ ਸਬੰਧਤ ਦੁਰਲੱਭ ਫੋਟੋਆਂ ਇਕੱਤਰ ਕਰਕੇ ਇਸ ਨੂੰ ਪ੍ਰਕਾਸ਼ਿਤ ਕਰਵਾਉਣ ਦਾ ਫਰਜ਼ ਬਾਖੂਬੀ ਨਿਭਾਇਆ ਹੈ, ਸਾਨੂੰ ਆਪਣੇ ਇਸ ਅਜ਼ੀਜ਼ 'ਤੇ ਬੇਹੱਦ ਮਾਣ ਹੈ।

*-ਕੁਲਬੀਰ ਸਿੰਘ ਸੰਘੇੜਾ*

*ਅਤੇ ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ ਦਾ ਸਮੂਹ ਪਰਿਵਾਰ*



**ਪ੍ਰੋ. ਗੋਪਾਲ ਸਿੰਘ ਬੁੱਟਰ ਤੇ ਬਾਬਾ ਬਿਲਗਾ ਜੀ**

5 ਆਬ Parkashan, Jalandhar
1-2 Desh Bhagat Yadgar Building
G.T. Road, Jalandhar, Punjab, India
Phone : 98140-87063
5aabparkashan@gmail.com
www.5aabparkashan.com

ISBN : 978-93-84306-85-4

₹ 350